# ਵਿਸ਼ਵੀਕਰਨ ਦੇ ਦੌਰ ਵਿਚ ਪੰਜਾਬੀ ਲੋਕਧਾਰਾ ਦਾ ਰੁਪਤਾਂਰਨ : ਇਕ ਅਧਿਐਨ

**Vishvikarn De Daur Vich Punjabi Lokdhara Da Rupantaran : Ik Adhyan**

A Thesis
Submitted in partial fulfillment of the requirements for the award of the degree of

**DOCTOR OF PHILOSOPHY**
**in**
**(Punjabi)**

**By**
**Kewal Krishan**
**Reg. No. 41600140**

**Supervised By**
**Dr. Yadwinder Kaur**

Transforming Education Transforming India

**LOVELY PROFESSIONAL UNIVERSITY**
**PUNJAB**
**2024**

## ਘੋਸ਼ਣਾ ਪੱਤਰ

ਮੈਂ ਬਿਆਨ ਕਰਦਾ ਹਾਂ ਕਿ ਮੇਰੇ ਵਲੋਂ 'ਵਿਸ਼ਵੀਕਰਨ ਦੇ ਦੌਰ ਵਿਚ ਪੰਜਾਬੀ ਲੋਕਧਾਰਾ ਦਾ ਰੂਪਾਂਤਰਨ : ਇਕ ਅਧਿਐਨ ' ਵਿਸ਼ੇ ਉਪਰ ਪੀ. ਐਚ. ਡੀ. (ਪੰਜਾਬੀ) ਦੀ ਡਿਗਰੀ ਲਈ ਪੇਸ਼ ਕੀਤਾ ਗਿਆ ਖੋਜ ਪ੍ਰਬੰਧ ਮੇਰੇ ਦੁਆਰਾ ਕੀਤਾ ਹੋਇਆ ਮੌਲਿਕ ਕਾਰਜ ਹੈ ਅਤੇ ਇਸ ਖੋਜ ਪ੍ਰੰਬਧ ਵਿਸ਼ਵੀਕਰਨ ਦੇ ਦੌਰ ਵਿਚ ਪੰਜਾਬੀ ਲੋਕਧਾਰਾ ਦਾ ਰੂਪਾਂਤਰਨ: ਇਕ ਅਧਿਐਨ ਨੂੰ ਪਹਿਲਾਂ ਕਿਸੇ ਡਿਗਰੀ/ਡਿਪਲੋਮਾ ਲਈ ਕਿਸੇ ਹੋਰ ਯੂਨੀਵਰਸਿਟੀ/ਅਦਾਰੇ ਵਿਚ ਪੇਸ਼ ਨਹੀਂ ਕੀਤਾ ਗਿਆ।

Yadvinder 22780
25/1/24
ਪ੍ਰਤੀ ਹਸਤਾਖਰ
ਡਾ. ਯਾਦਵਿੰਦਰ ਕੌਰ

Kewal Krishan
ਖੋਜਾਰਥੀ
ਕੇਵਲ ਕ੍ਰਿਸ਼ਨ
41600140

# ਪ੍ਰਮਾਣ-ਪੱਤਰ

ਪ੍ਰਮਾਣਿਤ ਕੀਤਾ ਜਾਂਦਾ ਹੈ ਕਿ ਕੇਵਲ ਕ੍ਰਿਸ਼ਨ ਦੁਆਰਾ 'ਵਿਸ਼ਵੀਕਰਨ ਦੇ ਦੌਰ ਵਿਚ ਪੰਜਾਬੀ ਲੋਕਧਾਰਾ ਦਾ ਰੂਪਾਂਤਰਨ : ਇਕ ਅਧਿਐਨ ' ਵਿਸ਼ੇ ਉਪਰ ਪੀ .ਐਚ. ਡੀ. (ਪੰਜਾਬੀ) ਦੀ ਡਿਗਰੀ ਲਈ ਪੇਸ਼ ਕੀਤਾ ਗਿਆ ਖੋਜ ਪ੍ਰਬੰਧ ਮੇਰੀ ਨਿਗਰਾਨੀ ਅਧੀਨ ਕੀਤਾ ਗਿਆ ਹੈ। ਇਹ ਖੋਜਾਰਥੀ ਦੀ ਮੌਲਿਕ ਖੋਜ ਹੈ। ਇਸ ਖੋਜ ਪ੍ਰੰਬਧ 'ਵਿਸ਼ਵੀਕਰਨ ਦੇ ਦੌਰ ਵਿਚ ਪੰਜਾਬੀ ਲੋਕਧਾਰਾ ਦਾ ਰੂਪਾਂਤਰਨ: ਇਕ ਅਧਿਐਨ' ਨੂੰ ਪਹਿਲਾਂ ਕਿਸੇ ਡਿਗਰੀ/ਡਿਪਲੋਮਾ ਲਈ ਕਿਸੇ ਹੋਰ ਯੂਨੀਵਰਸਿਟੀ/ਅਦਾਰੇ ਵਿਚ ਪੇਸ਼ ਨਹੀਂ ਕੀਤਾ ਗਿਆ। ਮੈਂ ਇਸ ਖੋਜ ਪ੍ਰਬੰਧ ਨੂੰ ਮੁਲਾਂਕਣ ਹਿੱਤ ਪ੍ਰਸਤੁਤ ਕਰਨ ਦੀ ਸਿਫਾਰਸ਼ ਕਰਦੀ ਹਾਂ।

Yadminder 22780
25/1/24

ਡਾ. ਯਾਦਵਿੰਦਰ ਕੌਰ
ਨਿਗਰਾਨ
ਪ੍ਰੋਫੈਸਰ,
ਪੰਜਾਬੀ ਵਿਭਾਗ
ਲਵਲੀ ਪ੍ਰੋਫੈਸ਼ਨਲ ਯੂਨੀਵਰਸਿਟੀ, ਫਗਵਾੜਾ, ਪੰਜਾਬ।

**ਤਤਕਰਾ** **ਪੰਨਾ**


ਪ੍ਰਸਤਾਵਨਾ 5-12

ਅਧਿਆਇ ਪਹਿਲਾ: ਸਿਧਾਂਤਕ ਪਿੱਠ ਭੂਮੀ 13-69

ਅਧਿਆਇ ਦੂਜਾ: ਵਿਸ਼ਵੀਕਰਨ ਦੇ ਦੌਰ ਵਿਚ ਪੰਜਾਬੀਆਂ ਰਿਸ਼ਤਿਆਂ ਨਾਤਿਆਂ ਵਿਚ ਹੋਇਆ ਰੁਪਾਂਤਰਨ। 70-119

ਅਧਿਆਇ ਤੀਜਾ:ਵਿਸ਼ਵੀਕਰਨ ਦੇ ਦੌਰ ਵਿਚ ਪੰਜਾਬੀਆਂ ਦੇ ਰਸਮਾਂ ਰਿਵਾਜ਼ਾ ਵਿਚ ਹੋਇਆ ਰੁਪਾਂਤਰਨ। 120-180

ਅਧਿਆਇ ਚੌਥਾ: ਵਿਸ਼ਵੀਕਰਨ ਦੇ ਦੌਰ ਵਿਚ ਪੰਜਾਬੀ ਕੰਮ ਧੰਦਿਆਂ ਵਿਚ ਹੋਇਆ ਰੁਪਾਂਤਰਨ। 181-222

ਅਧਿਆਇ ਪੰਜਵਾਂ: ਵਿਸ਼ਵੀਕਰਨ ਦੇ ਦੌਰ ਵਿਚ ਪੰਜਾਬ ਦੇ ਤਿੱਥ ਤਿਉਹਾਰਾਂ ਵਿਚ ਹੋਇਆ ਰੁਪਾਂਤਰਨ। 223-272

ਸਿੱਟੇ ਅਤੇ ਸਥਾਪਨਾਵਾਂ 273-287

ਪੁਸਤਕ ਸੂਚੀ 288-292

ਪ੍ਰਸ਼ਨਾਵਲੀ ਪੱਤਰ 293-295

# ਪ੍ਰਸਤਵਾਨਾ

ਲੋਕਧਾਰਾ ਕਿਸੇ ਸੱਭਿਆਚਾਰ ਦੇ ਲੋਕ ਸਮੂਹ ਦੀ ਉਹ ਪਰੰਪਰਕ ਅਤੇ ਵਰਤਮਾਨ ਸਾਂਝੀ ਸਮੱਗਰੀ ਹੈ, ਜੋ ਮੌਖਿਕ, ਲਿਖਤ, ਵਿਹਾਰ ਅਤੇ ਕਾਰੋਬਾਰ ਰਾਹੀਂ ਇਕ ਪੀੜ੍ਹੀ ਤੋਂ ਦੂਜੀ ਪੀੜ੍ਹੀ ਤਕ ਸਹਿਜ ਸੁਭਾਅ ਹੀ ਸਫਰ ਤੈਅ ਕਰਦੀ ਹੈ। ਦੂਜੇ ਸ਼ਬਦਾਂ ਵਿੱਚ ਇਉਂ ਕਿਹਾ ਜਾ ਸਕਦਾ ਹੈ ਕਿ ਸੱਭਿਆਚਾਰ ਦਾ ਮੌਖਿਕ ਰੂਪ ਲੋਕਧਾਰਾ ਹੈ। ਲੋਕਧਾਰਾ ਦੇ ਅੰਤਰਗਤ ਲੋਕ ਸਮੂਹ ਦੀਆਂ ਭਾਵਨਾਵਾਂ, ਲੋੜਾਂ, ਦੁੱਖ-ਸੁੱਖ, ਖ਼ੁਸ਼ੀਆਂ-ਗ਼ਮੀਆਂ, ਹਾਸੇ, ਨਾਚ, ਵਹਿਮ-ਭਰਮ, ਵਿਸ਼ਵਾਸ, ਮੇਲੇ, ਤਿੱਥ-ਤਿਉਹਾਰ, ਧੰਦੇ, ਰਸਮਾਂ-ਰਿਵਾਜ, ਖੇਡਾਂ, ਕਥਾ-ਕਹਾਣੀਆਂ, ਲੋਕ ਕਲਾਵਾਂ ਆਦਿ ਸ਼ਾਮਿਲ ਹੁੰਦੀਆਂ ਹਨ। ਲੋਕਧਾਰਾ ਇੱਕ ਅਜਿਹਾ ਵਰਤਾਰਾ ਹੈ, ਜੋ ਲੋਕ ਸਮੂਹ ਦੀਆਂ ਖ਼ੁਸ਼ੀਆਂ, ਗਮੀਆਂ ਅਤੇ ਮਨੋ ਭਾਵਨਾਵਾਂ ਦੀ ਪੇਸ਼ਕਾਰੀ ਕਰਦਾ ਹੈ ਅਤੇ ਲੋਕ ਸਮੂਹ ਨੂੰ ਜੀਵਨ ਜਾਂਚ ਵੀ ਸਿਖਾਉਂਦਾ ਹੈ।

ਲੋਕਧਾਰਾ ਕਿਸੇ ਸੱਭਿਆਚਾਰਕ ਅਤੇ ਪੁਰਾਤਨ ਕਦਰਾਂ ਕੀਮਤਾਂ ਤੇ ਉਸਰਿਆ ਹੋਇਆ ਇਕ ਪ੍ਰਬੰਧ ਹੈ, ਇਹ ਕਿਸੇ ਜਾਤੀ ਦੇ ਵਿਰਸੇ ਦਾ ਸਾਲਾ ਤਜਰਬਿਆਂ ਦਾ ਨਿਚੋੜ ਹੁੰਦਾ ਹੈ। ਲੋਕਧਾਰਾ ਪੁਰਾਤਨ ਕਦਰਾਂ ਕੀਮਤਾਂ ਅਤੇ ਬਣਤਰਾਂ ਦਾ ਗਤੀਸ਼ੀਲ ਵਰਤਾਰਾ ਹੈ। ਲੋਕਧਾਰਾ ਆਪਣੇ ਵਹਿਸ਼ੀ ਸੁਭਾਅ ਕਰ ਕੇ ਇਲਾਕੇ ਦੇ ਲੋਕ ਸਮੂਹ ਵਿੱਚ ਪੀੜ੍ਹੀ ਦਰ ਪੀੜ੍ਹੀ ਅੱਗੇ ਚਲਦੀ ਰਹਿੰਦੀ ਹੈ। ਇਸੇ ਕਰਕੇ ਪਰਿਵਰਤਨਸ਼ੀਲਤਾ ਲੋਕਧਾਰਾ ਦਾ ਮੁੱਢਲਾ ਤੇ ਬੁਨਿਆਦੀ ਲੱਛਣ ਹੈ। ਲੋਕਧਾਰਾ ਲੋਕ ਮਨ ਅਤੇ ਲੋਕ ਸਮੂਹ ਦੀ ਅਭਿ ਵਿਅਕਤੀ ਹੋਣ ਕਰਕੇ ਇਸ ਵਿਚ ਵਿਚਾਰਾਂ ਦਾ ਰਲੇਵਾਂ ਹੋਣਾ ਵੀ ਸੁਭਾਵਿਕ ਹੈ, ਕਿਉਂਕਿ ਹਰ ਦੇਸ਼, ਕੌਮ ਦਾ ਸਮਾਜ ਕਦੀ ਵੀ ਸਥਿਰ ਨਹੀਂ ਰਹਿੰਦਾ, ਇਸ ਵਿਚ ਗਤੀਸ਼ੀਲਤਾ ਸੁਭਾਵਿਕ ਹੈ। ਸਮਾਜ ਵਿੱਚ ਤਬਦੀਲੀਆਂ ਹੋਣ ਕਰਕੇ ਹਰ ਵਸਤ ਵਿਹਾਰ ਦੀ ਤਬਦੀਲੀ ਹੋਣੀ ਵੀ ਸੁਭਾਵਿਕ ਹੈ ।

ਪੰਜਾਬ ਦੀ ਲੋਕਧਾਰਾ ਦੀ ਜੜ੍ਹ ਪੰਜਾਬ ਦੇ ਪਿੰਡ ਰਹੇ ਹਨ। ਪਿੰਡਾਂ ਵਿੱਚ ਨਿਤਾ-ਪ੍ਰਤੀ ਹੁੰਦੇ ਕਾਰ-ਵਿਹਾਰ ਰਾਹੀਂ ਪੰਜਾਬ ਦੀ ਲੋਕਧਾਰਾ ਨਿੱਤਰ ਕੇ ਸਾਹਮਣੇ ਆਉਂਦੀ ਹੈ। ਪਿੰਡ ਪੱਧਰ ਤੇ ਹਰ ਵਿਅਕਤੀ ਆਪਣੀ ਨਿੱਜੀ ਜ਼ਿੰਦਗੀ ਦਾ ਕਾਰਜ ਕਰਦਾ, ਕਿਸੇ ਨਾ ਕਿਸੇ ਢੰਗ ਤਰੀਕੇ ਨਾਲ ਇਸ ਨਾਲ ਜੁੜਿਆ ਰਹਿੰਦਾ ਹੈ। ਬੇਸ਼ੱਕ ਉਹ ਖੇਤਾਂ ਵਿੱਚ ਕੰਮ ਕਰਦਾ ਹਾਲੀ ਹੋਵੇ ਜਾਂ ਸੀਰੀ ਜਾਂ ਫਿਰ ਘਰਾਂ ਵਿੱਚ

ਘਰੇਲੂ ਕੰਮ ਵਿੱਚ ਮਸਤ ਸਵਾਣੀਆਂ, ਹਰ ਕੋਈ ਲੋਕਧਾਰਾ ਦੇ ਵਹਿਣ ਵਿਚ ਆਪਣੀ ਅਹਿਮ ਭੂਮਿਕਾ ਨਿਭਾਉਂਦਾ ਹੈ। ਅੱਜ ਦੇ ਦੌਰ ਵਿੱਚ ਲੋਕਧਾਰਾ ਦੀ ਇੱਕ ਵਿਲੱਖਣ ਅਤੇ ਸੁਤੰਤਰ ਅਨੁਸ਼ਾਸਨ ਦੇ ਰੂਪ ਵਿੱਚ ਅਹਿਮੀਅਤ ਹੈ। ਅਸਲ ਵਿਚ ਲੋਕਧਾਰਾ ਸਾਡੀ ਕਲਾ, ਸਾਡੇ ਧਰਮ, ਸਾਡੇ ਰਸਮ ਰਿਵਾਜ, ਸਾਡੇ ਲੋਕ-ਗੀਤ, ਸਾਡੇ ਲੋਕ-ਧੰਦੇ, ਲੋਕ ਖੇਡਾਂ ਆਦਿ ਦੀ ਪੇਸ਼ਕਾਰੀ ਦਾ ਆਧਾਰ ਹੈ।

ਲੋਕਧਾਰਾ ਇੱਕ ਅਜਿਹਾ ਵਰਤਾਰਾ ਹੈ, ਜੋ ਸ਼ੁਰੂ ਤੋਂ ਹੀ ਮਨੁੱਖ ਦੇ ਨਾਲ-ਨਾਲ ਚੱਲਦਾ ਆ ਰਿਹਾ ਹੈ। ਇਸ ਦੇ ਅਧਿਐਨ ਦਾ ਆਰੰਭ ਉੱਨੀ ਵੀਂ ਸਦੀ ਵਿੱਚ ਪੱਛਮ ਤੋਂ ਸ਼ੁਰੂ ਹੋਇਆ। ਲੋਕਧਾਰਾ ਸਮੂਹ ਮਨੁੱਖਾਂ ਦੀ ਅਜੇਹੀ ਸਿਰਜਣਾ ਹੈ ਜਿਸ ਨੂੰ ਭਾਵੇਂ ਸ਼ੁਰੂ ਵਿੱਚ ਇੱਕ ਹੀ ਵਿਅਕਤੀ ਸਿਰਜਦਾ ਹੈ, ਕਿਉਂਕਿ ਹਰੇਕ ਕਿਰਤ ਦਾ ਸਿਰਜਣਹਾਰ ਕੋਈ ਨਾ ਕੋਈ ਇਕ ਖਾਸ ਵਿਅਕਤੀ ਹੀ ਹੋਵੇਗਾ। ਪਰ ਉਹ ਲੋਕਧਾਰਾ ਤਾਂ ਹੀ ਬਣਦੀ ਹੈ ਜਦੋਂ ਉਹ ਸਬੰਧਿਤ ਸਮੂਹ ਦੁਆਰਾ ਸਮੂਹਿਕ ਮਨ ਦੀ ਬਿਰਤੀ ਪ੍ਰਵਿਰਤੀ ਅਤੇ ਪ੍ਰਕਿਰਤੀ ਅਨੁਸਾਰ ਵਾਧਾ ਘਾਟਾ ਕਰਨ ਬਾਅਦ ਪ੍ਰਵਾਨ ਹੁੰਦੀ ਹੈ। ਸਮੂਹਿਕ ਪ੍ਰਵਾਨਗੀ ਉਪਰੰਤ ਉਸ ਦਾ ਵਸ਼ਿਸ਼ਟ ਸਾਹਿਤਕ ਅਤੇ ਹੋਰ ਵਿਅਕਤੀਗਤ ਸੱਭਿਆਚਾਰਕ ਸਿਰਜਣਾ ਵਾਂਗ ਕੋਈ ਇਕੱਲਾ ਵਿਅਕਤੀ ਸਿਰਜਕ ਨਹੀਂ ਰਹਿੰਦਾ, ਸਗੋਂ ਬਾਅਦ ਵਿਚ ਸਮੂਹ ਹੀ ਉਸ ਦਾ ਸਿਰਜਕ ਬਣ ਜਾਂਦਾ ਹੈ। ਲੋਕਧਾਰਾ ਲੋਕਾਂ ਦੇ ਸਮੂਹ ਦੀ ਰਚਨਾ ਹੈ ਇਸ ਵਿਚ ਕਲਾ, ਧੰਦੇ, ਲੋਕ ਖੇਡਾਂ, ਰਸਮੋਂ ਰਿਵਾਜ, ਲੋਕ ਗੀਤ ਆਦਿ ਸ਼ਾਮਿਲ ਹੁੰਦੇ ਹਨ। ਇਹ ਇੱਕ ਪੀੜ੍ਹੀ ਦੂਜੀ ਪੀੜ੍ਹੀ ਨੂੰ ਦੇ ਜਾਂਦੀ ਹੈ। ਇਨ੍ਹਾਂ ਰਾਹੀਂ ਲੋਕ ਮਨ ਦੀ ਪੇਸ਼ਕਾਰੀ ਹੁੰਦੀ ਹੈ। ਅਧਿਐਨ ਕੀਤਿਆਂ ਪਤਾ ਚਲਦਾ ਹੈ ਕਿ ਲੋਕਧਾਰਾ ਕੋਈ ਮਨਘੜਤ ਵਰਤਾਰਾ ਨਹੀਂ, ਸਗੋਂ ਇਸ ਦੀ ਕੁਝ ਤੱਤ ਹੁੰਦੇ ਹਨ ਜਿਨ੍ਹਾਂ ਉੱਪਰ ਟਿਕੀ ਹੁੰਦੀ ਹੈ।

ਲੋਕਧਾਰਾ ਦਾ ਸਭ ਤੋਂ ਮੁੱਢਲਾ ਤੱਤ ਮੌਖਿਕਤਾ ਹੈ। ਜਿਸ ਸੱਭਿਆਚਾਰ ਵਿੱਚ ਭਾਸ਼ਾ ਦਾ ਕੋਈ ਲਿਖਤੀ ਰੂਪ ਨਹੀਂ ਹੈ, ਉਸ ਵਿੱਚ ਲਗਪਗ ਸਾਰਾ ਸੰਚਾਰ ਮੌਖਿਕ ਰੂਪ ਵਿੱਚ ਹੀ ਕੀਤਾ ਜਾਂਦਾ ਹੈ। ਅਜਿਹੇ ਸੱਭਿਆਚਾਰਾਂ ਵਿੱਚ ਉਨ੍ਹਾਂ ਦੀ ਬੋਲ ਚਾਲ ਦੀ ਭਾਸ਼ਾ, ਸ਼ਿਕਾਰ ਦੀਆਂ ਵਿਧੀਆਂ, ਵਿਆਹ ਆਦਿ ਪੁਸ਼ਤ ਦਰ ਪੁਸ਼ਤ ਮੌਖਿਕ ਰੂਪ ਵਿੱਚ ਹੀ ਤੁਰਦੇ ਰਹਿੰਦੇ ਹਨ, ਜਿਨ੍ਹਾਂ ਤੋਂ ਉੱਥੋਂ ਦੀ ਲੋਕਧਾਰਾ ਰੂਪਮਾਨ ਹੁੰਦੀ ਹੈ।

ਲੋਕਧਾਰਾ ਦਾ ਦੂਜਾ ਤੱਤ ਪਰੰਪਰਾ ਹੈ। ਪਰੰਪਰਾ ਨਾਲ ਮੇਲ ਤੋਂ ਬਿਨਾਂ ਲੋਕਧਾਰਾ ਜੀਵੰਤ ਨਹੀਂ

ਰਹਿ ਸਕਦੀ । ਪਰੰਪਰਾ ਵਿਚ ਉਹੋ ਹੀ ਪੱਖ ਆਉਂਦੇ ਹਨ, ਜੋ ਪੁਸ਼ਤ ਦਰ ਪੁਸ਼ਤ ਅੱਗੇ ਚਲਦੇ ਆਉਂਦੇ ਹਨ।

ਲੋਕਧਾਰਾ ਦਾ ਤੀਜਾ ਵਿਸ਼ੇਸ਼ ਤੱਤ ਲੋਕ ਮਾਨਸ ਹੈ। ਜੋ ਲੋਕਧਾਰਾ ਵਾਂਗ ਹੀ ਸਮਾਜ ਦੇ ਵਿਅਕਤੀਆਂ ਨੂੰ ਪਰੰਪਰਾ ਵਾਂਗ ਪੁਸ਼ਤ ਦਰ ਪੁਸ਼ਤ ਪ੍ਰਾਪਤ ਹੁੰਦਾ ਹੈ । ਲੋਕ ਮਾਨਸ ਜਾਂ ਲੋਕ ਮਨ ਲੋਕਧਾਰਾ ਦਾ ਇੱਕ ਅਜਿਹਾ ਤੱਤ ਹੈ, ਜਿਸ ਨੂੰ ਅਣਗੌਲਿਆ ਨਹੀਂ ਕੀਤਾ ਜਾ ਸਕਦਾ। ਲੋਕ ਮਾਨਸ ਹੀ ਲੋਕਧਾਰਾ ਦਾ ਅਸਲ ਵਰਤਾਰਾ ਹੈ। ਲੋਕ ਮਨ ਹੀ ਲੋਕਧਾਰਾ ਨੂੰ ਸੁਰਜੀਤ ਕਰਦਾ ਹੈ। ਲੋਕ ਮਨ ਇਕ ਆਪ ਮੁਹਾਰੀ ਜੋਤ ਵਾਂਗ ਹੈ, ਜਿਸ ਦਾ ਪ੍ਰਕਾਸ਼ ਹਰ ਵਿਅਕਤੀ ਦੇ ਮਨ ਵਿੱਚ ਹੁੰਦਾ ਹੈ। ਇਹ ਪ੍ਰਕਾਸ਼ ਵੱਧ ਜਾਂ ਘੱਟ ਹੋ ਸਕਦਾ ਹੈ, ਪਰ ਕੋਈ ਮਨੁੱਖ ਇਸ ਦੀ ਰਿਸ਼ਮ ਤੋਂ ਬਿਲਕੁਲ ਸੱਖਣਾ ਹੋਵੇ ਇਹ ਸੰਭਵ ਨਹੀਂ ਹੋ ਸਕਦਾ।

ਲੋਕਧਾਰਾ ਦਾ ਅਗਲਾ ਤੱਥ ਲੋਕ ਸੰਸਕ੍ਰਿਤੀ ਹੈ। ਇਹ ਵੀ ਲੋਕਧਾਰਾ ਦਾ ਇੱਕ ਮਹੱਤਵਪੂਰਨ ਤੱਤ ਹੈ। ਲੋਕ ਸੰਸਕ੍ਰਿਤੀ ਵਿੱਚੋਂ ਹੀ ਕਿਸੇ ਇਲਾਕੇ ਦੀ ਲੋਕਧਾਰਾ ਦਾ ਪਤਾ ਲੱਗਦਾ ਹੈ। ਲੋਕ ਸੰਸਕ੍ਰਿਤੀ ਕੁਝ ਜੀਵਨ ਵਿਧੀਆਂ, ਆਚਾਰਾਂ, ਵਿਹਾਰਾਂ, ਪੈਟਰਨਾਂ, ਚਰਿੱਤਰ, ਲੱਛਣਾਂ ਅਤੇ ਪ੍ਰੰਪਰਾਗਤ ਤੌਰ ਤਰੀਕਿਆਂ ਦਾ ਨਿਚੋੜ ਹੈ।

ਲੋਕਧਾਰਾ ਦੇ ਹੋਰਨਾਂ ਤੱਤਾਂ ਤੋਂ ਇਲਾਵਾ ਲੋਕ ਪ੍ਰਵਾਨਗੀ ਇਸ ਦਾ ਇੱਕ ਅਹਿਮ ਤੱਤ ਹੈ। ਅਸਲ ਵਿੱਚ ਲੋਕ ਪ੍ਰਵਾਨਗੀ ਤੋਂ ਬਿਨਾਂ ਕੋਈ ਕੰਮ ਸਿਰੇ ਨਹੀਂ ਚੜ੍ਹਦਾ। ਲੋਕਧਾਰਾ ਯਤਨਾਂ ਦੁਆਰਾ ਘੜੀ ਨਹੀਂ ਜਾਂਦੀ, ਇਸ ਦੀ ਉਪਜ ਸਹਿਜ ਸੁਭਾਅ ਹੀ ਹੁੰਦੀ ਹੈ। ਲੋਕ ਗੀਤਾਂ, ਲੋਕ ਕਥਾ ਜਾਂ ਹੋਰ ਲੋਕ ਕਹਾਣੀ ਕਿਸੇ ਇਕ ਵਿਅਕਤੀ ਦੀ ਰਚਨਾ ਹੁੰਦੀ ਹੈ, ਪਿੱਛੋਂ ਲੋਕ ਉਸ ਵਿੱਚ ਸਮੇਂ ਸਮੇਂ ਬਦਲੀ ਕਰਦੇ ਰਹਿੰਦੇ ਹਨ ਅਤੇ ਉਸ ਨੂੰ ਪ੍ਰਵਾਨਗੀ ਦੇ ਕੇ ਅੱਗੇ ਤੋਰਦੇ ਹਨ। ਕੋਈ ਵੀ ਰਚਨਾ ਜੋ ਭਾਵੇਂ ਕਿਸੇ ਇਕ ਵਿਅਕਤੀ ਦੀ ਹੈ ਜਾਂ ਕਿ ਸਮੂਹ ਮੰਡਲੀ ਦੀ, ਜਦ ਤਕ ਲੋਕ ਸਮੂਹ ਉਸ ਨੂੰ ਪ੍ਰਵਾਨਗੀ ਦੇ ਕੇ ਅੱਗੇ ਨਹੀਂ ਤੋਰਦਾ, ਉਹ ਲੋਕਧਾਰਾ ਦਾ ਹਿੱਸਾ ਨਹੀਂ ਬਣਦੀ।

ਲੋਕਧਾਰਾ ਦੀ ਇਕ ਸੁਤੰਤਰ ਵਿਸ਼ੇ ਵਜੋਂ ਆਪਣੀ ਅਹਿਮੀਅਤ ਹੈ। ਕਿਸੇ ਵੀ ਕਾਰਜ ਦਾ ਇੱਕ ਦਾਇਰਾ ਹੁੰਦਾ ਹੈ। ਲੋਕਧਾਰਾ ਦੇ ਖੇਤਰ ਅੰਦਰ ਲੋਕਾਚਾਰ, ਰੀਤੀ ਰਿਵਾਜ, ਲੋਕ ਕਲਾਵਾਂ, ਲੋਕ

ਵਿਸ਼ਵਾਸ, ਲੋਕ ਨਾਟਕ, ਲੋਕ ਨਾਚ ,ਲੋਕ ਧਰਮ, ਲੋਕ ਮਨੋਰੰਜਨ, ਲੋਕ ਖੇਡਾਂ, ਮੇਲੇ ਅਤੇ ਤਿਉਹਾਰ, ਲੋਕ ਧੰਦੇ, ਲੋਕ ਸਾਹਿਤ ਆਦਿ ਕੁਝ ਸ਼ਾਮਲ ਹੁੰਦਾ ਹੈ। ਲੋਕ ਸਾਹਿਤ ਵਿੱਚ ਲੋਕਧਾਰਾ ਦਾ ਵਾਹਕ ਵਜੋਂ ਲੋਕ ਕਾਵਿ, ਲੋਕ ਕਹਾਣੀਆਂ, ਲੋਕ ਗਾਥਾਵਾਂ, ਬੁਝਾਰਤਾਂ, ਅਖਾਣ, ਮੁਹਾਵਰੇ ਅਤੇ ਲੋਕ ਸਿਆਣਪਾਂ ਆਦਿ ਸ਼ਾਮਿਲ ਹੁੰਦੇ ਹਨ। ਪੰਜਾਬ ਦੀ ਲੋਕਧਾਰਾ ਬਹੁ-ਭਾਂਤੀ ਤੇ ਵੰਨ-ਸੁਵੰਨੀ ਹੈ। ਲੋਕਧਾਰਾ ਦੇ ਮਹੱਤਵ ਨੂੰ ਸਮਝਦਿਆਂ ਹੋਇਆਂ ਪ੍ਰਸਿੱਧ ਪੰਜਾਬੀ ਲੋਕਧਾਰਾ ਸ਼ਾਸਤਰੀ ਡਾ. ਵਣਜਾਰਾ ਬੇਦੀ ਨੇ ਇਸ ਨੂੰ ਆਪਣੇ ਜੀਵਨ ਦਾ ਲਕਸ਼ ਬਣਾ ਕੇ ਇਸ ਦੀ ਸੰਗ੍ਰਹਿ ਅਤੇ ਵਿਸ਼ਲੇਸ਼ਣ ਅਧੀਨ ਵਡਮੁੱਲਾ ਕਾਰਜ ਕਰ ਕੇ ਇਸ ਵਿੱਚ ਆਪਣਾ ਯੋਗਦਾਨ ਪਾਇਆ ਹੈ। ਬਹੁਤ ਸਾਰੇ ਪੱਛਮੀ ਤੇ ਭਾਰਤੀ ਵਿਦਵਾਨਾਂ ਨੇ ਲੋਕ ਸਾਹਿਤ ਦੀ ਸਮੱਗਰੀ ਇਕੱਤਰ ਕਰ ਕੇ ਉਸ ਨੂੰ ਪੁਸਤਕਾਂ ਦੇ ਰੂਪ ਵਿਚ ਪੇਸ਼ ਕਰਨ ਦੇ ਉਪਰਾਲੇ ਕੀਤੇ ਹਨ। ਪੱਛਮੀ ਵਿਦਵਾਨਾਂ ਵਿਚ ਮੁੱਖ ਤੌਰ ਤੇ ਆਰ. ਸੀ. ਟੈਂਪਲ, ਫਲੋਰਾ ਐਨੀ ਸਟੀਲ ਤੇ ਚਾਰਲਸ ਸਵਿਨਰਟਨ ਆਦਿ ਦੇ ਨਾਂ ਵਿਸ਼ੇਸ਼ ਵਰਣਨਯੋਗ ਹਨ। ਪੰਜਾਬੀ ਲੋਕਧਾਰਾ ਦੇ ਮੁਢਲੇ ਪੜਾਅ ਤੇ ਦਵਿੰਦਰ ਸਤਿਆਰਥੀ, ਡਾ, ਐੱਮ.ਐੱਸ. ਰੰਧਾਵਾ, ਸੰਤ ਰਾਮ, ਪੰਡਿਤ ਰਾਮ ਸ਼ਰਨ ਆਦਿ ਨੇ ਇਸ ਖੇਤਰ ਵਿਚ ਆਪਣਾ ਵਡਮੁੱਲਾ ਯੋਗਦਾਨ ਪਾਇਆ ਹੈ। ਦੇਸ਼ ਆਜ਼ਾਦੀ ਤੋਂ ਪਿੱਛੋਂ ਪੰਜਾਬੀ ਲੋਕਧਾਰਾ ਨਾਲ ਜੁੜੇ ਵਿਦਵਾਨਾਂ ਦੀ ਲੜੀ ਵਿਚ ਡਾ. ਵਣਜਾਰਾ ਬੇਦੀ, ਡਾ. ਕਰਨੈਲ ਸਿੰਘ ਥਿੰਦ, ਡਾ. ਕਰਮਜੀਤ ਸਿੰਘ, ਡਾ. ਨਾਹਰ ਸਿੰਘ, ਡਾ. ਜੋਗਿੰਦਰ ਸਿੰਘ ਕੈਰੋਂ, ਸੁਖਦੇਵ ਮਾਦਪੁਰੀ, ਡਾ. ਭੁਪਿੰਦਰ ਸਿੰਘ ਖਹਿਰਾ, ਡਾ. ਲਾਭ ਸਿੰਘ ਖੀਵਾ, ਡਾ. ਜਸਵਿੰਦਰ ਸਿੰਘ, ਡਾ. ਬਲਵੀਰ ਸਿੰਘ ਪੂੰਨੀ, ਡਾ. ਜੀਤ ਸਿੰਘ ਜੋਸ਼ੀ, ਡਾ ਕਰਨਜੀਤ ਸਿੰਘ, ਡਾ. ਜਗੀਰ ਸਿੰਘ ਨੂਰ ਆਦਿ ਅਨੇਕਾਂ ਹੀ ਵਿਦਵਾਨ ਹਨ ਜਿਨ੍ਹਾਂ ਨੇ ਲੋਕਧਾਰਾ ਨੂੰ ਸਾਂਭਣ ਤੇ ਅੱਗੇ ਤੋਰਨ ਦਾ ਕਾਰਜ ਕੀਤਾ ਹੈ।

ਅਜੋਕਾ ਦੌਰ ਵਿਸ਼ਵੀਕਰਨ ਦਾ ਦੌਰ ਹੈ। ਵਿਗਿਆਨ ਦੀਆਂ ਨਵੀਆਂ ਕਾਢਾਂ ਨੇ ਹਰ ਵਿਅਕਤੀ ਨੂੰ ਇੱਕ ਦੂਜੇ ਦੇ ਕੋਲ ਕਰ ਦਿੱਤਾ ਹੈ। ਮੌਜੂਦਾ ਦੌਰ ਵਿਚ ਵਿਸ਼ਵ ਇੱਕ ਪਿੰਡ ਬਣ ਗਿਆ ਹੈ, ਇਸ ਵਿਸ਼ਵੀ ਪਿੰਡ ਵਿਚ ਵੱਡੇ ਵੱਡੇ ਬਾਜ਼ਾਰਾਂ ਦਾ ਬੋਲਬਾਲਾ ਹੈ। ਅਜੋਕੇ ਦੌਰ ਵਿੱਚ ਜਿੱਥੇ ਸਭ ਕੁਝ ਬਦਲਿਆ ਹੈ, ਉੱਥੇ ਪੰਜਾਬੀ ਲੋਕਧਾਰਾ ਵੀ ਇਸ ਦੀ ਗ੍ਰਿਫ਼ਤ ਵਿੱਚ ਆਈ ਹੈ। ਮਨੁੱਖੀ ਜ਼ਿੰਦਗੀ ਲਈ ਜਿਉਣ ਦੇ ਪਹਿਲੂਆਂ ਤੇ ਇਸ ਰੁਪਾਂਤਰਨ ਦਾ ਕਾਫ਼ੀ ਪ੍ਰਭਾਵ ਪਿਆ ਹੈ। ਬੇਸ਼ਕ ਤਕਨੀਕੀ ਸਾਧਨਾਂ ਦਾ

ਮਨੁੱਖ ਨੂੰ ਲਾਭ ਵੀ ਪ੍ਰਾਪਤ ਹੋਇਆ ਹੈ, ਪਰ ਤਕਨੀਕੀ ਸਾਧਨਾਂ ਨਾਲ ਸੱਭਿਆਚਾਰਕ ਪਰਿਵਰਤਨ ਵੀ ਵੱਡੇ ਪੱਧਰ ਤੇ ਹੋਏ ਹਨ। ਉਦਯੋਗੀਕਰਨ ਅਤੇ ਮਸ਼ੀਨਰੀ ਨੇ ਹਜ਼ਾਰਾਂ ਸਾਲਾਂ ਤੋਂ ਚੱਲੀ ਆ ਰਹੀ ਪਰੰਪਰਾਗਤ ਪੇਸ਼ੇਵਾਰ ਵਿਵਸਥਾ ਨੂੰ ਬਦਲ ਕੇ ਰੱਖ ਦਿੱਤਾ ਹੈ।

ਹੱਥਲੇ ਖੋਜ ਕਾਰਜ **'ਵਿਸ਼ਵੀਕਰਨ ਦੇ ਦੌਰ ਵਿੱਚ ਪੰਜਾਬੀ ਲੋਕਧਾਰਾ ਦਾ ਰੁਪਾਂਤਰਨ : ਇਕ ਅਧਿਐਨ'** ਦੇ ਅਧਿਐਨ ਰਾਹੀਂ ਪੰਜਾਬੀ ਲੋਕਧਾਰਾ ਵਿੱਚ ਹੋਏ ਬਦਲਾਅ ਨੂੰ ਪੇਸ਼ ਕਰਨ ਦਾ ਯਤਨ ਕੀਤਾ ਗਿਆ ਹੈ। ਲੋਕਧਾਰਾ ਦਾ ਦਾਇਰਾ ਬਹੁਤ ਹੀ ਵਿਸ਼ਾਲ ਹੈ, ਇਸ ਨੂੰ ਇੱਕੋ ਖੋਜ ਕਾਰਜ ਵਿੱਚ ਕਦੇ ਵੀ ਨਹੀਂ ਸਮੇਟਿਆ ਜਾ ਸਕਦਾ। ਇਸ ਖੋਜ ਕਾਰਜ ਵਿਚ ਲੋਕਧਾਰਾ ਦੇ ਪਹਿਲੂਆਂ ਕੰਮ ਧੰਦਿਆਂ, ਰਿਸ਼ਤੇ ਨਾਤਿਆਂ, ਤਿੱਥ ਤਿਉਹਾਰਾਂ ਅਤੇ ਰਸਮਾਂ ਰਿਵਾਜਾਂ ਨੂੰ ਪੇਸ਼ ਕੀਤਾ ਗਿਆ ਹੈ। ਇਸ ਖੋਜ ਕਾਰਜ ਦਾ ਆਧਾਰ ਤਿੰਨ ਪੁਸਤਕਾਂ **ਮੇਰਾ ਪਿੰਡ** (ਗਿਆਨੀ ਗੁਰਦਿੱਤ ਸਿੰਘ), **ਮੇਰਾ ਨਾਨਕਾ ਪਿੰਡ** (ਡਾ. ਵਣਜਾਰਾ ਬੇਦੀ), **ਪੰਜਾਬ ਦੇ ਲੋਕ ਗੀਤ** (ਡਾ. ਮਹਿੰਦਰ ਸਿੰਘ ਰੰਧਾਵਾ) ਅਤੇ ਇਕ ਪੁਸਤਕ ਵਿਸ਼ਵੀਕਰਨ ਦੇ ਦੌਰ ਤੋਂ ਬਾਅਦ ਦੀ, **ਬਦਲ ਗਿਆ ਮੇਰਾ ਪਿੰਡ** (ਪਰਮਜੀਤ ਕੌਰ ਸਰਹਿੰਦ) ਦੀ ਚੁਣੀ ਗਈ ਹੈ। ਇਨ੍ਹਾਂ ਪੁਸਤਕਾਂ ਦੇ ਨਾਲ ਨਾਲ ਪੰਜਾਬੀ ਲੋਕਧਾਰਾ ਦੇ ਰੁਪਾਂਤਰਨ ਨੂੰ ਸਮਝਣ ਲਈ ਖੇਤਰੀ ਕਾਰਜ ਵੀ ਕੀਤਾ ਗਿਆ ਹੈ। ਮੌਜੂਦਾ ਪੰਜਾਬ ਨੂੰ ਮਾਝਾ, ਮਾਲਵਾ ਅਤੇ ਦੋਆਬਾ ਤਿੰਨਾਂ ਖੇਤਰਾਂ ਵਿੱਚੋਂ ਵੰਡ ਕੇ, ਇੱਕ ਸੌ ਪੰਜਾਹ ਮਰਦ ਅਤੇ ਇਸਤਰੀਆਂ ਕੋਲੋਂ ਡਾਟਾ ਇਕੱਤਰ ਕੀਤਾ ਗਿਆ ਹੈ। ਪੂਰੇ ਡਾਟੇ ਦਾ ਵਿਸ਼ਲੇਸ਼ਣ ਕਰਕੇ, ਉਸ ਨੂੰ ਪਾਈ ਚਾਰਟ ਦੀ ਮੱਦਦ ਦੇ ਨਾਲ ਉਸ ਦਾ ਪ੍ਰਤੀਸ਼ਤ ਇਕੱਤਰ ਕੀਤਾ ਗਿਆ ਹੈ। ਜਿਸ ਦੇ ਆਧਾਰ ਤੇ ਪਤਾ ਚੱਲਦਾ ਹੈ ਕਿ ਕਿਹੜੇ ਪੱਖ ਵਿਚ ਕਿੰਨੇ ਪ੍ਰਤੀਸ਼ਤ ਬਦਲਾਅ ਹੋਇਆ ਹੈ।

ਖੋਜ ਕਾਰਜ ਨੂੰ ਸਹੀ ਢੰਗ ਨਾਲ ਨੇਪਰੇ ਚਾੜ੍ਹਨ ਲਈ ਇਸ ਨੂੰ ਪੰਜ ਅਧਿਆਇਆਂ ਅਧੀਨ ਵੰਡ ਕੇ ਪੇਸ ਕੀਤਾ ਗਿਆ ਹੈ।

ਪਹਿਲਾ ਅਧਿਆਇ **ਸਿਧਾਂਤਕ ਪਿੱਠ ਭੂਮੀ** ਦਾ ਹੈ। ਜਿਸ ਵਿਚ ਸਮੱਸਿਆ ਕਥਨ, ਪੂਰਵ ਖੋਜਕਾਰਜ, ਖੋਜਕਾਰਜ ਦੇ ਉਦੇਸ਼, ਸਮਾਜਿਕ ਅਤੇ ਸਾਹਿਤਕ ਸਾਰਥਿਕਤਾ, ਖੋਜ ਵਿਧੀ, ਸੰਭਾਵਿਤ ਨਤੀਜੇ ਅਤੇ ਸਿਧਾਂਤਕ ਪਰਿਪੇਖ ਵਿਚ ਲੋਕਧਾਰਾ ਅਤੇ ਵਿਸ਼ਵੀਕਰਨ ਬਾਰੇ ਚਰਚਾ ਕੀਤੀ ਗਈ ਹੈ।

ਦੂਸਰਾ ਅਧਿਆਇ **ਵਿਸ਼ਵੀਕਰਨ ਦੇ ਦੌਰ ਵਿਚ ਪੰਜਾਬੀਆਂ ਦੇ ਰਿਸ਼ਤਿਆਂ ਨਾਤਿਆਂ ਵਿੱਚ ਹੋਇਆ ਰੁਪਾਂਤਰਨ** ਨੂੰ ਪੇਸ਼ ਕੀਤਾ ਗਿਆ ਹੈ। ਇਸ ਨੁਕਤੇ ਨੂੰ ਸਮਝਣ ਦੇ ਲਈ ਤਿੰਨ ਪੁਸਤਕਾਂ ਮੇਰਾ ਪਿੰਡ (ਗਿਆਨੀ ਗੁਰਦਿੱਤ ਸਿੰਘ) ਮੇਰਾ ਨਾਨਕਾ ਪਿੰਡ (ਡਾ. ਵਣਜਾਰਾ ਬੇਦੀ), ਪੰਜਾਬ ਦੇ ਲੋਕ ਗੀਤ (ਡਾ.ਐਮ.ਐਸ. ਰੰਧਾਵਾ) ਵਿੱਚੋਂ ਮਿਲਦੇ ਪੰਜਾਬੀ ਰਿਸ਼ਤੇ ਨਾਤਿਆਂ ਦੇ ਰੂਪ ਨੂੰ ਪੇਸ਼ ਕੀਤਾ ਗਿਆ ਹੈ ਅਤੇ ਵਿਸ਼ਵੀਕਰਨ ਦੇ ਦੌਰ ਦੀ ਪੁਸਤਕ, ਬਦਲ ਗਿਆ ਮੇਰਾ ਪਿੰਡ (ਪਰਮਜੀਤ ਕੌਰ ਸਰਹਿੰਦ) ਦੇ ਹਵਾਲੇ ਨਾਲ ਰਿਸ਼ਤਿਆਂ ਨਾਤਿਆਂ ਵਿੱਚ ਹੋਏ ਬਦਲਾਅ ਨੂੰ ਪੇਸ਼ ਕੀਤਾ ਗਿਆ ਹੈ। ਤੀਸਰੇ ਪੱਖ ਵਿਚ ਰਿਸ਼ਤਿਆਂ ਨਾਤਿਆਂ ਵਿੱਚ ਹੋਏ ਬਦਲਾਅ ਦੇ ਪ੍ਰਮੁੱਖ ਕਾਰਨਾਂ ਨੂੰ ਖੇਤਰੀ ਕਾਰਜ ਰਾਹੀਂ ਪੇਸ ਕੀਤਾ ਗਿਆ ਹੈ।

ਖੋਜ ਕਾਰਜ ਦਾ ਤੀਸਰਾ ਅਧਿਆਇ **ਵਿਸ਼ਵੀਕਰਨ ਦੇ ਦੌਰ ਵਿੱਚ ਪੰਜਾਬੀਆਂ ਦੇ ਰਸਮਾਂ ਰਿਵਾਜਾਂ ਵਿੱਚ ਹੋਇਆ ਰੁਪਾਂਤਰਨ** ਨੂੰ ਪੇਸ਼ ਕੀਤਾ ਗਿਆ ਹੈ। ਇਸ ਨੁਕਤੇ ਨੂੰ ਸਮਝਣ ਦੇ ਲਈ ਤਿੰਨ ਪੁਸਤਕਾਂ ਮੇਰਾ ਪਿੰਡ (ਗਿਆਨੀ ਗੁਰਦਿੱਤ ਸਿੰਘ), ਮੇਰਾ ਨਾਨਕਾ ਪਿੰਡ (ਡਾ. ਵਣਜਾਰਾ ਬੇਦੀ), ਪੰਜਾਬ ਦੇ ਲੋਕ ਗੀਤ (ਡਾ.ਐਮ.ਐਸ. ਰੰਧਾਵਾ) ਵਿੱਚੋਂ ਮਿਲਦੇ ਪੰਜਾਬੀ ਰਸਮਾਂ ਰਿਵਾਜ਼ਾਂ ਦੇ ਰੂਪ ਨੂੰ ਪੇਸ਼ ਕੀਤਾ ਗਿਆ ਹੈ ਅਤੇ ਵਿਸ਼ਵੀਕਰਨ ਦੇ ਦੌਰ ਦੀ ਪੁਸਤਕ, ਬਦਲ ਗਿਆ ਮੇਰਾ ਪਿੰਡ (ਪਰਮਜੀਤ ਕੌਰ ਸਰਹਿੰਦ) ਦੇ ਹਵਾਲੇ ਨਾਲ ਰਸਮਾਂ ਰਿਵਾਜ਼ਾਂ ਵਿੱਚ ਹੋਏ ਬਦਲਾਅ ਨੂੰ ਪੇਸ਼ ਕੀਤਾ ਗਿਆ ਹੈ। ਤੀਸਰੇ ਪੱਖ ਵਿਚ ਰਸਮਾਂ ਰਿਵਾਜ਼ਾਂ ਵਿੱਚ ਹੋਏ ਬਦਲਾਅ ਦੇ ਪ੍ਰਮੁੱਖ ਕਾਰਨਾਂ ਨੂੰ ਖੇਤਰੀ ਕਾਰਜ ਰਾਹੀਂ ਪੇਸ਼ ਕੀਤਾ ਗਿਆ ਹੈ।

ਖੋਜ ਕਾਰਜ ਦਾ ਚੌਥਾ ਅਧਿਆਇ **ਵਿਸ਼ਵੀਕਰਨ ਦੇ ਦੌਰ ਵਿਚ ਪੰਜਾਬੀ ਲੋਕ ਧੰਦਿਆਂ ਵਿਚ ਹੋਇਆ ਰੁਪਾਂਤਰਨ** ਨੂੰ ਪੇਸ਼ ਕੀਤਾ ਗਿਆ ਹੈ। ਇਸ ਨੁਕਤੇ ਨੂੰ ਸਮਝਣ ਦੇ ਲਈ ਤਿੰਨ ਪੁਸਤਕਾਂ ਮੇਰਾ ਪਿੰਡ (ਗਿਆਨੀ ਗੁਰਦਿੱਤ ਸਿੰਘ), ਮੇਰਾ ਨਾਨਕਾ ਪਿੰਡ (ਡਾ. ਵਣਜਾਰਾ ਬੇਦੀ), ਪੰਜਾਬ ਦੇ ਲੋਕ ਗੀਤ (ਡਾ.ਐਮ.ਐਸ. ਰੰਧਾਵਾ) ਵਿੱਚੋਂ ਮਿਲਦੇ ਪੰਜਾਬੀ ਰਿਸ਼ਤੇ ਨਾਤਿਆਂ ਦੇ ਰੂਪ ਨੂੰ ਪੇਸ਼ ਕੀਤਾ ਗਿਆ ਹੈ ਅਤੇ ਵਿਸ਼ਵੀਕਰਨ ਦੇ ਦੌਰ ਦੀ ਪੁਸਤਕ, ਬਦਲ ਗਿਆ ਮੇਰਾ ਪਿੰਡ (ਪਰਮਜੀਤ ਕੌਰ ਸਰਹਿੰਦ) ਦੇ ਹਵਾਲੇ ਨਾਲ ਪੰਜਾਬੀ ਲੋਕ ਧੰਦਿਆਂ ਵਿੱਚ ਹੋਏ ਬਦਲਾਅ ਨੂੰ ਪੇਸ਼ ਕੀਤਾ ਗਿਆ ਹੈ। ਤੀਸਰੇ ਪੱਖ ਵਿਚ ਲੋਕ

ਧੰਦਿਆਂ ਵਿੱਚ ਹੋਏ ਬਦਲਾਅ ਦੇ ਪ੍ਰਮੁੱਖ ਕਾਰਨਾਂ ਨੂੰ ਖੇਤਰੀ ਕਾਰਜ ਰਾਹੀਂ ਪੇਸ ਕੀਤਾ ਗਿਆ ਹੈ ।

ਖੋਜ ਕਾਰਜ ਦਾ ਪੰਜਵਾਂ ਅਧਿਆਇ **ਵਿਸ਼ਵੀਕਰਨ ਦੇ ਦੌਰ ਵਿੱਚ ਪੰਜਾਬ ਦੇ ਤਿੱਥ ਤਿਉਹਾਰਾਂ ਵਿੱਚ ਹੋਇਆ ਰੂਪਾਂਤਰਨ** ਨੂੰ ਪੇਸ਼ ਕੀਤਾ ਗਿਆ ਹੈ । ਇਸ ਨੁਕਤੇ ਨੂੰ ਸਮਝਣ ਦੇ ਲਈ ਤਿੰਨ ਪੁਸਤਕਾਂ ਮੇਰਾ ਪਿੰਡ (ਗਿਆਨੀ ਗੁਰਦਿੱਤ ਸਿੰਘ), ਮੇਰਾ ਨਾਨਕਾ ਪਿੰਡ (ਡਾ. ਵਣਜਾਰਾ ਬੇਦੀ), ਪੰਜਾਬ ਦੇ ਲੋਕ ਗੀਤ (ਡਾ.ਐਮ.ਐਸ. ਰੰਧਾਵਾ) ਵਿੱਚੋਂ ਮਿਲਦੇ ਪੰਜਾਬੀ ਰਿਸ਼ਤੇ ਨਾਤਿਆਂ ਦੇ ਰੂਪ ਨੂੰ ਪੇਸ਼ ਕੀਤਾ ਗਿਆ ਹੈ ਅਤੇ ਵਿਸ਼ਵੀਕਰਨ ਦੇ ਦੌਰ ਦੀ ਪੁਸਤਕ, ਬਦਲ ਗਿਆ ਮੇਰਾ ਪਿੰਡ (ਪਰਮਜੀਤ ਕੌਰ ਸਰਹਿੰਦ) ਦੇ ਹਵਾਲੇ ਨਾਲ ਰਿਸ਼ਤਿਆਂ ਨਾਤਿਆਂ ਵਿੱਚ ਹੋਏ ਬਦਲਾਅ ਨੂੰ ਪੇਸ਼ ਕੀਤਾ ਗਿਆ ਹੈ। ਤੀਸਰੇ ਪੱਖ ਵਿਚ ਤਿੱਥ ਤਿਉਹਾਰਾਂ ਵਿਚ ਹੋਏ ਬਦਲਾਅ ਦੇ ਪ੍ਰਮੁੱਖ ਕਾਰਨਾਂ ਨੂੰ ਖੇਤਰੀ ਕਾਰਜ ਰਾਹੀਂ ਪੇਸ ਕੀਤਾ ਗਿਆ ਹੈ।

ਇਸ ਖੋਜ ਕਾਰਜ ਨੂੰ ਮੁਕੰਮਲ ਕਰਨ ਲਈ ਮੈਂ ਬਹੁਤ ਹੀ ਧੰਨਵਾਦੀ ਹਾਂ, ਆਪਣੇ ਨਿਗਰਾਨ ਡਾ. ਯਾਦਵਿੰਦਰ ਕੌਰ ਜੀ ਦਾ ਜਿਨ੍ਹਾਂ ਨੇ ਆਪਣੀ ਕੀਮਤੀ ਰੁਝੇਵਿਆਂ ਵਿੱਚੋਂ ਵਕਤ ਦਿੰਦੇ ਹੋਏ ਯੋਗ ਅਗਵਾਈ ਅਤੇ ਪ੍ਰੇਰਨਾ ਸਰੋਤ ਬਣ ਕੇ ਇਸ ਕੰਮ ਨੂੰ ਮੁਕੰਮਲ ਕਰਵਾਇਆ ਹੈ। ਸ਼ੁਰੂ ਵਿੱਚ ਖੋਜ ਦੀ ਗੁੜ੍ਹਤੀ ਦੇਣ ਵਾਲੇ ਡਾ. ਅਵਤਾਰ ਸਿੰਘ ਜੀ ਨੂੰ ਕਦੇ ਨਹੀਂ ਵਿਸਾਰਿਆ ਜਾ ਸਕਦਾ ਜਿਨ੍ਹਾਂ ਨੇ ਮੁੱਢਲੇ ਪੜਾਅ ਵਿੱਚ ਹੀ ਖੋਜ ਦੀ ਚੇਟਕ ਲਾਈ। ਬਹੁਤ ਹੀ ਧੰਨਵਾਦੀ ਹਾਂ ਲਵਲੀ ਪ੍ਰੋਫੈਸ਼ਨਲ ਯੂਨੀਵਰਸਿਟੀ ਪੰਜਾਬੀ ਵਿਭਾਗ ਦੇ ਡਾ. ਕਿਰਨਦੀਪ ਸਿੰਘ , ਡਾ. ਹਰਪ੍ਰੀਤ ਸਿੰਘ, ਡਾ. ਸਤਵੰਤ ਸਿੰਘ, ਡਾ. ਸੋਨਾ ਜਿਨ੍ਹਾਂ ਨੇ ਮੁਲਾਂਕਣ ਵੇਲੇ ਹਰ ਵਾਰ ਯੋਗ ਅਗਵਾਈ ਦੇ ਕੇ ਖੋਜ ਕਾਰਜ ਨੂੰ ਸਹੀ ਰੂਪ ਵਿੱਚ ਪੇਸ਼ ਕਰਵਾਇਆ ਹੈ।

ਲੋਕਧਾਰਾ ਸ਼ਾਸਤਰੀ ਜਿਨ੍ਹਾਂ ਨਾਲ ਮਿਲ ਕੇ ਲੋਕਧਾਰਾ ਬਾਰੇ ਗਿਆਨ ਇੱਕਤਰ ਕੀਤਾ, ਉਨ੍ਹਾਂ ਵਿਚ ਸਵਰਗਵਾਸੀ ਸੁਖਦੇਵ ਮਾਦਪੁਰੀ ਜੀ, ਸਵਰਗਵਾਸੀ ਡਾ. ਦਰਿਆ ਜੀ, ਡਾ. ਕਰਮਜੀਤ ਸਿੰਘ, ਡਾ. ਜਗੀਰ ਸਿੰਘ ਨੂਰ, ਡਾ, ਪਰਮਜੀਤ ਕੌਰ ਨੂਰ, ਡਾ. ਸੁਰਿੰਦਰ ਸਿੰਘ ਮੰਡ ਅਤੇ ਪਰਮਜੀਤ ਕੌਰ ਸਰਹਿੰਦ ਦਾ ਵੀ ਤਹਿ ਦਿਲੋਂ ਧੰਨਵਾਦੀ ਹੈ ਜਿਨ੍ਹਾਂ ਨੇ ਆਪਣੇ ਕੀਮਤੀ ਰੁਝੇਵਿਆਂ ਵਿਚੋਂ ਵਕਤ ਕੱਢ ਕੇ ਮੈਨੂੰ ਲੋਕਧਾਰਾ ਬਾਰੇ ਭਰਪੂਰ ਜਾਣਕਾਰੀ ਦਿੱਤੀ। ਡਾ. ਬਲਵਿੰਦਰ ਸਿੰਘ ਥਿੰਦ ਜੀ ਦਾ ਵੀ ਦਿਲੋਂ ਧੰਨਵਾਦ ਹੈ ਜਿਹਨਾਂ ਨੇ ਖੋਜ ਕਾਰਜ ਨੂੰ ਟਾਈਪ ਕਰਨ ਵਿੱਚ ਆਈਆਂ ਅਨੇਕਾਂ ਮੁਸ਼ਕਿਲਾਂ ਨੂੰ ਹੱਲ ਕਰਾਉਣ ਵਿੱਚ

ਮਦੱਦ ਕੀਤੀ ਅਤੇ ਹਮੇਸ਼ਾ ਹੀ ਯੋਗ ਅਗਵਾਈ ਦਿੱਤੀ ਹੈ।

ਮੈਂ ਬਹੁਤ ਧੰਨਵਾਦੀ ਹਾਂ ਆਪਣੇ ਪਰਿਵਾਰਕ ਮੈਂਬਰਾਂ ਦਾ ਅਤੇ ਖਾਸ ਕਰਕੇ ਜੀਵਨ ਸਾਥੀ ਮਨਦੀਪ ਕੌਰ ਅਤੇ ਬੇਟੇ ਸਾਹਿਬ ਤੱਖੀ ਦਾ ਜਿਨ੍ਹਾਂ ਨੇ ਵਕਤ ਦੇ ਕੇ ਇਸ ਖੋਜ ਕਾਰਜ ਨੂੰ ਸੰਪੂਰਨ ਕਰਾਉਣ ਵਿਚ ਮੇਰੀ ਦਿਨ ਰਾਤ ਮੱਦਦ ਕੀਤੀ ਹੈ। ਸਾਥੀ ਖੋਜਾਰਥੀਆਂ ਗੁਰਦੇਵ ਸਿੰਘ, ਜਸਵੀਰ ਸਿੰਘ, ਅਤੇ ਮਨਪ੍ਰੀਤ ਕੌਰ ਦਾ ਵੀ ਦਿਲੋਂ ਧੰਨਵਾਦ ਹੈ, ਜਿਨ੍ਹਾਂ ਹਰ ਵਕਤ ਮੋਢੇ ਨਾਲ ਮੋਢਾ ਲਾ ਕੇ ਮੇਰੀ ਸਹਾਇਤਾ ਕੀਤੀ ਹੈ। ਖੇਤਰੀ ਕਾਰਜ ਵਿੱਚ ਮੇਰੀ ਮੱਦਦ ਕਰਨ ਵਾਲੇ ਲੈਕਚਰਾਰ ਸ਼ਿਵ ਲਾਲ ਜੀ ਅਤੇ ਚੀਫ ਅਕਾਊਂਟ ਅਫਸਰ ਪੰਜਾਬ ਸੁਰਿੰਦਰ ਕੁਮਾਰ ਬਜਵਾੜਾ ਜੀ ਨੂੰ ਵੀ ਨਹੀਂ ਵਿਸਾਰਿਆ ਜਾ ਸਕਦਾ ਜਿਨ੍ਹਾਂ ਨੇ ਹਮੇਸ਼ਾਂ ਹੀ ਮੇਰੀ ਮੱਦਦ ਕੀਤੀ ਹੈ।

ਕੇਵਲ ਕ੍ਰਿਸ਼ਨ।

# ਅਧਿਆਇ ਪਹਿਲਾ

## ਸਿਧਾਂਤਕ ਪਿੱਠ ਭੂਮੀ

### 1.1 ਸਮੱਸਿਆ ਕਥਨ

ਅਜੋਕਾ ਵਿਸ਼ਵੀਕਰਨ ਦਾ ਦੌਰ ਇਕ ਅਜਿਹਾ ਦੌਰ ਹੈ ਜਿਸ ਵਿਚ ਇੱਕ ਦੇਸ਼ ਦੀਆਂ ਹੱਦਾਂ ਦੂਜੇ ਦੇਸ਼ਾਂ ਲਈ ਰੁਕਾਵਟ ਨਹੀਂ ਬਣ ਰਹੀਆਂ। ਵਿਗਿਆਨਿਕ ਤਰੱਕੀ ਰਾਹੀਂ ਨਵੀਆਂ ਕਾਢਾਂ ਨੇ ਹਰ ਵਿਅਕਤੀ ਨੂੰ ਇਕ ਦੂਜੇ ਦੇ ਨਜ਼ਦੀਕ ਕਰ ਦਿੱਤਾ ਹੈ। ਮੌਜੂਦਾ ਦੌਰ ਵਿਚ ਵਿਸ਼ਵ ਇੱਕ ਪਿੰਡ ਬਣ ਗਿਆ ਹੈ, ਇਸ ਵਿਸ਼ਵੀ ਪਿੰਡ ਵਿਚ ਵੱਡੇ-ਵੱਡੇ ਬਜ਼ਾਰਾਂ ਦਾ ਬੋਲ ਬਾਲਾ ਹੈ, ਜਿਹਨਾਂ ਦੀਆਂ ਵਾਗਡੋਰਾਂ ਵੱਡੇ-ਵੱਡੇ ਕਾਰਪੋਰੇਟ ਘਰਾਣਿਆ ਦੇ ਹੱਥਾਂ ਵਿਚ ਹਨ। ਅਜੋਕੇ ਸਮੇਂ ਵਿਚ ਲੋਕਧਾਰਾ ਇੱਕ ਵਿਲੱਖਣ ਅਤੇ ਸੁਤੰਤਰ ਅਨੁਸ਼ਾਸਨ ਹੈ, ਇਸ ਲਈ ਸੁਭਾਵਿਕ ਹੈ ਕਿ ਜਿੱਥੇ ਵਿਸ਼ਵੀਕਰਨ ਨੇ ਹੋਰ ਸਭ ਨੂੰ ਆਪਣੀ ਨੂੰ ਗ੍ਰਿਫਤ ਵਿਚ ਲੈ ਆਦਾਂ, ਉੱਥੇ ਲੋਕਧਾਰਾ ਵੀ ਇਸ ਦੀ ਸ਼ਿਕਾਰ ਬਣੀ ਹੈ। ਅੱਜ ਦਾ ਯੁੱਗ ਵਿਖਾਵੇ ਦਾ ਯੁੱਗ ਹੈ, ਨਾ ਚਾਹੁੰਦਿਆਂ ਹੋਇਆਂ ਵੀ ਉਹਨਾਂ ਪਦਾਰਥਾਂ ਦੀ ਦੌੜ ਵਿਚ ਹਾਂ ਜਿਹਨਾਂ ਤੋਂ ਬਗੈਰ ਜ਼ਿੰਦਗੀ ਸੁਖਾਲੀ ਹੈ। ਇਸ ਬਾਰੇ 'ਪੰਜਾਬੀ ਸੱਭਿਆਚਾਰ: ਪਛਾਣ ਚਿੰਨ੍ਹ' ਪੁਸਤਕ ਵਿਚੋਂ ਡਾ. ਜਸਵਿੰਦਰ ਸਿੰਘ ਦਾ ਵਿਚਾਰ ਹੈ :

> ਆਧੁਨਿਕ ਯੁੱਗ ਵਿਗਿਆਨ ਅਤੇ ਤਕਨਾਲੋਜੀ ਦੀ ਬੇਪਰਵਾਹ ਉੱਨਤੀ ਦਾ ਯੁੱਗ ਹੈ। ਇਸ ਦੇ ਫਲਸਰੂਪ ਅਜੋਕੀ ਦੁਨੀਆਂ ਉਦਯੋਗੀਕਰਨ, ਮਸ਼ੀਨੀਕਰਨ ਅਤੇ ਇਸ ਤੋਂ ਉਤਪੰਨ ਵਿਆਪਕ ਤਬਦੀਲੀਆਂ ਵਿੱਚੋਂ ਗੁਜ਼ਰ ਰਹੀ ਹੈ। ਪੰਜਾਬ ਦਾ ਭਾਵੇਂ ਸਹੀ ਅਰਥਾਂ ਵਿਚ ਪੂਰਾ ਉਦਯੋਗੀਕਰਨ ਤਾਂ ਨਹੀਂ ਹੋਇਆ ਪਰ ਇੱਥੋਂ ਦਾ ਮਸ਼ੀਨੀਕਰਨ ਵੱਡੇ ਪੈਮਾਨੇ ਤੇ ਹੋਇਆ ਹੈ। ਫਲਸਰੂਪ ਸਮੁੱਚੀ ਉਤਪਾਦਨ ਵਿਧੀ ਦਾ ਖਾਸਾ ਉਤਪਾਦਨ ਰਿਸ਼ਤਿਆਂ ਦੇ ਚਰਿੱਤਰ ਅਤੇ ਸਮੁੱਚੇ ਜੀਵਨ ਢੰਗ ਵਿੱਚ ਬੁਨਿਆਦੀ ਤਬਦੀਲੀ ਵਾਪਰੀ ਹੈ, ਇਸ ਤਬਦੀਲੀ ਨੇ ਜ਼ਿੰਦਗੀ ਦੇ ਹਰੇਕ ਖੇਤਰ ਨੂੰ ਨਵਾਂ ਮੁਹਾਂਦਰਾ ਪ੍ਰਦਾਨ ਕੀਤਾ ਹੈ। ਮਸ਼ੀਨੀਕਰਨ ਨੇ ਸਾਡੇ ਜੀਵਨ ਦੀ ਰਫ਼ਤਾਰ, ਸਾਡੇ ਕੰਮ ਦੀ

> ਚਾਲ ਸੋਚ ਦਾ ਢੰਗ, ਇੱਥੋਂ ਤਕ ਕਿ ਸ਼ਖ਼ਸੀਅਤ ਦੇ ਅੰਦਰਲੇ ਆਪੇ ਨੂੰ ਵੀ ਬਦਲਿਆ ਹੈ।(191-192)

ਵਿਸ਼ਵੀਕਰਨ ਦੇ ਪ੍ਰਭਾਵ ਬਾਰੇ ਪੁਸਤਕ ਵਿਸ਼ਵੀਕਰਨ ਅਤੇ ਪੰਜਾਬੀ ਸਾਹਿਤ ਸਭਿਆਚਾਰ ਜੋ ਕਿ 'ਅਮਰਜੀਤ ਸਿੰਘ ਕਾਂਗ' ਦੁਆਰਾ ਸੰਪਾਦਿਤ ਹੈ, ਉਹਨਾਂ ਦਾ ਵਿਚਾਰ ਹੈ :

> ਸਮੁੱਚਾ ਵਿਸ਼ਵ ਇਕ ਪਿੰਡ ਤਾਂ ਬਣ ਰਿਹਾ ਹੈ ਪਰ ਇਸ ਪਿੰਡ ਵਿਚ ਪੂੰਜੀ ਹੀਣ ਜਾਂ ਛੋਟੇ ਮੁਲਕਾਂ ਦਾ ਪਿੰਡਾ ਛਿੱਲਿਆ ਜਾਣਾ ਹੈ।ਅਜਿਹੇ ਦੌਰ ਵਿਚ ਮੂਲ ਚਿੰਤਾ ਸਾਹਿਤ ਅਤੇ ਸੱਭਿਆਚਾਰ ਦੇ ਖੰਡਿਤ ਹੋਣ ਦੀ ਹੈ,ਆਪਣੀ ਹੋਂਦ ਆਪਣੀ ਪਛਾਣ ਨੂੰ ਬਚਾਉਣ ਦੀ ਹੈ। (9)

ਅਜੋਕੇ ਪੂੰਜੀਵਾਦੀ ਦੌਰ ਵਿਚ ਹਰ ਵਸਤੂ ਵਰਤਾਰੇ ਦਾ ਵਪਾਰੀਕਰਨ ਹੋ ਰਿਹਾ ਹੈ, ਜੋ ਕਿ ਮਨੁੱਖੀ ਜ਼ਿੰਦਗੀ ਲਈ ਜਿਉਣ ਦੇ ਪਹਿਲੂਆਂ ਤੇ ਵੀ ਭਾਰੂ ਪਿਆ ਹੈ। ਦੂਰ ਸੰਚਾਰ ਦੇ ਅਨੇਕਾਂ ਸਾਧਨਾਂ ਅਤੇ ਵਿਗਿਆਨਿਕ ਤਰੱਕੀ ਨੇ ਮਨੁੱਖੀ ਜੀਵਨ ਜਾਂਚ ਨੂੰ ਪ੍ਰਭਾਵਿਤ ਕੀਤਾ ਹੈ। ਬੇਸ਼ੱਕ ਇਹਨਾਂ ਤਕਨੀਕੀ ਸਾਧਨਾਂ ਦਾ ਮਨੁੱਖ ਨੂੰ ਲਾਭ ਵੀ ਪ੍ਰਾਪਤ ਹੋਇਆ ਹੈ। ਦੇਸ਼ਾ ਪ੍ਰਦੇਸ਼ਾਂ ਵਿਚ ਬੈਠੇ ਵਿਅਕਤੀ ਨਾਲ ਸ਼ਕਲ ਸੂਰਤ ਸਮੇਤ ਗੱਲਬਾਤ ਹੋ ਜਾਂਦੀ ਹੈ। ਪਰ ਇਹਨਾਂ ਤਕਨੀਕੀ ਸਾਧਨਾਂ ਨਾਲ ਸਭਿਆਚਾਰਕ ਪਰਿਵਰਤਨ ਵੀ ਵੱਡੇ ਪੱਧਰ ਤੇ ਹੋਏ ਹਨ। ਹਰ ਦੇਸ਼ ਇਲਾਕੇ ਦਾ ਸਭਿਆਚਾਰ ਇਸ ਦੀ ਲਪੇਟ ਵਿਚ ਆਇਆ ਹੈ। ਜਿਸ ਕਾਰਨ ਪੰਜਾਬੀ ਸਭਿਆਚਾਰ ਵਿਚ ਵਿਸ਼ਵੀਕਰਨ ਦੇ ਦੌਰ ਵਿਚ ਢੇਰ ਸਾਰੀਆਂ ਤਬਦੀਲੀਆਂ ਆਈਆਂ ਹਨ, ਜਿਸ ਨਾਲ ਇੱਥੋ ਦੀਆਂ ਕਦਰਾਂ ਕੀਮਤਾਂ, ਭਾਈਚਾਰਕ ਸਾਝਾਂ, ਰਹਿਣ ਸਹਿਣ ਅਤੇ ਖਾਣ-ਪੀਣ ਵਿਚ ਬਹੁਤ ਬਦਲਾਵ ਹੋਏ ਹਨ। ਜਿੱਥੇ ਇਹ ਬਦਲਾਵ ਫਾਇਦੇਮੰਦ ਮੰਨੇ ਜਾ ਰਹੇ ਹਨ, ਉੱਥੇ ਇਹ ਪੰਜਾਬੀ ਸਭਿਆਚਾਰ ਦੀ ਤਸਵੀਰ ਬਦਲਣ ਵਿਚ ਵਧੇਰੇ ਸਾਬਤ ਹੋਏ ਹਨ।

ਨਵੇਂ ਸੰਦਾਂ, ਨਵੇਂ ਢੰਗਾਂ, ਨਵੀਂ ਸੋਚ, ਮਸ਼ੀਨਰੀ ਨੇ ਹਜ਼ਾਰਾਂ ਸਾਲਾਂ ਤੋਂ ਚੱਲੀ ਆ ਰਹੀ ਪ੍ਰੰਪਰਾਗਤ ਪੇਸ਼ੇਵਾਰ ਵਿਵਸਥਾ ਨੂੰ ਮੁੱਢੋਂ ਹੀ ਬਦਲ ਕੇ ਰੱਖ ਦਿੱਤਾ ਹੈ। ਕਈ ਧੰਦੇ ਜੋ ਪੇਂਡੂ ਪੰਜਾਬੀ ਆਰਥਿਕ ਸੱਭਿਆਚਾਰਕ ਬਣਤਰ ਦਾ ਪ੍ਰਮੁੱਖ ਅੰਗ ਸਨ, ਉਹ ਨਵੇਂ ਸੰਦਾਂ ਅਤੇ ਨਵੀਂ ਮਸ਼ੀਨਰੀ ਦੇ ਫਲਸਰੂਪ ਅਲੋਪ ਹੋ ਗਏ ਹਨ। ਪਿੰਡਾਂ

ਅਤੇ ਕਸਬਿਆਂ ਵਿੱਚ ਪੁਰਾਣੇ ਲੋਕ ਧੰਦਿਆਂ ਨਾਲ ਜੁੜੇ ਕਿੱਤਾਕਾਰ ਲੁਹਾਰ, ਤਰਖਾਣ, ਮੋਚੀ, ਨਾਈ ਆਦਿ ਸਭ ਹੀ ਇਸ ਰੁਪਾਂਤਰਨ ਦੇ ਵਿੱਚ ਸ਼ਾਮਲ ਹੋ ਗਏ ਹਨ। ਵੱਖ-ਵੱਖ ਧੰਦਿਆਂ ਨਾਲ ਜੁੜੇ ਕਿੱਤਾਕਾਰ ਆਪਣੀ ਪਰੰਪਰਾਗਤ ਲੋਕ ਧੰਦਿਆਂ ਨੂੰ ਛੱਡ ਕੇ ਕੰਮਕਾਜ ਦੀ ਭਾਲ ਵਿੱਚ ਦੂਰ ਦੁਰਾਡੇ ਪਰਵਾਸ ਕਰ ਰਹੇ ਹਨ। ਇਸ ਤੋਂ ਇਲਾਵਾ ਮਸ਼ੀਨੀਕਰਨ ਨੇ ਪ੍ਰੰਪਰਾਗਤ ਖੇਤੀਬਾੜੀ ਦੇ ਸੰਦ ਢੰਗ ਅਤੇ ਸੰਬੰਧ ਨੂੰ ਮੂਲੋਂ ਹੀ ਬਦਲ ਕੇ ਰੱਖ ਦਿੱਤਾ ਹੈ। ਪਰੰਪਾਗਤ ਜੀਵਨ ਦੇ ਬਾਰੇ ਡਾ. ਜਸਵਿੰਦਰ ਸਿੰਘ ਦਾ 'ਪੰਜਾਬੀ ਸੱਭਿਆਚਾਰ :ਪਛਾਣ ਚਿੰਨ੍ਹ' ਪੁਸਤਕ ਵਿਚੋ ਵਿਚਾਰ ਹੈ :

> ਪਰੰਪਰਾਗਤ ਜੀਵਨ-ਜਾਂਚ ਦਾ ਸਮੁੱਚਾ ਚਿਹਰਾ ਵਿਹਾਰ ਬਦਲ ਗਿਆ ਹੈ। ਨਤੀਜੇ ਵਜੋਂ ਇਸ ਆਰਥਿਕ ਵਿਵਸਥਾ ਤੇ ਉਸਰਿਆ ਸੱਭਿਆਚਾਰਕ ਤਾਣਾ ਪੇਟਾ ਅਲੋਪ ਹੋ ਰਿਹਾ ਹੈ। ਵਿਆਪਕ ਪੱਧਰ ਤੇ ਪੰਜਾਬੀ ਸੱਭਿਆਚਾਰ ਦੇ ਪੁਰਾਣੇ ਸੰਦ ਬਦਲ ਗਏ ਹਨ ਜਿਵੇਂ ਬਲਦਾਂ ਦੀ ਥਾਂ ਟਰੈਕਟਰ, ਹਲ਼ ਦੀ ਥਾਂ ਅਧਿਕਤਰ ਟਿੱਲਰ ਡਿਸਕਾਂ, ਗੱਡੇ ਦੀ ਥਾਂ ਟਰਾਲੀ, ਖੂਹ ਟਿੰਡਾਂ ਤੇ ਹੋਰ ਖੂਹ ਭਾਗਾਂ ਦੀ ਥਾਂ ਮੋਟਰ ਪੰਪ, ਇੰਜਣ ਪੰਪ, ਨਹਿਰਾਂ,ਫਲ੍ਹੇ ਦੀ ਥਾਂ ਥ੍ਰੈਸ਼ਰ ਕੰਬਾਈਨ, ਕੰਬਾਈਨ, ਕੀਟਨਾਸ਼ਕ ਦਵਾਈਆਂ ਤੇ ਨਦੀਨਨਾਸ਼ਕ ਦਵਾਈਆਂ, ਕੱਚੇ ਮਕਾਨਾਂ ਦੀ ਥਾਂ ਅਧਿਕਤਰ ਪੱਕੇ ਮਕਾਨ, ਦੀਵਿਆਂ ਦੀ ਥਾਂ ਬਿਜਲੀ ਦੇ ਬੱਲਬ, ਟਿਊਬਲ ਖੂਹਾਂ ਦੀ ਥਾਂ ਨਲਕੇ, ਟੂਟੀਆਂ, ਮੋਟਰਾਂ, ਮਧਾਣੀਆਂ ਦੀ ਥਾਂ ਦੁੱਧ ਰਿੜਕਣ ਦੀਆਂ ਮਸ਼ੀਨਾਂ, ਧੁਲਾਈ ਮਸ਼ੀਨਾਂ ਆ ਗਈਆਂ ਹਨ। (192)

ਸਾਦਾ ਅਤੇ ਖੁੱਲ੍ਹਾ-ਡੁੱਲ੍ਹਾ ਖਾਣਾ ਪੰਜਾਬੀਆਂ ਦਾ ਖਾਸਾ ਰਿਹਾ ਹੈ। ਅਜੋਕੇ ਦੌਰ ਵਿਚ ਦੁੱਧ, ਦਹੀਂ, ਲੱਸੀ, ਮੱਖਣ ਆਦਿ ਵਰਗੀ ਨਰੋਈ ਖੁਰਾਕ ਪ੍ਰਤੀ ਅਜੋਕਾ ਪੰਜਾਬੀ ਤੱਵਜੋਂ ਨਹੀਂ ਦਿੰਦਾ, ਕਿਉਂਕਿ ਭਾਂਤ-ਭਾਂਤ ਦੀਆਂ ਕੰਪਨੀਆਂ ਬਰਗਰ ਪੀਜ਼ੇ ਆਦਿ ਘਰਾਂ ਤੱਕ ਮੁਹੱਈਆ ਕਰਵਾ ਰਹੀਆਂ ਹਨ। ਪਰਿਵਰਤਨ ਕੁਦਰਤ ਦਾ ਨਿਜ਼ਾਮ ਹੈ। ਹਰ ਸ਼ੈਅ ਵਿਚ ਤਬਦੀਲੀ ਸੰਭਵ ਹੈ। ਏਸੇ ਤਰ੍ਹਾਂ ਪੰਜਾਬੀਆਂ ਦੇ ਰਹਿਣ-ਸਹਿਣ ਵਿਚ ਅਨੇਕਾਂ ਪ੍ਰਕਾਰ ਦੀਆਂ ਤਬਦੀਲੀਆਂ ਆਈਆਂ ਹਨ। ਪਿੰਡਾਂ ਦੇ ਸਾਫ-ਸੁੱਥਰੇ, ਸਵਰਗਾਂ ਵਰਗੇ ਘਰ, ਜਿੱਥੇ ਬਚਪਨ ਹੰਢਾਇਆ, ਜਵਾਨੀ ਮਾਣੀ, ਦਿਲੀ ਸੱਧਰਾਂ ਪਾਲ਼ੀਆਂ ਆਦਿ ਸਭ ਨੂੰ ਛੱਡਕੇ ਸ਼ਹਿਰਾਂ ਵੱਲ ਦੀ ਦੌੜ

ਨੇ ਪੰਜਾਬੀ ਰਹਿਣੀ-ਬਹਿਣੀ ਨੂੰ ਵੀ ਪ੍ਰਭਾਵਿਤ ਕੀਤਾ ਹੈ।ਇਸ ਬਾਰੇ ਪੁਸਤਕ 'ਪੰਜਾਬੀ ਸੱਭਿਆਚਾਰ: ਪਛਾਣ ਚਿੰਨ੍ਹ' ਦੇ ਆਧਾਰ ਤੇ ਡਾ. ਜਸਵਿੰਦਰ ਸਿੰਘ ਅਨੁਸਾਰ:

> ਨਵੇਂ ਆਰਥਿਕ ਰਾਜਸੀ ਅਤੇ ਸੱਭਿਆਚਾਰਕ ਕੇਂਦਰ ਹੁਣ ਸ਼ਹਿਰ ਅਤੇ ਰਾਜਧਾਨੀਆਂ ਬਣਨ ਕਾਰਨ ਉਤਪਾਦਨ ਪ੍ਰਣਾਲੀ ਦੇ ਮਸ਼ੀਨੀਕਰਨ ਅਤੇ ਉਦਯੋਗੀਕਰਨ ਕਾਰਨ ਵੱਡੇ ਪੈਮਾਨੇ ਦੀ ਸ਼ਹਿਰੀ ਵਣਜ ਪ੍ਰਣਾਲੀ ਕਾਰਨ ਅਤੇ ਵਿਆਪਕ ਨੌਕਰਸ਼ਾਹੀ ਤਾਣੇ ਪੇਟੇ ਦੇ ਫਲਸਰੂਪ ਪਿੰਡਾਂ ਤੋਂ ਲਗਾਤਾਰ ਸ਼ਹਿਰਾਂ ਵੱਲ ਪਰਵਾਸ ਵੱਡੇ ਪੈਮਾਨੇ ਤੇ ਜਾਰੀ ਹੈ। ਪੜ੍ਹੇ, ਅੱਧ ਪੜ੍ਹੇ, ਪੇਂਡੂ ਸ਼ਹਿਰਾਂ ਵੱਲ ਵਹੀਰਾਂ ਘੱਤ ਰਹੇ ਹਨ। ਖਾਸ ਤੌਰ ਤੇ ਨੌਕਰੀਆਂ ਵੱਲ ਵੱਡੇ ਪੈਮਾਨੇ ਤੇ ਰੁਚਿਤ ਪੇਂਡੂ ਤਬਕਾ ਸ਼ਹਿਰਾਂ ਵੱਲ ਭੱਜ ਰਿਹਾ ਹੈ। ਪੰਜਾਬ ਦੀ ਕੁੱਲ ਆਬਾਦੀ ਦਾ ਸ਼ਹਿਰੀ ਹਿੱਸਾ 1911 ਵਿੱਚ 10.1 ਪ੍ਰਤੀਸ਼ਤ, 1921 ਵਿਚ 10.7 ਪ੍ਰਤੀਸ਼ਤ, 1931 ਵਿਚ 13 ਪ੍ਰਤੀਸ਼ਤ, 1941 ਵਿੱਚ 15.2 ਪ੍ਰਤੀਸ਼ਤ ਸੀ। 2001 ਦੀ ਮਰਦਮ ਸ਼ੁਮਾਰੀ ਮੁਤਾਬਕ ਭਾਰਤ ਦੀ ਸ਼ਹਿਰੀ ਆਬਾਦੀ 31.16 ਪ੍ਰਤੀਸ਼ਤ ਹੈ ਜਦ ਕਿ ਇਹ 2011 ਵਿੱਚ 27.81 ਪ੍ਰਤੀਸ਼ਤ ਸੀ। ਭਾਰਤ ਦੀ ਪੇਂਡੂ ਵਸੋਂ 2001 ਵਿਚ 72.19 ਪ੍ਰਤੀਸ਼ਤ ਸੀ ਜੋ 2011 ਵਿੱਚ ਘਟ ਕੇ 68.84 ਪ੍ਰਤੀਸ਼ਤ ਹੋ ਗਈ। (195)

ਪੰਜਾਬ ਦੀ ਧਰਤੀ ਮੇਲਿਆਂ ਅਤੇ ਤਿਉਹਾਰਾਂ ਦੀ ਧਰਤੀ ਹੈ। ਮੇਲੇ ਕਿਸੇ ਜਾਤੀ ਦੇ ਲੋਕਾਂ ਦੀਆਂ ਨਿੱਜੀ ਅਤੇ ਸਮੂਹਿਕ ਭਾਵਨਾਵਾ, ਸੱਧਰਾਂ ਅਤੇ ਚਾਵਾਂ ਦੀ ਇਕਸੁਰਤਾ ਹੈ। ਮੇਲਿਆਂ ਵਿਚ ਜਾਤੀ ਖੁੱਲ੍ਹ ਕੇ ਸਾਹ ਲੈਂਦੀ ਹੈ, ਲੋਕ ਪ੍ਰਤਿਭਾ ਨਿਖਰਦੀ ਤੇ ਚਰਿੱਤਰ ਦਾ ਨਿਰਮਾਣ ਹੁੰਦਾ ਹੈ। ਮਨ-ਪ੍ਰਚਾਵੇ ਤੇ ਮੇਲ-ਜੋਲ ਦੇ ਸਮੂਹਿਕ ਵਸੀਲੇ ਹੋਣ ਦੇ ਨਾਲ, ਮੇਲੇ ਧਾਰਮਿਕ ਤੇ ਕਲਾਤਿਮਕ ਭਾਵਾਂ ਦੀ ਤ੍ਰਿਪਤੀ ਵੀ ਕਰਦੇ ਹਨ। ਇਹਨਾਂ ਵਿਚ ਜਾਤੀ ਦਾ ਸਮੁੱਚਾ ਮਨ ਤਾਲ਼-ਬੱਧ ਹੋ ਕੇ ਨੱਚਦਾ ਤੇ ਇਕਸੁਰ ਹੋ ਕੇ ਗੂੰਜਦਾ ਹੈ।

ਵਿਸ਼ਵੀਕਰਨ ਦੇ ਅਜੋਕੇ ਦੌਰ ਵਿਚ ਪੰਜਾਬੀ ਲੋਕਧਾਰਾ ਦੀ ਰੰਗਲੀ ਤਸਵੀਰ ਪੇਸ਼ ਕਰਦੇ ਪੰਜਾਬ ਦੇ ਤਿੱਥ ਤਿਉਹਾਰਾਂ ਦੀ ਨੁਹਾਰ ਵੀ ਬਦਲੀ ਹੈ। ਪਹਿਲੇ ਤਿੱਥ ਤਿਉਹਾਰਾਂ ਵਰਗੀ ਨੁਹਾਰ ਹੁਣ ਨਹੀਂ ਰਹੀ। ਹਰ ਤਿਉਹਾਰ ਆਪਣਾ ਰੰਗ ਵਟਾ ਰਿਹਾ ਹੈ। ਆਮ ਵੇਖਣ ਵਿਚ ਆ ਰਿਹਾ ਹੈ ਕਿ ਪੰਜਾਬ ਦੇ ਸਾਰੇ

ਤਿਉਹਾਰਾਂ ਤੇ ਪੱਛਮੀ ਸਭਿਅਤਾ ਦਾ ਰੰਗ ਚੜ੍ਹ ਰਿਹਾ ਹੈ। ਜਿੱਥੇ ਪਹਿਲਾਂ ਪੰਜਾਬ ਦੇ ਮੇਲਿਆਂ ਤਿਉਹਾਰਾਂ ਵਿਚ ਪੰਜਾਬੀ ਲੋਕਧਾਰਾ ਨਜ਼ਰ ਆਉਦੀਂ ਸੀ ਹੁਣ ਇਹ ਵਿਚ ਰਾਜਨੀਤਿਕ ਪਾਰਟੀਆਂ ਲਈ ਵੋਟ ਬੈਂਕ ਦਾ ਪਸਾਰ ਕਰ ਰਹੇ ਹਨ। ਹਰ ਤਿੱਥ ਤਿਉਹਾਰ ਤੇ ਰਾਜਨੀਤਿਕ ਸਟੇਜਾਂ ਲਗਦੀਆਂ ਹਨ। ਇਹਨਾਂ ਥਾਂਵਾਂ ਤੇ ਲਗਦੇ ਬਜ਼ਾਰ ਵੀ ਹੁਣ ਆਪਣਾ ਰੰਗ ਵਟਾ ਰਹੇ ਹਨ। ਵਿਸਵ ਮੰਡੀ ਵਿਚ ਤਿਆਰ ਕੀਤਾ ਜਾ ਰਿਹਾ ਬੇਲੋੜਾ ਸਮਾਨ ਦਿਲ ਲਭਾਉਣੀਆਂ ਸਕੀਮਾਂ ਨਾਲ ਹਰ ਕਿਸੇ ਤੇ ਥੋਪਿਆ ਜਾ ਰਿਹਾ ਹੈ। ਇਕ ਕੱਲਚਰ ਦੂਜੇ ਕੱਲਚਰ ਵਿਚ ਰਲਗੱਡ ਹੋ ਰਿਹਾ ਹੈ। ਹੁਣ ਬਹੁਤ ਸਾਰੇ ਪੱਛਮੀ ਤਿਉਹਾਰ ਪੰਜਾਬ ਵਿਚ ਵੀ ਮਨਾਏ ਜਾ ਰਹੇ ਹਨ। ਵਿਸ਼ਵੀਕਰਨ ਦੇ ਦੌਰ ਵਿਚ ਪੰਜਾਬ ਦੇ ਤਿੱਥ ਤਿਉਹਾਰਾਂ ਵਿਚ ਵੀ ਰੁਪਾਂਰਤਨ ਹੋਇਆ ਹੈ, ਇਸ ਦਾ ਅਧਿਐਨ ਕਰਨਾ ਵੀ ਹੱਥਲੇ ਖੋਜਕਾਰਜ ਅਧੀਨ ਹੈ।

ਵਿਸ਼ਵੀਕਰਨ ਦਾ ਸਮਾਂ ਉਦਯੋਗਿਕ ਤਰੱਕੀ ਦਾ ਸਮਾਂ ਹੈ ਜਿਸ ਨੇ ਹਰ ਨਿੱਕੇ ਵੱਡੇ ਕੰਮ ਨੂੰ ਵਿਸ਼ਵ ਪੱਧਰ ਤੇ ਪਹੁੰਚਾ ਦਿੱਤਾ ਹੈ। ਨਵੇਂ ਤਕਨੀਕੀ ਸਾਧਨਾਂ ਦੇ ਆਉਣ ਕਰਕੇ ਬਹੁਤ ਸਾਰੇ ਕਿੱਤੇ ਅਲੋਪ ਹੋ ਰਹੇ ਹਨ ਜਾਂ ਇਹਨਾਂ ਦੇ ਰੂਪ ਬਦਲ ਰਹੇ ਹਨ। ਪਿਤਾ ਪੁਰਖੀ ਕਿੱਤਿਆ ਨਾਲ ਜੁੜੇ ਵਿਅਕਤੀ ਹੋਰ-ਹੋਰ ਕਿੱਤਿਆ ਨੂੰ ਅਪਣਾ ਰਹੇ ਹਨ। ਹਰ ਕੰਮ ਦਾ ਮਸ਼ੀਨੀਕਰਨ ਹੋ ਗਿਆ ਹੈ, ਜਿਸ ਨਾਲ ਹੱਥੀਂ ਕਿਰਤ ਕਰਨ ਵਾਲੇ ਕਿਰਤੀ ਵਿਹਲੇ ਹੋ ਰਹੇ ਹਨ ਜਾਂ ਫਿਰ ਮਸ਼ੀਨਾਂ ਨਾਲ ਮਸ਼ੀਨਾਂ ਬਣ ਗਏ ਹਨ। ਬਹੁਤ ਸਾਰੇ ਕਾਰੀਗਰ ਹੋਰ-ਹੋਰ ਥਾਂਵਾਂ ਵੱਲ ਨੂੰ ਪ੍ਰਵਾਸ ਕਰ ਚੁੱਕੇ ਹਨ। ਪੁਰਾਣੇ ਸਮੇਂ ਦੀ ਪ੍ਰਾਚੀਨ ਸਮੂਹਿਕ ਜੀਵਨ-ਜਾਂਚ ਸਿਰਫ਼ ਨਾਂ ਦੀ ਹੀ ਬਚੀ ਹੈ, ਬਾਕੀ ਸਭ ਕੁਝ ਬਦਲ ਚੁੱਕਾ ਹੈ। ਹਰਾ ਇਨਕਲਾਬ ਪੰਜਾਬ ਵਿਚ ਭਾਰਤ ਦੇ ਬਾਕੀ ਰਾਜਾਂ ਨਾਲੋਂ ਜ਼ਿਆਦਾ ਕਾਮਯਾਬ ਹੋਇਆ ਹੈ।ਇਸੇ ਕਰਕੇ ਹੀ ਬਾਕੀ ਰਾਜਾਂ ਦੇ ਮੁਕਾਬਲੇ ਸਭ ਤੋਂ ਵੱਧ ਸਭਿਆਚਾਰਕ ਰੁਪਾਂਤਰਨ ਵੀ ਇੱਥੇ ਹੀ ਹੋਇਆ ਹੈ। ਇਸ ਬਾਰੇ ਡਾ. ਜਸਵਿੰਦਰ ਸਿੰਘ ਅਨੁਸਾਰ ਆਪਣੀ ਪੁਸਤਕ 'ਪੰਜਾਬੀ ਸੱਭਿਆਚਾਰ : ਪਛਾਣ ਚਿੰਨ੍ਹ' ਵਿਚ ਵਿਚਾਰ ਪੇਸ਼ ਕਰਦੇ ਹਨ :

> ਪੇਂਡੂ ਜੀਵਨ ਵਿਚਲੇ ਸਾਰੇ ਪਰੰਪਰਾਗਤ ਲੋਕ ਧੰਦੇ ਜਿਵੇਂ ਮੋਚੀ, ਨਾਈ, ਲੁਹਾਰ, ਬਾਜੀਗਰ, ਜੁਲਾਹਾ, ਝਿਊਰ ਲਗਪਗ ਆਪਣੀ ਵਿਵਸਾਇਕ ਹੋਂਦ ਗੁਆ ਚੁੱਕੇ ਹਨ ਅਤੇ ਨਵੀਂ ਉਤਪਾਦਨ

> ਪ੍ਰਣਾਲੀ ਵਿੱਚ ਜਜ਼ਬ ਹੋਣ ਦੀ ਤ੍ਰਾਸਦਿਕ ਹੋਣੀ ਭੋਗ ਰਹੇ ਹਨ। ਇਵੇਂ ਹੀ ਚਰਖਾ ਅਤੇ ਚਰਖੇ ਨਾਲ ਸਬੰਧਿਤ ਸਾਰਾ ਸੱਭਿਆਚਾਰ ਅਲੋਪ ਹੋ ਰਿਹਾ ਹੈ। ਇਸ ਦੀ ਥਾਂ ਵੱਡੀਆਂ ਕੱਪੜਾ ਮਿੱਲਾਂ ਅਤੇ ਉਨ੍ਹਾਂ ਦੇ ਬਣਾਏ ਫੈਸ਼ਨਦਾਰ ਬਰੈਂਡਿਡ ਕੱਪੜਿਆਂ ਵਸਤਰਾਂ ਨੇ ਲੈ ਲਈ ਹੈ। ਪੇਂਡੂ ਸੱਭਿਆਚਾਰ ਬਣਤਰ ਦਾ ਸਮੁੱਚਾ ਪ੍ਰੰਪਰਾਗਤ ਤਵਾਜ਼ਨ ਇਤਨਾ ਖਿੰਡ ਚੁੱਕਾ ਹੈ, ਕਿ ਇਸ ਨੂੰ ਪ੍ਰਾਚੀਨ ਭਾਰਤੀ ਤਰਜ਼ ਦਾ ਪੇਂਡੂ ਸੱਭਿਆਚਾਰ ਕਹਿਣਾ ਔਖਾ ਹੁੰਦਾ ਹੈ। ਪਿੰਡਾਂ ਵਿੱਚ ਵਸਦੀ ਅੱਸੀ ਪ੍ਰਤੀਸ਼ਤ ਦਰਮਿਆਨੀ ਕਿਸਾਨੀ ਖੇਤੀਬਾੜੀ ਅਰਥਚਾਰੇ ਦੀਆਂ ਭੈੜੀਆਂ ਪੂੰਜੀਵਾਦੀ ਲੀਹਾਂ ਤੇ ਵਿਕਸਤ ਹੋ ਰਹੇ ਮਾਡਲ ਦੇ ਭਿਆਨਕ ਤੂਫਾਨ ਦੀ ਮਾਰ ਅਤੇ ਮੰਝਧਾਰ ਵਿੱਚ ਹੈ। (196)

ਪੰਜਾਬ ਦੇ ਲੋਕ ਧੰਦਿਆਂ ਨੂੰ ਵੀ ਵਿਸ਼ਵੀਕਰਨ ਨੇ ਪ੍ਰਭਾਵਿਤ ਕੀਤਾ ਹੈ, ਕਿੰਨਾ ਚੰਗਾ ਅਤੇ ਕਿੰਨਾ ਮਾੜਾ ਪ੍ਰਭਾਵਿਤ ਕੀਤਾ ਇਸ ਦਾ ਅਧਿਐਨ ਵੀ ਕੀਤਾ ਜਾਵੇਗਾ ।

ਮਨੁੱਖੀ ਜੀਵਨ ਦੀਆਂ ਤਿੰਨ ਅਹਿਮ ਝਾਕੀਆਂ ਹਨ, ਜਨਮ, ਵਿਆਹ ਅਤੇ ਮਰਨ। ਇਹਨਾਂ ਤਿੰਨਾਂ ਝਾਕੀਆਂ ਵਿਚੋਂ ਮਨੁੱਖ ਦੀਆਂ ਸੱਧਰਾਂ ਉਤਪੰਨ ਹੁੰਦੀਆਂ ਹਨ। ਅੱਜ ਦੇ ਅਤਿ ਆਧੁਨਿਕ ਅਤੇ ਗਲੋਬਲ ਯੁੱਗ ਵਿੱਚ ਪੂਰੀ ਦੁਨੀਆਂ ਦਾ ਹਰ ਦੇਸ਼ ਦੂਸਰੇ ਦੇਸ਼ਾਂ ਦੇ ਸੰਪਰਕ ਵਿੱਚ ਹੈ। ਗਿਆਨ, ਵਿਗਿਆਨ ਅਤੇ ਤਕਨਾਲੋਜੀ ਦੀ ਆਦਾਨ ਪ੍ਰਦਾਨ ਕਰਕੇ ਪੂਰੇ ਵਿਸ਼ਵ ਦੇ ਲੋਕਾਂ ਵਿਚ ਇਕ ਸਾਂਝ ਜਿਹੀ ਸਥਾਪਿਤ ਹੋ ਗਈ ਜਾਪਦੀ ਹੈ। ਜਿਸ ਦੇ ਨਤੀਜੇ ਵਜੋਂ ਲੋਕ ਮਾਨਸਿਕਤਾ ਵਿੱਚ ਹੀ ਮਹੱਤਵਪੂਰਨ ਤਬਦੀਲੀਆਂ ਵਾਪਰ ਰਹੀਆਂ ਹਨ। ਅੱਜ ਦਾ ਮਨੁੱਖ ਆਪਣੇ ਆਪ ਨੂੰ ਪ੍ਰਾਕ੍ਰਿਤਕ ਸ਼ਕਤੀਆਂ ਦੇ ਸਾਹਮਣੇ ਨਿਰਬਲ ਅਤੇ ਕਮਜ਼ੋਰ ਮਹਿਸੂਸ ਨਹੀਂ ਕਰਦਾ, ਕਿਉਂਕਿ ਉਸ ਦੇ ਮਨ ਉੱਪਰ ਅੰਧ ਵਿਸ਼ਵਾਸਾਂ ਦੀ ਪਕੜ ਹੁਣ ਕੁਝ ਕਮਜ਼ੋਰ ਹੋ ਗਈ ਜਾਪਦੀ ਹੈ।ਬਹੁਤ ਸਾਰੀਆਂ ਰਸਮਾਂ ਰੀਤਾਂ ਕੁਦਰਤੀ ਸ਼ਕਤੀਆਂ ਦੇ ਡਰ ਕਾਰਨ ਹੀ ਹੋਂਦ ਵਿੱਚ ਆਈਆਂ ਸਨ। ਅੱਜ ਦਾ ਮਨੁੱਖ ਸਿੱਖਿਆ ਪ੍ਰਾਪਤ ਕਰ ਕੇ ਕੁਝ ਹੱਦ ਤਕ ਕੁਦਰਤ ਦੇ ਗੁੱਝੇ ਭੇਦਾਂ ਨੂੰ ਸਮਝਣ ਵਿੱਚ ਕਾਮਯਾਬ ਵੀ ਹੋਇਆ ਹੈ।

ਉਹ ਬਹੁਤ ਸਾਰੀਆਂ ਰਸਮਾਂ ਜਿਹੜੀਆਂ ਅਗਿਆਨਤਾ ਦੇ ਕਾਰਨ ਹੋਂਦ ਵਿੱਚ ਆਈਆਂ ਸਨ ਉਹ ਉਹ ਲਗਪਗ ਖ਼ਤਮ ਹੋ ਰਹੀਆਂ ਹਨ।

ਵਿਸ਼ਵੀਕਰਨ ਅਤੇ ਅਲਟਰਾ ਮਾਡਰਨ ਸੋਚ ਨੇ ਜਿੱਥੇ ਪੂਰੇ ਵਿਸ਼ਵ ਦੇ ਲੋਕਾਂ ਦੇ ਧਾਰਮਿਕ ਚਿੰਤਨ ਨਾਲ ਜੁੜੇ ਕਈ ਅੰਧ ਵਿਸ਼ਵਾਸੀ ਰੀਤਾਂ ਰਸਮਾਂ ਨੂੰ ਨਕਾਰਿਆ ਹੈ, ਉਥੇ ਸਮਾਜ, ਸਮਾਜ ਸੱਭਿਆਚਾਰ ਪੱਖੋਂ ਵੀ ਪੰਜਾਬੀ ਜੀਵਨ ਜਾਂਚ ਦੀ ਮਾਨਸਿਕਤਾ ਵਿੱਚ ਢੇਰ ਸਾਰੀਆਂ ਤਬਦੀਲੀਆਂ ਵਾਪਰੀਆਂ ਹਨ। ਅਤਿ ਵਿਕਸਿਤ ਦੌਰ ਵਿਚ ਵੇਲਾ ਵਿਹਾ ਚੁੱਕੀਆਂ ਕਈ ਰਸਮਾਂ ਆਪਣੀ ਸਾਰਥਿਕਤਾ ਗੁਆ ਗਈਆਂ ਹਨ ਅਤੇ ਕਈ ਅਜਿਹੀਆਂ ਗ਼ੈਰ ਜ਼ਰੂਰੀ ਰਸਮਾਂ ਰੀਤਾਂ ਦੇ ਭਵਿੱਖ ਵਿੱਚ ਵੀ ਅਲੋਪ ਹੋ ਜਾਣ ਦੀ ਉਮੀਦ ਨਜ਼ਰ ਆ ਰਹੀ ਹੈ। ਅਸਲ ਵਿਚ ਰਸਮ ਰਿਵਾਜ਼ ਰਹੁ ਰੀਤਾਂ ਤੇ ਸੰਸਕਾਰ ਭਾਈਚਾਰਕ ਜੀਵਾਂ ਦੇ ਮਨਾ ਦੀਆਂ ਸਿੱਕਾਂ ਸੱਧਰਾਂ ਤੇ ਜ਼ਜਬਿਆਂ ਦੀ ਤਰਜ਼ਮਾਨੀ ਕਰਦੇ ਹਨ। ਭਾਈਚਾਰਕ ਜੀਵਾਂ ਦੇ ਜਨਮ, ਮਰਨ ਤੇ ਵਿਆਹ ਸ਼ਾਦੀ ਦੇ ਮੌਕੇ ਤੇ ਇਹਨਾਂ ਦਾ ਅਸਲੀ ਰੂਪ ਸਾਹਮਣੇ ਆਉਂਦਾ ਹੈ।

ਵਿਸ਼ਵੀਕਰਨ ਦੇ ਦੌਰ ਵਿਚੋਂ ਗੁਜ਼ਰਦਿਆਂ ਸਾਡੇ ਰਸਮ ਰਿਵਾਜ਼ ਵੀ ਪ੍ਰਭਾਵਿਤ ਹੋਏ ਹਨ। ਹਰ ਰਸਮ ਇਕ ਮਾਮੂਲੀ ਸ਼ਗਨ ਬਣ ਗਿਆ ਹੈ। ਦੌੜ ਭਰੀ ਜ਼ਿੰਦਗੀ ਨੇ ਵਿਹਲ ਨੂੰ ਨਿਗਲ ਲਿਆ ਹੈ। ਜਨਮ, ਵਿਆਹ ਅਤੇ ਮੌਤ ਸਮੇਂ ਕੀਤੇ ਜਾਂਦੇ ਰਸਮਾਂ ਰਿਵਾਜ਼ਾਂ ਦਾ ਹੁਣ ਢੰਗ ਤਰੀਕਾ ਬਦਲ ਗਿਆ ਹੈ। ਬਹੁਤ ਸਾਰੀਆਂ ਰਸਮਾਂ ਹੁਣ ਦਿਖਾਵੇ ਦੀ ਭਾਵਨਾ ਹਿੱਤ ਕੀਤੀਆਂ ਜਾਂਦੀਆ ਹਨ, ਜੋ ਕਿ ਬਹੁਤ ਹੀ ਖਰਚੀਲੀਆਂ ਬਣ ਚੁੱਕੀਆਂ ਹਨ। ਜਨ ਸਮੂਹ ਵਿਚੋਂ ਉਤਪੰਨ ਹੋਈਆਂ ਰਸਮਾਂ ਅੱਜ ਇਕਲਾਪੇ ਦਾ ਸ਼ਿਕਾਰ ਹੋ ਰਹੀਆਂ ਹਨ। ਇਹਨਾਂ ਨੂੰ ਪੂਰੀਆਂ ਕਰਨ ਲਈ ਹਰ ਇਨਸਾਨ ਦੱਬਿਆ ਦੱਬਿਆ ਮਹਿਸੂਸ ਕਰ ਰਿਹਾ ਹੈ। ਮੱਧ ਵਰਗ ਲਈ ਇਹਨਾਂ ਨੂੰ ਨਿਭਾਉਣਾ ਮੁਸ਼ਕਿਲ ਹੋ ਗਿਆ ਹੈ, ਦੇਖੋ ਦੇਖੀ ਇਹਨਾਂ ਵੱਲ ਨੂੰ ਰੁੱਖ ਅਪਣਾਉਣ ਕਰਕੇ ਹਰ ਵਿਅਕਤੀ ਕਰਜ਼ੇ ਦੇ ਹੇਠ ਆ ਕੇ ਆਪਣਾ ਮਾਨਸਿਕ ਸੁੱਖ ਗੁਆ ਬੈਠਾ ਹੈ। ਰਸਮਾਂ ਰਿਵਾਜ਼ਾਂ ਵਿਚ ਕਿਹੋ ਜਿਹਾ ਰੂਪਾਂਤਰਨ ਹੋਇਆ ਹੈ, ਹੱਥਲੇ ਖੋਜ ਕਾਰਜ ਦਾ ਅਧਿਐਨ ਦਾ ਵਿਸ਼ਾ ਹੈ।

ਰਿਸ਼ਤੇ-ਨਾਤੇ ਕਿਸੇ ਸਭਿਆਚਾਰ ਦਾ ਇਹੋ ਜਿਹਾ ਤਾਣਾ-ਬਾਣਾ ਹੁੰਦਾ ਹੈ, ਜਿਸ ਨਾਲ ਸਾਰਾ ਸਮਾਜ ਇਕ ਸਿਸਟਮ ਵਿਚ ਬੱਝਾ ਰਹਿੰਦਾ ਹੈ। ਰਿਸ਼ਤੇ ਨਾਤੇ ਹਰ ਸਮਾਜ ਦੀਆਂ ਅਹਿਮ ਕੜੀਆਂ ਹਨ, ਜਿਹੜੀਆਂ ਕਿ ਇਨਸਾਨ ਨੂੰ ਇਨਸਾਨ ਨਾਲ ਜੋੜ ਕੇ ਰੱਖਦੀਆਂ ਹਨ। ਕੋਈ ਵੀ ਸਮਾਜ ਕੇਵਲ ਵਿਅਕਤੀਆਂ ਦਾ ਸਮੂਹ ਹੀ ਨਹੀਂ ਬਲਕਿ ਰਿਸ਼ਤਿਆਂ ਦਾ ਕੜੀਦਾਰ ਸਿਸਟਮ ਹੈ, ਜਿਹਨਾਂ ਨੂੰ ਸਮਾਜਿਕ ਬੰਧਨ ਕਿਹਾ ਜਾਂਦਾ ਹੈ। ਹਰ ਸਮਾਜ ਵਿਚ ਸਮਾਜਿਕ ਬੰਧਨ ਰਿਸ਼ਤਿਆਂ ਨਾਤਿਆਂ ਦੇ ਅਨਕੂਲ ਹੀ ਬਣਾਏ ਜਾਂਦੇ ਹਨ। ਰਿਸ਼ਤੇ-ਨਾਤਿਆਂ ਬਾਰੇ ਪੁਸਤਕ 'ਪੰਜਾਬ ਦੀ ਲੋਕਧਾਰਾ' ਵਿਚ ਡਾ. ਵਣਜਾਰਾ ਬੇਦੀ ਆਪਣੇ ਵਿਚਾਰ ਪੇਸ਼ ਕਰਦੇ ਹਨ :

> ਰਿਸ਼ਤੇਦਾਰੀ ਦੀ ਭਰਪੂਰ ਫੁਲਕਾਰੀ ਵਿਚ ਹਰ ਤੰਦ ਦਾ ਆਪਣਾ ਰੰਗ ਤੇ ਸਹੁਜ ਹੋਣ ਕਰਕੇ ਉਸ ਦਾ ਖਾਸ ਮਹੱਤਵ ਹੈ। ਹਰੇਕ ਸਾਕ ਸਬੰਧੀ ਦੀਆਂ ਰਿਸ਼ਤੇ ਅਨੁਸਾਰ ਨਿੱਤ ਦੇ ਜੀਵਨ ਪ੍ਰਵਾਹ ਵਿਚ, ਖੁਸ਼ੀ ਤੇ ਸੋਗ ਦੇ ਵੇਲੇ, ਦੂਜੇ ਸਾਕਾਂ ਪ੍ਰਤੀ ਕੁਝ ਕਰਤੱਵ ਅਤੇ ਜਿੰਮੇਵਾਰੀਆਂ ਹਨ, ਜਿਹਨਾਂ ਨੂੰ ਪੂਰੀ ਭਾਵਨਾ ਨਾਲ ਨਿਭਾਉਦਾ ਹੈ ਤੇ ਸਾਰੇ ਸਾਕ ਇੱਕ ਮਾਨਸਿਕ ਸਗੰਠਨ ਵਿਚ ਬੀੜੇ ਰਹਿੰਦੇ ਹਨ। (63)

ਰਿਸ਼ਤੇਦਾਰੀਆਂ ਦਾ ਧੁਰਾ ਟੱਬਰ ਹੈ ਅਤੇ ਇਸ ਤੋਂ ਅਗਾਂਹ ਹੋਰ ਅਨੇਕਾਂ ਹੀ ਸਾਖਾਂ ਨਿਕਲਦੀਆਂ ਹਨ, ਜਿਹਨਾਂ ਨਾਲ ਮਨੁੱਖੀ ਕਦਰਾਂ ਕੀਮਤਾਂ ਤੇ ਜ਼ਿੰਮੇਵਾਰੀਆਂ ਜੁੜੀਆਂ ਹੋਈਆਂ ਹਨ। ਇਹਨਾਂ ਵਿਚੋਂ ਦੋ ਅਹਿਮ ਰਿਸ਼ਤੇਦਾਰੀ ਪ੍ਰਬੰਧ ਨਿਕਲਦੇ ਹਨ, ਦਾਦਕੇ ਅਤੇ ਨਾਨਕੇ। ਵਿਸ਼ਵੀਕਰਨ ਦੇ ਦੌਰ ਵਿਚ ਵਿਅਕਤੀ ਮਸ਼ੀਨਾਂ ਨਾਲ ਮਸ਼ੀਨ ਹੋਇਆ ਆਪਣੇ ਰਿਸ਼ਤਿਆਂ ਨਾਲੋ ਵੀ ਟੁੱਟਿਆ ਹੈ। ਸਭਿਆਚਾਰਾਂ ਦਾ ਰਲਗੱਡ ਹੋਣ ਕਰਕੇ ਰਿਸ਼ਤਿਆਂ ਦੇ ਨਾਮ ਬਦਲੇ ਹਨ। ਵਿਸ਼ਵੀਕਰਨ ਦੇ ਦੌਰ ਵਿਚ ਰਿਸ਼ਤਿਆਂ ਨਾਤਿਆਂ ਵਿਚ ਕਿਹੋ ਰੁਪਾਂਤਰਨ ਹੋਇਆ ਇਹ ਵੀ ਹੱਥਲੇ ਖੋਜ ਕਾਰਜ ਦਾ ਅਧਿਐਨ ਵਿਸ਼ਾ ਹੈ।

## 1.2 ਪੂਰਵ ਖੋਜ ਕਾਰਜ

ਹੱਥਲੇ ਖੋਜ ਕਾਰਜ ਤੋਂ ਪਹਿਲਾ ਦੇ ਖੋਜ ਕਾਰਜ ਵਿਚ ਲੋਕਧਾਰਾ ਦੇ ਨਾਲ ਸਬੰਧਿਤ ਜੋ ਕਾਰਜ ਹੋਇਆ ਹੈ ਉਸ ਬਾਰੇ ਚਰਚਾ ਹੇਠ ਲਿਖੇ ਅਨੁਸਾਰ ਹੈ :-

1 ਕਰਨੈਲ ਸਿੰਘ ਥਿੰਦ, ਲੋਕਯਾਨ ਦਾ ਪੰਜਾਬੀ ਸਾਹਿਤ ਤੇ ਪ੍ਰਭਾਵ 1972 ਪੰਜਾਬ ਯੂਨੀਵਰਸਿਟੀ ਚੰਡੀਗੜ੍ਹ। ਇਸ ਖੋਜ ਕਾਰਜ ਨੂੰ ਨੌਂ ਅਧਿਆਇ ਅਧੀਨ ਪੇਸ਼ ਕੀਤਾ ਗਿਆ ਹੈ। ਪਹਿਲੇ ਵਿਚ ਲੋਕਯਾਨ ਬਾਰੇ ਜਾਣਕਾਰੀ ਦਿੱਤੀ ਗਈ ਹੈ। ਦੂਜੇ ਵਿਚ ਲੋਕਯਾਨ ਅਤੇ ਸਾਹਿਤ ਭਾਵ ਕਿ ਵਸ਼ਿਸਟ ਸਾਹਿਤ ਕਿਵੇਂ ਸਾਹਿਤ ਦਾ ਰੂਪ ਧਾਰਨ ਕਰਦਾ ਹੈ। ਤੀਜੇ ਵਿਚ ਲੋਕ ਕਹਾਣੀ , ਪ੍ਰੋਣ ਕਥਾਵਾਂ, ਵਾਰਾਂ, ਕਿੱਸਿਆਂ ਆਦਿ ਦਾ ਜ਼ਿਕਰ ਕੀਤਾ ਹੈ। ਚੌਥੇ ਵਿਚ ਲੋਕ ਕਹਾਣੀ ਅਤੇ ਹੋਰ ਕਥਾਵਾਂ ਜਿਵੇਂ ਪਸ਼ੂ ਕਹਾਣੀਆ, ਨੀਤੀ ਕਥਾਵਾਂ, ਪ੍ਰੀਤ ਕਹਾਣੀਆਂ ਬਾਰੇ ਚਰਚਾ ਕੀਤੀ ਹੈ। ਪੰਜਵੇਂ ਵਿਚ ਲੋਕ ਗੀਤ, ਰੁਹ ਰੀਤਾਂ ਦੇ ਗੀਤ, ਪਿਆਰ ਦੇ ਗੀਤ, ਸੂਰਮਗਤੀ ਦੇ ਗੀਤ ਬਾਰੇ ਚਰਚਾ ਹੈ। ਛੇਵੇਂ ਵਿਚ ਅਨੁਸ਼ਠਾਨ ਦਾ ਜ਼ਿਕਰ ਕੀਤਾ ਹੈ। ਸੱਤਵੇਂ ਵਿਚ ਲੋਕ ਵਿਸ਼ਵਾਸਾਂ ਦੀ ਵਰਗ ਵੰਡ। ਅੱਠਵੇਂ ਵਿਚ ਲਕੋਕਤੀਆਂ, ਲੋਕ ਧੰਦੇ ਅਤੇ ਮਨੋਰੰਜਨ, ਮੁਹਾਵਰੇ ਅਤੇ ਆਖਾਣ, ਬੁਝਾਰਤਾਂ ਬਾਰੇ ਚਰਚਾ ਕੀਤੀ ਹੈ। ਨੌਵੇ ਵਿਚ ਮੱਧਕਾਲੀਨ ਪੰਜਾਬੀ ਸਾਹਿਤ ਅਤੇ ਲੋਕਯਾਨਿਕ ਤੱਤਾਂ ਦੀ ਹਰ ਪੱਖ ਤੋਂ ਬੁਹਲਤਾ ਤੇ ਇਸ ਦੇ ਕਾਰਣ ਬਾਰੇ ਚਰਚਾ ਹੈ।

2 ਕਰਨਜੀਤ ਸਿੰਘ, ਪੰਜਾਬੀ ਲੋਕਧਾਰਾ ਵਿਚ ਸਮਾਜਿਕ ਯਥਾਰਥ ਦਾ ਪ੍ਰਤੀਬਿੰਬ (1982 ਪੰਜਾਬ ਯੂਨੀਵਰਸਿਟੀ ਚੰਡੀਗੜ੍ਹ)

3 ਗੁਰਦੇਵ ਸਿੰਘ, ਪੰਜਾਬੀ ਲੋਕ ਕਹਾਣੀਆਂ ਦਾ ਆਲੋਚਨਾਤਮਕ ਅਧਿਐਨ (1999 ਪੰਜਾਬ ਯੂਨੀਵਰਸਿਟੀ ਚੰਡੀਗੜ੍ਹ)

4 ਬਲਵਿੰਦਰ ਕੌਰ ਸੇਖੋਂ, ਪੰਜਾਬੀ ਲੋਕਮਨ ਦੀ ਸੰਰਚਨਾ ਮੇਰਾ ਪਿੰਡ ਦੇ ਆਧਾਰ 'ਤੇ (2002 ਪੰਜਾਬੀ ਯੂਨੀਵਰਸਿਟੀ ਪਟਿਆਲਾ)

5 ਸੈਮੂਅਲ ਗਿੱਲ, ਲੋਕਧਾਰਾ ਦੇ ਸੰਗ੍ਰਹਿ, ਸੰਪਾਦਨ ਤੇ ਮੁਲਾਂਕਣ ਵਿਚ ਅੰਗਰੇਜ਼ਾਂ ਦਾ ਯੋਗਦਾਨ (2003 ਕੁਰਕਸ਼ੇਤਰ ਯੂਨੀਵਰਸਿਟੀ, ਕੁਰਕਸ਼ੇਤਰ) ਇਸ ਖੋਜਕਾਰ ਵਿਚ ਅੰਗਰੇਜ਼ਾਂ ਦੁਆਰਾ ਲੋਕਧਾਰਾ ਨਾਲ ਸਬੰਧਿਤ ਸਮੱਗਰੀ ਦਾ ਸੰਪਾਦਨ ਅਤੇ ਮੁਲਾਂਕਣ ਬਾਰੇ ਵਿਸਥਾਰ ਪੂਰਬਕ ਵੇਰਵੇ ਦਿੱਤੇ ਹਨ। ਜਿਹਨਾਂ ਵਿਚ ਆਰ.ਸੀ.ਟੈਂਪਲ, ਚਾਰਲਸ ਸਵਿਨਰਟਨ, ਫਲੋਰਾ ਐਨੀ ਸਟੀਲ ਵਿਦਵਾਨਾਂ ਦੁਆਰਾ ਕੀਤੇ ਕੰਮ ਨੂੰ ਪੇਸ਼ ਕੀਤਾ ਹੈ।

6 ਗੁਰਜੰਟ ਸਿੰਘ, ਵਿਸ਼ਵੀਕਰਨ ਅਤੇ ਉਦਾਰੀਕਰਨ ਦਾ ਪੰਜਾਬੀ ਸੱਭਿਆਚਾਰ ਉਤੇ ਪ੍ਰਭਾਵ (2003 ਪੰਜਾਬ ਯੂਨੀਵਰਸਿਟੀ ਚੰਡੀਗੜ੍ਹ)

7 ਜਸਵਿੰਦਰ ਸਿੰਘ, ਮੇਰਾ ਪਿੰਡ ਦੀ ਗੱਦ ਵਿਲੱਖਣਤਾ ਦਾ ਵਿਸ਼ਲੇਸ਼ਣਾਤਮਕ ਅਧਿਐਨ (2003 ਪੰਜਾਬ ਯੂਨੀਵਰਸਿਟੀ ਚੰਡੀਗੜ੍ਹ)

8 ਸੁਖਦੀਪ ਕੌਰ, ਪੰਜਾਬੀ ਲੋਕਯਾਨ ਤੇ ਵਣਜਾਰਾ ਬੇਦੀ: ਇਕ ਅਧਿਐਨ।(2005 ਕੁਰੂਕਸ਼ੇਤਰ ਯੂਨੀਵਰਸਿਟੀ ਕੁਰੂਕਸ਼ੇਤਰ) ਇਸ ਖੋਜਕਾਰਜ ਨੂੰ ਖੋਜਾਰਥੀ ਨੇ ਸੱਤ ਅਧਿਆਇ ਵਿਚ ਵੰਡਿਆ ਹੈ। ਜਿਵੇਂ ਕਿ ਪਹਿਲੇ ਅਧਿਆਇ ਵਿਚ ਵਣਜਾਰਾ ਬੇਦੀ ਦੀ ਜੀਵਨੀ, ਰਚਨਾ ਤੇ ਲੋਕਧਾਰਾ। ਦੂਜੇ ਵਿਚ ਵਣਜਾਰਾ ਬੇਦੀ ਦਾ ਲੋਕਧਾਰਾਈ ਸੰਕਲਪ, ਤੀਜੇ ਵਿਚ ਵਣਜਾਰਾ ਬੇਦੀ ਦੀ ਸਵੈ ਜੀਵਨੀ, ਚੌਥੇ ਵਿਚ ਪੰਜਾਬੀ ਲੋਕਧਾਰਾ ਵਿਸ਼ਵਕੋਸ਼ ਲੋਕਧਾਰਾ ਦਾ ਮਹਾਂ-ਕਾਵਿਕ ਚਿੰਤਨ, ਪੰਜਵੇਂ ਵਿਚ ਵਣਜਾਰਾ ਬੇਦੀ ਦੁਆਰਾ ਲੋਕ ਗੀਤਾਂ ਦਾ ਸੰਗ੍ਰਹਿ ਅਤੇ ਸੰਪਾਦਨ ਇਕ ਅਧਿਐਨ। ਛੇਵੇਂ ਵਿਚ ਅਖਾਣ ਅਤੇ ਮੁਹਾਵਰਿਆਂ ਦਾ ਸਮਾਜਿਕ ਸਭਿਆਚਾਰ ਪਰਿਪੇਖ। ਸੱਤਵੇਂ ਵਿਚ ਵਣਜਾਰਾ ਬੇਦੀ ਦੁਆਰਾ ਇਕੱਤਰ ਕੀਤੀਆਂ ਕਹਾਣੀਆਂ ਦਾ ਸਿਧਾਂਤਕ, ਸਮਾਜਿਕ, ਧਾਰਮਿਕ,ਤੇ ਸੱਭਿਆਚਾਰਕ ਪਰਿਪੇਖ।

9 ਪੂਨਮ ਖਹਿਰਾ, ਪੰਜਾਬੀ ਲੋਕ ਖਾਣ-ਪਕਾਣ: ਲੋਕਧਰਾਈ ਅਧਿਐਨ (2009 ਗੁਰ ਨਾਨਕ ਦੇਵ ਯੂਨੀਵਰਸਿਟੀ ਅੰਮ੍ਰਿਤਸਰ)

10 ਰਣਜੀਤ ਕੌਰ, ਪੰਜਾਬੀ ਲੋਕਧਾਰਾ ਵਿਚ ਹਾਸ ਅਤੇ ਵਿਅੰਗ ਬਦਲਦਾ ਪਰਿਪੇਖ 2009 (ਗੁਰ ਨਾਨਕ ਦੇਵ ਯੂਨੀਵਰਸਿਟੀ ਅੰਮ੍ਰਿਤਸਰ)

11 ਸੁਰਿੰਦਰ ਕੌਰ, ਮੇਰਾ ਪਿੰਡ, ਬਨਗਰਵਾੜੀ ਅਤੇ ਮੇਰਾ ਦਾਗਿਸਤਾਨ ਦਾ ਤੁਲਨਾਤਮਕ ਅਧਿਐਨ। (2010 ਪੰਜਾਬੀ ਯੂਨੀਵਰਸਿਟੀ ਪਟਿਆਲਾ) ਇਸ ਵਿਚ ਖੋਜਾਰਥੀ ਨੇ ਚਾਰ ਅਧਿਆਇ ਬਣਾਏ ਹਨ। ਪਹਿਲੇ ਵਿਚ ਸੱਭਿਆਚਾਰਕ ਅਧਿਐਨ। ਦੂਜੇ ਵਿਚ ਮੇਰਾ ਪਿੰਡ ਬਨਗਰਵਾੜੀ ਅਤੇ ਮੇਰਾ ਦਾਗਿਸਤਾਨ ਵਿਚ ਪੇਸ਼ ਸੱਭਿਆਚਾਰਕ ਸਮੱਗਰੀ ਅਤੇ ਚੌਗਿਰਦੇ, ਪਿੰਡ ਦਾ ਦ੍ਰਿਸ਼, ਪਿੰਡ ਦੇ ਸਕੂਲ ਅਤੇ ਬਚਪਨ ਬਾਰੇ, ਪਿੰਡ ਦੇ ਕੰਮ ਧੰਦੇ, ਖੇਡਾਂ, ਮੇਲੇ-ਤਿਉਹਾਰ, ਵਹਿਮ ਭਰਮ, ਰਸਮਾਂ, ਮਿੱਟੀ ਪ੍ਰਤੀ ਮੋਹ। ਤੀਜੇ ਵਿਚ ਮੇਰਾ ਪਿੰਡ ਬਨਗਰਵਾੜੀ ਅਤੇ ਮੇਰਾ ਦਾਗਿਸਤਾਨ ਦਾ ਪਾਰ ਸੱਭਿਆਚਾਰਕ ਅਧਿਐਨ। ਚੌਥੇ ਵਿਚ ਤਿੰਨਾਂ ਪੁਸਤਕਾਂ ਦੇ ਆਧਾਰ ਤੇ ਸੱਭਿਆਚਾਰਕ ਦੀ ਵਿਆਪਕਤਾ ਬਾਰੇ ਚਰਚਾ ਕੀਤੀ ਹੈ।

12 ਰਜਿੰਦਰ ਕੌਰ, ਵਿਸ਼ਵੀਕਰਣ ਅਤੇ ਪੰਜਾਬੀ ਸੱਭਿਆਚਾਰ (ਪਹਿਰਾਵਾ ਤੇ ਹਾਰ-ਸ਼ਿੰਗਾਰ ਦੇ ਵਿਚ) (2012 ਪੰਜਾਬੀ ਯੂਨੀਵਰਸਿਟੀ ਪਟਿਆਲਾ। ਇਸ ਖੋਜਕਾਰਜ ਨੂੰ ਖੋਜਾਰਥੀ ਨੇ ਚਾਰ ਅਧਿਆਇ ਵਿਚ ਵੰਡਿਆ ਹੈ। ਪਹਿਲੇ ਵਿਚ ਸੱਭਿਆਚਾਰ। ਦੂਜੇ ਵਿਚ ਵਿਸਵੀਕਰਣ ਤੇ ਸੱਭਿਆਚਾਰਕ ਰੁਪਾਂਤਰਣ ਪੰਜਾਬੀ ਸੱਭਿਆਚਾਰ ਦੇ ਪ੍ਰਸੰਗ ਵਿਚ। ਤੀਜੇ ਵਿਚ ਵਿਸ਼ਵੀਕਰਣ ਅਤੇ ਪਹਿਰਾਵਾ। ਚੌਥੇ ਵਿਚ ਵਿਸ਼ਵੀਕਰਣ ਅਤੇ ਹਾਰ ਸ਼ਿੰਗਾਰ। ਸਮੁੱਚਾ ਮੁਲਾਂਕਣ ਕਿ ਵਿਸ਼ਵੀਕਰਣ ਦੇ ਆਉਣ ਨਾਲ ਪਹਿਰਾਵਾ ਅਤੇ ਹਾਰ-ਸ਼ਿੰਗਾਰ ਉਪੱਰ ਕਾਫੀ ਪ੍ਰਭਾਵ ਪਿਆ ਹੈ।

13 ਵੀਰ ਪਾਲ ਕੌਰ, ਪੰਜਾਬੀ ਗੀਤਕਾਰੀ ਵਿਚ ਸੱਭਿਆਚਾਰਕ ਰੂਪਾਂਰਤਨ (1990 ਤੋਂ 2004 ਤੱਕ) (2013 ਪੰਜਾਬੀ ਯੂਨੀਵਰਸਿਟੀ ਪਟਿਆਲਾ)

14 ਮਨਜੀਤ ਕੌਰ, ਪੰਜਾਬ ਵਿਚ ਲੋਕਧਾਰਾ ਅਤੇ ਸੱਭਿਆਚਾਰ ਦਾ ਅਧਿਆਪਨ, ਸਥਿਤੀ, ਸਮੱਸਿਆਵਾਂ ਅਤੇ ਸੰਭਾਵਨਵਾਂ । (2013 ਪੰਜਾਬੀ ਯੂਨੀਵਰਸਿਟੀ ਪਟਿਆਲਾ)

15 ਅੰਗਰੇਜ਼ ਸਿੰਘ, ਪੰਜਾਬੀ ਸਾਹਿਤ ਅਤੇ ਸੱਭਿਆਚਾਰ ਵਿਚ ਵਰਤਮਾਨ ਚੇਤਨਾ ਦਾ ਅਧਿਐਨ।(2013 ਪੰਜਾਬੀ ਯੂਨੀਵਰਸਿਟੀ ਪਟਿਆਲਾ)

16 ਗੁਰਮੀਤ ਸਿੰਘ, ਗੁਰਦਾਸ ਮਾਨ ਦੀ ਤੇ ਪੇਸ਼ਕਾਰੀ ਵਿਚ ਪੰਜਾਬੀ ਲੋਕਧਾਰਾ ਦਾ ਰੂਪਾਂਤਰਣ (2014 ਪੰਜਾਬੀ ਯੂਨੀਵਰਸਿਟੀ ਪਟਿਆਲਾ)

17 ਤਜਿੰਦਰ ਸਿੰਘ, ਡਾ. ਸੋਹਿੰਦਰ ਸਿੰਘ ਵਣਜਾਰਾ ਬੇਦੀ ਦੀ ਪੰਜਾਬੀ ਲੋਕਧਾਰਾ ਅਧਿਐਨ ਨੂੰ ਦੇਣ (2014 ਪੰਜਾਬ ਯੂਨੀਵਰਸਿਟੀ ਚੰਡੀਗੜ੍ਹ)

18 ਜਸਵਿੰਦਰ ਕੌਰ, ਪੰਜਾਬੀ ਲੋਕਧਰਾਈ ਅਧਿਐਨ ਅਤੇ ਅਧਿਐਨ ਵਿਧੀਆਂ ਪੁਨਰ ਮੁਲਾਂਕਣ । (2015 ਪੰਜਾਬੀ ਯੂਨੀਵਰਸਿਟੀ ਪਟਿਆਲਾ)

19 ਮਨਜੀਤ ਕੌਰ, ਪੰਜਾਬੀ ਲੋਕਧਾਰਾ ਅਤੇ ਸੱਭਿਆਚਾਰ ਦਾ ਅਧਿਐਨ ਸਾਹਿਤ ਸਮਾਵੇਸ਼ਨ ਅਤੇ ਸੰਭਾਵਨਾਵਾਂ । (2015 ਪੰਜਾਬੀ ਯੂਨੀਵਰਸਿਟੀ ਪਟਿਆਲਾ)

## 1.3 ਉਦੇਸ਼

ਹਰ ਰਚਨਾ ਜਾਂ ਕਾਰਜ ਦਾ ਕੋਈ ਨਾ ਕੋਈ ਉਦੇਸ਼ ਜ਼ਰੂਰ ਹੁੰਦਾ ਹੈ। ਉਦੇਸ਼ ਹੀਣ ਰਚਨਾ ਜਾਂ ਕਾਰਜ ਦਾ ਸਾਹਿਤ ਵਿਚ ਕੋਈ ਸਥਾਨ ਨਹੀਂ ਹੁੰਦਾ। ਇਸ ਖੋਜ ਕਾਰਜ ਦੇ ਵੀ ਕੁਝ ਉਦੇਸ਼ ਹਨ, ਜਿਨ੍ਹਾਂ ਦੇ ਆਧਾਰ 'ਤੇ ਇਹ ਖੋਜ ਕਾਰਜ ਕੀਤਾ ਜਾਣਾ ਹੈ।

1. ਵਿਸ਼ਵੀਕਰਨ ਦੇ ਦੌਰ ਵਿਚ ਪੰਜਾਬੀਆਂ ਦੇ ਕੰਮ ਧੰਦਿਆਂ ਵਿਚ ਹੋਏ ਰੁਪਾਂਤਰਨ ਦਾ ਅਧਿਐਨ ਕਰਨਾ।

2. ਵਿਸ਼ਵੀਕਰਨ ਦੇ ਦੌਰ ਵਿਚ ਪੰਜਾਬੀਆਂ ਦੇ ਰਿਸ਼ਤੇ-ਨਾਤਿਆਂ ਵਿਚ ਹੋਏ ਰੁਪਾਂਤਰਨ ਦਾ ਅਧਿਐਨ ਕਰਨਾ।

3. ਵਿਸ਼ਵੀਕਰਨ ਦੇ ਦੌਰ ਵਿਚ ਪੰਜਾਬ ਦੇ ਤਿੱਥ ਤਿਉਹਾਰਾਂ ਵਿਚ ਹੋਏ ਰੁਪਾਂਤਰਨ ਦਾ ਅਧਿਐਨ ਕਰਨਾ।

4. ਵਿਸ਼ਵੀਕਰਨ ਦੇ ਦੌਰ ਵਿਚ ਪੰਜਾਬੀਆਂ ਦੇ ਰਸਮ-ਰਿਵਾਜ਼ਾਂ ਵਿਚ ਹੋਏ ਰੁਪਾਂਤਰਨ ਦਾ ਅਧਿਐਨ ਕਰਨਾ।

5. ਅਜਿਹੇ ਰੁਪਾਂਤਰਨ ਕਿਸੇ ਸੱਭਿਆਚਾਰ ਲਈ ਕਿੰਨੇ ਫਾਇਦੇਮੰਦ ਅਤੇ ਕਿੰਨੇ ਨੁਕਸਾਨਦੇਹ ਹਨ ਇਸ ਦਾ ਅਧਿਐਨ ਕਰਨਾ।

## 1.4 ਖੋਜ ਵਿਧੀ

ਕਿਸੇ ਵੀ ਖੋਜ ਕਾਰਜ ਨੂੰ ਕਿਸੇ ਢੰਗ ਤਰੀਕੇ ਨਾਲ ਕੀਤਾ ਜਾਂਦਾ ਹੈ। ਇਹ ਢੰਗ ਤਰੀਕਾ ਹੀ ਵਿਧੀ ਅਖਵਾਉਦਾ ਹੈ। ਖੋਜ ਦਾ ਅਰਥ ਨਵੇਂ ਤੱਥਾਂ ਦੀ ਭਾਲ ਕਰਨਾ ਹੈ। ਇਸ ਲਈ ਪੁਰਾਣੇ ਤੱਥਾਂ ਨੂੰ ਆਧਾਰ ਬਣਾਇਆਂ ਜਾਂਦਾ ਹੈ। ਖੋਜ ਕਾਰਜਾਂ ਲਈ ਅਨੇਕਾਂ ਹੀ ਪਰੰਪਰਾਵਾਦੀ ਅਤੇ ਵਿਗਿਆਨਿਕ ਵਿਧੀਆਂ ਹਨ। ਇਸ ਖੋਜ ਕਾਰਜ ਵਿਚ ਹੇਠ ਲਿਖੀਆਂ ਵਿਧੀਆਂ ਦੀ ਵਰਤੋਂ ਕੀਤੀ ਗਈ ਹੈ।

**ਤੁਲਨਾਤਮਕ ਵਿਧੀ:-** ਖੋਜਾਰਥੀ ਆਪਣੇ ਖੋਜ ਦੇ ਵਿਸ਼ੇ ਨੂੰ ਆਧਾਰ ਬਣਾ ਕੇ ਸਮਾਜਿਕ ਸੱਚ ਤੱਕ ਤੁਲਨਾ ਰਾਹੀਂ ਹੀ ਪੁਹੰਚਦਾ ਹੈ। ਖੋਜਾਰਥੀ ਜਦੋਂ ਸਮਾਜ ਵਿਚ ਪੱਸਰੀਆਂ ਤਬਦੀਲੀਆਂ ਦੀ ਗੱਲ ਕਰਦਾ ਹੈ ਤਾਂ ਉਹ ਤੁਲਨਾਤਮਕ ਵਿਧੀ ਦਾ ਸਹਾਰਾ ਲੈਂਦਾ ਹੈ। ਉਹ ਪਹਿਲੇ ਸਮਾਜ ਦੇ ਅਤੇ ਮੌਜੂਦਾ ਸਮਾਜ ਦੇ ਬਦਲਾਵ ਨੂੰ ਇਸੇ ਵਿਧੀ ਰਾਹੀਂ ਹੀ ਹੱਲ ਕਰਦਾ ਹੈ।

**ਤਰਕਵਾਦੀ ਵਿਧੀ**:- ਤਰਕਵਾਦੀ ਵਿਧੀ ਤਰਕ ਅਤੇ ਵਿਤਰਕ ਦੇ ਆਸਰੇ ਚੱਲਦੀ ਹੈ। ਇਕ ਜਾਂ ਵੱਧ ਕਥਨਾਂ ਤੋਂ ਹੋਰਨਾਂ ਕਥਨਾਂ ਜਾਂ ਸਿੱਟਿਆਂ ਤੇ ਅੱਪੜਨਾ ਤਰਕਵਾਦ ਹੈ। ਇਸ ਨੂੰ ਅਗਾਂਹ ਦੇ ਵਿਧੀਆਂ ਵਿਚ ਵੰਡਿਆਂ ਜਾਂਦਾ ਹੈ

**1.ਨਿਗਮਨਾਤਮਕ ਵਿਧੀ :-** ਇਸ ਵਿਧੀ ਰਾਹੀਂ ਖੋਜ ਕਾਰਜ ਨੂੰ ਸਰਬਸਧਾਰਨ ਸਥਿਤੀ ਤੋਂ ਵਿਸ਼ੇਸ ਸਥਿਤੀ ਵਿਚ ਪੇਸ਼ ਕਰਨਾ ਹੁੰਦਾ ਹੈ।

**2.ਅਗਮਨਾਤਮਕ ਵਿਧੀ :-** ਇਸ ਵਿਧੀ ਰਾਹੀਂ ਖੋਜ ਕਾਰਜ ਨੂੰ ਵਿਸ਼ੇਸ ਸਥਿਤੀ ਤੋਂ ਵਿਆਪਕ ਅਵਸਥਾ ਅਥਵਾ ਸਰਬਸਧਾਰਨ ਸਥਿਤੀ ਵੱਲ ਪਹੁੰਚਾਣ ਦਾ ਵਿਧਾਨ ਹੁੰਦਾ ਹੈ।

ਹੱਥਲੇ ਖੋਜ ਕਾਰਜ ਵਿਚ ਤਰਕਵਾਦੀ ਵਿਧੀ ਅਧੀਨ ਨਿਗਮਨਾਤਮਕ ਵਿਧੀ ਨੂੰ ਵੀ ਅਪਣਾਇਆ ਗਿਆ ਹੈ।

## 1.5 ਸੰਭਾਵਿਤ ਨਤੀਜੇ

ਹਰ ਕਾਰਜ ਨੂੰ ਕਿਸੇ ਨਤੀਜੇ ਤੇ ਅੱਪੜਣ ਦੀ ਤਾਂਘ ਹਿੱਤ ਕੀਤਾ ਜਾਂਦਾ ਹੈ। ਭਾਵ ਕਿ ਕਿਸੇ ਨਾ ਕਿਸੇ ਗੱਲ ਨੂੰ ਆਧਾਰ ਬਣਾ ਕੇ ਕੋਈ ਕਾਰਜ ਕੀਤਾ ਜਾਂਦਾ ਹੈ। ਜੇਕਰ ਖੋਜ ਕਾਰਜ ਭਵਿੱਖ ਲਈ ਕੋਈ ਸੰਦੇਸ਼ ਜਾਂ ਨਤੀਜੇ ਨਹੀਂ ਪੇਸ਼ ਕਰਦਾ ਤਾਂ ਉਸ ਦਾ ਕੋਈ ਫਾਇਦਾ ਨਹੀਂ ਹੋਵੇਗਾ। ਪਰ ਜੇਕਰ ਸਿਰੜ ਭਰਭੂਰ ਕੀਤਾ ਗਿਆ ਕਾਰਜ ਹੋਵੇ, ਤਾਂ ਉਸ ਵਿਚੋਂ ਸੰਭਾਵਿਤ ਨਤੀਜੇ ਜ਼ਰੂਰ ਝਲਕਦੇ ਨਜ਼ਰ ਆਉਂਦੇ ਹਨ।ਇਸ ਬਾਰੇ ਪੁਸਤਕ 'ਖੋਜ ਸਿਧਾਂਤ ਤੇ ਵਿਹਾਰ' ਵਿਚੋਂ ਡਾ.ਪਿਆਰ ਸਿੰਘ ਦਾ ਵਿਚਾਰ ਹੈ :

> ਖੋਜ ਦਾ ਕਰਤੱਵ ਨਾ ਕੇਵਲ ਗਿਆਨ ਵਿਚ ਵਾਧਾ ਕਰਨਾ ਹੈ, ਸਗੋਂ ਇਕ ਕਦਮ ਹੋਰ ਅੱਗੇ ਜਾ ਕੇ ਮਨੁੱਖ ਨੂੰ ਜੀਵਨ ਦੀਆਂ ਸਮੱਸਿਆਵਾਂ ਨਾਲ ਜੁਝਣ ਦੇ ਯੋਗ ਬਣਾਣਾ ਹੈ। (11)

ਸੋ ਹੱਥਲੇ ਖੋਜ ਕਾਰਜ ਵਿਚ ਵੀ ਸੰਭਾਵਿਤ ਨਤੀਜਿਆਂ ਨੂੰ ਧਿਆਨ ਹਿੱਤ ਰੱਖਦਿਆਂ ਕੁਝ ਗੱਲਾਂ ਪੇਸ਼ ਹੋਣਗੀਆਂ ਜਿਵੇਂ ਲੋਕਧਾਰਾ ਦੇ ਅੰਤਰਗਤ ਪੰਜਾਬੀ ਦੇ ਤਿੱਥ ਤਿਉਹਾਰਾਂ ਵਿਚ ਆਈਆਂ ਤਬਦੀਲੀਆਂ ਦਾ ਅਧਿਐਨ ਕਰਕੇ ਸਾਰਥਕ ਨਤੀਜੇ ਪੇਸ਼ ਕਰਨੇ। ਰਿਸ਼ਤੇ ਨਾਤੇ, ਸਮਾਜਿਕ ਜੀਵਨ ਦੀ ਮੂਲ ਜੜ੍ਹ ਹੁੰਦੇ ਹਨ। ਇਹਨਾਂ ਦੇ ਆਧਾਰ ਤੇ ਹੀ ਸਮਾਜ ਉਸਾਰਿਆ ਜਾਂਦਾ ਹੈ। ਵਿਸ਼ਵੀਕਰਨ ਦੇ ਦੌਰ ਵਿਚ ਇਹਨਾਂ ਵਿਚ ਆਈਆਂ ਤਬਦੀਲੀਆਂ ਦਾ ਅਧਿਐਨ ਕਰਨਾ ਕਿ ਕਿੰਨੀਆਂ ਚੰਗੀਆਂ ਅਤੇ ਕਿੰਨੀਆਂ ਮਾੜੀਆਂ ਹਨ। ਪੰਜਾਬ ਦੇ ਕੰਮ ਧੰਦਿਆਂ ਵਿਚ ਆਈਆਂ ਤਬਦੀਲੀਆਂ ਨੂੰ ਵੀ ਇਸ ਖੋਜ ਕਾਰਜ ਵਿਚ ਉਜਾਗਰ ਕੀਤਾ ਜਾਵੇਗਾ। ਰਸਮ ਰਿਵਾਜ਼ ਮਨੁੱਖੀ ਜੀਵਨ ਸ਼ੈਲੀ ਨੂੰ ਹੁਲਾਰਾ ਦਿੰਦੇ ਹਨ। ਇਹਨਾਂ ਵਿਚ ਵੀ ਵਿਸ਼ਵੀਕਰਨ ਕਰਕੇ ਰੁਪਾਂਤਰਨ ਹੋਇਆ ਹੈ। ਇਸ ਦਾ ਅਧਿਐਨ ਕਰਕੇ ਚੰਗੇ ਅਤੇ ਮਾੜੇ ਪੱਖਾਂ ਦਾ ਵਿਸਥਾਰ ਪੂਰਬਕ ਅਧਿਐਨ ਕੀਤਾ ਜਾਵੇਗਾ।

## 1.6 ਸਮਾਜਿਕ ਅਤੇ ਸਾਹਿਤਕ ਸਾਰਥਕਤਾ

ਸਮਾਜ ਵਿਚ ਕੀਤੇ ਹਰ ਕਾਰਜ ਦੀ ਕੋਈ ਨਾ ਕੋਈ ਸਾਰਥਕਤਾ ਹੋਣੀ ਬਹੁਤ ਜ਼ਰੂਰੀ ਹੈ। ਸਾਰਥਕ ਕੰਮ ਹਮੇਸ਼ਾਂ ਲਾਹੇਵੰਦ ਹੁੰਦਾ ਹੈ। ਇਸ ਖੋਜ ਕਾਰਜ ਵਿਚ ਵੀ ਸਮਾਜਿਕ ਅਤੇ ਸਾਹਿਤਕ ਸਾਰਥਕਤਾ ਦੇ ਕੁਝ ਪੱਖ ਪੇਸ਼ ਹੋਣਗੇ ਜਿਵੇਂ :-

ਇਸ ਖੋਜ ਕਾਰਜ ਨਾਲ ਲੋਕਾਂ ਵਿਚ ਲੋਕਧਾਰਾ ਸੰਬੰਧੀ ਜਾਗਰੂਕਤਾ ਆਵੇਗੀ।

ਇਸ ਨਾਲ ਅਜੋਕੀ ਪੀੜ੍ਹੀ ਨੂੰ ਨਰੋਈ ਜੀਵਨ ਸ਼ੈਲੀ ਸੰਬੰਧੀ ਗਿਆਨ ਪ੍ਰਾਪਤ ਹੋਵੇਗਾ।

ਵਿਸ਼ਵੀਕਰਨ ਕਿਸ ਕਦਰ ਲਾਹੇਵੰਦ ਜਾਂ ਨੁਕਸਾਨ ਦਾਇਕ ਆਦਿ ਬਾਰੇ ਗਿਆਨ ਹੋਵੇਗਾ।

ਆਉਣ ਵਾਲੇ ਖੋਜਾਰਥੀਆਂ ਲਈ ਹੱਥਲਾ ਖੋਜ ਕਾਰਜ ਸਾਰਥਕ ਭਰਪੂਰ ਹੋਵੇਗਾ।

## 1.7 ਸਿਧਾਂਤਕ ਪਰਿਪੇਖ

### 1.7.1 ਲੋਕਧਾਰਾ

ਲੋਕਧਾਰਾ ਕਿਸੇ ਸਭਿਆਚਾਰਕ ਅਤੇ ਪੁਰਾਤਨ ਕਦਰਾਂ ਕੀਮਤਾਂ ਤੇ ਉਸਰਿਆ ਹੋਇਆ ਇੱਕ ਪ੍ਰਬੰਧ ਹੈ। ਇਹ ਕਿਸੇ ਜਾਤੀ ਦੇ ਵਿਰਸੇ ਦਾ ਸਾਲਾਂ ਤਜ਼ਰਬਿਆਂ ਦਾ ਨਿਚੋੜ ਹੁੰਦਾ ਹੈ। ਲੋਕਧਾਰਾ ਪੁਰਾਤਨ ਕਦਰਾਂ ਕੀਮਤਾਂ ਅਤੇ ਬਣਤਰਾਂ ਦਾ ਗਤੀਸ਼ੀਲ ਵਰਤਾਰਾ ਹੈ। ਸਭਿਆਚਾਰ ਵਿਚ ਸਮਾਜਿਕ, ਆਰਥਿਕ ਅਤੇ ਰਾਜਸੀ ਤਬਦੀਲੀਆ ਹੋਣ ਦੇ ਕਾਰਨ ਲੋਕਧਾਰਾ ਵੀ ਬਦਲੀ ਹੈ। ਲੋਕਧਾਰਾ ਆਪਣੇ ਵਿਸ਼ੇਸ ਸੁਭਾਅ ਕਰਕੇ ਇਲਾਕੇ ਦੇ ਲੋਕ ਸਮੂਹ ਵਿਚ ਪੀੜ੍ਹੀ ਦਰ ਪੀੜ੍ਹੀ ਅੱਗੇ ਚਲਦੀ ਰਹਿੰਦੀ ਹੈ। ਇਸ ਕਰਕੇ ਪਰਿਵਰਤਨਸ਼ੀਲਤਾ ਲੋਕਧਾਰਾ ਮੁੱਢਲਾ ਤੇ ਬੁਨਿਆਦੀ ਲੱਛਣ ਬਣਦਾ ਹੈ। ਲੋਕਧਾਰਾ ਲੋਕ ਮਨ, ਲੋਕ ਸਮੂਹ ਦੀ ਅਭਿਵਿਅਕਤੀ ਹੋਣ ਕਰਕੇ ਇਸ ਵਿਚ ਵਿਚਾਰਾਂ ਦਾ ਰਲੇਵਾਂ ਹੋਣਾ ਵੀ ਸੁਭਾਵਿਕ ਹੈ, ਕਿਉਕਿ ਹਰ ਦੇਸ਼ ਕੌਮ ਦਾ ਸਮਾਜ ਕਦੀ ਵੀ ਸਥਿਰ ਨਹੀਂ ਰਹਿੰਦਾ ਇਸ ਵਿਚ ਵੀ ਗਤੀਸ਼ੀਲਤਾ ਸੁਭਾਵਿਕ ਹੈ। ਸਮਾਜ ਵਿਚ ਤਬਦੀਲੀਆਂ ਹੋਣ ਕਰਕੇ ਹੀ ਹਰ ਵਸਤ ਵਿਹਾਰ ਦੀ ਇਤਿਹਾਸਿਕ ਬਣਦੀ ਹੈ।

ਪੰਜਾਬ ਦੀ ਲੋਕਧਾਰਾ ਦੀ ਜੜ੍ਹ ਪੰਜਾਬ ਦੇ ਪਿੰਡ ਰਹੇ ਹਨ। ਪਿੰਡਾਂ ਵਿਚ ਨਿੱਤਾ ਪ੍ਰਤੀ ਵਿਚ ਹੁੰਦੇ ਕਾਰ ਵਿਹਾਰਾਂ ਰਾਹੀਂ ਪੰਜਾਬ ਦੀ ਲੋਕਧਾਰਾ ਨਿੱਤਰ ਕੇ ਸਾਹਮਣੇ ਆਉਂਦੀ ਹੈ। ਪਿੰਡ ਪੱਧਰ ਤੇ ਹਰ ਵਿਅਕਤੀ ਆਪਣੀ ਨਿੱਜੀ ਜ਼ਿੰਦਗੀ ਦਾ ਕਾਰਜ ਕਰਦਾ, ਕਿਸੇ ਨਾ ਕਿਸੇ ਢੰਗ ਤਰੀਕੇ ਨਾਲ ਇਸ ਨਾਲ ਜੁੜਿਆ ਰਹਿੰਦਾ ਹੈ। ਬੇਸ਼ੱਕ ਉਹ ਖੇਤਾਂ ਵਿਚ ਕੰਮ ਕਰਦਾ ਹਾਲ਼ੀ ਹੋਵੇ ਜਾਂ ਸੀਰੀ ਜਾਂ ਫਿਰ ਘਰਾਂ ਵਿਚ ਘਰੇਲੂ ਕੰਮ ਵਿਚ ਮਸਤ ਸਵਾਂਣੀਆ, ਹਰ ਕੋਈ ਲੋਕਧਾਰਾ ਦੇ ਵਹਿਣ ਵਿਚ ਆਪਣੀ ਅਹਿਮ ਭੂਮਿਕਾ ਨਿਭਾਉਂਦਾ ਹੈ। ਅੱਜ ਦੇ ਦੌਰ ਵਿਚ ਲੋਕਧਾਰਾ ਦੀ ਇਕ ਵਿਲੱਖਣ ਅਤੇ ਸੁਤੰਤਰ ਅਨੁਸ਼ਾਸਨ ਦੇ ਰੂਪ ਵਿਚ ਅਹਿਮੀਅਤ ਹੈ। ਅਸਲ ਵਿਚ ਲੋਕਧਾਰਾ ਸਾਡੀ ਕਲਾ, ਸਾਡੇ ਧਰਮ, ਸਾਡੇ ਰਸਮ ਰਿਵਾਜ਼, ਸਾਡੇ ਲੋਕ-ਗੀਤ, ਸਾਡੇ ਲੋਕ- ਧੰਦੇ, ਲੋਕ-ਖੇਡਾਂ ਆਦਿ ਦੀ ਪੇਸ਼ਕਾਰੀ ਦਾ ਆਧਾਰ ਹੈ। ਕਿਸੇ ਵੀ ਚੀਜ਼ ਨੂੰ ਪੂਰੀ ਤਰਾਂ ਪਕੜ ਵਿਚ ਲੈਣ ਲਈ ਉਸ ਦੇ ਸਿਧਾਂਤਕ ਪੱਖ ਨੂੰ ਸਮਝਣਾ ਬਹੁਤ ਜ਼ਰੂਰੀ ਹੁੰਦਾ ਹੈ। ਜਦ ਤੱਕ ਕਿਸੇ

ਕਾਰਜ ਦੇ ਸਿਧਾਂਤਕ ਪੱਖ ਨੂੰ ਨਹੀਂ ਸਮਝ ਪਾਉਂਦੇ, ਉੱਦੋਂ ਤੱਕ ਅਸੀਂ ਉਸ ਦੇ ਮਹੱਤਵ ਬਾਰੇ ਸਮਝਣ ਤੋਂ ਅਸਮੱਰਥ ਹੁੰਦੇ ਹਾਂ। ਹੱਥਲੇ ਖੋਜ ਕਾਰਜ ਦਾ ਸੰਬੰਧ ਲੋਕਧਾਰਾ ਨਾਲ ਹੈ। ਲੋਕਧਾਰਾ ਦੇ ਸਿਧਾਂਤਕ ਪੱਖ ਨੂੰ ਹੇਠ ਲਿਖੇ ਅਨੁਸਾਰ ਵੰਡ ਕੇ ਪੇਸ਼ ਕੀਤਾ ਜਾ ਸਕਦਾ ਹੈ।

ੳ. ਲੋਕਧਾਰਾ ਦੀ ਪਰਿਭਾਸ਼ਾ ਅਤੇ ਤੱਤ।

ਅ. ਲੋਕਧਾਰਾ ਸ਼ਾਸਤਰ।

ੲ. ਲੋਕਧਾਰਾ ਦੇ ਪ੍ਰਮੁੱਖ ਖੇਤਰ।

ਸ. ਲੋਕਧਾਰਾ ਅਤੇ ਸਾਹਿਤ।

## ੳ. ਲੋਕਧਾਰਾ ਦੀ ਪਰਿਭਾਸ਼ਾ ਅਤੇ ਤੱਤ

ਸਭਿਆਚਾਰ ਦਾ ਮੌਖਿਕ ਰੂਪ ਲੋਕਧਾਰਾ ਹੈ, ਜੋ ਕਿ ਲੋਕ ਜ਼ੁਬਾਨੀ ਪੀੜ੍ਹੀ ਦਰ ਪੀੜ੍ਹੀ ਅੱਗੇ ਤੁਰਿਆ ਆ ਰਿਹਾ ਹੈ। ਇਕ ਪੀੜ੍ਹੀ ਤੋਂ ਦੂਜੀ ਪੀੜ੍ਹੀ ਤੱਕ ਇਹ ਕਥਾ ਕਹਾਣੀਆਂ, ਲੋਕ ਗੀਤਾਂ, ਰਸਮਾਂ ਰਿਵਾਜ਼ਾਂ ਅਤੇ ਕੰਮ ਧੰਦਿਆਂ ਰਾਹੀਂ ਅਗਾਂਹ ਤੁਰਦਾ ਹੈ। ਲੋਕਧਾਰਾ ਅੰਗਰੇਜ਼ੀ ਭਾਸ਼ਾ ਦੇ ਸ਼ਬਦ ਫੋਕਲੋਰ ਦਾ ਸਮਾਨਾਰਥਕ ਸ਼ਬਦ ਹੈ। ਇਸ ਦਾ ਅਰਥ ਹੈ ਸਧਾਰਨ ਲੋਕਾਂ ਲਈ ਸਮਾਜ ਵਿਚੋਂ ਪ੍ਰਾਪਤ ਗਿਆਨ। ਫੋਕਲੋਰ ਦੀ ਪਹਿਲੀ ਵਾਰ ਵਰਤੋਂ 1846 ਈ. ਵਿਚ ਇੱਕ ਅੰਗਰੇਜ਼ੀ ਵਿਦਵਾਨ 'ਵਿਲੀਅਮ ਜਾਨ ਥਾਮਸ' ਨੇ ਕੀਤੀ । ਏਸੇ ਕਰਕੇ ਹੀ ਥਾਮਸ ਨੂੰ ਫੋਕਲੋਰ ਨਾਂ ਦੇ ਸੰਸਥਾਪਕ ਵਜੋਂ ਜਾਣਿਆ ਜਾਂਦਾ ਹੈ । ਇਸ ਬਾਰੇ ਡਾ. ਜੀਤ ਸਿੰਘ ਜੋਸ਼ੀ ਆਪਣੀ ਪੁਸਤਕ 'ਲੋਕਧਾਰਾ: ਸਿਧਾਂਤ ਤੇ ਵਿਸ਼ਲੇਸ਼ਣ' ਵਿਚ ਲਿਖਦੇ ਹਨ:

> ਇਸ ਦਾ ਇਹ ਮਤਲਬ ਹਰਗਿਜ਼ ਨਹੀ ਕਿ ਥੋਮਸ ਤੋਂ ਪਹਿਲਾ ਪੱਛਮ ਜਾ ਪੂਰਬ ਵਿਚ ਫੋਕਲੋਰ ਨਾਂ ਦੀ ਕੋਈ ਚੀਜ਼ ਨਹੀਂ ਸੀ । ਫੋਕਲੋਰ ਦੇ ਖੇਤਰ ਨਾਲ ਸੰਬੰਧਿਤ ਵਰਤਾਰੇ ਤਾਂ ਮਾਨਵੀ ਚੇਤਨਾ ਦੇ ਮੁੱਢਲੇ ਪੜਾਅ ਤੋਂ ਹੀ ਆਰੰਭ ਹੋ ਗਏ ਸਨ। ਪੱਛਮ ਵਿਚ ਸੋਲਵੀਂ

ਸਤਾਰ੍ਹਵੀਂ ਸਦੀ ਦਾ ਅੰਗਰੇਜ਼ੀ ਸਾਹਿਤ ਵਿਸ਼ੇਸ ਕਰ ਸ਼ੈਕਸਪੀਅਰ ਅਤੇ ਮਿਲਟਨ ਦੀਆਂ ਰਚਨਾਵਾਂ ਵਿਚ ਅਜਿਹੇ ਵਰਤਾਰਿਆਂ ਦੀ ਖ਼ੂਬਸੂਰਤ ਪੇਸ਼ਕਾਰੀ ਹੋਈ ਮਿਲਦੀ ਹੈ। (9)

ਪੱਛਮ ਵਿਚ ਫੋਕਲੋਰ ਸ਼ਬਦ ਦੀ ਘਾੜ੍ਹਤ ਤੋਂ ਪਹਿਲਾਂ ਅਜਿਹੀ ਸਮੱਗਰੀ ਜਾਂ ਵਰਤਾਰਿਆਂ ਨੂੰ ਲੋਕਪ੍ਰਿਯ ਪੁਰਤੱਤਵ ਸਮੱਗਰੀ ਜਾਂ ਫਿਰ ਲੋਕਪ੍ਰਿਯ ਸਾਹਿਤ ਦਾ ਨਾਂ ਦਿੱਤਾ ਜਾਂਦਾ ਸੀ। ਵਿਲੀਅਮ ਜਾਨ ਥਾਮਸ ਨੇ ਫੋਕ (Folk) ਅਤੇ ਲੋਰ (Lore) ਨੂੰ ਯੋਗਿਕ ਸ਼ਬਦ ਵਜੋਂ ਪ੍ਰਯੋਗ ਕਰਦੇ ਹੋਏ ਇਸ ਤਰਾਂ ਦੀ ਰੰਗਤ ਵਾਲੀ ਸਮੱਗਰੀ ਨੂੰ ਫੋਕਲੋਰ ਦਾ ਨਾਂ ਦਿੱਤਾ ਸੀ । ਅੰਗਰੇਜ਼ੀ ਵਿਚ ਫੋਕ ਸ਼ਬਦ ਦੀ ਉਤਪੱਤੀ ਏਂਗਲੋ ਸ਼ੈਕਸਨ ਸ਼ਬਦ ਫੋਲਕ (Folk) ਤੋਂ ਹੋਈ ਮੰਨੀ ਜਾਂਦੀ ਹੈ । ਜਿਸ ਨੂੰ ਜਰਮਨ ਭਾਸ਼ਾ ਵਿਚ (Volk) ਕਹਿੰਦੇ ਹਨ। ਥਾਮਸ ਦੀ ਦ੍ਰਿਸ਼ਟੀ ਤੋਂ ਅਸੱਭਿਅ ਜਮਾਤਾਂ ਦੇ ਵਿਅਕਤੀ ਹੀ ਫੋਕ ਹੁੰਦੇ ਹਨ ਅਤੇ ਲੋਰ ਤੋਂ ਉਸ ਦਾ ਭਾਵ ਸਰਬ ਸਧਾਰਨ ਜਨਤਾ ਦਾ ਗਿਆਨ ਸੀ । ਲੋਰ ਸ਼ਬਦ ਦੀ ਉਤਪਤੀ ਵੀ ਏਂਗਲੋ ਸ਼ੈਕਸਨ ਦੇ ਸ਼ਬਦ ਲੋਰ (lore) ਤੋਂ ਹੋਈ ਮੰਨੀ ਜਾਂਦੀ ਹੈ, ਜਿਸ ਦਾ ਅਰਥ ਹੈ ਗਿਆਨ। ਕੁੱਲ ਮਿਲਾ ਕੇ ਥਾਮਸ ਅਨੁਸਾਰ ਫੋਕਲੋਰ ਸਧਾਰਨ ਲੋਕਾਂ ਦਾ ਗਿਆਨ ਅਥਵਾ ਵਿਦਿਆ ਦਾ ਨਾਮ ਹੈ।

ਪੰਜਾਬੀ ਵਿਚ ਫੋਕਲੋਰ ਸ਼ਬਦ ਦੀ ਸਭ ਤੋਂ ਪਹਿਲਾਂ ਵਰਤੋਂ ਬਾਵਾ ਬੱਧ ਸਿੰਘ ਨੇ ਕੀਤੀ । ਪੰਜਾਬੀ ਭਾਸ਼ਾ ਸਾਹਿਤ ਅਤੇ ਸੱਭਿਆਚਾਰ ਅੰਦਰ ਜਦੋਂ ਅੰਗਰੇਜ਼ੀ ਸ਼ਬਦ ਫੋਕਲੋਰ ਨੂੰ ਅਪਣਾਇਆ ਤਾਂ ਸ਼ੁਰੂ ਵਿਚ ਇਸ ਨੂੰ ਲੋਕਧਾਰਾ (ਵਣਜਾਰਾ ਬੇਦੀ), ਲੋਕਯਾਨ (ਕਰਨੈਲ ਸਿੰਘ ਥਿੰਦ), ਲੋਕ ਵੇਦ ( ਹਰਭਜਨ ਸਿੰਘ), ਲੋਕ ਪਰੰਪਰਾ (ਤੇਜਾ ਸਿੰਘ), ਲੋਕ ਵਿਰਸਾ, ਲੋਕ ਵਰਤਾਰਾ, ਲੋਕ ਸੰਸਕ੍ਰਿਤੀ ਆਦਿ ਨਾਵਾਂ ਪੇਸ਼ ਕੀਤਾ ਗਿਆ। ਪੰਜਾਬੀ ਭਾਸ਼ਾ ਸਾਹਿਤ ਅਤੇ ਸੱਭਿਆਚਾਰ ਦੇ ਖੇਤਰ ਵਿਚ ਲੋਕਧਾਰਾ ਨੂੰ ਇੱਕ ਵਿਲੱਖਣ ਵਰਤਾਰੇ ਵਜੋਂ ਅਤੇ ਇੱਕ ਖੁਦ ਮੁੱਖਤਿਆਰ ਅਨੁਸ਼ਾਸਨ ਵਜੋਂ ਸਥਾਪਿਤ ਕਰਨ ਹਿੱਤ ਡਾ. ਕਰਨੈਲ ਸਿੰਘ ਥਿੰਦ ਦਾ ਬਹੁਮੁੱਲਾ ਯੋਗਦਾਨ ਹੈ।

ਡਾ. ਕਰਨੈਲ ਸਿੰਘ ਥਿੰਦ ਨੇ ਲੋਕਧਾਰਾ ਨੂੰ ਲੋਕਯਾਨ ਦਾ ਨਾਂ ਦਿੰਦੇ ਹੋਏ ਇਸ ਨੂੰ ਫੋਕਲੋਰ ਦੀ ਭਾਵਨਾ ਨੂੰ ਪ੍ਰਗਟ ਕਰਨ ਵਾਲਾ ਉਚਿੱਤ ਸ਼ਬਦ ਪ੍ਰਵਾਨ ਕਰਦੇ ਹਨ। ਉਹਨਾਂ ਦੀ ਪੁਸਤਕ, 'ਲੋਕਯਾਨ ਅਤੇ ਮੱਧਕਾਲੀ ਪੰਜਾਬੀ ਸਾਹਿਤ' ਅਨੁਸਾਰ :

> ਪਰੰਪਰਾਗਤ ਰੂਪ ਵਿਚ ਪ੍ਰਾਪਤ ਲੋਕ ਸੰਸਕ੍ਰਿਤੀ ਦੇ ਅੰਸ਼ਾਂ ਅਤੇ ਪ੍ਰਾਚੀਨ ਸੱਭਿਆਚਾਰ ਦੇ ਅਵਿਸ਼ੇਸਾਂ ਨਾਲ ਭਰਭੂਰ ਲੋਕ ਸਮੂਹ ਦਾ ਉਹ ਗਿਆਨ ਜਿਸ ਵਿਚ ਲੋਕ ਮਾਨਸ ਦੀ ਅਭਿਵਿਅਕਤੀ ਹੋਵੇ ਅਤੇ ਜਿਸ ਨੂੰ ਲੋਕ ਸਮੂਹ ਪ੍ਰਵਾਨਗੀ ਦੇ ਕੇ ਪੀੜ੍ਹੀ ਦਰ ਪੀੜ੍ਹੀ ਅੱਗੇ ਤੋਰੇ ਲੋਕਯਾਨ ਹੈ। ਇਸ ਵਿਚ ਕਲਾ, ਸਾਹਿਤ, ਭਾਸ਼ਾ, ਅਨੁਸ਼ਠਾਨ, ਵਿਸ਼ਵਾਸ, ਕਿੱਤੇ, ਮਨੋਰੰਜਨ ਆਦਿ ਲੋਕ ਜੀਵਨ ਦੇ ਕਿਸੇ ਵੀ ਖੇਤਰ ਨਾਲ ਸੰਬੰਧਿਤ ਸਮੱਗਰੀ ਸ਼ਾਮਿਲ ਹੋ ਸਕਦੀ ਹੈ। (25-26)

ਡਾ. ਸੋਹਿੰਦਰ ਸਿੰਘ ਵਣਜਾਰਾ ਬੇਦੀ ਅਨੁਸਾਰ ਕਿ ਲੋਕਧਾਰਾ ਵਿਚ ਮਨੁੱਖ ਦੀ ਸਾਰੀ ਸੋਚ, ਕਲਾ, ਸਾਹਿਤ ਤੇ ਦਰਸ਼ਨ ਆਦਿ ਦੀਆਂ ਰੂੜ੍ਹੀਆਂ ਸਮਾਈਆਂ ਹੋਈਆਂ ਹਨ। ਲੋਕਧਾਰਾ ਦੀ ਮਹੱਤਤਾ ਨੂੰ ਸਪੱਸ਼ਟ ਕਰਦਿਆਂ ਡਾ. ਬੇਦੀ, ਡਾ. ਕਰਨਜੀਤ ਦੀ ਪੁਸਤਕ, 'ਪੰਜਾਬ ਦੀ ਲੋਕਧਾਰਾ ਅਤੇ ਪੰਜਾਬੀ ਜੀਵਨ' ਦੇ ਮੁੱਖ ਬੰਦ ਵਿਚ ਲਿਖਦੇ ਹਨ:

> ਲੋਕਧਾਰਾ ਕਿਸੇ ਜਾਤੀ ਦੇ ਵਿਰਸੇ ਦਾ ਉਹ ਸੱਚ ਹੈ, ਜਿਸ ਦੇ ਗਹਿਰੇ ਅਧਿਐਨ ਬਗੈਰ, ਕਿਸੇ ਜਾਤੀ ਦੀ ਸੱਭਿਆਚਾਰਕ ਪਛਾਣ ਕਾਇਮ ਨਹੀਂ ਹੋ ਸਕਦੀ। ਇਹ ਸੱਚ ਇਕ ਪ੍ਰਵਾਹ ਵਾਂਗ ਪ੍ਰੰਪਰਾ ਤੋਂ ਚਲਦਾ, ਯੁੱਗਾਂ ਨਾਲ ਕਦਮ ਮੇਚ ਕੇ ਤੁਰਦਾ, ਹਰੇਕ ਸੱਭਿਆਚਾਰਕ ਵਰਤਾਰੇ, ਵਸੂਤ ਤੇ ਸੋਚ ਵਿਚ ਆਪਣਾ ਜਲੌ ਦਰਸਾਉਦਾ ਹੈ। ਲੋਕਧਾਰਾ ਭਾਵੇਂ ਜੀਵਨ ਨਾਲੋਂ ਕਿਤਨੀ ਵੀ ਵਿਲੱਖਣ ਅਤੇ ਅਦਭੁੱਤ ਹੋਵੇ, ਕਿਤਨੀ ਹੀ ਬੇਯਕੀਨੀ ਤੇ ਮਿਥੀਕਲ ਹੋਵੇ, ਜਾਤੀ ਦੀ ਮਾਨਸਿਕਤਾ ਉਤੇ ਆਧਾਰਿਤ ਯਥਾਰਤ ਹੀ ਹੁੰਦੀ ਹੈ। ਜੋ ਲੋਕ ਮਨ ਦੀਆਂ ਪ੍ਰਵਿਰਤੀਆਂ ਤੋਂ ਸ਼ਕਤੀ ਲੈਂਦਾ ਹੈ। (ਮੁੱਖ ਬੰਦ)

ਲੋਕਧਾਰਾ ਬਾਰੇ ਲੋਕਯਾਨੀ ਡਾ. ਕਰਨਜੀਤ ਸਿੰਘ ਆਪਣੀ ਪੁਸਤਕ 'ਪੰਜਾਬ ਦੀ ਲੋਕਧਾਰਾ ਅਤੇ ਪੰਜਾਬੀ ਜੀਵਨ' ਵਿਚ ਵਿਚਾਰ ਪੇਸ਼ ਕਰਦੇ ਹਨ :

> ਲੋਕਧਾਰਾ ਜਾਤੀ ਦੇ ਵੱਡੇ ਵਡੇਰਿਆਂ ਦੀਆਂ ਅਕਾਂਖਿਆਵਾਂ ਤੇ ਅਦਰਸ਼ਾਂ ਦਾ ਸ਼ੀਸ਼ਾ ਹੈ। ਇਹ ਆਦਮ ਕਾਲ ਤੋਂ ਅੱਜ ਤੱਕ ਦੇ ਲੋਕਾਂ ਦੇ ਸੁਪਨਿਆਂ ਦਾ ਇਤਿਹਾਸ ਅਤੇ ਇਹਨਾਂ ਨੂੰ ਸਾਕਾਰ ਕਰਨ ਲਈ ਉੱਦਮ ਤੇ ਉਤਸ਼ਾਹ ਦਾ ਘੋਸ਼ਣਾ ਪੱਤਰ ਹੈ। ਇਸ ਤੋਂ ਜਾਤੀ ਵਿਸ਼ੇਸ ਦੇ ਭਵਿੱਖ ਬਾਰੇ ਵੀ ਕੁੱਝ ਅਨੁਮਾਨ ਲਾਏ ਜਾ ਸਕਦੇ ਹਨ। ਲੋਕਧਾਰਾ ਦਾ ਅਧਿਐਨ ਜਾਤੀ ਦੀ ਪਛਾਣ ਦਾ ਇਕ ਵੱਡਾ ਤੇ ਮਹੱਤਵ ਪੂਰਨ ਮਾਧਿਆਮ ਹੈ। ( 12)

ਅਮਰੀਕਨ ਵਿਦਵਾਨ ਆਰਚਰ ਟੇਲਰ ਨੇ ਲੋਕਧਾਰਾ ਬਾਰੇ ਆਪਣੇ ਵਿਚਾਰ ਪੇਸ਼ ਕਰਦਿਆਂ ਆਖਿਆ ਹੈ ਕਿ ਇਹ ਮੌਖਿਕ ਰੂਪ ਵਿਚ ਲੋਕ-ਗੀਤਾਂ, ਲੋਕ ਕਹਾਣੀਆਂ, ਪਹੇਲੀਆਂ, ਅਖੌਤਾਂ ਤੇ ਕਈ ਹੋਰ ਰੂਪਾਂ ਵਿਚ ਸ਼ਬਦਾਂ ਦੁਆਰਾ ਸਾਕਾਰ ਹੁੰਦੀ ਰਹਿੰਦੀ ਹੈ। ਇਹ ਰੀਤਾਂ, ਰਿਵਾਜ਼ਾਂ, ਕੰਮ ਧੰਦਿਆ ਦੇ ਰੂਪ ਵਿਚ ਮਿਲਦੀ ਹੈ।ਇਸ ਵਿਚ ਪਰੰਪਰਾਗਤ ਸੰਦ ਪਦਾਰਥਿਕ ਵਸਤਾਂ ਸਵਾਸਤਿਕ ਚਿੰਨ੍ਹ, ਰੂੜ ਹੋ ਚੁੱਕੀਆਂ ਰੀਤਾਂ ਅਤੇ ਸੰਪਰਦਾਇਕ ਵਿਸ਼ਵਾਸ ਸ਼ਾਮਿਲ ਹੁੰਦੇ ਹਨ। ਲੋਕਧਾਰਾ ਦੇ ਪੱਖ ਨੂੰ ਪੇਸ਼ ਕਰਦਿਆਂ ਡਾ. ਜਸਵਿੰਦਰ ਸਿੰਘ ਆਪਣੀ ਪੁਸਤਕ 'ਪੰਜਾਬੀ ਸੱਭਿਆਚਾਰ: ਪਛਾਣ ਚਿੰਨ੍ਹ' ਵਿਚ ਲਿਖਦੇ ਹਨ :

> ਲੋਕਧਾਰਾ ਸੱਭਿਆਚਾਰ ਦਾ ਇੱਕ ਗੌਰਵਸ਼ਾਲੀ ਅੰਗ ਹੈ ਅਤੇ ਵਿਆਪਕ ਪੈਮਾਨੇ ਤੇ ਸੱਭਿਆਚਾਰ ਦਾ ਸੰਚਾਰ ਮਾਧਿਅਮ ਵੀ ਹੈ। ਲੋਕਧਾਰਾ ਹਰੇਕ ਭੂਮੀ ਖੰਡ ਦੇ ਸਮਾਜਿਕ ਸਮੁੱਚ ਦਾ ਇਤਿਹਾਸਿਕ ਆਧਾਰ ਉੱਪਰ ਸਿਰਜਿਆ ਗਿਆ ਮਨੁੱਖੀ ਜੀਵਨ ਦਾ ਉਹ ਪ੍ਰਗਟਾਅ ਪੱਖ ਹੈ, ਜਿਸ ਰਾਹੀਂ ਉਹ ਸਮੂਹ ਆਪਣੇ ਜੀਵਨ ਵਰਤਾਰੇ ਦੇ ਵਿਸ਼ਾਲ ਸਮੁੱਚ ਨੂੰ ਪ੍ਰਗਟਾਉਂਦਾ ਹੈ।(75)

'ਸਟੈਂਡਰਡ ਡਿਕਸ਼ਨਰੀਂ ਆਫ ਫੋਕਲੋਰ' ਵਿਚ ਡਾ. ਬਲਵੀਰ ਸਿੰਘ ਪੂੰਨੀ ਨੇ ਐਨਸਾਈਕਲੋਪੀਡੀਆ ਨੂੰ ਆਧਾਰ ਬਣਾਉਂਦਿਆਂ, ਉਸ ਅੰਦਰ ਦਿੱਤੀ ਗਈ ਪਰਿਭਾਸ਼ਾ ਨੂੰ ਇਸ ਤਰ੍ਹਾਂ ਪ੍ਰਗਟਾਇਆ ਹੈ :

> ਲੋਕਧਾਰਾ ਆਮ ਲੋਕਾਂ ਦੇ ਪਰੰਪਰਾਗਤ ਵਿਸ਼ਵਾਸਾਂ, ਵਹਿਮਾਂ ਭਰਮਾਂ, ਰਸਮਾਂ ਰੀਤਾਂ ਤੇ ਕਰਮ ਕਾਡਾਂ ਲਈ ਵਰਗਤ ਨਾਂ ਦੇ ਰੂਪ ਵਿਚ ਵਰਤਿਆ ਜਾਂਦਾ ਹੈ, ਜੋ ਆਦਿ ਕਾਲ ਤੋਂ ਚਲੇ ਆ ਰਹੇ ਹਨ ਅਤੇ ਸਮਕਾਲੀ ਗਿਆਨ ਤੇ ਧਰਮ ਦੇ ਸਥਾਪਿਤ ਪੈਟਰਨਾਂ ਤੋਂ ਬਾਹਰ ਅਜੇ ਵੀ ਖੰਡਿਤ, ਸੁਧਰੇ ਪਰ ਨਿਸਬਤਨ ਬਦਲਦੇ ਰੂਪ ਵਿਚ ਆਧੁਨਿਕ ਯੁੱਗ ਤੱਕ ਵੀ ਹੋਂਦ ਕਾਇਮ ਰੱਖਦੇ ਹਨ। ( 276)

ਲੋਕਧਾਰਾ ਨੂੰ ਪ੍ਰਭਾਸ਼ਿਤ ਕਰਦਿਆਂ ਡਾ.ਕੇ.ਐਲ.ਸ਼ਰਮਾਂ ਆਪਣੀ ਪੁਸਤਕ, 'ਲੋਕਯਾਨ ਅਧਿਐਨ' ਵਿਚ ਵਿਚਾਰ ਪੇਸ਼ ਕਰਦੇ ਹਨ :

> ਲੋਕਯਾਨ (ਲੋਕਧਾਰਾ) ਅਜਿਹੇ ਲੋਕਾਂ ਦੇ ਇਕ ਗਰੁੱਪ ਦੀ ਰਚਨਾ ਹੈ, ਜਿਸ ਵਿਚ ਵਿਸ਼ੇਸ ਲੱਛਣ ਲਾਜ਼ਮੀ ਹੁੰਦੇ ਹਨ। ਜਿਵੇਂ ਮਾਨਸਿਕਤਾ, ਸਮਰੂਪਤਾ, ਆਚਰਣ ਅਤੇ ਸੁਭਆ ਦੀ ਇਕਸਾਰਤਾ ਅਤੇ ਪ੍ਰਗਟਾਵੇ ਵਿਚ ਵਿਲੱਖਣਤਾ ਜੋ ਕਿ ਇਲਾਕਾਈ ਚੇਤੰਨਤਾ ਤੇ ਕਿੱਤੇ ਦੀ ਸਾਂਝ ਆਦਿ ਨਾਲ ਹੋਰ ਵੀ ਪੱਕੇ ਹੋ ਜਾਂਦੇ ਹਨ। ( 49)

## ਲੋਕਧਾਰਾ ਦੇ ਤੱਤ

ਲੋਕਧਾਰਾ ਇੱਕ ਅਜਿਹਾ ਵਰਤਾਰਾ ਹੈ ਜੋ ਸ਼ੁਰੂ ਤੋਂ ਹੀ ਮਨੁੱਖ ਦੇ ਨਾਲ-ਨਾਲ ਚੱਲਦਾ ਆ ਰਿਹਾ ਹੈ। ਇਸ ਦੇ ਅਧਿਐਨ ਦਾ ਆਰੰਭ ਉਨੀਵੀਂ ਸਦੀ ਵਿੱਚ ਪੱਛਮ ਤੋਂ ਸ਼ੁਰੂ ਹੋਇਆ। ਲੋਕਧਾਰਾ ਸਮੂਹ ਮਨੁੱਖਾਂ ਦੀ ਅਜੇਹੀ ਸਿਰਜਣਾ ਹੈ ਜਿਸ ਨੂੰ ਭਾਵੇਂ ਸ਼ੁਰੂ ਵਿੱਚ ਇੱਕ ਹੀ ਵਿਅਕਤੀ ਸਿਰਜਦਾ ਹੈ, ਕਿਉਂਕਿ ਹਰੇਕ ਕਿਰਤ ਦਾ ਸਿਰਜਣਹਾਰਾ ਕੋਈ ਨਾ ਕੋਈ ਇਕ ਖਾਸ ਵਿਅਕਤੀ ਹੀ ਹੋਵੇਗਾ, ਪਰ ਉਹ ਲੋਕਧਾਰਾ ਤਾਂ ਹੀ ਬਣਦੀ ਹੈ ਜਦੋਂ ਉਹ ਸੰਬੰਧਿਤ ਸਮੂਹ ਦੁਆਰਾ ਸਮੂਹਿਕ ਮਨ ਦੀ ਬਿਰਤੀ ਪ੍ਰਵਿਰਤੀ ਅਤੇ ਪ੍ਰਕਿਰਤੀ ਅਨੁਸਾਰ ਵਾਧ ਘਾਟ ਕਰਨ ਬਾਅਦ ਪ੍ਰਵਾਨ ਹੁੰਦੀ ਹੈ। ਸਮੂਹਿਕ ਪ੍ਰਵਾਨਗੀ ਉਪਰੰਤ ਉਸ ਦਾ ਵਸ਼ਿਸ਼ਟ ਸਾਹਿਤਕ ਜਾਂ ਹੋਰ ਵਿਅਕਤੀਗਤ ਸੱਭਿਆਚਾਰਕ ਸਿਰਜਣਾ ਵਾਂਗ ਕੋਈ ਇਕੱਲਾ ਵਿਅਕਤੀ ਸਿਰਜਕ ਨਹੀਂ ਰਹਿੰਦਾ, ਸਗੋਂ ਬਾਅਦ ਵਿੱਚ ਸਮੂਹ ਹੀ ਉਸ ਦਾ ਸਿਰਜਕ ਬਣ ਜਾਂਦਾ ਹੈ। ਲੋਕਧਾਰਾ ਲੋਕਾਂ ਦੇ ਸਮੂਹ ਦੀ ਰਚਨਾ ਹੈ। ਇਸ ਵਿਚ

ਕਲਾ, ਲੋਕ-ਧੰਦੇ, ਲੋਕ-ਖੇਡਾਂ, ਰਸਮ-ਰਿਵਾਜ਼, ਲੋਕ-ਗੀਤ ਆਦਿ ਸ਼ਾਮਿਲ ਹੁੰਦੇ ਹਨ। ਇਹ ਇੱਕ ਪੀੜ੍ਹੀ ਦੂਜੀ ਪੀੜ੍ਹੀ ਨੂੰ ਦੇ ਜਾਂਦੀ ਹੈ। ਇਹਨਾਂ ਰਾਹੀਂ ਲੋਕ ਮਨ ਦੀ ਪੇਸ਼ਕਾਰੀ ਹੁੰਦੀ ਹੈ। ਲੋਕਧਾਰਾ ਦੇ ਕੁੱਝ ਤੱਤ ਹਨ :-

1. ਮੌਖਿਕਤਾ।

2. ਪਰੰਪਰਾ।

3. ਲੋਕ ਮਾਨਸ।

4. ਲੋਕ ਸੰਸਕ੍ਰਿਤੀ।

5. ਲੋਕ ਪ੍ਰਵਾਨਗੀ।

**1.ਮੌਖਿਕਤਾ :-** ਲੋਕਧਾਰਾ ਦਾ ਮੁੱਢਲਾ ਤੱਤ ਮੌਖਿਕਤਾ ਹੈ। ਜਿਸ ਸੱਭਿਆਚਾਰ ਵਿਚ ਭਾਸ਼ਾ ਦਾ ਕੋਈ ਲਿਖਤੀ ਰੂਪ ਨਹੀਂ ਹੈ, ਉਸ ਵਿਚ ਲਗਭਗ ਸਾਰਾ ਸੰਚਾਰ ਮੌਖਿਕ ਰੂਪ ਵਿਚ ਹੀ ਕੀਤਾ ਜਾਂਦਾ ਹੈ। ਅਜਿਹੇ ਸੱਭਿਆਚਾਰਾਂ ਵਿਚ ਉਹਨਾਂ ਦੀ ਬੋਲ ਚਾਲ ਦੀ ਭਾਸ਼ਾ, ਸ਼ਿਕਾਰ ਦੀਆਂ ਵਿਧੀਆਂ ਜਾਂ ਵਿਆਹ ਦੇ ਨੇਮ ਆਦਿ ਪੁਸ਼ਤ-ਦਰ-ਪੁਸ਼ਤ ਮੌਖਿਕ ਰੂਪ ਵਿਚ ਹੀ ਤੁਰਦੇ ਹਨ ਜਿਹਨਾਂ ਤੋਂ ਉਥੋਂ ਦੀ ਲੋਕਧਾਰਾ ਰੂਪਮਾਨ ਹੁੰਦੀ ਹੈ।

**2. ਪਰੰਪਰਾ :-** ਪਰੰਪਰਾ ਲੋਕਧਾਰਾ ਦਾ ਮਹੱਤਵਪੂਰਨ ਤੱਤ ਹੈ। ਪਰੰਪਰਾ ਨਾਲ ਮੇਲ ਤੋਂ ਬਿਨਾਂ ਲੋਕਧਾਰਾ ਜੀਵੰਤ ਨਹੀਂ ਰਹਿ ਸਕਦੀ। ਪਰੰਪਰਾ ਵਿਚ ਉਹ ਹੀ ਪੱਖ ਆਉਂਦੇ ਹਨ ਜੋ ਪੁਸ਼ਤ ਦਰ ਪੁਸ਼ਤ ਅੱਗੇ ਚਲੇ ਆਉਂਦੇ ਹਨ। ਇਸ ਬਾਰੇ ਡਾ. ਜੀਤ ਸਿੰਘ ਜੋਸ਼ੀ ਆਪਣੀ ਪੁਸਤਕ 'ਲੋਕਧਾਰਾ ਸਿਧਾਂਤ ਤੇ ਵਿਸ਼ਲੇਸ਼ਣ' ਵਿਚ ਵਿਚਾਰ ਪੇਸ਼ ਕਰਦੇ ਹਨ :

> ਪਰੰਪਰਾ ਉਸ ਵਿਸ਼ੇਸ ਪੁਰਾਤਨ ਜੀਵਨ ਧਾਰਾ ਦਾ ਨਾਮ ਹੈ ਜਿਸ ਦੇ ਵਿਕਾਸ ਦਾ ਪ੍ਰਵਾਹ ਇਕਸਾਰ ਅਤੇ ਲੰਬੇ ਸਮੇਂ ਤੱਕ ਰਿਹਾ ਹੋਵੇ। ਇਸ ਤਰਾਂ ਪਰੰਪਰਾ ਮਾਨਵੀ ਜੀਵਨ ਦੀ ਕਿਸੇ ਇਕ ਪੀੜ੍ਹੀ-ਦਰ-ਪੀੜ੍ਹੀ ਨਿਰੰਤਰ ਹੁੰਦਾ ਰਹਿੰਦਾ ਹੈ। ਪਰੰਪਰਾ ਕਿਸੇ ਮਾਨਵ ਨੂੰ ਜੀਵ

> ਵਿਗਿਆਨਕ ਵਿਰਸੇ ਵਜੋਂ ਪ੍ਰਾਪਤ ਨਹੀਂ ਹੁੰਦੀ, ਸਗੋਂ ਇਸ ਨੂੰ ਪ੍ਰਾਪਤ ਕਰਨਾ ਲਈ ਸਮਾਜਿਕ ਵਿਵਹਾਰ ਅੰਦਰ ਲੰਬੇ ਸਮੇਂ ਤੱਕ ਵਿਚਰਨਾ ਪੈਂਦਾ ਹੈ।( 14-15)

ਪਰੰਪਰਾ ਦੇ ਪੱਖ ਨੂੰ ਪੇਸ਼ ਕਰਦਿਆਂ ਡਾ. ਵਣਜਾਰਾ ਬੇਦੀ ਆਪਣੀ ਪੁਸਤਕ 'ਲੋਕਧਾਰਾ ਅਤੇ ਸਾਹਿਤ' ਵਿਚ ਇਸ ਬਾਰੇ ਆਪਣੇ ਵਿਚਾਰ ਪੇਸ਼ ਕਰਦੇ ਹਨ :

> ਲੋਕ ਸੰਸਕ੍ਰਿਤੀ ਦੀ ਯਾਤਰਾ ਸਾਦਾ ਪਰੰਪਰਾ ਮੁਖੀ ਰਹੀ ਹੈ ਅਤੇ ਇਸ ਯਾਤਰਾ ਦਾ ਸਾਰਾ ਅਡੰਬਰ ਲੋਕਧਾਰਾ ਦੀ ਹੀ ਸਾਕਾਰ ਹੈ ।(9)

ਇਹਨਾਂ ਵਿਚਾਰਾ ਦੇ ਆਧਾਰ ਤੇ ਇਹ ਸਪੱਸ਼ਟ ਹੋ ਜਾਂਦਾ ਹੈ ਕਿ ਪਰੰਪਰਾ ਲੋਕਧਾਰਾ ਦੇ ਤੱਤਾਂ ਦਾ ਇਕ ਅਹਿਮ ਹਿੱਸਾ ਹੈ, ਜਾਂ ਇਹ ਇਉਂ ਕਹਿ ਲਈਏ ਕਿ ਪਰੰਪਰਾ ਲੋਕਧਾਰਾ ਦਾ ਆਇਨਾ (ਸ਼ੀਸ਼ਾ) ਹੈ, ਜਿਸ ਰਾਹੀਂ ਲੋਕ ਜੀਵਨ ਦੀਆਂ ਭਿੰਨ-ਭਿੰਨ ਝਲਕੀਆਂ ਨੂੰ ਰੂਪਮਾਨ ਕਰ ਸਕਦੇ ਹਾਂ।

**3. ਲੋਕ ਮਾਨਸ :-** ਲੋਕਧਾਰਾ ਦਾ ਤੀਜਾ ਵਿਸ਼ੇਸ ਤੱਤ ਲੋਕ ਮਾਨਸ ਹੈ। ਜੋ ਲੋਕਧਾਰਾ ਵਾਂਗ ਹੀ ਸਮਾਜ ਦੇ ਵਿਅਕਤੀਆਂ ਨੂੰ ਪਰੰਪਰਾ ਵਾਂਗ ਪੁਸ਼ਤ-ਦਰ-ਪੁਸ਼ਤ ਪ੍ਰਾਪਤ ਹੁੰਦਾ ਹੈ। ਲੋਕ ਮਾਨਸ ਬਾਰੇ ਆਪਣੇ ਵਿਚਾਰ ਡਾ. ਵਣਜਾਰਾ ਬੇਦੀ, ਪੁਸਤਕ 'ਲੋਕਧਾਰਾ ਅਤੇ ਸਾਹਿਤ' ਵਿਚ ਇਉਂ ਪੇਸ਼ ਕਰਦੇ ਹਨ :

> ਲੋਕ ਸੰਸਕ੍ਰਿਤੀ ਦੀ ਹਰ ਮਾਨਸਿਕ ਅਤੇ ਭੌਤਿਕ ਪ੍ਰਕਿਰਿਆ ਦੇ ਵੇਗ ਦਾ ਮੂਲ ਸਰੋਤ ਸਮੂਹਿਕ ਚਿੱਤ ਹੁੰਦਾ ਹੈ। ਇਸੇ ਸਮੂਹਿਕ ਚਿੱਤ ਨੂੰ ਲੋਕਮਨ ਕਿਹਾ ਜਾਂਦਾ ਹੈ। ਲੋਕਮਨ ਸਦਾ ਜਾਗਰਤ ਜੋਤ ਹੁੰਦਾ ਹੈ, ਜੋ ਆਦਿ ਜੁਗਾਦਿ ਤੋਂ ਹਰ ਮਨ ਵਿਚ ਪ੍ਰਕਾਸ਼ਮਾਨ ਚਲੀ ਆ ਰਹੀ ਹੈ ਪਰ ਕਦੇ ਕਿਸੇ ਦੇ ਮਨ ਵਿਚੋਂ ਬੁੱਝਦੀ ਨਹੀਂ । ( 9)

ਅਸਲ ਵਿਚ ਲੋਕ ਮਾਨਸ ਜਾਂ ਲੋਕ ਮਨ ਇਕ ਅਜਿਹਾ ਲੋਕਧਾਰਾ ਦਾ ਤੱਤ ਹੈ, ਜਿਸ ਨੂੰ ਅਣਗੋਲਿਆਂ ਨਹੀਂ ਕੀਤਾ ਜਾ ਸਕਦਾ। ਲੋਕ ਮਾਨਸ ਹੀ ਲੋਕਧਾਰਾ ਦਾ ਅਸਲ ਵਰਤਾਰਾ ਹੈ। ਲੋਕਮਨ ਹੀ ਲੋਕਧਾਰਾ ਨੂੰ ਸੁਰਜੀਤ ਕਰਦਾ ਹੈ। ਲੋਕ ਮਾਨਸ ਦੇ ਪੱਖ ਨੂੰ ਪੇਸ਼ ਕਰਦਿਆਂ ਪੁਸਤਕ 'ਲੋਕਧਾਰਾ ਸਿਧਾਂਤ ਤੇ ਵਿਸ਼ਲੇਸ਼ਣ' ਵਿਚੋਂ ਡਾ. ਜੀਤ ਸਿੰਘ ਜੋਸ਼ੀ ਦਾ ਵਿਚਾਰ ਹੈ :

> ਲੋਕ ਮਨ ਇਕ ਆਪ ਮੁਹਾਰੀ ਜੋਤ ਵਾਂਗ ਹੈ, ਜਿਸ ਦਾ ਪ੍ਰਕਾਸ਼ ਹਰ ਵਿਅਕਤੀ ਦੇ ਮਨ ਵਿਚ ਹੁੰਦਾ ਹੈ । ਇਹ ਪ੍ਰਕਾਸ਼ ਵੱਧ ਜਾਂ ਘੱਟ ਹੋ ਸਕਦਾ ਹੈ ਪਰ ਕੋਈ ਮਨੁੱਖ ਇਸ ਦੀ ਰਿਸ਼ਮ ਤੋਂ ਬਿਲਕੁੱਲ ਸੱਖਣਾ ਹੋਵੇ , ਇਹ ਸੰਭਵ ਨਹੀਂ ਹੈ। ( 15)

ਲੋਕ ਮਾਨਸ ਨੂੰ ਵੱਖ-ਵੱਖ ਵਿਦਵਾਨਾਂ ਨੇ ਅੱਡ-ਅੱਡ ਨਾਵਾਂ ਦਿੱਤੇ ਹਨ ਜਿਵੇਂ ਲੋਕਮਨ, ਲੋਕ ਚਿੱਤ ਆਦਿ। ਲੋਕ ਚਿੱਤ ਤੋਂ ਭਾਵ ਉਸ ਜਨਤਾ ਦੇ ਚਿੱਤ ਤੋਂ ਹੈ, ਜਿਹੜਾ ਪਰੰਪਰਾ ਪ੍ਰਥਿਤ, ਬੌਧਿਕ, ਵਿਵੇਚਨਾਪੁਰਕ ਸ਼ਾਸਤਰਾਂ ਅਤੇ ਉਹਨਾਂ ਉੱਤੇ ਕੀਤੀਆਂ ਟੀਕਾ ਟਿੱਪਣੀਆਂ ਤੋਂ ਅਪਰਿਚਿਤ ਹੁੰਦਾ ਹੈ। ਜਿਹੜੀ ਚੀਜ਼ ਲੋਕ ਮਨ ਤੋਂ ਉਤਪੰਨ ਹੁੰਦੀ ਹੈ ਅਤੇ ਸਰਬ ਸਧਾਰਨ ਨੂੰ ਅੰਦੋਲਿਤ ਤੇ ਪ੍ਰਭਾਵਿਤ ਕਰਦੀ ਹੈ, ਉਹ ਲੋਕ ਸਾਹਿਤ , ਲੋਕ ਸ਼ਿਲਪ, ਲੋਕ ਨਾਟ, ਲੋਕ ਕਥਾਨਕ ਭਾਵਾਂ ਨਾਲ ਪੁਕਾਰੀ ਜਾ ਸਕਦੀ ਹੈ। ਲੋਕ ਮਨ ਬਾਰੇ 'ਪੰਜਾਬੀ ਲੋਕਧਾਰਾ ਵਿਸ਼ਵਕੋਸ਼ ਜਿਲਦ ਪਹਿਲੀ ਤੇ ਦੂਜੀ' ਵਿਚ ਪ੍ਰਸਿੱਧ ਲੋਕਯਾਨੀ ਡਾ. ਵਣਜਾਰਾ ਬੇਦੀ ਲਿਖਦੇ ਹਨ :

> ਲੋਕਧਾਰਾ ਸੰਸਕ੍ਰਿਤੀ ਦਾ ਭਾਵ ਤੇ ਬੌਧਿਕ ਪਾਸਾਰ ਅਤੇ ਲੋਕ ਮਨ ਦਾ ਸਹਿਜ ਪ੍ਰਗਟਾਵਾ ਹੋਣ ਦੇ ਨਾਤੇ, ਕਿਸੇ ਜਾਤੀ ਦੇ ਜੀਵਨ ਚਰਿੱਤਰ ਅਤੇ ਵਿਹਾਰ ਦਾ ਮੂਲ ਸੱਚ ਹੈ। ਇਹ ਸੱਚ ਨੂੰ ਪਰੋਖੇ ਰੱਖ ਕੇ ਕਿਸੇ ਵੀ ਜਾਤੀ ਦੇ ਸਮੁੱਚੇ ਜੀਵਨ ਕਲਾ ਅਤੇ ਸਾਹਿਤ ਦੇ ਬੁਨਿਆਦੀ ਚਰਿੱਤਰ ਸਰੂਪ ਅਤੇ ਪ੍ਰਵਿਰਤੀਆਂ ਦੀ ਪਛਾਣ ਸੌਖੀ ਨਹੀਂ। ਪੰਜਾਬੀ ਜੀਵਨ ਸ਼ੈਲੀ ਕਲਾ ਅਤੇ ਸਾਹਿਤ ਵਿੱਚ ਲੋਕਧਾਰਾ ਦੀਆਂ ਰੂੜੀਆਂ ਇਕ ਗੌਰਵਮਈ ਤੱਥ ਵਾਂਗ ਬਿਖਰੀਆਂ ਹੋਣ ਤੋਂ ਇਲਾਵਾ ਜਾਗਤ ਜੋਤ ਵਾਂਗ ਪ੍ਰਕਾਸ਼ਮਾਨ ਹਨ। ਪੰਜਾਬੀ ਸੰਸਕ੍ਰਿਤੀ ਦੀ ਬਹੁ ਰੰਗੀ ਫੁਲਕਾਰੀ ਲੋਕਧਾਰਾਈ ਰੂੜ੍ਹੀਆਂ ਦੇ ਤਾਣੇ-ਪੇਟੇ ਨਾਲ ਜੀਵਨ ਦੀ ਖੱਡੀ ਉੱਤੇ ਬੁਣੀ ਗਈ ਹੈ। ਪੰਜਾਬੀ ਸੰਸਕ੍ਰਿਤੀ ਦੀ ਯੁੱਗਾਂ ਲੰਮੀ ਯਾਤਰਾ ਵਿੱਚ ਇਹ ਧਰਤੀ ਕਈ ਕਬੀਲਿਆਂ ਦਾ ਰੰਗਮੰਚ ਰਹੀ ਅਤੇ ਅਨੇਕਾਂ ਦਿਸ਼ਾਵਾਂ ਤੋਂ ਲੋਕ ਰੂੜੀਆਂ ਇਸ ਫੁਲਕਾਰੀ ਵਿੱਚ ਸੰਮਿਲਿਤ ਹੋ ਕੇ ਇਸ ਨੂੰ ਇਕ ਵਿਲੱਖਣ ਰੂਪ ਤੇ ਜਲਾਲ ਬਖ਼ਸ਼ਦੀਆਂ ਰਹੀਆਂ। ( 5)

ਉਪਰੋਕਤ ਦੇ ਆਧਾਰ ਤੇ ਸ਼ਪੱਸਟ ਹੋ ਜਾਂਦਾ ਹੈ ਕਿ ਲੋਕਧਾਰਾ ਦੇ ਤੱਤਾਂ ਵਿਚੋਂ ਲੋਕ ਮਨ ਇਕ ਅਹਿਮ ਤੱਤ ਹੈ। ਲੋਕ ਮਨ ਤੋਂ ਸੱਖਣਾ ਕੋਈ ਵੀ ਵਰਤਾਰਾ ਲੋਕਧਾਰਾ ਦੇ ਖੇਤਰ ਵਿਚ ਸ਼ਾਮਿਲ ਹੋ ਹੀ ਨਹੀਂ ਸਕਦਾ।

**4. ਲੋਕ ਸੰਸਕ੍ਰਿਤੀ :-** ਲੋਕ ਸੰਸਕ੍ਰਿਤੀ ਲੋਕਧਾਰਾ ਦਾ ਇਕ ਮਹੱਤਵਪੂਰਨ ਤੱਤ ਹੈ। ਲੋਕ ਸੰਸਕ੍ਰਿਤੀ ਵਿਚੋਂ ਹੀ ਕਿਸੇ ਇਲਾਕੇ ਦੀ ਲੋਕਧਾਰਾ ਦਾ ਪਤਾ ਲਗਦਾ ਹੈ। ਡਾ. ਬਲਵੀਰ ਸਿੰਘ ਪੂੰਨੀ ਆਪਣੀ ਪੁਸਤਕ 'ਲੋਕਧਾਰਾ ਅਤੇ ਸਭਿਆਚਾਰ' ਵਿਚੋਂ ਲੋਕ ਸੰਸਕ੍ਰਿਤੀ ਬਾਰੇ ਵਿਚ ਅੰਕਿਤ ਕਰਦੇ ਹਨ :

> ਲੋਕ ਸੰਸਕ੍ਰਿਤੀ ਲੋਕ ਜੀਵਨ ਦੀ ਆਤਮਾ ਹੈ ਅਤੇ ਇਸੇ ਦੁਆਰਾ ਲੋਕ ਜੀਵਨ ਦੇ ਉਹਨਾਂ ਸਾਰੇ ਸੰਸਕਾਰਾਂ ਦਾ ਬੋਧ ਹੁੰਦਾ ਹੈ, ਜਿਹਨਾਂ ਰਾਹੀਂ ਲੋਕ ਆਪਣੇ ਸਮੂਹਿਕ ਤੇ ਸਮਾਜਿਕ ਜਵੀਨ ਢੰਗ ਦਾ ਨਿਰਣਾ ਕਰਦੇ ਹਨ। ਲੋਕ ਸੰਸਕ੍ਰਿਤੀ ਦੀ ਉਪਜ ਸਹਿਜ ਸੁਭਾਅ ਹੁੰਦੀ ਹੈ। (88)

ਲੋਕ ਸੰਸਕ੍ਰਿਤੀ ਕੁਝ ਜੀਵਨ ਵਿਧੀਆਂ, ਆਚਾਰਾਂ, ਵਿਵਹਾਰਾਂ, ਪੈਟਰਨਾਂ, ਚਰਿੱਤਰ, ਲੱਛਣਾਂ ਅਤੇ ਪਰੰਪਰਾਗਤ ਤੌਰ ਤਰੀਕਿਆਂ ਦਾ ਜੋੜ ਹੈ, ਜੋ ਬੁਨਿਆਦੀ ਲੋਕਧਾਰਾ ਨੂੰ ਮਨੁੱਖੀ ਸੱਭਿਆਚਾਰ ਦਾ ਇਕ ਭਾਗ ਸਮਝਦੇ ਹਨ, ਉੱਥੇ ਲੋਕਧਾਰਾ ਸ਼ਾਸਤਰੀਆਂ ਅਨੁਸਾਰ ਲੋਕ ਸੰਸਕ੍ਰਿਤੀ ਲੋਕਧਾਰਾ ਦਾ ਵਿਸ਼ੇਸ ਤੱਤ ਹੈ। ਡਾ. ਕਰਨੈਲ ਸਿੰਘ ਥਿੰਦ ਦੀ ਪੁਸਤਕ 'ਪੰਜਾਬੀ ਲੋਕ ਨਾਟ ਪਰੰਪਰਾ' ਦੇ ਹਵਾਲੇ ਅਨੁਸਾਰ :

> ਭਾਰਤੀ ਲੋਕ ਜੀਵਨ ਦੀ ਆਪਣੀ ਇਕ ਵਿਸ਼ਾਲ ਤੇ ਵਿਸ਼ੇਸ ਪਰੰਪਰਾ ਹੈ। ਇਥੋਂ ਦੀਆ ਪੁਰਾਣ ਕਥਾਵਾਂ, ਲੋਕ ਕਹਾਣੀਆਂ, ਤੀਰਥ ਅਸਥਾਨਾਂ, ਵਰਤਾਂ, ਉਤਸਵਾਂ ਆਦਿ ਰਾਹੀਂ ਲੋਕ ਸੰਸਕ੍ਰਿਤੀ ਪੂਰੀ ਤਰਾਂ ਪ੍ਰਤੀਬਿੰਬ ਹੁੰਦੀ ਹੈ। ਲੋਕਯਾਨ ਦੇ ਵੱਖ-ਵੱਖ ਵਿਭਾਗ ਲੋਕ ਸਾਹਿਤ, ਲੋਕ ਕਲਾ, ਅਨੁਸ਼ਠਾਨਾਂ, ਵਿਸ਼ਵਾਸ਼ਾਂ ਦੁਆਰਾ ਲੋਕ ਸੰਸਕ੍ਰਿਤੀ ਦੀ ਪੂਰੀ ਤਰਾਂ ਸੰਪਦਨਾ ਹੁੰਦੀ ਹੈ ਅਤੇ ਲੋਕ ਸੰਸਕ੍ਰਿਤੀ ਦੀ ਆਤਮਾ ਹਿਮਾਲਾ ਪਰਬਤ ਤੋਂ ਲੈ ਕੇ ਕੰਨਿਆ ਕੁਮਾਰੀ ਤੱਕ ਵੱਸ ਰਹੇ ਜੰਗਲੀ ਪੇਂਡੂ ਅਤੇ ਸ਼ਹਿਰੀ ਲੋਕਾਂ ਵਿਚ ਪੂਰੀ ਤਰਾਂ ਵਿਦਮਾਨ ਹੈ। (24)

**5. ਲੋਕ ਪ੍ਰਵਾਨਗੀ :-** ਲੋਕਧਾਰਾ ਦੇ ਤੱਤਾਂ ਵਿਚੋਂ ਇੱਕ ਹੋਰ ਅਹਿਮ ਤੱਤ ਲੋਕ ਪ੍ਰਵਾਨਗੀ ਹੈ। ਅਸਲ ਵਿਚ ਲੋਕ ਪ੍ਰਵਾਨਗੀ ਤੋਂ ਬਿਨ੍ਹਾਂ ਕੋਈ ਕੰਮ ਸਿਰੇ ਨਹੀਂ ਚੜ੍ਹਦਾ। ਲੋਕਧਾਰਾ ਯਤਨਾਂ ਦੁਆਰਾ ਘੜੀ ਨਹੀਂ ਜਾਂਦੀ ਇਸ ਦੀ ਉਪਜ ਸਹਿਜ ਸੁਭਾਅ ਹੁੰਦੀ ਹੈ। ਲੋਕ-ਗੀਤ, ਲੋਕ ਕਥਾ ਜਾਂ ਕੋਈ ਹੋਰ ਲੋਕ ਕਹਾਣੀ ਕਿਸੇ ਇਕ ਵਿਅਕਤੀ ਦੀ ਰਚਨਾ ਹੁੰਦੀ ਹੈ, ਪਿੱਛੋਂ ਲੋਕ ਉਸ ਵਿਚ ਸਮੇਂ ਸਮੇਂ ਬਦਲੀ ਕਰਦੇ ਰਹਿੰਦੇ ਹਨ ਅਤੇ ਉਸ ਨੂੰ ਪ੍ਰਵਾਨਗੀ ਦੇ ਕੇ ਅੱਗੇ ਤੋਰਦੇ ਰਹਿੰਦੇ ਹਨ। ਪਰ ਇਕ ਗੱਲ ਵਾਚਣ ਯੋਗ ਹੈ ਕਿ ਲੋਕਧਾਰਾ ਤਹਿਤ ਕੋਈ ਵੀ ਸਮੱਗਰੀ ਲੋਕ ਪ੍ਰਵਾਨਗੀ ਤੋਂ ਬਿਨਾਂ ਸਿਰੇ ਨਹੀਂ ਚੜ੍ਹਦੀ। ਲੋਕਧਾਰਾ ਦੀ ਸਮੱਗਰੀ ਵਿਚ ਬਹੁਤ ਕੁਝ ਲੋਕ ਸਮੂਹ ਦੁਆਰਾ ਹੀ ਹੋਂਦ ਵਿਚ ਆਓਂਦਾ ਹੈ। ਕੋਈ ਰਚਨਾ ਜੋ ਭਾਵੇਂ ਕਿਸੇ ਇਕ ਵਿਅਕਤੀ ਦੀ ਹੈ ਜਾਂ ਕਿ ਸਮੂਹਿਕ ਮੰਡਲੀ ਦੀ ਹੈ, ਜਦ ਤਕ ਲੋਕ ਸਮੂਹ ਉਸ ਨੂੰ ਪ੍ਰਵਾਨਗੀ ਦੇ ਕੇ ਅੱਗੇ ਨਹੀਂ ਤੋਰਦਾ, ਉਹ ਪੁਸ਼ਤ-ਦਰ-ਪੁਸ਼ਤ ਜਾਣ ਵਾਲੀ ਚੀਜ਼ ਨਹੀਂ ਬਣੇਗੀ, ਨਾ ਹੀ ਉਸ ਵਿਚ ਪਰੰਪਰਾ ਦੇ ਅੰਸ਼ ਸ਼ਾਮਿਲ ਹੋ ਸਕਣਗੇ। ਲੋਕਧਾਰਾ ਦੇ ਬਹੁਤੇ ਤੱਤ ਇਕ ਪੀੜ੍ਹੀ ਤੋਂ ਦੂਜੀ ਪੀੜ੍ਹੀ ਤੱਕ ਮੌਖਿਕ ਰੂਪ ਵਿਚ ਆਏ ਹਨ। ਪਰ ਉਹਨਾਂ ਦਾ ਵਾਜੂਦ ਤਾਂ ਹੀ ਸਥਾਪਿਤ ਹੋਇਆ ਜਦੋਂ ਉਹਨਾਂ ਨੂੰ ਲੋਕ ਸਮੂਹ ਜਾਂ ਜਨ ਸਮੂਹ ਦੀ ਪ੍ਰਵਾਨਗੀ ਪ੍ਰਾਪਤ ਹੁੰਦੀ ਹੈ। ਇਸ ਕਰਕੇ ਲੋਕਧਾਰਾ ਦੇ ਤੱਤਾਂ ਵਿਚ ਲੋਕ ਪ੍ਰਵਾਨਗੀ ਨੂੰ ਅਹਿਮ ਮੰਨਿਆ ਜਾਂਦਾ ਹੈ।

## ਅ. ਲੋਕਧਾਰਾ ਸ਼ਾਸਤਰ

ਲੋਕਧਾਰਾ ਸ਼ਾਸਤਰ ਆਪਣੇ ਆਪ ਵਿਚ ਇੱਕ ਸੁਤੰਤਰ ਅਨੁਸ਼ਾਸਨ ਹੈ। ਹੋਰ ਸ਼ਾਸਤਰਾਂ ਜਿਵੇਂ ਸਮਾਜ ਸ਼ਾਸਤਰ, ਰਾਜਨੀਤੀ ਸ਼ਾਸਤਰ, ਅਰਥ ਸ਼ਾਸਤਰ, ਦਰਸ਼ਨ ਸ਼ਾਸਤਰ, ਧਰਮ ਸ਼ਾਸਤਰ ਆਦਿ ਵਾਂਗ ਇਸ ਦਾ ਵੀ ਸੁਤੰਤਰ ਅਧਿਐਨ ਹੁੰਦਾ ਹੈ। ਲੋਕਧਾਰਾ ਦਾ ਮਹੱਤਵ ਹੋਣ ਕਰਕੇ ਹੀ ਇਸ ਰਾਹੀਂ ਮਨੁੱਖ ਨੂੰ ਆਪਣੇ ਸੱਭਿਆਚਾਰਕ ਪਿਛੋਕੜ ਦਾ ਪਤਾ ਲਗਦਾ ਹੈ। ਇੱਥੋਂ ਤੱਕ ਮਨੁੱਖ ਆਪਣੇ ਆਲੇ-ਦੁਆਲੇ ਨੂੰ ਸਮਝਣ ਅਤੇ ਵਾਚਣ ਬਾਰੇ ਵੀ ਸਹਾਇਤਾ ਮਿਲਦੀ ਹੈ।ਇਸ ਬਾਰੇ ਪੁਸਤਕ 'ਲੋਕਧਾਰਾ ਸਿਧਾਂਤ ਤੇ ਵਿਸ਼ਲੇਸ਼ਣ' ਵਿਚੋਂ ਡਾ. ਜੀਤ ਸਿੰਘ ਜੋਸ਼ੀ ਦਾ ਵਿਚਾਰ ਹੈ :

> ਲੋਕਧਾਰਾ ਮਾਨਵ ਚੇਤਨਾ ਦਾ ਸਹਿਜ ਪ੍ਰਗਟਾ ਹੈ। ਲੋਕਾ ਦੁਆਰਾ ਸਿਰਜਿਤ ਅਤੇ ਲੋਕ ਸੱਭਿਆਚਾਰ ਦੀ ਰੰਗਤ ਵਾਲੇ ਉਹ ਹਰ ਤਰ੍ਹਾਂ ਦੇ ਪਰੰਪਰਾਗਤ ਵਰਤਾਰੇ ਲੋਕਧਾਰਾ ਦੇ ਅੰਤਰਗਤ ਵਿਚਾਰੇ ਜਾ ਸਕਦੇ ਹਨ, ਜਿਹਨਾਂ ਵਿਚ ਲੋਕ ਮਨ ਦੀ ਸ਼ਮੂਲੀਅਤ ਨੂੰ ਲੋਕ-ਸਮੂਹ ਨੇ ਪ੍ਰਵਾਨਗੀ ਦੇਣ ਉਪਰੰਤ ਪੀੜ੍ਹੀ-ਦਰ-ਪੀੜ੍ਹੀ ਅਪਣਾਇਆ ਹੋਵੇ ਜਾਂ ਇਉਂ ਵੀ ਕਿਹਾ ਜਾ ਸਕਦਾ ਹੈ ਕਿ ਕਿਸੇ ਉਚੇਚੇ, ਨਿਸਚਿਤ ਨਿਯਮਾਂ ਤੋਂ ਸੁਤੰਤਰ, ਸ਼ਾਸਤਰੀ ਬੰਦੇਜ਼ਾਂ ਤੋਂ ਮੁਕਤ, ਪਰ ਸਹੁਜ ਸੁਆਦ ਨਾਲ ਸਪੰਨ,ਸਾਧਾਰਨ ਲੋਕਾਂ ਦੀਆਂ ਘਾੜਤਾਂ ਦਾ ਸਮੁੱਚ ਹੀ ਲੋਕਧਾਰਾ ਦਾ ਮੁੱਢਲਾ ਰੂਪ ਨਿਰਧਾਰਿਤ ਕਰਦਾ ਹੈ। ਅਜਿਹੇ ਸਰਬ ਵਿਆਪਕ ਵਰਤਾਰਿਆਂ ਅੰਦਰ ਨਿਸਚੇ ਹੀ ਸਰਲਤਾ, ਸਹਿਜਤਾ, ਸੁਭਾਵਿਕਤਾ, ਨਿਰੰਤਰਤਾ, ਆਪ-ਮੁਹਾਰਤਾ ਅਤੇ ਮਧੁਰਤਾ ਦੇ ਗੁਣ ਸ਼ਾਮਿਲ ਹੁੰਦੇ ਹਨ। (19)

ਲੋਕਧਾਰਾ ਸ਼ਾਸਤਰ ਆਪਣੇ ਆਪ ਵਿਚ ਮਹੱਤਵਪੂਰਨ ਵਿਸ਼ਾ ਹੋਣ ਕਰਕੇ ਇਸ ਤੋਂ ਸਾਨੂੰ ਪ੍ਰਾਚੀਨ ਸਮੇਂ ਅੰਦਰ ਪ੍ਰਚਿਲਤ ਧਰਮ ਦਾ ਪਤਾ ਲਗਦਾ ਹੈ ਕਿ ਇਹ ਸਾਡੇ ਸਾਹਿਤ ਦਾ ਸੋਮਾ ਹੈ, ਇਹ ਸਾਡੇ ਗਿਆਨ ਵਿਚ ਵਾਧਾ ਕਰਦਾ ਹੈ, ਇਹ ਸਾਨੂੰ ਆਪਣੇ ਸਮਾਜ ਦੇ ਆਧਾਰ ਨੂੰ ਮਜ਼ਬੂਤ ਕਰਨ ਵਿਚ ਸਹਾਇਤਾ ਦਿੰਦਾ ਹੈ। ਲੋਕਧਾਰਾ ਨੂੰ ਚਾਰ ਵੰਨਗੀਆਂ ਰਾਹੀਂ ਪੇਸ਼ ਕੀਤਾ ਜਾ ਸਕਦਾ ਹੈ।

1. **ਸਾਹਿਤਕ :-** ਇਸ ਵੰਨਗੀ ਅਧੀਨ ਲੋਕ-ਕਾਵਿ ਤੇ ਵੱਖ-ਵੱਖ ਤਰ੍ਹਾਂ ਦੀ ਵਾਰਤਕ ਸ਼ਾਮਿਲ ਹੈ,ਜਿਵੇਂ ਕਿ ਮਿੱਥ, ਲੋਕ ਕਹਾਣੀਆਂ ਆਦਿ।

2. **ਭਾਸ਼ਾਈ :-** ਇਸ ਵੰਨਗੀ ਅਧੀਨ ਬੋਲੀ ਦੇ ਰੂਪ ਵਿਚ ਪ੍ਰਾਪਤ ਅਖਾਣ, ਮੁਹਾਵਰੇ ਅਤੇ ਬੁਝਾਰਤਾਂ ਆਦਿ ਸ਼ਾਮਿਲ ਹਨ।

3. **ਵਿਗਿਆਨਕ :-** ਇਸ ਤਹਿਤ ਬਿਮਾਰੀਆਂ ਦੇ ਇਲਾਜ ਦੇ ਨੁਸਖੇ, ਭਵਿੱਖ-ਬਾਣੀਆਂ, ਜਾਦੂਗਰੀ, ਮੌਸਮ ਸੰਬੰਧੀ ਅਤੇ ਹੋਰ ਵਿਸ਼ਵਾਸ਼ ਆਦਿ ਸ਼ਾਮਿਲ ਹਨ।

4. **ਕ੍ਰਿਆਸ਼ੀਲ :-** ਇਸ ਵੰਨਗੀ ਅਧੀਨ ਕਲਾ, ਕਾਰੀਗਿਰੀ, ਨਾਟਕ, ਨਿਤ੍ਰ ਕਲਾ, ਤਿਉਹਾਰ, ਮੇਲੇ, ਖੇਡਾਂ ਅਤੇ ਸੰਗੀਤ ਆਦਿ ਸ਼ਾਮਿਲ ਹਨ

## ੲ. ਲੋਕਧਾਰਾ ਦੇ ਪ੍ਰਮੁੱਖ ਖੇਤਰ

ਲੋਕਧਾਰਾ ਦੀ ਇਕ ਸੁਤੰਤਰ ਵਿਸ਼ੇ ਵਜੋਂ ਆਪਣੀ ਅਹਿਮੀਅਤ ਹੈ। ਕਿਸੇ ਵੀ ਕਾਰਜ ਦਾ ਇਕ ਦਾਇਰਾ ਹੁੰਦਾ ਹੈ। ਲੋਕਧਾਰਾ ਦੇ ਖੇਤਰ ਅੰਦਰ ਲੋਕਾਚਾਰ ਤੇ ਰੀਤੀ ਰਿਵਾਜ਼, ਲੋਕ ਕਲਾਵਾਂ, ਲੋਕ ਵਿਸ਼ਵਾਸ਼, ਲੋਕ ਨਾਟਕ , ਲੋਕ ਨਾਚ, ਲੋਕ ਧਰਮ, ਲੋਕ ਮਨੋਰੰਜਨ, ਲੋਕ ਖੇਡਾਂ, ਮੇਲੇ ਅਤੇ ਤਿਉਹਾਰ, ਲੋਕ ਧੰਦੇ, ਲੋਕ ਸਾਹਿਤ ਆਦਿ ਆਉਂਦੇ ਹਨ। ਇਹਨਾਂ ਬਾਰੇ ਚਰਚਾ ਹੇਠ ਲਿਖੇ ਅਨੁਸਾਰ ਹੈ :-

**1. ਰੀਤੀ ਰਿਵਾਜ਼ ਜਾਂ ਰਸਮ ਰਿਵਾਜ਼ :-** ਹਰ ਵਰਗ, ਹਰ ਸਮਾਜ ਦੇ ਰਸਮ ਰਿਵਾਜ਼ ਹੁੰਦੇ ਹਨ। ਇਹੋ ਰਸਮ ਰਿਵਾਜ਼ ਮਨੁੱਖ ਨੂੰ ਇਕ ਕੜੀ ਵਿਚ ਪਰੋ ਕੇ ਰੱਖਦੇ ਹਨ। ਅਸਲ ਵਿਚ ਰਸਮ ਰਿਵਾਜ਼ ਸਾਡੇ ਵੱਡੇ-ਵਡੇਰਿਆਂ ਦੀਆਂ ਧਾਰਨਾਵਾਂ ਅਤੇ ਤਜ਼ਰਬਿਆਂ ਦਾ ਸਿੱਟਾ ਹੁੰਦੇ ਹਨ। ਰਸਮ ਰਿਵਾਜ਼, ਰੁਹ-ਰੀਤਾਂ ਤੇ ਸੰਸਕਾਰ ਭਾਈਚਾਰਕ ਜੀਵਾਂ ਦੇ ਮਨਾਂ ਦੀਆਂ ਸਿੱਕਾ ਸੱਧਰਾਂ ਤੇ ਜ਼ਜਬਿਆਂ ਦੀ ਤਰਜ਼ਮਾਨੀ ਕਰਦੇ ਹਨ। ਭਾਈਚਾਰਕ ਜੀਵਾਂ ਦੇ ਜਨਮ, ਮਰਨ ਅਤੇ ਵਿਆਹ ਸ਼ਾਦੀ ਦੇ ਮੌਕੇ ਤੇ ਇਹਨਾਂ ਦਾ ਅਸਲੀ ਰੂਪ ਸਾਹਮਣੇ ਆਉਂਦਾ ਹੈ। ਇਸ ਦੇ ਆਧਾਰ ਤੇ ਰੀਤੀ ਰਿਵਾਜ਼ ਨੂੰ ਤਿੰਨ ਵਰਗਾਂ ਵਿਚ ਵੰਡਿਆਂ ਜਾ ਸਕਦਾ ਹੈ। ਪਹਿਲਾ ਜਨਮ ਨਾਲ ਸੰਬੰਧਿਤ ਰਸਮ ਰਿਵਾਜ ਦੂਜਾ ਵਿਆਹ ਨਾਲ ਸੰਬੰਧਿਤ ਰਸਮ ਰਿਵਾਜ ਤੀਜਾ ਮਰਨ ਨਾਲ ਸੰਬੰਧਿਤ ਰਸਮ ਰਿਵਾਜ।

2. **ਲੋਕ ਕਲਾਵਾਂ :-** ਲੋਕ ਕਲਾਵਾਂ ਲੋਕਧਾਰਾ ਦਾ ਇਕ ਮਹੱਤਵਪੂਰਨ ਅੰਗ ਹਨ। ਲੋਕ ਕਲਾਵਾਂ ਕਿਸੇ ਸੰਸਥਾ ਜਾਂ ਵਿਦਿਆਲਿਆ ਦੀਆਂ ਮੁਥਾਜ ਨਹੀਂ, ਇਹ ਤਾਂ ਪੀੜ੍ਹੀ-ਦਰ-ਪੀੜ੍ਹੀ ਅਗਾਂਹ ਤੁਰਦੀਆਂ ਹਨ ਲੋਕ ਕਲਾ ਲੋਕਾਂ ਦੇ ਜੀਵਨ ਵਿਚੋਂ ਉਤਪੰਨ ਹੁੰਦੀ ਹੈ। ਲੋਕ ਕਲਾਵਾਂ, ਲੋਕ ਸੰਸਕ੍ਰਿਤੀ ਨਾਲ ਏਨੀਆਂ ਰਲਗੱਡ

ਹੁੰਦੀਆਂ ਹਨ ਕਿ ਇਹਨਾਂ ਨੂੰ ਵੱਖਰਿਆਂ ਕਰਨਾ ਔਖਾ ਹੈ। ਕੰਧਾਂ ਉਪੱਰ ਬਣੇ ਚਿੱਤਰ, ਦਰੀਆਂ, ਖੇਸ, ਫੁਲਕਾਰੀਆਂ, ਗਲੀਚਿਆਂ ਵਿਚਲੇ ਪੈਟਰਨਾਂ, ਘਰੇਲੂ ਉਪਯੋਗ ਲਈ ਬਣੀਆਂ ਵਸਤਾਂ ਅਣਗਿਣਤ ਪੈਟਰਨਾਂ ਦੇ ਗਹਿਣੇ ਲੋਕ-ਜੀਵਨ ਨੂੰ ਸੌਂਦਰਮਈ ਢੰਗ ਨਾਲ ਜਿਊਣ ਲਈ ਹੁਲਾਸ ਭਰਦੇ ਹਨ।

**3. ਲੋਕ ਵਿਸ਼ਵਾਸ :-** ਲੋਕ ਵਿਸ਼ਵਾਸ ਲੋਕਧਾਰਾ ਦਾ ਇੱਕ ਅਹਿਮ ਹਿੱਸਾ ਹਨ। ਲੋਕ ਵਿਸ਼ਵਾਸ ਲੋਕ ਪ੍ਰਵਾਨਗੀ ਨਾਲ ਅਗਾਂਹ ਤੁਰਦੇ ਹਨ। ਵਿਸ਼ਵਾਸ ਕਰਨਾ ਮਨੁੱਖ ਦੀ ਸੁਭਾਵਿਕ ਰੁਚੀ ਹੈ। ਇਸ ਰੁਚੀ ਸਦਕਾ ਹੀ ਮਨੁੱਖ ਗਿਆਨ ਵਿਗਿਆਨ ਦੇ ਖੇਤਰ ਵਿਚ ਵਰਨਣਯੋਗ ਪ੍ਰਾਪਤੀਆਂ ਕੀਤੀਆਂ ਹਨ। ਵਿਸ਼ਵਾਸ ਤੋਂ ਭਾਵ ਕਿਸੇ ਦ੍ਰਿਸ਼ਟ ਜਾਂ ਅਦ੍ਰਿਸ਼ਟ ਵਸਤੂ ਵਿਚ ਯਕੀਨ ਜਾਂ ਭਰੋਸੇ ਤੋਂ ਹੈ। ਸਾਡੇ ਸਮਾਜ ਵਿਚ ਬਦਰੂਹਾਂ ਸੰਬੰਧੀ, ਨਜ਼ਰ ਲੱਗਣ ਸੰਬੰਧੀ, ਗ੍ਰਹਿਆਂ ਸੰਬੰਧੀ, ਅੰਕਾਂ ਸੰਬੰਧੀ, ਦਿਸ਼ਾਵਾਂ ਸੰਬੰਧੀ, ਦਿਨ, ਮਹੀਨਿਆਂ ਬਾਰੇ ਆਦਿ ਲੋਕ ਵਿਸ਼ਵਾਸ ਪ੍ਰਚਲਿੱਤ ਹਨ । ਇਹ ਸਾਰੇ ਲੋਕ ਵਿਸ਼ਵਾਸ ਲੋਕਧਾਰਾ ਦੇ ਖੇਤਰ ਅੰਦਰ ਆਉਂਦੇ ਹਨ।

**4. ਲੋਕ ਨਾਟਕ :-** ਸਧਾਰਨ ਜਨਮਾਨਸ ਦੀ ਕਿਰਤ ਜਦੋਂ ਨਾਟਕ ਰੂਪ ਵਿਚ , ਆਪਣੇ ਅੰਦਰ ਛੁਪਾਈ ਹੋਈ ਵਾਰਤਾਲਾਪ ਦੇ ਰਾਹੀਂ ਕਿਸੇ ਕਹਾਣੀ ਨੂੰ ਬਿਨ੍ਹਾਂ ਵਿਸ਼ੇਸ ਸਾਧਨਾਂ ਦੇ ਪੇਸ਼ ਕਰੀਏ, ਉਸ ਨੂੰ ਲੋਕ ਨਾਟ ਆਖਿਆ ਜਾਂਦਾ ਹੈ। ਲੋਕ ਨਾਟਕ ਕਿਸੇ ਸਮਾਜ ਦੀ ਅਨਮੋਲ ਵਸਤ ਹੈ, ਇਸ ਨੂੰ ਗੀਤਾਂ ਦੀ ਪ੍ਰਧਾਨਤਾ ਰਾਹੀਂ ਪੇਸ਼ ਕੀਤਾ ਜਾਂਦਾ ਹੈ। ਇਹਨਾਂ ਦੇ ਵਿਸ਼ੇ ਪੁਰਾਤਨ ਕਥਾਵਾਂ, ਵਰਤਮਾਨ ਜੀਵਨ ਦੀਆਂ ਘਟਨਾਵਾਂ ਨਾਲ ਸੰਬੰਧਿਤ ਹੁੰਦੇ ਹਨ। ਰਾਸ, ਰਾਮ ਲੀਲਾ, ਬਿਦੇਸ਼ਆ, ਨਕਲਾਂ, ਤਮਾਸ਼ਾ ਆਦਿ ਇਸ ਦਾਇਰੇ ਅੰਦਰ ਆਉਂਦੇ ਹਨ।

**5. ਲੋਕ ਨਾਚ :-** ਲੋਕ ਨਾਚ ਲੋਕਧਾਰਾ ਦੀ ਪੇਸ਼ਕਾਰੀ ਦਾ ਇੱਕ ਮਹੱਤਵਪੂਰਨ ਸਾਧਨ ਹਨ। ਹਰੇਕ ਵਰਗ ਅਤੇ ਹਰੇਕ ਸਮਾਜ ਦੇ ਕੁਝ ਨਾਚ ਹੁੰਦੇ ਹਨ, ਜੋ ਕਿ ਉਸ ਵਰਗ ਜਾਂ ਸਮਾਜ ਦੀਆਂ ਭਾਵਨਾਵਾਂ ਦੀ ਪੇਸ਼ਕਾਰੀ ਕਰਦੇ ਹਨ। ਇਹਨਾਂ ਰਾਹੀਂ ਹੀ ਉਸ ਵਰਗ ਦੀ ਲੋਕਧਾਰਾ ਬਾਰੇ ਪਤਾ ਲੱਗਦਾ ਹੈ। ਸੰਸਾਰ ਦਾ ਕੋਈ ਵੀ ਖਿੱਤਾ ਜਾਂ ਦੇਸ ਅਜਿਹਾ ਨਹੀਂ, ਜਿੱਥੋਂ ਦੇ ਲੋਕਾਂ ਦਾ ਆਪਣਾ ਵਿਲੱਖਣ ਲੋਕ ਨਾਚ ਨਾ ਹੋਵੇ। ਲੋਕ

ਨਾਚ, ਲੋਕ ਸਮੂਹ ਦੀ ਸਿਰਜਣਾ ਕਲਾ ਦੀ ਇੱਕ ਮਹੱਤਵਪੂਰਨ ਵੰਨਗੀ ਹੈ ਜੋ ਲੋਕ ਮਾਨਸ ਦੇ ਸਮੁੱਚੇ ਹਾਵਾਂ ਭਾਵਾਂ ਨੂੰ ਸਰੀਰਿਕ ਮੁਦਰਾਵਾਂ ਦੇ ਪ੍ਰਗਟਾਉ ਸੰਦਰਭ ਰਾਹੀਂ ਪੇਸ਼ ਕਰਦੀ ਹੈ। ਲੋਕ ਨਾਚ ਜਾਤੀ ਦੇ ਚਰਿੱਤਰ ਤੇ ਸਮੂਹਿਕ ਜਜ਼ਬਿਆਂ ਦਾ, ਅੰਗਾਂ ਦੇ ਤਾਲ ਬੱਧ ਲਹਿਰਾਉ ਤੇ ਹਾਵਾਂ ਭਾਵਾਂ ਰਾਹੀਂ ਕੀਤਾ ਜਾਂਦਾ ਹੈ। ਇਹਨਾਂ ਵਿਚ ਆਮ ਲੋਕ ਆਤਮਾ ਸਾਹ ਲੈਂਦੀ ਤੇ ਤ੍ਰਿਪਤ ਹੁੰਦੀ ਹੈ। ਲੋਕ ਨਾਚ ਨਿਰਾ ਮਨੋਰੰਜਨ ਦਾ ਸਾਧਨ ਹੀ ਨਹੀਂ, ਇਹ ਕਿਸੇ ਖਿਤੇ ਦੇ ਜਨ ਸਮੂਹ ਦੀ ਸਮਾਜਿਕ, ਸਭਿਆਚਾਰਕ, ਨੈਤਿਕ, ਧਾਰਮਿਕ, ਰਾਜਸੀ ਪਰਤਾਂ ਦਾ ਸਰੀਰਿਕ ਮੁਦਰਾਵਾਂ ਪੇਸ਼ ਕਰਨਾ ਹੁੰਦਾ ਹੈ। ਇਹ ਪੀੜ੍ਹੀ-ਦਰ-ਪੀੜ੍ਹੀ ਅਗਾਂਹ ਤੁਰਦੇ ਰਹਿੰਦੇ ਹਨ। ਜੇਕਰ ਪੰਜਾਬ ਦੇ ਲੋਕ ਨਾਚਾਂ ਦੀ ਗੱਲ ਕਰੀਏ ਤਾਂ ਇਹਨਾਂ ਨੂੰ ਦੋ ਵਰਗਾਂ ਵਿਚ ਪੇਸ਼ ਕੀਤਾ ਜਾਂਦਾ ਹੈ।

ਪਹਿਲਾ ਇਸਤਰੀਆਂ ਦੇ ਲੋਕ ਨਾਚ :- ਜਿਵੇਂ ਗਿੱਧਾ, ਸੰਮੀ, ਕਿੱਕਲੀ, ਹੁੱਲੇ-ਹੁਲਾਰੇ ਆਦਿ ਪ੍ਰਸਿੱਧ ਹਨ।

ਦੂਜਾ ਮਰਦਾਂ ਦੇ ਲੋਕ ਨਾਚ :- ਭੰਗੜਾ, ਝੂੰਮਰ, ਲੁੱਡੀ, ਮਲਵਈ ਗਿੱਧਾ, ਧਮਾਲ ਆਦਿ।

ਇਹ ਸਾਰੇ ਲੋਕ ਨਾਚ ਲੋਕਧਾਰਾ ਦੀ ਪੇਸ਼ਕਾਰੀ ਕਰਦੇ ਹਨ।

**6. ਲੋਕ ਧਰਮ :-** ਲੋਕ ਧਰਮ ਦੇ ਰਾਹੀਂ ਵੀ ਲੋਕਧਾਰਾ ਦੀ ਪੇਸ਼ਕਾਰੀ ਹੁੰਦੀ ਹੈ। ਹਰ ਇਕ ਸਮਾਜ ਵਿਚ ਰਹਿੰਦੇ ਲੋਕਾਂ ਦੇ ਕੁਝ ਇਸ਼ਟ ਹੁੰਦੇ ਹਨ, ਇੱਥੋਂ ਤੱਕ ਕਿ ਰੂਹਾਂ ਅਤੇ ਬਦਰੂਹਾਂ ਵਿਚ ਵਿਸ਼ਵਾਸ ਰੱਖਿਆ ਜਾਂਦਾ ਹੈ। ਜਾਦੂ ਟੂਣੇ, ਕਰਾਮਤਾਂ ਵਿਚ ਯਕੀਨ ਰੱਖਿਆ ਜਾਂਦਾ ਹੈ। ਆਮ ਲੋਕਾਂ ਦਾ ਵਿਸ਼ਵਾਸ ਹੈ ਕਿ ਜੇਕਰ ਰੂਹਾਂ ਬਦਰੂਹਾਂ ਤੋਂ ਬਚਣ ਲਈ ਪੂਜਾ ਨਾ ਕੀਤੀ ਤਾਂ ਉਹਨਾਂ ਦੀ ਕਰੋਪੀ ਦਾ ਸਾਹਮਣਾ ਕਰਨਾ ਪਵੇਗਾ। ਫਿਰ ਇਸ ਕੜੀ ਆਧੀਨ ਕਈ ਮਨਾਹੀਆਂ, ਰਹਿਤਾਂ, ਮਨੌਤਾਂ ਆਦਿ ਦੀ ਪੇਸ਼ਕਾਰੀ ਕੀਤੀ ਜਾਂਦੀ ਹੈ। ਇਹਨਾਂ ਸਭ ਚੀਜਾਂ ਨੂੰ ਜਦ ਲੋਕ ਮਾਨਸ ਸਵੀਕਾਰ ਕਰਦਾ ਹੈ ਤਾਂ, ਉਸ ਵਿਚੋਂ ਲੋਕਧਾਰਾ ਦੀ ਪੇਸ਼ਕਾਰੀ ਹੋਣੀ ਸੁਭਾਵਿਕ ਹੈ।

**7. ਲੋਕ ਮਨੋਰੰਜਨ :-** ਹਰ ਸਮਾਜ ਵਿਚ, ਵਰਗਾਂ ਵਿਚ ਕੁਝ ਮਨ ਪ੍ਰਚਾਵੇ ਲਈ ਸਧਾਰਨ ਵਿਧੀਆਂ ਵਰਤੀਆਂ ਜਾਂਦੀਆਂ ਹਨ, ਇਹਨਾਂ ਨੂੰ ਲੋਕ ਮਨੋਰੰਜਨ ਕਿਹਾ ਜਾਂਦਾ ਹੈ। ਜਿਵੇਂ ਚੌਪੜ ਖੇਡਣਾਂ, ਕੁੱਕੜਾਂ ਦੀ

ਲੜਾਈ, ਬਲਦਾਂ ਦੀਆਂ ਦੌੜਾਂ, ਭੰਡਾਂ ਦੇ ਤਮਾਸ਼ੇ ਆਦਿ ਪੇਸ਼ ਕਰਨਾ ਹੈ। ਇਹ ਸਭ ਸਾਧਨ ਲੋਕਧਾਰਾ ਦੀ ਪੇਸ਼ਕਾਰੀ ਦਾ ਸਾਧਨ ਹੁੰਦੇ ਹਨ।

**8. ਲੋਕ ਖੇਡਾਂ :-** ਲੋਕ ਖੇਡਾਂ ਲੋਕ ਸਮੂਹ ਦੀ ਸਮੂਹਿਕ ਰਚਨਾ ਹੁੰਦੀਆਂ ਹਨ ਅਤੇ ਸਹਿਜ ਰੂਪ ਵਿਚ ਨਿਮੰਦੀਆਂ, ਵਿਗਸਦੀਆਂ ਰਹਿੰਦੀਆਂ ਹਨ। ਹਰੇਕ ਜਾਤੀ ਦੀਆਂ ਖੇਡਾਂ ਵਿਚ ਵੱਡਾ ਭਾਗ ਲੋਕ ਖੇਡਾਂ ਦਾ ਹੁੰਦਾ ਹੈ। ਲੋਕ ਖੇਡਾਂ ਵਿਚ ਕਬੱਡੀ, ਅੱਡੀ ਛੜੱਪਾ, ਰੱਸੀ ਟੱਪਣਾ, ਕੁਸ਼ਤੀ, ਲੁਕਣ ਮੀਚੀ, ਬਾਂਦਰ ਕੀਲਾ, ਪਿੱਠੂ ਗਰਮ, ਦਾਈਆਂ ਦੁਕਵੇਂ, ਬਿੱਲ ਬੱਚਿਆਂ ਦੀ ਮਾਂ, ਖਿੱਦੋ ਖੂੰਡੀਂ, ਬਾਰਾਂ ਟਹਿਣੇ, ਮੂੰਗਲੀਆਂ ਫੇਰਨਾ, ਮੁਗਦਰ ਚੁੱਕਣੇ, ਘੋਲ, ਮਾਈ ਮਾਈ ਕੀ ਲੱਭਦੀ, ਭੰਡਾ ਭੰਡਾਰੀਆਂ, ਕੋਟਲਾ ਛਪਾਕੀ, ਮੈਂ ਰਾਜਾ ਪਟਵਾਰੀ ਆਦਿ ਲੋਕ ਖੇਡਾਂ ਹਨ।

ਲੋਕ ਖੇਡਾ ਦੀ ਖਾਸ ਗੱਲ ਇਹ ਹੁੰਦੀ ਹੈ ਕਿ ਇਹਨਾਂ ਵਿਚ ਵਰਤੀ ਜਾਣ ਵਾਲੀ ਸਮੱਗਰੀ ਜਿਵੇਂ ਇੱਟਾਂ ਰੋੜੇ, ਗੀਟੇ, ਕੌਡੀਆਂ, ਲੱਕੜੀ, ਕੋਲਾ, ਡੰਡਾ, ਗੁੱਲੀ, ਖੂੰਡੀ, ਪੁਰਾਣੀਆਂ ਲੀਰਾਂ, ਰੱਸੇ ਅਤੇ ਰੱਸੀਆਂ ਆਦਿ ਸਥਾਨਕ ਪੱਧਰ ਤੇ ਹੀ ਮਿਲ ਜਾਂਦੀ ਹੈ। ਫਿਰ ਇਹਨਾਂ ਖੇਡਾਂ ਨੂੰ ਖੇਡਣ ਲਈ ਸਾਥੀ ਚੁਨਣ ਲਈ ਕੀਤੀ ਜਾਂਦੀ ਵੰਡ ਵਿਚ ਦਿਲਚਸਪ ਅਤੇ ਲੋਕਧਰਾਈ ਅੰਸ਼ਾਂ ਨਾਲ ਭਰਭੂਰ ਹੁੰਦੀ ਹੈ।

**9. ਮੇਲੇ ਤੇ ਤਿਉਹਾਰ:-** ਮੇਲੇ ਤੇ ਤਿਉਹਾਰ ਕਿਸੇ ਕੌਮ ਦਾ ਵੱਡਮੁੱਲਾ ਸਰਮਾਇਆ ਹੁੰਦੇ ਹਨ। ਹਰ ਸਮਾਜ ਵਿਚ ਮੇਲੇ ਤੇ ਤਿਉਹਾਰ ਖਾਸ ਅਹਿਮੀਅਤ ਰੱਖਦੇ ਹਨ। ਮੇਲਿਆਂ ਵਿਚ ਜਾਤੀ ਖੁੱਲ੍ਹ ਕੇ ਸਾਹ ਲੈਂਦੀ ਹੈ, ਲੋਕ ਪ੍ਰਤਿਭਾ ਨਿਖਰਦੀ ਤੇ ਚਰਿੱਤਰ ਦਾ ਨਿਰਮਾਣ ਹੁੰਦਾ ਹੈ। ਮਨ ਪ੍ਰਚਾਵੇ ਤੇ ਮੇਲ ਜੋਲ ਦੇ ਸਮੂਹਿਕ ਵਸੀਲੇ ਹੋਣ ਦੇ ਨਾਲ, ਮੇਲੇ ਧਾਰਮਿਕ ਤੇ ਕਲਾਤਿਮਕ ਭਾਵਾਂ ਦੀ ਵੀ ਪੂਰਤੀ ਕਰਦੇ ਹਨ। ਇਹਨਾਂ ਵਿਚ ਜਾਤੀ ਦਾ ਸਮੁੱਚਾ ਮਨ ਤਾਲ-ਬੱਧ ਹੋ ਕੇ ਨੱਚਦਾ ਤੇ ਇਕ ਸੁਰ ਹੋ ਕੇ ਗੂੰਜਦਾ ਹੈ।ਮੇਲੇ ਕਿਸੇ ਕੌਮ ਦਾ ਦਰਪਣ ਹੁੰਦੇ ਹਨ, ਇਹਨਾਂ ਰਾਹੀਂ ਲੋਕਾ ਦਾ ਸੁਭਾਅ ਰੂਪਮਾਨ ਹੁੰਦਾ ਹੈ।

ਪੰਜਾਬ ਵਿਚ ਮੇਲਿਆਂ ਦਾ ਲੰਬਾ ਕਾਫਲ਼ਾ ਤੁਰਿਆਂ ਰਹਿੰਦਾ ਹੈ। ਸਾਲ ਦੇ ਸ਼ੁਰੂ ਤੋਂ ਲੈ ਕੇ ਅੰਤ ਤੱਕ ਹਰ ਮਹੀਨੇ ਕੋਈ ਨਾ ਕੋਈ ਮੇਲਾ ਜਾਂ ਤਿਉਹਾਰ ਆਉਂਦੇ ਹੀ ਰਹਿੰਦੇ ਹਨ। ਹਰ ਮੇਲੇ ਵਿਚ ਇਕ ਬਜ਼ਾਰ ਦੀ

ਸ਼ਕਲ ਵਿਚ ਲੋਕ ਪ੍ਰਤਿਭਾ ਦੀ ਪੇਸ਼ਕਾਰੀ ਹੁੰਦੀ ਹੈ, ਕਲਾਕਾਰ ਲੋਕ ਆਪਣੇ ਹੱਥੀਂ ਬਣਾਈਆਂ ਵਸਤਾਂ ਦੀ ਨੁਮਾਇਸ਼ ਲਗਾਉਂਦੇ ਹਨ। ਇਹ ਗੱਲ ਸੱਚ ਹੈ ਕਿ ਕਿਸੇ ਜਾਤੀ ਦੀ ਸੰਸਕ੍ਰਿਤਕ ਨੁਹਾਰ ਮੇਲਿਆਂ ਤੇ ਤਿਉਹਾਰਾਂ ਵਿਚੋਂ ਪੂਰੇ ਰੰਗ ਵਿਚ ਪ੍ਰਤੀਬਿੰਬਤ ਹੁੰਦੀ ਹੈ। ਇਹ ਮੇਲੇ ਤੇ ਤਿਉਹਾਰ ਲੋਕਧਾਰਾ ਦੀ ਪੇਸ਼ਕਾਰੀ ਦਾ ਇਕ ਬਹੁਤ ਹੀ ਵਧੀਆ ਜ਼ਰੀਆ ਹਨ।

10. **ਲੋਕ ਧੰਦੇ** :- ਸਧਾਰਨ ਲੋਕਾਂ ਵਲੋਂ ਆਪਣੀ ਜ਼ਿੰਦਗੀ ਨੂੰ ਬਸਰ ਕਰਨ ਲਈ ਕੀਤਾ ਜਾਂਦਾ ਕਾਰਜ ਧੰਦਾ ਅਖਵਾਉਂਦਾ ਹੈ। ਲੋਕ ਕਿੱਤੇ ਤੋਂ ਭਾਵ ਲੋਕਾਂ ਦੁਆਰਾ ਅਪਣਾਏ ਗਏ ਸ਼ਿਲਪ ਤੇ ਕਲਾ ਦੇ ਸੁਮੇਲ ਤੋਂ ਬਣੇ ਉਸ ਕਿਰਤ ਸਾਧਨ ਤੋਂ ਹੈ ਜਿਸ ਦੇ ਨਾਲ ਉਹ ਆਪਣੀ ਉਪਜੀਵਿਕਾ ਕਮਾਉਂਦੇ ਹਨ। ਲੋਕ ਕਿੱਤਾ ਵਿਅਕਤੀਗਤ ਹੁੰਦਾ ਹੋਇਆ ਵੀ ਸਮੂਹਿਕ ਸਿਰਜਣਾ ਦਾ ਦਰਜਾ ਲੈ ਲੈਂਦਾ ਹੈ। ਲੋਕ ਕਿੱਤਿਆਂ ਵਿਚ ਹੱਥ ਕਲਾ ਦੀ ਸੁੰਦਰ ਪੇਸ਼ਕਾਰੀ ਹੁੰਦੀ ਹੈ। ਇਹ ਕਲਾ ਰੋਜ਼ੀ ਰੋਟੀ ਦਾ ਸਾਧਨ ਬਣਦੀ ਹੈ। ਲੁਹਾਰ, ਤਰਖਾਣ, ਸੁਨਿਆਰ, ਚਮਿਆਰ, ਠਠਿਆਰ, ਜੁਲਾਹੇ, ਛੀਬੇਂ, ਨਾਈ, ਬਾਜੀਗਰ, ਝਿਊਰ, ਦਰਜ਼ੀ ਆਦਿ ਲੋਕ ਧੰਦੇ ਕਰਨ ਵਾਲੇ ਹਨ। ਪੀੜ੍ਹੀ-ਦਰ-ਪੀੜ੍ਹੀ ਚੱਲਣ ਕਰਕੇ ਲੋਕ ਕਿੱਤੇ ਦਾ ਪ੍ਰਮੁੱਖ ਲੱਛਣ ਪਰੰਪਰਾ ਮੁਖੀ ਹੋਣਾ ਮੰਨਿਆ ਜਾਂਦਾ ਹੈ। ਪਰੰਪਰਾ ਤੋਂ ਭਾਵ ਸਾਡਾ ਉਹ ਸਮੂਹਿਕ ਸੱਭਿਆਚਾਰਕ ਵਿਰਸਾ ਹੈ ਜੋ ਅਸੀਂ ਆਪਣੇ ਵੱਡੇ ਵਡੇਰਿਆਂ ਤੋਂ ਪ੍ਰਾਪਤ ਕਰਦੇ ਹਾਂ। ਲੋਕ ਕਿੱਤੇ ਲੋਕਧਾਰਾ ਦੀ ਪੇਸ਼ਕਾਰੀ ਦਾ ਜ਼ਰੀਆ ਬਣਦੇ ਹਨ।

11. **ਲੋਕ ਸਾਹਿਤ** :- ਲੋਕ ਸਾਹਿਤ ਲੋਕ ਮਨਾਂ ਦੀ ਪੇਸ਼ਕਾਰੀ ਹੁੰਦੀ ਹੈ, ਕਿਉਂਕਿ ਸਾਹਿਤ ਮਨੁੱਖ ਦੇ ਵਿਚਾਰਾਂ ਤੇ ਭਾਵਾਂ ਦਾ ਸਹੁਜਮਈ ਪ੍ਰਗਟਾਵਾ ਹੁੰਦਾ ਹੈ। ਪੁਸਤਕ 'ਲੋਕਧਾਰਾ ਸਿਧਾਂਤ ਤੇ ਵਿਸ਼ਲੇਸ਼ਣ' ਵਿਚ ਡਾ. ਜੀਤ ਸਿੰਘ ਜੋਸ਼ੀ ਇਸ ਬਾਰੇ ਵਿਚਾਰ ਪ੍ਰਗਟ ਕਰਦੇ ਹਨ:

> ਲੋਕਧਰਾਈ ਵਰਤਾਰਿਆਂ ਵਿਚੋਂ ਲੋਕ ਸਾਹਿਤ ਸਭ ਤੋਂ ਵੱਧ ਮਹੱਤਤਾ ਰੱਖਣ ਵਾਲਾ ਵਰਤਾਰਾ ਹੈ। ਲੋਕ ਸਾਹਿਤ ਲੋਕ ਮਨਾਂ ਦੀ ਕਲਾਤਿਮਕ ਅਭਿਵਿਅਕਤੀ ਦਾ ਨਾਮ ਹੈ। ਜਦੋਂ ਤੋਂ ਲੋਕਾ ਦਾ ਜਨਮ ਹੋਇਆ, ਜਿੱਥੇ ਜਿੱਥੇ ਲੋਕ ਦਿਲਾਂ ਦੀ ਧੜਕਣ ਸੁਣਾਈ ਦਿੰਦੀ ਹੈ,ਉਥੇ ਉੱਥੇ ਲੋਕ ਸਾਹਿਤ ਦੀ ਸੁਗੰਧੀ ਖਿਲਰੀ ਮਿਲਦੀ ਹੈ। ( 42)

ਲੋਕ ਸਾਹਿਤ ਅੰਦਰ ਕਿਸੇ ਸਮਾਜ ਅੰਦਰ ਕਾਰਜ਼ਸ਼ੀਲ ਰਵਾਇਤੀ ਵਰਤਾਰਿਆਂ ਦੀ ਪੇਸ਼ਕਾਰੀ ਵਧੇਰੇ ਮਾਤਰਾ ਵਿਚ ਹੋਈ ਮਿਲਦੀ ਹੈ। ਇਸ ਵਿਚ ਲੋਕ ਵਿਸ਼ਵਾਸ, ਮਨੋਤਾਂ, ਵਹਿਮ ਭਰਮ ਆਦਿ ਵਧੇਰੇ ਮਾਤਰਾ ਵਿਚ ਪੇਸ਼ ਹੋਏ ਹਨ। ਅਸਲ ਵਿਚ ਸਮੇਂ ਸਮੇਂ ਆਪਣੀਆਂ ਖੁਸ਼ੀਆਂ, ਗਮੀਆਂ, ਚਾਅ-ਮਲ੍ਹਾਰਾਂ, ਦੁੱਖਾਂ-ਸੁੱਖਾਂ, ਵਿਸ਼ਵਾਸ ਆਦਿ ਨੂੰ ਪ੍ਰਗਟਾਉਣ ਲਈ ਰਚੇ ਸਾਹਿਤ ਨੂੰ ਲੋਕ ਸਾਹਿਤ ਆਖਦੇ ਹਨ। ਲੋਕ ਸਾਹਿਤ ਜਿੱਥੇ ਵਧੇਰੇ ਅਣਲਿਖਿਆ ਹੁੰਦਾ ਹੈ, ਉੱਥੇ ਇਸ ਨੂੰ ਲੋਕ ਪ੍ਰਵਾਨਗੀ ਪ੍ਰਾਪਤ ਹੁੰਦੀ ਹੈ। ਮਨੁੱਖੀ ਜ਼ਜਬਿਆਂ ਭਾਵਨਾਵਾਂ ਤੇ ਅਨੁਭਵਾਂ ਨੂੰ ਪ੍ਰਗਟਾਉਂਦੀ, ਪਰੰਪਰਾ ਦੇ ਅੰਸ਼ ਨਾਲ ਭਰੀ ਉਹ ਰਚਨਾ ਜਿਸ ਨੂੰ ਸਰਲ ਚਿੱਤ ਤੇ ਸਾਦਾ ਬੁੱਧੀ ਲੋਕ ਰਚਦੇ ਹਨ ਤੇ ਜਿਸ ਨੂੰ ਜਨ ਸਧਾਰਨ ਸਮੂਹ ਪ੍ਰਵਾਨ ਕਰਕੇ ਪੀੜ੍ਹੀਓ-ਪੀੜ੍ਹੀ ਅੱਗੇ ਤੋਰਦਾ ਹੈ, ਲੋਕ ਸਾਹਿਤ ਅਖਵਾਉਂਦਾ ਹੈ। ਜੇ ਗੁਹ ਨਾਲ ਵੇਖਿਆ ਜਾਵੇ ਤਾਂ ਲੋਕ ਸਾਹਿਤ ਦਾ ਘੇਰਾ ਬਹੁਤ ਹੀ ਵੱਡਾ ਹੈ। ਲੋਕ ਸਾਹਿਤ ਦੀਆਂ ਕੁਝ ਵੰਨਗੀਆਂ ਇਸ ਪ੍ਰਕਾਰ ਹਨ।

1. **ਲੋਕ ਕਾਵਿ :-**ਇਸ ਵਰਗ ਵਿਚ ਲੋਕ-ਗੀਤ, ਘੋੜੀਆਂ, ਕਿੱਕਲੀ, ਥਾਲ, ਲੋਰੀ, ਢੋਲੇ, ਮਾਹੀਆ, ਟੱਪੇ, ਸਿੱਠਣੀਆਂ, ਹੇਅਰਾ, ਅਲਾਹੁਣੀ, ਕੀਰਨਾਂ, ਸੱਦ, ਬੋਲੀ, ਲੋਕ ਵਾਰ, ਕਵੀਸ਼ਰੀ, ਪਿਆਰ ਦੇ ਗੀਤ, ਸੂਰਮਗਤੀ ਦੇ ਗੀਤ, ਦਿਨ ਦਿਹਾਰ ਆਦਿ ਸ਼ਾਮਿਲ ਹਨ।

2. **ਲੋਕ ਕਹਾਣੀ** :- ਇਸ ਵਰਗ ਵਿਚ ਪਰੀ ਕਹਾਣੀਆਂ, ਜਨੌਰ ਕਹਾਣੀਆਂ, ਨੀਤੀ ਕਹਾਣੀਆਂ, ਭੂਤ ਪ੍ਰੇਤ ਕਹਾਣੀਆਂ, ਦੰਤ ਕਥਾਵਾਂ, ਮਿੱਥ ਕਥਾਵਾਂ ਆਦਿ ਸ਼ਾਮਿਲ ਹਨ।

3. **ਲੋਕ ਗਾਥਾ :-**ਇਸ ਵਰਗ ਵਿਚ ਕਿਸੇ ਬੀਰ ਯੋਧੇ ਜਾਂ ਜਵਾਨ ਦੀ ਕਥਾ-ਕਹਾਣੀ ਨੂੰ ਬੀਰਤਾਮਈ ਤਰੀਕੇ ਨਾਲ ਪੇਸ਼ ਕਰਨਾ ਹੁੰਦਾ ਹੈ। ਇਹ ਗਥਾਵਾਂ ਯਥਾਰਥਕ, ਇਤਿਹਾਸਿਕ ਆਦਿ ਹੁੰਦੀਆਂ ਹਨ।

4. **ਬੁਝਾਰਤਾਂ :-** ਬੁਝਾਰਤਾਂ ਵਿਚ ਇਕ ਸਮਾਜਿਕ ਸੱਚ ਛੁਪਿਆ ਹੁੰਦਾ ਹੈ। ਇਹ ਬੁੱਧੀ ਨੂੰ ਸੋਚਣ ਅਤੇ ਤੀਖਣ ਕਰਨ ਵਿਚ ਸਹਾਈ ਹੁੰਦੀਆਂ ਹਨ, ਪਰ ਨਾਲ ਨਾਲ ਮਨੋਰੰਜਨ ਦਾ ਸਾਧਨ ਵੀ ਬਣਦੀਆਂ ਹਨ।

5. **ਆਖਾਣ :-** ਆਖਾਣ ਵਿਚ ਸਿਆਣੇ ਪੁਰਸ਼ਾ ਦੇ ਤਜ਼ਰਬੇ ਦੇ ਆਧਾਰ ਤੇ ਪ੍ਰਾਪਤ ਸੱਚ ਦੀ ਪੇਸ਼ਕਾਰੀ ਹੋਈ ਮਿਲਦੀ ਹੈ। ਇਹਨਾਂ ਵਿਚ ਜੀਵਨ ਦਾ ਇਲਾਹੀ ਸੱਚ ਸਮਾਇਆ ਹੁੰਦਾ ਹੈ।

**6. ਮੁਹਾਵਰੇ :-** ਆਖਾਣ ਵਾਂਗ ਮੁਹਵਾਰੇ ਵੀ ਕਿਸੇ ਲੋਕ ਸਚਾਈ ਨੂੰ ਪੇਸ਼ ਕਰਦਾ ਹੈ। ਮੁਹਾਵਰੇ ਭਾਸ਼ਾਈ ਚੁਸਤੀ, ਸਾਰਥਿਕਤਾ ਦਰਸਾਉਣ ਲਈ ਪ੍ਰਯੋਗ ਹੁੰਦੇ ਹਨ।

**7. ਲੋਕ ਸਿਆਣਪਾਂ :-** ਲੋਕ ਸਿਆਣਪਾਂ ਪੱਕੇ ਰਸੇ ਸੱਚ ਦਾ ਪ੍ਰਦਰਸ਼ਨ ਕਰਨ ਵਾਲੇ ਬੋਲ ਹੁੰਦੇ ਹਨ। ਜੀਵਨ ਦਾ ਤਜ਼ਰਬਾ, ਜ਼ਿਦੰਗੀ ਦੇ ਕਠੋਰ ਤੇ ਕੋੜੇ ਸੱਚ ਇਹਨਾਂ ਟੋਟਕਿਆਂ ਵਿਚ ਛੁਪੇ ਹੁੰਦੇ ਹਨ।

## ਸ. ਲੋਕਧਾਰਾ ਅਤੇ ਸਾਹਿਤ

ਲੋਕਧਾਰਾ ਤੇ ਸਾਹਿਤ ਦਾ ਆਪਸੀ ਰਿਸ਼ਤਾ ਬੜਾ ਹੀ ਗੂੜ੍ਹਾ ਹੈ। ਇਹਨਾਂ ਦੋਹਾਂ ਦੀ ਪਹਿਚਾਣ ਇਕ ਦੂਜੇ ਕਰਕੇ ਹੈ। ਸਾਹਿਤ ਦਾ ਆਰੰਭ ਲੋਕਧਾਰਾ ਵਿਚੋਂ ਹੀ ਹੋਇਆ ਹੈ। ਦੋਹਾਂ ਨੂੰ ਇੱਕ ਦੂਜੇ ਤੋਂ ਅਲੱਗ ਨਹੀਂ ਕੀਤਾ ਜਾ ਸਕਦਾ। ਲੋਕਧਾਰਾ ਨੇ ਹੀ ਜੀਵਨ ਦੀਆਂ ਕਈ ਅਮਰ ਰੂੜ੍ਹੀਆਂ ਦੀ ਸਿਰਜਣਾ ਕੀਤੀ ਹੈ। ਕੋਈ ਸਾਹਿਤ ਲੋਕਧਾਰਾ ਦੇ ਪ੍ਰਭਾਵ ਤੋਂ ਅਛੋਹ ਨਹੀਂ ਰਹਿ ਸਕਦਾ ਹੈ। ਲੋਕਧਾਰਾ ਦਾ ਹਰ ਖੇਤਰ ਸਾਹਿਤ ਨੂੰ ਪ੍ਰਭਾਵਿਤ ਕਰਨ ਦੀਆਂ ਸੰਭਾਵਨਾਵਾਂ ਰੱਖਦਾ ਹੈ। ਸਾਹਿਤ ਮਨ ਦੇ ਭਾਵਾਂ ਨੂੰ ਸੁਹਜਮਈ ਢੰਗ ਨਾਲ ਪੇਸ਼ ਕਰਨ ਦਾ ਹੀ ਨਾਂ ਹੈ। ਇਸ ਅੰਦਰ ਬੁੱਧੀ, ਜ਼ਜਬਾ, ਕਲਪਨਾ ਆਦਿ ਦੇ ਤੱਤ ਸਮੋਏ ਹੁੰਦੇ ਹਨ। ਸਾਹਿਤ ਦੇ ਰੂਪ ਜਿਵੇਂ ਕਵਿਤਾ, ਨਾਟ, ਕਹਾਣੀ, ਨਾਵਲ, ਇਕਾਂਗੀ ਆਦਿ ਜਨਮ ਲੋਕਧਾਰਾ ਵਿਚੋਂ ਹੀ ਹੋਇਆ ਹੈ।

**1. ਕਵਿਤਾ ਦੇ ਰੂਪ ਵਿਚ :-** ਜੇਕਰ ਧਿਆਨ ਨਾਲ ਵੇਖੀਏ ਤਾਂ ਲੋਕ-ਗੀਤ, ਲੋਕ-ਕਾਵਿ ਆਦਿ ਦਾ ਜਨਮ ਲੋਕਧਾਰਾ ਵਿਚੋਂ ਹੀ ਹੋਇਆ ਹੈ। ਪਿੱਛਲੇ ਸਮਿਆਂ ਵਿਚ ਲੋਕ-ਕਾਵਿ ਲੋਕਧਾਰਾ ਦਾ ਹੀ ਹਿੱਸਾ ਹੀ ਸੀ। ਸ਼ੁਰੂ ਵਿਚ ਮਨੁੱਖ ਨੂੰ ਆਪਣੇ ਆਲੇ ਦੁਆਲੇ ਨੂੰ ਸਮਝਣ ਲਈ ਅਤੇ ਵਾਤਾਵਰਨ ਨੂੰ ਸਮਝਣ ਲਈ ਬਹੁਤ ਸਾਰੀਆਂ ਮੁਸ਼ਕਿਲਾਂ ਆਈਆਂ, ਉਸ ਨੇ ਕਾਵਿ ਲਿਖਿਆ। ਅਸਲ ਵਿਚ ਇਹ ਕਾਵਿ ਹੀ ਮਨੁੱਖ ਦੇ ਆਲੇ-ਦੁਆਲੇ ਨੂੰ ਸਮਝਣ ਅਤੇ ਉਸ ਉਪੱਰ ਕਾਬੂ ਪਾਉਣ ਦੀ ਕੋਸ਼ਿਸ ਸੀ। ਮੁੱਢਲੀ ਕਵਿਤਾ ਰਸ ਜਾਂ ਆਨੰਦ ਦੀ ਪ੍ਰਾਪਤੀ ਲਈ ਲਿਖੀ ਗਈ ਸੀ।

**2. ਲੋਕ ਨਾਟ ਦੇ ਰੂਪ ਵਿਚ :-** ਲੋਕ ਨਾਟ ਦੀ  ਪਰੰਪਰਾ ਵੀ ਬਹੁਤ ਪੁਰਾਣੀ ਹੈ। ਇਸ ਦਾ ਜਨਮ ਵੀ ਲੋਕਧਾਰਾ ਵਿਚੋਂ ਹੋਇਆ ਹੈ। ਭਾਸ਼ਾ ਦੇ ਨਾਟਕ ਦੀਆ ਜੜ੍ਹਾਂ ਇਲਾਕੇ ਦੀ ਲੋਕਧਾਰਾ ਵਿਚ ਲੁਕੀਆਂ ਹੋਈਆਂ ਹਨ।  ਲੋਕਧਾਰਾ ਦੋ ਤਰ੍ਹਾਂ ਨਾਟਕ ਨੂੰ ਵਿਸਤਾਰ ਦਿੰਦੀ ਹੈ। ਪਹਿਲੀ ਨਾਵ ਵਸਤੂ ਦੀ ਦ੍ਰਿਸ਼ਟੀ ਤੋਂ ਅਤੇ ਦੂਜੇ ਲੋਕਧਾਰਾ ਦਾ ਪ੍ਰਸਰਸ਼ਨੀ ਆਪਾ ਨਾਟਕ ਦੇ ਰੰਗ ਮੰਚੀ ਪਰਿਪੇਖ ਨੂੰ ਆਧਾਰ ਪ੍ਰਦਾਨ ਕਰਦਾ ਹੈ। ਇਸ ਤੋਂ ਭਾਵ ਇਹ ਹੈ ਕਿ ਲੋਕਧਾਰਾ ਵਿਚਲੀਆਂ ਪੇਸ਼ ਕਲਾਵਾਂ ਵਿਸ਼ੇਸ ਕਰਕੇ ਲੋਕ-ਨਾਟ ਸ਼ੈਲੀਆਂ ਨਾਟਕ ਦੀ ਰਚਨਾ ਵਿਚ ਰੰਗਮੰਚੀ ਸਦੰਰਭਾਂ ਰਾਹੀਂ ਕਾਰਜਸ਼ੀਲ ਹੁੰਦੀਆਂ ਹਨ।

**ਸ. ਲੋਕ ਕਹਾਣੀਆਂ ਤੇ ਨਾਵਲ ਦੇ ਰੂਪ ਵਿਚ :-** ਲੋਕ ਕਹਾਣੀਆਂ ਵੀ ਲੋਕਧਾਰਾ ਦੀ ਉਪਜ ਹਨ। ਪੰਜਾਬੀ ਲੋਕਧਾਰਾ ਦਾ ਮੁੱਢ ਇੱਥੋਂ ਦੀਆਂ ਲੋਕ ਕਹਾਣੀਆਂ ਨੂੰ ਮੰਨਿਆ ਜਾਂਦਾ ਹੈ। ਲੋਕ ਕਥਾਵਾਂ ਬਾਰੇ ਧਾਰਨਾ ਹੈ ਕਿ ਇਹਨਾਂ ਦੇ ਕਰਤਾ ਦਾ ਕੋਈ ਪਤਾ ਨਹੀਂ ਹੁੰਦਾ, ਨਾ ਹੀ ਇਸ ਬਾਰੇ ਕੋਈ ਲਿਖਤੀ ਰਿਕਾਰਡ ਮਿਲਦਾ ਹੈ। ਇਹ ਤਾਂ ਸੀਨਾ-ਬ-ਸੀਨਾ, ਪੀੜ੍ਹੀ-ਦਰ-ਪੀੜ੍ਹੀ ਅੱਗੇ ਤੁਰੀਆਂ ਆ ਰਹੀਆਂ ਹਨ। ਪੰਜਾਬੀ ਲੋਕ ਕਹਾਣੀਆਂ ਨੂੰ ਕਈ ਸ਼੍ਰੇਣੀਆਂ ਵਿਚ ਵੰਡਿਆ ਜਾ ਸਕਦਾ ਹੈ। ਜਿਵੇਂ ਜਾਨਵਰਾਂ ਬਾਰੇ, ਪਸ਼ੂ ਪੰਛੀਆਂ ਬਾਰੇ, ਸੱਪ, ਇਸਤਰੀਆਂ, ਪਰੀਆਂ ਬਾਰੇ, ਮੌਤ ਬਾਰੇ, ਦੇਵੀ ਦੇਵਤਿਆਂ ਬਾਰੇ, ਉਪਦੇਸ਼ਾਤਮਕ ਕਹਾਣੀਆਂ ਆਦਿ।

**ਹ. ਲੋਕ ਵਿਸ਼ਵਾਸਾਂ ਦੇ ਰੂਪ ਵਿਚ :-** ਲੋਕ ਵਿਸ਼ਵਾਸਾਂ ਨੂੰ ਲੋਕਧਾਰਾ ਤੋਂ ਅਲੱਗ ਕਰਕੇ ਨਹੀਂ ਵੇਖਿਆ ਜਾ ਸਕਦਾ। ਲੋਕ ਵਿਸ਼ਵਾਸ਼ਾਂ ਦਾ ਸਥਾਨ ਲੋਕਧਾਰਾ ਅੰਦਰ ਕਾਫੀ ਜ਼ਿਆਦਾ ਹੈ। ਇਹੀ ਲੋਕ ਵਿਸ਼ਵਾਸ ਸਿੱਧੇ ਜਾਂ ਅਸਿੱਧੇ ਰੂਪ ਵਿਚ ਸਾਹਿਤ ਅੰਦਰ ਪ੍ਰਵੇਸ਼ ਕਰਦੇ ਹਨ। ਲੋਕ ਵਿਸ਼ਵਾਸ ਲੋਕ ਸਾਹਿਤ ਦਾ ਖਜਾਨਾ ਹਨ। ਮਨੁੱਖੀ ਜੀਵਨ ਦੀਆਂ ਸਾਰੀਆ ਵੰਨਗੀਆਂ ਇਹਨਾਂ ਲੋਕ ਵਿਸ਼ਵਾਸਾਂ ਰਾਹੀ ਵੇਖੀਆਂ ਜਾ ਸਕਦੀਆਂ ਹਨ, ਜਿਵੇਂ ਜਨਮ, ਵਿਆਹ, ਮਰਨ, ਯਾਤਰਾ, ਪਸ਼ੂ, ਪੰਛੀਆਂ, ਜੀਵਾਂ, ਨਿੱਛਾਂ, ਦਿਸ਼ਾਂ, ਨਛੱਤਰਾਂ, ਚੰਦ, ਸੂਰਜ, ਤਾਰੇ, ਸਰੀਰਿਕ ਅੰਗਾਂ, ਕਿਰਸਾਣੀ ਜੀਵਨ, ਦਿਨ ਰਾਤ, ਪਹਿਰਾਵੇ, ਰੂਹਾਂ, ਬਦਰੂਹਾਂ, ਦੇਵੀ ਦੇਵਤਿਆਂ, ਬਨਸਪਤੀ, ਨਜ਼ਰਾ, ਅੰਕਾਂ ਸੰਬੰਧੀ ਲੋਕ ਵਿਸ਼ਵਾਸ ਮਿਲਦੇ ਹਨ।

ਉਪਰੋਕਤ ਦੇ ਆਧਾਰ ਤੇ ਕਹਿ ਸਕਦੇ ਹਾਂ ਕਿ ਲੋਕਧਾਰਾ ਵਿਚ ਹੀ ਸਾਹਿਤ ਵਿਚ ਪੈੜ ਬੱਝਦੀ ਹੈ। ਲੋਕਧਾਰਾ ਕਿਸੇ ਸਮਾਜ ਦੇ ਰਸਮ ਰਿਵਾਜ਼, ਮੇਲੇ ਤਿਉਹਾਰ, ਕੰਮ ਧੰਦੇ, ਲੋਕ ਕਲਾਵਾਂ ਆਦਿ ਹੁੰਦੇ ਹਨ। ਜਿਹੋ ਜਿਹੇ ਸਮਾਜ ਵਿਚ ਲੋਕਧਾਰਾ ਪ੍ਰਚਲਿਤ ਹੋਵੇਗੀ, ਉਹ ਸਾਹਿਤ ਨੂੰ ਵੀ ਪ੍ਰਭਾਵਿਤ ਕਰੇਗੀ, ਭਾਵ ਕਿ ਸਾਹਿਤ ਵਿਚੋਂ ਉਸ ਇਲਾਕੇ ਦੀ ਮੂਰਤ ਨਜ਼ਰ ਆਵੇਗੀ, ਕਿਉਂਕਿ ਲੋਕਧਾਰਾ ਵਿਚੋਂ ਹੀ ਸਾਹਿਤਕਾਰ ਆਪਣੀ ਸਮੱਗਰੀ ਕੱਢ ਲੈਂਦਾ ਹੈ। ਸਾਹਿਤ ਸਮਾਜ ਦਾ ਦਰਪਣ ਹੁੰਦਾ ਹੈ। ਸਮਾਜ ਵਿਚ ਹਰ ਉਪਜਦੀ ਤੇ ਬਿਨਸਦੀ ਵਸਤੂ ਸਾਹਿਤ ਦਾ ਆਧਾਰ ਬਣਦੀ ਹੈ। ਇਸ ਕਰਕੇ ਇਹ ਗੱਲ ਸ਼ਪੱਸਟ ਹੈ ਕਿ ਲੋਕਧਾਰਾ ਅਤੇ ਸਾਹਿਤ ਦਾ ਆਪਸੀ ਗੂੜਾ ਸੰਬੰਧ ਹੈ। ਸਾਹਿਤ ਦੀਆਂ ਵੱਖ-ਵੱਖ ਵਿਧਾਵਾਂ ਵਿਚ ਲੋਕਧਰਾਈ ਅੰਸ਼ ਝਲਕਾਰੇ ਮਾਰਦੇ ਨਜ਼ਰ ਆਉਂਦੇ ਹਨ।

ਆਧੁਨਿਕਤਾ ਦੇ ਅਜੋਕੇ ਦੌਰ ਵਿੱਚ ਜਦੋਂ ਵਿਸ਼ਵੀਕਰਨ ਨੇ ਪੂਰੇ ਸੰਸਾਰ ਨੂੰ ਸਮੇਟ ਕੇ ਜਿੱਥੇ ਇਕ ਗਲੋਬਲ ਪਿੰਡ ਬਣਾ ਦਿੱਤਾ ਹੈ, ਉਥੇ ਪੰਜਾਬੀ ਲੋਕਧਾਰਾ ਵੀ ਸਹਿਜੇ ਹੀ ਇਸ ਦੀ ਚਪੇਟ ਵਿੱਚ ਆ ਗਈ ਹੈ ਪੂੰਜੀਵਾਦ ਦਾ ਵਰਤਮਾਨ ਸਮਾਂ ਇਸ਼ਤਿਹਾਰਬਾਜ਼ੀ ਦਾ ਸਮਾਂ ਹੈ। ਆਧੁਨਿਕ ਪੱਛਮੀ ਵਿਕਸਿਤ ਪੂੰਜੀਵਾਦੀ ਮੁਲਕ ਪਦਾਰਥਕ ਬਹੁਲਤਾਵਾਂ ਦਾ ਬਿੰਬ ਉਸਾਰਦੇ ਹਨ ਜੋ ਸਾਡੇ ਨਾਲੋਂ ਨਵੇਂ ਅਤੇ ਦਿਲਕਸ਼ ਪਦਾਰਥਾਂ ਪੱਖੋਂ, ਵਿਗਿਆਨਕ ਤਕਨੀਕ ਸਹੂਲਤ ਪੱਖੋਂ ਅਤੇ ਅਮੀਰੀ ਤੇ ਸੁੱਖ ਸਹੂਲਤਾਂ ਪੱਖੋਂ ਨਿਸ਼ਚੇ ਹੀ ਬਹੁਤ ਉੱਚਾ ਹੈ। ਇਸ ਉੱਚੇ ਵਸਤ ਸੱਭਿਆਚਾਰ ਨੂੰ ਇਸ ਇਸ਼ਤਿਹਾਰਬਾਜ਼ੀ ਰਾਹੀਂ ਸਾਡੇ ਮਨਾਂ ਅੰਦਰ ਤਰਾਸ਼ਿਆ ਜਾ ਰਿਹਾ ਹੈ। ਪੰਜਾਬੀ ਸੱਭਿਆਚਾਰ ਦੀ ਇਸ ਵਿਲੱਖਣ ਕਦਰਾਂ ਕੀਮਤਾਂ ਦੇ ਪ੍ਰਬੰਧ ਨੂੰ ਘਟੀਆ ਸਮਝ ਕੇ ਨੌਜਵਾਨ ਪੀੜ੍ਹੀ ਕੁਰਾਹੇ ਪੈ ਰਹੀ ਹੈ।

ਅਸਲ ਵਿੱਚ ਅਸੀਂ ਆਪਣੇ ਸੱਭਿਆਚਾਰ ਨੂੰ ਸਟੇਟਸ ਸਿੰਬਲ ਨਾਲ ਜੋੜ ਦਿੱਤਾ ਹੈ। ਪਿੰਡਾਂ ਦੇ ਵਸਨੀਕਾਂ ਜਿਨ੍ਹਾਂ ਦੀ ਬੋਲ ਚਾਲ ਰਹਿਣੀ ਬਹਿਣੀ ਵਿੱਚ ਹਾਲੇ ਵੀ ਕਿਧਰੇ ਪੰਜਾਬੀਅਤ ਧੜਕਦੀ ਨਜ਼ਰ ਆਉਂਦੀ ਹੈ, ਅਜੋਕੀ ਪੀੜ੍ਹੀ ਉਸ ਨੂੰ ਪੇਂਡੂ ਉਜੱਡ ਅਤੇ ਪਿਛੜੇ ਵਰਗ ਦੀ ਸੂਚੀ ਵਿੱਚ ਸ਼ਾਮਲ ਕਰ ਰਹੀ ਹੈ। ਪੱਛਮ ਦਾ ਸੱਭਿਆਚਾਰ ਸਾਨੂੰ ਜਿਹੋ ਜਿਹਾ ਮਰਜ਼ੀ ਨਜ਼ਰ ਆਵੇ ਅਸੀਂ ਉਸ ਤੋਂ ਬਹੁਤ ਹੀ ਪ੍ਰਸੰਨ ਹੋ ਰਹੇ ਹਾਂ। ਪੰਜਾਬ 'ਚ

ਸਭਿਆਚਾਰ ਦੇ ਵਿਭਿੰਨ ਖੇਤਰਾਂ ਤੱਤਾਂ ਵਿਚ ਤੇਜ਼ੀ ਨਾਲ ਸੱਭਿਆਚਾਰਕ ਰੁਪਾਂਤਰਨ ਵਾਪਰ ਰਹੇ ਹਨ। ਇਨ੍ਹਾਂ ਰੁਪਾਂਤਰਨਾਂ ਕਰਕੇ ਨਵੀਨਤਮ ਸ਼ੈਲੀਆਂ ਉਤਪੰਨ ਹੋ ਰਹੀਆਂ ਹਨ ਜਿੱਥੇ ਸਾਡਾ ਖਾਣ-ਪੀਣ, ਰਹਿਣ-ਸਹਿਣ, ਉੱਠਣ ਬੈਠਣ, ਸੋਚਣ ਦਾ ਤੌਰ ਤਰੀਕਾ ਬਦਲ ਰਿਹਾ ਹੈ, ਉੱਥੇ ਸਾਡਾ ਪਹਿਰਾਵਾ ਸਾਹਿਤ ਧਰਮ ਲੋਕ-ਧੰਦੇ, ਲੋਕ ਨਾਚ ਆਦਿ ਸਭ ਕੁਝ ਬਦਲਣਾ ਸ਼ੁਰੂ ਹੋ ਚੁੱਕਾ ਹੈ। ਸਾਂਝਾਂ, ਪਿਆਰ, ਸਹਿਯੋਗ,ਭਾਈਚਾਰਾ ਅਤੇ ਰਿਸ਼ਤੇ ਪੂਰੀ ਤਰ੍ਹਾਂ ਨਸ਼ਟ ਹੋਣ ਦੀ ਕਗਾਰ ਤੇ ਪਹੁੰਚ ਚੁੱਕੇ ਹਨ। ਉਸਾਰੂ ਸਮਾਜਵਾਦੀ ਸੱਭਿਆਚਾਰ ਵਿਕਸਤ ਹੋਣ ਦੀ ਥਾਂ ਪੱਛਮ ਦੀ ਦੌੜ ਵੱਲ ਵੇਖੋ ਵੇਖੀਂ ਭੱਜ ਰਹੇ ਹਾਂ। ਅਜੋਕੇ ਇਲੈਕਟ੍ਰਾਨਿਕ ਯੁੱਗ ਵਿੱਚ ਸਾਡੀ ਸੋਚ ਵੀ ਇਸ ਤਰ੍ਹਾਂ ਦੀ ਪੂੰਜੀਵਾਦੀ ਸੋਚ ਵਿੱਚ ਤਬਦੀਲ ਹੋ ਗਈ ਹੈ। ਪੰਜਾਬੀ ਸੱਭਿਆਚਾਰ ਜਿਹੜਾ ਕਿ ਸ਼ਰਮ ਹਯਾ ਦੇ ਆਭੂਸ਼ਨਾਂ ਨਾਲ ਸਜਿਆ ਹੋਇਆ ਸੀ ,ਅੱਜ ਉਹਦੇ ਇਹੀ ਗਹਿਣੇ ਲੁੱਟੇ ਪੁੱਟੇ ਜਾ ਚੁੱਕੇ ਹਨ। ਵੱਖ-ਵੱਖ ਟੀਵੀ ਚੈਨਲਾਂ ਤੇ ਮਾਡਲਾਂ ਵਰਗਾ ਪਹਿਰਾਵਾ ਪਾਉਣਾ ਅਤੇ ਦਿਸਣਾ ਅਜੋਕੀ ਪੀੜ੍ਹੀ ਲਈ ਇੱਕ ਫੈਸ਼ਨ ਬਣ ਗਿਆ ਹੈ। ਇਸ ਬਾਰੇ ਡਾ. ਜਸਵਿੰਦਰ ਸਿੰਘ ਆਪਣੀ ਪੁਸਤਕ 'ਪੰਜਾਬੀ ਸੱਭਿਆਚਾਰ ਪਛਾਣ ਚਿੰਨ੍ਹ' ਵਿਚ ਵਿਚਾਰ ਪ੍ਰਗਟ ਕਰਦੇ ਹਨ:

> ਆਧੁਨਿਕ ਯੁੱਗ ਵਿਗਿਆਨ ਅਤੇ ਤਕਨਾਲੋਜੀ ਦੀ ਬੇਪਨਾਹ ਉੱਨਤੀ ਦਾ ਯੁੱਗ ਹੈ। ਇਸ ਦੇ ਫਲਸਰੂਪ ਅਜੋਕੀ ਦੁਨੀਆਂ ਉਦਯੋਗੀਕਰਨ, ਮਸ਼ੀਨੀਕਰਨ ਅਤੇ ਇਸ ਤੋਂ ਉਤਪਨ ਵਿਆਪਕ ਤਬਦੀਲੀਆਂ ਵਿੱਚੋਂ ਗੁਜ਼ਰ ਰਹੀ ਹੈ। ਪੰਜਾਬ ਦਾ ਭਾਵੇਂ ਸਹੀ ਅਰਥਾਂ ਵਿੱਚ ਪੂਰਾ ਉਦਯੋਗੀਕਰਨ ਤਾਂ ਨਹੀਂ ਹੋਇਆ, ਪਰ ਇੱਥੋਂ ਦਾ ਮਸ਼ੀਨੀਕਰਨ ਵੱਡੇ ਪੈਮਾਨੇ ਤੇ ਹੋਇਆ ਹੈ। ਫਲਸਰੂਪ ਸਮੁੱਚੀ ਉਤਪਾਦਨ ਵਿਧੀ ਦਾ ਖਾਸਾ ਉਤਪਾਦਨ ਰਿਸ਼ਤਿਆਂ ਦੇ ਚਰਿੱਤਰ ਅਤੇ ਸਮੁੱਚੇ ਜੀਵਨ ਢੰਗ ਵਿੱਚ ਬੁਨਿਆਦੀ ਤਬਦੀਲੀ ਵਾਪਰੀ ਹੈ। ਇਸ ਤਬਦੀਲੀ ਨੇ ਜ਼ਿੰਦਗੀ ਦੇ ਹਰੇਕ ਖੇਤਰ ਨੂੰ ਨਵਾਂ ਮੁਹਾਂਦਰਾ ਪ੍ਰਦਾਨ ਕੀਤਾ ਹੈ। ਮਸ਼ੀਨੀਕਰਨ ਨੇ ਸਾਡੇ ਜੀਵਨ ਦੀ ਰਫ਼ਤਾਰ ਸਾਡੇ ਕੰਮ ਦੀ ਚਾਲ ਸੋਚਣ ਦਾ ਢੰਗ ਇੱਥੋਂ ਤੱਕ ਕਿ ਸ਼ਖ਼ਸੀਅਤ ਦੇ ਅੰਦਰਲੇ ਆਪੇ ਨੂੰ ਵੀ ਬਦਲਿਆ ਹੈ। (192)

ਅੱਜ ਵਿਸ਼ਵੀਕਰਨ ਦੇ ਅਜੋਕੇ ਦੌਰ ਵਿੱਚ ਪੰਜਾਬੀ ਦੁਨੀਆਂ ਦੇ ਹਰ ਕੋਨੇ ਵਿੱਚ ਪਹੁੰਚ ਗਏ ਹਨ। ਜਿਸ ਕਰਕੇ ਜਿਨ੍ਹਾਂ ਮੁਲਕਾਂ ਵਿੱਚ ਜਾ ਕੇ ਜਿੱਥੇ ਵੀ ਪੰਜਾਬੀ ਵਸੇ ਹਨ, ਉਨ੍ਹਾਂ ਮੁਲਕਾਂ ਦੇ ਸੱਭਿਆਚਾਰਾਂ ਦਾ ਅਸਰ ਵੀ ਪੰਜਾਬੀਆਂ ਤੇ ਜ਼ਰੂਰ ਪਿਆ ਹੈ। ਪੱਛਮੀ ਸੱਭਿਆਚਾਰ ਦੀਆਂ ਬਹੁਤ ਸਾਰੀਆਂ ਰਵਾਇਤਾਂ ਰੀਤਾਂ ਅਜੋਕੇ ਪੰਜਾਬੀ ਸੱਭਿਆਚਾਰ ਵਿੱਚ ਪੈਰ ਪਸਾਰ ਰਹੀਆਂ ਹਨ। ਜਿਵੇਂ ਕਿ ਜਨਮ ਦੀਆਂ ਰਹੁ-ਰੀਤਾਂ ਵਿੱਚ ਗਰਭਵਤੀ ਔਰਤ ਨੂੰ ਸੱਤਵੇਂ ਮਹੀਨੇ ਇੱਕ ਰਸਮ ਉਸ ਦੇ ਰਿਸ਼ਤੇਦਾਰ ਦੋਸਤਾਂ ਅਤੇ ਹੋਰ ਅੰਗਾਂ ਸਾਕਾਂ ਵੱਲੋਂ ਕਰਵਾਈ ਜਾਂਦੀ ਹੈ ਜਿਸ ਨੂੰ 'ਬੇਬੀ ਸ਼ਾਵਰ' ਕਿਹਾ ਜਾਂਦਾ ਹੈ। ਇਸੇ ਤਰ੍ਹਾਂ ਵਿਆਹ ਤੋਂ ਮਹੀਨਾ ਪਹਿਲਾਂ ਵਿਆਹ ਵਾਲੀ ਕੁੜੀ ਨੂੰ ਰਿਸ਼ਤੇਦਾਰਾਂ ਵੱਲੋਂ ਤੋਹਫ਼ੇ ਦਿੱਤੇ ਜਾਂਦੇ ਹਨ, ਜਿਸ ਨੂੰ 'ਬ੍ਰਾਈਡਲ ਸ਼ਾਵਰ 'ਕਿਹਾ ਜਾਂਦਾ ਹੈ। ਵਿਆਹ ਵੇਲੇ ਜਦੋਂ ਬਰਾਤ ਲੜਕੀ ਵਾਲਿਆਂ ਦੇ ਘਰ ਪਹੁੰਚ ਜਾਂਦੀ ਹੈ ਤਾਂ ਉਸ ਸਮੇਂ ਰੀਬਨ ਕੱਟਣ ਦੀ ਰਸਮ ਸਮੇਂ ਬਰਾਤੀਆਂ ਵੱਲੋਂ ਜਿਹੜਾ ਸਪਰੇਅ ਵਿਆਂਹਦੜ ਦੀਆਂ ਸਾਲੀਆਂ ਉੱਪਰ ਸੁੱਟਿਆ ਜਾਂਦਾ ਹੈ। ਉਸ ਨੂੰ ਵੀ ਇੱਕ ਰਸਮ ਦਾ ਨਾਂ ਦੇ ਦਿੱਤਾ ਗਿਆ ਹੈ ਜੋ ਕਿ 'ਸਨੋ ਫਾਲ' ਦੇ ਨਾਂ ਨਾਲ ਜਾਣੀ ਜਾਣ ਲੱਗ ਪਈ ਹੈ। ਇਸੇ ਪ੍ਰਕਾਰ ਹੀ ਰਿਸੈਪਸ਼ਨ ਦੀ ਰਸਮ, ਰਿੰਗ ਸੈਰਾਮਨੀ ਦੀ ਰਸਮ ਆਦਿ ਵੀ ਪੱਛਮੀ ਰਹੁ ਰੀਤਾਂ ਦੇ ਪ੍ਰਭਾਵ ਸਦਕਾ ਹੀ ਪੰਜਾਬੀ ਸੱਭਿਆਚਾਰ ਵਿੱਚ ਪੈਰ ਪਸਾਰ ਰਹੀਆਂ ਹਨ। ਪੰਜਾਬੀ ਜੀਵਨ-ਜਾਚ ਦੇ ਬਦਲਦੇ ਪਹਿਲੂਆਂ ਕਰਕੇ ਹਰ ਬੰਦੇ ਕੋਲ ਸਮੇਂ ਦੀ ਘਾਟ ਮਹਿਸੂਸ ਹੋਣ ਲੱਗੀ ਹੈ। ਜਿਸ ਦੇ ਨਤੀਜੇ ਵਜੋਂ ਪੰਜਾਬੀਅਤ ਦੀ ਭਾਵਨਾ ਅਲੋਪ ਹੁੰਦੀ ਨਜ਼ਰ ਆ ਰਹੀ ਹੈ ਅਤੇ ਪੜ੍ਹਿਆ ਲਿਖਿਆ ਵਰਗ ਪੰਜਾਬ ਦੇ ਸੀਮਤ ਜਿਹੇ ਦਾਇਰੇ ਵਿਚ ਵਿਚਰਨ ਨਾਲੋਂ ਵਿਸ਼ਵੀ ਸਰੋਕਾਰਾਂ ਨਾਲ ਜੁੜਨ ਨੂੰ ਤਰਜੀਹ ਦੇ ਰਿਹਾ ਹੈ। ਇਸੇ ਤਰ੍ਹਾਂ ਦੀਆਂ ਅਨੇਕਾਂ ਹੀ ਉਦਾਹਰਨਾਂ ਹਨ ਜੋ ਕਿ ਲੋਕਧਾਰਾ ਦੇ ਰੁਪਾਂਤਰਨ ਦਾ ਕਾਰਨ ਸਿੱਧ ਹੋ ਰਹੀਆਂ ਹਨ।

ਅਜੋਕੇ ਵਿਸ਼ਵੀਕਰਨ ਦੇ ਦੌਰ ਵਿਚ ਅਤਿ-ਆਧੁਨਿਕ ਅਤੇ ਗਲੋਬਲ ਜੁੱਗ ਵਿੱਚ ਪੂਰੀ ਦੁਨੀਆਂ ਦਾ ਹਰ ਦੇਸ਼ ਦੂਸਰੇ ਦੇਸ਼ਾਂ ਦੇ ਸੰਪਰਕ ਵਿੱਚ ਹੈ। ਗਿਆਨ, ਵਿਗਿਆਨ ਅਤੇ ਟੈਕਨਾਲੋਜੀ ਦੇ ਆਦਾਨ ਪ੍ਰਦਾਨ ਕਰਕੇ ਪੂਰੇ ਵਿਸ਼ਵ ਦੇ ਲੋਕਾਂ ਵਿੱਚ ਇੱਕ ਸਾਂਝ ਸਥਾਪਿਤ ਹੋ ਗਈ ਹੈ। ਜਿਸ ਦੇ ਸਿੱਟੇ ਵਜੋਂ ਲੋਕ ਮਾਨਸਿਕਤਾ ਵਿੱਚ ਹੀ ਮਹੱਤਵਪੂਰਨ ਤਬਦੀਲੀਆਂ ਪੈਦਾ ਹੋ ਰਹੀਆਂ ਹਨ। ਲੋਕਧਾਰਾ ਨਿਰੰਤਰ ਬਦਲਣਸ਼ੀਲ ਵਰਤਾਰਾ ਹੈ ਨਵੀਂ ਸੂਚਨਾ ਅਤੇ ਸੰਚਾਰ ਤਕਨਾਲੋਜੀ ਨੇ ਜਿਵੇਂ ਸਾਡੀ ਸਮੁੱਚੇ ਚਿੰਤਨ ਅਤੇ ਸੰਚਾਰ ਨੂੰ ਵੱਡੀ ਪੱਧਰ ਤੇ ਤਬਦੀਲ

ਕੀਤਾ ਹੈ, ਲੋਕਧਾਰਾ ਵੀ ਇਸ ਤੋਂ ਅਭਿੱਜ ਨਹੀਂ ਰਹਿ ਸਕੀ। ਪਰ ਮਨੁੱਖ ਦੀ ਸਮੂਹਿਕ ਜੀਵਨ ਸ਼ੈਲੀ ਕਿਸੇ ਨਾ ਕਿਸੇ ਪੱਧਰ ਤੇ ਬਦਲ ਦੇ ਰੂਪ ਵਿੱਚ ਬਰਕਰਾਰ ਰਹੇਗੀ ਤਿਵੇਂ ਹੀ ਲੋਕਧਾਰਾ ਦੀਆਂ ਪੁਰਾਣੀਆਂ ਵੰਨਗੀਆਂ ਦਾ ਰੁਪਾਂਤਰਨ ਅਤੇ ਨਵੀਆਂ ਵੰਨਗੀਆਂ ਦੀ ਸਿਰਜਣਾ ਦਾ ਅਮਲ ਵੀ ਇਸੇ ਤਰ੍ਹਾਂ ਨਿਰੰਤਰ ਜਾਰੀ ਰਹੇਗਾ।

### 1.7.2 ਵਿਸ਼ਵੀਕਰਨ

ਵਿਸ਼ਵੀਕਰਨ ਇੱਕ ਅਜਿਹਾ ਚਰਚਿੱਤ ਵਰਤਾਰਾ ਹੈ ਜਿਸ ਨੇ ਸਮੁੱਚੀ ਧਰਤੀ ਨੂੰ ਇਕ ਪਿੰਡ ਬਣਾ ਦਿੱਤਾ ਹੈ। ਬੇਸ਼ੱਕ ਇਹ ਵਰਤਾਰਾ ਕੋਈ ਨਵਾਂ ਨਹੀਂ, ਪਰ ਮੌਜੂਦਾ ਦੌਰ ਵਿਚ ਇਹ ਵਰਤਾਰਾ ਬੜੀ ਤੇਜ਼ੀ ਨਾਲ ਪੈਰ ਪਸਾਰ ਗਿਆ। ਲੋਕਾਈ ਦੀ ਹਰ ਨਿੱਕੀ ਮੋਟੀ ਵਸਤ ਨੂੰ ਇਸ ਨੇ ਆਪਣੇ ਅਧੀਨ ਕਰ ਲਿਆ ਹੈ। ਵਿਸ਼ਵੀਕਰਨ ਬਾਰੇ ਅਧਿਐਨ ਕੀਤਿਆਂ ਪਤਾ ਚਲਦਾ ਹੈ ਕਿ ਜਗੀਰਦਾਰੀ ਵਿਵਸਥਾ ਤੋਂ ਬਾਅਦ ਵਿਸ਼ਵ ਮੰਡੀ ਤਹਿਤ ਵਪਾਰ ਨੇ ਵਿਕਾਸ ਦੇ ਨਾਂ ਤੇ ਪੈਰ ਪਸਾਰਨੇ ਸ਼ੁਰੂ ਕਰ ਦਿੱਤੇ ਜਿਸ ਨੇ ਪੂੰਜੀਵਾਦੀ ਜਮਾਤ ਨੂੰ ਜਨਮ ਦਿੱਤਾ। ਭਾਰਤ ਵਿਚ ਅੰਗਰੇਜ਼ਾਂ ਦੀ ਆਮਦ ਨਾਲ ਇੱਥੋਂ ਦੀ ਅਰਥ ਵਿਵਸਥਾ ਨੂੰ ਪੂੰਜੀ ਨਾਲ ਜੋੜਿਆ ਗਿਆ, ਹੋਲੀ-ਹੋਲੀ ਇਸ ਦੀਆਂ ਤੰਦਾਂ ਵਿਸ਼ਵ ਮੰਡੀ ਨਾਲ ਜੁੜ ਗਈਆਂ। ਸੁਭਾਵਿਕ ਹੀ ਭਾਰਤ ਵਿਚ ਵਿਸ਼ਵੀਕਰਨ ਦਾ ਪ੍ਰਭਾਵ ਅੰਗਰੇਜ਼ਾਂ ਦੀ ਆਮਦ ਨਾਲ ਸ਼ੁਰੂ ਹੋਇਆ, ਜਿਸ ਨੇ ਹੋਲੀ ਹੋਲੀ ਪੈਰ ਪਸਾਰ ਕੇ ਇਸ ਨੂੰ ਆਪਣੀ ਗ੍ਰਿਫਤ ਵਿਚ ਲੈ ਆਂਦਾ। ਪਰ ਪਿਛਲੇ ਤਿੰਨ ਦਹਾਕਿਆਂ ਤੋਂ ਵਿਸ਼ਵੀਕਰਨ ਦਾ ਪ੍ਰਭਾਵ ਵਧੇਰੇ ਪਿਆ ਹੈ। ਪੂੰਜੀ ਦੀ ਦੌੜ ਵਿਚ ਹਰ ਛੋਟੇ ਵੱਡੇ ਦੇਸ਼ ਦੀ ਸੋਚ ਇਕ ਦੂਜੇ ਨੂੰ ਆਪਣੇ ਅਧੀਨ ਕਰਨ ਦੀ ਹੈ। ਅਮਰੀਕਾ ਵਰਗੇ ਵਿਕਸਿਤ ਦੇਸ਼ ਵਿਸ਼ਵ ਬੈਂਕ, ਅੰਤਰ ਰਾਸ਼ਟਰੀ ਫੰਡਾਂ ਜਾਂ ਰਾਸ਼ਟਰੀ ਕਾਰਪੋਰੇਸ਼ਨਾਂ ਨੂੰ ਗਲੋਬਲੀ ਵਿਧੀ ਰਾਹੀਂ ਵਿਸ਼ਵੀਕਰਨ ਦੀ ਭਾਵਨਾ ਨੂੰ ਹੁੰਗਾਰਾ ਦੇ ਰਹੇ ਹਨ। ਇਸ ਨੀਤੀ ਤਹਿਤ ਛੋਟੇ ਤੇ ਕਮਜ਼ੋਰ ਦੇਸ਼ਾਂ ਨੂੰ ਕਰਜ਼ੇ ਦੇ ਕੇ ਆਪਣੇ ਅਧੀਨ ਕਰਨ ਦੀ ਵਿਵਸਥਾਵਾਂ ਬਣਾਈਆਂ ਗਈਆਂ ਹਨ ਜਾਂ ਬਣਾਈਆਂ ਜਾ ਰਹੀਆਂ ਹਨ। ਕਮਜ਼ੋਰ ਤੇ ਅਵਿਕਸਤ ਦੇਸ਼ਾਂ ਵਿਚ ਵਿਦੇਸ਼ੀ ਕੰਪਨੀਆਂ ਸਥਾਪਿਤ ਕਰਕੇ ਉਹਨਾਂ ਤੇ ਆਪਣਾ ਦਬ ਦਬਾ ਵਧਾਇਆ ਜਾਣ ਲੱਗ ਪਿਆ।

ਵਿਸ਼ਵੀਕਰਨ ਦੀ ਪ੍ਰਕਿਰਿਆ ਨਾਲ ਅੰਤਰ ਰਾਸ਼ਟਰੀ, ਆਰਥਿਕ ਸਮਝੌਤਿਆਂ ਅਧੀਨ ਉਦਯੋਗਿਕ ਅਤੇ ਨਿੱਜੀਕਰਨ ਵਰਗੇ ਸਰੋਕਾਰ ਸਾਹਮਣੇ ਆਏ ਜਿਸ ਨਾਲ ਮਨੁੱਖ ਵਿਚ ਮਾਨਸਿਕ ਬਦਲਾਵ ਉਤਪੰਨ ਹੋਏ, ਹੋਲੀ ਹੋਲੀ ਇਹ ਪ੍ਰਕਿਰਿਆ ਵਿਸ਼ਵ ਪੱਧਰ ਤੇ ਫੈਲ਼ ਗਈ। ਅਜੋਕੇ ਦੌਰ ਵਿਚ ਵਿਸ਼ਵ ਮੰਡੀ ਵਿਚ ਤਿਆਰ ਕੀਤੇ ਸਮਾਨ ਅਤੇ ਸਾਧਨਾਂ ਨੂੰ ਹੀ ਮਨੁੱਖ ਨੇ ਅੰਤਿਮ ਟੀਚਾ ਮੰਨ ਲਿਆ ਹੈ, ਜਿਸ ਨਾਲ ਰਿਸ਼ਤਿਆਂ ਦਾ ਟੁੱਟਣਾ, ਕੰਮ ਧੰਦਿਆਂ ਦਾ ਟੁੱਟਣਾ ਅਤੇ ਹੋਰ ਸੱਭਿਆਚਾਰਕ ਕਦਰਾਂ ਕੀਮਤਾਂ ਦਾ ਖੰਡਿਤ ਹੋਣਾ ਸੁਭਾਵਿਕ ਹੀ ਹੈ। ਮੌਜੂਦਾ ਦੌਰ ਵਿਚ ਮਲਟੀ ਮੀਡੀਆ ਅਤੇ ਮੰਡੀਕਰਨ ਦੀ ਵਿਵਸਥਾ ਨੇ ਵਿਸ਼ਵੀਕਰਨ ਨੂੰ ਭੰਰਵਾਂ ਹੁੰਗਾਰਾ ਦਿੱਤਾ ਹੈ। ਇਸ ਕਰਕੇ ਹੁਣ ਯੂਰਪ ਵਿਚ ਹੀ ਨਹੀਂ ਬਲ ਕਿ ਪੂਰੇ ਵਿਸ਼ਵ ਵਿਚ ਵਿਸ਼ਵੀਕਰਨ ਨੇ ਆਪਣੀ ਪਕੜ ਮਜ਼ਬੂਤ ਕਰ ਲਈ ਹੈ। ਵਿਸ਼ਵੀਕਰਨ ਨੂੰ ਵੱਖ-ਵੱਖ ਵਿਦਵਾਨਾਂ ਨੇ ਵੱਖ-ਵੱਖ ਤਰੀਕਿਆਂ ਨਾਲ ਪੇਸ਼ ਕੀਤਾ ਹੈ। ਹੇਠਾਂ ਕੁਝ ਵਿਦਵਾਨਾਂ ਦੇ ਵਿਸ਼ਵੀਕਰਨ ਬਾਰੇ ਵਿਚਾਰ ਇਸ ਪ੍ਰਕਾਰ ਹਨ। ਡਾ. ਰਜਿੰਦਰ ਪਾਲ ਸਿੰਘ ਆਪਣੀ ਪੁਸਤਕ 'ਉਤਰ ਆਧੁਨਿਕਤਾ' ਵਿਚ ਵਿਸ਼ਵੀਕਰਨ ਬਾਰੇ ਵਿਚਾਰ ਪੇਸ਼ ਕਰਦੇ ਹਨ:

> ਮਨੁੱਖੀ ਇਤਿਹਾਸ ਵਿਚ ਮਾਨਵੀ ਵਸੋਂ ਧਰਤੀ ਦੇ ਭੂਗੋਲਿਕ ਖਿੱਤਿਆਂ ਵਿਚ ਖਿੰਡੀ ਪੁੰਡੀ ਸੀ। ਮੁੱਢਲੇ ਮਨੁੱਖ ਕੋਲ ਧਰਤੀ ਦਾ ਗਲੋਬ ਰੂਪ ਵਜੋਂ ਸੰਕਲਪ ਨਹੀਂ ਸੀ। ਉਸ ਲਈ ਧਰਤੀ ਆਪਣੀ ਅਨੁਭਵੀ ਨੀਝ ਅਨੁਸਾਰ ਸਮਤਲ ਸੀ ਅਤੇ ਇਸ ਦਾ ਅੰਤ ਸਮੁੰਦਰ ਜਾਂ ਪਹਾੜ ਕਰ ਦਿੰਦੇ ਸਨ। ਮਨੁੱਖੀ ਸਭਿਅਤਾ ਵਿਚ ਆਵਾਜਾਈ ਦਾ ਵਿਕਾਸ ਹੋਇਆ ਤਾਂ ਧਰਤੀ ਦਾ ਵਿਸ਼ਵੀ ਸੰਕਲਪ ਬਣਨਾ ਸ਼ੁਰੂ ਹੋਇਆ ਪਰ ਮੱਧਕਾਲ ਵਿਚ ਵੱਖ-ਵੱਖ ਧਾਰਮਿਕ ਅਕੀਦਿਆਂ ਨੂੰ ਮੰਨਦਾ ਆਪੋ ਆਪਣੇ ਸਭਿਆਚਾਰਕ ਚੌਖਟੇ ਵਿਚ ਜਿਉਂਦਾ ਸੀ। ਬਹੁਤ ਵੱਡੀਆਂ ਕੁਦਰਤੀ ਆਫਤਾਂ ਜਾਂ ਜੰਗਾਂ ਤੋਂ ਬਗੈਰ ਮਾਨਵੀ ਵਸੋਂ ਆਪਣੀ ਜੰਮਣ ਭੋਇੰ ਨਾਲ ਜੁੜੀ ਰਹਿੰਦੀ ਸੀ ਅਤੇ ਉੱਥੋਂ ਦਾ ਪੂਰਵ ਮੌਜੂਦ ਭਾਸ਼ਾ, ਧਰਮ, ਸਭਿਆਚਾਰ ਅਨੁਸਾਰ ਹੀ ਜਿਉਂਦੀ ਸੀ। ਪਰ ਵਿਗਿਆਨਕ ਖੋਜਾਂ, ਤਕਨੀਕੀ ਕਾਢਾਂ ਨੇ ਰਲ ਕੇ ਆਵਾਜਾਈ ਦੇ ਵੱਡੇ ਸਾਧਨ ਵਿਕਸਿਤ ਕੀਤੇ ਤਾਂ ਮਨੁੱਖੀ ਵਸੋਂ ਦਾ ਵੱਡੀ ਪੱਧਰ ਤੇ ਆਉਣਾ ਜਾਣਾ ਸੰਭਵ ਹੋਇਆ। ਆਧੁਨਿਕ ਯੁੱਗ ਵਿਚ

ਮਨੁੱਖ ਨੇ ਦੂਜੀਆਂ ਧਰਤੀਆਂ ਤੇ ਕਬਜ਼ਾ ਕਰਨ ਲਈ ਨਵੇਂ ਸਿਰਿਓ ਵੱਡੀਆਂ ਮੁਹਿੰਮਾਂ ਸ਼ੁਰੂ ਕੀਤੀਆਂ। ਇਕ ਤਰ੍ਹਾਂ ਨਾਲ ਵਿਸ਼ਵੀਕਰਨ ਅਤੇ ਬਸਤੀਵਾਦ ਨਾਲੋਂ ਨਾਲ ਸ਼ੁਰੂ ਹੋਏ ਹਨ। ਬਸਤੀਵਾਦ ਹਾਕਮਾਂ ਨੇ ਸਾਰੇ ਸੰਸਾਰ ਨੂੰ ਇਕ ਇਕਾਈ ਵਜੋਂ ਵੇਖਣਾ ਸ਼ੁਰੂ ਕਰ ਦਿੱਤਾ ਜਿਸ ਉਪਰ ਉਹਨਾਂ ਨੇ ਰਾਜ ਸਥਾਪਿਤ ਕਰਨਾ ਸੀ। ਇੱਥੋਂ ਹੀ ਵਿਸ਼ਵੀਕਰਨ ਦੀ ਨੀਂਹ ਬੱਝਦੀ ਹੈ। (67)

ਡਾ. ਸੁਖਦੀਪ ਕੌਰ ਨੇ ਆਪਣੀ ਪੁਸਤਕ, 'ਵਿਸ਼ਵੀਕਰਨ : ਪੰਜਾਬੀ ਸਭਿਆਚਾਰਕ ਪਰਿਵਰਤਨ' ਵਿਚ ਵਿਸ਼ਵੀਕਰਨ ਬਾਰੇ ਇਸ ਤਰ੍ਹਾਂ ਵਿਚਾਰ ਪੇਸ਼ ਕੀਤੇ ਹਨ ਕਿ :

ਵਿਸ਼ਵੀਕਰਨ ਅਸਲ ਵਿਚ ਵਪਾਰੀਕਰਨ ਦਾ ਹੀ ਦੂਜਾ ਨਾਮ ਹੈ। ਵਿਸ਼ਵ ਨੂੰ ਗਲੋਬਲ ਪਿੰਡ ਬਣਾਉਣ ਦੇ ਝਾਂਸੇ ਗਲੋਬਲੀ ਮੰਡੀ ਉਸਾਰਨ ਦੇ ਟੂਲ ਬਣਾ ਕੇ ਤੀਸਰੀ ਦੁਨੀਆਂ ਦੇ ਲੋਕਾਂ ਦੇ ਆਪਸੀ ਸਮਾਜ ਸੱਭਿਆਚਾਰਕ ਨੂੰ ਬੁਰੀ ਤਰਾਂ ਪ੍ਰਭਾਵਿਤ ਕਰ ਰਹੇ ਹਨ। ਭਾਰਤੀ ਲੋਕਾਂ ਉੱਪਰ ਵਿਸ਼ਵੀਕਰਨ ਦਾ ਤੇਂਦੂਆਂ ਜਾਲ 1991 ਤੋਂ ਪੈਣਾ ਸ਼ੁਰੂ ਹੋਇਆ ਅਤੇ ਭਾਰਤੀ ਹਾਕਮਾਂ ਦੁਆਰਾ 1994 ਵਿਚ ਗੈਟ ਸਮਝੌਤੇ 'ਤੇ ਦਸਤਖਤ ਕਰਨ ਅਤੇ 1995 ਵਿਚ ਵਿਸ਼ਵ ਵਪਾਰ ਸੰਸਥਾ ਦੇ ਮੈਂਬਰ ਬਨਣ ਤੋਂ ਬਾਅਦ ਭਾਰਤ ਪੂਰੀ ਤਰਾਂ ਵਿਸ਼ਵੀਕਰਨ ਦੀ ਜਕੜ ਵਿਚ ਆ ਗਿਆ। ਭਾਰਤ ਦੀਆਂ ਸਿਆਸੀ ਪਾਰਟੀਆਂ ਸਟੇਜਾਂ ਉਪੱਰ ਭਾਵੇਂ ਲੋਕ-ਪੱਖੀ ਤੇ ਸਮਾਜ ਸੁਧਾਰਕ ਪ੍ਰਵਚਨਾਂ ਦਾ ਢੰਡੋਰਾ ਪਿੱਟਦੀਆਂ ਹਨ ਪਰ ਉਹਨਾਂ ਨੂੰ ਵਿਸ਼ਵੀਕਰਨ ਦੇ ਅਨਕੂਲ ਪਾਲਸੀਆਂ ਘੜਨੀਆਂ ਪੈ ਰਹੀਆਂ ਹਨ, ਸਿੱਟੇ ਵਜੋਂ ਭਾਰਤ ਦੇ ਅਮੀਰ ਸੱਭਿਆਚਾਰ ਵਿਚ ਢੇਰ ਸਾਰੀਆ ਤਬਦੀਲੀਆਂ ਵਾਪਰੀਆਂ ਹਨ, ਜਿਹਨਾਂ ਨੇ ਜਨ ਸਧਾਰਨ ਦੀ ਆਤਮਾ ਨੂੰ ਵਲੂੰਧਰ ਕੇ ਰੱਖ ਦਿੱਤਾ ਹੈ। ਪੂਰੇ ਮੁਲਕ ਦਾ ਪੇਟ ਭਰਨ ਵਾਲੇ ਪੰਜਾਬੀ ਆਪ ਭੁੱਖੇ ਮਰ ਰਹੇ ਹਨ। ਵਿਸ਼ਵੀਕਰਨ ਨੇ ਭਾਰਤੀ ਅਤੇ ਪਰਵਾਸੀ ਪੰਜਾਬੀਆਂ ਨੂੰ ਖਪਤਵਾਦੀ ਸੱਭਿਆਚਾਰ ਵਿਚ ਏਨਾ ਡਬੋ ਦਿੱਤਾ ਹੈ ਕਿ ਸਾਡਾ ਅਮੀਰ ਸੱਭਿਆਚਾਰਕ ਵਿਰਸਾ ਤੇ ਪਛਾਣ ਦਿਨ-ਬ-ਦਿਨ ਖਤਮ ਹੋ ਰਹੀ ਹੈ। ( 7)

ਗੁਰਜਸਵਿੰਦਰ ਸਿੰਘ ਦੁਆਰਾ ਸੰਪਾਦਿਤ ਪੁਸਤਕ, 'ਵਿਸ਼ਵੀਕਰਨ ਦਾ ਪ੍ਰਵਚਨ' ਵਿਚ ਪ੍ਰਸਿੱਧ ਵਿਦਵਾਨ ਡਾ. ਸੁੱਚਾ ਸਿੰਘ ਗਿੱਲ ਦਾ ਵਿਸ਼ਵੀਕਰਨ ਬਾਰੇ ਵਿਚਾਰ ਹੈ :

> ਵਿਸ਼ਵੀਕਰਨ ਦੀ ਪ੍ਰਕਿਰਿਆ ਉਸ ਵਕਤ ਸ਼ੁਰੂ ਹੋਈ ਜਦੋਂ ਇਕ ਵਿਸ਼ਵ ਵਿਆਪੀ ਸਮਾਜਿਕ ਆਰਥਿਕ ਢਾਂਚੇ ਦਾ ਨਿਰਮਾਣ ਹੋਣਾ ਸ਼ੁਰੂ ਹੋਇਆ। ਇਹ ਢਾਂਚਾ ਸਰਮਾਏਦਾਰੀ ਦੇ ਨਾਂ ਨਾਲ ਜਾਣਿਆਂ ਜਾਣ ਲੱਗਾ। ਇਸ ਦਾ ਵਿਕਾਸ ਬਰਤਾਨੀਆ ਤੋਂ ਸ਼ੁਰੂ ਹੋ ਕੇ ਪੱਛਮੀ ਯੂਰਪ ਦੇ ਦੂਜੇ ਦੇਸ਼ਾਂ ਵਿਚੋਂ ਹੁੰਦਾ ਹੋਇਆ ਅੱਜ ਸਾਰੀ ਦੁਨੀਆਂ ਵਿਚ ਫੈਲ ਚੁੱਕਾ ਹੈ। ( 21)

ਪੁਸਤਕ 'ਵਿਸ਼ਵੀਕਰਨ ਅਤੇ ਪੰਜਾਬੀ ਸਾਹਿਤ ਸਭਿਆਚਾਰ' ਜੋ ਕਿ ਅਮਰਜੀਤ ਸਿੰਘ ਕਾਂਗ ਦੁਆਰਾ ਸੰਪਾਦਿਤ ਹੈ ਵਿਚੋ ਡਾ. ਸਵਰਨ ਚੰਦਨ ਦਾ ਵਿਚਾਰ ਹੈ ਕਿ :

> ਪਦਾਰਥਕ ਸੁੱਖ ਸਹੂਲਤਾਂ ਲਈ ਪੈਸਾ ਚਾਹੀਦਾ ਹੈ ਜਿਸ ਨੂੰ ਹਰ ਵਿੰਗੇ ਟਿੰਢੇ ਢੰਗ ਨਾਲ ਪੈਦਾ ਕਰਨਾ ਜ਼ਰੂਰੀ ਹੈ। ਇਸ ਖਾਤਰ ਚੋਰੀ, ਠੱਗੀ, ਰਿਸ਼ਵਤ, ਝੂਠ, ਮਕਾਰੀ, ਫਰੇਬੀ ਆਦਿ ਕੁਝ ਵੀ ਕਰਨਾ ਪਵੇ, ਸਭ ਜ਼ਾਇਜ ਹੈ। ਵਿਅਕਤੀ ਨੂੰ ਵੇਚਣ ਦੀ ਲੋੜ ਪਵੇ, ਦੇਹ ਵਪਾਰ ਵਿਚ ਪੈਣਾ ਪਵੇ, ਦੁੱਲਾਪਣਾ ਕਰਨਾ ਪਵੇ, ਸਰੀਰ ਦੇ ਕੱਪੜੇ ਉਤਾਰਨੇ ਪੈਣ, ਸਭ ਜ਼ਾਇਜ ਹੈ। (36)

ਵਿਸ਼ਵੀਕਰਨ ਬਾਰੇ ਡਾ. ਭੀਮ ਇੰਦਰ ਸਿੰਘ ਆਪਣੀ ਪੁਸਤਕ 'ਵਿਸ਼ਵੀਕਰਨ ਵਿਸ਼ਲੇਸ਼ਣ ਅਤੇ ਵਿਵੇਚਨ' ਵਿਚ ਵਿਸ਼ਵੀਕਰਨ ਬਾਰੇ ਵਿਚਾਰ ਅੰਕਿਤ ਕਰਦੇ ਹਨ:

> ਵਿਸ਼ਵੀਕਰਨ ਨੂੰ ਤੋਰਨ ਵਾਲੀ ਸ਼ਕਤੀ ਅਤੇ ਇਸ ਵਿਚ ਨਹਿਤ ਤਰਕ ਪੂੰਜੀਵਾਦੀ ਵਿਸ਼ਵ ਅਰਥ ਵਿਵਸਥਾ ਹੈ। ਇਹੋ ਕਾਰਨ ਹੈ ਕਿ ਅੱਜ ਵਿਸ਼ਵੀਕਰਨ ਨੇ ਸੰਪੂਰਨ ਸੰਸਾਰ ਨੂੰ ਇੱਕ ਸ਼ਾਪਿੰਗ ਸੈਂਟਰ ਬਣਾ ਦਿੱਤਾ ਹੈ। ਬਹੁ ਕੌਮੀ ਕੰਪਨੀਆਂ ਪਹਿਲਾਂ ਸਥਾਨਕ ਸਭਿਆਚਾਰਾਂ ਦਾ ਅਧਿਐਨ ਕਰਦੀਆਂ ਹਨ ਅਤੇ ਫਿਰ ਇਹਨਾਂ ਸਭਿਆਚਾਰਾਂ ਅਨੁਸਾਰ ਉਤਪਾਦਨ ਕਰਦੀਆਂ ਹਨ। ਇਹ ਉਤਪਾਦਨ ਲੋਕਾ ਦੀਆਂ ਬੁਨਿਆਦੀ ਲੋੜਾਂ ਪੂਰੀਆਂ ਕਰਨ ਲਈ ਨਹੀਂ ਕੀਤਾ ਜਾ

ਰਿਹਾ ਬਲ ਕਿ ਮਾਲ ਦੀ ਵਿਕਰੀ ਲਈ ਲੋਕਾਂ ਵਿਚ ਝੂਠੀਆਂ ਲੋੜਾਂ ਪੈਦਾ ਕੀਤੀਆਂ ਜਾ ਰਹੀਆਂ  ਹਨ। ਇਹਨਾਂ ਝੂਠੀਆਂ ਲੋੜਾਂ ਨੂੰ ਪੈਦਾ ਕਰਨ ਵਿਚ ਮੀਡੀਆ ਬੜਾ ਵੱਡਾ ਰੋਲ ਨਿਭਾਅ ਰਿਹਾ ਹੈ। ਇਸ ਤਰ੍ਹਾਂ ਇਹ ਬਹੁ ਕੌਮੀ ਕੰਪਨੀਆਂ ਪੂਰੀ ਦੁਨੀਆਂ ਵਿਚ ਉਪਭੋਗਤਾਵਾਦੀ ਸਮਾਜ ਸਿਰਜਣ ਦੀ ਕੋਸ਼ਿਸ਼ ਕਰ ਰਹੀਆਂ ਹਨ। ਇਸ ਸਮੇਂ ਇਹਨਾਂ ਬਹੁ ਕੌਮੀ ਕੰਪਨੀਆਂ ਦਾ ਉਤਪਾਦਨ ਤਕਨੀਕ, ਵਿੱਤੀ ਪੂੰਜੀ ਅਤੇ ਮੰਡੀ ਤੇ ਪੂਰਾ ਕੰਟਰੋਲ ਹੈ।(9)

ਡਾ. ਭੀਮ ਇੰਦਰ ਸਿੰਘ  ਦੁਆਰਾ ਸੰਪਾਦਿਤ ਪੁਸਤਕ 'ਵਿਸ਼ਵੀਕਰਨ ਵਿਸ਼ਲੇਸ਼ਣ ਅਤੇ ਵਿਵੇਚਨ' ਵਿਚ ਹਰਵਿੰਦਰ ਭੰਡਾਲ ਦੇ ਸ਼ਬਦਾਂ ਅਨੁਸਾਰ:

ਵਿਸ਼ਵੀਕਰਨ ਅਜੋਕੇ ਸਮੇਂ ਦਾ ਸਭ ਤੋਂ ਵੱਧ ਵਿਵਾਦਾਂ ਨੂੰ ਜਨਮ ਦੇਣ ਵਾਲਾ ਸ਼ਬਦ ਹੈ ਪ੍ਰੰਤੂ ਆਪਣੇ ਪ੍ਰਸੰਗਾਂ ਵਿਚ ਤੇ ਇਕ ਪ੍ਰਕਿਰਿਆ ਵਜੋਂ ਇਹ ਬਿਲਕੁਲ ਨਵਾਂ ਵਰਤਾਰਾ ਨਹੀਂ। ਅੱਜ ਚਰਚਾ ਦਾ ਕੇਂਦਰ ਬਣੀ ਹੋਈ ਵਿਸ਼ਵੀਕਰਨ ਦੀ ਪ੍ਰਕਿਰਿਆ, ਰਾਜਨੀਤਕ ਤੇ ਵਿਚਾਰਧਾਰਕ ਹਲਕਿਆਂ ਵਿਚ ਵੱਖ-ਵੱਖ ਕਿਸਮਾਂ ਦੇ ਪ੍ਰਵਚਨਾਂ ਨੂੰ ਜਨਮ ਦੇ ਰਹੀ ਹੈ। ਕੁਝ ਲੋਕ ਇਸ ਨੂੰ ਪੂੰਜੀਵਾਦ ਦੇ ਅਜੋਕੇ ਵਿਸ਼ਵੀ ਸੰਕਟ ਦੀ ਉਪਜ ਮੰਨ ਰਹੇ ਹਨ। ਜਦ ਕਿ ਕੁਝ ਹੋਰ ਇਸ ਨੂੰ ਨਿਰੰਤਰ ਹੋ ਰਹੇ ਪੂਜੀਵਾਦੀ ਰਾਜਨੀਤਿਕ ਅਤੇ ਆਰਥਿਕ ਵਿਕਾਸ ਦੀ ਲੜੀ ਦਾ ਇੱਕ ਵਿਸ਼ੇਸ ਪੜਾਅ ਮੰਨ ਕੇ ਨਿਰਪੱਖ ਕਿਸਮ ਦੀ ਮੁਕਾਬਲੇ ਬਾਜ਼ੀ ਲਈ ਤਿਆਰੀ ਕਰਨ ਦਾ ਸੱਦਾ ਦੇ ਰਹੇ ਹਨ। (93)

ਪ੍ਰਸਿੱਧ ਲੋਕਯਾਨੀ ਡਾ. ਨਾਹਰ ਸਿੰਘ ਆਪਣੀ ਪੁਸਤਕ 'ਪੰਜਾਬ ਦੀ ਲੋਕਧਾਰਾ ਚਿੰਤਨ ਤੇ ਚੇਤਨਾ' ਵਿਚ ਵਿਸ਼ਵੀਕਰਨ ਬਾਰੇ ਵਿਚਾਰ  ਇਉ ਪੇਸ਼ ਕਰਦੇ ਹਨ:

ਵੀਹਵੀਂ ਸਦੀ ਦੇ ਆਖਰੀ ਦਹਾਕੇ ਵਿਚ ਅਰੰਭ ਹੋਈ ਵਿਸ਼ਵੀਕਰਨ ਤੇ ਖੁੱਲ੍ਹੇ ਬਜ਼ਾਰ ਦੀ ਨੀਤੀ ਨੇ ਸਾਡੇ ਸਮੁੱਚੇ ਸਭਿਆਚਾਰਕ ਵਿਹਾਰ ਦਾ ਸਮੁੱਚਾ ਵਹਿਣ ਬਦਲ ਦਿੱਤਾ ਹੈ। ਸੂਚਨਾ ਅਤੇ

> ਸੰਚਾਰ ਦੇ ਨਵੇਂ ਸਾਧਨਾਂ (ਕੰਪਿਊਟਰ, ਟੀ.ਵੀ, ਮੋਬਾਇਲ, ਵਿਗਿਆਨ ਆਦਿ) ਸਦਕਾ ਦਾਅਵਾ ਤਾਂ ਇਹ ਕੀਤਾ ਜਾ ਰਿਹਾ ਹੈ ਕਿ ਵਿਸ਼ਵ ਇਕ ਪਿੰਡ ਬਣ ਗਿਆ ਹੈ, ਪਰ ਵਾਸਤਵਿਕਤਾ ਇਹ ਹੈ ਕਿ ਪਰੰਪਰਕ ਪਿੰਡ ਨੂੰ ਬਜ਼ਾਰ ਵਿਚ ਬਦਲਿਆ ਜਾ ਰਿਹਾ ਹੈ। ਅੰਤਰ ਰਾਸ਼ਟਰੀ ਵਿੱਤੀ ਪੂੰਜੀ ਦੁਆਰਾ ਸੰਚਾਲਿਤ ਸੂਚਨਾ ਸੰਚਾਰ ਸਾਧਨਾਂ, ਖਾਸ ਕਰਕੇ ਮਾਸ ਮੀਡੀਆ ਦੁਆਰਾ ਇਕ ਭਰਮ ਮੂਲਕ ਵਾਸਤਵਿਕਤਾ ਦਾ ਸੰਸਾਰ ਸਿਰਜਿਆ ਜਾ ਰਿਹਾ ਹੈ। ਇਸ ਮੀਡੀਆ ਦੁਆਰਾ ਚੀਜ਼ਾਂ ਵਾਸਤਵਿਕ ਨਾਲੋਂ ਵੀ ਵੱਧ ਵਾਸਤਵਿਕ ਤੇ ਲੁਭਾਉਣੀਆਂ ਨਜ਼ਰ ਆਉਦੀਆਂ ਹਨ। ( 58)

ਪੁਸਤਕ 'ਵਿਸ਼ਵੀਕਰਨ ਅਤੇ ਪੰਜਾਬੀ ਸਾਹਿਤ ਸਭਿਆਚਾਰ' ਜੋ ਕਿ ਅਮਰਜੀਤ ਸਿੰਘ ਕਾਂਗ ਦੁਆਰਾ ਸੰਪਾਦਿਤ ਹੈ ਵਿਚੋ ਅਮਰਜੀਤ ਸਿੰਘ ਕਾਂਗ ਦਾ ਵਿਚਾਰ ਹੈ ਕਿ :

> ਵਿਸ਼ਵ ਇੱਕ ਵਿਸ਼ਾਲ ਮੰਡੀ ਦਾ ਰੂਪ ਧਾਰਨ ਕਰ ਚੁੱਕਾ ਹੈ ਅਤੇ ਇਸ ਵਿਚ, ਆਰਥਿਕ ਸੰਦਰਭ ਵਿਚ, ਮੁਕਾਬਲੇ ਨੂੰ ਕੇਂਦਰੀ ਸਥਾਨ ਹਾਸਿਲ ਹੈ ਇਸ ਸਮੁੱਚੇ ਮਹੌਲ ਨੇ ਇਕ ਨਵੀਂ ਕਿਸਮ ਦੀ ਸੋਚ ਅਤੇ ਚੇਤਨਾ ਨੂੰ ਜਨਮ ਦਿੱਤਾ ਹੈ ਅਤੇ ਇਸ ਦੇ ਬਦਲੇ ਹੋਏ ਮਹੌਲ ਵਿਚ ਵਿਭਿੰਨ ਰਾਸ਼ਟਰਾਂ ਦੀ ਪਰਸਪਰ ਨਿਰਭਰਤਾ ਵਿਚ ਤਾਂ ਵਾਧਾ ਹੋਇਆ ਹੀ ਹੈ, ਨਾਲ ਹੀ ਨਾਲ ਨਸਲਾਂ ਵਜੋਂ, ਤਕਲਨੋਲਜੀ, ਸਰਮਾਏ ਅਤੇ ਗਿਆਨ ਦੇ, ਮੀਡੀਆ ਦੇ ਬੇ ਰੋਕ ਬਹਾਅ ਸਦਕਾ, ਇਕ ਦੂਸਰੇ ਵਿਚ ਰਚ ਮਿਚ ਜਾਣ ਦੀ ਪ੍ਰਕਿਰਿਆ ਵੀ ਕਾਰਜਸ਼ੀਲ ਹੈ। (137)

ਵਿਸ਼ਵੀਕਰਨ ਪੂੰਜੀ ਅਧਾਰਿਤ ਵਿਕਾਸ ਹੈ, ਇਸ ਲਈ ਅਵਿਕਸਿਤ ਅਤੇ ਛੋਟੇ ਮੁਲਕ ਦਿਨ ਬ ਦਿਨ ਸਿਮਟ ਰਹੇ ਹਨ। ਉਹਨਾਂ ਲਈ ਆਤਮ ਨਿਰਭਤਾ ਮੂਲ ਪ੍ਰਸ਼ਨ ਬਣ ਗਿਆ ਹੈ। ਅਜਿਹੇ ਮੁਲਕਾਂ ਦੀ ਸਥਿਤੀ ਆਪਣੇ ਆਪ ਵਿਚ ਗੁਆਚੇ ਇਨਸਾਨ ਵਰਗੀ ਹੋ ਰਹੀ ਹੈ। ਆਰਥਿਕਤਾ ਦੇ ਹਰ ਮੋਰਚੇ ਤੇ ਹਾਰਿਆ ਵਿਅਕਤੀ ਆਪਣੇ ਸਭਿਆਚਾਰ ਨੂੰ ਬਚਾਉਣ ਤੋਂ ਅਸਮਰੱਥ ਜਾਪਦਾ ਹੈ। ਪੈਸੇ ਦੀ ਲਾਲਸਾ ਅਤੇ ਵਸਤੂਆਂ ਦੀ ਖੁੱਲੀ ਮੰਡੀ ਵਿਚ ਗੁਆਚੇ ਲੋਕ ਆਪਣੇ ਵਿਰਸੇ ਤੋਂ ਭਟਕ ਰਹੇ ਹਨ।

ਭਾਰਤ ਵਿਚ ਵਿਸ਼ਵੀਕਰਨ ਦੇ ਸੰਕਲਪ ਨੇ 1991 ਵਿਚ ਜ਼ੋਰ ਫੜ੍ਹਿਆ। ਉਸ ਸਮੇਂ ਭਾਰਤ ਵਿਚ ਸ੍ਰੀ ਨਰਸਿਮ੍ਹਾ ਰਾਓ ਦੀ ਸਰਕਾਰ ਸੀ। ਭਾਰਤ ਆਰਥਿਕ ਮੰਦਹਾਲੀ ਵਿਚੋਂ ਗੁਜ਼ਰ ਰਿਹਾ ਸੀ। ਵਿਸ਼ਵੀਕਰਨ ਇੱਕ ਅਜਿਹੀ ਪ੍ਰਕ੍ਰਿਆ ਹੈ, ਜਿਸ ਨੇ ਸਮੁੱਚੇ ਵਿਸ਼ਵ ਦੇ ਦੇਸ਼ਾਂ ਦੀ ਆਰਥਿਕ, ਸਮਾਜਿਕ, ਰਾਜਨੀਤਿਕ, ਸੱਭਿਆਚਾਰਕ ਪ੍ਰਕ੍ਰਿਆ ਨੂੰ ਪ੍ਰਭਾਵਿਤ ਕੀਤਾ ਹੈ। ਇਸ ਰਾਹੀਂ ਦੁਨੀਆਂ ਦੇ ਅਮੀਰ ਦੇਸ਼ ਜਿਵੇਂ ਅਮਰੀਕਾ, ਜਪਾਨ ਆਦਿ ਵਰਗੇ ਦੇਸ਼ ਵਿਕਾਸ ਸ਼ੀਲ ਦੇਸ਼ਾਂ ਨੂੰ ਬਸਤੀਆਂ ਦੀ ਤਰਾਂ ਵਰਤਦੇ ਹਨ।ਜਿਵੇਂ ਕਿ ਉਪੱਰ ਚਰਚਾ ਕਰਕੇ ਆਏ ਹਾਂ ਕਿ ਵਿਸ਼ਵੀਕਰਨ ਇਕ ਚਰਚਿੱਤ ਵਰਤਾਰਾ ਹੈ। ਭਾਰਤ ਦੇ ਹੋਰਾਂ ਰਾਜਾਂ ਵਾਂਗ ਪੰਜਾਬ ਵੀ ਇਸ ਦੀ ਲਪੇਟ ਵਿਚ 1990 ਤੋਂ ਪਿੱਛੋਂ ਆਇਆ। ਵਿਸ਼ਵੀਕਰਨ ਨਾਲ ਮੁਨਾਫਾਖੋਰੀ ਦੇ ਲਾਲਚ ਹਿੱਤ ਸੰਸਾਰ ਮੰਡੀ ਦਾ ਸੰਕਲਪ ਉਭਰਿਆ, ਜਿਸ ਨੇ ਦੋ ਨਾਹਰੇ ਸਨ 1.ਉਦਾਰੀਕਰਨ 2.ਨਿੱਜੀਕਰਨ। ਇਸ ਨਾਲ ਵੱਖਰੀ ਕਿਸਮ ਦਾ ਗਲੋਬਲੀ ਸੱਭਿਆਚਾਰ ਵਿਕਸਿਤ ਹੋਣ ਲੱਗ ਪਿਆ। ਵਿਸ਼ਵੀਕਰਨ ਦਾ ਪ੍ਰਭਾਵ ਸ਼ਹਿਰਾਂ ਤੱਕ ਹੀ ਸੀਮਤ ਨਾ ਰਹਿ ਕੇ ਪਿੰਡਾਂ ਤੱਕ ਵੀ ਪੈਰ ਪਸਾਰ ਗਿਆ। ਏਸੇ ਕਰਕੇ ਕਿਹਾ ਜਾਂਦਾ ਹੈ ਕਿ ਹੁਣ ਪੰਜਾਬ ਨਿਰਾ ਭਾਰਤ ਵਾਲਾ ਪੰਜਾਬ ਹੀ ਨਹੀਂ ਰਿਹਾ, ਅਮਰੀਕਾ, ਕੈਨੇਡਾ, ਜਰਮਨੀ, ਇੰਗਲੈਂਡ, ਸਵਿੱਸ ਆਦਿ ਦੀ ਧਰਤੀ 'ਤੇ ਵੀ ਪੰਜਾਬ ਅਤੇ ਪੰਜਾਬੀਅਤ ਪੈਰ੍ਹ ਪਸਾਰ ਗਈ ਹੈ।

ਪੰਜਾਬ ਵਿਚ ਵਿਸ਼ਵੀਕਰਨ ਦੀ ਗੱਲ ਕਰੀਏ ਤਾਂ, ਪੰਜਾਬ ਵੀ ਇਸ ਤੋਂ ਅਭਿੱਜ ਨਹੀਂ ਰਿਹਾ। ਵਿਸ਼ਵੀਕਰਨ ਨੇ ਪੰਜਾਬੀਆਂ ਦੀ ਮਾਨਸਿਕਤਾ ਨੂੰ ਬਦਲਿਆ, ਜਿਸ ਨਾਲ ਘਰਾਂ ਵਿਚ ਪਈ ਹਰ ਵਸਤੂ ਇਸ ਦਾ ਸ਼ਿਕਾਰ ਹੋਈ। ਵਿਸ਼ਵ ਮੰਡੀ ਦੇ ਸੰਕਲਪ ਅਧੀਨ ਪੰਜਾਬੀ ਸਭਿਆਚਾਰ ਦੇ ਕੰਮ ਧੰਦੇ, ਰਿਸ਼ਤੇ ਨਾਤੇ, ਰਸਮ ਰਿਵਾਜ਼, ਤਿੱਥ ਤਿਉਹਾਰ ਆਦਿ ਪੂੰਜੀਵਾਦੀ ਸੋਚ ਅਨੁਸਾਰ ਕਰਵੱਟ ਲੈ ਰਹੇ ਹਨ। ਪੰਜਾਬ ਵਿਚ ਵਿਸ਼ਵੀਕਰਨ ਕਾਰਨ ਅੱਜ ਪੰਜਾਬੀ ਪੰਜਾਬ ਨੂੰ ਛੱਡ ਕੇ ਹੋਰਨਾਂ ਦੇਸ਼ਾਂ ਵੱਲ ਨੂੰ ਰੁੱਖ ਅਪਣਾ ਰਹੇ ਹਨ। ਜਿਸ ਨਾਲ ਇੱਕ ਵੱਖਰੀ ਕਿਸਮ ਦੇ ਸੱਭਿਆਚਾਰ ਨੇ ਵਿਖਾਵਾਕਾਰੀ ਅਤੇ ਖਪਤਕਾਰੀ ਨੂੰ ਜਨਮ ਦਿੱਤਾ ਹੈ ।

ਵਿਸ਼ਵੀਕਰਨ ਦੇ ਮੌਜੂਦਾ ਪੂੰਜੀਵਾਦੀ ਦੌਰ ਵਿਚ ਸਰਮਾਏਦਾਰੀ ਤਾਕਤਾਂ, ਵੱਡੇ-ਵੱਡੇ ਕਾਰਪੋਰੇਟ ਘਰਾਣੇ ਨਿੱਜੀ ਲਾਭ ਲਈ ਹਰ ਵਰਗ ਦੀ ਆਰਥਿਕ ਲੁੱਟ ਕਰ ਰਹੇ ਹਨ। ਰੋਜ਼ੀ ਰੋਟੀ ਲਈ ਹੱਥੀਂ ਕਿਰਤ

ਕਰਨ ਵਾਲੇ ਕਿਸਾਨ ਤੋਂ ਲੈ ਕੇ ਮੱਧ ਵਰਗ ਇਸ ਵਿਚੋਂ ਗੁਰਜਦਾ ਹੋਇਆ ਆਰਥਿਕ ਮੰਦਹਾਲੀ ਦਾ ਸ਼ਿਕਾਰ ਹੋਇਆ ਹੈ। ਅਜੋਕੇ ਦੌਰ ਵਿਚ ਉਪਜੀ ਵਿਸ਼ਵ ਮੰਡੀ ਦਾ ਲਾਭ ਆਮ ਲੋਕਾਂ ਤੱਕ ਨਹੀਂ, ਬਲ ਕਿ ਵੱਡੀਆਂ ਸਰਮਾਏਦਾਰੀ ਤਾਕਤਾਂ ਨੂੰ ਪਹੁੰਚਿਆ ਹੈ। ਹਰ ਵਰਗ ਇਸ ਵਿਚ ਆਪਣੇ ਆਪ ਨੂੰ ਚੱਕੀ ਦਾ ਪੁੜਾਂ ਵਿਚ ਪਿਸਦਾ ਹੋਇਆ ਮਹਿਸੂਸ ਕਰ ਰਿਹਾ ਹੈ।

ਵਿਸ਼ਵੀਕਰਨ ਦੀ ਗ੍ਰਿਫਤ ਵਿਚ ਆਏ ਮਨੁੱਖ ਦੇ ਜੀਵਨ ਵਿਹਾਰ ਉੱਤੇ ਅਨੇਕਾਂ ਹੀ ਤਬਦੀਲੀਆਂ ਠੋਸੀਆਂ ਜਾ ਰਹੀਆਂ ਹਨ, ਜਿਹਨਾਂ ਨੂੰ ਹਰ ਵਰਗ ਨਾ ਚਾਹੁੰਦਿਆਂ ਹੋਇਆ ਵੀ ਵਧੇਰੇ ਪ੍ਰਵਾਨ ਅਤੇ ਘੱਟ ਰੱਦ ਕਰ ਰਿਹਾ ਹੈ। ਹਰ ਵਰਗ ਨੂੰ ਚਲਾਉਣ ਦੀ ਤਾਕਤ ਪੂੰਜੀਪਤੀਆਂ ਦੇ ਹੱਥ ਵਿਚ ਹੈ। ਪੂੰਜੀ ਦੀ ਤਾਕਤ ਨਾਲ ਉਹ ਹਰ ਖੇਤਰ ਨੂੰ ਜਿਵੇਂ ਚਲਾਉਣਾ ਚਾਹੁੰਦੇ ਚਲਾਈ ਜਾ ਰਹੇ ਹਨ। ਜਿਸ ਨਾਲ ਹਰ ਖੇਤਰ ਦੀਆਂ ਸਭਿਆਚਾਰਕ ਕਦਰਾਂ ਕੀਮਤਾਂ ਰਲ-ਗੱਡ ਹੋ ਰਹੀਆਂ ਹਨ। ਵਿਸ਼ਵੀਕਰਨ ਨੇ ਲੋਕਾਂ ਦੀ ਮਾਨਸਿਕਤਾ ਨੂੰ ਬਦਲ ਕੇ ਰੱਖ ਦਿੱਤਾ ਹੈ। ਹਰ ਇਨਸਾਨ ਦੇ ਮਨ ਵਿਚ ਅਗਾਂਹ ਦੀ ਦੌੜ ਹੈ, ਲੋਕ ਪਿੰਡਾਂ ਨੂੰ ਛੱਡ ਕੇ ਸ਼ਹਿਰਾਂ ਵੱਲ ਨੂੰ ਜਾਂ ਵਿਦੇਸ਼ਾਂ ਵੱਲ ਨੂੰ ਰੁੱਖ ਅਪਣਾ ਰਹੇ ਹਨ। ਇਸ ਮਾਨਸਿਕ ਲਾਲਸਾ ਕਾਰਨ ਸਯੁੰਕਤ ਪਰਿਵਾਰ ਟੁੱਟ ਰਹੇ ਹਨ। ਇਕਹਿਰੇ ਪਰਿਵਾਰਾਂ ਤੇ ਨਿੱਜਵਾਦ ਭਾਰੂ ਹੋਇਆ ਹੈ।

ਅਜੋਕੇ ਦੌਰ ਵਿਚ ਵਿਸ਼ਵ ਇਕ ਗਲੋਬਲ ਪਿੰਡ ਬਣਾਓਣ ਲਈ ਤਕਨੋਲਜੀ, ਪੂੰਜੀ ਦਾ ਵਿਸ਼ਵ ਪੱਧਰ ਤੇ ਏਕੀਕਰਨ, ਦੇਸ਼ਾਂ ਦੀਆਂ ਹੱਦਾਂ ਨੂੰ ਖਤਮ ਕਰਨ, ਹਰ ਖੇਤਰ ਵਿਚ ਮੁਕਾਬਲੇ ਦੀ ਭਾਵਨਾ ਅਤੇ ਵਿਗਿਆਨਕ ਕਾਢਾਂ ਅਹਿਮ ਰੋਲ ਅਦਾ ਕਰ ਰਹੀਆਂ ਹਨ। ਸੂਚਨਾ ਅਤੇ ਸੰਚਾਰ ਦੇ ਨਵੇਂ ਸਾਧਨ ਇੰਟਰਨੈੱਟ, ਮੋਬਾਇਲ ਫੋਨ, ਉਪਗ੍ਰਿਹਿ, ਤੇਜ਼ ਤਰਾਰ ਚਲਣ ਵਾਲੇ ਆਵਾਜਾਈ ਦੇ ਸਾਧਨਾਂ ਨੇ ਵਿਸ਼ਵੀਕਰਨ ਦੀ ਤਾਕਤ ਨੂੰ ਹੋਰ ਭਰਵਾਂ ਹੁੰਗਾਰਾ ਦਿੱਤਾ ਹੈ। ਵੱਡੀਆਂ ਵੱਡੀਆਂ ਵਿਦੇਸ਼ੀ ਕੰਪਨੀਆਂ ਸੂਚਨਾ ਅਤੇ ਪ੍ਰਸਾਰ ਦੇ ਮਾਧਿਆਮ ਰਾਹੀਂ ਲੋਕਾਂ ਦੀਆਂ ਪ੍ਰਮੁੱਖ ਲੋੜਾਂ ਅਤੇ ਉਹਨਾਂ ਦੀ ਮਾਨਸਿਕਤਾ ਨੂੰ ਬਦਲ ਰਹੀਆਂ ਹਨ, ਜਿਸ ਨਾਲ ਛੋਟੇ ਉਦਯੋਗਾਂ ਤੋਂ ਰੋਜ਼ਗਾਰ ਕਮਾਉਣ ਵਾਲੇ ਲੋਕ ਇਹਨਾਂ ਦੀ ਗ੍ਰਿਫਤ ਵਿਚ ਆਏ ਹਨ। ਮਸ਼ੀਨੀ ਦੌਰ ਵਿਚ ਮਸ਼ੀਨਾਂ ਤੇ ਕੰਮ ਕਰਦਾ ਵਿਅਕਤੀ ਮਸ਼ੀਨ ਹੀ ਬਣ ਗਿਆ ਹੈ। ਹੱਥੀਂ ਕੰਮ ਕਰਨਾ ਅਜੋਕੇ ਦੌਰ ਵਿਚ

ਮਨਫੀ ਹੋ ਗਿਆ ਹੈ। ਡਾ. ਸੁਖਦੀਪ ਕੌਰ ਦੀ ਪੁਸਤਕ 'ਵਿਸ਼ਵੀਕਰਨ ਪੰਜਾਬੀ ਸਭਿਆਚਾਰਕ ਪਰਿਵਰਤਨ' ਵਿਚੋ ਵਿਚਾਰ ਹੈ ਕਿ :

> ਨਿੱਜੀ ਲਾਭ ਦੀਆਂ ਜਰਬਾਂ ਤਕਸੀਮਾਂ ਵਿਚ ਉਲਝੇ ਪੰਜਾਬੀਆਂ ਵਿਚੋਂ ਸਰਬਤ ਦੇ ਭਲੇ ਵਾਲਾ ਵਿਰਸਾ ਪੂਰੀ ਤਰ੍ਹਾਂ ਖੁੱਸ ਗਿਆ ਹੈ। ਹੇਰਾ ਫੇਰੀ, ਲੁੱਟ ਖਸੁੱਟ ਕੰਮ ਚੋਰ ਬਣ ਕੇ ਵਿਸ਼ਵੀ ਸਹੂਲਤਾਂ ਨੂੰ ਹੜੱਪਣਾਂ ਆਦਿ ਅਲਾਨਤਾਂ ਵਿਚ ਗਰੱਸੇ ਪੰਜਾਬੀ ਆਪਣੇ ਆਪ ਨੂੰ ਅਗਾਂਹ ਵਧੂ ਦਰਸਾਉਣ ਲੱਗੇ ਹੋਏ ਹਨ। ਵਿਸ਼ਵੀ ਸੁੱਖ ਸਹੂਲਤਾਂ ਦੇ ਮੱਕੜ ਜਾਲ ਵਿਚ ਫਸੇ ਅਸੀਂ ਸਭ ਤੋਂ ਘੱਟ ਸਮਰੱਥਾ ਵਾਲੇ ਲੋਕ ਬਣ ਕੇ ਰਹਿ ਗਏ ਨਜ਼ਰ ਆਉਦੇਂ ਹਾਂ। ( 36-37)

ਪੰਜਾਬ ਵਿਚ ਵਿਸ਼ਵੀਕਰਨ ਦੇ ਪੈਰ ਪਸਾਰਨ ਕਰਕੇ ਕੁਝ ਗੱਲਾਂ ਸਾਹਮਣੇ ਨਿੱਤਰ ਕੇ ਆਈਆਂ ਹਨ ਜਿਵੇਂ ਕਿ :

ਪੰਜਾਬ ਦਿਨੋਂ ਦਿਨ ਕਰਜ਼ਾਈ ਹੋਣ ਲੱਗਾ ਅਤੇ ਪੰਜਾਬ ਦਾ ਕਿਸਾਨ ਕਰਜਾਈ ਹੋਣ ਲੱਗਾ ਅਤੇ ਉਹ ਆਤਮ ਹੱਤਿਆ ਦਾ ਰਾਹ ਚੁਨਣ ਲੱਗਾ।

ਵਿਸ਼ਵੀਕਰਨ ਦੀ ਪੈਦਾ ਹੋਈ ਖਪਤਵਾਦ ਦੀ ਪ੍ਰਕ੍ਰਿਆ ਨੇ ਪੰਜਾਬੀ ਕੌਮ ਨੂੰ ਸਿੱਖ ਪੰਜਾਬੀ, ਹਿੰਦੂ ਪੰਜਾਬੀ ਅਤੇ ਮੁਸਲਮਾਨੀ ਪੰਜਾਬੀ ਆਦਿ ਵਰਗਾਂ ਵਿਚ ਵੰਡ ਦਿੱਤਾ।

ਵਿਸ਼ਵੀਕਰਨ ਖਪਤਵਾਦੀ ਪ੍ਰਕ੍ਰਿਆ ਨਾਲ ਜੁੜਿਆ ਵਰਤਾਰਾ ਹੈ। ਇਸ ਵਰਤਾਰੇ ਨੇ ਪੰਜਾਬੀਆਂ ਦੀ ਮਾਨਸਿਕਤਾ ਨੂੰ ਵੀ ਪ੍ਰਭਾਵਿਤ ਕੀਤਾ ਹੈ।

ਖਪਤਵਾਦੀ ਪ੍ਰਕ੍ਰਿਆ ਨੇ ਗਰੀਬ ਨੂੰ ਹੋਰ ਗਰੀਬ ਕਰ ਦਿੱਤਾ ਹੈ। ਇੱਥੋਂ ਤੱਕ ਕਿ ਵਿਚਕਾਰਲਾ ਤਬਕਾ ਚੱਕੀ ਦੇ ਪੁੜਾਂ ਵਿਚਕਾਰ ਪਿਸ ਰਿਹਾ ਹੈ। ਉਸ ਲਈ ਅਗਾਂਹ ਤੁਰਨਾ ਬਹੁਤ ਕਠਿਨ ਹੈ ਲੇਕਿਨ ਪਿਛਾਂਹ ਮੁੜਨਾ ਨਾਮੋਸ਼ੀ ਵਾਂਗਰ ਹੈ।

ਵਿਸ਼ਵੀਕਰਨ ਦੇ ਵਰਤਾਰੇ ਵਿਚ ਸਭ ਤੋਂ ਮਹੱਤਵਪੂਰਨ ਗੱਲ ਜੋ ਨਿੱਤਰ ਕੇ ਸਾਹਮਣੇ ਆਈ ਹੈ ਉਹ ਇਹ ਕਿ ਵਿਖਾਵਾ ਵਧਦਾ ਜਾ ਰਿਹਾ ਹੈ, ਪਰ ਅਪਣੱਤ ਘੱਟਦੀ ਜਾ ਰਹੀ ਹੈ। ਅੱਗੇ ਦੀ ਦੌੜ ਹੈ, ਪਿਛਾਂਹ ਮੁੜਨ ਲਈ ਕੋਈ ਵੀ ਤਿਆਰ ਨਹੀਂ ਹੋ ਰਿਹਾ।

ਵਿਸ਼ਵੀਕਰਨ ਦੇ ਵਰਤਾਰੇ ਵਿਚ ਇੱਕ ਗੱਲ ਹੋਰ ਨਿੱਤਰ ਕੇ ਸਾਹਮਣੇ ਕਿ, ਆਰਥਿਕ ਪੱਖੋਂ ਅਸਮੱਥ ਲੋਕ-ਹੀਣ ਭਾਵਨਾ ਦਾ ਸ਼ਿਕਾਰ ਹੋਣ ਲਈ ਮਜ਼ਬੂਰ ਹਨ।

ਵਿਸ਼ਵੀਕਰਨ ਨੇ ਸਾਡੇ ਪਹਿਰਾਵੇ ਤੇ ਹਾਰ-ਸ਼ਿੰਗਾਰ ਨੂੰ ਵੀ ਪ੍ਰਭਾਵਿਤ ਕੀਤਾ ਹੈ। ਅਸੀਂ ਟੀ.ਵੀ.,ਇੰਟਰਨੈੱਟ ਦੇ ਮਾਧਿਆਮ ਰਾਹੀਂ ਵੇਖ ਕੇ ਪੱਛਮੀਂ ਮੁਲਕਾਂ ਦੀਆਂ ਰੀਸਾਂ ਕਰਦੇ ਹਾਂ।

ਹੁਣ ਹਾਰ-ਸ਼ਿੰਗਾਰ ਲੋਕਾਂ ਲਈ ਮਜ਼ਬੂਰੀ ਬਣ ਗਿਆ ਹੈ ਕਿ ਜੇਕਰ ਇੰਝ ਨਾ ਕੀਤਾ ਤਾਂ ਲੋਕ ਕੀ ਕਹਿਣਗੇ?

ਨਿਰਸੰਦੇਹ ਵਿਸ਼ਵੀਕਰਨ ਨੇ ਇਨਸਾਨ ਨੂੰ ਬੜੀਆਂ ਸੁੱਖ ਸਹੂਲਤਾਂ ਮੁਹੱਈਆ ਕਰਾਈਆਂ ਹਨ, ਮਹੀਨਿਆਂ ਬੱਧੀ ਕੰਮ ਨੂੰ ਘੰਟਿਆ ਬੱਧੀ ਮੁਕਾ ਲਿਆ ਜਾਂਦਾ ਹੈ। ਸੁੱਖ-ਦੁੱਖ ਦੀ ਖਬਰ ਬੜੀ ਹੀ ਜਲਦੀ ਨਾਲ ਪ੍ਰਾਪਤ ਹੋ ਜਾਂਦੀ ਹੈ। ਇਨਸਾਨ ਨੂੰ ਆਲਸਪੁਣੇ ਤੋਂ ਬਾਹਰ ਕੱਢਿਆ ਹੈ, ਪਰ ਬਹੁਤ ਕੁੱਝ ਅਜਿਹਾ ਵਾਪਰਿਆ, ਜਿਸ ਨੇ ਮਨੁੱਖੀ ਕਦਰਾਂ ਕੀਮਤਾਂ ਨੂੰ ਬਦਲ ਕੇ ਰੱਖ ਦਿੱਤਾ ਹੈ। ਦਿਖਾਵੇ ਦੀ ਭਾਵਨਾ ਅਤੇ ਖਪਤਵਾਦੀ ਪ੍ਰਵਿਰਤੀ ਨੇ ਮਨੁੱਖੀ ਜੀਵਨ ਦਾ ਨਾਸ਼ ਕਰ ਕੇ ਰੱਖ ਦਿੱਤਾ ਹੈ। ਸਭ ਕੁੱਝ ਹੋਣ ਦੇ ਬਾਵਜੂਦ ਅਜੋਕਾ ਮਨੁੱਖ ਸੱਖਣਾ ਹੈ, ਇਕਲਾਪੇ ਦੀ ਜ਼ਿੰਦਗੀ ਜੀ ਰਿਹਾ ਹੈ। ਅੱਗੇ ਨਿਕਲਣ ਦੀ ਮਨਸਾ ਨੇ ਇਨਸਾਨੀਅਤ ਦਾ ਘਾਣ ਕਰਕੇ ਰੱਖ ਦਿੱਤਾ ਹੈ।

ਵਿਸ਼ਵੀਕਰਨ ਦਾ ਇੱਕੋ ਇਕ ਨਾਹਰਾ ਹੈ ਤਰੱਕੀ। ਏਸੇ ਤਰੱਕੀ ਦੀ ਰਾਹ ਤੇ ਤੁਰਿਆ ਇਨਸਾਨ ਨੈਤਿਕ ਕਰਦਾਂ ਕੀਮਤਾਂ ਦਾ ਘਾਣ ਕਰਨ ਤੋਂ ਵੀ ਸੰਕੋਚ ਨਹੀਂ ਕਰ ਰਿਹਾ। ਬੇ ਹਤਾਸ਼ਾ ਵਸਤਾਂ ਇਕੱਠੀਆਂ ਕਰ ਲੈਣਾ ਤਰੱਕੀ ਨਹੀਂ, ਨਿੱਜੀ ਹਿੱਤਾਂ ਦੀ ਖਾਤਿਰ ਇਨਸਾਨੀਅਤ ਦਾ ਮਾਰ ਦੇਣਾ ਤਰੱਕੀ ਨਹੀਂ, ਆਂਢ-ਗੁਆਂਢ ਦੀ ਸਾਰ ਨਾ ਲੈਣਾ ਤਰੱਕੀ ਨਹੀਂ। ਹਰ ਕੰਪਨੀ, ਹਰ ਅਦਾਰਾ ਵਿਕਾਸ ਦੀ ਗੱਲ ਕਰਦਾ ਹੈ।

ਵਿਕਾਸ ਦੇ ਦੌਰ ਵਿਚ ਵਸਤਾਂ ਘਰ-ਘਰ ਪਹੁੰਚਣਾ, ਭਾਵੇ ਉਹ ਵਰਤੋਂ ਵਿਚ ਹੋਣ ਜਾ ਨਾ, ਅਸੀਂ ਦਿਖਾਵੇ ਦੀ ਭਾਵਨਾ ਵਿਚ ਮਸਤ ਘਰਾਂ ਨੂੰ ਭਰੀ ਜਾਂਦੇ ਹਾਂ।

ਵਿਸ਼ਵੀਕਰਨ ਦੀ ਪ੍ਰਕ੍ਰਿਆ ਇੱਕ ਅਜਿਹੀ ਪ੍ਰਕ੍ਰਿਆ ਹੈ ਜਿਸ ਨੇ ਅੰਦਰਗਤੀ ਕੰਮ ਸ਼ੁਰੂ ਕਰਕੇ ਇਨਸਾਨ ਨੂੰ ਮਾਨਸਿਕ ਤੌਰ ਤੇ ਸੋਚ ਵਿਹੁਣਾ ਬਣਾ ਦਿੱਤਾ ਹੈ। ਹਰ ਕੰਪਨੀ ਆਪਣੀਆਂ ਤਿਆਰ ਕੀਤੀਆਂ ਵਸਤਾਂ ਨੂੰ ਸੰਸਾਰ ਪੱਧਰ ਤੇ ਜ਼ਬਰਨ, ਇਸ਼ਤਿਹਾਰਾਂ ਰਾਹੀਂ ਵਾਰ-ਵਾਰ ਵਿਖਾ ਕੇ ਇਨਸਾਨ ਦੇ ਮਨਾਂ ਤੇ ਡਾਕਾ ਮਾਰਿਆ ਜਾ ਰਿਹਾ ਹੈ। ਜਿੱਥੇ ਇਨਸਾਨ ਨੂੰ ਇੱਕ ਵਸਤ ਦੀ ਵੀ ਜ਼ਰੂਰਤ ਨਹੀਂ ਉੱਥੇ ਇਸਤਿਹਾਰਾਂ ਰਾਹੀਂ ਵੱਧ ਤੋਂ ਵੱਧ ਵਸਤਾਂ ਉਸ ਨੂੰ ਥੋਪੀਆਂ ਜਾ ਰਹੀਆਂ ਹਨ। ਜਿੱਥੇ ਆ ਕੇ ਫਿਰ ਕਰਜ਼ੇ ਦੀ ਜ਼ਰੂਰਤ ਅੱਗੇ ਗੋਡੇ ਟੇਕਣੇ ਪੈ ਰਹੈ ਹਨ। ਇੱਥੇ ਤੱਕ ਮੀਡੀਆ ਰਾਹੀਂ ਉਹਨਾਂ ਫਿਲਮਾਂ, ਸੀਰੀਅਲਾਂ ਦਾ ਵਿਖਿਆਣ ਹੋ ਰਿਹਾ ਹੈ, ਜਿਸ ਨਾਲ ਅਸੀਂ ਉਹ ਵਸਤਾਂ ਖਰੀਦਣ ਲਈ ਮਜ਼ਬੂਰ ਹੋ ਰਹੇ ਹਾਂ। ਸੁਰਜੀਤ ਸਿੰਘ ਭੱਟੀ ਆਪਣੀ ਪੁਸਤਕ 'ਵਿਸ਼ਵੀਕਰਨ ਅਤੇ ਸਾਹਿਤ ਚਿੰਤਨ' ਵਿਚ ਵਿਸ਼ਵੀਕਰਨ ਦੇ ਦੌਰ ਵਿਚ ਪੱਸਰੀ ਤਕਨਾਲੋਜੀ ਬਾਰੇ ਆਪਣੇ ਵਿਚਾਰ ਪੇਸ਼ ਕਰਦੇ ਹਨ:

> ਵਿਸ਼ਵੀਕਰਨ ਦੀ ਇੱਕ ਹੋਰ ਅਲਾਮਤ ਸੂਚਨਾ ਤਕਨਾਲੋਜੀ ਦੇ ਵਿਕਾਸ ਰਾਹੀਂ ਸੱਭਿਆਚਾਰਕ ਸਾਮਰਾਜਵਾਦ ਦੀ ਸਥਾਪਤੀ ਹੈ। ਮਨੁੱਖ ਨੂੰ ਇੱਕ ਉਤਪਾਦਕ ਦੀ ਥਾਂ ਇਕ ਉਪਭੋਗਤਾ ਵਿੱਚ ਬਦਲ ਕੇ ਉਸ ਨੂੰ ਪੂਰੀ ਤਰ੍ਹਾਂ ਮੰਡੀ ਸੱਭਿਆਚਾਰ ਦੀ ਕਠਪੁਤਲੀ ਬਣਾ ਦਿੱਤਾ ਗਿਆ ਹੈ। ਸੱਭਿਆਚਾਰਕ ਸਾਮਰਾਜ ਤੁਹਾਡੇ ਪਹਿਰਾਵੇ, ਖਾਣ-ਪੀਣ, ਮਨੋਰੰਜਨ, ਸੋਚ ਵਿੱਦਿਆ ਅਤੇ ਜੀਵਨ ਦੇ ਹਰ ਪੱਖ ਉੱਤੇ ਇੰਨਾ ਭਾਰੂ ਹੋਇਆ ਹੈ ਕਿ ਮਨੁੱਖ ਦਾ ਬੈੱਡਰੂਮ ਵੀ ਇਸ ਦੀ ਮਾਰ ਤੋਂ ਨਹੀਂ ਬਚ ਸਕਿਆ। ਵਿਸ਼ਵੀਕਰਨ ਇੱਕ ਅਜਿਹੇ ਮਨੁੱਖ ਨੂੰ ਘੜਨ ਵਿੱਚ ਪੂਰੀ ਤਰ੍ਹਾਂ ਕਾਮਯਾਬ ਹੈ ਜੋ ਸਮਾਜਿਕ ਨਾ ਬਰਾਬਰੀ, ਅਣਮਨੁੱਖੀ ਸਮਾਜਿਕ ਸਥਿਤੀਆਂ, ਭਾਈਚਾਰਕ ਸਾਂਝ ਅਤੇ ਮਨੁੱਖ ਦੀ ਸੁਤੰਤਰ ਸੋਚ ਅਤੇ ਸਮਾਜ ਵਿੱਚ ਉਸ ਦੀ ਹਾਂ ਪੱਖੀ ਸਰਗਰਮ ਦਖ਼ਲ ਅੰਦਾਜ਼ੀ ਤੋਂ ਪੂਰੀ ਤਰ੍ਹਾਂ ਮੁਕਤ ਅਤੇ ਬੇਗਾਨਾ ਹੋ ਚੁੱਕਿਆ ਹੋਵੇ। ਮਨੁੱਖ ਵਿਚਕਾਰ ਮਜ਼ਦੂਰ ਜਮਾਤ ਵਿਚ, ਸਮਾਜ ਵਿਚ ਅਤੇ ਬਿਹਤਰ ਜ਼ਿੰਦਗੀ ਜਿਉਣ ਦੀ ਇੱਛਾ ਰੱਖਣ ਵਾਲੇ ਸੰਜੀਦਾ ਵਿਅਕਤੀਆਂ,

ਸੰਗਠਨਾਂ ਅਤੇ ਸੰਸਥਾਵਾਂ ਵਿੱਚ ਪਾੜ ਪਾ ਕੇ ਉਨ੍ਹਾਂ ਨੂੰ ਵੰਡਣਾ ਅਤੇ ਫਿਰ ਆਪਸ ਵਿੱਚ ਲੜਾ ਕੇ ਸਹੀ ਸਮਾਜਿਕ ਮੁੱਦਿਆਂ ਪ੍ਰਤੀ ਉਨ੍ਹਾਂ ਨੂੰ ਚਿੰਤਨ ਨਾ ਹੋਣ ਦੇਣਾ ਅਤੇ ਅਮੀਰ ਦੇਸ਼ਾਂ ਦੀ ਪੂੰਜੀ ਆਧਾਰਿਤ ਅਣਮਨੁੱਖੀ ਦਿਖਾਵੇ ਭਰੇ ਅਤੇ ਖਪਤਕਾਰੀ ਸੱਭਿਆਚਾਰ ਰਾਹੀਂ ਘੱਟਗਿਣਤੀਆਂ ਸਮਾਜ, ਸਮੂਹਾਂ ਛੋਟੀਆਂ ਭਾਸ਼ਾਵਾਂ ਸੱਭਿਆਚਾਰਾਂ ਅਤੇ ਕਲਾ ਪਰੰਪਰਾਵਾਂ ਦਾ ਖ਼ਾਤਮਾ ਕਰ ਕੇ ਉਨ੍ਹਾਂ ਨੂੰ ਪੂੰਜੀਵਾਦੀ ਸੱਭਿਆਚਾਰ ਵਿੱਚ ਨਰੜ ਕੇ ਮਾਰ ਦੇਣ ਦੀਆਂ ਸੂਖ਼ਮ ਕੋਸ਼ਿਸ਼ਾਂ ਇਸ ਵਿਸ਼ਵੀਕਰਨ ਦੀਆਂ ਮਨੁੱਖੀ ਸੱਭਿਅਤਾ ਨੂੰ ਮਹਾਨ ਦੇਣਾਂ ਹਨ। (47-48)

ਹੱਥਲੇ ਖੋਜ ਕਾਰਜ **'ਵਿਸ਼ਵੀਕਰਨ ਦੇ ਦੌਰ ਵਿਚ ਪੰਜਾਬੀ ਲੋਕਧਾਰਾ ਦਾ ਰੁਪਾਂਤਰਨ ਇੱਕ ਅਧਿਐਨ'** ਰਾਹੀਂ ਲੋਕਧਾਰਾ ਤੇ ਪਏ ਪ੍ਰਭਾਵਾ ਬਾਰੇ ਚਰਚਾ ਕਰਨਾ ਹੈ। ਵਿਸ਼ਵੀਕਰਨ ਇੱਕ ਅਜਿਹੀ ਪ੍ਰਕਿਰਿਆ ਸਾਬਿਤ ਹੋਈ ਹੈ ਜਿਸ ਨਾਲ ਦੇਸ਼ਾਂ ਦੀਆਂ ਹੱਦਾਂ ਸੁੰਗੜੀਆਂ ਹਨ, ਪੂੰਜੀ ਅਤੇ ਮਨੁੱਖੀ ਕਿਰਤ ਦਾ ਅਦਾਨ ਪ੍ਰਦਾਨ ਹੋਇਆ ਹੈ। ਜਿਸ ਨਾਲ ਸਭਿਆਚਾਰਕ ਰਲੇਵਾਂ, ਕੰਮ ਧੰਦਿਆਂ ਦਾ ਰਲੇਵਾਂ ਅਤੇ ਮਾਨਸਿਕ ਸੋਚ ਦਾ ਰਲੇਵਾਂ ਹੋਣਾ ਸੁਭਾਵਿਕ ਹੈ। ਇਸ ਰਲੇਵੇਂ ਤਹਿਤ ਮਨੁੱਖੀ ਕਰਦਾਂ ਕੀਮਤਾਂ ਵਿਚ ਬਦਲਾਵ ਆਏ ਹਨ। ਵੱਡੇ-ਵੱਡੇ ਸ਼ਹਿਰ ਹੀ ਨਹੀਂ ਬਲਕਿ ਛੋਟੇ ਵੱਡੇ ਪਿੰਡ ਵੀ ਵਿਸ਼ਵੀਕਰਨ ਦਾ ਸ਼ਿਕਾਰ ਹੋਏ ਹਨ। ਪਿੰਡਾਂ ਵਿਚ ਪਏ ਪ੍ਰਭਾਵ ਤਹਿਤ ਕੰਮ ਕਰਨ ਦੇ ਤੌਰ ਤਰੀਕਿਆਂ ਅਤੇ ਲੋਕਧਾਰਈ ਵਰਤਾਰਿਆਂ ਨੂੰ ਖੋਰਾ ਲੱਗਾ ਹੈ। ਇਸ ਬਾਰੇ ਚਰਚਾ ਅੱਗੇ ਅਧਿਆਇ ਵੰਡ ਅਨੁਸਾਰ ਕਰਾਂਗੇ। ਪਰ ਫਿਰ ਵੀ ਵਿਸ਼ਵੀਕਰਨ ਨੇ ਸਾਡੇ ਲੋਕਧਰਾਈ ਵਰਤਾਰਿਆਂ ਨੂੰ ਵੀ ਢਾਹ ਮਾਰੀ ਹੈ। ਇਸ ਬਾਰੇ ਦ੍ਰਿਸ਼ਟਾਂਤ ਚਰਚਾ ਇੱਥੇ ਕਰਨੀ ਵੀ ਬਣਦੀ ਹੈ।

**1.ਮਨੁੱਖੀ ਮੇਲ ਮਿਲਾਪ ਵਿਚ ਤਬਦੀਲੀ :-** ਵਿਸ਼ਵਿਕਰਨ ਦੇ ਦੌਰ ਵਿਚ ਮਨੁੱਖੀ ਕਦਰਾਂ ਕਮੀਤਾਂ ਦਾ ਘਾਣ ਹੋਇਆ ਹੈ। ਵੱਧ ਤੋਂ ਵੱਧ ਸਹੂਲਤਾਂ ਪ੍ਰਾਪਤ ਕਰਨ ਦੀ ਦੌੜ ਵਿਚ ਇਨਸਾਨ ਦੂਜੇ ਇਨਸਾਨ ਨੂੰ, ਇਨਸਾਨ ਨਹੀਂ ਸਮਝਦਾ। ਉਹ ਇਹ ਮਹਿਸੂਸ ਕਰਦਾ ਹੈ ਕਿ ਇਹ ਮੇਰੇ ਤੋਂ ਅਗਾਂਹ ਨਾ ਲੰਘ ਜਾਵੇ। ਕਿਸੇ ਦੇ ਗੁਆਂਢ ਵਿਚ ਪ੍ਰਾਪਤ ਹੋਈਆਂ ਸਹੂਲਤਾਂ ਸਾਡੇ ਲਈ ਸਿਰਦਰਦੀ ਦਾ ਕਾਰਨ ਬਣ ਗਈਆਂ ਹਨ ਕਿ ਇਹ ਕਿਉਂ ਹੋ ਗਿਆ, ਅਗਾਂਹ ਨਿਕਲਣ ਲਈ ਇਨਸਾਨੀਅਤ ਨੂੰ ਭੁੱਲਕੇ ਅਗਾਂਹ ਤੁਰਦੇ ਹਾਂ, ਕਰਜ਼ਾ ਸਾਡੀ ਪਹਿਲੀ ਪਸੰਦ ਬਣਦਾ ਹੈ। ਮਨੁੱਖ ਨਾਲੋਂ ਨਾਤਾ ਤੋੜਨਾ ਸਾਨੂੰ ਬਹੁਤ ਚੰਗਾ ਲਗਦਾ ਹੈ।

**2.ਰਹਿਣ-ਸਹਿਣ ਵਿਚ ਬਦਲਾਵ :-** ਵਿਸ਼ਵੀਕਰਨ ਦੀ ਦੌੜ ਵਿਚ ਵਿਖਾਵਾ ਸਿਰ ਚੜ੍ਹ ਬੋਲਿਆ ਹੈ । ਆਪਣੇ ਭਰੇ ਭਰਾਏ ਵਿਹੜਿਆਂ ਨੂੰ ਛੱਡ ਕੇ ਸ਼ਹਿਰਾਂ ਵਾਲੀ ਦੌੜ ਵਿਚ ਸ਼ਾਮਿਲ ਹੋ ਗਏ। ਰਹਿਣ-ਸਹਿਣ ਦੇ ਤੌਰ ਤਰੀਕਿਆਂ ਵਿਚ ਬੜੀ ਤਬਦੀਲੀ ਆਈ। ਦਿਖਾਵੇ ਦੀ ਭਾਵਨਾ ਹਿੱਤ ਕਰਜ਼ੇ ਲੈ ਲੈ ਕੇ ਬਿਲਡਿੰਗਾਂ ਖੜ੍ਹੀਆਂ ਕਰ ਲਈਆਂ। ਬੱਚਿਆਂ ਨੂੰ ਦਾਦੇ ਦਾਦੀਆਂ ਤੋਂ ਦੂਰ ਕਰ ਦਿੱਤਾ। ਘਰਾਂ ਵਿਚ ਕਬੂਤਰ ਬੋਲਣ ਲਈ ਮਜ਼ਬੂਰ ਹੋ ਗਏ।

**3.ਖਾਣ-ਪੀਣ ਵਿਚ ਬਦਲਾਵ :-** ਪਰਿਵਰਤਨ ਕੁਦਰਤ ਦਾ ਨਿਯਮ ਹੈ। ਹਰ ਇਲਾਕੇ ਦਾ ਖਾਣ-ਪੀਣ ਉੱਥੋਂ ਦੇ ਪੌਣ ਪਾਣੀ ਮੁਤਾਬਿਕ ਹੁੰਦਾ ਹੈ। ਪੰਜਾਬੀ ਲੋਕ ਖਾਣ ਪੀਣ ਲਈ ਦੁਨੀਆਂ ਦੇ ਹਰ ਕੋਨੇ ਵਿਚ ਜਾਣੇ ਜਾਂਦੇ ਹਨ। ਸ਼ਾਹ ਵੇਲਾ, ਦੁਪਹਿਰ ਦੀ ਰੋਟੀ, ਰਾਤ ਦੇ ਖਾਣੇ ਨੂੰ ਬਰਗਰ ਪੀਜ਼ਿਆਂ ਨੇ ਐਸੀ ਢਾਹ ਮਾਰੀ ਕਿ ਹੁਣ ਛੋਟਾ ਬੱਚਾ ਵੀ ਇਹਨਾਂ ਦੀ ਮੰਗ ਕਰਦਾ ਹੈ। ਮੌਸਮ ਅਨੁਸਾਰ ਮੋਟਾ ਠੱਲ੍ਹਾ ਖਾਣਾ ਪੰਜਾਬੀਆਂ ਲਈ ਵੀ ਸ਼ਰਮ ਦੀ ਗੱਲ ਬਣ ਗਈ ਹੈ। ਜ਼ੰਕ ਫੂਡ ਨੇ ਪੰਜਾਬੀਆਂ ਦੇ ਖਾਣ-ਪੀਣ ਵਾਲੀ ਪ੍ਰਵਿਰਤੀ ਨੂੰ ਖੋਰਾ ਲਾ ਰੱਖ ਦਿੱਤਾ ਹੈ ਮੌਸਮ ਚਾਹੇ ਠੰਡਾ ਹੋਵੇ ਜਾਂ ਗਰਮ ਅੱਜ ਹਰ ਕੋਈ ਕੋਲਡ ਡਰਿੰਕ ਅਤੇ ਆਈਸ ਕਰੀਮ ਖਾਣ ਨੂੰ ਫੈਸ਼ਨ ਸਮਝਦਾ ਹੈ। ਪੰਜਾਬੀ ਯੂਨੀਵਰਸਿਟੀ ਸੱਭਿਆਚਾਰ ਪੱਤ੍ਰਿਕਾ, ਅੰਕ 13 'ਲੋਕਧਾਰਾ ਅਤੇ ਸਮਾਜਿਕ ਰੁਪਾਂਤਰਨ' ਵਿਚੋਂ ਡਾ. ਤਜਿੰਦਰ ਕੌਰ ਦਾ ਇਸ ਬਾਰੇ ਵਿਚਾਰ ਹੈ :

> ਨੂਡਲਜ਼ ਮੈਗੀ, ਨੂਡਲਜ਼, ਆਟਾ ਨੂਡਲਜ਼, ਸੂਪੀ ਨਿਊਡਲਜ਼, ਓਟ ਨੂਡਲਜ਼ ਆਦਿ ਵਰਾਇਟੀ ਮਾਰਕੀਟ ਵਿੱਚ ਮਿਲਦੀ ਹੈ। ਇਸ ਨੂੰ ਬਣਾਉਣ ਲਈ ਜ਼ਿਆਦਾ ਮਿਹਨਤ ਵੀ ਨਹੀਂ ਕਰਨੀ ਪੈਂਦੀ ਜਿਸ ਕਾਰਨ ਘਰ ਦੀਆਂ ਗ੍ਰਹਿਣੀਆਂ ਵੀ ਸ਼ੌਕ ਨਾਲ ਬੱਚਿਆਂ ਨੂੰ ਪਰੋਸ ਕੇ ਦੇ ਰਹੀਆਂ ਹਨ। ਪੀਜ਼ਾ ਬਰਗਰ ਵੀ ਇਸੇ ਤਰ੍ਹਾਂ ਦਾ ਫਾਸਟ ਫੂਡ ਹੈ ਜੋ ਆਸਾਨੀ ਨਾਲ ਆਮ ਰੇਹੜੀ ਤੋਂ ਲੈ ਕੇ ਰੈਸਟੋਰੈਂਟ ਜਾਂ ਹੋਟਲਾਂ ਵਿੱਚੋਂ ਮਿਲ ਜਾਂਦਾ ਹੈ। ਅਜਿਹਾ ਖਾਣਾ ਇਕ ਸੁਸਾਇਟੀ ਸਿੰਬਲ ਬਣ ਕੇ ਰਹਿ ਗਿਆ ਹੈ। ਇਹ ਖਾਣਾ ਸ਼ਹਿਰਾਂ ਵਿੱਚ ਹੀ ਨਹੀਂ ਬਲਕਿ ਪਿੰਡਾਂ ਵਿੱਚ ਵੀ ਆਪਣੀ ਥਾਂ ਬਣਾ ਚੁੱਕਾ ਹੈ। ਚਲਦੇ ਸਮੇਂ ਇਹ ਭੋਜਨ ਸਵੇਰ ਤੋਂ ਲੈ ਕੇ ਰਾਤ ਤਕ ਖਾਧਾ ਜਾਂਦਾ ਹੈ

> ਅਤੇ ਸਿਹਤ ਲਈ ਬਹੁਤ ਹਾਨੀਕਾਰਕ ਹੈ। ਇਸ ਸਭ ਨੂੰ ਜਾਣਨ ਦੇ ਬਾਵਜੂਦ ਵੀ ਇਹ ਖ਼ਰੀਦਿਆ ਵੇਚਿਆ ਜਾਂਦਾ ਹੈ। ਬੇਲਪੂਰੀ, ਆਲੂ ਟਿੱਕੀ, ਸਮੋਸਾ, ਵੜਾ ਪਾਓ, ਡੋਸਾ, ਇਡਲੀ, ਸਾਂਬਰ, ਅਫ਼ਗਾਨੀ ਚਾਪ, ਸਿੰਗਾਪੁਰੀ ਗੋਭੀ ਆਦਿ ਭੋਜਨ ਸਾਡੀ ਰੋਜ਼ਾਨਾ ਦੀ ਜ਼ਿੰਦਗੀ ਦੀ ਖੁਰਾਕ ਬਣ ਚੁੱਕਾ ਹੈ। ਬਰੈੱਡ ਵਿਚ ਮੈਦਾ ਬਰੈਡ ਅਤੇ ਆਟਾ ਬਰੈੱਡ ਤੋਂ ਬਿਨਾਂ ਫਰੂਟ ਬਰੈੱਡ ਵੀ ਵੱਡੀ ਡਿਮਾਂਡ ਹੈ। (33)

ਵਿਦੇਸ਼ੀ ਕੰਪਨੀਆਂ ਵਲੋਂ ਆਪਣੇ ਸਮਾਨ ਨੂੰ ਤਿਆਰ ਕਰ ਕੇ ਹਰ ਦੇਸ਼ ਦੇ ਕੋਨੇ ਕੋਨੇ ਤੱਕ ਪਹੁੰਚਾ ਦਿੱਤਾ ਹੈ । ਅਸੀਂ ਵੀ ਘਰਾਂ ਵਿਚ ਚੁੱਲ੍ਹੇ ਚੌਂਕੇ ਨੂੰ ਭਾਰ ਮਹਿਸੂਸ ਕਰਦੇ ਹਾਂ ਅਤੇ ਰੈਡੀਮੇਡ ਖਾਣਾ ਸਾਡੀ ਪਸੰਦ ਹੋ ਚੁੱਕਾ ਹੈ। ਚੁੱਲ੍ਹੇ ਚੌਂਕੇ ਦਾ ਸੁੱਚਮ ਕਿੱਥੇ ਹੈ?

**3. ਹਾਰ ਸ਼ਿੰਗਾਰ ਵਿਚ ਬਦਲਾਵ :-** ਹਾਰ ਸ਼ਿੰਗਾਰ ਕਰਨਾ ਹਰ ਕੋਈ ਲੋਚਦਾ ਹੈ। ਹਾਰ ਸ਼ਿੰਗਾਰ ਸਹੁੱਪਣ ਦੀ ਨਿਸ਼ਾਨੀ ਹੈ। ਪਰ ਵਿਸ਼ਵੀਕਰਨ ਦੇ ਦੌਰ ਵਿਚ ਇਸ਼ਤਿਹਾਰਬਾਜ਼ੀ ਨੇ ਲੋਕਾਂ ਦੀ ਮਨੋ ਬਿਰਤੀ ਨੂੰ ਬਦਲ ਕੇ ਰੱਖ ਦਿੱਤਾ ਹੈ। ਪੰਜਾਬੀ ਯੂਨੀਵਰਸਿਟੀ ਸੱਭਿਆਚਾਰ ਪੱਤ੍ਰਿਕਾ, ਅੰਕ 13 'ਲੋਕਧਾਰਾ ਅਤੇ ਸਮਾਜਿਕ ਰੁਪਾਂਤਰਨ' ਵਿਚੋਂ ਡਾ. ਤਜਿੰਦਰ ਕੌਰ ਦਾ ਇਸ ਬਾਰੇ ਵਿਚਾਰ ਹੈ :

> ਪੰਜਾਬੀ ਔਰਤਾਂ ਸਲਵਾਰ ਕਮੀਜ਼ ਪਾਉਂਦੀਆਂ ਸਨ ਅਤੇ ਹਮੇਸ਼ਾਂ ਸਿਰ ਨੂੰ ਦੁਪੱਟੇ ਨਾਲ ਢੱਕ ਕੇ ਰੱਖਦੀਆਂ ਸਨ। ਹਰ ਉਮਰ ਦੀ ਔਰਤ ਦਾ ਪਹਿਰਾਵਾ ਇੱਕੋ ਜਿਹਾ ਹੁੰਦਾ ਸੀ, ਪ੍ਰੰਤੂ ਉਮਰ ਦੇ ਲਿਹਾਜ਼ ਨਾਲ ਰੰਗਾਂ ਵਿੱਚ ਫ਼ਰਕ ਨਜ਼ਰ ਆਉਂਦਾ ਸੀ। ਵਿਆਹੀ ਕੁੜੀ ਸਿਰ ਨੂੰ ਫੁਲਕਾਰੀ ਨਾਲ ਢੱਕ ਕੇ ਰੱਖਦੀ ਸੀ ਅਤੇ ਕੁਆਰੀਆਂ ਕੁੜੀਆਂ ਸਾਦੀ ਚੁੰਨੀ ਜਾਂ ਦੁਪੱਟੇ ਨਾਲ ਸਿਰ ਢੱਕ ਕੇ ਰੱਖਦੀਆਂ ਸਨ। ਕਈ ਔਰਤਾਂ ਸਲਵਾਰ ਦੀ ਥਾਂ ਚੂੜੀਦਾਰ ਪਜਾਮੀ ਵੀ ਪਾਉਂਦੀਆਂ ਸਨ। ਜੇਕਰ ਆਧੁਨਿਕ ਸਮੇਂ ਦੀ ਪੰਜਾਬੀ ਔਰਤ ਦੀ ਗੱਲ ਕਰੀਏ ਤਾਂ ਪੰਜਾਬੀ ਪਹਿਰਾਵਾ ਬਿਲਕੁਲ ਹੀ ਬਦਲ ਗਿਆ ਹੈ। ਔਰਤਾਂ ਚੁਸਤ ਕਪੜੇ ਪਹਿਨਣ ਲੱਗ ਗਈਆਂ ਹਨ ਔਰਤਾਂ ਦੀ ਕੱਪੜਿਆਂ ਵਿੱਚ ਵੱਡੀ ਤੇ ਸੋਹਣੀ ਇਤਿਹਾਸਕ ਤਬਦੀਲੀ ਆਈ ਹੈ। ਔਰਤਾਂ ਮੁੰਡਿਆਂ ਦੇ ਵਾਂਗ ਪੈਂਟ,

> ਸ਼ਰਟ, ਜੀਨ,ਕੁੜਤਾ, ਪੰਜਾਬੀ ਸੂਟ, ਕਮੀਜ਼  ਸਲਵਾਰ, ਪਜਾਮੀ, ਅਨਾਰਕਲੀ ਸੂਟ, ਪਟਿਆਲਾ ਸਲਵਾਰ, ਅਰਧ ਪਟਿਆਲਾ ਸਲਵਾਰ, ਪਾਕਿਸਤਾਨੀ ਸਲਵਾਰ ਅਤੇ ਇਨ੍ਹਾਂ ਦੇ ਕੁੜਤਿਆਂ ਅਤੇ ਕਮੀਜ਼ਾਂ ਉਤੇ ਰੰਗ ਬਰੰਗੀ ਕਢਾਈ, ਤਿਲਾਂ ਦੀ ਨਕਾਸ਼ੀ ਵੀ ਵੇਖੀ ਜਾ ਸਕਦੀ ਹੈ। ( 33)

ਪੰਜਾਬੀ ਮੁਟਿਆਰ ਸਲਵਾਰ ਕਮੀਜ਼ ਤੇ ਫੁਲਕਾਰੀ ਲੈਣ ਨਾਲੋਂ ਕੁੜਤਾ ਅਤੇ ਜ਼ੀਨ ਪਾਉਣ ਨੂੰ ਮਾਣ ਮਹਿਸੂਸ ਕਰ ਰਹੀ  ਹੈ। ਵੀਹ-ਵੀਹ ਗ਼ਜ ਘੱਗਰੇ ਗਿੱਠ-ਗਿੱਠ ਨਿੱਕਰਾਂ ਵਿਚ ਤਬਦੀਲ ਹੋ ਗਏ ਹਨ,ਫਿਰ ਇਹਨਾਂ ਦੀ ਕੀਮਤ ਵੀ ਮੂੰਹ ਮੰਗੀ ਹੁੰਦੀ ਹੈ। ਇੱਥੇ ਇਹ ਗੱਲ ਆਖੀ ਜਾ ਸਕਦੀ ਹੈ ਕਿ ਜੇਕਰ ਔਰਤਾਂ ਹਾਰ-ਸ਼ਿੰਗਾਰ ਤੋਂ ਪਾਸਾ ਵੱਟ ਲੈਣ ਤਾਂ 90 ਪ੍ਰਤੀਸ਼ਤ ਵਪਾਰ ਡੁੱਬ ਜਾਵੇ। ਹਰ ਸਮਾਨ ਦੀ ਵਿਕਰੀ ਲਈ ਔਰਤ ਨੂੰ ਮੋਹਰਾ ਬਣਾਇਆ ਜਾਂਦਾ ਹੈ। ਪੰਜਾਬਣ ਵਰ੍ਹੇ ਛਿਮਾਹੀ ਹਾਰ-ਸ਼ਿੰਗਾਰ ਦਾ ਸਮਾਨ ਖਰੀਦਣ ਵਾਲੀ ਅੱਜ ਰੋਜ਼ਾਨਾਂ ਪਾਰਲਰ ਅਤੇ ਤਰਾਂ-ਤਰਾਂ ਦੇ ਸੈਲੂਨਾਂ ਵਿਚ ਜਾਣ ਲਈ ਮਜ਼ਬੂਰ ਹੈ।

**4.ਰਸਮਾਂ-ਰਿਵਾਜ਼ਾ ਵਿਚ ਬਦਲਾਵ :-** ਰਸਮ-ਰਿਵਾਜ਼ ਕਿਸੇ ਇਲਾਕੇ ਦੇ ਲੋਕਾਂ ਦੇ ਰਹਿਣ-ਸਹਿਣ ਅਤੇ ਕੰਮ ਧੰਦਿਆਂ ਨਾਲ ਜੁੜੇ ਹੁੰਦੇ ਹਨ। ਪੰਜਾਬੀ ਸੱਭਿਆਚਾਰ ਵਿਚ ਤਿੰਨ ਰਸਮਾਂ ਜਨਮ, ਵਿਆਹ ਅਤੇ ਮੌਤ ਅਹਿਮ ਮੰਨੀਆਂ ਜਾਂਦੀਆਂ ਹਨ। ਵਿਖਾਵੇ ਦੀ ਭਾਵਨਾ ਨੇ ਇਹਨਾਂ ਰਸਮਾਂ ਰਿਵਾਜ਼ਾਂ ਦਾ ਵਾਜੂਦ ਹੀ ਬਦਲ ਦਿੱਤਾ ਹੈ। ਜਿਵੇਂ ਪਹਿਲਾਂ ਦੱਸਿਆ ਹੈ ਕਿ ਇਹਨਾਂ ਦੀ ਪੂਰਤੀ ਲਈ ਅੱਡੀਆਂ ਚੁੱਕ ਕੇ ਫਾਹਾ ਲੈਣਾ ਸਾਡੀ ਮਜ਼ਬੂਰੀ ਬਣ ਗਿਆ ਹੈ। ਗੱਲ ਸਿਰੇ ਨਾ ਲਗਦੀ ਵੇਖ ਕੇ ਇਸ ਦਾ ਹੱਲ ਕਰਜ਼ਾ ਲੱਭ ਲਿਆ ਜਾਂਦਾ ਹੈ। ਪੁਸਤਕ 'ਵਿਸ਼ਵੀਕਰਨ ਅਤੇ ਸਾਹਿਤ ਚਿੰਤਨ' ਵਿਚ ਸੁਰਜੀਤ ਸਿੰਘ ਭੱਟੀ ਅਨੁਸਾਰ:

> ਪੂੰਜੀਵਾਦੀ ਪ੍ਰਬੰਧ ਵਿੱਚ ਮਨੁੱਖ ਮਾਇਆ ਦੇ ਅਧੀਨ ਹੁੰਦਾ ਹੈ। ਇਸੀ ਕਾਰਨ ਇਸ ਪ੍ਰਬੰਧ ਬਾਰੇ ਕਿਹਾ ਜਾਂਦਾ ਹੈ ਕਿ ਇਹ ਪ੍ਰਬੰਧ ਮਨੁੱਖ ਮਨੁੱਖ ਵਿੱਚ, ਮਨੁੱਖੀ ਪਿਆਰ ਅਤੇ ਨਿੱਘ ਉਪਰ ਉਸਰੇ ਰਿਸ਼ਤਿਆਂ ਦਾ ਭੋਗ ਪਾ ਕੇ ਮਨੁੱਖ ਮਨੁੱਖ ਵਿਚਕਾਰ ਸਬੰਧਾਂ ਨੂੰ ਨਿਰੋਲ, ਨਗਦ ਨਰਾਇਣ ਦੇ ਸਬੰਧਾਂ ਵਿੱਚ ਬਦਲ ਦਿੰਦਾ ਹੈ। ਇਸ ਪਰਿਪੇਖ ਵਿਚ ਜਦੋਂ ਅਸੀਂ ਪੂੰਜੀਵਾਦ ਦੀ ਖਪਤ

ਸੱਭਿਆਚਾਰ ਅਤੇ ਮੰਡੀ ਦੀ ਮੁਨਾਫਾ ਸੱਭਿਆਚਾਰ ਦੇ ਪ੍ਰਸੰਗ ਵਿਚ ਟੀ ਵੀ ਚੈਨਲਾਂ ਅਤੇ ਪੰਜਾਬੀ ਥੀਏਟਰ ਦੀ ਸਥਿਤੀ ਦਾ ਜਾਇਜ਼ਾ ਲੈਂਦੇ ਹਾਂ ਤਾਂ, ਪ੍ਰਮੁੱਖ ਰੂਪ ਵਿੱਚ ਟੀ ਵੀ ਉੱਤੇ ਪੇਸ਼ ਹੋਣ ਵਾਲੇ ਜ਼ਿਆਦਾ ਪ੍ਰੋਗਰਾਮ ਸੀਰੀਅਲਾਂ ਅਤੇ ਫ਼ਿਲਮਾਂ ਦਾ ਮੁੱਖ ਮਨੋਰਥ ਪੈਸਾ ਕਮਾਉਣਾ ਹੁੰਦਾ ਹੈ। ਜਿੱਥੇ ਪੈਸਾ ਮੁੱਖ ਲੋੜ ਹੋਵੇ ਉੱਥੇ ਕੁਦਰਤੀ ਤੌਰ ਤੇ ਸਮਾਜਿਕ ਅਤੇ ਸੱਭਿਆਚਾਰਕ ਮੁੱਲ ਅਤੇ ਉਨ੍ਹਾਂ ਦੇ ਸਿਹਤਮੰਦ ਪ੍ਰਗਟਾਵੇ ਦੀ ਥਾਂ ਉਨ੍ਹਾਂ ਦੇ ਉਲੰਘਣ ਅਤੇ ਉਨ੍ਹਾਂ ਬਾਰੇ ਗ਼ੈਰ ਜ਼ਿੰਮੇਵਾਰਾਨਾ ਪਹੁੰਚ ਹਾਵੀ ਹੋ ਜਾਂਦੀ ਹੈ। ਇਹੀ ਨਹੀਂ ਕਿ ਪੈਸੇ ਬਿਨਾਂ ਕੋਈ ਕਲਾ ਰੂਪ ਹੋਂਦ ਵਿੱਚ ਨਹੀਂ ਆ ਸਕਦਾ, ਸਗੋਂ ਸਮੱਸਿਆ ਇਹ ਬਣ ਜਾਂਦੀ ਹੈ ਕਿ ਪੈਸਾ ਕਮਾਉਣ ਲਈ ਸਮਾਜ ਦੇ ਨੌਜਵਾਨ ਵਰਗ ਨੂੰ ਆਪਣੇ ਵੱਲ ਖਿੱਚਣ ਲਈ ਜੋ ਕੁਝ ਪਰੋਸਿਆ ਜਾਂਦਾ ਹੈ ਉਸ ਨੂੰ ਸੱਭਿਆਚਾਰ ਜਾਂ ਪੰਜਾਬੀ ਸੱਭਿਆਚਾਰ ਦਾ ਨਾਂ ਦੇਣਾ ਸਰਾਸਰ ਬੇਈਮਾਨੀ ਹੈ। (137-138)

ਵਿਖਾਵੇ ਦੀ ਮੰਦਹਾਲੀ ਵਿਚੋਂ ਗੁਜ਼ਰ ਰਿਹਾ ਇਨਸਾਨ ਵਿਆਹ-ਸ਼ਾਦੀਆਂ ਵਿਚ ਆਪਣੀ ਪੂਰੀ ਤਾਕਤ ਝੋਕ ਦਿੰਦਾ ਹੈ। ਮਹਿਲਾਂ ਵਰਗੇ ਘਰਾਂ ਨੂੰ ਛੱਡ ਕੇ ਕਿਰਾਏ ਦੇ ਮੈਰਿਜ ਪੈਲਸਾਂ ਵਿਚ ਜਾਣਾ ਮਜ਼ਬੂਰੀ ਬਣ ਗਿਆ ਹੈ। ਵਿਆਹ ਵਿਚ ਲੋਕ-ਗੀਤਾਂ ਦੀ ਮਿੱਠੀ-ਮਿੱਠੀ ਛੋਹ ਨੂੰ ਡੀ.ਜੇ. ਅਤੇ ਸੰਗੀਤ ਪਾਰਟੀਆਂ ਨੇ ਅੱਗ ਲਾ ਦਿੱਤੀ ਹੈ। ਪੱਛਮ ਦੀ ਤਰਜ਼ ਤੇ ਘੰਟੇ ਦੋ ਘੰਟੇ ਹੀ ਵਿਆਹ ਵਿਚ ਸ਼ਮੂਲੀਅਤ ਹੁੰਦੀ ਹੈ। ਹਰ ਰਸਮ ਮਹਿਜ਼ ਮੂੰਹ ਮੁਲਾਜ਼ਾ ਰੱਖਣ ਲਈ ਕੀਤੀ ਜਾਂਦੀ ਹੈ।

**5.ਕੰਮ ਧੰਦਿਆਂ ਵਿਚ ਬਦਲਾਵ :-** ਜਿਵੇਂ ਕਿ ਪਹਿਲਾਂ ਜ਼ਿਕਰ ਕੀਤਾ ਜਾ ਚੁੱਕਾ ਹੈ ਕਿ ਵਿਸ਼ਵੀਕਰਨ ਨੇ ਕੁਝ ਪੱਖਾਂ ਨੂੰ ਸੁਖਾਲਾ ਵੀ ਕੀਤਾ ਹੈ। ਸਾਡੇ ਕੰਮ ਧੰਦਿਆਂ ਵਿਚ ਮਸ਼ੀਨੀਕਰਨ ਨਾਲ ਹਰ ਕੰਮ ਸੌਖੇ ਹੋ ਗਏ ਹਨ। ਪਰ ਮਸ਼ੀਨੀਕਰਨ ਨਾਲ ਹਰ ਕੰਮ ਨੂੰ ਕਰਦੇ ਕਾਰੀਗਰ ਵਿਹਲੇ ਹੋ ਗਏ ਹਨ। ਵਿਦੇਸ਼ੀ ਕੰਪਨੀਆਂ ਦੁਆਰਾ ਤਿਆਰ ਕੀਤਾ ਜਾ ਰੈਡੀਮੇਡ ਸਮਾਨ ਧੜਾ ਧੜਾ ਬਜ਼ਾਰਾਂ ਵਿਚ ਆ ਰਿਹਾ ਹੈ। ਇੱਕ ਗਰੀਬ ਵਿਅਕਤ ਦਾ ਆਪਣਾ ਟੱਬਰ ਪਾਲਣਾ ਬਹੁਤ ਮੁਸ਼ਿਕਲ ਹੋ ਗਿਆ ਹੈ। ਮੰਡੀਕਰਨ ਦੀ ਭਾਵਨਾ ਵਿਚ ਵਧੀਆ ਘਟੀਆ ਦੀ ਦੌੜ ਵਿਚ ਵਸਤਾਂ ਦੇ ਭਾਅ ਅਸਮਾਨ ਨੂੰ ਛੂਹ ਰਹੇ ਹਨ।

**6. ਮੌਲ ਕਲੱਚਰ ਦਾ ਅਗਾਜ਼ :-** ਵਿਸ਼ਵੀਕਰਨ ਨੇ ਮੌਲ ਕੱਲਚਰ ਨੂੰ ਜਨਮ ਦਿੱਤਾ ਹੈ। ਪੂਰਾ ਵਿਸ਼ਵ ਇੱਕ ਪਿੰਡ ਦੇ ਰੂਪ ਵਿਚ ਸਾਹਮਣੇ ਆ ਰਿਹਾ ਹੈ। ਵਿਸਵ ਮੰਡੀਕਰਨ ਤਹਿਤ ਹਰ ਸਮਾਨ ਇੱਕੋ ਛੱਤ ਹੇਠ ਮਿਲ ਰਿਹਾ ਹੈ। ਫਿਰ ਉਹਨਾਂ ਚੀਜ਼ਾ ਨੂੰ ਵੀ ਗ੍ਰਹਾਕਾਂ ਨੂੰ ਪਰੋਸਿਆ ਜਾ ਰਿਹਾ ਹੈ, ਜਿਹਨਾਂ ਦੀ ਉਸ ਨੂੰ ਲੋੜ ਵੀ ਨਹੀਂ। ਇੱਕ ਨਾਲ ਇੱਕ ਫ੍ਰੀ ਦੀ ਲਾਲਸਾ ਵਿਚ ਗ੍ਰਹਾਕਾਂ ਨੂੰ ਫਸਾਇਆ ਜਾ ਰਿਹਾ ਹੈ।

ਇਹਨਾਂ ਮੌਲਾਂ ਵਿਚ ਜਾਣਾ ਫੈਸ਼ਨ ਬਣ ਗਿਆ ਹੈ। ਖਾਣ-ਪੀਣ ਦੀਆਂ ਵਸਤਾਂ ਤੋਂ ਲੈ ਕੇ ਪਹਿਨਣ , ਹੰਢਾਉਣ ਵਾਲੀਆਂ ਵਸਤਾਂ ਇਹਨਾਂ ਵਿਚੋਂ ਪ੍ਰਾਪਤ ਹੋ ਜਾਂਦੀਆਂ ਹਨ। ਜਿਸ ਨਾਲ ਛੋਟੇ ਦੁਕਾਨਦਾਰ ਆਰਥਿਕ ਮੰਦਹਾਲੀ ਦਾ ਸ਼ਿਕਾਰ ਹੋ ਰਹੇ ਹਨ। ਵਿਸ਼ਵੀਕਰਨ ਦੇ ਪਸਾਰ ਨਾਲ ਤਕਨੌਲਜੀ ਵਿਚ ਵਾਧਾ ਤਾਂ ਹੋਇਆ , ਪਰ ਆਪਸੀ ਮੇਲ ਮਿਲਾਪ ਵਿਚ ਭਾਰੀ ਗਿਰਾਵਟ ਆਈ ਹੈ। ਪਿੰਡਾਂ ਵਿਚ ਵਿਹਲੇ ਸਮੇਂ ਨੂੰ ਬਤੀਤ ਕਰਨ ਲਈ ਬੋਹੜਾਂ ਥੱਲੇ  ਸੱਥ ਨਹੀਂ ਲੱਗਦੇ ਸਾਰਾ ਸਮਾਂ ਟੈਲੀਵੀਜ਼ਨ ਅਤੇ ਇੰਟਰਨੈੱਟ ਖਾ ਗਿਆ। ਹੁਣ ਤਾਂ ਲੋਕ ਸਾਰਾ ਦਿਨ ਫੋਨ ਤੇ ਮਸਤ ਰਹਿੰਦੇ ਹਨ। ਪ੍ਰਾਹੁਣਚਾਰੀ, ਰਿਸ਼ਤੇਦਾਰੀ ਦਾ ਖਾਤਮਾ ਹੋ ਰਿਹਾ ਹੈ। ਪੁਸਤਕ 'ਵਿਸ਼ਵੀਕਰਨ ਅਤੇ ਸਾਹਿਤ ਚਿੰਤਨ' ਵਿਚ ਸੁਰਜੀਤ ਸਿੰਘੀ ਭੱਟੀ ਦਾ ਵਿਚਾਰ ਹੈ :

> ਵਿਸ਼ਵੀਕਰਨ ਨੇ ਵਸਤਾਂ ਦੇ ਪਦਾਰਥਿਕ ਉਤਪਾਦਨ ਦੇ ਨਾਲ ਨਾਲ ਸੱਭਿਆਚਾਰਕ ਉਤਪਾਦਨ ਰਾਹੀਂ ਸੂਚਨਾ, ਤਕਨਾਲੋਜੀ, ਪੇਪਰ ਮੀਡੀਆ, ਇਲੈਕਟ੍ਰੋਨਿਕ ਮੀਡੀਆ ਰਾਹੀਂ ਮੰਡੀ ਵਿੱਚ ਸੱਭਿਆਚਾਰਕ ਸਿਰਜਣਾਵਾਂ ਨੂੰ ਵੀ ਮੰਡੀ ਦੀ ਵਸਤ ਬਣਾ ਦਿੱਤਾ ਹੈ। ਮੰਡੀ ਅਤੇ ਮੁਨਾਫ਼ੇ ਦਾ ਇਹ ਸੱਭਿਆਚਾਰ ਮਨੁੱਖ ਨੂੰ ਚੰਗਾ ਜ਼ਿੰਮੇਵਾਰ ਅਤੇ ਸਿਆਣਾ ਮਨੁੱਖ ਬਣਾਉਣ ਦੀ ਥਾਂ ਮਨੁੱਖ ਨੂੰ ਆਪਣੇ ਮੁਨਾਫੇ ਦਾ ਇਕ ਸੰਦ ਬਣਾਉਣ ਵਿਚ ਰੁੱਝ ਗਿਆ ਹੈ। ਮੰਡੀ ਸੱਭਿਆਚਾਰ ਛੋਟੇ ਘੱਟ ਗਿਣਤੀਆਂ ਅਤੇ ਘੱਟ ਵਿਕਸਿਤ ਸਮਾਜਾਂ ਦੀਆਂ ਲੋਕ-ਧਾਰਾਵਾਂ, ਲੋਕ-ਸਾਹਿਤ ਪਰੰਪਰਾਵਾਂ, ਦੇਸੀ ਮਨੋਰੰਜਨ ਸਾਧਨਾਂ ਅਤੇ ਦੇਸੀ ਸੰਗੀਤ ਨੂੰ ਖਤਮ ਕਰਨ ਦੇ ਕੁਰਾਹੇ ਪੈ ਚੁੱਕਿਆ ਹੈ। (52)

ਵਿਸ਼ਵੀਕਰਨ ਬਾਰੇ ਚਰਚਾ ਕਰਨ ਮਗਰੋਂ ਇਸ ਸਿੱਟੇ ਤੇ ਪਹੁੰਚੇ ਹਾਂ ਕਿ ਵਿਸ਼ਵੀਕਰਨ ਤੋਂ ਭਾਵ ਇੱਕ ਗਲੋਬਲੀ ਪਿੰਡ ਤੋਂ ਹੈ। ਵੀਹਵੀਂ ਸਦੀ ਦੇ ਅੰਤਲੇ ਦਹਾਕਿਆਂ ਵਿਚ ਇਸ ਨੇ ਪੈਰ੍ਹ ਪਸਾਰਨੇ ਸ਼ੁਰੂ ਕੀਤੇ, ਭਾਰਤ ਇਸ ਦੀ ਲਪੇਟ ਵਿਚ 1991 ਦੇ ਲੱਗਭੱਗ ਆਇਆ। ਪੱਛਮੀਂ ਦੇਸ਼ਾਂ ਨੇ ਹੌਲ਼ੀ-ਹੌਲ਼ੀ ਇਸ ਨੂੰ ਪੂਰੇ ਸੰਸਾਰ ਵਿਚ ਫੈਲਾ ਦਿੱਤਾ। ਵਿਸ਼ਵੀਕਰਨ ਨੇ ਖਪਤਵਾਦ ਦੀ ਪ੍ਰਕ੍ਰਿਆ ਨੂੰ ਜਨਮ ਦਿੱਤਾ। ਅਸਲ ਵਿਚ ਤਕਨੋਲਜੀ ਦੇ ਭੁਲੇਖੇ ਰਾਹੀਂ ਲੁੱਟਿਆ ਜਾ ਰਿਹਾ ਹੈ। ਗਰੀਬ ਹੋਰ ਗਰੀਬ ਹੋ ਰਿਹਾ ਹੈ। ਮੱਧ ਵਰਗ ਇਸ ਵਿਚ ਪਿੱਸ ਰਿਹਾ ਹੈ ਫਿਰ ਉਸ ਨੂੰ ਕਰਜ਼ੇ ਦਾ ਸਹਾਰਾ ਲੈਣਾ ਪੈ ਰਿਹਾ ਹੈ। ਕਰਜ਼ਾ ਨਾ ਮੋੜਨ ਦਾ ਸੌਖਾ ਰਾਹ ਆਤਮ ਹੱਤਿਆ ਨੂੰ ਚੁਣਿਆ ਜਾਂਦਾ ਹੈ। ਵਿਖਾਵੇਬਾਜ਼ੀ ਦੀ ਭਾਵਨਾ ਨੇ ਮਨੁੱਖੀ ਕਦਰਾਂ ਕੀਮਤਾਂ ਦਾ ਵਿਨਾਸ਼ ਕਰ ਦਿੱਤਾ ਹੈ।

ਦੂਜੇ ਪਾਸੇ ਜਦੋਂ ਅਸੀਂ ਲੋਕਧਾਰਾ ਦੇ ਨਾਲ ਵਿਸ਼ਵੀਕਰਨ ਨੂੰ ਜੋੜ ਕੇ ਵੇਖਦੇ ਹਾਂ ਤਾਂ, ਲੋਕਧਰਾਈ ਵਰਤਾਰਿਆਂ ਨੂੰ ਵੀ ਖੋਰਾ ਲੱਗਾ ਹੈ। ਸਾਡੇ ਕੰਮ ਧੰਦੇ, ਲੋਕ ਕਲਾਵਾਂ, ਰਸਮ-ਰਿਵਾਜ਼ਾਂ, ਮੇਲਿਆਂ ਤਿਉਹਾਰਾਂ, ਰਹਿਣ-ਸਹਿਣ ਆਦਿ ਸਭ ਨੂੰ ਬਦਲ ਕੇ ਰੱਖ ਦਿੱਤਾ ਹੈ। ਪੈਸੇ ਦੀ ਲਾਲਸਾ, ਵਸਤੂਆਂ ਦੀ ਖੁੱਲ੍ਹੀ ਵਰਤੋਂ ਅਤੇ ਖੁੱਲ੍ਹੇ ਬਜ਼ਾਰ ਵਿਚੋਂ ਖਰੀਦੋ-ਫਰੋਖਤ ਕਰਜ਼ੇ ਨਾਲ ਕਰ ਕੇ ਲੋਕ ਆਪਣੇ ਵਿਰਸੇ ਤੋਂ ਕਿਤੇ ਗੁਆਚ ਗਏ ਹਨ। ਸਸਤੀ ਸੌਹਰਤ ਨੇ ਮਨੁੱਖੀ ਮੇਲ ਮਿਲਾਪ ਦਾ ਘਾਣ ਕਰ ਦਿੱਤਾ ਹੈ। ਚੰਗੀ ਗੱਲ ਗ੍ਰਹਿਣ ਕਰਨਾ ਬਹੁਤ ਚੰਗਾ ਹੈ, ਪਰ ਭੇਡ ਚਾਲ ਵਿਚ ਫਜ਼ੂਲ ਨੂੰ ਗ੍ਰਹਿਣ ਕਰਨਾ ਹਾਨੀ ਕਾਰਕ ਹੁੰਦਾ ਹੈ। ਸਾਨੂੰ ਇਹੋ ਜਿਹੀ ਸੋਚ ਅਪਣਾਉਣ ਦੀ ਲੋੜ ਹੈ, ਜਿਸ ਨਾਲ ਸਾਡੀਆਂ ਆਉਣ ਵਾਲੀਆਂ ਪੀੜ੍ਹੀਆਂ ਨੂੰ ਸਾਫ-ਸੁਥਰਾ ਵਿਰਸਾ ਪ੍ਰਾਪਤ ਹੋ ਸਕੇ।

# ਅਧਿਆਇ ਦੂਜਾ

## ਵਿਸ਼ਵੀਕਰਨ ਦੇ ਦੌਰ ਵਿਚ ਪੰਜਾਬੀਆਂ ਦੇ ਰਿਸ਼ਤਿਆਂ ਨਾਤਿਆਂ ਵਿਚ ਹੋਇਆ ਰੁਪਾਂਤਰਨ

ਮਨੁੱਖ ਇਕ ਸਮਾਜਿਕ ਪ੍ਰਾਣੀ ਹੈ, ਸਮਾਜ ਵਿਚ ਰਹਿੰਦਿਆਂ ਹੋਇਆ ਮਨੁੱਖ ਦੀ ਇਹ ਖਾਸ ਪ੍ਰਵਿਰਤੀ ਹੈ ਕਿ ਹੋਰਨਾਂ ਜੀਵ ਜੰਤੂਆਂ ਦੀ ਤਰਾਂ ਇਹ ਵੀ ਸਮੂਹ ਵਿਚ ਰਹਿੰਦਾ ਹੈ। ਸਮਾਜ ਵਿਚ ਰਹਿੰਦਿਆਂ ਅਤੇ ਵਿਚਰਦਿਆਂ ਹੋਇਆਂ ਮਨੁੱਖ ਨੇ ਦੂਜੇ ਮਨੁੱਖਾਂ ਨਾਲ, ਆਪਸੀ ਮਾਪ ਦੰਡਾਂ ਨਾਲ ਇਕ ਤਾਣਾ ਤਣਿਆ ਹੋਇਆ ਹੈ। ਏਸੇ ਤਾਣੇ ਬਾਣੇ ਵਿਚੋ ਹੀ ਮਨੁੱਖ ਦੇ ਰਿਸ਼ਤੇ ਨਾਤੇ ਉਪਜਦੇ ਹਨ। ਇਹ ਰਿਸ਼ਤੇਦਾਰੀਆ, ਪੀੜ੍ਹੀ ਦਰ ਪੀੜ੍ਹੀ ਸਫਰ ਕਰ ਰਹੀਆ ਹਨ। ਇਸ ਬਾਰੇ ਡਾ. ਸੁਖਵਿੰਦਰ ਸਿੰਘ ਦੀ ਪੁਸਤਕ 'ਪੰਜਾਬੀ ਨਾਵਲ ਰਿਸ਼ਤਿਆਂ ਦੀ ਪਰਿਭਾਸ਼ਾ' ਵਿਚੋਂ ਵਿਚਾਰ ਹਨ :

> ਰਿਸ਼ਤਾ ਨਾਤਾ ਪ੍ਰਬੰਧ ਸਮੁੱਚੀ ਸਮਾਜਿਕ ਪ੍ਰਬੰਧ ਦਾ ਕੇਂਦਰ ਬਿੰਦੂ ਹੈ। ਇਹ ਸਮੁੱਚੀ ਸਮਾਜਿਕ ਸੰਗਠਨ ਨੂੰ ਇਕ ਪ੍ਰਬੰਧ ਵਿੱਚ ਬੰਨ੍ਹ ਕੇ ਠੀਕ ਦਿਸ਼ਾ ਵਿੱਚ ਤੋਰਨ ਦਾ ਕੰਮ ਕਰਦਾ ਹੈ। ਭਾਈਚਾਰਕ ਅਤੇ ਸਮਾਜਿਕ ਜੀਵਨ ਬਿਤਾਉਣ ਲਈ ਮਨੁੱਖ ਸਮਾਜ ਦੀ ਸ਼ਰਨ ਵਿੱਚ ਆਉਂਦਾ ਹੈ। ਔਰਤ ਅਤੇ ਮਰਦ ਦੇ ਆਪਸੀ ਸਬੰਧਾਂ ਰਾਹੀਂ ਰਿਸ਼ਤਾ-ਨਾਤਾ ਪ੍ਰਬੰਧ ਹੋਂਦ ਵਿੱਚ ਆਉਂਦਾ ਹੈ। ਮਾਨਵ ਵਿਗਿਆਨੀ ਰਿਸ਼ਤਾ ਨਾਤਾ ਪ੍ਰਬੰਧ ਨੂੰ ਮਨੁੱਖ ਦੀ ਸਮਾਜਿਕ ਹੋਂਦ ਵਿਚ ਉਸ ਦੇ ਰਾਹੀਂ ਸਿਰਜੇ ਗਏ ਰਿਸ਼ਤਿਆਂ ਨੂੰ ਪ੍ਰਗਟਾਉਣ ਵਾਲਾ ਮੰਨਦੇ ਹਨ। ਰਿਸ਼ਤੇ ਸਿਰਜਣ ਦਾ ਆਧਾਰ ਪ੍ਰਮੁੱਖ ਰੂਪ ਵਿੱਚ ਪ੍ਰਾਕਿਰਤਕ ਜੀਵ ਵਿਗਿਆਨਕ, ਸਮਾਜਿਕ ਸੱਭਿਆਚਾਰਕ ਵਿਚੋਂ ਕੋਈ ਇਕ ਹੋ ਸਕਦਾ ਹੈ। (15)

ਸਮਾਜ ਰਿਸ਼ਤਿਆਂ ਦਾ ਇਕ ਜਾਲ ਹੈ, ਜਿਸ ਨੂੰ ਲਗਭੱਗ ਸਾਰੇ ਸਭਿਆਚਾਰਾਂ ਦੇ ਲੋਕਾਂ ਵਿਚ ਵੇਖਿਆ ਜਾ ਸਕਦਾ ਹੈ। ਸਮਾਜ ਨੂੰ ਉਸਾਰੂ ਅਤੇ ਸਹੀ ਸੇਧ ਪ੍ਰਦਾਨ ਕਰਨ ਲਈ ਰਿਸ਼ਤਿਆਂ ਦਾ ਨਿਤਾਰਾ ਕਰਨਾ ਬੜਾ ਹੀ ਜ਼ਰੂਰੀ ਹੈ। ਇਹ ਰਿਸ਼ਤੇ ਨਾਤੇ ਮਨੁੱਖੀ ਮੇਲ ਜੋਲ ਅਤੇ ਸਮਾਜਿਕ ਪ੍ਰਵਾਨਗੀ ਨਾਲ ਸਿਰੇ ਚੜ੍ਹਦੇ ਹਨ। ਉਹ ਰਿਸਤਿਆਂ ਨੂੰ ਸਾਡਾ ਸਮਾਜ ਕਦੀ ਵੀ ਪ੍ਰਵਾਨ ਨਹੀਂ ਕਰਦਾ, ਜਿਹਨਾਂ ਦਾ ਆਧਾਰ ਬੇ-

ਬੁਨਿਆਦ ਹੋਵੇ। ਰਿਸ਼ਤਾ ਨਾਤਾ ਪ੍ਰਬੰਧ ਹਰੇਕ ਸਮਾਜ ਨੂੰ ਇੱਕ ਸੁਚੱਜੇ ਪ੍ਰਬੰਧ ਵਿੱਚ ਬੰਨ੍ਹ ਕੇ ਠੀਕ ਦਿਸ਼ਾ ਵਿੱਚ ਤੋਰਨ ਲਈ ਆਧਾਰ ਭੂਮੀ ਦਾ ਕੰਮ ਕਰਦਾ ਹੈ। ਹਰ ਸਮਾਜ ਦੀ ਬਣਤਰ ਉਸ ਦੇ ਰਿਸ਼ਤਾ ਨਾਤਾ ਪ੍ਰਬੰਧ ਉੱਪਰ ਹੀ ਉਸਰੀ ਹੁੰਦੀ ਹੈ। ਸਮਾਜ ਰਿਸ਼ਤਿਆਂ ਨਾਤਿਆਂ ਦਾ ਸੰਗਠਿਤ ਸਮੂਹ ਹੁੰਦਾ ਹੈ। ਹਰ ਸਮਾਜਿਕ ਢਾਂਚਾ ਆਪਣੀ ਹੋਂਦ ਨੂੰ ਬਰਕਰਾਰ ਰੱਖਣ ਲਈ ਕੁਝ ਪ੍ਰਤੀਮਾਨ ਸਥਾਪਿਤ ਕਰਦਾ ਹੈ, ਇਹ ਪ੍ਰਤੀਮਾਨ ਮਨੁੱਖ ਦੇ ਆਪ ਹੁਦਰੇਪਨ ਅਤੇ ਸਮਾਜਿਕ ਅਰਾਜਕਤਾ ਨੂੰ ਕੰਟਰੋਲ ਕਰਦੇ ਹਨ। ਕਿਉਂਕਿ ਸਮਾਜਿਕ ਨਿਯਮ, ਸਮਾਜਿਕ ਲੋੜਾਂ ਨੂੰ ਮੁੱਖ ਰੱਖ ਕੇ ਬਣਾਏ ਗਏ ਹੁੰਦੇ ਹਨ। ਰਿਸ਼ਤਾ ਨਾਤਾ ਪ੍ਰਬੰਧ ਵਾਸਤਵ ਵਿੱਚ ਮਨੁੱਖ ਦੁਆਰਾ ਪ੍ਰਕਿਰਤਕ ਜਗਤ ਦੇ ਮੁਕਾਬਲੇ ਸੱਭਿਆਚਾਰਕ ਜਗਤ ਉਸਾਰਨ ਦੇ ਪਹਿਲੇ ਪੜਾਅ ਸਮੇਂ ਹੋਂਦ ਵਿੱਚ ਆਇਆ ਜੋ ਮਨੁੱਖ ਦੇ ਸਮਾਜਿਕ , ਆਰਥਿਕ, ਧਾਰਮਿਕ, ਸੱਭਿਆਚਾਰਕ ਪੱਧਰਾਂ ਤੇ ਸਿਰਜੇ ਗਏ ਰਿਸ਼ਤਿਆਂ ਦੇ ਅਜਿਹੇ ਨਿਸ਼ਚਿਤ ਸੰਗਠਿਤ ਇਕ ਸਾਰ ਪੈਟਰਨ ਦਾ ਰੂਪ ਹੈ, ਜਿਸ ਵਿਚਲੇ ਸਾਰੇ ਰਿਸ਼ਤੇ ਇੱਕ ਖ਼ਾਸ ਪ੍ਰਕਾਰ ਦਾ ਸਮਾਜੀ ਮਨੁਖੀ ਜੀਵਨ ਵਿਹਾਰ ਸਿਰਜਦੇ ਹੋਏ ਅੰਤਿਮ ਰੂਪ ਵਿਚ ਸੱਭਿਆਚਾਰਕ ਕੀਮਤਾਂ ਦਾ ਇਕ ਸਮੁੱਚੇ ਸਿਰਜਦੇ ਹਨ।

ਮੂਲ ਰੂਪ ਵਿਚ ਕਿਸੇ ਸਮਾਜ ਅਤੇ ਸਭਿਆਚਾਰ ਵਿਚਲੇ ਰਿਸ਼ਤਿਆਂ ਨਾਤਿਆਂ ਦੀ ਮੂਲ ਇਕਾਈ ਪਰਿਵਾਰ ਹੈ। ਪਰਿਵਾਰ ਇਕ ਅਜਿਹੀ ਸੰਸਥਾ ਹੈ, ਜਿਸ ਵਿਚੋਂ ਅਨੇਕਾਂ ਪ੍ਰਕਾਰ ਦੇ ਰਿਸ਼ਤੇ, ਉਤਪੰਨ ਹੁੰਦੇ ਹਨ ਅਤੇ ਕਈਆਂ ਪੀੜ੍ਹੀਆਂ ਤੱਕ ਪ੍ਰਵਾਨ ਹੁੰਦੇ ਹਨ। ਵੱਖ ਵੱਖ ਸਮਾਜਾਂ ਦਾ ਤਾਣਾ ਬਾਣਾ ਵੀ ਪਰਿਵਾਰਾਂ ਤੇ ਨਿਰਭਰ ਕਰਦਾ ਹੈ। ਇਕ ਪ੍ਰਬੰਧ ਵਿਚ ਬੱਝੀ ਸਮੂਹਿਕਤਾ ਅਤੇ ਇਸ ਸਮੂਹਿਕਤਾ ਵਿਚੋਂ ਉਤਪੰਨ ਹੁੰਦੀਆਂ ਹੋਰ ਕਈ ਸੰਸਥਾਵਾਂ ਅੱਗੋਂ ਇਕ ਸਮੁੱਚ ਵਿਚ ਬੱਝ ਕੇ ਸਮਾਜ ਦਾ ਨਿਰਮਾਣ ਕਰਦੀਆਂ ਹਨ। ਪਰਿਵਾਰਾਂ ਦੇ ਇਸ ਆਪਸੀ ਤਾਣੇ ਬਾਣੇ ਅਤੇ ਅੱਗੋਂ ਹੋਰ ਕਈ ਸਬੰਧਾਂ ਨੂੰ ਸਮਾਜਿਕ ਸਬੰਧਾਂ ਦਾ ਨਾਮ ਦਿੱਤਾ ਗਿਆ ਹੈ, ਇਹੋ ਹੀ ਸਮਾਜਿਕ ਸਬੰਧ ਰਿਸ਼ਤਾ ਪ੍ਰਬੰਧ ਸਿਰਜਨ ਦਾ ਆਧਾਰ ਬਣਦੇ ਹਨ। ਪਰਿਵਾਰ ਕੇਵਲ ਲੋਕਾਂ ਦਾ ਇਕੱਠ ਹੀ ਨਹੀਂ ਸਗੋਂ ਆਪਸੀ ਸਬੰਧਾਂ ਦੀ ਵਿਵਸਥਾ ਹੈ। ਪਰਿਵਾਰ ਇੱਕ ਵਿਆਹ ਦੇ, ਖ਼ੂਨ ਦੇ ਜਾਂ ਮੁੱਢ ਬੰਨ੍ਹਿਆਂ ਦੇ ਸਬੰਧਾਂ ਨਾਲ ਜੁੜਿਆ ਹੋਇਆ ਵਿਅਕਤੀਆਂ ਦਾ ਸਮੂਹ ਹੈ, ਜਿਸ ਵਿੱਚ ਆਪੋ ਆਪਣੇ ਮਾਂ ਅਤੇ ਪਿਉ, ਪਤੀ ਅਤੇ ਪਤਨੀ, ਪੁੱਤਰ ਅਤੇ ਧੀ, ਭੈਣ ਅਤੇ ਭਰਾ ਦੇ ਸਮਾਜਿਕ ਕਰਤੱਵਾਂ ਕਰਕੇ ਉਹ ਇੱਕ ਦੂਜੇ ਨਾਲ ਕੰਮ ਕਰਦੇ ਅਤੇ ਸਾਂਝੇ ਮੇਲ ਜੋਲ ਨਾਲ ਇਕ ਸਾਂਝਾ ਸੱਭਿਆਚਾਰ ਸਿਰਜਦੇ ਹਨ।

ਇੱਕ ਬੱਚਾ ਪਰਿਵਾਰ ਵਿਚ ਪੈਦਾ ਹੋ ਕੇ ਸਮਾਜਿਕ ਤਾਣੇ ਬਾਣੇ ਤੋਂ ਜਾਣੂ ਹੋ ਕੇ ਵਿਅਕਤੀ ਸਮੂਹ ਦੀਆਂ ਇਛਾਵਾਂ ਅਤੇ ਭਾਵਨਾਵਾਂ ਨੂੰ ਸਮਝਣ ਦੇ ਅਨਕੂਲ ਹੋ ਜਾਂਦਾ ਹੈ। ਮੁੱਖ ਤੌਰ ਤੇ ਪਰਿਵਾਰ ਵਿਚ ਪਤੀ ਪਤਨੀ, ਪਿਉ-ਪੁੱਤਰ, ਪਿਉ-ਧੀ,ਮਾਂ-ਪੁੱਤਰ, ਮਾਂ-ਧੀ, ਭੈਣ-ਭਰਾ, ਭਰਾ-ਭਰਾ, ਭੈਣ-ਭੈਣ ਆਦਿ ਰਿਸ਼ਤੇ ਹੁੰਦੇ ਹਨ। ਪ੍ਰਸਿੱਧ ਲੋਕਯਾਨੀ ਡਾ. ਵਣਜਾਰਾ ਬੇਦੀ 'ਪੰਜਾਬੀ ਲੋਕਧਾਰਾ ਵਿਸ਼ਵਕੋਸ਼,ਜਿਲਦ 6' ਵਿਚ ਪੰਜਾਬੀ ਪਰਿਵਾਰ ਬਾਰੇ ਆਪਣੇ ਵਿਚਾਰ ਪ੍ਰਗਟ ਕਰਦੇ ਹਨ ਕਿ:

> ਪੰਜਾਬੀ ਸਮਾਜ ਦੀ ਪ੍ਰਥਮ ਇਕਾਈ ਟੱਬਰ ਹੈ। ਟੱਬਰ ਇਕੋ ਪਰਿਵਾਰ ਦੇ ਜੀਆਂ ਨੂੰ ਕਿਹਾ ਜਾਂਦਾ ਹੈ, ਜਿਨ੍ਹਾਂ ਦੀ ਰੋਟੀ ਇੱਕ ਚੁੱਲ੍ਹੇ ਤੇ ਪੱਕਦੀ ਹੋਵੇ। ਕਈ ਵਾਰ ਤਾਂ ਇਹ ਟੱਬਰ ਪਤੀ ਪਤਨੀ ਤੇ ਉਸ ਦੇ ਬੱਚਿਆਂ ਤੱਕ ਹੀ ਸੀਮਤ ਹੁੰਦਾ ਹੈ। ਪਰ ਸਾਂਝੇ ਪਰਿਵਾਰਾਂ ਵਿੱਚ ਟੱਬਰ ਇਤਨਾ ਵਿਆਪਕ ਹੁੰਦਾ ਹੈ ਕਿ ਇਸ ਵਿਚ ਪਤੀ-ਪਤਨੀ, ਪਤੀ ਦੇ ਮਾਂ ਪਿਉ, ਅਤੇ ਭਰਾ, ਭਰਜਾਈਆਂ, ਭਤੀਜੇ, ਭਤੀਜੀਆਂ, ਅਣਵਿਆਹੇ ਭਰਾ- ਭੈਣ ਤੇ ਬੱਚੇ ਸ਼ਾਮਲ ਹੁੰਦੇ ਹਨ। (147)

ਪੰਜਾਬੀ ਰਿਸ਼ਤਾ ਨਾਤਾ ਪ੍ਰਬੰਧ ਦੀ ਵਿਲੱਖਣਤਾ ਇਸ ਦੀ ਸਾਕਾਚਾਰੀ ਵਿੱਚੋਂ ਵੇਖੀ ਜਾ ਸਕਦੀ ਹੈ। ਇਸ ਬਾਰੇ ਡਾ. ਇਕਬਾਲ ਸਿੰਘ ਸੰਧੂ ਆਪਣੀ 'ਪੁਸਤਕ ਪੰਜਾਬੀ ਸਭਿਆਚਾਰ: ਦ੍ਰਿਸ਼ ਤੇ ਦਿਸ਼ਾ' ਵਿਚ ਇਸ ਬਾਰੇ ਵਿਚਾਰ ਪੇਸ਼ ਕਰਦੇ ਹਨ :

> ਪੰਜਾਬੀ ਸਭਿਆਚਾਰ ਵਿਚ 'ਰਿਸ਼ਤਿਆਂ' ਨੂੰ ਬੜਾ ਉੱਚਾ ਤੇ ਸੁੱਚਾ ਸਥਾਨ ਹਾਸਲ ਹੈ। ਰਿਸ਼ਤਿਆਂ ਨੂੰ ਔਖੇ ਹੋ ਕੇ ਵੀ ਨਿਭਾਇਆ ਜਾਂਦਾ ਹੈ।ਬੰਦਾ ਚਾਹੁੰਦਾ ਅਤੇ ਨਾ ਚਾਹੁੰਦਾ ਹੋਇਆ ਵੀ ਸਾਰੀ ਉਮਰ ਰਿਸ਼ਤਿਆਂ ਨੂੰ ਨਿਭਾਉਂਦਾ ਹੈ। ਖੁਸ਼ੀ-ਗ਼ਮੀ ਦੇ ਮੌਕੇ ਇੱਥੇ ਹਾਜ਼ਰੀ ਲਗਾਉਣੀ ਬੜੀ ਜ਼ਰੂਰੀ ਮੰਨੀ ਜਾਂਦੀ ਹੈ। ਰਿਸ਼ਤਿਆਂ ਦੇ ਮਹੱਤਵ ਵਿਚੋਂ ਹੀ ਸ਼ਾਇਦ ਇਸ ਲੋਕ-ਉਕਤੀ ਦਾ ਜਨਮ ਹੋਇਆ ਹੋਵੇਗਾ ਕਿ ਸ਼ਰੀਕੇ ਦਾ ਦਾਣਾ, ਸਿਰ ਦੁਖਦੇ ਵੀ ਖਾਣਾ। ਜ਼ਰੂਰੀ ਕੰਮਾਂ ਧੰਦਿਆਂ ਤੇ ਸਰੀਰਕ ਢਿੱਲ ਮੱਠ ਹੋਣ ਦੇ ਬਾਵਜੂਦ ਵੀ ਸ਼ਰੀਕੇ ਦੇ ਸਮਾਗਮਾਂ ਵਿਚ ਜਾਣਾ ਅਨਿਵਾਰੀ ਹੁੰਦਾ ਹੈ। ਨਾਨਕਿਆਂ-ਦਾਦਕਿਆਂ ਤੇ ਸਹੁਰਿਆਂ-ਪੇਕਿਆਂ ਦੇ ਹਰ ਸਮਾਗਮ ਵਿਚ ਸਮੇਂ ਸਿਰ ਤੇ ਲਾਜ਼ਮੀ ਪੁੱਜਣਾ ਬੜਾ ਜ਼ਰੂਰੀ ਹੁੰਦਾ ਹੈ। (82)

ਪੰਜਾਬੀ ਸੱਭਿਆਚਾਰ ਵਿੱਚ ਪੰਜ ਪ੍ਰਕਾਰ ਦੇ ਰਿਸ਼ਤੇ ਨਾਤੇ ਪ੍ਰਚੱਲਿਤ ਹਨ। ਜਿਨ੍ਹਾਂ ਵਿਚ ਪਹਿਲੀ ਕਿਸਮ ਦੇ ਖ਼ੂਨ ਦੇ ਰਿਸ਼ਤੇ ਆਉਂਦੇ ਹਨ, ਜਿਨ੍ਹਾਂ ਵਿੱਚ ਭੈਣ-ਭਰਾ, ਭਰਾ-ਭਰਾ, ਭੈਣ-ਭੈਣ ਆਦਿ ਦਾ ਰਿਸ਼ਤਾ ਦੂਜੀ ਪ੍ਰਕਾਰ ਦੇ ਰਿਸ਼ਤਿਆਂ ਵਿਚ ਮਾਂ-ਪੁੱਤਰ, ਮਾਂ-ਧੀ, ਪਿਉ- ਪੁੱਤਰ, ਪਿਓ-ਧੀ ਦੇ ਰਿਸ਼ਤੇ ਆਉਂਦੇ ਹਨ। ਤੀਸਰੀ ਕਿਸਮ ਦੇ ਰਿਸ਼ਤਿਆਂ ਵਿਚ ਚਾਚਾ-ਭਤੀਜਾ, ਤਾਇਆ- ਭਤੀਜਾ, ਮਾਮਾ-ਮਾਮੀ, ਨਾਨਾ-ਦੋਹਤਾ, ਨਾਨੀ-ਦੋਹਤਾ, ਦਾਦਾ- ਪੋਤਾ, ਦਾਦੀ-ਪੋਤਾ, ਭੂਆ, ਚਾਚੀ, ਤਾਈ, ਮਾਸੀ ਅਤੇ ਇਨ੍ਹਾਂ ਦੀ ਔਲਾਦ ਨਾਲ ਸਬੰਧਿਤ ਅਨੇਕਾਂ ਰਿਸ਼ਤੇ ਗਿਣੇ ਜਾਂਦੇ ਹਨ। ਭੂਆ, ਮਾਸੀ, ਚਾਚੀ, ਤਾਈ, ਮਾਮੀ ਅਤੇ ਮਾਸੀ ਦੇ ਮੁੰਡੇ-ਕੁੜੀਆਂ ਭੈਣ ਭਰਾ ਅਖਵਾਉਂਦੇ ਹਨ। ਚੌਥੀ ਕਿਸਮ ਦੇ ਉਹ ਰਿਸ਼ਤੇ ਹਨ ਜੋ ਵਿਆਹ ਹੋਣ ਉਪਰੰਤ ਬਣਦੇ ਹਨ ਇਨ੍ਹਾਂ ਰਿਸ਼ਤਿਆਂ ਵਿੱਚ ਨੂੰਹ-ਸੱਸ, ਨੂੰਹ-ਸਹੁਰਾ, ਸਹੁਰਾ-ਜਵਾਈ, ਸੱਸ-ਜਵਾਈ, ਸਾਲਾ-ਭਣਵੱਈਆ, ਸਾਲੀ-ਜੀਜਾ ਸਾਲੇਹਾਰ-ਨਣਦ, ਭਰਜਾਈ, ਨਣਦੋਈਆ, ਸਾਲੀ-ਸਾਂਢੂ, ਦਿਉਰ-ਭਰਜਾਈ, ਜੇਠ-ਜਠਾਣੀ, ਜੇਠ-ਭਰਜਾਈ, ਪਤੀਸ- ਪਤਿਆਉਰਾ, ਦੇਸਸ-ਦਦਿਉਰਾ, ਨਨੇਸ-ਨਨਿਓਰਾ, ਮਲੇਸ਼-ਮਲਿਅਹੁਰਾ, ਕੁੜਮ-ਕੁੜਮਣੀ ਅਤੇ ਇਨ੍ਹਾਂ ਨਾਲ ਅਨੇਕਾਂ ਹੀ ਹੋਰ ਰਿਸ਼ਤੇ ਬਣਦੇ ਹਨ। ਪੰਜਵੀਂ ਕਿਸਮ ਦੇ ਉਹ ਰਿਸ਼ਤੇ ਜੋ ਮਨੁੱਖੀ ਭਾਵਾਂ ਪਿਆਰ ਅਤੇ ਸਤਿਕਾਰ ਆਦਿ ਦੇ ਮਾਧਿਅਮ ਨਾਲ ਸਹਿਜੇ ਹੀ ਸਿਰਜੇ ਜਾਂ ਸਥਾਪਿਤ ਕਰ ਲਏ ਜਾਂਦੇ ਹਨ। ਹੱਥਲੇ ਅਧਿਆਏ **ਵਿਸ਼ਵੀਕਰਨ ਦੇ ਦੌਰ ਵਿਚ ਪੰਜਾਬੀਆਂ ਦੇ ਰਿਸ਼ਤਿਆਂ ਨਾਤਿਆਂ ਵਿਚ ਹੋਇਆ ਰੁਪਾਂਤਰਨ** ਨੂੰ ਸਮਝਣ ਲਈ ਤਿੰਨ ਭਾਗਾਂ ਵਿੱਚ ਵੰਡ ਕੇ ਪੇਸ਼ ਕੀਤਾ ਜਾ ਰਿਹਾ ਹੈ।

**I**

'ਮੇਰਾ ਪਿੰਡ' (ਗਿਆਨੀ ਗੁਰਦਿੱਤ ਸਿੰਘ), 'ਮੇਰਾ ਨਾਨਕਾ ਪਿੰਡ' (ਡਾ.ਵਣਜਾਰਾ ਬੇਦੀ), 'ਪੰਜਾਬ ਦੇ ਲੋਕਗੀਤ' (ਡਾ,ਐੱਮ.ਐੱਸ. ਰੰਧਾਵਾ ) ਪੁਸਤਕਾਂ ਦਾ ਅਧਿਐਨ ਕਰਨ ਤੇ ਵਿਸ਼ਵੀਕਰਨ ਦੇ ਦੌਰ ਤੋਂ ਪਹਿਲੇ ਸਮੇਂ ਦੇ ਰਿਸ਼ਤੇ ਨਾਤਿਆਂ ਬਾਰੇ ਇਹਨਾਂ ਵਿਚੋਂ ਜਾਣਕਾਰੀ ਮਿਲਦੀ ਹੈ। ਇਨ੍ਹਾਂ ਪੁਸਤਕਾਂ ਵਿਚ ਹਰੇਕ ਰਿਸ਼ਤੇ ਦੇ ਰੂਪ ਅਤੇ ਉਸ ਦੀ ਅਹਿਮੀਅਤ ਨੂੰ ਬੜੇ ਹੀ ਵਿਸਥਾਰਪੂਰਵਕ ਢੰਗ ਨਾਲ ਪੇਸ਼ ਕੀਤਾ ਹੈ। 'ਮੇਰਾ ਪਿੰਡ ਪੁਸਤਕ' ਦਾ ਅਧਿਐਨ ਕੀਤਿਆਂ ਪਤਾ ਚਲਦਾ ਹੈ ਕਿ ਰਿਸ਼ਤੇ ਨਾਤਿਆਂ ਦਾ ਮੁੱਢ ਇੱਕ ਬੱਚੇ ਦੇ ਪਰਿਵਾਰ ਵਿੱਚ ਪੈਦਾ ਹੋਣ ਤੋਂ ਬੱਝਦਾ ਹੈ, ਜਦੋਂ ਇਕ ਪਰਿਵਾਰ ਇਕ ਟੱਬਰ ਦੀ ਇਕਾਈ ਧਾਰ ਲੈਂਦਾ ਹੈ। ਬੇਸ਼ੱਕ ਇਸ

ਪੁਸਤਕ ਵਿਚ ਪਿਤਾ ਪੁਰਖੀ ਪਰਿਵਾਰ ਦੀ ਚਰਚਾ ਕੀਤੀ ਗਈ ਹੈ, ਪਰ ਦੂਜੀਆਂ ਰਿਸ਼ਤੇਦਾਰੀਆਂ ਨੂੰ ਵੀ ਅਣਗੌਲਿਆਂ ਨਹੀਂ ਕੀਤਾ ਗਿਆ। ਜਨਮ ਸਮੇਂ ਦੀਆਂ ਰੀਤਾਂ ਪਾਠ ਦੇ ਅੰਤਰਗਤ ਲੇਖਕ ਨੇ ਥਾਂ ਥਾਂ ਤੇ ਹਰ ਰਿਸ਼ਤੇ ਨਾਤੇ ਨੂੰ ਪੇਸ਼ ਕੀਤਾ ਹੈ। ਵਿਆਹ ਵੇਲੇ ਇਹ ਰਿਸ਼ਤੇਦਾਰੀਆਂ ਪੇਕੇ ਪਰਿਵਾਰ ਤੇ ਸਹੁਰੇ ਪਰਿਵਾਰ ਨਾਲ ਸਿਰਜਦੀਆਂ ਹਨ। ਜਦ ਕਿ ਇਕ ਬੱਚੇ ਦੇ ਜਨਮ ਨਾਲ ਇਹ ਰਿਸ਼ਤੇਦਾਰੀਆਂ ਦਾਦਕੇ ਅਤੇ ਨਾਨਕੇ ਦੋ ਧਿਰਾਂ ਵਿੱਚ ਵੰਡੀਆਂ ਜਾਂਦੀਆਂ ਹਨ। ਨਾਨਕੇ ਅਤੇ ਦਾਦਕੇ ਪੱਖ ਦਾ ਜ਼ਿਕਰ 'ਮੇਰਾ ਪਿੰਡ ' ਪੁਸਤਕ ਵਿੱਚ ਗਿਆਨੀ ਗੁਰਦਿੱਤ ਸਿੰਘ ਨੇ ਥਾਂ ਥਾਂ ਤੇ ਕੀਤਾ ਹੈ ਜਿਵੇ:

> ਜੇ ਮੁੰਡਾ ਦਾਦਕੀ ਜੰਮੇ ਤਾਂ ਮੁੰਡੇ ਦੀ ਕੁਆਰੀ ਭੂਆ, ਜੇ ਕੁਆਰੀ ਕੁੜੀ ਹੋਵੇ, ਨਾ ਹੋਵੇ ਤਾਂ ਸ਼ਰੀਕੇ ਦੇ ਘਰ ਵਿਚੋਂ ਨਾਨਕੇ ਜੰਮੇ ਤਾਂ ਮਾਸੀ ਤੋਂ ਦੁਧੀਆ ਧੁਆਈ ਦੀ ਰਸਮ ਕਰਾਈ ਜਾਂਦੀ ਹੈ । (262)

> ਆਉਣ ਵਾਲੀਆਂ ਸਾਕ ਸਕੀਰੀਆਂ ਵਿੱਚੋਂ ਮੁੰਡੇ ਦੇ ਨਾਨਕੇ ਆਪਣੀ ਧੀ ਲਈ ਇਕ ਦੋ ਨਿੱਕੀਆਂ ਮੋਟੀਆਂ ਟੂੰਬਾਂ ਜ਼ਰੂਰ ਲੈ ਕੇ ਆਉਂਦੇ ਹਨ। ਮੁੰਡੇ ਦੇ ਕੰਨਾਂ ਲਈ ਲੂਲ੍ਹਾ, ਸਿਰ ਗੁੰਦਣ ਲਈ ਸੱਗੀ ਤੇ ਫੁੱਲ, ਦੋਵਾਂ ਵਿੱਚੋਂ ਇੱਕ, ਮੱਥੇ ਨੂੰ ਟਿੱਕਾ ਹੱਥਾਂ ਨੂੰ ਕੰਗਣ ਅਤੇ ਪੈਰਾਂ ਲਈ ਪੌਂਟੀ। ਇਹ ਟੂੰਮਾਂ ਛੱਟੀ ਉਤੇ ਨੇੜੇ ਸਾਕ ਸਬੰਧੀ ਪਾਉਂਦੇ ਹਨ। ਇਨ੍ਹਾਂ ਟੂੰਮਾਂ ਵਿੱਚੋਂ ਨਾਨਕਿਆਂ ਵੱਲੋਂ ਇਕ ਸੋਨੇ ਦਾ ਟਿੱਕਾ ਤੇ ਚੂੜਾ ਤੇ ਹੱਥਾਂ ਨੂੰ ਚਾਂਦੀ ਦੇ ਕੰਗਣ ਜਾਂ ਪੈਰਾਂ ਨੂੰ ਪੌਂਟੀ ਇਕ ਚਾਂਦੀ ਤੇ ਇਕ ਸੋਨੇ ਦੀ ਟੂੰਮ ਪਾਉਣ ਦਾ ਵਿਹਾਰ ਹੈ। (267)

> ਨਾਨਕਿਆਂ ਤੋਂ ਦੂਜੇ ਦਰਜੇ ਉੱਤੇ ਮੁੰਡੇ ਨੂੰ ਟੂੰਮਾਂ ਟਾਕੀ ਲਿਆਉਣ ਦਾ ਫ਼ਰਜ਼ ਮੁੰਡੇ ਦੀ ਭੂਆ ਅਤੇ ਮਾਸੀਆਂ ਦਾ ਹੁੰਦਾ ਹੈ। ਮਾਸੀਆਂ ਮੁੰਡੇ ਦੀ ਮਾਂ ਦੀਆਂ ਭੈਣਾਂ ਤੇ ਭੂਆ ਮੁੰਡੇ ਦੇ ਪਿਓ ਦੀਆਂ ਭੈਣਾਂ, ਕੁਝ ਨਾ ਕੁਝ ਲੈ ਕੇ ਆਈਆਂ ਹੁੰਦੀਆਂ ਹਨ। ਇਸ ਲਈ ਦੋਵਾਂ ਪਾਰਟੀਆਂ ਵਿੱਚ ਕਈ ਵਾਰ ਚੰਗਾ ਟਾਕਰਾ ਹੋ ਜਾਂਦਾ ਹੈ। ਜਿੰਨੀ ਸਮਰੱਥਾ ਹੁੰਦੀ ਹੈ, ਖ਼ਬਰ ਦੇਣ ਵਾਲੇ ਨਾਈ ਤੋਂ ਪਤਾ ਕਰਕੇ

ਦੂਜੀ ਕਿਹੜੀ ਟੂੰਮ ਲੈ ਕੇ ਆਉਣ ਦੀਆਂ ਗੱਲਾਂ ਕਰਦੀ ਸੀ, ਉਹ ਇੱਕ ਦੂਜੀ ਤੋਂ ਵਧ ਚੜ੍ਹ ਕੇ ਅਗਲੀ ਦਾ ਨੱਕ ਵੱਢਣ ਦੇ ਉੱਦਮ ਕਰਦੀਆਂ ਹਨ। (268)

ਵਿਸ਼ਵੀਕਰਨ ਦੇ ਦੌਰ ਤੋਂ ਪਹਿਲਾਂ ਦੀਆਂ ਤਿੰਨੇਂ ਪੁਸਤਕਾਂ ਦਾ ਅਧਿਐਨ ਕਰਨ ਤੇ ਪਤਾ ਚਲਦਾ ਹੈ ਕਿ ਸਮਾਜਿਕ ਪ੍ਰਵਾਨਗੀ ਤੋਂ ਬਾਅਦ ਰਿਸ਼ਤਿਆਂ ਦਾ ਧੁਰਾ ਪਤੀ-ਪਤਨੀ ਦੇ ਰਿਸ਼ਤੇ ਤੋਂ ਸ਼ੁਰੂ ਹੁੰਦਾ ਹੈ। ਦੋਹਾਂ ਸਮਾਜਾਂ ਦੀ ਪ੍ਰਵਾਨਗੀ ਨੂੰ ਪੱਕਿਆਂ ਕਰਨ ਲਈ, ਭਾਈ, ਲਾਗੀ, ਮੁੱਲਾਂ, ਪੰਡਿਤ ਆਦਿ ਦੀ ਸਹਾਇਤਾ ਲਈ ਜਾਂਦੀ ਹੈ। ਪਤੀ-ਪਤਨੀ ਦਾ ਰਿਸ਼ਤਾ ਇਕ ਅਜਿਹਾ ਰਿਸ਼ਤਾ ਹੈ, ਜਿਸ ਦੁਆਲੇ ਰਿਸ਼ਤਿਆਂ ਦਾ ਸਾਰਾ ਤਾਣਾ ਤਣਿਆ ਜਾਂਦਾ ਹੈ। ਹਰ ਰਿਸ਼ਤੇ ਨੂੰ ਇਸ ਰਿਸ਼ਤੇ ਦੇ ਆਧਾਰ ਤੇ ਪਛਾਣਿਆ ਜਾਂਦਾ ਹੈ। ਪੰਜਾਬੀ ਸਭਿਆਚਾਰ ਵਿਚ ਪਤੀ-ਪਤਨੀ ਦੇ ਰਿਸ਼ਤੇ ਦੀ ਚੋਣ ਲਈ ਬੜੀ ਸੋਚ ਵਿਚਾਰ ਕੀਤੀ ਜਾਂਦੀ ਹੈ। ਇਹ ਰਿਸ਼ਤਾ ਜੋੜਨ ਲੱਗਿਆਂ ਪਰਿਵਾਰ ਅਤੇ ਕੁੱਲਾਂ ਨੂੰ ਪਰਖਿਆ ਜਾਂਦਾ। ਦੂਰ ਦੁਰਾਡੇ ਦੀਆਂ ਰਿਸ਼ਤੇਦਾਰੀਆਂ ਅਤੇ ਅੰਗੀ ਸਾਕਾਂ ਤੋਂ ਕਈ ਵਰ੍ਹਿਆਂ ਤੱਕ ਇਸ ਦੀ ਪਰਖ ਕੀਤੀ ਜਾਂਦੀ ਸੀ। ਪੁਰਾਣੇ ਸਮਿਆਂ ਵਿਚ ਜਵਾਨ ਹੋਈ ਮੁਟਿਆਰ ਦਾ ਵਿਆਹ ਕਰਨ ਲਈ ਉਸ ਦੀ ਸਲਾਹ ਜਾਂ ਪਸੰਦ ਨੂੰ ਨਹੀਂ ਸੀ ਪੁੱਛਿਆ ਜਾਂਦਾ। ਜਿੱਥੇ ਮਾਪੇ ਤੋਰ ਦਿੰਦੇ ਸਨ, ਉਹ ਮਾਪਿਆਂ ਦਾ ਹੁਕਮ ਮੰਨ ਕੇ ਤੁਰ ਜਾਂਦੀਆਂ ਹਨ। ਪੰਜਾਬ ਦੇ ਲੋਕ ਗੀਤਾਂ ਵਿਚ ਗੀਤਾਂ ਦੇ ਮਾਧਿਅਮ ਰਾਹੀਂ ਮੁਟਿਆਰਾਂ ਆਪਣੇ ਬਾਬੁਲ, ਚਾਚੇ, ਤਾਏ ਅਤੇ ਮਾਮੇ ਨੂੰ ਯੋਗ ਵਰ ਲੱਭਣ ਲਈ ਪ੍ਰੇਰਦੀ ਹੈ। ‘ਪੰਜਾਬ ਦੇ ਲੋਕ ਗੀਤ’ ਪੁਸਤਕ ਵਿੱਚ ਡਾ. ਮਹਿੰਦਰ ਸਿੰਘ ਰੰਧਾਵਾ ਦੁਆਰਾ ਇੱਕਤਰ ਕੀਤੇ ਲੋਕ ਗੀਤਾਂ ਵਿਚੋਂ ਕੁਝ ਵੰਨਗੀਆਂ ਹਨ,

ਦੇਵੀਂ ਵੇ ਬਾਬਲਾ ਓਸ ਘਰੇ

ਜਿੱਥੇ ਸੱਸ ਭਲੀ, ਪ੍ਰਧਾਨ, ਸਹੁਰਾ ਸਰਦਾਰ ਹੋਵੇ।

ਡਾਹ ਪੀਹੜਾ ਬਹਿੰਦੀ ਸਾਹਮਣੇ ਵੇ

ਮੱਥੇ ਕਦੇ ਨਾ ਪਾਂਦੀ ਵੱਟ

ਬਾਬਲ ਤੇਰਾ ਪੁੰਨ ਹੋਵੇ। (193)

ਲਿੰਬੀ ਪੋਚੀ ਮਾੜੀ ਪਲੰਘ ਡਹਾਇਆ

ਅਣੀ ਉਚੇ ਚੜ੍ਹ ਸੁੱਤਾ ਮੇਰਾ ਬਾਬਾ ਕੇ ਨੀਂਦ ਨਾ ਆਇਓ।

ਬਾਬਾ ਤੈਂ ਕਹੀ ਨੀਂਦ ਪਿਆਰੀ, ਘਰ ਕੰਨਿਆ ਕਵਾਰੀ।

ਸਲੋਹੀ ਬੇਟੀ ਵਰ ਮੰਗਦੀ।

ਅਣੀ ਵਰ ਮੰਗਦੀ ਚੰਗਾ ਘਰ ਮੰਗਦੀ। ( 195)

ਪਤੀ-ਪਤਨੀ ਦਾ ਰਿਸ਼ਤਾ ਜੋੜਨ ਵੇਲੇ ਮਾਪੇ ਵੀ ਇਸ ਗੱਲੋਂ ਪੂਰੀ ਜਿੰਮੇਵਾਰੀ ਨਿਭਾਉਂਦੇ ਹਨ ਕਿ ਧੀ ਦਾ ਸਹੁਰਾ ਘਰ ਚੰਗਾ ਹੋਵੇ, ਜਿੱਥੇ ਧੀ ਸੁਖੀ ਵਸੇ ਅਤੇ ਸਹੁਰੇ ਘਰ ਵਿਚ ਉਸ ਦਾ ਰੁਤਬਾ ਉਚਾ ਰਹੇ। ਇੰਝ ਕਰਨ ਨਾਲ ਧੀ ਲਈ ਮਾਪਿਆਂ ਪ੍ਰਤੀ ਵੀ ਮਾਣ ਸਤਿਕਾਰ ਬਣਿਆ ਰਹੇਗਾ। ਪਤੀ-ਪਤਨੀ ਦੇ ਰਿਸ਼ਤੇ ਵਿਚ ਕਈ ਵਾਰ ਅਨਜੋੜ ਅਤੇ ਅਣਮੇਲ ਵਿਆਹ ਸਿਰਦਰਦੀ ਦਾ ਕਾਰਨ ਵੀ ਬਣਦੇ ਹਨ। ਅਨਜੋੜ ਅਤੇ ਅਣਮੇਲ ਵਿਆਹ ਪਤੀ-ਪਤਨੀ ਦੇ ਰਿਸ਼ਤੇ ਵਿਚ ਦੂਰੀ ਦਾ ਕਾਰਨ ਵੀ ਬਣਦੇ ਹਨ।'ਪੰਜਾਬ ਦੇ ਲੋਕ ਗੀਤ' ਪੁਸਤਕ ਵਿੱਚ ਡਾ. ਮਹਿੰਦਰ ਸਿੰਘ ਰੰਧਾਵਾ ਦੁਆਰਾ ਇੱਕਤਰ ਕੀਤੇ ਲੋਕ ਗੀਤਾਂ ਵਿਚੋਂ ਕੁਝ ਵੰਨਗੀਆਂ ਹਨ,

ਮਾਪਿਆਂ ਨੇ ਮੈਂ ਰੱਖੀ ਵੇ ਲਾਡਲੀ

ਸੌਹਰੀਂ ਲਾ ਲਈ ਕੰਮ ਵੇ

ਮੇਰਾ ਉਡਿਆ ਸਨੁਹਿਰੀ ਸੋਨੇ ਵਰਗਾ ਰੰਗ ਵੇ।

ਮਾਪਿਆਂ ਨੇ ਮੈਂ ਰੱਖੀ ਲਾਡਲੀ

ਸੌਹਰੀਂ ਲਾ ਲਈ ਰੇਹ ਵੇ

ਏਵੇਂ ਜਨਮ ਗਵਾਇਆ ਚੰਨਣ ਵਰਗੀ ਦੇਹ ਵੇ। (242)

ਪਰਿਵਾਰ ਵਿੱਚ ਰਹਿੰਦਿਆਂ ਪਤੀ ਨੂੰ ਰੋਜ਼ੀ ਰੋਟੀ ਲਈ ਦੂਰ ਦੁਰਾਡੇ ਜਾਣਾ ਪੈਂਦਾ ਹੈ। ਪਰ ਨਵ ਵਿਆਹੁਤਾ ਲਈ ਇਹ ਦੁੱਖ ਦਾ ਕਾਰਨ ਬਣ ਜਾਂਦਾ ਹੈ। ਉਹ ਚਾਹੁੰਦੀ ਹੈ ਕਿ ਉਸ ਦਾ ਪਤੀ ਉਸ ਦੇ ਕੋਲ ਰਹੇ, ਉਹ ਸੱਸ ਸਹੁਰੇ ਦੇ ਅੱਗੇ ਤਰਲੇ ਕਰਦੀ ਹੈ ਕਿ ਉਸ ਦੇ ਕੰਤ ਨੂੰ ਨੌਕਰੀ ਨਾ ਘੱਲਿਆ ਜਾਵੇ। ਜਿਸ ਗੱਡੀ ਤੇ ਉਸ

ਦੇ ਪਤੀ ਨੇ ਸਫ਼ਰ ਕਰਨਾ ਹੈ ਉਹ ਉਸ ਨੂੰ ਵੀ ਮੰਦਾ ਚੰਗਾ ਆਖਦੀ ਹੈ ।'ਪੰਜਾਬ ਦੇ ਲੋਕ ਗੀਤ' ਪੁਸਤਕ ਵਿੱਚ ਪਤੀ ਪਤਨੀ ਦੇ ਰਿਸ਼ਤੇ ਦੀ ਦਾਸਤਾਨ ਨੂੰ ਡਾ.ਐੱਮ. ਐੱਸ. ਰੰਧਾਵਾ ਨੇ ਇੰਜ ਬਿਆਨ ਕੀਤਾ ਹੈ:

> ਪੰਜਾਬ ਦੇ ਪਿੰਡਾਂ ਵਿੱਚ ਬਿਰਹਨ ਦਾ ਜੀਵਨ ਇਕ ਐਸਾ ਜੀਵਨ ਹੈ, ਜਿਸ ਵਿੱਚੋਂ ਅਸਲੋਂ ਕੋਈ ਖੇੜਾ ਨਹੀਂ, ਕੋਈ ਚਾਨਣ ਨਹੀਂ। ਰਾਤ ਪੈਣ ਤੇ ਉਹ ਕਿਸੇ ਬਾਹਰੋਂ ਆਏ ਨੂੰ ਬਿਨਾਂ ਸ਼ਬਦ ਜੀ ਆਇਆ ਨਹੀਂ ਆਖਦੀ। ਕਿਸੇ ਨੂੰ ਦਿਨ ਵਿੱਚ ਵਾਪਰੀਆਂ ਗੱਲਾਂ ਨਹੀਂ ਸੁਣਾ ਸਕਦੀ, ਕਿਸੇ ਵੱਲ ਇਸ ਤਰ੍ਹਾਂ ਨਹੀਂ ਵੇਖਦੀ ਜਿਵੇਂ ਉਸ ਦਾ ਘੁੱਟ ਭਰ ਲੈਣਾ ਹੋਵੇ, ਕਿਸੇ ਦੀਆਂ ਬਾਹਾਂ ਵਿੱਚ ਘੁੱਟੀ ਨਹੀਂ ਜਾਂਦੀ। ਦਿਨੀਂ ਉਹ ਕਿਸੇ ਪਿਆਰੇ ਦੀ ਖਾਣ ਲਈ ਮੱਖਣ ਨਹੀਂ ਰਿੜਕਦੀ, ਕਿਸੇ ਰਾਹ ਉੱਤੇ ਨਜ਼ਰ ਲਾਈ ਹਲ ਵਾਹੁਣ ਵਾਲੇ ਲਈ ਛਾਹ ਵੇਲਾ ਲੈ ਕੇ ਨਹੀਂ ਜਾਂਦੀ। ਘਰ ਵਿੱਚ ਜੁੱਟ ਹਨ ਸੱਸ-ਸਹੁਰੇ ਦਾ ਦਿਉਰ- ਦਰਾਣੀ ਦਾ, ਜੇਠ- ਜਠਾਣੀ ਦਾ ਪਿਉ -ਪੁੱਤਰਾਂ ਦਾ, ਮਾਵਾਂ- ਧੀਆਂ ਦਾ ਜਿਹੜੇ ਜਿਊਣ ਲਈ ਇਕ ਦੂਜੇ ਤੋਂ ਸਤਿਆ ਲੈਂਦੇ ਹਨ ,ਪਰ ਸਿਪਾਹੀ ਦੀ ਵਹੁਟੀ ਦਾ ਕਿਸੇ ਨਾਲ ਜੁੱਟ ਨਹੀਂ । (117)

'ਪੰਜਾਬ ਦੇ ਲੋਕ ਗੀਤ' ਪੁਸਤਕ ਵਿੱਚ ਪਤੀ ਪਤਨੀ ਦੇ ਰਿਸ਼ਤੇ ਦੀਆਂ ਗੀਤਾਂ ਰਾਹੀਂ ਅਨੇਕਾਂ ਹੀ ਉਦਾਹਰਨਾਂ ਮਿਲਦੀਆਂ ਹਨ :

ਵੇ ਬੀਬਾ ਜੇ ਤੁਰ ਚੱਲਿਆ ਨੌਕਰੀ ਘੋੜੇ ਨੂੰ ਪੋਨੀਆਂ ਘਾਹ ,

ਜਾਂਦੇ ਨੂੰ ਜਾਣ ਨਾ ਦੇਨੀਆਂ ਮੈਂ ਤੇ ਰੋਕ ਖਲੋਤੀਆਂ ਰਾਹ ।

ਬੀਬਾ ਜੇ ਤੁਰ ਚੱਲਿਆਂ ਨੌਕਰੀ ਮੈਨੂੰ ਹੁਲ ਵੇ ਲੋਕੋ ਹੁਲ,

ਬੂਹਿਆਂ ਦੇ ਬੱਝ ਗਏ ਜਿੰਦਰੇ ਜੀ ਬਾਗਾਂ ਦੇ ਝੜ ਗਏ ਫੁੱਲ।

ਜੇ ਤੁਰ ਚੱਲਿਆਂ ਨੌਕਰੀ ਜੀ ਮੈ ਚੁੱਲ੍ਹੇ ਪਾਉਨੀ ਆਂ ਅੱਗ,

ਸੱਸ ਨਨਾਣਾਂ ਡਾਢੀਆਂ ਮੈਂ ਰੋਨੀਆਂ ਧੂੰਏਂ ਦੇ ਪੱਜ ।

ਜੇ ਤੁਰ ਚੱਲਿਆ ਨੌਕਰੀ ਜੀ ਮੈਂ ਕੱਤਣੇ ਪਾਉਣੀਆਂ ਤੂੰ ,

ਦੱਸ ਪਈ ਉਨ੍ਹਾਂ ਦੇਸ਼ਾਂ ਦੀ ਜਿੱਥੇ ਸਦਾ ਮੁਸਾਫ਼ਿਰ ਤੂੰ।

ਜੇ ਤੁਰ ਚੱਲਿਆ ਨੌਕਰੀ ਜੀ ਮੇਰੀ ਚੀਚੀ ਦੀ ਲੈ ਜਾ ਛਾਪ,

ਜਿੱਥੇ ਪੈ ਜੇ ਰਾਤ ਜੀ ਉੱਥੇ ਤੇ ਰੱਖਣਾ ਯਾਦ।

ਕੋਠੇ ਤੇ ਜਿਹੜੀਆਂ ਦੋ ਜਣੀਆਂ, ਉਨ੍ਹਾਂ ਉੱਤੇ ਲਾਲ ਫੁਲਕਾਰੀਆ ਨੇ।

ਇਕ ਰੰਨਾਂ ਨੂੰ ਝੂਰਦੇ ਹੋਣ ਬੁੱਢੇ, ਇਕ ਮੂਰਖ ਮਨੋ ਵਿਸਾਰੀਆ ਨੇ।

(162)

ਪੰਜਾਬੀ ਰਿਸ਼ਤਾ ਪ੍ਰਬੰਧ ਦਾ ਤਾਣਾ-ਬਾਣਾ ਬੜਾ ਹੀ ਪੇਚੀਦਾ ਹੈ। ਕਿਤੇ ਖ਼ੂਨ ਦੇ ਰਿਸ਼ਤੇ ਹਨ, ਕਿਤੇ ਸਨੇਹ ਦੇ ਅਤੇ ਕਿਤੇ ਧਰਮ ਦੇ ਰਿਸ਼ਤੇ ਹਨ। ਲੜਕੀ ਦੇ ਵਿਆਹ ਪ੍ਰਬੰਧ ਵਿਚ ਬੱਝਣ ਤੋਂ ਬਾਅਦ ਸਹੁਰੇ ਘਰ ਵਿਚ ਪਤੀ ਦੇ ਛੋਟੇ ਭਰਾ ਨਾਲ ਇੱਕ ਬੜਾ ਹੀ ਸੁਆਦਲ ਰਿਸ਼ਤਾ ਬਣਦਾ ਹੈ, ਜਿਸ ਨੂੰ ਦਿਉਰ ਭਰਜਾਈ ਦਾ ਰਿਸ਼ਤਾ ਕਿਹਾ ਜਾਂਦਾ ਹੈ। ਇਹ ਰਿਸ਼ਤਾ ਖੁੱਲ੍ਹ ਮਾਨਣ, ਹਾਸਾ ਠੱਠਾ ਕਰਨ ਵਾਲਾ ਰਿਸ਼ਤਾ ਹੈ। ਭਾਬੀਆਂ ਦਿਉਰਾਂ ਨੂੰ ਗਹਿਣਿਆਂ ਦੀ ਤਰ੍ਹਾਂ ਸਾਂਭ ਸੰਭਾਲ ਕੇ ਰੱਖਦੀਆਂ ਹਨ ਅਤੇ ਦਿਲ ਦਾ ਨਿੱਕਾ-ਨਿੱਕਾ ਭੇਤ ਵੀ ਦਿਉਰ ਨਾਲ ਸਾਂਝਾ ਕਰ ਲੈਂਦੀਆਂ ਹਨ। ਰਿਸ਼ਤੇ ਵਿੱਚ ਪਤੀ ਤੋਂ ਬਾਅਦ ਵੱਧ ਲਾਡ ਪਿਆਰ ਦਾ ਹੱਕ ਦਿਉਰ ਦਾ ਹੀ ਬਣਦਾ ਹੈ। ਭਾਬੀ ਵੀ ਹਮੇਸ਼ਾਂ ਹੀ ਦਿਉਰ ਪ੍ਰਤੀ ਹਮਦਰਦੀ ਤੇਹ ਗੱਲ ਗੱਲ ਤੇ ਜਤਾ ਕੇ ਇਸ ਰਿਸ਼ਤੇ ਨੂੰ ਹੋਰ ਵੀ ਰਸੀਲਾ ਬਣਾ ਦਿੰਦੀ ਹੈ ।ਇਸ ਬਾਰੇ 'ਮੇਰਾ ਪਿੰਡ' ਪੁਸਤਕ ਵਿਚੋਂ ਗਿਆਨੀ ਗੁਰਦਿੱਤ ਸਿੰਘ ਦਾ ਵਿਚਾਰ ਹੈ :

> ਸਾਡਾ ਪੇਂਡੂ ਜੀਵਨ ਦਿਉਰ ਭਾਬੀ ਦੀਆਂ ਰੁਮਾਂਸ ਨਾਲ ਗੁੱਝੀਆਂ ਕਹਾਣੀਆਂ ਤੋਂ ਖਾਲੀ ਨਹੀਂ ਹੋ ਸਕਦਾ। ਦਿਉਰ ਖਿੱਲਰੇ ਘਰ ਦਾ ਖਿਡੌਣਾ ਤੇ ਜੀਅ ਪਰਚਾਵਾ ਰਿਹਾ ਹੈ। ਨਿੱਕੀਆਂ ਨਿੱਕੀਆਂ ਗੱਲਾਂ ਦੇ ਗੁੱਸੇ ਗਿਲਿਆਂ ਤੇ ਲਹਾਓ ਚੜ੍ਹਾਓ ਦੇ ਬਹਾਨੇ ਬਣਾ ਕੇ ਘਰੋਗੀ ਜੀਵਨ ਦੇ ਬਹੁਤ ਸਾਰੇ ਰੰਗ ਤਮਾਸ਼ੇ ਇਸ ਅਨੋਖੇ ਤੇ ਰੁਮਾਂਟਿਕ ਹਸਤੀ ਉਧਾਲੇ ਘੁੰਮਦੇ ਰਹੇ ਹਨ। ਪੰਜਾਬ ਵਿੱਚ ਤਾਂ ਇਸ

ਦੀ ਪੁੱਛ ਗਿੱਛ ਆਰਥਿਕ ਕਾਰਨਾਂ ਕਰਕੇ ਵੀ ਹੁੰਦੀ ਰਹੀ ਹੈ। ਭਾਬੀਆਂ ਲਈ ਦਿਉਰ ਇੱਕ ਗਹਿਣਾ ਮੰਨਿਆ ਜਾਂਦਾ ਰਿਹਾ ਹੈ। .......ਕਈ ਭਰਜਾਈਆਂ ਜਦੋਂ ਮਸਤੇ ਹੋਏ ਦਿਉਰ ਦੀ ਅਯੋਗ ਤੌਰ ਤਰੀਕਿਆਂ ਦੀ ਘਰਵਾਲੀ ਕੋਲ ਸ਼ਿਕਾਇਤ ਕਰਦੀਆਂ ਹਨ, ਤਾਂ ਅੱਗੋਂ ਉਹ ਚੁੱਪ ਕਰਾ ਦਿੰਦੇ ਹਨ ਕਿ ਜੇ ਉਹ ਬੋਲ ਚਾਲ ਪਿਆ, ਤਾਂ ਕੀ ਹੋਇਆ ਕੱਲ੍ਹ ਨੂੰ ਜਦੋਂ ਅੱਧੀ ਜ਼ਮੀਨ ਵੰਡਾ ਕੇ ਅੱਡ ਹੋ ਗਿਆ। ਫਿਰ ਤੇਰੇ ਜੁਆਕਾਂ ਨੂੰ ਦੱਸ ਕੀ ਆਵੇਗਾ? (341-342)

'ਮੇਰਾ ਪਿੰਡ' ਪੁਸਤਕ ਵਿਚ ਗਿਆਨੀ ਗੁਰਦਿੱਤ ਸਿੰਘ ਨੇ ਇਸ ਰਿਸ਼ਤੇ ਨੂੰ ਲੋਕ ਗੀਤਾਂ ਰਾਹੀਂ ਵੀ ਪੇਸ਼ ਕੀਤਾ ਹੈ :

ਨਿੱਕੀ ਨਿੱਕੀ ਕਣੀ ਦਾ ਮੀਂਹ ਵਰ੍ਹੇ ਨੀਂ ਮਾਏਂ ।

ਦੇਵਰ ਤਾਂ ਤੱਬੂ ਨੀ ਤਾਣਦਾ।

ਤੰਬੂਆਂ ਅੰਦਰ ਆ ਨੀਂ ਭਾਬੋ,

ਤੇਰੇ ਭਿੱਜਗੇ ਸੂਹੇ ਦੀ ਸ਼ੋਸ਼ਣੀ।

ਤੰਬੂਆਂ ਦੇ ਅੰਦਰ ਨਾ ਆਵਾਂ ਦਿਓਰਾ,

ਭਾਵੇਂ ਭਿੱਜਣ ਕੰਨਾਂ ਦੀਆਂ ਵਾਲੀਆਂ।

ਕਹਿ ਲੱਖ ਦਾ ਤੇਰਾ ਹਾਰ ਨੀ ਭਾਬੋ,

ਕਹਿ ਲੱਖ ਦੀਆਂ ਬਾਲੀਆਂ ।

ਦੱਸ ਲੱਖ ਦਾ ਮੇਰਾ ਹਾਰ ਵੇ ਬੀਬਾ,

ਦਸ ਲੱਖ ਦੀਆਂ ਮੇਰੀਆਂ ਬਾਲੀਆਂ। (343)

ਭਾਬੀਆਂ ਦਿਉਰਾਂ ਨੂੰ ਗਹਿਣਿਆਂ ਦੀ ਤਰ੍ਹਾਂ ਸਾਂਭ ਸੰਭਾਲ ਕੇ ਰੱਖਦੀਆਂ ਹਨ ਅਤੇ ਦਿਲਾਂ ਦਾ ਨਿੱਕਾ-ਨਿੱਕਾ ਭੇਤ ਵੀ ਦਿਉਰ ਨਾਲ ਸਾਂਝਾ ਕਰ ਲੈਂਦੀਆਂ ਹਨ। ਰਿਸ਼ਤੇ ਵਿਚ ਪਤੀ ਤੋਂ ਬਾਅਦ ਵੱਧ ਲਾਡ ਪਿਆਰ ਦਾ ਹੱਕ ਦਿਉਰ ਦਾ ਹੀ ਬਣਦਾ ਹੈ। ਇਹ ਲਾਡ ਪਿਆਰ ਹੌਲ਼ੀ-ਹੌਲ਼ੀ ਜੁਆਨੀ ਦੀ ਦਹਿਲੀਜ਼ ਵੀ ਪਾਰ ਕਰ ਜਾਂਦਾ ਹੈ। ਭਾਬੀ ਵੀ ਹਮੇਸ਼ਾਂ ਹੀ ਦਿਉਰ ਪ੍ਰਤੀ ਹਮਦਰਦੀ ਤੇ ਤੇਹ ਗੱਲ-ਗੱਲ ਤੇ ਜਤਾ ਕੇ ਇਸ ਰਿਸ਼ਤੇ ਦੀਆਂ ਗੰਢਾਂ ਨੂੰ ਹੋਰ ਪੀਡੀਆਂ ਕਰ ਲੈਂਦੀ ਹੈ। ਇਸ ਹਵਾਲੇ ਲਈ ਡਾ.ਮਹਿੰਦਰ ਸਿੰਘ ਰੰਧਾਵਾ ਦੁਆਰਾ ਇਕੱਤਰ ਕੀਤੇ ਲੋਕ ਗੀਤਾਂ ਦੀ ਪੁਸਤਕ 'ਪੰਜਾਬ ਦੇ ਲੋਕ ਗੀਤ' ਦੇ ਅਨੁਸਾਰ :

ਆ ਵੇ ਦਿਓਰਾ ਜਾ ਵੇ ਦਿਓਰਾ,

ਬੋਤਾ ਬੰਨ ਦਰਵਾਜ਼ੇ।

ਬੋਤੇ ਤੇਰੇ ਨੂੰ ਘਾਹ ਦਾ ਟੋਕਰਾ,

ਤੈਨੂੰ ਪੰਜ ਪਰਸ਼ਾਦੇ।

ਨਿੰਮ ਹੇਠ ਕੱਤਦੀ ਦੀ,

ਮੇਰੀ ਗੂੰਜ ਸੁਣੇ ਦਰਵਾਜ਼ੇ। (262 )

ਦਿਉਰ ਭਰਜਾਈ ਦਾ ਰਿਸ਼ਤਾ ਇਹੋ ਜਿਹਾ ਰਿਸ਼ਤਾ ਹੈ ਕਿ ਭਰਜਾਈ ਆਪਣੇ ਦਿਉਰ ਨੂੰ ਕਿਸੇ ਵੀ ਕੀਮਤ 'ਤੇ ਗਆਉਣਾ ਨਹੀਂ ਚਾਹੁੰਦੀ। ਦਿਉਰ ਨੂੰ ਵਿਆਹੁਣ ਦੇ ਲਾਰੇ ਵੀ ਜਾਏ ਜਾਂਦੇ ਹਨ। ਪੇਕਿਆਂ ਤੋ ਆਪਣੀ ਛੋਟੀ ਭੈਣ ਜਾਂ ਆਪਣੀ ਰਿਸਤੇਦਾਰੀ ਵਿਚੋਂ ਸਾਕ ਲਿਆਉਣ ਬਾਰੇ ਲਾਲਚ ਦਿੱਤਾ ਜਾਂਦਾ ਹੈ। ਪਰ ਜਦੋਂ ਕਿਤੇ ਦਿਉਰ ਦਾ ਵਿਆਹ ਹੋ ਜਾਵੇ, ਦਰਾਣੀ ਘਰ ਵਿਚ ਆ ਜਾਵੇ, ਤਾਂ ਦਿਉਰ ਭਰਜਾਈ ਦੇ ਰਿਸ਼ਤੇ ਵਿਚ ਅਟਕਲਾਂ ਪੈਣੀਆਂ ਸ਼ੁਰੂ ਹੋ ਜਾਂਦੀਆਂ ਹਨ। ਦਰਾਣੀ ਆਪਣੀ ਚੌਧਰ ਰੱਖਣਾ ਚਾਹੁੰਦੀ ਹੈ ਤੇ ਜੇਠਾਣੀ ਆਪਣੀ, ਜਿਸ ਕਾਰਨ ਤਕਰਾਰ ਵਧਦਾ ਹੈ ਚੁੱਲ੍ਹਾ ਚੌਕਾਂ ਅੱਡ ਹੋ ਜਾਂਦਾ ਹੈ। ਇਸ ਵਿਚਕਾਰ ਦਿਉਰ ਭਰਜਾਈ ਦਾ ਰਿਸ਼ਤਾ ਵੀ ਤਿੜਕ ਜਾਂਦਾ ਹੈ। ਦਿਉਰ ਭਰਜਾਈ ਦੇ ਰਿਸ਼ਤੇ ਬਾਰੇ ਪੁਸਤਕ 'ਪੰਜਾਬ ਦੇ ਲੋਕ ਗੀਤ' ਵਿਚ ਡਾ. ਮਹਿੰਦਰ ਸਿੰਘ ਰੰਧਾਵਾ ਦੁਆਰਾ ਇਕੱਤਰ ਕੀਤੇ ਲੋਕ ਗੀਤਾਂ ਅਨੁਸਾਰ:

ਸਹੁਰੇ ਘਰ ਵਿਚ ਸੱਸ ਤੋਂ ਹੱਟ ਕੇ ਦੂਜਾ ਨੰਬਰ ਦਿਉਰ ਦਾ ਹੈ। ਦਿਉਰ ਭਰਜਾਈ ਦਾ ਰਿਸ਼ਤਾ ਇਕ ਮਿੱਠਾ ਜਿਹਾ ਰਿਸ਼ਤਾ ਹੈ, ਜਿਸ ਦਾ ਸਬੰਧ ਮਨਪ੍ਰਚਾਵੇ ਨਾਲ ਹੈ। ਭਾਬੀ ਹੁਸਨ ਦੀ ਰੰਗੀਲੀ ਦੁਨੀਆਂ ਦਾ ਰੂਪ ਬਣ ਕੇ ਘਰ ਵਿਚ ਉਤਰਦੀ ਹੈ ਤੇ ਦਿਉਰ ਝਟ ਪਟ ਖਿੱਚਿਆ ਜਾਂਦਾ ਹੈ। ਪਿਆਰ ਵਿਚ ਉਹ ਭਾਬੀ ਦੇ ਕੰਮ ਕਰਦਾ ਹੈ। (237)

ਪਤੀ ਦੇ ਨਾਲ-ਨਾਲ ਭਾਬੀ ਦਿਉਰ ਦਾ ਵੀ ਪੂਰਾ ਧਿਆਨ ਰੱਖਦੀ ਹੈ। ਜੇਕਰ ਧੁੱਪੇ ਖੇਤਾਂ ਵਿਚ ਕੰਮ ਕਰਦੇ ਦਿਉਰ ਨੂੰ ਧੁੱਪ ਲਗਦੀ ਹੋਵੇ ਤਾਂ ਕਾਲਜਾ ਭਾਬੀ ਦਾ ਹੀ ਸੜਦਾ ਹੈ। ਦੂਜੇ ਪਾਸੇ ਭਾਬੀ ਦੇ ਦੁੱਖਾਂ ਦਾ ਦਾਰੂ ਵੀ ਦਿਉਰ ਹੀ ਬਣਦਾ ਹੈ।

ਵਿਸ਼ਵੀਕਰਨ ਦੇ ਦੌਰ ਤੋਂ ਪਹਿਲਾਂ ਦੇ ਰਿਸ਼ਤਿਆ ਵਿਚ ਜੀਜਾ ਸਾਲੀ ਦੇ ਰਿਸ਼ਤਾ ਦਾ ਵੀ ਜ਼ਿਕਰ ਹੋਇਆ ਮਿਲਦਾ ਹੈ। ਪੰਜਾਬੀ ਰਿਸ਼ਤਾ ਪ੍ਰਬੰਧ ਵਿਚ ਰੁਮਾਂਟਿਕ ਰਿਸ਼ਤਿਆਂ ਵਿਚ ਜੀਜਾ ਸਾਲੀ ਦਾ ਰਿਸ਼ਤਾ ਬੜਾ ਹੀ ਰਸੀਲਾ ਹੈ। ਪੰਜਾਬੀ ਰਿਸ਼ਤਿਆਂ ਦਾ ਤਾਣਾ-ਬਾਣਾ ਸਮਾਜਿਕ ਪ੍ਰਵਾਨਗੀ ਦੇ ਨਿਜ਼ਾਮ ਵਿਚ ਬੱਝਿਆ ਹੋਇਆ ਹੈ। ਸਮਾਜਿਕ ਪ੍ਰਵਾਨਗੀ ਦੇ ਨਾਲ ਲੜਕੇ ਲੜਕੀ ਦੇ ਵਿਆਹ ਤੋਂ ਬਾਅਦ ਘਰਵਾਲੀ ਦੀ ਭੈਣ ਚਾਹੇ ਛੋਟੀ ਹੋਵੇ ਜਾਂ ਵੱਡੀ, ਉਹ ਸਾਲੀ ਅਖਵਾਉਂਦੀ ਹੈ। ਜਿੱਥੇ ਉਹ ਬੱਚਿਆਂ ਦੀ ਮਾਸੀ ਅਖਵਾਉਂਦੀ ਹੈ, ਉੱਥੇ ਉਹ ਅੱਧੇ ਘਰਵਾਲੀ ਵੀ ਕਹਾਉਦੀ ਹੈ। ਦਿਉਰ-ਭਰਜਾਈ ਦੇ ਰਿਸ਼ਤੇ ਵਾਂਗ ਜੀਜਾ-ਸਾਲੀ ਦਾ ਰਿਸ਼ਤਾ ਵੀ ਬੜਾ ਹੀ ਨਿੱਘ ਅਤੇ ਪਿਆਰ ਵਾਲਾ ਹੈ। ਇਸ ਰਿਸ਼ਤੇ ਵਿਚ ਫਰਕ ਸਿਰਫ ਐਨਾ ਹੈ ਕਿ ਪਤੀ ਦਾ ਭਰਾ ਦੇਵਰ ਹਰ ਵਕਤ ਘਰ ਵਿਚ ਇਕੱਠੇ ਰਹਿੰਦੇ ਹਨ, ਪਰ ਜੀਜਾ-ਸਾਲੀ ਦੂਰ-ਦੁਰਾਡੇ ਰਹਿਣ ਕਰਕੇ ਇਹਨਾਂ ਦਾ ਮੇਲ ਸਬੱਬੀ ਹੁੰਦਾ ਹੈ।

ਦਿਉਰ-ਭਰਜਾਈ ਦੇ ਰਿਸ਼ਤੇ ਵਿਚ ਵਿਰੋਧਤਾ ਘੱਟ ਹੈ, ਕਿਉਕਿ ਇੱਕੋ ਪਰਿਵਾਰ ਵਿਚ ਰਹਿੰਦੇ ਹੋਣ ਕਰਕੇ ਉਹਨਾਂ ਨੂੰ ਰੋਕ ਟੋਕ ਕਰਨ ਵਾਲਾ ਕੋਈ ਨਹੀਂ, ਸਾਲੀ-ਜੀਜਾ ਦੇ ਰਿਸ਼ਤੇ ਵਿਚ ਜੇ ਸਾਲੀ ਵਿਆਹੀ ਹੋਈ ਹੋਵੇ, ਤਾਂ ਸਾਂਢੂ ਦੀ ਰੋਕ ਟੋਕ ਇਸ ਰਸਤੇ ਵਿਚ ਅੜਿੱਕਾ ਬਣਦੀ ਹੈ। ਉਂਝ ਸਾਲੀ ਦੀ ਮਨਸਾ ਰਹਿੰਦੀ ਹੈ ਕਿ ਉਹ ਜੀਜੇ ਨੂੰ ਆਪਣੀਆਂ ਅਦਾਵਾਂ ਨਾਲ ਪ੍ਰਭਾਵਿਤ ਕਰੇ। ਉਹ ਇਹ ਵੀ ਚਾਹੁੰਦੀ ਹੈ ਕਿ ਉਸ ਦੇ ਕੀਤੇ ਹਾਰ ਸ਼ਿੰਗਾਰ ਨੂੰ ਜੀਜਾ ਨਿਹਾਰੇ ਅਤੇ ਉਸ ਦਾ ਮੁੱਲ ਪਾਵੇ। ਇਸ ਰਿਸ਼ਤੇ ਵਿਚ ਇੱਕ ਗੱਲ ਹੋਰ ਬੜੀ

ਸੁਆਦਲੀ ਹੈ ਕਿ ਜੀਜਾ ਭਾਵੇਂ ਕਿੰਨਾ ਵੀ ਅਮੀਰ ਕਿਉਂ ਨਾ ਹੋਵੇ, ਸਾਲੀ ਦੀਆਂ ਡਿਮਾਂਡਾਂ ਪੂਰੀਆ ਕਰਦਾ ਉਹ ਕੰਜੂਸ ਹੀ ਅਖਵਾਉਂਦਾ ਹੈ। ਇਸ ਕਰਕੇ ਥਾਂ ਥਾ ਤੇ ਉਸ ਨੂੰ ਮਿਹਣਿਆਂ ਦਾ ਸ਼ਿਕਾਰ ਹੋਣਾ ਪੈਂਦਾ ਹੈ। ਵਿਆਹ ਵੇਲੇ ਬਰਾਤ ਆਉਣ ਤੇ ਜੀਜੇ ਨੂੰ ਸਾਲੀਆਂ ਵਲੋਂ ਮਜ਼ਾਕ ਦਾ ਪਾਤਰ ਬਣਾਇਆ ਜਾਂਦਾ ਹੈ। ਜੀਜੇ ਕੋਲੋਂ ਕਈ ਪ੍ਰਕਾਰ ਦੇ ਲਾਗ ਲਏ ਜਾਂਦੇ ਹਨ। ਨੰਦਾਂ ਦੇ ਬੈਠੇ ਜੀਜੇ ਦਾ ਪੈਰੀਂ ਪਾਉਣ ਵਾਲਾ ਜੋੜਾ ਲਕੋ ਲਿਆ ਜਾਂਦਾ ਹੈ। ਲਾਗ ਪ੍ਰਾਪਤ ਕਰਕੇ ਜੋੜਾ ਵਾਪਿਸ ਕੀਤਾ ਜਾਂਦਾ ਹੈ। ਇਸ ਬਾਰੇ 'ਮੇਰਾ ਪਿੰਡ ਪੁਸਤਕ ਵਿਚੋਂ ਗਿਆਨੀ ਗੁਰਦਿੱਤ ਸਿੰਘ ਦਾ ਵਿਚਾਰ ਹੈ:

> ਜਿਉਂ ਹੀ ਲਾੜਾ ਜੁੱਤੀ ਲਾਹ ਕੇ ਪਲੰਘ ਉੱਤੇ ਬੈਠਦਾ ਹੈ, ਇੱਕ ਦਮ ਉਸ ਦੀ ਜੁੱਤੀ ਗਾਇਬ ਹੋ ਜਾਂਦੀ ਹੈ। ਲਾੜੇ ਦੀ ਛੋਟੀ ਸਾਲੀ ਜੁੱਤੀ ਚੁੱਕ ਕੇ ਕਿਧਰੇ ਲੁਕੋ ਆਉਂਦੀ ਹੈ। ਕਈ ਆਪਣੀ ਨਵ-ਵਿਆਹੀ ਭੈਣ ਕੋਲ ਹੀ ਰੱਖ ਆਉਂਦੀਆਂ ਹਨ ਕਿ ਇੱਥੇ ਤਾਂ ਲਾੜੇ ਜਾਂ ਸਰਬਾਲੇ ਵਿਚੋਂ ਹੁਣ ਕੋਈ ਪਹੁੰਚਣੋਂ ਰਿਹਾ। ਪੰਜ ਜਾਂ ਸੱਤ ਰਪੁਏ ਜੁੱਤੀ ਚੁਕਾਈ ਦੇ ਲਏ ਬਿਨ੍ਹਾਂ ਜੁੱਤੀ ਨਹੀਂ ਦਿੱਤੀ ਜਾਂਦੀ। (311)

ਪਹਿਲੀ ਵਾਰ ਘਰ ਆਏ ਜੀਜੇ ਕੋਲੋਂ ਛੰਦ ਸੁਣੇ ਜਾਂਦੇ ਹਨ।'ਮੇਰਾ ਪਿੰਡ' ਪੁਸਤਕ ਵਿਚ ਵਿਆਹ ਦੀਆਂ ਰਸਮਾਂ ਵਿਚ ਗਿਆਨੀ ਗੁਰਦਿੱਤ ਸਿੰਘ ਨੇ ਸਾਲੀਆਂ ਵਲੋਂ ਜੀਜੇ ਕੋਲੋਂ ਛੰਦ ਸੁਨਣ ਦਾ ਜ਼ਿਕਰ ਕੀਤਾ ਹੈ :

ਛੰਦ ਪਰਾਗੇ ਆਈਏ ਜਾਈਏ

ਛੰਦ ਪਰਾਗੇ ਖੀਰਾ।

ਧੀ ਤੁਹਾਡੀ ਏਕਣ ਰੱਖਸਾ

ਜਿਉਂ ਮੁੰਦਰੀ ਵਿਚ ਹੀਰਾ।

ਛੰਦ ਪਰਾਗੇ ਆਈਏ ਜਾਈਏ

ਛੰਦ ਪਰਾਗੇ ਮਹਿਣਾ।

ਬੇਟੀ ਨੂੰ ਸਮਝਾ ਦੇਣਾ

ਕਿ ਆਗਿਆ ਦੇ ਵਿਚ ਰਹਿਣਾ। (390)

ਪੰਜਾਬ ਦੀ ਲੋਕਧਾਰਾ ਇਸ ਗੱਲ ਦੀ ਪ੍ਰਤੀਕ ਰਹੀ ਹੈ ਕਿ ਹਰ ਰਿਸ਼ਤੇ ਦਾ ਸਤਿਕਾਰ ਬੜੇ ਹੀ ਅਦਬ ਨਾਲ ਕੀਤਾ ਜਾਂਦਾ ਹੈ। ਪੰਜਾਬੀ ਸਭਿਆਚਾਰ ਵਿਚ ਜੀਜਾ ਵੱਡੀਆਂ ਸਾਲੀਆਂ ਨੂੰ ਭੈਣਾਂ ਵਾਂਗ ਸਤਿਕਾਰਦਾ ਹੈ ਅਤੇ ਘਰ ਵਿਚ ਛੋਟੀ ਸਾਲੀ ਨੂੰ ਵੀ ਸਤਿਕਾਰ ਦਿੱਤਾ ਜਾਦਾ ਹੈ। ਬੇਸ਼ੱਕ ਨਵਾਂ ਬਣਿਆ ਜੀਜਾ ਹਾਸੇ ਮਖੌਲ ਦਾ ਪਾਤਰ ਬਣਦਾ ਹੈ ਪਰ ਨਿੱਕੀਆ ਸਾਲੀਆਂ ਨੂੰ ਧੀ ਭੈਣ ਦਾ ਰੁੱਤਬਾ ਦੇ ਵਿਆਹ ਸ਼ਾਦੀ ਵਿਚ ਪੂਰਾ ਯੋਗਦਾਨ ਪਾਉਂਦਾ ਹੈ। ਦੂਜੇ ਪਾਸੇ ਜੇ ਕਿਤੇ ਪਤਨੀ ਦੀ ਬੇਵਕਤੀ ਮੌਤ ਹੋ ਜਾਵੇ ਤਾਂ ਛੋਟੀ ਕੁਆਰੀ ਸਾਲੀ ਨੂੰ ਦੋਹਾਂ ਟੱਬਰਾਂ ਦੀ ਸਹਿਮਤੀ ਨਾਲ ਜੀਜੇ ਦੇ ਘਰ ਬਿਠਾ ਦਿੱਤਾ ਜਾਂਦਾ ਹੈ।

ਪੰਜਾਬੀ ਰਿਸ਼ਤਾ ਪ੍ਰਬੰਧ ਵਿਚ ਜੇਠ-ਜੇਠਾਣੀ ਦਾ ਰਿਸ਼ਤਾ ਦਾ ਵੀ, ਬੜੀ ਅਹਿਮੀਅਤ ਵਾਲਾ ਰਿਸ਼ਤਾ ਰਿਹਾ ਹੈ। ਵਿਆਹ ਕੇ ਆਈ ਲੜਕੀ ਦੇ ਪਤੀ ਦਾ ਵੱਡਾ ਭਰਾ ਜੇਠ ਅਤੇ ਜੇਠ ਦੀ ਘਰਵਾਲ਼ੀ ਜੇਠਾਣੀ ਅਖਵਾਉਂਦੀ ਹੈ। ਵੱਡੀ ਭਾਬੀ ਨੂੰ ਦਿਉਰ ਦੇ ਵਿਆਹ ਦਾ ਬੜਾ ਚਾਅ ਹੁੰਦਾ ਹੈ, ਪਰ ਜਦੋਂ ਦਰਾਣੀ ਘਰ ਵਿਚ ਆ ਜਾਂਦੀ ਹੈ, ਤਾਂ ਪਿਆਰ ਭਰਿਆ ਰਿਸ਼ਤਾ ਤਕਰਾਰ ਵਿਚ ਬਦਲ ਜਾਂਦਾ ਹੈ। ਘਰ ਵਿਚ ਜੇਠ ਛੜਾ ਹੋਵੇ ਤਾਂ ਉਸ ਦੀ ਭਰਜਾਈ ਨਾਲ ਬਹੁਤ ਹੀ ਘੱਟ ਬਣਦੀ ਹੈ। ਕੁਆਰੇ ਦਿਉਰ ਜਿੰਨਾ ਪਿਆਰ, ਜੇਠ ਦੇ ਹਿੱਸੇ ਨਹੀਂ ਆਉਦਾ। ਜਿੱਥੇ ਭਰਜਾਈ ਦਿਉਰ ਨੂੰ ਪਾਣੀ ਦੇ ਬਦਲੇ ਦੁੱਧ ਦੇਣ ਲਈ ਤਿਆਰ ਹੁੰਦੀ ਹੈ ਉੱਥੇ ਜੇਠ ਨੂੰ ਨਿਗੁਣੀ ਲੱਸੀ ਬਦਲੇ ਵੀ ਖਾਲ਼ੀ ਹੱਥ ਪਰਤਨਾ ਪੈਂਦਾ ਹੈ।

ਜੇਠ-ਜੇਠਾਣੀ ਸਾਂਝੇ ਪਰਿਵਾਰ ਵਿਚ ਮਜ਼ਬੂਤ ਸ਼ਾਖਾਵਾਂ ਹਨ। ਸਾਰੇ ਭਰਾ ਰਲ਼ ਕੇ ਖੇਤੀ ਵਾਹੀ ਦਾ ਕੰਮ ਕਰਦੇ ਹਨ ਅਤੇ ਇਹਨਾਂ ਦੀਆਂ ਘਰ ਵਾਲੀਆਂ ਘਰ ਵਿਚ ਰਲ਼ ਕੇ ਘਰ ਦਾ ਕੰਮ ਕਰਦੀਆਂ ਹਨ। ਪਰ ਝਗੜਾਲੂ ਦਿਉਰਾਣੀ ਜਾਂ ਜੇਠਾਣੀ ਕਰਕੇ ਇਹ ਸਾਂਝਾ ਟੁੱਟ ਜਾਂਦੀਆਂ ਹਨ। ਜੇਠ ਜੇਠਾਣੀ ਦੇ ਰਿਸ਼ਤੇ ਬਾਰੇ ਪੁਸਤਕ 'ਬਦਲ ਗਿਆ ਮੇਰਾ ਪਿੰਡ' ਵਿਚੋਂ ਮਿਲਦੇ ਹਵਾਲਿਆਂ ਨਾਲ ਪਰਮਜੀਤ ਕੌਰ ਸਰਹਿੰਦ ਅਨੁਸਾਰ:

ਜਿਉਂਦੀ ਮੈ ਮਰ ਗਈ,

ਕੱਢੀਆਂ ਜੇਠ ਨੇ ਗਾਲ਼ਾ।

ਪੌੜੀ ਵਿਚ ਅੱਧ ਮੇਰਾ,

ਅਸੀਂ ਜੇਠ ਚੜ੍ਹਨ ਨੀ ਦੇਣਾ।

ਮੈ ਤੇ ਜੇਠਾਣੀ ਅਸੀਂ ਕਦੇ ਵੀ ਨਾ ਲੜੀਆਂ

ਜੇਠ ਨੇ ਮਾਰ ਮੰਦੇ ਬੋਲ,

ਵੇ ਲਿਆ ਦੇ ਚੰਬਾ ਲਾਵਾਂ ਘੜੇ ਦੇ ਕੋਲ਼।

ਜੇਠ ਜੇਠਾਣੀ ਦੇ ਰਿਸ਼ਤੇ ਬਾਰੇ ਪਰਮਜੀਤ ਕੌਰ ਸਰਹਿੰਦ ਦਾ ਵਿਚਾਰ ਹੈ:

ਜੇਠ-ਜੇਠਾਣੀ ਵੀ ਘਰ ਵਿੱਚ ਦਬਕਾ ਰੱਖਦੇ ਹਨ ਤੇ ਉਨ੍ਹਾਂ ਦੇ ਵਰਤਾਓ ਕਾਰਨ ਮਨ ਵਿੱਚ ਰੋਹ ਭਰਿਆ ਰਹਿੰਦਾ ਹੈ। ਉਹ ਇੱਕ ਕਿਸਮ ਦੀ ਦੂਰ ਅਸੀਸ ਹੈ, ਲੋਕ ਗੀਤਾਂ ਵਿੱਚ ਫੁੱਟਦਾ ਵੰਨਗੀ ਪੇਸ਼ ਹੈ :

ਜੇਠ ਜੇਠਾਣੀ ਕੋਠਾ ਲਿਪਦੇ ਮੈਂ ਢੋਂਹਦੀ ਸੀ ਗਾਰਾ ,

ਜੇ ਮੇਰੀ ਹਾਅ ਲੱਗ ਜੇ ਸਿਖ਼ਰੋਂ ਡਿੱਗੇ ਚੁਬਾਰਾ ।

ਜੇਠ ਦੇ ਕੌੜੇ ਬੋਲਾਂ ਦੀਆਂ ਸਤਾਈਆਂ ਉਹ ਗਾਲ੍ਹਾਂ ਦਿੰਦੀਆਂ ਹਨ, ਪਰ ਅੱਗੋਂ ਪਿੱਛੋਂ ਅਤੇ ਸਿਰਫ਼ ਗੀਤਾਂ ਬੋਲੀਆਂ ਵਿੱਚ ਉਂਜ ਤਾਂ ਜੇਠ ਨੂੰ ਜੀ ਜੀ ਕਹਿੰਦੀਆਂ ਹਨ। ਇਸ ਸੰਦਰਭ ਵਿੱਚ ਗਾਲ੍ਹਾਂ ਵਰਗਾ ਲੋਕ ਕਾਵਿ ਹੈ :

ਮੈਂ ਤਾਂ ਜੇਠ ਨੂੰ ਜੀ ਜੀ ਕਹਿੰਦੀ,

ਮੈਨੂੰ ਕਹਿੰਦਾ ਫੋਟ।

ਜੇਠ ਨੂੰ ਅੱਗ ਲੱਗ ਜੇ,

ਸਣੇ ਪਜਾਮੇ ਕੋਟ। (101)

'ਪੰਜਾਬ ਦੇ ਲੋਕ ਗੀਤ' ਪੁਸਤਕ ਵਿੱਚ ਡਾ. ਐੱਮ. ਐੱਸ. ਰੰਧਾਵਾ ਨੇ ਰਿਸ਼ਤੇ ਨਾਤਿਆ ਨੂੰ ਪੇਕੇ ਅਤੇ ਸਹੁਰੇ ਘਰਾਂ ਨਾਲ ਜੋੜ ਕੇ ਉਪਰੋਕਤ ਰਿਸ਼ਤਿਆਂ ਬਾਰੇ ਚਰਚਾ ਕੀਤੀ ਹੈ। 'ਪੇਕੇ ਘਰ 'ਪਾਠ ਅਧੀਨ ਲੇਖਕ ਪੇਕੇ ਘਰ ਅਤੇ ਧੀ ਦੇ ਸਹੁਰੇ ਘਰ ਦੋਵਾਂ ਬਾਰੇ ਜ਼ਿਕਰ ਕੀਤਾ ਹੈ :

ਪੰਜਾਬੀ ਇਸਤਰੀ ਦੀਆਂ ਦੋ ਜਾਨਾਂ ਤੇ ਦੋ ਦਿਲ ਹਨ। ਇਕ ਸਹੁਰੇ ਘਰ ਵਾਸਤੇ ਤੇ ਦੂਜਾ ਪੇਕੇ ਘਰ ਵਾਸਤੇ । ਉਸ ਦਾ ਮਨ ਦੋਹਾਂ ਦੇ ਵਿਚਕਾਰ ਪਾਟਿਆ ਰਹਿੰਦਾ ਹੈ ਤੇ ਉਹ ਆਪਣਾ ਸਾਰਾ ਭਾਰ ਕਿਸੇ ਇੱਕ ਪਾਸੇ ਨਹੀਂ ਪਾ ਸਕਦੀ। ਉਹ ਦੋਹਾਂ ਦੇ ਆਸਰੇ ਜਿਊਂਦੀ ਹੈ। ਇਨ੍ਹਾਂ ਦੋਹਾਂ ਵਿਚੋਂ ਕਿਸੇ ਇਕ ਥਾਂ ਦੀ ਵੱਧ ਤੋਂ ਵੱਧ ਖ਼ੁਸ਼ੀ ਵੀ ਉਸ ਦਾ ਮਨ ਦੂਜੇ ਪਾਸੇ ਤੋਂ ਤੋੜ ਨਹੀਂ ਸਕਦੀ। (303)

ਡਾ. ਐੱਮ. ਐੱਸ . ਰੰਧਾਵਾ ਨੇ ਪੰਜਾਬ ਦੇ ਲੋਕ ਗੀਤ ਪੁਸਤਕ ਵਿੱਚ ਜਿਨ੍ਹਾਂ ਰਿਸ਼ਤਿਆਂ ਦਾ ਵਰਣਨ ਕੀਤਾ ਹੈ, ਉਨ੍ਹਾਂ ਵਿੱਚ ਭੈਣ-ਭਰਾ ਦਾ ਰਿਸ਼ਤਾ, ਮਾਂ-ਧੀ ਦਾ ਰਿਸ਼ਤਾ, ਨਨਾਣ-ਭਰਜਾਈ ਦਾ ਰਿਸ਼ਤਾ, ਮਾਂ-ਪਿਉ ਦਾ ਰਿਸ਼ਤਾ ,ਨੂੰਹ-ਸੱਸ ਦਾ ਰਿਸ਼ਤਾ, ਦਿਉਰ-ਭਰਜਾਈ ਦਾ ਰਿਸ਼ਤਾ, ਨੂੰਹ-ਸਹੁਰੇ ਦਾ ਰਿਸ਼ਤਾ, ਜੇਠ-ਭਰਜਾਈ ਦਾ ਰਿਸ਼ਤਾ, ਮਾਂ- ਪੁੱਤ ਦਾ ਰਿਸ਼ਤਾ, ਆਦਿ ਨੂੰ ਲੋਕ ਗੀਤਾਂ ਦੇ ਰਾਹੀਂ ਦਰਸਾਇਆ ਹੈ । ਭੈਣ ਭਰਾ ਦੇ ਰਿਸ਼ਤੇ ਨੂੰ ਲੇਖਕ ਨੇ ਇਸ ਤਰ੍ਹਾਂ ਪੇਸ਼ ਕੀਤਾ ਹੈ:

ਕੇਰਾਂ ਆ ਵੇ ਅੰਮੀ ਦਿਆ ਜਾਇਆ,

ਭੈਣਾਂ ਉਡੀਕਦੀਆਂ।

ਗੱਡੀ ਜੋੜ ਕੇ ਆਵੀਂ ਵੇ ਵੀਰਾ,

ਕਰੂਏ ਦੇ ਵਰਤਾਂ ਨੂੰ।

ਕਿਤੇ ਨਾਈਆਂ ਦਾ ਟੱਟੂ ਨ ਲਿਆਈਂ ,

ਬੋਤਾ ਲਿਆਈਂ ਵੀਰਨਾ। (311)

ਉੱਬਲ ਉੱਬਲ ਵਲਟੋਹੀਏ ਨੀ ਮੈਂ ਲੱਪ ਚੌਲਾਂ ਦੀ ਪਾਵਾਂ ।

ਵੀਰ ਦਿਸੇ ਜੇ ਆਂਵਦਾ ਇੱਕ ਲੱਪ ਹੋਰ ਵੀ ਪਾਵਾਂ ।

ਜੇ ਵੀਰਾ ਆਇਆ ਰੇੜ੍ਹੇ ਰੂੜ੍ਹੇ ਹੂੰਝ ਸੁਟਾਵਾ ।

ਜੇ ਵੀਰਾ ਆਇਆ ਗਲੀਆਂ ਪੱਟ ਦਰਿਆਈ ਵਿਛਾਵਾਂ।

ਜੇ ਵੀਰ ਆਇਆ ਦਰਵਾਜ਼ੇ ਉੱਥੇ ਬਾਜੇ ਵਜਾਵਾਂ ।

ਜੇ ਵੀਰ ਆਇਆ ਡਿਉੜੀ ਡਿਉੜੀ ਸ਼ੀਸ਼ੇ ਜੜਾਵਾਂ।

ਜੇ ਵੀਰ ਆਇਆ ਵਿਹੜੇ ਵਿਹੜਾ ਭਾਗੀਂ ਭਰਿਆ ।

ਜੇ ਵੀਰ ਮੰਗੇ ਵਿਛਾਉਣਾ ਲੱਠਾ ਦੁੱਧ ਵਿਛਾਵਾਂ।

ਜੇ ਵੀਰ ਮੰਗੀ ਪਾਣੀ ਬੂਰੀ ਮੱਝ ਚੁਆਵਾਂ।

ਜੇ ਵੀਰ ਮੰਗੀ ਰੋਟੀ ਗਰੀ ਛੁਹਾਰਾ ਖੁਆਵਾਂ । (313-314)

ਭੈਣ ਭਰਾ ਦਾ ਰਿਸ਼ਤਾ ਸਾਡੇ ਸੱਭਿਆਚਾਰ ਵਿੱਚ ਪਿਆਰ, ਸਾਂਝ, ਮਿਲਵਰਤਨ ਅਤੇ ਭਰਾ ਵੱਲੋਂ ਭੈਣ ਦੀ ਹਰੇਕ ਪੱਖ ਤੋਂ ਸਹਾਇਤਾ ਕਰਨ ਹਿਫ਼ਾਜ਼ਤ ਕਰਨ ਆਦਿ ਗੁਣਾਂ ਕਰਕੇ ਬੁਨਿਆਦੀ ਤੇ ਸਦੀਵੀਂ ਹੈ। ਇੱਕੋ ਮਾਂ ਬਾਪ ਦੀ ਸੰਤਾਨ ਹੋਣ ਕਰਕੇ ਇਹ ਰਿਸ਼ਤਾ ਜੀਵ ਵਿਗਿਆਨ ਅਤੇ ਸੱਭਿਆਚਾਰਕ ਦੋਵੇਂ ਆਧਾਰ ਰੱਖਣ ਕਾਰਨ ਸਥਾਈ ਤੇ ਅਟੁੱਟ ਹੈ। ਇਨ੍ਹਾਂ ਦਾ ਆਪਸੀ ਮੋਹ ਦੂਸਰੇ ਸਬੰਧਾਂ ਨਾਲੋਂ ਵਧੇਰੇ ਅਤੇ ਪਵਿੱਤਰਤਾ ਵਾਲਾ ਹੈ। ਭੈਣ ਭਰਾ ਦਾ ਰਿਸ਼ਤਾ ਸਭ ਤੋਂ ਪਵਿੱਤਰ ਪਰਿਵਾਰਕ ਰਿਸ਼ਤਾ ਹੈ। ਮੁੱਢ ਕਦੀਮ ਤੋਂ ਹੀ ਭੈਣ ਭਰਾ ਦਾ ਗੂੜ੍ਹਾ ਰਿਸ਼ਤਾ ਸਭ ਤੋਂ ਸਨੇਹ ਭਰਪੂਰ ਰਿਹਾ ਹੈ। ਇਹ ਰਿਸ਼ਤਾ ਭਾਰਤੀ ਨੈਤਿਕਤਾ ਅਨੁਸਾਰ ਢਲਿਆ ਹੋਇਆ ਹੈ। ਭੈਣ ਭਰਾ ਦੇ ਰਿਸ਼ਤੇ ਵਿੱਚ ਸਨੇਹ ਪਿਆਰ ਦੀ ਭਾਵਨਾ ਇਸ ਕਰਕੇ ਭਰੀ ਹੋਈ ਹੈ ਕਿਉਂਕਿ ਭੈਣ ਹਮੇਸ਼ਾਂ ਲੋਚਦੀ ਹੈ ਕਿ ਮਾਪਿਆਂ ਤੋਂ ਬਾਅਦ ਇਸ ਦੁਨੀਆਂ ਤੇ ਸੁੱਖ ਸਾਰ ਲੈਣ ਵਾਲੇ ਭਰਾ ਹੀ ਹੋਣਗੇ, ਇਸੇ ਕਰਕੇ ਹੀ ਸਹੁਰੇ ਘਰ ਬੈਠੀ ਭੈਣ ਆਪਣੇ ਭਰਾ ਦਾ ਮਾਣ ਮਹਿਸੂਸ ਕਰਦੀ ਹੈ। ਪਿੰਡ ਵਿੱਚ ਤੀਆਂ ਤੇ ਜਾਣ ਲਈ ਵੀ ਉਹ ਆਪਣੇ ਭਰਾ ਦਾ ਬੜੀ ਬੇਸਬਰੀ ਨਾਲ ਇੰਤਜ਼ਾਰ ਕਰਦੀ ਹੈ। ਭੈਣ-ਭਰਾ ਦੇ ਰਿਸ਼ਤੇ ਦੀ ਮਜ਼ਬੂਤ ਕੜੀ ਉਸ ਵੇਲੇ ਪਤਾ ਚਲਦਾ ਹੈ ਤੀਆਂ ਦੇ ਦਿਨਾਂ ਵਿਚ ਭੈਣਾਂ ਨਿੱਤ ਆਪਣੇ ਪੇਕੇ ਘਰ ਦੇ ਰਾਹ ਦੇਖਦੀਆਂ ਔਸੀਆਂ ਪਾਉਦੀਆਂ ਕਾਗ ਉਡਾਉਂਦੀਆਂ ਹਨ ਅਤੇ ਭਰਾਵਾਂ ਦੀ ਬੇਸਬਰੀ ਨਾਲ ਉਡੀਕ ਕਰਦੀਆ ਹਨ। ਜਦੋਂ ਫਿਰ ਵੀਰ ਭੈਣ ਨੂੰ ਲੈਣ

ਲਈ ਪਹੁੰਚ ਜਾਂਦਾ ਹੈ ਤਾਂ ਉਸ ਦੀ ਖੁਸ਼ੀ ਦੀ ਕੋਈ ਹੱਦ ਨਹੀਂ ਰਹਿੰਦੀ। ਇਸ ਬਾਰੇ ਮੇਰਾ ਪਿੰਡ ਪੁਸਤਕ ਵਿਚੋਂ ਗਿਆਨੀ ਗੁਰਦਿੱਤ ਸਿੰਘ ਦਾ ਵਿਚਾਰ ਹੈ:

> ਵੀਰ ਦਾ ਬੋਤਾ ਪੁੱਜਣ ਤੇ ਭੈਣ ਦੀ ਚਾਲ ਬਦਲ ਜਾਂਦੀ ਹੈ, ਗੌਰਵ ਵੱਧ ਜਾਂਦਾ ਹੈ। ਠਰੰਮਾ ਤੇ ਤਾਣ ਆ ਜਾਂਦਾ ਹੈ। 'ਜਿਨਹਾਂ ਦੇ ਹੁੰਦੇ ਨੇ ਭਾਈ ਵੇਲੇ ਸਿਰ ਆ ਹੀ ਜਾਂਦੇ ਨੇ।' ਸੱਧਰਾਂ ਨਾਲ ਭਰਿਆ ਮਨ ਭਾਵ-ਭਿੰਨੇ ਗੀਤਾਂ ਦੀਆਂ ਧੁਨਾਂ ਰਾਹੀਂ ਰਸੀਲੇ ਢੰਗ ਨਾਲ ਹੌਲਾ ਕੀਤਾ ਜਾਂਦਾ ਹੈ : 'ਬੋਤਾ ਬੰਨ੍ਹ ਦੇਹ ਸਰਵਣਾਂ ਵੀਰਾ, ਮੁੰਨੀਆਂ ਰੰਗੀਨ ਗੱਡੀਆਂ। (210)

ਰਿਸ਼ਤੇ ਨਾਤਿਆਂ ਦੀ ਇਸੇ ਲੜੀ ਵਿਚ ਇਕ ਹੋਰ ਰਿਸ਼ਤਾ ਨੂੰਹ ਸੱਸ ਦਾ ਹੈ। ਜੇ ਘਰਵਾਲਾ ਸਿਆਣਾ ਅਤੇ ਸੁਘੜ ਹੋਵੇ ਸੱਸ ਭਲੀ, ਹੋਵੇ ਤਾਂ ਘਰ ਵਿੱਚ ਖ਼ੁਸ਼ੀਆਂ ਖੇੜੇ ਉਪਜੇ ਰਹਿੰਦੇ ਹਨ। ਪਰ ਜੇਕਰ ਇਸ ਦੇ ਉਲਟ ਇਸ ਰਿਸ਼ਤੇ ਵਿੱਚ ਕਿਤੇ ਤ੍ਰੇੜ ਆ ਜਾਵੇ, ਤਾਂ ਨੂੰਹ ਸੱਸ ਦਾ ਰਿਸ਼ਤਾ ਤਕਰਾਰ ਵਾਲਾ ਹੋ ਜਾਂਦਾ ਹੈ। ਨੂੰਹ ਲਈ ਸਹੁਰੇ ਘਰ ਵਿੱਚ ਵਕਤ ਕੱਢਣਾ ਔਖਾ ਹੋ ਜਾਂਦਾ ਹੈ ਸਹੁਰੇ ਘਰ ਉਸ ਨੂੰ ਨਰਕ ਵਾਂਗ ਮਹਿਸੂਸ ਹੁੰਦਾ ਹੈ ਜਿਸ ਵਿੱਚੋਂ ਨਿਕਲਣਾ ਉਸ ਲਈ ਬਹੁਤ ਹੀ ਔਖਾ ਹੋ ਜਾਂਦਾ ਹੈ । ਆਮ ਕਰਕੇ ਨੂੰਹ ਸੱਸ ਦਾ ਇਤਫਾਕ ਬਹੁਤੀ ਦੇਰ ਤੱਕ ਨਹੀਂ ਚਲਦਾ। ਸੱਸ ਘਰ ਵਿਚ ਆਪਣੀ ਸਰਦਾਰੀ ਰੱਖਦੀ ਹੈ, ਏਸੇ ਕਰਕੇ ਉਹ ਨੂੰਹ ਨੂੰ ਵੀ ਆਪਣੇ ਅਧੀਨ ਰੱਖਣਾ ਚਾਹੁੰਦੀ ਹੈ।

ਨੂੰਹ ਸੱਸ ਦੇ ਰਿਸ਼ਤੇ ਵਿਚ ਝਗੜੇ ਦਾ ਕਾਰਨ ਇਹ ਵੀ ਮੰਨਿਆ ਜਾਂਦਾ ਹੈ ਕਿ ਸੱਸ ਆਪਣੇ ਪੁੱਤਰ ਨੂੰ ਸਾਰੀ ਉਮਰ ਚਾਅ ਨਾਲ ਪਾਲਦੀ ਤੇ ਵੱਡਾ ਕਰਦੀ ਹੈ। ਇਸ ਕਰਕੇ ਉਹ ਆਪਣੇ ਪੁੱਤਰ ਤੇ ਬਹੁਤ ਜਿਆਦਾ ਹੱਕ ਮਹਿਸੂਸ ਕਰਦੀ ਹੈ। ਪਰ ਵਿਆਹ ਹੋਣ ਉਪਰੰਤ ਪਤਨੀ ਦੀ ਵੀ ਇਹੋ ਮਨਸਾ ਹੁੰਦੀ ਹੈ ਕਿ ਉਸ ਦਾ ਪਤੀ ਉਸ ਕੋਲ਼ ਰਹੇ ਉਸ ਦਾ ਕਹਿਣਾ ਮੰਨੇ, ਇੱਥੋਂ ਤੱਕ ਕਿ ਖੱਟੀ ਕਮਾਈ ਦਾ ਹਿਸਾਬ ਕਿਤਾਬ ਵੀ ਉਸ ਦੇ ਹੱਥ ਹੋਵੇ, ਜਿਹੜਾ ਕਿ ਸੱਸ ਨੂੰ ਮਨੰਜ਼ੂਰ ਨਹੀਂ। ਇਸ ਕਰਕੇ ਸੱਸ ਨੂੰਹ ਨੂੰ ਬਹੁਤ ਬੰਦਸ਼ਾਂ ਲਾਉਦੀਂ ਹੈ, ਗਾਲਾਂ ਕੱਢਦੀ ਹੈ, ਉਸ ਨੂੰ ਹਾਰ ਸ਼ਿੰਗਾਰ ਕਰਨ ਤੋਂ ਰੋਕਦੀ ਹੈ। ਉਸ ਦੇ ਪੇਕੇ ਬੈਠੇ ਭਰਾਵਾਂ ਨੂੰ ਵੀ ਮੰਦਾ

ਬੋਲਦੀ ਹੈ। ਇਸ ਪ੍ਰਕਾਰ ਦੀਆਂ ਬੇਸ਼ੁਮਾਰ ਦਲੀਲਾਂ ਪੰਜਾਬੀ ਲੋਕ ਗੀਤਾਂ ਵਿਚ ਮਿਲਦੀਆਂ ਹਨ। 'ਪੰਜਾਬ ਦੇ ਲੋਕ ਗੀਤ' ਪੁਸਤਕ ਵਿਚੋਂ ਡਾ.ਐੱਮ.ਐੱਸ. ਰੰਧਾਵਾ ਦੁਆਰਾ ਇਕੱਤਰ ਕੀਤੇ ਗੀਤਾਂ ਅਨੁਸਾਰ:

ਸੁਣ ਨੀ ਸੱਸੇ ਐਤਵਾਰੀਏ

ਵਾਰ ਵਾਰ ਸਮਝਾਵਾਂ।

ਜਿਹੜਾ ਤੇਰਾ ਲੀਰ ਪਰਾਂਦਾ

ਸਣੇ ਸੰਧੂਰ ਅੱਗ ਲਾਵਾਂ ।

ਜਿਹੜੀ ਤੇਰੀ ਸੇਰ ਪੰਜੀਰੀ

ਵਿਹੜੇ ਵਿਚ ਖਿੰਡਾਵਾਂ।

ਗਾਲ੍ਹ ਭਰਾਵਾਂ ਦੀ

ਮੈਂ ਨ ਮੁੜ ਮੁੜ ਖਾਵਾਂ। (238-239)

ਨੂੰਹ ਨੂੰ ਨਿੱਕੀ ਨਿੱਕੀ ਗੱਲ ਤੇ ਤਾੜਨਾ ਕੀਤੀ ਜਾਂਦੀ ਹੈ। ਘਰ ਵਿਚ ਆਏ ਕਿਹੜੇ ਵਿਅਕਤੀ ਨੂੰ ਬੁਲਾਉਣਾ ਹੈ ਅਤੇ ਕਿਹੜੇ ਨੂੰ ਨਹੀਂ, ਸ਼ਰੀਕੇ ਭਾਈਚਾਰੇ ਵਿਚ ਕਿਸ ਨਾਲ ਸਾਂਝ ਰੱਖਣੀ ਹੈ ਇਸ ਬਾਰੇ ਨੂੰਹ ਨੂੰ ਬਾਰੀਕੀ ਨਾਲ ਦੱਸਿਆ ਜਾਂਦਾ ਹੈ। ਸਿਆਣੀਆਂ ਅਤੇ ਸੂਝਵਾਨ ਨੂੰਹਾ ਹੌਲ਼ੀ-ਹੌਲ਼ੀ ਇਹ ਗੱਲਾਂ ਗ੍ਰਹਿਣ ਕਰ ਲੈਂਦੀਆਂ ਹਨ, ਪਰ ਲਈ ਝਗੜਾਲੂ ਨੂੰਹਾਂ ਘਰ ਗ੍ਰਹਿਸਤੀ ਸਿੱਖਣ ਦੀ ਬਜਾਏ ਆਪਣਾ ਦਬਦਬਾ ਬਣਾਉਦੀਆਂ ਹਨ ਅਜਿਹੀ ਸਥਿਤੀ ਵਿਚ ਦੋਹਾਂ ਵਿਚ ਤਕਰਾਰ ਹੋ ਜਾਂਦਾ ਹੈ। ਇਸ ਤਕਰਾਰ ਦੀਆਂ ਦਲੀਲਾਂ ਪੰਜਾਬੀ ਲੋਕ ਗੀਤਾਂ ਵਿਚ ਥਾਂ ਥਾਂ ਮਿਲਦੀਆਂ ਹਨ। ਪੁਸਤਕ 'ਪੰਜਾਬਣਾਂ ਦੇ ਲੋਕ ਗੀਤ' ਵਿਚੋਂ ਪਰਮਜੀਤ ਕੌਰ ਸਰਹਿੰਦ ਦੇ ਹਵਾਲੇ ਅਨੁਸਾਰ:

ਸੱਸੇ ਨੀ ਤੂੰ ਲੜਿਆ ਨਾ ਕਰ।

ਐਵੇਂ ਨਾ ਤੂੰ ਸੜਿਆ ਨਾ ਕਰ।

ਬਹੁਤੀ ਔਖੇ ਏ ਸਾਨੂੰ ਅੱਡ ਕਰ ਦੇ।

ਸਾਡੇ ਬਾਪ ਦਾ ਜਵਾਈ ਸਾਡੇ ਵੱਲ ਕਰ ਦੇ।

(230)

ਅਧਿਐਨ ਅਧੀਨ ਪੁਸਤਕ 'ਪੰਜਾਬ ਦੇ ਲੋਕ ਗੀਤ' ਵਿੱਚ ਇਸ ਰਿਸ਼ਤੇ ਦੀ ਥਾਂ-ਥਾਂ ਤੇ ਚਰਚਾ ਹੋਈ ਮਿਲਦੀ ਹੈ, ਡਾ.ਐੱਮ.ਐੱਸ. ਰੰਧਾਵਾ ਅਨੁਸਾਰ:

ਜਿਹੜੀ ਤੇਰੀ ਮਾਂ ਵੇ ਸਾਡੀ ਸੱਸ ਵੇ

ਸਾਨੂੰ ਬਹੁਤ ਦੁਖਾਵੇ,

ਗਿੱਲੀ ਤਾਂ ਪਾਣੀ ਜਵਾਰ ਵੇ,

ਸਾਥੋਂ ਮੈਦਾ ਪਿਹਾਵੇ।

(242)

ਸੱਸ ਆਪਣੇ ਪੁੱਤਰ ਨੂੰ ਖੱਟੀ ਕਮਾਈ ਵਾਸਤੇ ਫੌਜ ਵਿਚ ਭੇਜਦੀ ਹੈ, ਹੋਰ ਕੰਮ ਲਈ ਦੂਰ-ਦੁਰਾਡੇ ਭੇਜਦੀ ਹੈ, ਪਰ ਨੂੰਹ ਨੂੰ ਇਹ ਸਭ ਕੁਝ ਪਸੰਦ ਨਹੀਂ ਕਿਉਕਿ ਉਹ ਹਰ ਵਕਤ ਆਪਣੇ ਪਤੀ ਦੇ ਕੋਲ਼ ਰਹਿਣਾ ਚਾਹੁੰਦੀ ਹੈ। ਇਸ ਕਾਰਨ ਕਰਕੇ ਇਸ ਰਿਸ਼ਤੇ ਵਿਚ ਤਕਰਾਰ ਦਾ ਕਾਰਨ ਬਣਦਾ ਹੈ।ਡਾ.ਐੱਮ. ਐੱਸ. ਰੰਧਾਵਾ ਦੁਆਰਾ ਇਕੱਤਰ ਕੀਤੇ ਲੋਕ ਗੀਤਾਂ ਅਨੁਸਾਰ :

> ਜੇ ਗੀਤਾਂ ਤੋਂ ਹਿਸਾਬ ਲਾਈਏ ਤਾਂ ਸਹੁਰੇ ਘਰ ਨੂੰ ਨਰਕ ਬਣਾਉਣ ਵਿੱਚ ਸਭ ਤੋਂ ਵਧੇਰੇ ਹਿੱਸਾ ਸੱਸ ਦਾ ਹੈ । ਉਹ ਨੂੰਹ ਨੂੰ ਗਾਲ੍ਹਾਂ ਕੱਢਦੀ ਹੈ, ਸਭ ਤੋਂ ਚੁਭਵੀਆਂ ਭਰਾਵਾਂ ਦੀਆਂ ਹੁੰਦੀਆਂ ਹਨ। ਤਾਅਨੇ ਮਿਹਣੇ ਦਿੰਦੀ ਹੈ ਤੇ ਬੋਲ ਮਾਰਦੀ ਹੈ। ਗਹਿਣੇ ਕੱਪੜੇ ਪਾਉਣ ਵਿੱਚ ਰੁਕਾਵਟ ਬਣਦੀ ਹੈ ਤੇ ਔਖੇ ਔਖੇ ਕੰਮ ਕਰਵਾਉਂਦੀ ਹੈ।

ਮਾਪਿਆਂ ਨੇ ਰੱਖੀ ਲਾਡਲੀ,

ਸਹੁਰੀਂ ਲਾ ਲਈ ਰੇਹ ਵੇ ।

ਐਵੇਂ ਜਨਮੁ ਗਵਾਇਆ ,

ਚੰਨਣ ਵਰਗੀ ਦੇਹ ਵੇ । (237)

ਨੂੰਹ ਵੀ ਆਪਣਾ ਬਦਲਾ ਗੀਤਾਂ ਦੇ ਰਾਹੀਂ ਸੱਸ ਕੋਲੋਂ ਲੈਂਦੀ ਹੈ। ਉਹ ਉਸ ਨੂੰ ਕੁਪੱਤੀ, ਬਘਿਆੜੀ, ਭਰਾਵਾਂ ਪਿੱਟੀ, ਬੱਕਰੀ ਆਦਿ ਕਹਿੰਦੀ ਹੈ ਤੇ ਉਸ ਦੇ ਮਰਨ ਤੇ ਪੰਜੇਬਾਂ ਪਾ ਕੇ ਪਿੱਟਣ ਦਾ ਸੁਪਨਾ ਲੈ ਕੇ ਸੁਆਦ ਲੈਂਦੀ ਹੈ।

ਵਿਸ਼ਵੀਕਰਨ ਦੇ ਦੌਰ ਤੋਂ ਪਹਿਲੇ ਦੇ ਮਿਲਦੇ ਰਿਸ਼ਤਿਆ ਦੇ ਵਿਚ ਨੂੰਹ-ਸਹੁਰੇ ਦਾ ਰਿਸ਼ਤਾ ਨੂੰਹ ਲਈ ਪਿਉ ਦੇ ਬਰਾਬਰ ਸਮਝਿਆ ਜਾਂਦਾ ਰਿਹਾ ਹੈ। ਸਹੁਰੇ ਘਰ ਵਿਚ ਨੂੰਹ ਬਣ ਕੇ ਆਈ ਲੜਕੀ ਨੂੰ ਸਹੁਰੇ ਦੇ ਅੱਗੇ ਕਈ ਬੰਦਸ਼ਾਂ ਹੁੰਦੀਆਂ ਹਨ। ਸਹੁਰਾ ਘਰ ਦਾ ਮੁਖੀ ਹੋਣ ਕਰਕੇ ਸਾਰੇ ਪਰਿਵਾਰ ਦੇ ਮੈਂਬਰ ਉਸ ਦਾ ਆਖਾ ਮੰਨਦੇ ਹਨ। ਪੁਰਾਣੇ ਸਮੇਂ ਵਿਚ ਔਰਤ ਲਈ ਪਰਦੇ ਦੀ ਪ੍ਰਥਾ ਹੋਣ ਕਰਕੇ ਨੂੰਹ ਨੂੰ ਵੀ ਘੁੰਡ ਕੱਢਣਾ ਪੈਂਦਾ, ਸਹੁਰੇ ਅੱਗੇ ਉੱਚਾ ਬੋਲਣ ਦੀ ਇਜ਼ਾਜਤ ਨਹੀਂ ਅਤੇ ਘਰ ਬੈਠੇ ਸਹੁਰੇ ਦਾ ਬੜਾ ਹੀ ਮਾਣ ਸਤਿਕਾਰ ਕੀਤਾ ਜਾਂਦਾ। ਨੂੰਹ ਸਹੁਰੇ ਦੇ ਰਿਸ਼ਤੇ ਬਾਰੇ ਪੁਸਤਕ 'ਪੰਜਾਬ ਦੀ ਲੋਕਧਾਰਾ' ਵਿਚੋਂ ਡਾ. ਵਣਜਾਰਾ ਬੇਦੀ ਦੇ ਹਵਾਲੇ ਅਨੁਸਾਰ :

> "ਜਦੋਂ ਕੋਈ ਬਜ਼ੁਰਗ ਘਰ ਵਿਚ ਪੈਰ ਪਾਉਦਾ ਹੈ, ਤਾਂ ਖੰਘੂਰਾ ਮਾਰ ਕੇ, ਬੂਹੇ ਦਾ ਭਿੱਤ ਖੜਕਾ ਕੇ ਜਾਂ ਕਿਸੇ ਹੋਰ ਢੰਗ ਨਾਲ ਅਪਣੇ ਆਉਣ ਦਾ ਸੰਕੇਤ ਕਰ ਦਿੰਦਾ ਹੈ, ਤਾਂ ਜੋ ਘਰ ਦੀਆਂ ਨੂੰਹਾਂ ਜਾਂ ਹੋਰ ਪਰਦਾ ਕਰਨ ਵਾਲੀਆ ਔਰਤਾਂ ਘੁੰਡ ਕੱਢ ਲੈਣ ਅਤੇ ਸਲੀਕੇ ਵਿਚ ਹੋ ਜਾਣ। (65)

ਨੂੰਹਾਂ ਸਹੁਰੇ ਨੂੰ ਸਤਿਕਾਰ ਪ੍ਰਦਾਨ ਕਰਨ ਲਈ ਬਹੁਤਾ ਉੱਚਾ ਨਹੀਂ ਬੋਲਦੀਆਂ। ਜੇਕਰ ਕੋਈ ਗੱਲ ਪੁੱਛਣ ਦੀ ਜ਼ਰੂਰਤ ਪਵੇ ਤਾਂ ਦੋ ਲਫਜ਼ਾ ਵਿਚ ਹੀ ਗੱਲ ਕੀਤੀ ਜਾਂਦੀ ਅਤੇ ਆਵਾਜ਼ ਵਿਚ ਉਚੇਰਾਪਨ ਨਾ ਹੁੰਦਾ।

ਸਹੁਰੇ ਘਰ ਵਿਚ ਇਕ ਹੋਰ ਰਿਸ਼ਤਾ ਨਾਤਾ ਨਨਾਣ ਭਰਜਾਈ ਦਾ ਹੈ। ਨਨਾਣ ਭਰਜਾਈ ਦੀ ਦੁੱਖ ਸੁੱਖ ਦੀ ਸਾਥਣ ਹੈ, ਬੇਸ਼ੱਕ ਕਦੀ ਕਦੀ ਸੱਸ ਦੀ ਕਹਿਣ ਤੇ ਨਣਾਨ ਭਰਜਾਈ ਨਾਲ ਸਖ਼ਤੀ ਵੀ ਕਰ ਦਿੰਦੀ ਹੈ। 'ਪੰਜਾਬ ਦੇ ਲੋਕ ਗੀਤ' ਪੁਸਤਕ ਵਿੱਚ ਡਾ.ਐੱਮ. ਐੱਸ. ਰੰਧਾਵਾ ਦਾ ਵਿਚਾਰ ਹੈ:

> ਸਹੁਰੇ ਘਰ ਵਿੱਚ ਤੀਸਰਾ ਪਾਤਰ ਨਣਾਨ ਹੈ। ਕੁਆਰੀ ਨਨਾਣ ਭਾਬੀ ਦੀ ਬੜੀ ਮਿੱਠੀ ਸਾਥਣ ਹੈ। ਕੇਵਲ ਕਦੀ ਕਦੀ ਉਹ ਵਹੁਟੀ ਗੱਭਰੂ ਦੇ ਪਿਆਰ ਪ੍ਰਗਟਾਵੇ ਵਿੱਚ ਰੁਕਾਵਟ ਬਣਦੀ ਹੈ। ਵਿਆਹੀ ਹੋਈ ਨਣਾਨ ਭਰਜਾਈ ਤੋਂ ਕੁਝ ਲੈਣ ਦੇ ਹੱਕਦਾਰ ਹੁੰਦੀ ਹੈ, ਭਤੀਜਾ ਜੰਮੇ ਤੇ ਉਸ ਤਰ੍ਹਾਂ ਵੀ। ਪਰ ਇਹ ਗੱਲ ਰਿਵਾਜੀ ਹੋਣ ਕਰ ਕੇ ਭਾਬੀ ਨੂੰ ਬਹੁਤੀ ਚੁਭਦੀ ਨਹੀਂ ਉਂਜ ਵੀ ਗੀਤਾਂ ਵਿਚ ਨਣਾਨ ਕੋਈ ਬਹੁਤੀ ਘਿਰਣਾ ਦੇ ਪਾਤਰ ਨਹੀਂ ਬਣੀ, ਜੇ ਉਹ ਲੜਨ ਝਗੜਨ ਜਾਂ ਹੁਕਮ ਚਲਾਉਣ ਵਾਲੀ ਹੋਵੇ ਤਾਂ ਉਸ ਦਾ ਵਿਆਹ ਕਰਕੇ ਉਸ ਤੋਂ ਛੇਤੀ ਹੀ ਖਲਾਸੀ ਕਰਵਾਈ ਜਾ ਸਕਦੀ ਹੈ। (238)

ਭੈਣ ਦੀ ਹਮੇਸ਼ਾ ਹੀ ਲਾਲਸਾ ਹੁੰਦੀ ਹੈ ਕਿ ਉਸ ਦੇ ਭਰਾ ਦਾ ਵਿਆਹ ਹੋ ਜਾਵੇ ਅਤੇ ਉਸ ਦੀ ਚੰਨ ਨਾਲੋਂ ਸੋਹਣੀ ਵਹੁਟੀ ਹੋਵੇ ਜਿਸ ਨੂੰ ਉਹ ਭਾਬੀ ਭਾਬੀ ਕਹਿੰਦੀ ਨਾ ਥੱਕੇ। ਵਿਆਹੀ ਹੋਈ ਭੈਣ ਦੀ ਵੀ ਲਾਲਸਾ ਹੁੰਦੀ ਹੈ ਕਿ ਪੇਕੇ ਘਰ ਦੀ ਫੁਲਵਾੜੀ ਵਧੇ ਫੁਲੇ, ਇਸ ਲਈ ਉਹ ਵੀ ਭਰਾ ਦੇ ਵਿਆਹ ਦੀ ਕਾਮਨਾ ਕਰਦੀ ਹੈ। ਪਰ ਜਦੋਂ ਵਿਆਹ ਹੋਣ ਉਪੰਰਤ ਭਰਾ ਆਪਣੀ ਵਹੁਟੀ ਦੀ ਤਰਫਦਾਰੀ ਕਰਦਾ ਹੈ ਤਾਂ ਭੈਣ-ਭਰਾ ਦਾ ਨੇੜਲਾ ਰਿਸ਼ਤਾ ਕੁੜੱਤਣ ਮਾਰਨ ਲੱਗ ਜਾਂਦਾ ਹੈ। ਸੱਸ ਦੇ ਆਖਣ ਤੇ ਨਣਦ ਭਰਜਾਈ ਪ੍ਰਤੀ ਵਤੀਰਾ ਕੁਝ ਤੰਗ ਹੀ ਰੱਖਦੀ ਹੈ। ਕਈ ਵੱਡੀਆਂ ਭਰਜਾਈਆਂ ਛੋਟੀਆਂ ਨਣਦਾਂ ਦਾ ਬੜਾ ਖਿਆਲ ਵੀ ਰੱਖਦੀਆਂ ਹਨ। ਘਰ ਦਾ ਹਰ ਕੰਮ ਕਾਜ ਬੜੀ ਹੀ ਸਿਫਤ ਸਲਾਹ ਨਾਲ ਕਰਦੀਆਂ ਹਨ। ਨਣਦਾ ਵੀ ਵੱਡੀਆਂ ਭਰਜਾਈਆਂ ਨੂੰ ਮਾਂ ਭੈਣ ਬਰਾਬਰ ਸਮਝਦੀਆਂ ਹਨ। ਪੁਸਤਕ 'ਪੰਜਾਬ ਦੇ ਲੋਕ ਗੀਤ' ਵਿਚੋਂ ਡਾ, ਮਹਿੰਦਰ ਸਿੰਘ ਰੰਧਾਵਾ ਅਨੁਸਾਰ :

ਸਹੁਰੇ ਘਰ ਵਿਚ ਤੀਸਰਾ ਪਾਤਰ ਨਣਾਨ ਹੈ, ਕਵਾਰੀ ਨਣਾਨ ਭਾਬੀ ਦੀ ਬੜੀ ਮਿੱਠੀ ਸਾਥਣ ਹੈ, ਕੇਵਲ ਕਦੀ ਕਦੀ ਉਹ ਵਹੁਟੀ ਗੱਭਰੂ ਦੇ ਪਿਆਰ ਦੇ ਰੁਕਾਵਟ ਬਣਦੀ ਹੈ। (238)

ਏਸੇ ਹੀ ਪੁਸਤਕ ਵਿਚ ਅੰਕਿਤ ਲੋਕ ਗੀਤ ਨਣਦ ਭਰਜਾਈ ਦੇ ਪਿਆਰ ਨੂੰ ਦਰਸਾਉਂਦੇ ਹਨ।

ਨਣਦ ਤੇ ਭਾਬੋ ਰਲ਼ ਬੈਠੀਆਂ
ਤੇ ਕੀਤੇ ਕੌਲ ਕਰਾਰ।
ਜੇ ਘਰ ਜੰਮੇਗਾਂ ਗੀਗੜਾ ਨੀ ਬੀਬੀ
ਦੇਵਾਂਗੀ ਫੁਲ ਝੜੀਆਂ।
ਅੱਧੀ ਅੱਧੀ ਰਾਤੀਂ ਤੇ ਪਿਛਲਾ ਈ ਪਹਿਰਾ,
ਮੇਰੀ ਭਾਬੋ ਨੇ ਗੀਗੜਾ ਜੰਮਿਆ।
ਲੈ ਨੀ ਭਾਬੋ, ਦੇ ਫੁਲ ਝੜੀਆਂ,
ਅੜੀਏ ਪੂਰਾ ਤੇ ਹੋਇਆ ਇਕਰਾਰ।
(268)

ਵਿਆਹੀ ਹੋਈ ਨਣਦ ਪੇਕੇ ਘਰ ਗੇੜਾ ਮਾਰਨ ਆਈ ਹੋਣ ਤੇ ਭਰਜਾਈ ਨਾਲ ਨੋਕ ਝੋਕ ਹੋਣ ਤੇ ਬੜੀ ਹੀ ਹਲੀਮੀ ਨਾਲ ਜਬਾਬ ਦਿੰਦੀਆਂ ਹਨ। ਇਸ ਤਰ੍ਹਾਂ ਦੀਆਂ ਉਦਾਹਰਣਾਂ ਪੰਜਾਬੀ ਲੋਕ ਗੀਤਾਂ ਵਿਚ ਮਿਲਦੀਆਂ ਹਨ। ਇਸ ਹਵਾਲੇ ਲਈ ਪਰਮਜੀਤ ਕੌਰ ਸਰਹਿੰਦ ਦੀ ਪੁਸਤਕ 'ਪੰਜਾਬਣਾਂ ਦੇ ਲੋਕ ਗੀਤ' ਅਨੁਸਾਰ :

ਭਾਬੋ ਮੰਦੜੇ ਬੋਲ ਨਾ ਬੋਲ ਅਸੀਂ ਤੇਰੇ ਕਦੋਂ ਆਵਾਂਗੇ।
ਵੀਰਨ ਰਾਜੇ ਦੇ ਦੇਸ ਕਦੇ ਕਦੇ ਫੇਰਾ ਪਾਵਾਂਗੇ।
ਭਾਬੋ ਮੰਦੜੇ ਬੋਲ ਨਾ ਬੋਲ ਅਸੀਂ ਤੇਰੇ ਕਦੋਂ ਆਵਾਂਗੇ।
ਬਾਬਲ ਰਾਜੇ ਦੇ ਦੇਸ ਕਦੇ ਕਦੇ ਫੇਰਾ ਪਾਵਾਂਗੇ।

ਭਾਬੋ ਮੰਦੜੇ ਬੋਲ ਨਾ ਬੋਲ ਅਸੀਂ ਤੇਰੇ ਕਦੋਂ ਆਵਾਂਗੇ।

ਬਾਬੇ ਰਾਜੇ ਦੇ ਦੇਸ ਕਦੇ ਕਦੇ ਫੇਰਾ ਪਾਵਾਂਗੇ।

ਭਾਬੋ ਮੰਦੜੇ ਬੋਲ ਨਾ ਬੋਲ ਅਸੀਂ ਤੇਰੇ ਕਦੋਂ ਆਵਾਂਗੇ।

ਤਾਏ ਰਾਜੇ ਦੇ ਦੇਸ ਕਦੇ ਕਦੇ ਫੇਰਾ ਪਾਵਾਂਗੇ।

ਭਾਬੋ ਮੰਦੜੇ ਬੋਲ ਨਾ ਬੋਲ ਅਸੀਂ ਤੇਰੇ ਕਦੋਂ ਆਵਾਂਗੇ।

ਚਾਚੇ ਰਾਜੇ ਦੇ ਦੇਸ ਕਦੇ ਕਦੇ ਫੇਰਾ ਪਾਵਾਂਗੇ।

ਭਾਬੋ ਮੰਦੜੇ ਬੋਲ ਨਾ ਬੋਲ ਅਸੀਂ ਤੇਰੇ ਕਦੋਂ ਆਵਾਂਗੇ।

ਭਤੀਜੇ ਰਾਜੇ ਦੇ ਦੇਸ ਕਦੇ ਕਦੇ ਫੇਰਾ ਪਾਵਾਂਗੇ। (154)

ਭੈਣ ਦੀ ਹਮੇਸ਼ਾ ਇਹੋ ਹੀ ਮਨਸਾ ਹੁੰਦੀ ਹੈ ਕਿ ਉਸ ਦੇ ਵੀਰ ਦੀ ਵਹੁਟੀ ਚੰਨ ਵਰਗੀ ਹੋਵੇ, ਜਿਸ ਨੂੰ ਉਹ ਭਾਬੀ ਭਾਬੀ ਕਹਿੰਦੀ ਨਾ ਥੱਕੇ । ਵੀਰ ਘਰ ਪੁੱਤਰ ਹੋਣ ਤੇ ਭੈਣ ਦਾ ਸੀਨਾ ਚੌੜਾ ਹੋ ਜਾਂਦਾ ਹੈ। ਡਾ. ਮਹਿੰਦਰ ਸਿੰਘ ਰੰਧਾਵਾ ਦੀ ਪੁਸਤਕ 'ਪੰਜਾਬ ਦੇ ਲੋਕ ਗੀਤ' ਦੇ ਹਵਾਲੇ ਅਨੁਸਾਰ:

> ਵਿਆਹੀ ਹੋਈ ਨਨਾਣ ਭਰਜਾਈ ਤੋਂ ਕੁਝ ਲੈਣ ਦੀ ਹੱਕਦਾਰ ਹੁੰਦੀ ਹੈ, ਭਤੀਜਾ ਜੰਮੇ ਤੇ ਅਤੇ ਉਸ ਤਰ੍ਹਾਂ ਵੀ। ਪਰ ਇਹ ਗੱਲ ਰਿਵਾਜੀ ਹੋਣ ਕਰਕੇ ਭਾਬੀ ਨੂੰ ਬਹੁਤੀ ਚੁੱਭਦੀ ਨਹੀਂ। ਉਂਝ ਵੀ ਗੀਤਾਂ ਵਿਚ ਨਨਾਣ ਕੋਈ ਬਹੁਤੀ ਘ੍ਰਿਣਾ ਦਾ ਪਾਤਰ ਨਹੀਂ ਬਣੀ ਜੋ ਉਹ ਲੜਨ ਝਗੜਨ ਜਾਂ ਹੁਕਮ ਚਲਾਉਣ ਵਾਲੀ ਹੋਵੇ। (238)

ਪਰ ਬਹੁਤਾ ਕਰਕੇ ਇਹ ਰਿਸ਼ਤਾ ਤਕਰਾਰ ਭਰਿਆ ਹੈ। ਏਸੇ ਕਰਕੇ ਇਹਨਾਂ ਦੋਹਾਂ ਦੀ ਆਪਸ ਵਿਚ ਘੱਟ ਬਣਦੀ ਹੈ।

ਖ਼ੂਨ ਦੇ ਰਿਸ਼ਤਿਆਂ ਵਿਚ ਭਰਾ ਭਰਾ ਦਾ ਰਿਸ਼ਤਾ ਬੜਾ ਨਿੱਘ ਪਿਆਰ ਅਤੇ ਮਾਣ ਵਾਲਾ ਰਿਸ਼ਤਾ ਹੈ। ਸਾਂਝੇ ਪਰਿਵਾਰਾਂ ਵਿੱਚ ਰਹਿੰਦਿਆਂ ਭਰਾਵਾਂ ਦਾ ਬੜਾ ਇਤਫ਼ਾਕ ਹੁੰਦਾ ਹੈ। ਭਰਾ ਭਰਾਵਾਂ ਦੀਆਂ ਬਾਹਵਾਂ ਸਮਝੇ ਜਾਂਦੇ ਹਨ ਜਦ ਵੀ ਕਿਤੇ ਕਿਸੇ ਤੇ ਭੀੜ ਜਾਂ ਮੁਸ਼ਕਲ ਆਉਂਦੀ ਹੈ ਤਾਂ ਭਰਾ ਕੰਧ ਬਣ ਕੇ ਸਾਹਮਣੇ ਖੜ੍ਹ ਜਾਂਦੇ ਹਨ। ਹਰ ਦੁੱਖ ਸੁੱਖ ਦੀ ਘੜੀ ਵਿੱਚ ਇੱਕ ਦੂਜੇ ਦਾ ਸਾਥ ਦਿੰਦੇ ਹਨ ਪੰਜਾਬ ਖੇਤੀਬਾੜੀ ਪ੍ਰਧਾਨ ਸੂਬਾ ਹੋਣ

ਕਰਕੇ ਸਾਂਝੇ ਪਰਿਵਾਰਾਂ ਵਿੱਚ ਸਾਰੇ ਭਰਾ ਰਲ ਕੇ ਖੇਤੀ ਕਰਦੇ ਰਹੇ ਹਨ। ਪਹਿਲੇ ਸਮਿਆਂ ਵਿਚ ਭਰਾ-ਭਰਾ ਦਾ ਬੜਾ ਧਿਆਨ ਰੱਖਦੇ ਸਨ, ਵੱਡੇ ਭਰਾ ਦੀ ਔਲਾਦ ਨੂੰ ਆਪਣੀ ਔਲਾਦ ਸਮਝਿਆ ਜਾਂਦਾ ਸੀ। ਇੱਥੋਂ ਤੱਕ ਕਿ ਉਹਨਾਂ ਦੇ ਵਿਆਹ ਮੁਕਲਾਵੇ ਵੀ ਆਪਣੀ ਔਲਾਦ ਤੋਂ ਵੱਧ ਅਗਾਂਹ ਹੋ ਕੇ ਕੀਤੇ ਜਾਂਦੇ ਸਨ। ਭਰਾਵਾਂ ਵਿਚ ਲਾਲਚ ਨਹੀਂ ਸੀ ਹੁੰਦੀ, ਬੇਸ਼ੱਕ ਵਿਆਹ ਤੋਂ ਬਾਅਦ ਦਰਾਣੀਆਂ ਜੇਠਾਣੀਆਂ ਦੇ ਤਕਰਾਰ ਕਰਕੇ ਭਰਾਂ ਨੂੰ ਅੱਡੋ ਅੱਡ ਹੋਣਾ ਪੈਦਾ ਪਰ ਉਹਨਾਂ ਵਿਚ ਆਪਣੇਪਨ ਦੀ ਭਾਵਨਾ ਵਿਚ ਫਿੱਕ ਨਾ ਪੈਂਦਾ। ਪੰਜਾਬ ਦੇ ਪਿੰਡਾਂ ਵਿਚ ਲਾਣੇਦਾਰ ਪ੍ਰਥਾ ਪ੍ਰਚਲਿਤ ਰਹੀ ਹੈ ਸਾਰੇ ਰਲ ਕੇ ਕਮਾਈ ਕਰਦੇ ਘਰ ਦਾ ਮੁਖੀ ਹੀ ਸਾਰੇ ਖਰਚਿਆਂ ਤੇ ਲੈਣ ਦੇਣ ਦਾ ਹਿਸਾਬ ਕਿਤਾਬ ਰੱਖਦਾ ਸੀ। ਸਾਰੇ ਭਰਾ ਰਲ਼ ਕੇ ਖੱਟੀ ਕਮਾਈ ਕਰਦੇ ਅਤੇ ਲੋੜ ਪੈਣ ਤੇ ਘਰ ਦੇ ਮੁਖੀ ਕੋਲੋਂ ਹੀ ਖਰਚਾ ਲੈਂਦੇ ਸਨ।

ਵਿਸ਼ਵੀਕਰਨ ਦੇ ਦੌਰ ਤੋਂ ਪਹਿਲਾਂ ਦੀਆਂ ਅਧਿਐਨ ਅਧੀਨ ਪੁਸਤਕਾਂ ਦਾ ਅਧਿਐਨ ਕਰਨ ਤੇ ਪਤਾ ਚਲਦਾ ਹੈ ਕਿ ਰਿਸ਼ਤੇ-ਨਾਤਿਆਂ ਵਿਚ ਦੂਜੀ ਵੱਡੀ ਧਿਰ ਨਾਨਕੇ ਪੱਖ ਦੀ ਹੈ। ਨਾਨਕੇ ਪਰਿਵਾਰ ਨਾਲ ਰਿਸ਼ਤੇਦਾਰੀਆਂ ਦਾ ਆਗਾਜ਼ ਇੱਕ ਵਿਆਂਹਦੜ ਲੜਕੀ ਦੇ ਮਾਂ ਬਨਣ ਨਾਲ ਹੁੰਦਾ ਹੈ। ਵਿਆਹ ਹੋਣ ਉਪਰੰਤ ਜਿੱਥੇ ਪੇਕੇ ਘਰ ਵਿਚ ਰਿਸ਼ਤੇਦਾਰੀ ਦੀਆਂ ਗੰਢਾਂ ਪੱਕੀਆਂ ਹੋ ਜਾਂਦੀਆਂ ਹਨ, ਉੱਥੇ ਲੜਕੀ ਦੇ ਪੇਕੇ ਘਰ ਨਾਲ ਨਵ ਜੰਮੇ ਬੱਚੇ ਦੇ ਆਉਣ ਨਾਲ ਨਵੀਆਂ ਰਿਸ਼ਤੇਦਾਰੀਆਂ ਪੈਦਾ ਹੁੰਦੀਆਂ ਹਨ। ਜਿਸ ਨਾਲ ਨਾਨਕੇ ਘਰ ਦੀ ਮਹੱਤਤਾ ਵੱਧ ਜਾਂਦੀ ਹੈ। ਬੱਚੇ ਦੇ ਸੁਰਤ ਸੰਭਾਲਣ ਤੇ ਨਾਨਕੇ ਪਰਿਵਾਰ ਨਾਲ ਮੋਹ ਦੀਆਂ ਤੰਦਾਂ ਪੱਕੀਆਂ ਹੋਣ ਲੱਗ ਜਾਂਦੀਆਂ ਹਨ। ਬੱਚੇ ਨੂੰ ਹੋਰ ਰਿਸ਼ਤੇਦਾਰੀਆਂ ਨਾਲੋਂ ਨਾਨਕੇ ਘਰ ਨਾਲ ਵਧੇਰੇ ਮੋਹ ਹੁੰਦਾ ਹੈ। ਨਾਨਕੇ ਪਿੰਡ ਬਾਰੇ ਡਾ. ਵਣਜਾਰਾ ਬੇਦੀ ਆਪਣੀ ਪੁਸਤਕ 'ਮੇਰਾ ਨਾਨਕਾ ਪਿੰਡ' ਵਿਚ ਇਉਂ ਬਿਆਨ ਕਰਦਾ ਹੈ:

> ਨਾਨਕੀ ਮਿੱਟੀ ਮਾਂ ਦੇ ਦੁੱਧ ਵਰਗੀ ਹੁੰਦੀ ਹੈ- ਸਵੱਛ, ਮਿੱਠੀ ਤੇ ਨਰੋਈ। ਇਸ ਮਿੱਟੀ ਵਿਚ ਖੇਡਦਿਆਂ ਇਉਂ ਜਾਪਦੈ ਜਿਵੇਂ ਕੋਈ ਛਾਤੀ ਨਾਲੋਂ ਦੁੱਧ ਚੁੰਘ ਰਿਹਾ ਹੋਵੇ। ਇਹੋ ਤਾਂ ਇੱਕ ਮਿੱਟੀ ਏ ਜਿਸ ਦੇ ਜ਼ੱਰੇ ਕਦੇ ਧੂੜ ਨਹੀਂ ਬਣਦੇ, ਸਗੋਂ ਫੈਲ ਕੇ ਤਾਰਿਆਂ ਵਾਂਗ ਜਗ-ਮਗ ਕਰਨ ਲੱਗਦੇ ਹਨ। (9)

ਨਾਨਕਾ ਪਰਿਵਾਰ ਬੱਚਿਆਂ ਲਈ ਸਦਾ ਹੀ ਖਿੱਚ ਦਾ ਕੇਂਦਰ ਰਹਿੰਦਾ ਹੈ। ਉੱਥੇ ਬੱਚਿਆਂ ਦੀਆਂ ਮਨ-ਆਈਆਂ ਪੁੱਗਦੀਆਂ ਹਨ ਤੇ ਉਹਨਾਂ ਤੋਂ ਰੋਕਾਂ, ਬੰਦਸ਼ਾਂ ਦਾ ਭਾਰ ਘੱਟ ਜਾਂਦਾ ਹੈ,ਉਂਝ ਵੀ ਨਾਨਕੇ ਘਰ 'ਚ ਮਾਂ ਦੀ ਆਂਦਰ ਦਾ ਨਿੱਘ ਹੁੰਦਾ ਹੈ। ਨਾਨਕਾ ਘਰ ਮਮਤਾਈ ਹੁੰਦਾ ਹੈ। ਨਾਨਕੇ ਘਰ ਜਾਣ ਦੀ ਤਮੰਨਾ ਤੇ ਉੱਥੇ ਜਾ ਕੇ ਖੁੱਲਾ ਤੇ ਮਨ ਮਰਜ਼ੀ ਦਾ ਖਾਣ-ਪੀਣ ਦੀ ਇੱਛਾ ਸਾਰੀ ਉਮਰ ਹੀ ਰਹਿੰਦੀ ਹੈ।

ਨਾਨਕੇ ਪੱਖ ਦਾ ਰਿਸ਼ਤਾ ਮਾਂ ਦੇ ਪੇਕੇ ਪਰਿਵਾਰ ਨਾਲ ਸਬੰਧ ਰੱਖਦਾ ਹੋਣ ਕਰਕੇ, ਰਿਸ਼ਤੇਦਾਰੀਆਂ ਵੀ ਮਾਂ ਦੇ ਪਰਿਵਾਰ ਨਾਲ ਬਣਦੀਆਂ ਹਨ। ਮਾਂ ਦਾ ਬਾਪ ਨਾਨਾ, ਮਾਂ ਦੀ ਮਾਂ ਨਾਨੀ, ਮਾਂ ਦੀ ਭੈਣ ਚਾਹੇ ਉਹ ਛੋਟੀ ਹੋਵੇ ਜਾਂ ਵੱਡੀ ਮਾਸੀ, ਮਾਂ ਦਾ ਭਰਾ ਚਾਹੇ ਛੋਟਾ ਹੋਵੇ ਜਾਂ ਵੱਡਾ ਮਾਮਾ ਅਤੇ ਉਸ ਦੀ ਪਤਨੀ ਮਾਮੀ ਬਣ ਜਾਂਦੀ ਹੈ। ਦਾਦਕੇ ਘਰ ਵਿਚ ਪਿਤਾ ਦੀ ਭੈਣ ਭੂਆ ਅਤੇ ਨਾਨਕੇ ਘਰ ਮਾਂ ਦੀ ਭੈਣ ਮਾਸੀ ਦੋਵੇਂ ਬਰਾਬਰ ਦੇ ਰਿਸਤੇ ਹਨ, ਇਸ ਕਰਕੇ ਦੋਹਾਂ ਦਾ ਨਿੱਘ ਇੱਕੋ ਜਿੰਨਾ ਹੁੰਦਾ ਹੈ। ਨਾਨਕੇ ਘਰ ਦੇ ਰਿਸ਼ਤੇ ਧੀ ਨਾਲ ਜਿੰਮੇਵਾਰੀਆਂ ਨਾਲ਼ ਭਰੇ ਹੁੰਦੇ ਹਨ। ਇਸ ਕਰਕੇ ਦੋਹਾਂ ਰਿਸ਼ਤੇਦਾਰੀਆਂ ਲਈ ਕਿਹਾ ਜਾਂਦਾ ਹੈ ਕਿ ਦਾਦਕੇ ਹੱਕ ਅਤੇ ਨਾਨਕੇ ਅਧਿਕਾਰ, ਦਾਦਕੇ ਫਰਜ਼ ਅਤੇ ਨਾਨਕੇ ਜਿੰਮੇਵਾਰੀਆਂ ਵਾਲੇ ਰਿਸ਼ਤੇ ਹਨ। ਹਰ ਰਿਸ਼ਤੇ ਦੀ ਆਪਣੀ ਵੱਖਰੀ ਤੇ ਵਿਲੱਖਣ ਪਛਾਣ ਹੈ। ਨਾਨਕਾ ਧਿਰ ਹਮੇਸ਼ਾਂ ਨਿਮਣ ਵਾਲੀ ਧਿਰ ਰਹੀ ਹੈ ਇਸ ਕਰਕੇ ਇਸ ਨੂੰ ਦੇਣ ਵਾਲ਼ੀ ਧਿਰ ਅਤੇ ਦਾਦਕਾ ਪਰਿਵਾਰ ਹਮੇਸ਼ਾਂ ਹੀ ਲੈਣ ਵਾਲੀ ਧਿਰ ਹੁੰਦੀ ਹੈ। ਨਾਨਕੇ ਆਪਣੀ ਵਿੱਤ ਤੋਂ ਬਾਹਰਾ ਜਿੰਨਾ ਮਰਜ਼ੀ ਦਾ ਖਰਚਾ ਕਰ ਲੈਣ ਪਰ ਪਾਸਾ ਦਾਦਕੇ ਪੱਖ ਦਾ ਹੀ ਭਾਰਾ ਮੰਨਿਆ ਜਾਂਦਾ ਹੈ। ਪਰ ਫਿਰ ਵੀ ਦਾਦਕੇ ਘਰ ਦੀਆਂ ਸਾਰੀਆਂ ਅਹਿਮ ਰਸਮਾਂ ਰੀਤਾਂ ਵਿਚ ਨਾਨਕੇ ਪਰਿਵਾਰ ਦੀ ਸ਼ਮੂਲੀਅਤ ਬਰਾਬਰ ਹੁੰਦੀ ਹੈ। ਨਾਨਕਿਆਂ ਦੀ ਗੈਰ ਹਾਜ਼ਰੀ ਤੋਂ ਬਿਨਾਂ ਕੋਈ ਵੀ ਕਾਰਜ ਨਹੀਂ ਕੀਤਾ ਜਾਂਦਾ। ਏਸੇ ਕਰਕੇ ਜਨਮ, ਵਿਆਹ ਅਤੇ ਮੌਤ ਵਰਗੇ ਦੁਖਦ ਵੇਲ਼ੇ ਨਾਨਕਿਆਂ ਦੀ ਹਮੇਸ਼ਾ ਉਡੀਕ ਕੀਤੀ ਜਾਂਦੀ ਹੈ। ਵਿਆਹ ਵੇਲੇ ਵਿਆਂਹਦੜ ਲਈ ਨਾਨਕੇ ਧਿਰ ਵਿਚੋਂ ਮਾਮਾ-ਮਾਮੀ ਦੇ ਰਿਸ਼ਤੇ ਨੂੰ ਪੁਸਤਕ 'ਮੇਰਾ ਪਿੰਡ' ਵਿਚ ਗਿਆਨੀ ਗੁਰਦਿੱਤ ਸਿੰਘ ਨੇ ਇਉਂ ਪੇਸ਼ ਕੀਤਾ ਹੈ :

ਮਾਮਾ ਮਾਮੀ ਭੁੱਖਣ ਭਾਣੇ ਵਾਹੋ-ਦਾਹੀ ਭੱਜੇ ਆਉਂਦੇ ਹਨ। ਉਹਨਾਂ ਨੂੰ ਫਿਕਰ ਜੁ ਹੁੰਦਾ ਹੈ ਕਿ ਵਿਆਹ ਵਾਲੇ ਘਰ ਵਿਚ ਵਰਤੀ ਅਸ਼ਾਂਤੀ, ਜਦੋਂ ਤੱਕ ਉਹ ਨਹੀਂ ਪੁੱਜਣੇ 'ਸ਼ਾਤ' ਨਹੀਂ ਹੋਵੇਗੀ। ਓਨ੍ਹਾਂ ਚਿਰ ਕਿਸੇ ਨੇ ਰੋਟੀ ਟੁੱਕ ਨੂੰ ਹੱਥ ਜੋ ਨਹੀਂ ਲਾਉਣਾ ਹੁੰਦਾ। (355)

ਵਿਆਹ ਸ਼ਾਦੀ ਵਰਗੇ ਮੌਕਿਆ ਤੇ ਮਾਮਾ-ਮਾਮੀ ਦੀ ਬਹੁਤ ਲੋੜ ਮਹਿਸੂਸ ਕੀਤੀ ਜਾਂਦੀ ਹੈ। ਮਾਮਾ ਥਾਂ-ਥਾਂ 'ਤੇ ਕੀਤੇ ਜਾਂਦੇ ਸ਼ਗਨਾ ਵਿਚ ਆਪਣਾ ਫਰਜ਼ ਨਿਭਾਉਂਦਾ ਹੈ। ਆਪਣੀ ਭੈਣ ਦੇ ਘਰ ਨੂੰ ਹੱਸਦਾ ਵਸਦਾ ਦੇਖਣ ਦੀ ਖਾਤਿਰ ਦੀ ਧਨ ਦੌਲਤ ਦੀ ਮੱਦਦ ਵੀ ਕਰਦੇ ਹਨ। ਮਾਮੇ ਦੇ ਰਿਸ਼ਤੇ ਨਾਲ ਮਾਮੀ ਵੀ ਆਪਣੇ ਭਾਣਜੇ-ਭਾਣਜੀਆਂ ਨੂੰ ਪੂਰਾ ਸਤਿਕਾਰ ਦਿੰਦੀ ਹੈ। ਪੰਜਾਬੀ ਸਭਿਆਚਾਰ ਵਿਚ ਅਜਿਹੀਆ ਬਹੁਤ ਸਾਰੀਆ ਕਥਾ ਕਹਾਣੀਆਂ ਮਿਲਦੀਆਂ ਵਿਚ ਜਿਨਹਾਂ ਵਿਚ ਮਾਮੀਆਂ ਆਪਣੇ ਭਾਣਜਿਆਂ ਨੂੰ ਆਪਣੀ ਔਲਾਦ ਵਾਂਗ ਹੀ ਪਾਲ਼ਦੀਆਂ ਹਨ, ਉਹਨਾਂ ਦੀ ਹਰ ਲੋੜ ਨੂੰ ਪੂਰਾ ਕਰਦੀਆਂ ਹਨ। ਵਿਆਹ ਵਰਗੇ ਰੰਗੀਨ ਮਾਹੌਲ ਵਿਚ ਤਾਂ ਮਾਮੀ ਦੀ ਬੜੀ ਕਦਰ ਹੁੰਦੀ ਹੈ। ਡਾ.ਮਹਿੰਦਰ ਸਿੰਘ ਰੰਧਾਵਾ, ਦੁਆਰਾ ਇਕੱਤਰ ਕੀਤੇ ਪੰਜਾਬ ਦੇ ਲੋਕ ਗੀਤਾਂ ਵਿਚ ਮਾਮੀ ਦੇ ਰਿਸ਼ਤੇ ਦੀ ਚਰਚਾ ਕੀਤੀ ਮਿਲਦੀ ਹੈ:

ਸੁਣ ਨੀ ਪਰੀਏ ਸ਼ਾਲੂ ਵਾਲੀਏ
ਤੂੰ ਮੇਲਣ ਬਣ ਕੇ ਆਈ
ਜਾਂ ਤਾਂ ਨੱਚੇ ਮਾਮੀ ਮੁੰਡੇ ਦੀ
ਜਾਂ ਨੱਚੇ ਭਰਜਾਈ
ਤੂੰ ਤਾਂ ਲੱਗੇ ਮਾਮੀ ਮੁੰਡੇ ਦੀ
ਤੇਰੀ ਛਹਿਬਰ ਦੂਣ ਸਵਾਈ
ਮੁੰਡੇ ਦੀ ਮਾਮੀ ਦੀ
ਘਰ ਘਰ ਵੰਡੋ ਵਧਾਈ। (232)

ਮਾਮਾ ਤੇ ਮਾਮੀ, ਮਾਂ ਪਿਓ ਦੀ ਤਰ੍ਹਾਂ ਸਮਾਜਿਕ ਜਿੰਮੇਵਾਰੀ ਵਾਲੇ ਰਿਸ਼ਤੇ ਹਨ। ਕਈ ਵਾਰ ਬੱਚੇ ਮਾਂ ਵਿਹੁਣੇ ਹੋ ਜਾਣ ਤਾਂ ਮਾਮੇ-ਮਾਮੀਆਂ ਕੋਲ਼ ਹੀ ਪਲਦੇ ਹਨ। ਇਹ ਉਹਨਾਂ ਨੂੰ ਪਾਲ਼ ਪੋਸ ਕੇ ਜਵਾਨ

ਕਰਕੇ ਖੁਦ ਵਿਆਹ ਸ਼ਾਦੀ ਕਰਕੇ ਮਾਣ ਮਹਿਸੂਸ ਕਰਦੇ ਹਨ। ਉਂਞ ਵਿਆਹ ਸ਼ਾਦੀ ਵਿਚ ਵੀ ਇਹ ਪਿੱਠ ਨਹੀਂ ਦਿਖਾਉਂਦੇ।

ਵਿਸ਼ਵੀਕਰਨ ਦੇ ਦੌਰ ਤੋਂ ਪਹਿਲਾਂ ਦੀਆਂ ਪੁਸਤਕਾਂ ਦਾ ਅਧਿਐਨ ਕਰਨ ਤੇ ਪਤਾ ਚਲਦਾ ਹੈ ਕਿ ਪਰਿਵਾਰਕ ਰਿਸ਼ਤੇਦਾਰੀਆਂ ਦੇ ਨਾਲ ਨਾਲ ਵਿਆਹ ਉਪਰੰਤ ਬਣਦੀਆਂ ਰਿਸ਼ਤੇਦਾਰੀਆਂ ਦਾ ਵੀ ਜ਼ਿਕਰ ਇਹਨਾਂ ਵਿਚ ਕੀਤਾ ਮਿਲਦਾ ਹੈ, ਜਿਵੇਂ ਕਿ ਕੁੜਮ-ਕੁੜਮਣੀ ਦੇ ਰਿਸ਼ਤੇ ਨਾਤੇ ਦੀਆਂ ਸਾਂਝਾਂ ਨੂੰ ਵੀ ਬਿਆਨ ਕੀਤਾ ਹੈ ਅਤੇ ਨਾਨਕੇ ਪੱਖ ਦੀਆਂ ਰਿਸ਼ਤੇਦਾਰੀਆਂ ਮਾਸੀ, ਨਾਨਾ, ਨਾਨੀ, ਮਾਮਾ, ਮਾਮੀ ਆਦਿ ਦਾ ਵੀ ਜ਼ਿਕਰ ਕੀਤਾ ਹੋਇਆ ਮਿਲਦਾ ਹੈ।

## II

ਪੰਜਾਬੀ ਸੱਭਿਆਚਾਰ ਵਿਚ ਰਿਸ਼ਤੇਦਾਰੀਆਂ ਦਾ ਗੁਲਦਸਤਾ ਬੜਾ ਹੀ ਮਨਮੋਹਣਾ ਹੈ। ਰਿਸ਼ਤੇਦਾਰੀਆਂ ਦੇ ਅਸਲ ਸਰੂਪ ਪਿੰਡਾਂ ਵਿੱਚ ਵੇਖਣ ਨੂੰ ਮਿਲਦੇ ਹਨ। ਪੇਂਡੂ ਲੋਕ ਦੂਰ ਪਾਰ ਦੀਆਂ ਰਿਸ਼ਤੇਦਾਰੀਆਂ ਵਿੱਚੋਂ ਆਉਂਦੇ ਜਾਂਦੇ ਰਹਿੰਦੇ ਹਨ ਅਤੇ ਇਹ ਸਾਂਝਾਂ ਬਣੀਆਂ ਰਹਿੰਦੀਆਂ ਹਨ।ਦਾਦਕੇ ਪੜਦਾਦਿਆਂ ਤੋਂ ਚੱਲਦੀ ਆ ਰਹੀ ਪੀੜ੍ਹੀਆਂ ਦੀ ਸਾਂਝ, ਪੀੜ੍ਹੀ ਦਰ ਪੀੜ੍ਹੀ ਅਗਾਂਹ ਤੁਰਦੀ ਰਹਿੰਦੀ ਹੈ। ਅਧਿਐਨ ਅਧੀਨ ਪੁਸਤਕ 'ਬਦਲ ਗਿਆ ਮੇਰਾ ਪਿੰਡ' ਵਿਚ ਰਿਸ਼ਤੇ ਨਾਤਿਆਂ ਬਾਰੇ ਪਰਮਜੀਤ ਕੌਰ ਸਰਹਿੰਦ ਦਾ ਵਿਚਾਰ ਹੈ:

> ਸਾਡਾ ਪੰਜਾਬੀ ਸੱਭਿਆਚਾਰ ਬੜਾ ਮਾਣਮੱਤਾ ਹੈ। ਪਿੰਡਾਂ ਵਿੱਚ ਇਸ ਦੇ ਬੜੇ ਸੁੰਦਰ ਰੂਪ ਦੇਖਣ ਵਿੱਚ ਆਉਂਦੇ ਹਨ। ਪੇਂਡੂ ਲੋਕ ਦੂਰ ਪਾਰ ਦੀਆਂ ਰਿਸ਼ਤੇਦਾਰੀਆਂ ਵਿੱਚ ਆਉਂਦੇ ਜਾਂਦੇ ਰਹਿੰਦੇ ਅਤੇ ਇਹ ਸਾਂਝਾਂ ਬਣੀਆਂ ਰਹਿੰਦੀਆਂ ਸਨ। ਦਾਦੇ ਪੜਦਾਦਿਆਂ ਤੋਂ ਚੱਲਦੀ ਆ ਰਹੀ ਪੀੜ੍ਹੀਆਂ ਦੀ ਸਾਂਝ ਜਿਸ ਨੂੰ 'ਸਕੇ' ਜਾਂ ਕਦੇ 'ਸਕੇ ਸੋਧਰੇ ' ਵੀ ਕਿਹਾ ਜਾਂਦਾ ਇਹ ਇਕ ਛੋਟਾ ਜਿਹਾ ਕਬੀਲਾ ਹੋ ਨਿੱਬੜਦੇ। ਇਸ ਲਈ ਇਸ ਨੂੰ ਸ਼ਰੀਕਾ ਕਬੀਲਾ ਵੀ ਕਿਹਾ ਜਾਂਦਾ। ਜਦੋਂ ਇਹ ਪਰਿਵਾਰ ਵਧਦੇ ਫੁੱਲਦੇ ਤਾਂ ਸ਼ਰੀਕਾ ਭਾਈਚਾਰਾ ਬਣ ਜਾਂਦੇ, ਜਿਵੇਂ ਕਿਸੇ ਰੁੱਖ ਦੀ ਕਈ ਟਾਹਣੀਆਂ ਟਾਹਣੇ ਹੁੰਦੀਆਂ ਹਨ। ਇਹ ਵੀ ਉਵੇਂ ਹੀ ਪਲਰਦੇ ਇਸ ਤੋਂ ਅੱਗੇ ਰਿਸ਼ਤੇਦਾਰੀਆਂ

> ਬਣਦੀਆਂ। ਪਰ ਵਰਣਨ ਯੋਗ ਹੈ ਸ਼ਰੀਕਾ ਭਾਈਚਾਰਾ ਆਮ ਤੌਰ ਤੇ ਇਕ ਪਿੰਡ ਵਿੱਚ ਵੱਸਦਾ ਹੈ ਜੇ ਕਿਸੇ ਕਾਰਨ ਕੋਈ ਉਹਨਾਂ ਵਿਚੋਂ ਹੋਰ ਥਾਂ ਜਾ ਵੱਸਦਾ ਤਾਂ ਵੀ ਕਿਹਾ ਜਾਂਦਾ ਕੀ ਉਹ ਸਾਡੇ ਭਾਈਚਾਰੇ ਵਿੱਚੋਂ ਹੈ, ਭਾਵ ਇਸ ਸਾਂਝ ਦੀ ਤੰਦ ਫਿਰ ਵੀ ਨਾ ਟੁੱਟਦੀ। (73)

ਅਜੋਕੇ ਸਮੇਂ ਵਿੱਚ ਪਿੰਡਾਂ ਦੀ ਨਕਸ਼ ਨੁਹਾਰ ਬਦਲ ਗਈ ਹੈ ਅਤੇ ਘਰ ਵਿਚਲੀਆਂ ਪਈਆਂ ਵਸਤੂਆਂ ਵੀ ਬਦਲ ਰਹੀਆਂ ਹਨ। ਇਸ ਪਰਿਵਰਤਨ ਦੇ ਪ੍ਰਭਾਵ ਕਾਰਨ ਜੀਵਨ ਸ਼ੈਲੀ ਵੀ ਬਦਲੀ ਹੈ। ਇਸ ਬਦਲਾਅ ਕਾਰਨ ਸਾਡੀਆਂ ਸਾਕ ਸਕੀਰੀਆਂ ਅਤੇ ਸਾਂਝਾਂ ਵੀ ਪ੍ਰਭਾਵਿਤ ਹੋਈਆਂ ਹਨ। ਦੂਰ ਨੇੜੇ ਦੇ ਰਿਸ਼ਤੇ ਨਾਤੇ ਜਾਂ ਰੰਗ ਵਟਾ ਰਹੇ ਹਨ ਜਾਂ ਇਨ੍ਹਾਂ ਵਿੱਚ ਦੂਰੀਆਂ ਪੈਦਾ ਹੋ ਰਹੀਆਂ ਹਨ। ਜਿੱਥੇ ਪਹਿਲਾਂ ਕਦੇ ਬੱਚੇ ਦਾਦੀ ਨਾਨੀ ਜਾਂ ਭੂਆ ਮਾਸੀ ਦੀ ਗੋਦ ਵਿਚ ਬਹਿ ਕੇ ਕਥਾ ਕਹਾਣੀਆਂ ਸੁਣਦੇ ਤੇ ਆਨੰਦ ਮਾਣਦੇ, ਇਹ ਹੁਣ ਅਜੋਕੇ ਸਮੇਂ ਲਈ ਬੀਤੀ ਕੱਲ੍ਹ ਦੀਆਂ ਗੱਲਾਂ ਹੋ ਗਈਆਂ ਹਨ। ਅੱਜ ਦੇ ਬੱਚਿਆਂ ਨੂੰ ਦਾਦੀ, ਨਾਨੀ ਅਤੇ ਉਨ੍ਹਾਂ ਵੱਲੋਂ ਸੁਣਾਈਆਂ ਜਾਂਦੀਆਂ ਲੋਰੀਆਂ ਬਾਰੇ ਜਾਣਕਾਰੀ ਨਹੀਂ । ਅਜੋਕੇ ਦੌਰ ਵਿੱਚ ਸ਼ਹਿਰਾਂ ਦੀ ਤਰ੍ਹਾਂ ਪਿੰਡਾਂ ਵਿੱਚ ਵੀ ਹਰ ਛੋਟੇ ਬੱਚੇ ਨੂੰ ਕਰੈੱਚ ਜਾਂ ਪਲੇਅ ਵੇ ਸਕੂਲਾਂ ਵਿੱਚ ਭੇਜਿਆ ਜਾਣ ਲੱਗ ਪਿਆ ਹੈ। ਮਹਿੰਗੇ ਮੁੱਲ ਦੀਆਂ ਪੜ੍ਹਾਈਆਂ ਬੱਚਿਆਂ ਨੂੰ ਪਰਿਵਾਰਕ ਰਿਸ਼ਤਿਆਂ ਤੋਂ ਦੂਰ ਕਰ ਰਹੀਆਂ ਹਨ। ਬੱਚਾ ਸਵੇਰ ਤੋਂ ਲੈ ਕੇ ਸ਼ਾਮ ਤੱਕ ਸਕੂਲ ਅਤੇ ਟਿਊਸ਼ਨਾਂ ਦੇ ਬੋਝ ਹੇਠ ਦੱਬਿਆ ਰਹਿੰਦਾ ਹੈ, ਜਿਸ ਕਾਰਨ ਨਾਨੀ ਅਤੇ ਦਾਦੀ ਮਾਂ ਦੀਆਂ ਕਥਾ ਕਹਾਣੀਆਂ ਸੁਣਨ ਦਾ ਉਨ੍ਹਾਂ ਕੋਲ ਵਿਹਲ ਹੀ ਨਹੀਂ ਰਿਹਾ । ਇਸ ਬਾਰੇ ਪੁਸਤਕ 'ਬਦਲ ਗਿਆ ਮੇਰਾ ਪਿੰਡ' ਦੇ ਹਵਾਲੇ ਨਾਲ ਪਰਮਜੀਤ ਕੌਰ ਸਰਹਿੰਦ ਅਨੁਸਾਰ:

> ਅੱਜ ਪਿੰਡਾਂ ਦੇ ਲੋਕ ਵੀ ਬੱਚਿਆਂ ਲਈ ਝੂਲੇ ਅਤੇ ਆਮ ਜਾਂ ਬੈਟਰੀ ਵਾਲੇ ਸਾਈਕਲ ਘਰਾਂ ਵਿੱਚ ਰੱਖਦੇ ਹਨ । ਇੱਕ ਜ਼ਮਾਨਾ ਸੀ, ਮੰਜੇ ਦੀ ਬਾਹੀ ਨਾਲ ਕੋਈ ਕੱਪੜਾ ਦੋਵੇਂ ਪਾਸਿਆਂ ਤੋਂ ਬੰਨ੍ਹ ਦਿੱਤਾ ਜਾਂਦਾ ਅਤੇ ਬੱਚੇ ਨੂੰ ਉਸ ਵਿੱਚ ਪਾ ਦਿੱਤਾ ਜਾਂਦਾ। ਕੋਲੋਂ ਲੰਘਦੀ ਘਰਦੀ ਕੋਈ ਸੁਆਣੀ ਉਸ ਨੂੰ ਜ਼ਰਾ ਕੁ ਹਿਲਾ ਜਾਂਦੀ ਅਤੇ ਬੱਚਾ ਸੌਂ ਜਾਂਦਾ ਖੇਡਦਾ ਰਹਿੰਦਾ ਕੋਈ ਦਾਦੀ ਮਾਂ ਕੋਲ ਬੈਠੀ ਕੰਮ ਵੀ ਕਰਦੀ ਰਹਿੰਦੀ। ਇੰਜ ਬੱਚਿਆਂ ਦੀ ਬਚਪਨ ਤੋਂ ਹੀ ਘਰ ਦੇ ਜੀਆਂ ਨਾਲ ਗੂੜ੍ਹੀ ਸਾਂਝ ਬਣ ਜਾਂਦੀ

> ਅਤੇ ਇਹ ਸਾਂਝ ਅੱਗੇ ਜਾ ਕੇ ਆਂਢ ਗੁਆਂਢ ਅਤੇ ਬਾਕੀ ਸਾਕ ਸਕੀਰੀਆਂ ਤਕ ਪੱਲਰ ਜਾਂਦੀ। (91-92)

ਪੁਸਤਕ 'ਬਦਲ ਗਿਆ ਮੇਰਾ ਪਿੰਡ' ਵਿਚ ਪਰਮਜੀਤ ਕੌਰ ਸਰਹਿੰਦ ਨੇ ਹਰ ਬਦਲਦੇ ਰਿਸ਼ਤੇ ਨੂੰ ਪੇਸ਼ ਕੀਤਾ ਹੈ। ਉਸ ਅਨੁਸਾਰ ਹਰ ਛੋਟੇ ਮੋਟੇ ਰਿਸ਼ਤੇ ਵਿੱਚ ਵੱਡੀ ਤਬਦੀਲੀ ਆਈ ਹੈ, ਚਾਹੇ ਉਹ ਰਿਸ਼ਤਾ ਭੂਆ, ਮਾਸੀ, ਮਾਮੀ ਜਾਂ ਤਾਈ, ਚਾਚੀ ਦਾ ਹੋਵੇ ਜਾਂ ਫਿਰ ਫੁੱਫੜ, ਮਾਮਾ, ਮਾਸੜ ਅਤੇ ਤਾਏ, ਚਾਚੇ ਦਾ ਹੋਵੇ। ਇਹ ਸਾਰੇ ਰਿਸ਼ਤੇ ਆਧੁਨਿਕ ਦੌਰ ਵਿੱਚ ਆਪਣਾ ਰੂਪ ਵਟਾ ਰਹੇ ਹਨ ਇੱਥੋਂ ਤੱਕ ਕਿ ਸਭ ਤੋਂ ਨੇੜਲੇ ਖ਼ੂਨ ਦੇ ਰਿਸ਼ਤੇ ਵੀ ਪਹਿਲਾਂ ਵਰਗੇ ਨਹੀਂ ਰਹੇ ਉਨ੍ਹਾਂ ਨੂੰ ਵੀ ਖੋਰਾ ਲੱਗਾ ਹੈ । ਹੱਥਲੀ ਪੁਸਤਕ ਵਿਚੋਂ ਵਿਚਾਰ ਅੰਕਿਤ ਹਨ :

> ਸਭ ਤੋਂ ਵੱਡਾ ਰੋਲ ਘਚੋਲਾ ਭੂਆ, ਮਾਸੀ, ਮਾਮੀ ਅਤੇ ਤਾਈ, ਚਾਚੀ ਦੇ ਰਿਸ਼ਤੇ ਵਿਚ ਅਤੇ ਫੁੱਫੜ, ਮਾਮਾ, ਮਾਸੜ ਅਤੇ ਤਾਏ, ਚਾਚੇ ਦੇ ਰਿਸ਼ਤੇ ਵਿੱਚ ਪਿਆ ਹੈ। ਇਹ ਸਾਰੇ ਰਿਸ਼ਤੇ ਆਧੁਨਿਕਤਾ ਨੇ ਆਂਟੀ ਅੰਕਲ ਵਿੱਚ ਸਮੇਟ ਲਏ ਹਨ। ਇਹ ਸਾਡੇ ਖ਼ੂਨ ਦੇ ਅਤਿ ਨੇੜਲੇ ਰਿਸ਼ਤੇ ਵੀ ਬੁਰੀ ਤਰ੍ਹਾਂ ਇਕ ਦੂਜੇ ਨਾਲ ਉਲਝ ਕੇ ਰਹਿ ਗਏ ਹਨ। ਰਿਸ਼ਤਿਆਂ ਦੀ ਪਛਾਣ ਗੁੰਮਦੀ ਜਾ ਰਹੀ ਹੈ। ਕਿਸੇ ਗੁਆਂਢੀ ਗੁਆਂਢਣ ਜਾਂ ਓਪਰੀ ਪਰਾਏ ਨੂੰ ਆਂਟੀ ਅੰਕਲ ਹੀ ਕਿਹਾ ਜਾਂਦਾ ਹੈ। ਸ਼ਾਇਦ ਇਸੇ ਲਈ ਪਿੰਡਾਂ ਦੇ ਸਿੱਧੇ ਸਾਦੇ ਲੋਕਾਂ ਦੀਆਂ ਸਾਂਝਾਂ ਨੂੰ ਵੀ ਹੁਣ ਖੋਰਾ ਲੱਗ ਗਿਆ ਹੈ। ਕਿਸੇ ਸਮੇਂ ਸੰਯੁਕਤ ਪਰਿਵਾਰ ਵਿੱਚ ਪਲਦੇ ਬੱਚੇ ਆਪਣੇ ਚਾਚੇ ਜਾਂ ਭੂਆ ਦੀ ਰੀਸੋ ਰੀਸੀ ਆਪਣੀ ਮਾਂ ਨੂੰ ਭਾਬੀ ਅਤੇ ਪਿਓ ਨੂੰ ਬਾਈ ਕਹਿਣ ਲੱਗ ਜਾਂਦੇ ਸਨ। ਪਿੰਡਾਂ ਵਿੱਚ ਵੱਡੀ ਭੈਣ ਨੂੰ ਬੀਬੀ ਅਤੇ ਛੋਟੇ ਭਰਾ ਨੂੰ ਬਾਈ ਕਿਹਾ ਜਾਂਦਾ ਸੀ। ਦਰਾਣੀ ਆਪਣੀ ਜੇਠਾਣੀ ਨੂੰ ਬੇਬੇ ਜੀ ਕਹਿੰਦੀ ਸੀ ਅਤੇ ਸੱਸ ਵਾਂਗ ਉਸ ਦੇ ਪੈਰੀਂ ਹੱਥ ਵੀ ਲਾਉਂਦੀ ਸੀ। ਪੇਂਡੂ ਭਾਈਚਾਰੇ ਵਿਚ ਇਕ ਹੋਰ ਰਵਾਇਤ ਹੁੰਦੀ ਸੀ ਕਿ ਜੇ ਕੋਈ ਗੁਆਂਢਣ ਜਾਂ ਹੋਰ ਔਰਤ ਆ ਜਾਂਦੀ ਤਾਂ ਨੂੰਹਾਂ ਉਨ੍ਹਾਂ ਆਈਆਂ ਔਰਤਾਂ ਦੀ ਕੋਲ ਬੈਠੀਆਂ ਸੱਸ , ਦਾਦਸ, ਜੇਠਾਣੀ ਅਤੇ ਵੱਡੀ ਨਣਦ ਦੇ ਪੈਰੀਂ ਹੱਥ ਲਾਉਂਦੀਆਂ ਦੋਵੇਂ ਹੱਥਾਂ ਨਾਲ ਆਪਣੇ ਦੁਪੱਟੇ ਦਾ ਪੱਲਾ ਫੜ ਕੇ ਉਹ ਵਾਰੀ ਵਾਰੀ ਸਾਰਿਆਂ ਦੇ ਪੈਰਾਂ ਨੂੰ ਛੂਹਾ ਕੇ ਮੱਥੇ ਨੂੰ ਲਾਉਂਦੀਆਂ ਤੇ ਉਹ

> ਔਰਤਾਂ ਨੂੰਹਾਂ ਨੂੰ ਅਸੀਸਾਂ ਨਾਲ ਨਿਹਾਲ ਕਰ ਦਿੰਦੀਆਂ। ਇਨ੍ਹਾਂ ਅਸੀਸਾਂ ਵਿੱਚ ਦੁੱਧੀਂ ਨ੍ਹਾਵੇਂ, ਪੁੱਤੀਂ ਫਲੇਂ, ਸੱਤ ਪੁੱਤੀ ਹੋਵੇ ਆਦਿ ਤੋਂ ਬਿਨਾਂ ਬੁੱਢ ਸੁਹਾਗਣ ਹੋਵੇਂ ਅਸੀਸ ਜ਼ਰੂਰ ਸ਼ਾਮਲ ਹੁੰਦੀ। ਅੱਜ ਕੋਈ ਨੂੰਹ ਆਪਣੀ ਸੱਸ ਦਾਦਸ ਜਾਂ ਨਣਦ ਜੇਠਾਣੀ ਨੂੰ ਮਨ ਨਾਲ ਮੱਥਾ ਨਹੀਂ ਟੇਕਦੀਆਂ ਜੇ ਕੋਈ ਰਸਮੀ ਕਾਰਵਾਈ ਕਰਦੀ ਵੀ ਹੈ ਤਾਂ ਫਿਲਮੀ ਅੰਦਾਜ਼ ਵਿਚ ਜ਼ਰਾ ਕੁ ਅਗਲੇ ਦੇ ਗੋਡਿਆਂ ਨੂੰ ਹੱਥ ਲਾ ਕੇ ਆਪਣੇ ਸੀਨੇ ਨੂੰ ਲਾ ਲੈਂਦੀ ਹੈ। ਚੁੰਨੀ ਦਾ ਲੜ ਫੜ ਕੇ ਬਜ਼ੁਰਗਾਂ ਨੂੰ ਮੱਥਾ ਟੇਕਣ ਦਾ ਰਿਵਾਜ ਹੁਣ ਪਿੰਡਾਂ ਵਿੱਚ ਨਹੀਂ ਰਿਹਾ। ਪਿੰਡਾਂ ਵਿੱਚ ਵੀ ਵੱਧ ਤੋਂ ਵੱਧ ਸੱਸ ਨੂੰ ਜਾਂ ਕਿਸੇ ਹੋਰ ਵੱਡੇ ਥਾਂ ਲੱਗਦੀ ਨੂੰ ਹੀ ਮੱਥਾ ਟੇਕਿਆ ਜਾਂਦਾ ਹੈ। (92-93)

ਵਿਸ਼ਵੀਕਰਨ ਦੇ ਦੌਰ ਵਿੱਚ ਪੰਜਾਬੀ ਰਿਸ਼ਤਾ ਨਾਤਾ ਪ੍ਰਬੰਧ ਵਿਚ ਭਾਰੀ ਬਦਲਾਅ ਵੇਖਣ ਨੂੰ ਆ ਰਿਹਾ ਹੈ। ਹਰ ਰਿਸ਼ਤਾ ਆਪਣੇ ਮੂਲ ਨਾਲੋਂ ਟੁੱਟ ਕੇ ਅਗਾਂਹ ਹੋਰ ਤੰਦਾਂ ਵੱਲ ਨੂੰ ਵਧ ਰਿਹਾ ਹੈ। ਜਿਸ ਕਾਰਨ ਰਿਸ਼ਤਿਆਂ ਦੀ ਮੂਲ ਪਰਿਭਾਸ਼ਾ ਬਦਲ ਰਹੀ ਹੈ। 'ਬਦਲ ਗਿਆ ਮੇਰਾ ਪਿੰਡ' ਪੁਸਤਕ ਵਿਚ ਪਿੰਡਾਂ ਵਿਚ ਰਿਸ਼ਤਾ ਨਾਤਾ ਪ੍ਰਬੰਧ ਪਾਠ ਅਧੀਨ ਪਰਮਜੀਤ ਕੌਰ ਸਰਹਿੰਦ ਨੇ ਹਰ ਰਿਸ਼ਤੇ ਨੂੰ ਬਦਲ ਦੇ ਰੂਪ ਵਿੱਚ ਪੇਸ਼ ਕੀਤਾ ਹੈ ਪੁਸਤਕ ਵਿੱਚ ਅੰਕਿਤ ਰਿਸ਼ਤੇ ਨਾਤਿਆਂ ਦਾ ਵਰਣਨ ਇਸ ਪ੍ਰਕਾਰ ਹੈ :-

ਵਿਸ਼ਵੀਕਰਨ ਦੇ ਦੌਰ ਵਿਚ ਮਸ਼ੀਨੀਕਰਨ ਅਤੇ ਉਦਯੋਗਿਕ ਤਰੱਕੀ ਦੇ ਕਾਰਨ ਪਤੀ-ਪਤਨੀ ਦੇ ਰਿਸ਼ਤੇ ਵਿਚ ਵੱਡਾ ਬਦਲਾਵ ਹੋਇਆ ਹੈ। ਅਜੋਕੀ ਪੀੜ੍ਹੀ ਪੜ੍ਹ ਲਿਖ ਕੇ ਰੋਜ਼ਗਾਰ ਦੀ ਭਾਲ ਵਿਚ ਦੂਰ-ਦੁਰਾਡੇ ਤੱਕ ਪਹੰਚ ਰਹੀ ਹੈ, ਜਿਸ ਕਾਰਨ ਪਿੰਡਾਂ ਤੋਂ ਸ਼ਹਿਰਾਂ ਵੱਲ ਨੂੰ ਪ੍ਰਵਾਸ ਹੋਇਆ ਹੈ। ਪੱਛਮ ਦੀ ਤਰਜ਼ ਤੇ ਨਵੀਨ ਪੀੜ੍ਹੀ ਸਹਿ ਕਰਮੀਆਂ ਨੂੰ ਹੀ ਆਪਣਾ ਜੀਵਨ ਸਾਥੀ ਬਣਾਉਣ ਨੂੰ ਪਹਿਲ ਦੇ ਰਹੀ ਹੈ। ਹੁਣ ਜਾਤ ਬਰਾਦਰੀ ਨੂੰ ਪਿਛਾਂਹ ਛੱਡ ਕੇ ਅਤੇ ਮੁੱਲਾਂ, ਕਾਜ਼ੀ, ਭਾਈ, ਪੰਡਿਤ ਆਦਿ ਤੋਂ ਬਿਨਾਂ ਹੀ ਵਿਆਹ ਹੋ ਰਹੇ ਹਨ। ਰਿਸ਼ਤਿਆਂ ਦੇ ਬਦਲਦੇ ਰਸੂਖ ਬਾਰੇ ਪੁਸਤਕ ਬਦਲ ਗਿਆ ਮੇਰਾ ਪਿੰਡ ਵਿਚੋਂ ਪਰਮਜੀਤ ਕੌਰ ਸਰਹਿੰਦ ਦਾ ਵਿਚਾਰ ਹੈ:

> ਇਕ ਉਹ ਸਮਾਂ ਸੀ ਕਿ ਬੰਨੇ ਨਾਲ਼ ਲਗਦੇ ਪਿੰਡ ਵਿਚ ਪਿੰਡਾਂ ਦੇ ਲੋਕ ਧੀਆਂ ਪੁੱਤਾਂ ਦੇ ਰਿਸ਼ਤੇ ਨਹੀਂ ਸਨ ਕਰਦੇ। ਪਰ ਅੱਜ ਦੀਆਂ ਖਬਰਾਂ ਸੁਣਦੇ ਹਾਂ ਤੇ ਕਈ ਥਾਂਈਂ ਦੇਖਣ ਸੁਣਨ ਵਿਚ

ਆਉਂਦਾ ਹੈ ਕਿ ਪਿੰਡ ਦੇ ਮੁੰਡੇ ਕੁੜੀਆਂ ਆਪਸ ਵਿਚ ਵਿਆਹ ਕਰਵਾ ਰਹੇ ਹਨ। ਮਾਪੇ ਇਸ ਨੂੰ ਖਿੜੇ ਮੱਥੇ ਸਵੀਕਾਰ ਨਹੀਂ ਕਰਦੇ ਅਤੇ ਉਮਰਾਂ ਦੀਆਂ ਦੁਸ਼ਮਣੀਆਂ ਪੈ ਰਹੀਆਂ ਹਨ। (96)

ਗਿਆਨ ਦੀਆਂ ਨਵੀਆਂ ਲੱਭਤਾਂ ਨੇ ਔਰਤ ਮਰਦ ਦੇ ਸਬੰਧਾਂ ਨੂੰ ਨਵੀਂ ਦਿਸ਼ਾ ਵੱਲ ਸੇਧ ਕੀਤਾ ਹੈ। ਮਜ਼ਦੂਰਾਂ ਦੇ ਨਾਲ ਇਸਤਰੀਆਂ ਨੂੰ ਕੰਮ ਵਿੱਚ ਲਗਾਇਆ ਜਾਣ ਲੱਗਾ ਅਤੇ ਨਾਲ ਹੀ ਮਸ਼ੀਨ ਕਾਰਨ ਔਰਤ ਮਰਦ ਦੇ ਬਰਾਬਰ ਕੰਮ ਕਰਨ ਦੇ ਯੋਗ ਹੋ ਜਾਂਦੀ ਹੈ। ਭਾਵੇਂ ਪੂੰਜੀਵਾਦੀ ਯੁੱਗ ਨੇ ਆਰਥਿਕ ਸਾਧਨਾਂ ਤੇ ਆਧਾਰਤ ਨਵੇਂ ਰਿਸ਼ਤਿਆਂ ਨੂੰ ਹੋਂਦ ਵਿੱਚ ਲਿਆਂਦਾ, ਪ੍ਰੰਤੂ ਇਹ ਰਿਸ਼ਤੇ ਵੀ ਪੂੰਜੀਵਾਦੀ ਵਰਗ ਦੀ ਲੁੱਟ ਘਸੁੱਟ ਉੱਤੇ ਹੀ ਅਸ਼ਰਿਤ ਰਹੇ ਕਾਰਖਾਨਿਆਂ ਵਿੱਚ ਬਰਾਬਰ ਮਿਹਨਤ ਕਰਨ ਕਰਕੇ ਔਰਤ ਮਰਦ ਦੀ ਬਰਾਬਰੀ ਦੀ ਰਿਸ਼ਤੇ ਦਾ ਵਿਚਾਰ ਵੀ ਪੈਦਾ ਹੋਇਆ । ਪ੍ਰੰਤੂ ਬੁਰਜੂਆ ਸਮਾਜ ਵਿੱਚ ਔਰਤ ਮਰਦ ਦਾ ਰਿਸ਼ਤਾ ਧੋਖੇ ਦੰਭ ਭ੍ਰਿਸ਼ਟਾਚਾਰ ਅਤੇ ਆਪਸੀ ਬੇਰੁਖ਼ੀ ਤੇ ਕਾਇਮ ਹੁੰਦਾ ਹੈ।

ਅਜੋਕੇ ਦੌਰ ਵਿਚ ਇਹੋ ਜਿਹੇ ਬਣ ਰਹੇ ਪਤੀ ਪਤਨੀ ਦੇ ਰਿਸ਼ਤੇ ਕਰਕੇ ਨਵੀਨ ਪੀੜ੍ਹੀ ਆਪਣੇ ਪੁਰਖਿਆ ਦੇ ਪਿੰਡਾਂ ਨੂੰ ਛੱਡ ਕੇ ਹੋਰ ਸਥਾਨਾਂ ਤੇ ਜਾ ਰਹੇ ਹਨ। ਬਹੁਤਾ ਕਰਕੇ ਮਾਪਿਆਂ ਲਈ ਇਹ ਸਿਰ ਦਰਦੀ ਦਾ ਕਾਰਨ ਬਣ ਰਹੇ ਹਨ। ਮਾਪਿਆਂ ਦੁਆਰਾ ਆਪਣੀ ਔਲਾਦ ਲਈ ਕੀਤੀ ਖੱਟੀ ਕਮਾਈ ਇਸ ਮੋੜ ਤੇ ਆ ਕੇ ਸਾਰਥਿਕਤਾ ਦੀ ਥਾਂ ਨਿਰਾਥਕਤਾ ਦਾ ਕਾਰਨ ਬਣ ਰਹੀ ਹੈ। ਰਿਸ਼ਤਾ ਨਾਤਾ ਪ੍ਰਬੰਧ ਵਿੱਚ ਮਸ਼ੀਨ ਦੀ ਵੀ ਇਕ ਅਕੱਟ ਅਤੇ ਪ੍ਰਭਾਵੀ ਭੂਮਿਕਾ ਹੈ। ਮਸ਼ੀਨੀ ਵਰਤਾਰਿਆਂ ਨੇ ਮਨੁੱਖ ਨੂੰ ਏਨਾ ਸਵਾਰਥੀ ਅਤੇ ਉਪੱਦਰੀ ਬਣਾ ਦਿੱਤਾ ਹੈ ਕਿ ਆਪੋ ਧਾਪੀ ਪਈ ਹੋਣ ਦੇ ਕਾਰਨ ਸਮਾਜਿਕ ਰਿਸ਼ਤਿਆਂ ਦੇ ਮੂਲ ਧੁਰੇ ਔਰਤ ਅਤੇ ਮਰਦ ਦੇ ਰਿਸ਼ਤੇ ਵਿਚ ਨਿੱਜ ਅਤੇ ਪਰ ਦੀ ਭਾਵਨਾ ਪੈਦਾ ਹੋ ਗਈ ਹੈ। ਜਿਸ ਕਾਰਨ ਹੋਰ ਨਜ਼ਦੀਕੀ ਮਨੁੱਖੀ ਰਿਸ਼ਤਿਆਂ ਵਿੱਚ ਵੀ ਵਿਗਾੜ ਵੇਖਣ ਨੂੰ ਨਜ਼ਰ ਆ ਰਹੇ ਹਨ। ਵਿਗਿਆਨਕ ਪੱਧਰ ਤੇ ਅੱਜ ਦੇ ਅਲਟਰਾ ਸਾਇੰਸ ਯੁੱਗ ਵਿਚ ਮਨੁੱਖ ਦੀ ਜੈਵਿਕ ਪ੍ਰਕਿਰਿਆ ਬਹੁਤ ਪ੍ਰਭਾਵਿਤ ਹੋਈ ਹੈ। ਭਰੂਣ ਟੈਸਟ, ਟਿਊਬ ਬੇਬੀ ਅਤੇ ਜੈਨੇਟਿਗ ਇੰਜਨੀਅਰਿੰਗ ਵਰਗੀਆਂ ਪ੍ਰਣਾਲੀਆਂ ਨੇ ਮਾਨਵੀ ਰਿਸ਼ਤਿਆਂ ਨੂੰ ਬਹੁਤ ਵੱਡੀ ਠੇਸ ਪਹੁੰਚਾਈ ਹੈ। ਜੈਨੇਟਿੰਗ ਇੰਜਨੀਅਰਿੰਗ ਰਾਹੀਂ ਪੈਦਾ ਹੋਏ ਬੱਚੇ ਨੂੰ ਮਾਂ ਦਾ ਤਾਂ ਪਤਾ ਹੋ ਸਕਦਾ ਹੈ, ਬਾਪ ਦਾ ਕੋਈ ਪਤਾ ਨਹੀਂ

ਹੁੰਦਾ। ਅਜਿਹੀ ਸਥਿਤੀ ਵਿੱਚ ਪਿਉ-ਪੁੱਤਰ ਅਤੇ ਪਿਉ-ਧੀ ਦੇ ਰਿਸ਼ਤੇ ਵਿਸ਼ੇਸ ਤੌਰ ਤੇ ਪ੍ਰਭਾਵਤ ਹਨ। ਭਰੂਣ ਜਾਂ ਗਰਭਪਾਤ ਦੀ ਵਿਧੀ ਨੇ ਭਾਰਤ ਵਰਗੇ ਦੇਸ਼ ਵਿੱਚ ਜ਼ਿਆਦਾਤਰ ਲੜਕੀ ਦੀ ਹੋਂਦ ਨੂੰ ਸੱਟ ਮਾਰੀ ਹੈ। ਲੜਕੀ ਨੂੰ ਉਸ ਦੇ ਪੈਦਾ ਹੋਣ ਤੋਂ ਪਹਿਲਾਂ ਹੀ ਖਤਮ ਕਰ ਦੇਣ ਦੇ ਸਮਾਜ ਵਿੱਚ ਮਰਦ ਦੇ ਵਹਿਸ਼ੀ ਅਤੇ ਦਰਿੰਦਗੀ ਭਰੇ ਸਵਾਰਥ ਨੂੰ ਹੋਰ ਪ੍ਰੇਰਨਾ ਦਿੱਤੀ ਹੈ। ਸਿੱਟੇ ਵਜੋਂ ਔਰਤ ਮਰਦ ਦੀ ਅਨੁਪਾਤ ਬਦਲ ਰਹੀ ਹੈ, ਭਾਵ ਤਕਨਾਲੋਜੀ ਸਾਇੰਸ ਅਤੇ ਅਲਟਰਾ ਸਾਇੰਸ ਦੀਆਂ ਵਿਧੀਆਂ ਦਾ ਅਸਰ ਸਮੁੱਚੇ ਵਿਸ਼ਵ ਦੇ ਲੋਕਾਂ ਨੇ ਕਬੂਲਿਆ ਹੈ। ਇਨ੍ਹਾਂ ਮਨੁੱਖ ਮਾਰੂ ਵਿਧੀਆਂ ਤੋਂ ਪ੍ਰਭਾਵਤ ਹੋ ਕੇ ਮਨੁੱਖੀ ਰਿਸ਼ਤਿਆਂ ਵਿੱਚ ਇੱਕ ਵੱਡੀ ਤਰੇੜ ਆਈ ਹੈ ਜੋ ਸ਼ਾਇਦ ਅਮਿੱਟ ਹੈ।

ਅਜੋਕੀ ਪੀੜ੍ਹੀ ਦੇ ਇਸ ਫੈਸਲੇ ਕਾਰਨ ਪੁਰਾਣੀ ਪੀੜ੍ਹੀ ਮਜ਼ਬੂਰਨ ਗੋਡੇ ਟੇਕ ਰਹੀ ਹੈ। ਬਜ਼ੁਰਗਾਂ ਦੁਆਰਾ ਤੈਅ ਕੀਤੇ ਜਾਂਦੇ ਰਿਸ਼ਤਿਆਂ ਨੂੰ ਨਕਾਰ ਕੇ ਮਨਮਰਜ਼ੀ ਦੇ ਵਿਆਹ ਕਾਰਨ ਅਜੋਕੀ ਪੀੜ੍ਹੀ ਮਾਨਸਿਕਤਾ ਦਾ ਸ਼ਿਕਾਰ ਹੋਈ ਬੈਠੀ ਹੈ। ਜਿੰਨੀ ਤੇਜ਼ੀ ਨਾਲ ਮਨਮਰਜ਼ੀ ਦੇ ਵਿਆਹ ਹੋ ਰਹੇ ਹਨ, ਉਨੀ ਹੀ ਤੇਜ਼ੀ ਨਾਲ ਤਲਾਕ ਦੇ ਕੇਸਾਂ ਦਾ ਗ੍ਰਾਫ ਵਧਦਾ ਜਾ ਰਿਹਾ ਹੈ। ਮਨਮਰਜ਼ੀ ਦੇ ਕੀਤੇ ਵਿਆਹ ਬਹੁਤਾ ਕਰਕੇ ਘੱਟ ਸਿਰੇ ਚੜ੍ਹ ਰਹੇ ਹਨ, ਕਿਓਕਿ ਮਾਪਿਆਂ ਦੀ ਸ਼ਮੂਲੀਅਤ ਨਾ ਹੋਣ ਕਰਕੇ ਫਿਰ ਪੁਕਾਰ ਸੁਨਣ ਵਾਲਾ ਕੋਈ ਨਹੀਂ ਹੁੰਦਾ। ਵਿਸ਼ਵੀਕਰਨ ਦੇ ਦੌਰ ਵਿਚ ਪਤੀ-ਪਤਨੀ ਦਾ ਰਿਸ਼ਤਾ ਪੁਰਾਣੇ ਤਾਣੇ-ਬਾਣੇ ਵਿਚੋਂ ਨਿਕਲ ਕੇ ਪੱਛਮ ਦੀ ਤਰਜ਼ ਤੇ ਨਵੇਂ ਦੌਰ ਵੱਲ ਸਫਰ ਕਰ ਰਿਹਾ ਹੈ।

ਪਰਮਜੀਤ ਕੌਰ ਸਰਹਿੰਦ ਅਨੁਸਾਰ ਬਦਲਦੀਆਂ ਪ੍ਰਸਥਿਤੀਆਂ ਅਨੁਸਾਰ ਭੈਣ ਭਰਾ ਦਾ ਸਭ ਤੋਂ ਨੇੜਲਾ ਪਵਿੱਤਰ ਤੇ ਮਾਣ ਮੱਤਾ ਰਿਸ਼ਤਾ ਵੀ ਅੱਜ ਤਿੜਕ ਗਿਆ ਹੈ। ਭੈਣਾਂ ਸਦਾ ਮਾਪਿਆਂ ਅਤੇ ਭਰਾਵਾਂ ਦੀ ਸੁੱਖ ਮੰਗਦੀਆਂ ਹੀ ਸੁਣੀਆਂ ਜਾਂਦੀਆਂ ਸਨ, ਪਰ ਹੁਣ ਇਹ ਗੱਲਾ ਸਾਰੇ ਭੈਣ ਭਰਾਵਾਂ ਉੱਤੇ ਨਹੀਂ ਢੁੱਕਦੀ। ਭਾਵੇਂ ਮਾਪਿਆਂ ਦੀ ਜ਼ਮੀਨ ਜਾਇਦਾਦ ਵਿੱਚ ਧੀਆਂ ਦਾ ਪੁੱਤਰਾਂ ਦੇ ਬਰਾਬਰ ਹੱਕ ਹਿੱਸਾ ਕਾਫੀ ਦੇਰ ਤੋਂ ਲਾਗੂ ਹੋ ਚੁੱਕਿਆ ਹੈ, ਪਰ ਸਾਡੇ ਲੋਕਾਂ ਦੀ ਸੋਚ ਉੱਥੇ ਹੀ ਖੜ੍ਹੀ ਹੈ ਕਿ ਜ਼ਮੀਨ ਜਾਇਦਾਦ ਕੇਵਲ ਤੇ ਕੇਵਲ ਪੁੱਤਰਾਂ ਦੀ ਹੈ। ਕੁੜੀਆਂ ਦੇ ਮਨਾਂ ਵਿੱਚ ਇਹੋ ਹੀ ਧਾਰਨਾ ਬਣੀ ਰਹੀ ਅਤੇ ਉਹ ਹੱਸ ਕੇ ਭਰਾਵਾਂ ਨੂੰ ਆਪਣਾ ਹਿੱਸਾ ਛੱਡ ਆਉਂਦੀਆਂ । ਮਾਪੇ ਵੀ ਕਈ ਵਾਰ ਜਿਉਂਦੇ ਜੀ ਆਪਣਾ ਸਾਰਾ ਕੁਝ ਪੁੱਤਰਾਂ ਦੇ ਨਾਂ ਕਰ ਦਿੰਦੇ। ਪਿਛਲੇ ਸਮਿਆਂ

ਵਿੱਚ ਜ਼ਮੀਨ ਜਾਇਦਾਦਾਂ ਕਾਰਨ ਭੈਣ ਭਰਾ ਦੇ ਰਿਸ਼ਤੇ ਵਿੱਚ ਕਦੇ ਤਰੇੜ ਨਹੀਂ ਸੀ ਆਈ ਜੇ ਕਦੇ ਕੋਈ ਬਹੁਤ ਵੱਡੀ ਭੁੱਲ ਚੁੱਕ ਕਿਸੇ ਤੋਂ ਹੋ ਜਾਂਦੀ ਤਾਂ ਇਹ ਰਿਸ਼ਤਾ ਟੁੱਟ ਜਾਂਦਾ। ਅੱਜ ਭਰਾ ਭਰਾ ਦਾ ਦੁਸ਼ਮਣ ਬਣਿਆ ਹੋਇਆ ਫਿਰਦਾ ਹੈ ਅਤੇ ਭੈਣ ਭਰਾ ਇੱਕ ਦੂਜੇ ਨੂੰ ਦੇਖ ਕੇ ਰਾਜ਼ੀ ਨਹੀਂ। ਪੁਸਤਕ 'ਬਦਲ ਗਿਆ ਮੇਰਾ ਪਿੰਡ' ਵਿਚੋਂ ਪਰਮਜੀਤ ਕੌਰ ਸਰਹਿੰਦ ਅਨੁਸਾਰ:

> ਇਸ ਪਦਾਰਥਵਾਦੀ ਯੁੱਗ ਵਿਚ ਹੁਣ ਬਹੁਤੇ ਅੰਮਾਂ ਦੇ ਜਾਏ ਵੀ ਮਤਲਬ ਦੇ ਹੋ ਗਏ ਹਨ। ਜ਼ਮੀਨ ਦੀਆਂ ਵਧੀਆਂ ਕੀਮਤਾਂ ਨੇ ਵੀ ਇਸ ਰਿਸ਼ਤੇ ਵਿੱਚ ਬਹੁਤ ਵੱਡੇ ਪਾੜ ਪਾਏ ਹਨ। ਕੋਈ ਭਰਾ ਇਹ ਗੱਲ ਮੰਨਣ ਲਈ ਤਿਆਰ ਨਹੀਂ ਕਿ ਭੈਣਾਂ ਨੂੰ ਹਿੱਸਾ ਦਿੱਤਾ ਜਾਵੇ ਜਾਂ ਹਿੱਸਾ ਨਾ ਹੀ ਉਨ੍ਹਾਂ ਨੂੰ ਬਣਦਾ ਮਾਣ ਸਤਿਕਾਰ ਹੀ ਦਿੱਤਾ ਜਾਵੇ। ਅਜਿਹੇ ਹਾਲਾਤ ਵੀ ਵੇਖਣ ਸੁਣਨ ਵਿਚ ਆਉਂਦੇ ਹਨ ਕਿ ਮਾਂ ਪਿਓ ਦੇ ਮਰਨ ਉਪਰੰਤ ਅਜੇ ਭੋਗ ਵੀ ਨਹੀਂ ਪਿਆ ਹੁੰਦਾ, ਘਰ ਵਿੱਚੋਂ ਸੱਥਰ ਵੀ ਨਹੀਂ ਚੁੱਕਿਆ ਹੁੰਦਾ, ਪਰ ਭਰਾਵਾਂ ਨੂੰ ਭੈਣਾਂ ਤੋਂ ਜ਼ਮੀਨ ਜਾਇਦਾਦ ਆਪਣੇ ਨਾਂ ਕਰਵਾਉਣ ਦਾ ਫ਼ਿਕਰ ਪੈ ਜਾਂਦਾ ਹੈ। ....ਕਈ ਭਰਾ ਭੈਣਾਂ ਦਾ ਹੱਕ ਹਿੱਸਾ ਆਪਣੇ ਨਾਂ ਕਰਵਾ ਕੇ ਮੁੜ ਉਨ੍ਹਾਂ ਦੀ ਬਾਤ ਨਹੀਂ ਪੁੱਛਦੇ। ਭੈਣਾਂ ਦਾ ਦਿਲ ਖ਼ੂਨ ਦੇ ਹੰਝੂ ਰੋਂਦਾ ਹੈ ਅਤੇ ਜਿਸ ਘਰ ਵਿਚ, ਪਿੰਡ ਵਿਚ ਉਹ ਜੰਮੀਆਂ ਪਲੀਆਂ ਹੁੰਦੀਆਂ ਹਨ ਉਹ ਮੁੜ ਉੱਥੇ ਪੈਰ ਨ੍ਹੀਂ ਪਾਉਂਦੀਆਂ। ਕਈ ਭੈਣਾਂ ਅਜਿਹੀਆਂ ਵੀ ਹੁੰਦੀਆਂ ਹਨ ਜਿਹੜੀਆਂ ਭਰਾਵਾਂ ਦੇ ਸ਼ਰੀਕਾਂ ਦੇ ਘਰ ਆਉਂਦੀਆਂ ਜਾਂਦੀਆਂ ਹਨ ਤੇ ਭਰਾਵਾਂ ਨੂੰ ਆਪਣੀ ਕੀਤੀ ਦਾ ਅਹਿਸਾਸ ਕਰਵਾਉਂਦੀਆਂ ਹਨ। (97)

ਪੁਸਤਕ ਦਾ ਅਧਿਐਨ ਕੀਤਿਆਂ ਪਤਾ ਚਲਦਾ ਹੈ ਕਿ ਵਿਸ਼ਵੀਕਰਨ ਦੇ ਦੌਰ ਵਿਚ ਭੈਣ ਭਰਾ ਦੇ ਰਿਸ਼ਤੇ ਵਿੱਚ ਬਹੁਤ ਵਾਰ ਭੈਣਾਂ ਵੀ ਨਾਂਹ ਪੱਖੀ ਕਿਰਦਾਰ ਨਿਭਆ ਰਹੀਆਂ ਹਨ। ਆਪਣਾ ਹੱਕ ਹਿੱਸਾ ਭਰਾਵਾਂ ਨੂੰ ਛੱਡਣ ਦੀ ਆੜ ਵਿੱਚ ਉਹ ਭਰਾਵਾਂ ਉੱਤੇ ਬੇਲੋੜਾ ਬੋਝ ਵੀ ਪਾਉਂਦੀਆਂ ਹਨ ਅਤੇ ਤਿੱਥ ਤਿਉਹਾਰ ਅਤੇ ਵਿਆਹ ਕਾਰਜਾਂ ਜਾਂ ਸੱਸ ਸਹੁਰੇ ਦੇ ਮਰਨੇ ਪਰਨੇ ਕਰਦੇ ਭਰਾ ਆਰਥਿਕ ਪੱਖੋਂ ਤੰਗ ਵੀ ਹੋ ਜਾਂਦੇ ਹਨ। ਪਰ ਉਹ ਆਪਣੇ ਬਣਦੇ ਫਰਜ਼ ਬਾਖ਼ੂਬੀ ਨਿਭਾਉਂਦੇ ਹਨ। ਇਸ ਤਰ੍ਹਾਂ ਦੀਆਂ ਭੈਣਾਂ ਭਰਾਵਾਂ ਤੋਂ ਹਰ ਵੇਲੇ ਕੁਝ ਨਾ ਕੁਝ

ਭਾਲਦੀਆਂ ਹੀ ਰਹਿੰਦੀਆਂ ਹਨ। ਜਦੋਂ ਉਨ੍ਹਾਂ ਦੀਆਂ ਕਬੀਲਦਾਰੀਆਂ ਨਜਿੱਠ ਜਾਂਦੀਆਂ ਹਨ ਅਤੇ ਉਹ ਸਾਰੇ ਵਿਹਾਰ ਹੋ ਜਾਂਦੇ ਹਨ ਜਿਹਨਾਂ ਵਿੱਚ ਪੇਕਿਆਂ ਦੀ ਭਰੇ ਹੱਥੀਂ ਆਉਣਾ ਹੁੰਦਾ ਸੀ, ਤਾਂ ਉਹ ਭਰਾਵਾਂ ਤੋਂ ਕਿਨਾਰਾ ਕਰ ਲੈਂਦੀਆਂ ਹਨ। ਭਰਾ ਭੈਣ ਦੇ ਹਰ ਦੁੱਖ ਸੁੱਖ ਵਿੱਚ ਬਰਾਬਰ ਖੜਦੇ ਰਹੇ ਹੁੰਦੇ ਹਨ ਪਰ ਇਹ ਮਤਲਬਖੋਰ ਅਤੇ ਸਵਾਰਥੀ ਭੈਣਾਂ ਭਰਾਵਾਂ ਦੀ ਦੁੱਖ ਵੇਲੇ ਸੱਤ ਬਿਗਾਨਿਆਂ ਤੋਂ ਵੀ ਬਿਗਾਨੀਆਂ ਹੋ ਜਾਂਦੀਆਂ ਹਨ।

ਪੁਸਤਕ ਦਾ ਅਧਿਐਨ ਕੀਤਿਆਂ ਪਤਾ ਚਲਦਾ ਹੈ ਕਿ ਭਰਾਵਾਂ ਭਰਾਵਾਂ ਦਾ ਆਪਸ ਵਿੱਚ ਪਹਿਲਾਂ ਵਰਗਾ ਪਿਆਰ ਨਹੀਂ ਰਿਹਾ।ਸੰਯੁਕਤ ਪਰਿਵਾਰਾਂ ਵਿੱਚ ਪੰਜ ਸੱਤ ਭਰਾ ਵੀ ਰਲ ਕੇ ਮਿਹਨਤਾਂ ਕਰਦੇ ਅਤੇ ਕੋਈ ਲਾਲਚੀ ਸੋਚ ਨਾ ਰੱਖਦਾ। ਕਈ ਵਾਰ ਧੀਆਂ ਪੁੱਤਰਾਂ ਦੇ ਵਿਆਹ ਕਰਕੇ ਹੀ ਉਹ ਅੱਡ ਹੁੰਦੇ, ਸਾਂਝੀ ਕਮਾਈ ਘਰ ਦਾ ਵੱਡਾ ਬਜ਼ੁਰਗ ਜਾਂ ਵੱਡਾ ਭਰਾ ਇੱਕ ਥਾਂ ਰੱਖਦਾ ਹੈ ਅਤੇ ਉਹ ਸਾਰੇ ਖਰਚੇ ਕਰਦਾ, ਇਸ ਜ਼ਿੰਮੇਵਾਰੀ ਨਿਭਾਉਣ ਵਾਲੇ ਨੂੰ ਪਿੰਡ ਦੇ ਲੋਕ ਲਾਣੇਦਾਰ ਕਹਿੰਦੇ। ਜੇ ਕੋਈ ਨੌਕਰੀ ਪੇਸ਼ਾ ਹੁੰਦਾ ਜੋ ਆਮ ਤੌਰ ਤੇ ਉਸ ਸਮਿਆਂ ਵਿਚ ਫੌਜੀ ਹੀ ਹੁੰਦੇ ਤਾਂ ਉਸ ਦੀ ਬੀਵੀ ਬੱਚੇ ਵੀ ਪਿੰਡ ਵਿੱਚ ਪਰਿਵਾਰ ਕੋਲ ਹੀ ਰਹਿੰਦੇ ਉਹ ਵੀ ਆਪਣੀ ਜਮ੍ਹਾਂ ਪੂੰਜੀ ਘਰਦੇ ਲਾਣੇਦਾਰ ਨੂੰ ਹੀ ਦਿੰਦਾ। ਅੱਜ ਛੋਟੇ ਪਰਿਵਾਰਾਂ ਵਿੱਚ ਜੇ ਕਿਧਰੇ ਦੋ ਜਾਂ ਤਿੰਨ ਭਰਾ ਹਨ ਉਨ੍ਹਾਂ ਤਿੰਨਾਂ ਦੇ ਰਾਹ ਵੱਖੋ ਵੱਖਰੇ ਹਨ, ਹਰ ਕੋਈ ਆਪਣੇ ਘਰ ਦਾ ਲਾਣੇਦਾਰ ਆਪ ਹੈ ਜਾਂ ਉਸ ਦੀ ਪਤਨੀ ਹੈ। ਇਸ ਹਵਾਲੇ ਲਈ 'ਪੁਸਤਕ ਬਦਲ ਗਿਆ ਮੇਰਾ' ਪਿੰਡ ਵਿਚੋਂ ਪਰਮਜੀਤ ਕੌਰ ਸਰਹਿੰਦ ਦਾ ਵਿਚਾਰ ਹੈ:

> ਭਰਾਵਾਂ ਦਾ ਇਕੱਠਾ ਰਹਿਣਾ ਤਾਂ ਸੰਭਵ ਨਹੀਂ ਕਿਉਂਕਿ ਇਹ ਨੌਕਰੀਆਂ ਕਾਰੋਬਾਰਾਂ ਵਾਲਾ ਜ਼ਮਾਨਾ ਹੈ ਅਤੇ ਪਹਿਲਾਂ ਖੇਤੀਬਾੜੀ ਦਾ ਯੁੱਗ ਸੀ। ਅੱਜ ਖੇਤੀ ਵਾਲੇ ਵੀ ਕਈਆਂ ਦੇ ਸਿਰ ਖੇਤੀ ਦੀ ਜ਼ਿੰਮੇਵਾਰੀ ਪਾ ਕੇ ਆਪ ਬਾਬੂ ਬਣੇ ਫਿਰਦੇ ਹਨ। ਕੋਈ ਸ਼ਹਿਰ ਨੌਕਰੀ ਕਰਦਾ ਹੈ ਅਤੇ ਕੋਈ ਬੱਚਿਆਂ ਨੂੰ ਮਾਡਲ ਸਕੂਲਾਂ ਵਿੱਚ ਪੜ੍ਹਾਉਣ ਦੀ ਖਾਤਰ ਸ਼ਹਿਰ ਵੱਸ ਰਿਹਾ ਹੈ। ਪਰ ਅਫ਼ਸੋਸ ਇਹ ਦੂਰ ਦੂਰ ਰਹਿੰਦੇ ਭਰਾ ਵੀ ਇੱਕ ਦੂਜੇ ਨਾਲ ਬਹੁਤੀ ਸਾਂਝ ਨਹੀਂ ਰੱਖਦੇ।ਜਦੋਂ ਤੱਕ ਮਾਪੇ ਬੈਠੇ ਹੁੰਦੇ ਹਨ। ਪਿੰਡਾਂ ਵਿੱਚ ਇੱਕ ਹੋਰ ਰੁਝਾਨ ਵੀ ਦੇਖਣ ਸੁਣਨ ਵਿੱਚ ਆਉਂਦਾ ਹੈ ਕਿ ਦੂਰ ਦੁਰਾਡੇ ਨੌਕਰੀ ਕਰਦੇ ਜਾਂ ਪਰਦੇਸ ਗਏ ਭਰਾਵਾਂ ਦੀ ਜ਼ਮੀਨ ਜਾਇਦਾਦ ਪਿੰਡ ਰਹਿਣ ਵਾਲੇ ਕੁਝ

ਭਰਾ ਜਬਰੀ ਦੱਬੇ ਬੈਠੇ ਹਨ। ਦੁਖੀ ਹੋਏ ਇਹ ਭਰਾ ਆਪਣੀ ਜੱਦੀ ਪੁਸ਼ਤੀ ਜਾਇਦਾਦ ਨਾ ਚਾਹੁੰਦੇ ਹੋਏ ਵੀ ਵੇਚ ਦਿੰਦੇ ਹਨ। ਇਹ ਭਰਾਵਾਂ ਦੇ ਰਿਸ਼ਤੇ ਵਿਚ ਪਈ ਡੂੰਘੀ ਖਾਈ ਹੈ। (99)

ਹਰ ਇਨਸਾਨ ਵਿਚ ਪੈਦਾ ਹੋਈ ਹਉਮੈ ਅਤੇ ਪਦਾਰਥਕ ਸੁੱਖਾਂ ਦੀ ਸੋਚ ਨੇ ਭਰਾ-ਭਰਾ ਦੇ ਰਿਸ਼ਤੇ ਵਿੱਚ ਤਰੇੜਾਂ ਪਾ ਦਿੱਤੀਆਂ ਹਨ ਇੱਕ ਦੂਜੇ ਤੋਂ ਅੱਗੇ ਨਿਕਲਣ ਦੀ ਦੌੜ ਨੇ ਖੂਨ ਦੇ ਇਸ ਰਿਸ਼ਤੇ ਦਾ ਘਾਣ ਕੀਤਾ ਹੈ। ਪੁਰਾਣੇ ਸਮੇਂ ਵਿੱਚ ਸੰਯੁਕਤ ਪਰਿਵਾਰਾਂ ਵਿੱਚ ਚਾਚੇ ਤਾਏ ਦੇ ਪੁੱਤਰਾਂ ਨੂੰ ਵੀ ਬਰਾਬਰ ਭਰਾਵਾਂ ਵਾਲਾ ਰੁਤਬਾ ਦਿੱਤਾ ਜਾਂਦਾ ਸੀ। ਜਿੰਨਾ ਮਾਣ ਅਤੇ ਚਾਅ ਸਕੇ ਭਰਾਵਾਂ ਦਾ ਕੀਤਾ ਜਾਂਦਾ ਸੀ, ਉਨ੍ਹਾਂ ਹੀ ਉਨ੍ਹਾਂ ਦਾ ਕੀਤਾ ਜਾਂਦਾ ਸੀ। ਪਰ ਬਦਲਦੀਆਂ ਪ੍ਰਸਥਿਤੀਆਂ ਵਿੱਚ ਇਹ ਨੇੜਲਾ ਰਿਸ਼ਤਾ ਵੀ ਤਿੜਕ ਗਿਆ ਹੈ। ਜ਼ਮੀਨ ਦੀਆਂ ਵੰਡ ਵੰਡਾਈਆਂ ਨੇ ਇੱਕ ਦੂਜੇ ਵਿੱਚ ਪਾੜ ਪਾ ਦਿੱਤੇ ਹਨ, ਜ਼ਮੀਨਾਂ ਦੀ ਖਾਤਰ ਕਤਲ ਹੋ ਰਹੇ ਹਨ।

ਵਿਸ਼ਵੀਕਰਨ ਦੇ ਬਦਲਦੇ ਦੌਰ ਵਿਚ ਹੁਣ ਹਰ ਕੋਈ ਆਪਣਾ ਇਕਹਿਰਾ ਪਰਿਵਾਰ ਭਾਲਦਾ ਹੈ। ਬਹੁਤਾ ਕਰਕੇ ਨਵੀਂ ਪੀੜ੍ਹੀ ਕੰਮ ਕਾਜ ਦੀ ਭਾਲ ਵਿਚ ਵੱਡੇ ਸ਼ਹਿਰਾਂ, ਦੂਜੇ ਰਾਜਾਂ ਜਾਂ ਫਿਰ ਵਿਦੇਸ਼ਾ ਵੱਲ ਨੂੰ ਰੁੱਖ ਅਪਣਾ ਚੁੱਕੇ ਹਨ। ਬਹੁਤਾ ਕਰਕੇ ਜੀਵਨ ਸਾਥੀ ਨੂੰ ਨਾਲ ਹੀ ਲੈ ਜਾਂਦੇ ਹਨ। ਦੇਖਣ ਵਿਚ ਆ ਰਿਹਾ ਹੈ ਕਿ ਸੱਸ ਸਹੁਰਾ ਇਕੱਲੇ ਹੀ ਘਰਾਂ ਵਿਚ ਰਹਿ ਜਾਂਦੇ ਹਨ। ਅਜੋਕੇ ਦੌਰ ਵਿਚ ਨੂੰਹ ਸੱਸ ਦਾ ਤਕਰਾਰ ਘਰ ਦੀਆਂ ਦਹਿਲੀਜ਼ਾਂ ਟੱਪ ਕੇ ਕੋਰਟ ਕਚਿਹਰੀਆਂ ਤੱਕ ਜਾ ਪੁੱਜਾ ਹੈ। ਦਾਜ ਅਤੇ ਤੰਗ ਪ੍ਰੇਸ਼ਾਨ ਕਰਨ ਦੇ ਅਨੇਕਾਂ ਹੀ ਕੇਸ ਰੋਜ਼ਨਾ ਸੁਣੇ ਜਾਂਦੇ ਹਨ। ਇਹਨਾਂ ਬਦਲਦੀਆਂ ਪ੍ਰਸਥਿਤੀਆ ਬਾਰੇ ਪੁਸਤਕ 'ਬਦਲ ਗਿਆ ਮੇਰਾ ਪਿੰਡ' ਵਿਚੋਂ ਪਰਮਜੀਤ ਕੌਰ ਸਰਹਿੰਦ ਅਨੁਸਾਰ:

ਅੱਜ ਸੱਸ ਨੂੰ, ਨੂੰਹਾਂ ਪੁਲਿਸ ਤੋਂ ਕੁਟਵਾਉਂਦੀ ਹੈ, ਜੋ ਕਈ ਵਾਰੀ ਬੇਦੋਸ਼ੀ ਹੀ ਕੁੱਟੀ ਜਾਂਦੀ ਹੈ। ਜਿਹੜਾ ਕਾਨੂੰਨ ਔਰਤ ਦੇ ਹੱਕਾਂ ਸੁੱਖਾਂ ਲਈ ਬਣਾਇਆਂ ਗਿਆ ਹੈ ਉਸ ਦੀ ਔਰਤ ਵਲੋਂ ਜਾਂ ਉਸ ਦੇ ਮਾਪਿਆਂ ਵਲੋਂ ਦੁਰਵਰਤੋਂ ਕੀਤੀ ਜਾ ਰਹੀ ਹੈ।ਅੰਕੜੇ ਦੱਸਦੇ ਹਨ ਦਾਜ ਦੇ ਬਹੁਤ ਸਾਰੇ ਕੇਸ ਝੂਠੇ ਵੀ ਹੁੰਦੇ ਹਨ। ਨੂੰਹਾਂ ਨੇ ਅਸਲ ਵਿਚ ਅੱਜ ਦੇ ਸਮੇਂ ਸੱਸਾਂ ਨੂੰ ਕਾਨੂੰਨ ਦੀ ਆੜ ਲੈ ਕੇ ਖੂੰਜੇ ਲਾ ਕੇ ਰੱਖਿਆ ਹੋਇਆ ਹੈ। (102)

ਅਜੋਕੇ ਦੌਰ ਵਿਚ ਇਸ ਰਿਸ਼ਤੇ ਵਿਚ ਬਦਲਾਵ ਆਇਆ ਹੈ, ਨਵੀਂ ਪੀੜ੍ਹੀ ਦੇ ਪੜ੍ਹ ਲਿਖ ਜਾਣ ਕਰਕੇ ਇਸ ਨੇ ਕਈ ਰੂੜੀਵਾਦੀ ਵਿਚਾਰਾਂ ਨੂੰ ਰੱਦ ਕਰ ਦਿੱਤਾ ਹੈ। ਵਿਸ਼ਵੀਕਰਨ ਦੇ ਦੌਰ ਵਿਚ ਹੋਰਨਾਂ ਰਿਸ਼ਤਿਆਂ ਵਿਚ ਬਦਲਾਵ ਦੇ ਨਾਲ-ਨਾਲ ਨੂੰਹ-ਸਹੁਰੇ ਦੇ ਰਿਸ਼ਤੇ ਵਿਚ ਵੀ ਭਾਰੀ ਬਦਲਾਵ ਹੋਇਆ ਹੈ। ਇਸ ਬਦਲਾਵ ਵਿਚ ਬਹੁਤਾ ਕੁਝ ਔਰਤ ਦੇ ਪੱਖ ਵਿਚ ਵਪਰਿਆ ਹੈ। ਔਰਤ ਦਾ ਸਿਰ ਢੱਕਣਾ ਇਕ ਸਲੀਕਾ ਹੈ, ਜੋ ਕਿ ਸਾਡੀ ਸਭਿਅਤਾ ਦੀ ਪਛਾਣ ਹੈ। ਪਰ ਹੁਣ ਲੰਮੇ ਲੰਮੇ ਘੁੰਡ ਕੱਢਣ ਤੋਂ ਨਿਜ਼ਾਤ ਮਿਲੀ ਹੈ। ਅਜੋਕੀ ਔਰਤ ਪੜ੍ਹ ਲਿਖ ਕੇ ਸੂਝਵਾਨ ਬਣ ਰਹੀ ਹੈ। ਤਕਨੀਕੀ ਅਤੇ ਉਨਤੀ ਦੇ ਸਾਧਨਾਂ ਅਤੇ ਜਾਗਰੂਕਤਾ ਵਧਣ ਕਰਕੇ ਔਰਤ ਅਤੇ ਮਰਦ ਦੇ ਦਾਇਰੇ ਸਾਂਝੇ ਹੋ ਰਹੇ ਹਨ। ਅਜੋਕੀ ਔਰਤ ਆਪਣੇ ਹੱਕਾ ਪ੍ਰਤੀ ਸੁਚੇਤ ਹੋ ਚੁੱਕੀ ਹੈ। ਅਜੋਕੀਆਂ ਨੂੰਹਾਂ ਘਰਾ ਦੀਆਂ ਚਾਰਦੀਵਾਰੀਆਂ ਤੋਂ ਨਿਕਲ ਕੇ ਵੱਡੇ ਅਹੁਦਿਆ ਤੱਕ ਜਾ ਪਹੁੰਚੀਆਂ ਹਨ। ਹੁਣ ਨੂੰਹਾਂ ਸਹੁਰਿਆਂ ਨਾਲ ਘਰ ਗ੍ਰਹਿਸਥੀ ਦੀਆਂ ਗੱਲਾਂ ਸਾਂਝੀਆ ਕਰ ਰਹੀਆਂ ਹਨ। ਕਈ ਸੂਝਵਾਨ ਸਹੁਰੇ ਆਪਣੀਆਂ ਨੂੰਹਾਂ ਨੂੰ ਧੀਆਂ ਸਮਾਨ ਸਮਝਦੇ ਹਨ। ਉਹਨਾਂ ਨੂੰ ਉਹਨਾਂ ਦੇ ਕੰਮ ਕਾਜ ਤੇ ਛੱਡਣ ਵੀ ਜਾਂਦੇ ਹਨ। ਇਸ ਦਾ ਦੂਜਾ ਪੱਖ ਦੇਖਿਆਂ ਜਾਵੇ ਤਾਂ ਸਾਂਝੇ ਪਰਿਵਾਰਾਂ ਦੇ ਟੁੱਟਣ ਅਤੇ ਸੀਮਤ ਪਰਿਵਾਰ ਹੋਣ ਕਰਕੇ ਬਹੁਤ ਸਾਰੀਆਂ ਨੂੰਹਾਂ ਇਕੱਲੀਆਂ ਰਹਿਣਾਂ ਪਸੰਦ ਕਰਦੀਆਂ ਹਨ। ਬਜ਼ੁਰਗ ਸਹੁਰਿਆ ਦਾ ਪਾਲਣ ਪੋਸ਼ਣ ਨਾ ਕਰਨਾ ਪਵੇ, ਇਸ ਨੀਅਤ ਨਾਲ ਘਰਾਂ ਤੋਂ ਦੂਰ ਕਿਰਾਏ ਦੇ ਮਕਾਨਾਂ ਵਿਚ ਰਹਿਣਾਂ ਪਸੰਦ ਕਰ ਰਹੀਆਂ ਹਨ। ਨੂੰਹ ਸਹੁਰੇ ਦੇ ਬਦਲਦੇ ਰਿਸ਼ਤੇ ਬਾਰੇ ਪਰਮਜੀਤ ਕੌਰ ਸਰਹਿੰਦ ਦਾ ਪੁਸਤਕ ' ਬਦਲ ਗਿਆ ਮੇਰਾ ਪਿੰਡ' ਵਿਚੋਂ ਵਿਚਾਰ ਅੰਕਿਤ ਹੈ :

> ਮਾਪੇ ਬਿਰਧ ਆਸ਼ਰਮਾਂ ਵਿਚ ਰੁਲਦੇ ਹਨ ਜਾਂ ਵਿਦੇਸ਼ਾਂ ਦੇ ਵੀਜ਼ੇ ਵਾਂਗੂੰ ਦੋ ਚਾਰ ਮਹੀਨੇ ਇੱਕ ਪੁੱਤ ਦੇ ਘਰ ਅਤੇ ਦੋ ਚਾਰ ਮਹੀਨੇ ਦੂਜੇ ਦੇ ਘਰ ਜੂਨ ਗੁਜ਼ਾਰਾ ਕਰਦੇ ਹਨ। ਇਹ ਉਹੀ ਪਿੰਡ ਹਨ, ਜਿੱਥੇ ਦੂਜੇ ਪਰਿਵਾਰਾਂ ਦੇ ਬਜ਼ੁਰਗਾਂ ਦੀ ਵੀ ਇੱਜ਼ਤ ਕੀਤੀ ਜਾਂਦੀ ਸੀ। ਪੰਜ ਸੱਤ ਘਰਾਂ ਦਾ ਇੱਕ ਬਜ਼ੁਰਗ ਵਿਹੜੇ ਵਿਚ ਡਾਹੇ ਸੂਤ ਦੇ ਮੰਜੇ ਉੱਤੇ ਬੈਠਾ ਹੁੰਦਾ ਅਤੇ ਕੋਲ਼ ਸੰਮਾਂ ਕੋਕਿਆਂ ਵਾਲ਼ਾ ਖੂੰਡਾ ਰੱਖਿਆ ਹੁੰਦਾ, ਤਾਂ ਕੋਈ ਉੱਚਾ ਨਾ ਬੋਲਦਾ। ਸ਼ਾਇਦ ਇਹੋ ਕਾਰਨ ਹੈ ਕਿ ਉਹਨਾਂ ਗੂੜ੍ਹੀਆਂ ਸਾਂਝਾਂ ਦਾ ਅਤੇ ਮੋਹ ਮਹੁੱਬਤਾਂ ਦਾ। ਸਾਂਝਾ ਨੂੰ ਲੱਗੇ ਖੋਰੇ ਨੇ ਮਨੁੱਖੀ ਜੀਵਨ ਨੂੰ

ਅਸਤ ਵਿਅਸਤ ਕਰ ਦਿੱਤਾ ਹੈ ਅਤੇ ਸਮਾਜ ਦਾ ਪੂਰਾ ਢਾਂਚਾ ਹੀ ਹਿਲਾ ਕੇ ਰੱਖ ਦਿੱਤਾ ਹੈ। ਸਾਰੇ ਪਿੰਡ ਵਿਚ ਕੁਝ ਕੁ ਘਰ ਹੀ ਬਚੇ ਹੋਣਗੇ ਜਿੱਥੇ ਉਹ ਹੀ ਪੁਰਾਣਾ ਮਾਹੌਲ ਹੋਵੇ ਅਤੇ ਉਹ ਹੀ ਸਤਯੁੱਗੀ ਜਿਊੜੇ ਵਸਦੇ ਹੋਣ। (100)

ਵਿਸ਼ਵੀਕਰਨ ਦੇ ਸਮੇਂ ਵਿਚ ਨਣਦ ਭਰਜਾਈ ਦੇ ਰਿਸਤੇ ਵਿਚ ਬਦਲਾਵ ਆਇਆ ਹੈ। ਜ਼ਮੀਨ ਜਾਇਦਾਦ ਦੀ ਵੰਡ ਵੰਡਾਈ ਵੇਲ਼ੇ, ਭਰਾਵਾਂ ਦੀ ਥਾਂ ਭਰਜਾਈਆਂ ਅਗਾਂਹ ਹੋ ਕੇ ਲੜਦੀਆਂ ਹਨ। ਅਦਾਲਤਾਂ ਕਚਿਹਰੀਆਂ ਵਿਚ ਆਪ ਕੇਸ ਲੜਦੀਆਂ ਹਨ। ਅਜੋਕੇ ਸਮੇਂ ਵਿਚ ਜੇ ਕਿਤੇ ਨਨਾਣ ਇਕ ਦੋ ਦਿਨਾਂ ਲਈ ਪੇਕੇ ਘਰ ਮਿਲਣ ਆ ਜਾਵੇ ਤਾਂ ਭਰਜਾਈ ਲਈ ਸਮਾਂ ਕੱਟਣਾਂ ਔਖਾ ਹੋ ਜਾਂਦਾ ਹੈ। ਉਹ ਵੀ ਆਪਣਾ ਸਾਜ਼ੋ-ਸਮਾਨ ਚੁੱਕ ਕੇ ਆਪਣੇ ਘਰ ਨੂੰ ਤੁਰ ਪੈਂਦੀ ਹੈ। ਜਿੱਥੇ ਨਣਦਾਂ ਪਹਿਲਾਂ ਭਰਜਾਈਆਂ ਨੂੰ ਬੀਬੀ ਜੀ ਆਖਦੀ ਸੀ ਪੱਛਮੀ ਸਭਿਅਤਾ ਦੇ ਪ੍ਰਭਾਵ ਸਦਕਾ ਭੈਣ ਜੀ ਤੇ ਦੀਦੀ ਸ਼ਬਦ ਦਾ ਪ੍ਰਯੋਗ ਕਰਕੇ ਸਬੰਧੋਨ ਕਰ ਰਹੀਆਂ ਹਨ।

ਪੁਸਤਕ ਦਾ ਅਧਿਐਨ ਕੀਤਿਆਂ ਪਤਾ ਚਲਦਾ ਹੈ ਕਿ ਪਹਿਲੇ ਸਮਿਆਂ ਵਿੱਚ ਰਿਸ਼ਤੇਦਾਰੀਆਂ ਵਿੱਚ ਸਾਂਝ ਬਹੁਤ ਪੱਕੀ ਹੁੰਦੀ ਸੀ। ਜਿਸ ਨੂੰ ਸਹਿਜੇ ਕੀਤੇ ਵਿਸਾਰਿਆ ਨਹੀਂ ਸੀ ਜਾਂਦਾ। ਹਰ ਇੱਕ ਕਾਰਜ ਇੱਕ ਦੂਜੇ ਦੀ ਰਿਸ਼ਤੇਦਾਰੀ ਨਾਲ ਸਲਾਹ ਕਰਕੇ ਕੀਤਾ ਜਾਂਦਾ ਸੀ। ਪਿੰਡ ਵਿੱਚ ਸ਼ਰੀਕੇ ਭਾਈਚਾਰੇ ਵਿੱਚ ਜੇ ਕਿਸੇ ਦੇ ਘਰ ਸਹਿਜ ਪਾਠ ਜਾਂ ਅਖੰਡ ਪਾਠ ਹੁੰਦਾ ਤਾਂ ਘਰ ਪਰਿਵਾਰ ਤੋਂ ਬਿਨਾਂ ਗਲੀ ਮੁਹੱਲੇ ਅਤੇ ਹੋਰ ਸ਼ਰੀਕੇ ਭਾਈਚਾਰੇ ਦੇ ਲੋਕਾਂ ਨੂੰ ਵੀ ਚਾਅ ਹੁੰਦਾ। ਅਖੰਡ ਪਾਠ ਦੇ ਤਿੰਨੇ ਦਿਨ ਬੜੀ ਰੌਣਕ ਰਹਿੰਦੀ, ਸਕਿਆਂ ਨੂੰ ਤਿੰਨ ਦਿਨ ਚੁੱਲ੍ਹੇ ਨਿਉਂਦਾ ਭਾਵ ਕਿ ਸਾਰੇ ਪਰਿਵਾਰਾਂ ਨੂੰ ਰੋਟੀ ਕੀਤੀ ਜਾਂਦੀ ਇਸ ਦੌਰਾਨ ਜੇ ਉਨ੍ਹਾਂ ਦੇ ਘਰ ਕੋਈ ਮਹਿਮਾਨ ਆਉਂਦਾ ਉਸ ਦੀ ਰੋਟੀ ਵੀ ਪਾਠ ਵਾਲੇ ਦੇ ਘਰ ਹੁੰਦੀ। ਸਾਰੀਆਂ ਅੰਮਾਂ, ਦਾਦੀਆਂ, ਤਾਈਆਂ, ਚਾਚੀਆਂ ਅਤੇ ਕੁੜੀਆਂ ਕੱਤਰੀਆਂ ਰਲ ਮਿਲ ਕੇ ਰੋਟੀ ਪਾਣੀ ਦਾ ਆਹਰ ਕਰਦੀਆਂ ਸਨ। ਅਜੋਕੇ ਦੌਰ ਵਿੱਚ ਇਸ ਵਿੱਚ ਭਾਰੀ ਬਦਲਾਅ ਹੋਇਆ ਹੈ। ਰਿਸ਼ਤੇਦਾਰੀਆਂ ਵਿਚ ਪੈਦਾ ਹੋ ਰਹੇ ਬਦਲਾਵ ਬਾਰੇ ਪੁਸਤਕ 'ਬਦਲ ਗਿਆ ਮੇਰਾ ਪਿੰਡ' ਵਿਚੋਂ ਇਸ ਬਾਰੇ ਪਰਮਜੀਤ ਕੌਰ ਸਰਹਿੰਦ ਦਾ ਵਿਚਾਰ ਹੈ:

ਅੱਜ ਇਸ ਮਸ਼ੀਨੀ ਯੁੱਗ ਵਿਚ ਇਕ ਦੂਜੇ ਤੋਂ ਅੱਗੇ ਲੰਘਣ ਦੀ ਦੌੜ ਵਿਚ ਕਿਸੇ ਕੋਲ ਐਨਾ ਸਮਾਂ ਕਿੱਥੇ ਹੈ ਕਿ ਸ਼ਰੀਕੇ ਭਾਈਚਾਰੇ ਵਿੱਚ ਦੁੱਖ ਸੁੱਖ ਤੋਂ ਇਲਾਵਾ ਵੀ ਕੋਈ ਰਲ ਬੈਠੇ। ਭਾਵੇਂ ਅੱਜ ਅਖੌਤੀ ਸਾਧਾਂ ਦੇ ਡੇਰਿਆਂ ਵਿੱਚ ਬਹੁਤੀ ਇਕੱਠ ਦੇਖਣ ਨੂੰ ਮਿਲਦੇ ਹਨ, ਪਰ ਸ਼ਰੀਕਾ ਭਾਈਚਾਰਾ ਇਕੱਠਾ ਹੋ ਕੇ ਬੈਠਣ ਨੂੰ ਜਿਵੇਂ ਭੁੱਲ ਹੀ ਗਿਆ ਹੈ। ਨਾ ਕਿਸੇ ਕੋਲ ਇੰਨਾ ਵਕਤ ਹੈ ਕਿ ਕਿਸੇ ਰੂਹਾਨੀ ਸਮਾਗਮ ਵਿਚ ਮਨ ਨੂੰ ਸ਼ਾਂਤੀ ਦੇਣ ਵਾਲੀਆਂ ਅਜਿਹੀਆਂ ਸੱਤਰਾਂ ਸੁਣੇ ਅਤੇ ਨਾਲ ਨਾਲ ਗਾ ਸਕੇ ਕਿ

ਨਾਮ ਜਪ ਲੈ ਨਿਮਾਣੀ ਜਿੰਦੇ,

ਮੇਰੀਏ ਦਮ ਦਾ ਵਿਸਾਹ ਕੋਈ ਨਾ ।(79)

ਅਜੋਕੇ ਮਸ਼ੀਨੀਕਰਨ ਦੇ ਯੁੱਗ ਵਿੱਚ ਰਿਸ਼ਤੇਦਾਰੀਆਂ ਵੀ ਬਦਲ ਗਈਆਂ ਹਨ ਅਤੇ ਰਿਸ਼ਤੇਦਾਰੀਆਂ ਵਿਚਲਾ ਪਿਆਰ ਮੁਹੱਬਤ ਵੀ ਮਨਫੀ ਹੋਇਆ ਹੈ। ਵਿਸ਼ਵੀਕਰਨ ਤੋਂ ਪਹਿਲੇ ਸਮੇਂ ਵਿੱਚ ਹਰ ਕੰਮ ਨੂੰ ਸਾਰੇ ਰਿਸ਼ਤੇਦਾਰ ਅਤੇ ਪਰਿਵਾਰ ਮੈਂਬਰ ਰਲ ਕੇ ਕਰਿਆ ਕਰਦੇ ਸਨ। ਪਰ ਹੁਣ ਕੰਮ ਮਸ਼ੀਨਾਂ ਨਾਲ ਹੋਣ ਕਰਕੇ ਆਪਸੀ ਸਾਂਝਾਂ ਅਤੇ ਮੁਹੱਬਤਾਂ ਵੀ ਘਟੀਆਂ ਹਨ । ਇਸ ਬਾਰੇ ਪੁਸਤਕ 'ਬਦਲ ਗਿਆ ਮੇਰਾ ਪਿੰਡ' ਵਿਚੋਂ ਪਰਮਜੀਤ ਕੌਰ ਸਰਹਿੰਦ ਦਾ ਵਿਚਾਰ ਅੰਕਿਤ ਹੈ :

ਅੱਜ ਤੋਂ ਚਾਰ ਪੰਜ ਦਹਾਕੇ ਪਹਿਲਾਂ ਪਿੰਡਾਂ ਵਿੱਚ ਬਹੁਤ ਮਿਲਵਰਤਨ ਸੀ। ਮਸ਼ੀਨੀਕਰਨ ਨੇ ਲੋਕਾਂ ਨੂੰ ਸੁੱਖ ਸਹੂਲਤਾਂ ਦਾ ਤਾਂ ਕੋਈ ਘਾਟਾ ਨਹੀਂ ਛੱਡਿਆ, ਪਰ ਉਨ੍ਹਾਂ ਦਾ ਆਪਸੀ ਪ੍ਰੇਮ ਪਿਆਰ ਬਹੁਤ ਘਟਾ ਦਿੱਤਾ ਹੈ। ਕਣਕਾਂ ਦੀ ਵਾਢੀ ਸਮੇਂ ਲਾਈਆਂ ਜਾਂਦੀਆਂ ਆਵਤਾਂ, ਇਸ ਮਸ਼ੀਨੀ ਯੁੱਗ ਦੀ ਭੇਟ ਚੜ੍ਹ ਗਈਆਂ ਹਨ। ਇਸੇ ਤਰ੍ਹਾਂ ਮੱਕੀ ਕੁੱਟਣ ਵੇਲੇ ਵੀ ਆਪਸੀ ਸਾਂਝ ਵਿਦਮਾਨ ਸੀ। ਮੱਕੀ ਕੱਢੀ ਤਾਂ ਖੇਤਾਂ ਵਿੱਚ ਹੀ ਜਾਂਦੀ ਸੀ ਘਰ ਦੇ ਜੀਅ ਅਤੇ ਸਾਂਝੀ ਸੀਰੀ ਰਲ ਕੇ ਛੱਲੀਆਂ ਕੱਢਦੇ ਕੱਢੀਆਂ ਛੱਲੀਆਂ ਨੂੰ ਗੱਡੇ ਉੱਤੇ ਘਰ ਢੋਇਆ ਜਾਂਦਾ ਸੀ ਅਤੇ ਵਿਹੜੇ ਵਿਚ ਕੋਠੇ ਉੱਤੇ ਸੁਕਾਇਆ ਜਾਂਦਾ। ਜਦੋਂ ਇਹ ਕੁੱਕੜੀਆਂ ਸੁੱਕ ਜਾਂਦੀਆਂ ਤਾਂ ਘਰ ਦੇ ਵਿਹੜੇ ਵਿੱਚ ਖਿਲਾਰ ਲਈਆਂ ਜਾਂਦੀਆਂ ਇਨ੍ਹਾਂ ਦੇ ਚਾਰੇ ਪਾਸੇ ਟੇਢੇਦਾਰ ਮੰਜੇ ਖੜ੍ਹੇ ਕੀਤੇ ਜਾਂਦੇ, ਉੱਤੇ ਖੇਸ ਦੋੜੇ ਪਾਏ

> ਜਾਂਦੇ, ਤਾਂ ਜੋ ਮੱਕੀ ਕੁੱਟਦਿਆਂ ਦਾਣੇ ਤਿੜਕ ਕੇ ਬਾਹਰ ਨਾ ਖਿਲਰਨ । ਗਲੀ ਗੁਆਂਢ ਦੇ ਬੰਦੇ ਖ਼ਾਸਕਰ ਜੁਆਨ ਮੁੰਡੇ ਇਕੱਠੇ ਹੋ ਕੇ ਇਕ ਦੂਜੇ ਦੀਆਂ ਛੱਲੀਆਂ ਕਟਵਾਉਂਦੇ । .....ਮੱਕੀ ਦੇ ਦਿਨਾਂ ਵਿਚ ਦੂਜੇ ਤੀਜੇ ਦਿਨ ਕਿਸੇ ਨਾ ਕਿਸੇ ਦੇ ਵਿਹੜੇ ਵਿੱਚ ਰੌਣਕ ਲੱਗੀ ਰਹਿੰਦੀ ਮੱਕੀ ਕੁੱਟਦੇ ਚਾਮਲੇ ਮੁੰਡੇ, ਕਿਸੇ ਤਾਈ, ਚਾਚੀ ਤੋਂ ਘਰ ਦੇ ਘਿਉ ਤੇ ਗੁੜ ਦਾ ਕੜਾਹ ਵੀ ਬੰਨ੍ਹ ਬਣਾ ਕੇ ਖਾਂਦੇ। ਕੁਝ ਦਿਨ ਪਿੱਛੋਂ ਸੁੱਕੀ ਮੱਕੀ ਨੂੰ ਰਲ ਮਿਲ ਕੇ ਢੋਲਾਂ ਪੀਪਿਆਂ ਵਿੱਚ ਜਾਂ ਕੋਠੀਆਂ ਵਿੱਚ ਵੀ ਇਹ ਮੁੰਡੀਰ ਹੀ ਪਾ ਦਿੰਦੀ। ਅੱਜ ਮੱਕੀ ਮਸ਼ੀਨਾਂ ਨਾਲ ਕੱਟੀ ਵੱਢੀ ਜਾਂਦੀ ਹੈ ਅਤੇ ਘਰ ਦੇ ਵਿਹੜਿਆਂ ਵਿੱਚ ਨਾ ਗੱਭਰੂਆਂ ਦੇ ਹਾਸੇ ਠੱਠੇ ਸੁਣਦੇ ਹਨ ਅਤੇ ਨਾ ਡੰਡਿਆਂ ਸੋਟੀਆਂ ਦੀ ਠਾਹ ਠਾਹ ਹੁੰਦੀ ਸੁਣਦੀ ਹੈ। (80-81)

ਅਜੋਕੇ ਦੌਰ ਵਿੱਚ ਕਿਸੇ ਕੋਲ ਇੰਨਾ ਸਮਾਂ ਹੀ ਨਹੀਂ ਅਤੇ ਨਾ ਹੀ ਇੰਨੀ ਖੁੱਲ੍ਹ ਦਿਲੀ ਹੈ ਕਿ ਘਰ ਵਿਚ ਆਏ ਪ੍ਰਹੁਣਿਆਂ ਦਾ ਮਾਣ ਸਤਿਕਾਰ ਬਹੁਤੇ ਦਿਨਾਂ ਲਈ ਕੀਤਾ ਜਾਵੇ। ਦੂਜੇ ਪਾਸੇ ਰਿਸ਼ਤੇਦਾਰੀ ਦੀਆਂ ਪ੍ਰਾਹੁਣਚਾਰੀ ਵੀ ਪਹਿਲਾਂ ਵਰਗੀਆਂ ਨਹੀਂ ਰਹੀਆਂ, ਦੂਰ ਦੀਆਂ ਰਿਸ਼ਤੇਦਾਰੀਆਂ ਤਾਂ ਇੱਕ ਪਾਸੇ ਪਰਿਵਾਰ ਦੀਆਂ ਗੂੜ੍ਹੀਆਂ ਰਿਸ਼ਤੇਦਾਰੀਆਂ ਵੀ ਇੱਕ ਦੂਜੇ ਕੋਲੋਂ ਪਾਸਾ ਵੱਟ ਰਹੀਆਂ ਹਨ। ਜਿਸ ਕਾਰਨ ਬੱਚੇ ਦੂਰ ਦੁਰਾਡੇ ਤੋਂ ਆਏ ਰਿਸ਼ਤੇਦਾਰਾਂ ਨੂੰ ਮਾੜੀ ਮੋਟੀ ਦੁਆ ਸਲਾਮ ਕਰਕੇ ਆਪੋ ਆਪਣੇ ਕਮਰਿਆਂ ਵਿੱਚ ਵੜ ਜਾਂਦੇ ਹਨ ਤੇ ਬਹੁਤਾ ਸਮਾਂ ਟੀਵੀ, ਕੰਪਿਊਟਰ ਜਾਂ ਹੋਰ ਆਧੁਨਿਕ ਸਾਧਨਾਂ ਨਾਲ ਹੀ ਸਮਾਂ ਬਤੀਤ ਕਰਦੇ ਹਨ। ਰਿਸ਼ਤਾ ਨਾਤਾ ਪ੍ਰਬੰਧ ਵਿੱਚ ਆਏ ਬਦਲਾਅ ਬਾਰੇ ਅਧਿਐਨ ਅਧੀਨ ਪੁਸਤਕ 'ਬਦਲ ਗਿਆ ਮੇਰਾ ਪਿੰਡ' ਵਿਚੋਂ ਪਰਮਜੀਤ ਕੌਰ ਸਰਹਿੰਦ ਦਾ ਵਿਚਾਰ ਹੈ:

> ਰਿਸ਼ਤਿਆਂ ਦਾ ਇਹ ਘਾਣ ਕੇਵਲ ਸਵਾਰਥ ਹਉਮੈ ਅਤੇ ਪਦਾਰਥਵਾਦ ਕਾਰਨ ਹੀ ਹੋਇਆ ਹੈ। ਇਕ ਦੂਜੇ ਤੋਂ ਅੱਗੇ ਵੱਧਣ ਦੀ ਹੋੜ ਘਾਤਕ ਈਰਖਾ ਦਾ ਰੂਪ ਧਾਰ ਗਈ ਹੈ। ਕਿਹਾ ਤਾਂ ਜਾਂਦਾ ਹੈ ਕਿ 'ਆਪਣਾ ਮਾਰੂ ਛਾਵੇਂ ਸੁੱਟੂ' ਪਰ ਅੱਜ ਆਪਣੇ ਜਿਸ ਢੰਗ ਨਾਲ ਆਪਣਿਆਂ ਨੂੰ ਹੀ ਮਾਰ ਰਹੇ ਹਨ, ਉਹ ਤਾਂ ਅੱਗ ਚ ਸੁੱਟ ਰਹੇ ਹਨ। ਅੱਜ ਕੁਝ ਵਿੱਘੇ, ਮਰਲੇ ਜ਼ਮੀਨ ਪਿੱਛੇ ਜਾਂ ਦੋ-ਦੋ ਗਜ਼ ਦੇ ਪਲਾਟ ਪਿੱਛੇ ਭਰਾ ਭਰਾ ਨੂੰ ਕਤਲ ਕਰ ਦਿੰਦਾ ਹੈ ਅਤੇ ਭਤੀਜੇ ਖੇਤ ਵਿਚ ਸੁੱਤੇ ਪਏ ਤਾਏ, ਚਾਚੇ

ਨੂੰ ਕਹੀਆਂ ਗੰਡਾਸੀਆਂ ਨਾਲ ਵੱਢ ਦਿੰਦੇ ਹਨ। ਬਜ਼ੁਰਗ ਮਾਪੇ ਇਹ ਕਾਟੋ ਕਲੇਸ਼ ਅਤੇ ਭਰਾ ਹੱਥੋਂ ਭਰਾ ਮਰਦੇ ਦੇਖ ਮੰਜੇ ਨਾਲ ਲੱਗ ਜਾਂਦੇ ਹਨ ਜਾਂ ਰੁੜ੍ਹ ਕੇ ਮਰ ਜਾਂਦੇ ਹਨ ।ਕਿਹਾ ਜਾਂਦਾ ਹੈ ਕਿ ਜਿਸ ਘਰ ਬਜ਼ੁਰਗ ਹਨ ਉਸ ਪਰਿਵਾਰ ਦੇ ਜੀਆਂ ਨੂੰ ਤੀਰਥ ਯਾਤਰਾ ਕਰਨ ਦੀ ਲੋੜ ਨਹੀਂ। ਪਰ ਅੱਜ ਇਹ ਸਭ ਗੱਲਾਂ ਬੇਅਰਥ ਹੋ ਕੇ ਰਹਿ ਗਈਆਂ ਹਨ। (99)

ਪਰਿਵਾਰਕ ਰਿਸ਼ਤਿਆ ਤੋਂ ਇਲਾਵਾ ਵਿਆਹ ਉਪਰੰਤ ਬਣੇ ਰਿਸ਼ਤਿਆਂ ਵਿਚ ਵੀ ਬਦਲਾਵ ਨਜ਼ਰ ਆ ਰਹੇ ਹਨ। ਨਾਨਕੇ ਪੱਖ ਦੇ ਰਿਸ਼ਤੇ-ਨਾਤੇ ਬਦਲ ਰਹੇ ਹਨ। ਅਜੋਕੀ ਪੀੜ੍ਹੀ ਨਾਨਾ-ਨਾਨੀ ਅਤੇ ਮਾਮਾ-ਮਾਮੀਆਂ ਦੇ ਘਰਾਂ ਵਿਚ ਜਾਣ ਤੇ ਉੱਥੇ ਜਾ ਕੇ ਕਈ ਕਈ ਦਿਨ ਰਹਿਣ ਨੂੰ ਨਾਕਾਰ ਰਹੀ ਹੈ। ਮੌਜੂਦਾ ਦੌਰ ਦਾ ਅਧਿਐਨ ਕੀਤਿਆਂ ਪਤਾ ਚਲਦਾ ਹੈ ਕਿ ਜੀਜਾ-ਸਾਲੀ ਦੇ ਰਿਸ਼ਤੇ ਵਿਚ ਪਹਿਲਾਂ ਵਰਗੀ ਸੰਗ, ਸ਼ਰਮ ਅਤੇ ਹਿਆ ਨਹੀਂ ਰਹੀ।

## III

ਹੱਥਲੇ ਖੋਜ ਕਾਰਜ ਦੇ ਇਸ ਅਧਿਆਇ  ਵਿਸ਼ਵੀਕਰਨ ਦੇ ਦੌਰ ਵਿਚ ਪੰਜਾਬੀਆਂ ਦੇ ਰਿਸ਼ਤਿਆਂ ਨਾਤਿਆਂ ਵਿਚ ਹੋਇਆ ਰੁਪਾਂਤਰਨ ਦਾ ਅਧਿਐਨ ਕੀਤਿਆਂ ਪਤਾ ਚੱਲਦਾ ਹੈ ਕਿ ਵਿਸ਼ਵੀਕਰਨ ਦੇ ਦੌਰ ਵਿਚ ਰਿਸ਼ਤਿਆਂ -ਨਾਤਿਆਂ ਵਿਚ ਭਾਰੀ ਬਦਲਾਵ ਹੋਇਆ ਹੈ। ਪੰਜਾਬੀ ਸਭਿਆਚਾਰ ਵਿਚ ਬਹੁਤ ਸਾਰੀਆਂ ਨਵੀਆਂ ਰੀਤਾਂ ਰਸਮਾਂ ਦੇ ਪੈਦਾ ਹੋਣ ਨਾਲ ਪਰਿਵਾਰਕ ਰਿਸ਼ਤਿਆਂ ਵਿਚ ਵੀ ਕਾਫੀ ਪਰਿਵਰਤਨ ਆਇਆ ਹੈ। ਨਿੱਤ ਦਿਨ ਤੇਜ਼ੀ ਨਾਲ ਬਦਲ ਰਹੇ ਸਮਾਜਿਕ ਅਤੇ ਗੈਰ ਸਮਾਜਿਕ ਸਰੋਕਾਂਰਾ ਦੇ ਕਰਕੇ, ਪੰਜਾਬੀ ਰਿਸ਼ਤਾ ਪ੍ਰਬੰਧ ਬਦਲ ਗਿਆ ਹੈ। ਪਹਿਲਾਂ ਨਾਲੋਂ ਹੁਣ ਹਰੇਕ ਰਿਸ਼ਤੇ ਦੀ ਪਰਿਭਾਸ਼ਾ ਬਦਲ ਚੁੱਕੀ ਹੈ, ਇੱਥੋਂ ਤੱਕ ਕਿ ਸਭ ਤੋਂ ਕਰੀਬੀ ਰਿਸ਼ਤੇਦਾਰੀਆਂ ਫਿੱਕੀਆਂ ਪੈ ਰਹੀਆਂ ਹਨ। ਪਦਾਰਥਵਾਦੀ ਮੋਹ ਅਤੇ ਪੂੰਜੀ ਦੀ ਦੌੜ ਨੇ ਹਰ ਰਿਸ਼ਤੇ ਦੇ ਮੋਹ ਨੂੰ ਫਿੱਕਾ ਕਰ ਦਿੱਤਾ ਹੈ। ਇਸ ਪੈਦਾ ਹੋ ਰਹੇ ਬਦਲਾਵ ਬਾਰੇ ਪੁਸਤਕ 'ਪੰਜਾਬੀ ਨਾਵਲ ਰਿਸ਼ਤਿਆਂ ਦੀ ਪਰਿਭਾਸ਼ਾ' ਵਿਚੋਂ ਡਾ. ਸੁਖਵਿੰਦਰ ਸਿੰਘ ਦਾ ਵਿਚਾਰ ਹੈ ਕਿ :

ਔਰਤ ਮਰਦ ਦੀ ਖਿੱਚ ਪ੍ਰਾਕਿਰਤਕ ਸੱਚਾਈ ਹੈ, ਜੋ ਦੇਹੀ ਤੇ ਰੂਹ ਦੀਆਂ ਲੋੜਾਂ ਦੀ ਪੂਰਤੀ ਦਾ ਆਧਾਰ ਹੈ। ਇਸ ਖਿੱਚ ਦੇ ਆਧਾਰ ਤੇ ਹੀ ਸਮਾਜ ਨੇ ਵਿਕਾਸ ਕੀਤਾ ਇਸ ਲਈ ਆਦਿਕਾਲੀਨ ਸਮਾਜਿਕ ਅਵਸਥਾ ਦੀ ਹੋਂਦ ਲਈ ਔਰਤ ਮਰਦ ਦੇ ਰਿਸ਼ਤੇ ਵਿਚ ਪ੍ਰੇਮ ਤੱਤ ਨੂੰ ਜ਼ਰੂਰੀ ਸਮਝਿਆ ਗਿਆ ਹੈ। ਸਮਾਜਿਕ ਵਿਕਾਸ ਦਾ ਮੁੱਢਲਾ ਯੁੱਗ ਕਬੀਲਾ ਯੁੱਗ ਹੈ। ਮਨੁੱਖ ਨੇ ਆਪਣੇ ਦਿਮਾਗ ਦੀ ਕਾਢ ਕਰਕੇ ਅਤੇ ਸਮੇਂ ਦੀ ਲੋੜ ਕਰਕੇ ਟੋਲੀਆਂ ਦੇ ਰੂਪ ਵਿੱਚ ਰਹਿਣਾ ਸ਼ੁਰੂ ਕੀਤਾ, ਤਾਂ ਜੋ ਦਰਪੇਸ਼ ਆਈਆਂ ਮੁਸੀਬਤਾਂ ਦਾ ਮੁਕਾਬਲਾ ਕੀਤਾ ਜਾ ਸਕੇ। ਔਰਤ ਮਰਦ ਦੇ ਹਿੱਤ ਸਾਂਝੇ ਸਨ ਔਰਤ ਮਰਦ ਸਬੰਧ ਸਰੀਰਕ ਖਿੱਚ ਤੇ ਨਿਰਭਰ ਸਨ। ਹਰ ਔਰਤ ਮਰਦ ਦੀ ਅਤੇ ਹਰ ਮਰਦ ਹਰ ਔਰਤ ਦਾ ਸੀ। ਬੱਚੇ ਪੈਦਾ ਕਰਨ ਦੀ ਸ਼ਕਤੀ ਸਿਰਫ ਔਰਤ ਕੋਲ ਹੋਣ ਅਤੇ ਪਰਿਵਾਰ ਰੂਪੀ ਮੁੱਢਲੀ ਸਮਾਜਿਕ ਇਕਾਈ ਵਿੱਚ ਇੱਕ ਮਾਂ ਹੋਣ ਦੇ ਨਾਂ ਤੇ ਉਸ ਦਾ ਸਥਾਨ ਗੌਰਵਸ਼ੀਲ ਸੀ। ਇਸ ਗੱਲ ਨੇ ਔਰਤ ਮਰਦ ਦੇ ਰਿਸ਼ਤੇ ਨੂੰ ਬਹੁਤ ਪ੍ਰਭਾਵਿਤ ਕੀਤਾ। (19)

ਗਿਆਨ ਦੀਆਂ ਨਵੀਆਂ ਲੱਭਤਾਂ ਨੇ ਔਰਤ ਮਰਦ ਦੇ ਸਬੰਧਾਂ ਨੂੰ ਨਵੀਂ ਦਿਸ਼ਾ ਵੱਲ ਸੇਧ ਕੀਤਾ ਹੈ। ਮਜ਼ਦੂਰਾਂ ਦੇ ਨਾਲ ਇਸਤਰੀਆਂ ਨੂੰ ਕੰਮ ਵਿੱਚ ਲਗਾਇਆ ਜਾਣ ਲੱਗਾ ਅਤੇ ਨਾਲ ਹੀ ਮਸ਼ੀਨ ਕਾਰਨ ਔਰਤ ਮਰਦ ਦੇ ਬਰਾਬਰ ਕੰਮ ਕਰਨ ਦੇ ਯੋਗ ਹੋ ਜਾਂਦੀ ਹੈ। ਭਾਵੇਂ ਪੂੰਜੀਵਾਦੀ ਯੁੱਗ ਨੇ ਆਰਥਿਕ ਸਾਧਨਾਂ ਤੇ ਆਧਾਰਤ ਨਵੇਂ ਰਿਸ਼ਤਿਆਂ ਨੂੰ ਹੋਂਦ ਵਿੱਚ ਲਿਆਂਦਾ, ਪ੍ਰੰਤੂ ਇਹ ਰਿਸ਼ਤੇ ਵੀ ਪੂੰਜੀਵਾਦੀ ਵਰਗ ਦੀ ਲੁੱਟ ਘਸੁੱਟ ਉੱਤੇ ਹੀ ਅਸ਼ਰਿਤ ਰਹੇ ਕਾਰਖਾਨਿਆਂ ਵਿੱਚ ਬਰਾਬਰ ਮਿਹਨਤ ਕਰਨ ਕਰਕੇ ਔਰਤ ਮਰਦ ਦੀ ਬਰਾਬਰੀ ਦੀ ਰਿਸ਼ਤੇ ਦਾ ਵਿਚਾਰ ਵੀ ਪੈਦਾ ਹੋਇਆ । ਅਜੋਕੇ ਭਾਰਤ ਦੀ ਅਰਧ ਜਗੀਰੂ ਤੇ ਅਰਧ ਪੂੰਜੀਵਾਦੀ ਵਿਵਸਥਾ ਵਿੱਚ ਮਨੁੱਖੀ ਰਿਸ਼ਤਿਆਂ ਖ਼ਾਸ ਕਰ ਕੇ ਔਰਤ ਮਰਦ ਦੇ ਰਿਸ਼ਤਿਆਂ ਦੀ ਗੱਲ ਤੋਰਦਿਆਂ ਇਹ ਗੱਲ ਉਲੇਖਯੋਗ ਹੈ ਕਿ ਭਾਵੇਂ ਭਾਰਤ ਵਿੱਚ ਪੂੰਜੀਵਾਦੀ ਵਿਵਸਥਾ ਆਪਣੇ ਪੈਰ ਲਾ ਰਹੀ ਹੈ, ਪਰ ਮਹਾਂਨਗਰਾਂ ਵਿੱਚ ਜਿੱਥੇ ਸਮਾਜਿਕ ਜੀਵਨ ਸਮਾਜਿਕ ਰਿਸ਼ਤੇ ਨਾਤੇ ਅਤੇ ਸਮਾਜਿਕ ਚਿੰਤਨ ਆਦਿ ਆਉਂਦੇ ਹਨ, ਪੂੰਜੀਵਾਦੀ ਵਿਵਸਥਾ ਭਾਰੂ ਰਹੀ ਹੈ , ਉਥੇ ਪੇਂਡੂ ਅਤੇ ਛੋਟੇ ਨਗਰਾਂ ਵਿਚ ਅੱਜ ਵੀ ਜਗੀਰੂ ਰਿਸ਼ਤੇ ਹਨ। ਭਾਵ ਮੂਲ ਸਮਾਜਿਕ ਉਸਾਰ ਹਾਲੇ ਵੀ ਜਗੀਰਦਾਰੀ ਕਦਰਾਂ ਕੀਮਤਾਂ ਦਾ ਧਾਰਨੀ ਹੈ।

ਅਜੋਕੇ ਦੌਰ ਵਿਚ ਇਹੋ ਜਿਹੇ ਬਣ ਰਹੇ ਪਤੀ ਪਤਨੀ ਦੇ ਰਿਸ਼ਤੇ ਕਰਕੇ ਨਵੀਨ ਪੀੜ੍ਹੀ ਆਪਣੇ ਪੁਰਖਿਆ ਦੇ ਪਿੰਡਾਂ ਨੂੰ ਛੱਡ ਕੇ ਹੋਰ ਸਥਾਨਾਂ ਤੇ ਜਾ ਰਹੇ ਹਨ। ਬਹੁਤਾ ਕਰਕੇ ਮਾਪਿਆਂ ਲਈ ਇਹ ਸਿਰ ਦਰਦੀ ਦਾ ਕਾਰਨ ਬਣ ਰਹੇ ਹਨ। ਮਾਪਿਆਂ ਦੁਆਰਾ ਆਪਣੀ ਔਲਾਦ ਲਈ ਕੀਤੀ ਖੱਟੀ ਕਮਾਈ ਇਸ ਮੋੜ ਤੇ ਆ ਕੇ ਸਾਰਥਿਕਤਾ ਦੀ ਥਾਂ ਨਿਰਾਥਕਤਾ ਦਾ ਕਾਰਨ ਬਣ ਰਹੀ ਹੈ।

ਅਜੋਕੀ ਪੀੜ੍ਹੀ ਦੇ ਇਸ ਫੈਸਲੇ ਕਾਰਨ ਪੁਰਾਣੀ ਪੀੜ੍ਹੀ ਮਜ਼ਬੂਰਨ ਗੋਡੇ ਟੇਕ ਰਹੀ ਹੈ। ਬਜ਼ੁਰਗਾਂ ਦੁਆਰਾ ਤੈਅ ਕੀਤੇ ਜਾਂਦੇ ਰਿਸ਼ਤਿਆਂ ਨੂੰ ਨਕਾਰ ਕੇ ਮਨਮਰਜ਼ੀ ਦੇ ਵਿਆਹ ਕਾਰਨ ਅਜੋਕੀ ਪੀੜ੍ਹੀ ਮਾਨਸਿਕਤਾ ਦਾ ਸ਼ਿਕਾਰ ਹੋਈ ਬੈਠੀ ਹੈ। ਜਿੰਨੀ ਤੇਜ਼ੀ ਨਾਲ ਮਨਮਰਜ਼ੀ ਦੇ ਵਿਆਹ ਹੋ ਰਹੇ ਹਨ, ਉਨੀ ਹੀ ਤੇਜ਼ੀ ਨਾਲ ਤਲਾਕ ਦੇ ਕੇਸਾਂ ਦਾ ਗ੍ਰਾਫ ਵਧਦਾ ਜਾ ਰਿਹਾ ਹੈ। ਮਨਮਰਜ਼ੀ ਦੇ ਕੀਤੇ ਵਿਆਹ ਬਹੁਤਾ ਕਰਕੇ ਘੱਟ ਸਿਰੇ ਚੜ੍ਹ ਰਹੇ ਹਨ, ਕਿਉਕਿ ਮਾਪਿਆਂ ਦੀ ਸ਼ਮੂਲੀਅਤ ਨਾ ਹੋਣ ਕਰਕੇ ਫਿਰ ਪੁਕਾਰ ਸੁਨਣ ਵਾਲਾ ਕੋਈ ਨਹੀਂ ਹੁੰਦਾ। ਵਿਸ਼ਵੀਕਰਨ ਦੇ ਦੌਰ ਵਿਚ ਪਤੀ-ਪਤਨੀ ਦਾ ਰਿਸ਼ਤਾ ਪੁਰਾਣੇ ਤਾਣੇ-ਬਾਣੇ ਵਿਚੋਂ ਨਿਕਲ ਕੇ ਪੱਛਮ ਦੀ ਤਰਜ਼ ਤੇ ਨਵੇਂ ਦੌਰ ਵੱਲ ਸਫਰ ਕਰ ਰਿਹਾ

ਸਮਾਜ ਵਿਚ ਰਹਿੰਦਿਆਂ ਸਮਾਜ ਦਾ ਇਹ ਦਸਤੂਰ ਹੈ ਕਿ ਹਰ ਰਿਸ਼ਤਾ ਵਕਤ ਮੰਗਦਾ ਹੈ। ਪਰ ਪੂੰਜੀਵਾਦੀ ਅਤੇ ਉਦਯੋਗਿਕ ਤਰੱਕੀ ਕਰਕੇ ਮਸ਼ੀਨਾਂ ਨਾਲ ਕੰਮ ਕਰਦਾ ਇਨਸਾਨ ਖੁਦ ਹੀ ਮਸ਼ੀਨ ਬਣ ਗਿਆ ਹੈ। ਜਿਸ ਕਾਰਨ ਉਸ ਕੋਲ਼ ਆਪਣੇ ਖਾਸ ਅਤੇ ਨਜ਼ਦੀਕੀ ਰਿਸ਼ਤਿਆਂ ਨੂੰ ਮਿਲਣ ਦਾ ਵਕਤ ਹੀ ਨਹੀਂ ਰਿਹਾ। ਮਾਪੇ ਵੀ ਕੰਮ ਕਾਜ ਦੂਰ-ਦੁਰਾਡੇ ਕਰਦੇ ਹੋਣ ਕਰਕੇ ਬੱਚਿਆਂ ਤੋਂ ਦੂਰ ਰਹਿ ਰਹੇ ਹਨ। ਜਿਸ ਕਾਰਨ ਬੱਚਿਆਂ ਦਾ ਇਕ ਆਪਣਾ ਕਲਚਰ ਪੈਦਾ ਹੋ ਰਿਹਾ ਹੈ। ਸਾਂਝੇ ਪਰਿਵਾਰਾਂ ਵਿਚ ਰਹਿੰਦਾ ਬੱਚਾ ਪਰਿਵਾਰਕ ਰੁਹ-ਰੀਤਾਂ ਨੂੰ ਸੁਭਾਵਿਕ ਹੀ ਸਿੱਖ ਜਾਂਦਾ ਸੀ। ਜਿੱਥੇ ਪਹਿਲਾਂ ਬੱਚੇ ਰਾਤ ਨੂੰ ਸੌਣ ਲੱਗਿਆਂ ਬਾਬੇ,ਦਾਦੇ, ਨਾਨੇ, ਨਾਨੀਆਂ ਕੋਲੋਂ ਕਹਾਣੀਆਂ ਸੁਣਦੇ ਸਨ, ਜਿਸ ਨਾਲ ਉਹਨਾਂ ਵਿਚ ਚੰਗੇ ਗੁਣਾਂ ਦਾ ਵਿਕਾਸ ਹੁੰਦਾ ਸੀ। ਇਹ ਰੌਚਕ ਅਤੇ ਸਿੱਖਿਆ ਦਾਇਕ ਕਹਾਣੀਆਂ ਸੁਨਣ ਦਾ ਬੱਚਿਆਂ ਨੂੰ ਬੜਾ ਚਾਅ ਹੁੰਦਾ ਸੀ। ਵਿਸ਼ਵੀਕਰਨ ਦੇ ਦੌਰ ਵਿਚ ਅਜੋਕੀ ਪੀੜ੍ਹੀ ਬਚਪਨ ਅਤੇ ਜਵਾਨੀ ਦੀ ਵਿਚਕਾਰਲੀ ਕੜੀ ਟੀ.ਵੀ. ਚੈਨਲਾਂ ਤੇ ਪੇਸ਼ ਹੋ ਰਹੀ ਲੱਚਰਤਾ ਅਤੇ ਫੈਸ਼ਨ ਦਾ ਸ਼ਿਕਾਰ ਹੋ ਰਹੀ ਹੈ। ਪੱਛਮੀ ਸਭਿਅਤਾ ਦੀ ਤਰਜ਼ ਤੇ ਅਜੋਕਾ ਬੱਚਾ ਸਭ ਕੁਝ

ਆਪਣਾ ਚਾਹੁੰਦਾ ਹੈ। ਉਹ ਚਾਹੁੰਦਾ ਹੈ ਕਿ ਉਸ ਦਾ ਆਪਣਾ ਕਮਰਾ ਹੋਵੇ ਉਸ ਵਿਚ ਸਾਰੀਆਂ ਨਵੀਨ ਸਹੂਲਤਾਂ ਹੋਣ ਜਿਵੇਂ ਟੀ.ਵੀ., ਕੰਪਿਊਟਰ, ਮੋਬਾਇਲ, ਇੰਟਰਨੈੱਟ ਆਦਿ ਅਤੇ ਘੁੰਮਣ ਫਿਰਨ ਲਈ ਆਪਣੀ ਪਸੰਦ ਦਾ ਸਾਧਨ ਹੋਵੇ। ਅਜੋਕੀ ਪੀੜ੍ਹੀ ਆਪਣੀ ਜ਼ਿੰਦਗੀ ਵਿਚ ਕਿਸੇ ਦੀ ਦਖਲ ਅੰਦਾਜ਼ੀ ਸਵੀਕਾਰ ਨਹੀਂ ਕਰਦੀ।

ਅਧਿਆਇ ਵਿਚ ਖੋਜ ਕੀਤਿਆਂ ਪਤਾ ਚਲਦਾ ਹੈ ਕਿ ਵਿਸ਼ਵੀਕਰਨ ਦੇ ਪ੍ਰਭਾਵ ਸਦਕਾ ਉਦਯੋਗਿਕ ਅਤੇ ਪੂੰਜੀਵਾਦੀ ਦੀ ਤਰਜ਼ 'ਤੇ ਨਵੀਨ ਸਮਾਜ ਦੀ ਬਣਤਰ ਬਣ ਰਹੀ ਹੈ ਜਿਸ ਕਰਕੇ ਖੋਜ ਕਾਰਜ ਵਿਚ ਅੰਕਿਤ ਕੀਤੀਆਂ ਪੁਰਾਣੀਆਂ ਰਿਸ਼ਤੇਦਾਰੀਆਂ ਮਨਫੀ ਹੋ ਰਹੀਆਂ ਹਨ। ਅਜੋਕੀ ਪੀੜ੍ਹੀ ਵਿਚ ਪੱਸਰੀ ਪਦਾਰਥਵਾਦੀ ਲਹਿਰ ਨੇ ਪੰਜਾਬੀ ਰਿਸ਼ਤਿਆਂ ਤੇ ਸਾਕਾਦਾਰੀ ਵਿਚ ਵੱਡੇ ਪਰਿਵਰਤਨ ਲੈ ਆਂਦੇ ਹਨ। ਪੰਜਾਬੀ ਜਨ ਜੀਵਨ ਵਿਚ ਮਿਠਾਸ ਅਤੇ ਸਹੁਜ ਸੁਆਦ ਭਰਭੂਰ ਰਿਸ਼ਤੇ ਚਾਚੀ, ਤਾਈ, ਭੂਆ, ਮਾਸੀ ਇੱਕੋ ਸ਼ਬਦ ਆਂਟੀ ਅਤੇ ਇਸੇ ਤਰ੍ਹਾਂ ਚਾਚਾ, ਤਾਇਆ, ਫੁੱਫੜ ਅਤੇ ਮਾਸੜ ਅੰਕਲ ਸ਼ਬਦ ਤੱਕ ਸਿਮਟ ਕੇ ਰਹਿ ਗਏ ਹਨ। ਬੇਸ਼ੱਕ ਇਹ ਰਿਸ਼ਤੇ ਪੱਛਮ ਦੀ ਤਰਜ਼ 'ਤੇ ਪੰਜਾਬ ਵਿਚ ਵੀ ਆਪਣੇ ਪੈਰ ਪਸਾਰ ਰਹੇ ਹਨ, ਪਰ ਪੰਜਾਬ ਦੀ ਲੋਕਧਾਰਾ ਦੀ ਇਹ ਵਿਲੱਖਣਤਾ ਹੈ ਕਿ ਉਨੀ ਦੇਰ ਤੱਕ ਕੋਈ ਰਿਸ਼ਤਾ ਸਵੀਕਾਰ ਨਹੀਂ ਕੀਤਾ ਜਾਂਦਾ ਜਿੰਨੀ ਦੇਰ ਤੱਕ ਕੋਈ ਰਿਸ਼ਤਾ ਲੰਬਾ ਪੈਂਡਾ ਤੈਅ ਕਰਕੇ ਸਮਾਜ ਵਿਚ ਮਾਣ ਹਾਸਿਲ ਨਹੀਂ ਕਰਦਾ। ਪੰਜਾਬੀ ਰਿਸ਼ਤਾ ਪ੍ਰਬੰਧ ਦੀ ਇਹ ਪਹਿਚਾਣ ਰਹੀ ਹੈ ਕਿ ਪੰਜਾਬੀ ਮਿੱਠੇ ਅਤੇ ਮਿਲਾਪੜੇ ਸੁਭਾਅ ਦੇ ਹੋਣ ਕਰਕੇ ਹਰ ਕਿਸੇ ਦੇ ਮਨਾਂ ਵਿਚ ਆਪਣੀ ਥਾਂ ਬਣਾ ਲੈਂਦੇ ਹਨ ਅਤੇ ਪਾਕ ਪਵਿੱਤਰ ਰਿਸ਼ਤੇ ਵੀ ਸਥਾਪਿਤ ਕਰ ਲੈਂਦੇ ਹਨ। ਪਰ ਉਦਯੋਗਿਕ ਤਰੱਕੀ ਅਤੇ ਗਿਆਨ ਵਿਗਿਆਨ ਦੀਆਂ ਨਵੀਆਂ ਖੋਜਾਂ ਕਾਰਨ ਉਤਪੰਨ ਹੋਏ ਨਵੇਂ ਸਾਧਨਾਂ ਕਰਕੇ ਪੰਜਾਬੀ ਰਿਸ਼ਤਾ-ਨਾਤਾ ਪ੍ਰਬਧ ਵਿਚ ਪਿਆਰ ਅਤੇ ਅਪਣੱਤ ਦੀ ਭਾਰੀ ਕਮੀ ਹੋਈ ਹੈ। ਅੱਜ ਦੇ ਦੌਰ ਵਿਚ ਕੰਮ ਨੂੰ ਜ਼ਿਆਦਾ ਤਰਜ਼ੀਹ ਦਿੱਤੀ ਜਾ ਰਹੀ ਹੈ, ਜਿਸ ਕਰਕੇ ਨਜ਼ਦੀਕੀ ਰਿਸ਼ਤੇਦਾਰੀਆਂ ਤਿੜਕ ਰਹੀਆਂ ਹਨ। ਰਿਸ਼ਤੇਦਾਰੀਆ ਦੇ ਬਦਲਾਵ ਬਾਰੇ ਪੁਸਤਕ 'ਵਿਸ਼ਵੀਕਰਨ:- ਪੰਜਾਬੀ ਸਭਿਆਚਾਰਕ ਪਰਿਵਰਤਨ' ਵਿਚ ਮਿਲਦੇ ਹਵਾਲੇ ਅਨੁਸਾਰ ਡਾ. ਸੁਖਦੀਪ ਕੌਰ ਅਨੁਸਾਰ :


ਵਿਸਵੀ ਵਰਤਾਰੇ ਤਹਿਤ ਪੰਜਾਬੀ ਸਭਿਆਚਾਰ ਉੱਤੇ ਬਜ਼ਾਰਵਾਦ ਭਾਰੂ ਪੈ ਰਿਹਾ ਹੈ। ਇਸੇ ਪ੍ਰਭਾਵ ਤਹਿਤ ਪੰਜਾਬੀ ਸਭਿਆਚਾਰ ਦਿਨ-ਬ-ਦਿਨ ਦਮ ਤੋੜਦਾ ਨਜ਼ਰ ਆ ਰਿਹਾ ਹੈ। ਪਿਛਲੇ ਕੁਝ ਦਹਾਕਿਆਂ ਤੋਂ ਘਰ, ਪਰਿਵਾਰ, ਮਨੁੱਖਤਾ ਅਤੇ ਰਿਸ਼ਤੇ-ਨਾਤੇ ਖਤਮ ਹੋ ਰਹੇ ਹਨ ਅਤੇ ਬਜ਼ਾਰ ਵੱਡੇ ਹੋ ਰਹੇ ਹਨ। ਪੂੰਜੀਵਾਦੀ ਮੁਨਾਫਾਖੋਰੀ ਉੱਤੇ ਉਸਰਿਆ ਵਿਸ਼ਵੀ ਸਭਿਆਚਾਰ ਤਕੜੇ ਅਤੇ ਮਾੜੇ ਦੇ ਟਕਰਾਓ ਨੂੰ ਦਰਸਾਉਂਦਾ ਦੋ ਪੀੜ੍ਹੀਆਂ, ਬੁਹ-ਦੇਸ਼ਾਂ,ਖਿਤਿਆਂ ਅਤੇ ਰਾਜਾਂ ਦੇ ਸਭਿਆਚਾਰ ਨੂੰ ਰਲ਼ ਗੱਡ ਕਰਕੇ ਇਕ ਨਵਾਂ ਵਿਸ਼ਵੀ ਸਭਿਆਚਾਰ ਪੈਦਾ ਕਰ ਰਿਹਾ ਹੈ ਜਿਸ ਨੂੰ ਹਰ ਦੇਸ਼, ਰਾਜ ਅਤੇ ਖਿੱਤਿਆ ਦੇ ਬਾਸ਼ਿੰਦੇ ਨਾ ਚਾਹੁੰਦੇ ਹੋਏ ਵੀ ਅਪਣਾ ਰਹੇ ਹਨ। ਇਸ ਗੁੰਝਲਮਈ ਸਥਿਤੀ ਦਾ ਮਾਨਸਿਕ ਸੰਤਾਪ ਭੋਗਦਾ ਮਨੁੱਖ ਸੱਚ ਨੂੰ ਸੱਚ ਅਤੇ ਝੂਠ ਨੂੰ ਝੂਠ ਕਹਿਣ ਤੋਂ ਵੀ ਡਰਦਾ ਨਜ਼ਰ ਆਉਦਾਂ ਹੈ। (6)

ਅਧਿਆਇ ਦਾ ਅਧਿਐਨ ਕੀਤਿਆ ਇਹ ਵੀ ਪਤਾ ਚਲਦਾ ਹੈ ਕਿ ਆਰਥਿਕਤਾ ਤੇ ਆਧਾਰਿਤ ਨਵੇਂ ਰਿਸ਼ਤੇ ਸਿਰਜੇ ਜਾ ਰਹੇ । ਨੌਕਰੀ-ਪੇਸ਼ਾ ਤੇ ਹੋਰ ਸਾਂਝੇ ਕੰਮ ਕਰਨ ਵਾਲੇ ਨਵੇਂ ਰਿਸ਼ਤੇ ਸਿਰਜ ਰਹੇ ਹਨ। ਅਜੋਕੇ ਦੌਰ ਵਿਚ ਖ਼ੂਨ ਦੇ ਰਿਸ਼ਤਿਆਂ ਨਾਲੋਂ ਕੰਮ-ਕਾਜੀ ਰਿਸ਼ਤੇ ਵਧੇਰੇ ਸਿਰਜੇ ਜਾ ਰਹੇ ਹਨ। ਇੱਕੋ ਤਰ੍ਹਾਂ ਦੇ ਕੰਮ ਕਰਨ ਵਾਲੇ ਲੋਕ ਇੱਕੋ ਤਰ੍ਹਾਂ ਦੀਆਂ ਰਿਹਾਇਸ਼ ਗਾਂਹਾ ਵਿਚ ਰਹਿੰਦੇ ਹਨ ਜਿੱਥੇ ਜਾਤ ਬਰਾਦਰੀ ਨੂੰ ਪਿਛਾਂਹ ਛੱਡ ਕੇ ਕੰਮ ਦੇ ਆਧਾਰ ਤੇ ਰਿਸ਼ਤਿਆਂ ਦਾ ਪਾਸਾਰ ਹੋ ਰਿਹਾ ਹੈ।

ਪੁਸਤਕਾਂ ਦੇ ਅਧਿਐਨ ਤੋਂ ਇਲਾਵਾ ਰਿਸ਼ਤਿਆਂ ਨਾਤਿਆਂ ਵਿੱਚ ਹੋਏ ਰੁਪਾਂਤਰਨ ਨੂੰ ਸਮਝਣ ਲਈ ਕੁਝ ਕਾਰਨਾਂ ਦਾ ਅਧਿਐਨ, ਖੇਤਰੀ ਕਾਰਜ ਦੁਆਰਾ ਵੀ ਕੀਤਾ ਗਿਆ ਹੈ । ਖੇਤਰੀ ਕਾਰਜ ਦੁਆਰਾ ਇਕੱਤਰ ਕੀਤੇ ਅੰਕੜੇ ਦਰਸਾਉਂਦੇ ਹਨ ਕਿ ਅਜੋਕੇ ਦੌਰ ਵਿੱਚ ਰਿਸ਼ਤਿਆਂ ਨਾਤਿਆਂ ਵਿੱਚ ਬਦਲਾਅ ਹੋਇਆ ਹੈ। ਇਸ ਦੇ ਬਦਲਾਅ ਨੂੰ ਸਮਝਣ ਲਈ ਇਸ ਨੂੰ ਪੰਜ ਪ੍ਰਸ਼ਨਾਂ ਵਿੱਚ ਵੰਡ ਕੇ ਇਸ ਦਾ ਵਿਸ਼ਲੇਸ਼ਣ ਕੀਤਾ ਗਿਆ ਹੈ। ਪਹਿਲੇ ਪ੍ਰਸ਼ਨ ਵਿੱਚ ਇਹ ਜਾਣਕਾਰੀ ਇਕੱਤਰ ਕੀਤੀ ਗਈ ਹੈ ਕਿ ਕੀ ਅਜੋਕੇ ਦੌਰ ਵਿੱਚ ਰਿਸ਼ਤੇ ਨਾਤਿਆਂ ਵਿੱਚ ਬਦਲਾਅ ਹੋਇਆ ਹੈ? ਇਸ ਪ੍ਰਸ਼ਨ ਦਾ ਉੱਤਰ ਪ੍ਰਾਪਤ ਕਰਨ ਲਈ ਇਸ ਨੂੰ ਚਾਰ ਆਪਸ਼ਨਾਂ

ਵਿੱਚ ਵੰਡਿਆ ਗਿਆ ਹੈ। ਪਹਿਲੀ ਪੂਰਨ ਸਹਿਮਤ, ਦੂਸਰੀ ਅੰਸ਼ਿਕ ਸਹਿਮਤ, ਤੀਸਰੀ ਪੂਰਨ ਅਸਹਿਮਤ, ਚੌਥੀ ਅੰਸ਼ਿਕ ਅਸਹਿਮਤ। ਇਸ ਦਾ ਵਿਸ਼ਲੇਸ਼ਣ ਇਸ ਪ੍ਰਕਾਰ ਕੀਤਾ ਹੈ।

| ਅਜੋਕੇ ਦੌਰ ਵਿਚ ਰਿਸ਼ਤੇ-ਨਾਤਿਆਂ ਵਿਚ ਬਦਲਾਵ ਹੋਇਆ ਹੈ? | | | |
|---|---|---|---|
| ਪੂਰਨ ਸਹਿਮਤ | ਅੰਸ਼ਿਕ ਸਹਿਮਤ | ਪੂਰਨ ਅਸਹਿਮਤ | ਅੰਸ਼ਿਕ ਅਸਹਿਮਤ |
| 140 | 10 | 0 | 0 |





150 ਵਿਅਕਤੀਆਂ ਦੇ ਦਿੱਤੇ ਉੱਤਰਾਂ ਵਿੱਚੋਂ 140 ਵਿਅਕਤੀ ਇਸ ਗੱਲ ਨਾਲ ਪੂਰਨ ਸਹਿਮਤ ਹਨ ਕਿ ਅਜੋਕੇ ਦੌਰ ਵਿੱਚ ਰਿਸ਼ਤੇ ਨਾਤਿਆਂ ਵਿੱਚ ਬਦਲਾਅ ਹੋਇਆ ਹੈ ਜਿਸ ਦਾ 93 ਪ੍ਰਤੀਸ਼ਤ ਬਣਦਾ ਹੈ। ਅੰਸ਼ਿਕ ਸਹਿਮਤ ਵਾਲੇ 10 ਵਿਅਕਤੀ ਹਨ ਜਿਸ ਦਾ 7 ਪ੍ਰਤੀਸ਼ਤ ਬਣਦਾ ਹੈ। ਇਕੱਤਰ ਕੀਤੇ ਡਾਟੇ ਦੇ ਆਧਾਰ ਤੇ ਕਿਹਾ ਜਾ ਸਕਦਾ ਹੈ ਕਿ ਵਿਸ਼ਵੀਕਰਨ ਦੇ ਦੌਰ ਵਿੱਚ ਰਿਸ਼ਤਿਆਂ ਨਾਤਿਆਂ ਵਿੱਚ ਬਦਲਾਅ ਹੋਇਆ ਹੈ।

ਦੂਸਰੇ ਅਧਿਆਏ ਨਾਲ ਸਬੰਧਿਤ ਅਗਲਾ ਪ੍ਰਸ਼ਨ ਰਿਸ਼ਤਿਆਂ ਨਾਤਿਆਂ ਵਿੱਚ ਆਏ ਬਦਲਾਅ ਦਾ ਮੂਲ ਕਾਰਨ ਕੀ ਹੈ ? ਪੁੱਛਿਆ ਗਿਆ ਹੈ,ਇਸ ਦੇ ਕਾਰਨਾਂ ਨੂੰ ਪਛਾਣਨ ਲਈ ਇਹਨਾਂ ਨੂੰ ਚਾਰ ਭਾਗਾਂ ਵਿੱਚ

ਵੰਡਿਆ ਗਿਆ ਹੈ। ਪਹਿਲੇ ਵਿੱਚ ਪਦਾਰਥਵਾਦ, ਦੂਸਰੀ ਵਿਚ ਤਕਨਾਲੋਜੀ, ਤੀਸਰੇ ਵਿਚ ਵਿਅਸਤ ਜੀਵਨ ਸ਼ੈਲੀ ਅਤੇ ਚੌਥੇ ਵਿੱਚ ਹੋਰ ਕਾਰਨਾਂ ਨੂੰ ਰੱਖਿਅ ਗਿਆ ਹੈ।


| ਰਿਸ਼ਤੇ-ਨਾਤਿਆਂ ਵਿਚ ਆਏ ਬਦਲਾਵ ਦਾ ਮੂਲ ਕਾਰਨ ਕੀ ਹੈ ? | | | |
|---|---|---|---|
| ਪਦਾਰਥਵਾਦ | ਤਕਨਾਲੋਜੀ | ਵਿਅਸਤ ਜੀਵਨ ਸ਼ੈਲੀ | ਹੋਰ |
| 65 | 22 | 62 | 1 |




ਸਰਵੇ ਅਨੁਸਾਰ ਪ੍ਰਾਪਤ ਅੰਕੜਿਆਂ ਦੇ ਆਧਾਰ ਤੇ ਪਦਾਰਥਵਾਦ ਨੂੰ 65 ਵਿਅਕਤੀ ਜਿਸ ਦਾ 43 ਪ੍ਰਤੀਸ਼ਤ ਬਣਦਾ ਹੈ। ਤਕਨਾਲੋਜੀ ਨੂੰ 22 ਵਿਅਕਤੀ ਜਿਸ ਦਾ 15 ਪ੍ਰਤੀਸ਼ਤ ਬਣਦਾ ਹੈ। ਵਿਅਸਤ ਜੀਵਨਸ਼ੈਲੀ ਨੂੰ 62 ਵਿਅਕਤੀ ਜਿਸ ਦਾ 41 ਪ੍ਰਤੀਸ਼ਤ ਬਣਦਾ ਹੈ ਅਤੇ ਹੋਰ ਕਾਰਨ ਨੂੰ 1 ਵਿਅਕਤੀ ਨੇ ਦਰਸਾਇਆ ਹੈ ਜਿਸ ਦਾ 1 ਪ੍ਰਤੀਸ਼ਤ ਬਣਦਾ ਹੈ। ਇਕੱਤਰ ਹੋਏ ਅੰਕੜਿਆਂ ਦੇ ਆਧਾਰ ਤੋਂ ਸਪੱਸ਼ਟ ਹੁੰਦਾ ਹੈ ਕਿ ਰਿਸ਼ਤਿਆਂ ਨਾਤਿਆਂ ਵਿੱਚ ਆਏ ਬਦਲਾਅ ਦਾ ਮੂਲ ਕਾਰਨ ਪਦਾਰਥਵਾਦ, ਵਿਅਸਤ ਜੀਵਨਸ਼ੈਲੀ ਅਤੇ ਤਕਨਾਲੋਜੀ ਹੈ।

ਦੂਸਰੇ ਅਧਿਆਇ ਨਾਲ ਸੰਬੰਧਿਤ ਅਗਲਾ ਪ੍ਰਸ਼ਨ ਇਹ ਪੁੱਛਿਆ ਗਿਆ ਹੈ ਕਿ ਕੀ ਅਜੋਕੇ ਦੌਰ ਵਿੱਚ ਕੰਮਕਾਜੀ ਰਿਸ਼ਤੇ ਵਧੇਰੇ ਸਥਾਪਤ ਹੋ ਰਹੇ ਹਨ ? ਇਸ ਦਾ ਉੱਤਰ ਪ੍ਰਾਪਤ ਕਰਨ ਲਈ ਇਸ ਨੂੰ ਚਾਰ ਭਾਗਾਂ ਵਿੱਚ ਵੰਡਿਆ ਗਿਆ ਹੈ ਪੂਰਨ ਸਹਿਮਤ, ਅੰਸ਼ਿਕ ਸਹਿਮਤ, ਪੂਰਨ ਅਸਹਿਮਤ ਅਤੇ ਅੰਸ਼ਿਕ ਅਸਹਿਮਤ।


| **ਕੀ ਅਜੋਕੇ ਦੌਰ ਵਿਚ ਕੰਮਕਾਜੀ ਰਿਸ਼ਤੇ ਵਧੇਰੇ ਸਥਾਪਿਤ ਹੋ ਰਹੇ ਹਨ ?** | | | |
|---|---|---|---|
| ਪੂਰਨ ਸਹਿਮਤ | ਅੰਸ਼ਿਕ ਸਹਿਮਤ | ਪੂਰਨ ਅਸਹਿਮਤ | ਅੰਸ਼ਿਕ ਅਸਹਿਮਤ |




ਇਕੱਤਰ ਕੀਤੇ ਅੰਕੜਿਆਂ ਅਨੁਸਾਰ ਪਤਾ ਚਲਦਾ ਹੈ ਕਿ 150 ਵਿਅਕਤੀਆਂ ਵਿੱਚੋਂ 102 ਵਿਅਕਤੀ ਇਸ ਗੱਲ ਨਾਲ ਪੂਰਨ ਸਹਿਮਤ ਹਨ ਕਿ ਅਜੋਕੇ ਦੌਰ ਵਿੱਚ ਕੰਮਕਾਜੀ ਰਿਸ਼ਤੇ ਵਧੇਰੇ ਸਥਾਪਤ ਹੋ ਰਹੇ ਹਨ ਜਿਸ ਦਾ 68 ਪ੍ਰਤੀਸ਼ਤ ਬਣਦਾ ਹੈ। 48 ਵਿਅਕਤੀ ਅੰਸ਼ਿਕ ਰੂਪ ਵਿਚ ਸਹਿਮਤ ਹਨ ਜਿਸ ਦਾ 32 ਪ੍ਰਤੀਸ਼ਤ ਬਣਦਾ ਹੈ। ਪ੍ਰਾਪਤ ਅੰਕੜਿਆਂ ਦੇ ਆਧਾਰ ਤੇ ਕਿਹਾ ਜਾ ਸਕਦਾ ਹੈ ਕਿ ਵਿਸ਼ਵੀਕਰਨ ਦੇ ਦੌਰ ਵਿੱਚ ਰਿਸ਼ਤਿਆਂ ਨਾਤਿਆਂ ਵਿੱਚ ਆਏ ਬਦਲਾਅ ਕਾਰਨ ਕੰਮਕਾਜੀ ਰਿਸ਼ਤੇ ਵਧੇਰੇ ਸਥਾਪਿਤ ਹੋ ਰਹੇ ਹਨ।

ਦੂਸਰੇ ਅਧਿਆਇ ਨਾਲ ਸੰਬੰਧਿਤ ਚੌਥਾ ਪ੍ਰਸ਼ਨ ਇਹ ਪੁੱਛਿਆ ਗਿਆ ਹੈ ਕਿ ਅਜੋਕੇ ਦੌਰ ਵਿੱਚ ਰਿਸ਼ਤੇ ਨਾਤੇ ਤੈਅ ਕਰਨ ਲੱਗਿਆ ਪੁਰਖਿਆਂ ਦੀ ਸ਼ਮੂਲੀਅਤ ਕਿੰਨੀ ਕੁ ਹੈ ? ਇਸ ਦਾ ਉੱਤਰ ਪ੍ਰਾਪਤ ਕਰਨ ਲਈ ਲੋਕਾਂ ਦੀ ਰਾਇ ਨੂੰ ਬਹੁਤ ਜ਼ਿਆਦਾ, ਘੱਟ, ਬਹੁਤ ਘੱਟ ਅਤੇ ਬਿਲਕੁਲ ਨਹੀਂ, ਰਾਹੀਂ ਇਕੱਤਰ ਕੀਤਾ ਗਿਆ ਹੈ।

| **ਅਜੋਕੇ ਦੌਰ ਵਿਚ ਰਿਸ਼ਤੇ-ਨਾਤੇ ਤੈਅ ਕਰਨ ਲੱਗਿਆ ਪੁਰਖਿਆਂ ਦੀ ਸ਼ਮੂਲੀਅਤ** ਕਿੰਨੀ ਕੁ ਹੈ ? | | | |
|---|---|---|---|
| ਬਹੁਤ ਜ਼ਿਆਦਾ | ਘੱਟ | ਬਹੁਤ ਘੱਟ | ਬਿਲਕੁਲ ਨਹੀਂ |
| 27 | 73 | 46 | 4 |





150 ਵਿਅਕਤੀਆਂ ਕੋਲੋਂ ਇਕੱਤਰ ਕੀਤੇ ਡਾਟੇ ਦਾ ਵਿਸ਼ਲੇਸ਼ਣ ਕਰਨ ਤੇ ਪਤਾ ਚੱਲਦਾ ਹੈ ਕਿ ਬਹੁਤ ਜ਼ਿਆਦਾ ਸ਼ਮੂਲੀਅਤ ਵਾਲੇ 27 ਵਿਅਕਤੀ ਹਨ, ਜਿਸ ਦਾ 18 ਪ੍ਰਤੀਸ਼ਤ, ਘੱਟ ਸ਼ਮੂਲੀਅਤ ਵਾਲੇ 73 ਵਿਅਕਤੀ ਹਨ ਜਿਸ ਦਾ 48 ਪ੍ਰਤੀਸ਼ਤ ਬਣਦਾ ਹੈ। ਬਹੁਤ ਘੱਟ ਸ਼ਮੂਲੀਅਤ ਵਾਲੇ 46 ਵਿਅਕਤੀ ਜਿਸ ਦਾ 31 ਪ੍ਰਤੀਸ਼ਤ ਅਤੇ ਬਿਲਕੁਲ ਨਹੀਂ ਵਾਲੇ 4 ਵਿਅਕਤੀ ਸ਼ਾਮਲ ਹਨ ਜਿਸ ਦਾ 3ਪ੍ਰਤੀਸ਼ਤ ਬਣਦਾ ਹੈ।ਪ੍ਰਾਪਤ ਅੰਕੜਿਆਂ ਦੇ ਆਧਾਰ ਤੇ ਇਹ ਕਿਹਾ ਜਾ ਸਕਦਾ ਹੈ ਕਿ ਅਜੋਕੇ ਦੌਰ ਵਿੱਚ ਰਿਸ਼ਤੇ ਨਾਤੇ ਤੈਅ

ਕਰਨ ਲੱਗਿਆਂ ਬਜ਼ੁਰਗਾਂ ਨੂੰ ਅਜੋਕੀ ਪੀੜ੍ਹੀ ਵਿਸਾਰ ਰਹੀ ਹੈ। ਅਜੋਕੀ ਪੀੜ੍ਹੀ ਬਹੁਤ ਸਾਰੇ ਆਪਣੀ ਮਨ ਮਰਜ਼ੀ ਦੇ ਰਿਸ਼ਤੇ ਤੈਅ ਕਰ ਰਹੀ ਹੈ।

ਦੂਸਰੇ ਅਧਿਆਇ ਨਾਲ ਸੰਬੰਧਿਤ ਪੰਜਵਾਂ ਪ੍ਰਸ਼ਨ ਇਹ ਪੁੱਛਿਆ ਗਿਆ ਹੈ ਕਿ ਕੀ ਅਜੋਕੇ ਦੌਰ ਵਿਚ ਇਕਹਿਰੇ ਪਰਿਵਾਰਾਂ ਵਿੱਚ ਵਾਧਾ ਹੋਇਆ ਹੈ? ਇਸ ਨਾਲ ਸਬੰਧਤ  ਰਾਇ ਜਾਣਨ ਲਈ ਇਸ ਦੀਆਂ ਚਾਰ ਆਪਸ਼ਨਾਂ ਪੂਰਨ ਸਹਿਮਤ, ਅੰਸ਼ਿਕ ਸਹਿਮਤ, ਪੂਰਨ ਅਸਹਿਮਤ ਅਤੇ ਅੰਸ਼ਿਕ ਅਸਹਿਮਤ ਹਨ।

| **ਕੀ ਅਜੋਕੇ ਦੌਰ ਵਿਚ ਇਕਹਿਰੇ ਪਰਿਵਾਰਾਂ ਵਿਚ ਵਾਧਾ ਹੋਇਆ ਹੈ?** | | | |
|---|---|---|---|
| ਪੂਰਨ ਸਹਿਮਤ | ਅੰਸ਼ਿਕ ਸਹਿਮਤ | ਪੂਰਨ ਅਸਹਿਮਤ | ਅੰਸ਼ਿਕ ਅਸਹਿਮਤ |
| 136 | 14 | 0 | 0 |




ਪ੍ਰਾਪਤ ਅੰਕੜਿਆਂ ਅਨੁਸਾਰ 150 ਵਿਅਕਤੀਆਂ ਵਿੱਚੋਂ 136 ਵਿਅਕਤੀ ਇਸ ਗੱਲ ਨਾਲ ਸਹਿਮਤ ਹਨ ਕਿ ਇਕਹਿਰੇ ਪਰਿਵਾਰਾਂ ਵਿੱਚ ਵਾਧਾ ਹੋਇਆ ਹੈ ਜਿਸ ਦਾ  89ਪ੍ਰਤੀਸ਼ਤ ਬਣਦਾ ਹੈ। ਜਦ ਕਿ ਅੰਸ਼ਿਕ ਸਹਿਮਤ ਵਿਚ 14 ਵਿਅਕਤੀ ਸ਼ਾਮਲ ਹਨ ਜਿਸ ਦਾ 11 ਪ੍ਰਤੀਸ਼ਤ ਬਣਦਾ ਹੈ।  ਪੂਰਨ  ਅਸਹਿਮਤ ਅਤੇ ਅੰਸ਼ਿਕ ਅਸਹਿਮਤ ਨਾਲ ਕੋਈ ਵੀ ਵਿਅਕਤੀ ਨਹੀਂ। ਇਕੱਤਰ ਕੀਤੇ ਗਏ ਡਾਟਾ ਤੋਂ ਪਤਾ ਚਲਦਾ ਹੈ ਕਿ ਅਜੋਕੇ ਦੌਰ ਵਿਚ ਇਕਹਿਰੇ ਪਰਿਵਾਰਾਂ ਵਿੱਚ ਵਾਧਾ ਹੋਇਆ ਹੈ।

# ਅਧਿਆਇ ਤੀਜਾ

## ਵਿਸ਼ਵੀਕਰਨ ਦੇ ਦੌਰ ਵਿਚ ਪੰਜਾਬੀਆਂ ਦੇ ਰਸਮਾਂ ਰਿਵਾਜ਼ਾਂ ਵਿੱਚ ਹੋਇਆ ਰੁਪਾਂਤਰਨ

ਰਸਮ ਰਿਵਾਜ਼ ਪੁਰਾਤਨ ਸਮੇਂ ਤੋਂ ਚਲਦੇ ਆ ਰਹੇ ਹਨ। ਇਹ ਸਾਡੇ ਸਮਾਜਿਕ ਜੀਵਨ ਦਾ ਤਾਣਾ-ਬਾਣਾ ਹਨ। ਹਰ ਸਮਾਜ ਅੰਦਰ ਆਪਣੀ ਤਰ੍ਹਾਂ ਦੇ ਰਸਮ ਰਿਵਾਜ਼ ਹੁੰਦੇ ਹਨ। ਰਸਮ ਰਿਵਾਜ਼ ਭਾਈਚਾਰਕ ਜੀਵਾਂ ਦੇ ਮਨਾਂ ਦੀਆਂ ਸਿੱਕਾਂ, ਸੱਧਰਾਂ ਤੇ ਜਜ਼ਬਿਆਂ ਦੀ ਤਰਜ਼ਮਾਨੀ ਕਰਦੇ ਹਨ। ਇਹ ਲੋਕਾਂ ਦੇ ਲੰਬੇ ਤਜ਼ਰਬਿਆਂ ਦਾ ਨਿਚੋੜ ਹੁੰਦੇ ਹਨ। ਇਹ ਲੋਕਾਚਾਰ ਦੀ ਭੱਠੀ ਵਿੱਚ ਰੜ੍ਹ-ਰੜ੍ਹ ਕੇ ਮਜ਼ਬੂਤ ਬਣ ਜਾਂਦੇ ਹਨ। ਰਸਮਾਂ ਰਿਵਾਜ਼ਾ ਬਾਰੇ ਪ੍ਰਸਿੱਧ ਲੋਕਯਾਨੀ ਡਾ, ਵਣਜਾਰਾ ਬੇਦੀ 'ਪੰਜਾਬ ਦੀ ਲੋਕਧਾਰਾ ਵਿਸ਼ਵ ਕੋਸ਼' ਜਿਲਦ ਪਹਿਲੀ ਤੇ ਦੂਜੀ ਵਿਚ ਦੱਸਦੇ ਹਨ :

> ਸੰਸਕਾਰ ਜੀਵਨ ਨਾਲ ਸਬੰਧਿਤ ਪ੍ਰੰਪਰਾ ਤੋਂ ਚਲੇ ਆ ਰਹੇ ਉਹ ਕਰਮ ਕਾਂਡ ਤੇ ਰਹੁ- ਰੀਤਾਂ ਹਨ, ਜਿਨ੍ਹਾਂ ਨਾਲ ਜਨ ਸਾਧਾਰਨ ਧਾਰਮਿਕ ਭਾਵਨਾ ਜੁੜੀ ਹੁੰਦੀ ਹੈ। ਸੰਸਕਾਰ ਦਾ ਸ਼ਬਦਿਕ ਅਰਥ ਸ਼ੁੱਧ ਕਰਨਾ ਸੁਧਾਰਨਾ ਅਥਵਾ ਯੋਗ ਬਣਾਉਣਾ ਹੈ। ਹਿੰਦੂ ਧਾਰਨਾ ਅਨੁਸਾਰ ਸੰਸਕਾਰ ਪ੍ਰਾਣੀ ਨੂੰ ਸ਼ੁੱਧ, ਸੁਸ਼ੀਲ ਤੇ ਸੁਬੋਧ ਬਣਾਉਂਦੇ ਹਨ। ਸੰਸਕਾਰਾਂ ਦਾ ਉਦਗਮ ਟੂਣਾ ਚਿੰਤਨ ਤੋਂ ਹੋਇਆ। ਆਦਮ ਮਨੁੱਖ ਦੀ ਇਹ ਧਾਰਨਾ ਸੀ ਕਿ ਜੀਵਨ ਦੇ ਪ੍ਰਮੁੱਖ ਪੜਾਵਾਂ ਜਨਮ, ਵਿਆਹ ਤੇ ਮੌਤ ਵੇਲੇ ਜੋ ਕਰਮ ਕਾਂਡ ਤੇ ਰੀਤਾਂ ਕੀਤੀਆਂ ਜਾਂਦੀਆਂ ਹਨ, ਉਨ੍ਹਾਂ ਦਾ ਪ੍ਰਭਾਵ ਉਸ ਵਿਅਕਤੀ ਤੇ ਆਗਾਮੀ ਜੀਵਨ ਚਿੱਤ ਅਤੇ ਬਿਰਤੀਆਂ ਉੱਤੇ ਸਹਿਜ ਰੂਪ ਵਿੱਚ ਪੈਂਦਾ ਹੈ। (207)

ਮਨੋਵਿਗਿਆਨਕ ਪੱਖ ਤੋਂ ਰਸਮਾਂ ਰਿਵਾਜ਼ਾਂ ਦੇ ਪੈਦਾ ਹੋਣ ਦਾ ਕਾਰਨ, ਡਰ ਅਤੇ ਅਸੁਰੱਖਿਆ ਦੀ ਭਾਵਨਾ ਵਿੱਚੋਂ ਹੋਇਆ। ਹਰ ਮਨੁੱਖ ਵਿੱਚ ਕੋਈ ਨਾ ਕੋਈ ਜਾਣੇ-ਅਣਜਾਣੇ ਡਰ ਦੀ ਭਾਵਨਾ ਉਤਪੰਨ ਹੁੰਦੀ ਹੈ। ਇਸ ਤੋਂ ਛੁਟਕਾਰਾ ਪਾਉਣ ਲਈ ਉਹ ਅਨੇਕਾਂ ਪ੍ਰਕਾਰ ਦੀਆਂ ਰਹੁ-ਰੀਤਾਂ ਦਾ ਸਹਾਰਾ ਲੈਂਦਾ ਹੈ। ਦੂਜੇ ਪੱਖ ਅਨੁਸਾਰ ਮਨੁੱਖ ਦੀ ਸ਼ੁਰੂ ਦੀ ਅਵਸਥਾ ਵਿੱਚ ਹੁਣ ਦੇ ਸਮਾਜ ਵਾਂਗ ਕਾਨੂੰਨ ਨਹੀਂ ਸਨ ਬਣੇ, ਇੱਕ ਮਨੁੱਖ ਦੀ ਨਿੱਜੀ ਆਦਤ ਹੌਲੀ-ਹੌਲੀ ਲੋਕਾਂ ਵਿੱਚ ਵਿਚਰਦੀ ਲੋਕਾਚਾਰ ਦਾ ਰੂਪ ਧਾਰ ਲੈਂਦੀ ਹੈ। ਲੋਕਾਚਾਰ

ਦੇ ਵਿਹਾਰ ਵਿੱਚ ਵਿਚਰ ਕੇ ਇਹ ਰਸਮਾਂ-ਰਿਵਾਜ਼ ਸਾਡੇ ਜੀਵਨ ਦਾ ਅਟੁੱਟ ਹਿੱਸਾ ਬਣ ਗਏ। ਜਿਹੜੇ ਰਸਮਾਂ-ਰਿਵਾਜ਼ਾਂ ਨੂੰ ਮਨੁੱਖ ਦੇ ਕਲਿਆਣ ਲਈ ਜਰੂਰੀ ਮੰਨਿਆ ਜਾਂਦਾ ਰਿਹਾ,ਉਹ ਪੀੜ੍ਹੀ-ਦਰ-ਪੀੜ੍ਹੀ ਅਗਾਂਹ ਤੁਰਦੇ ਸਾਡੇ ਜੀਵਨ ਦਾ ਅਨਿੱਖੜਦਾ ਹਿੱਸਾ ਬਣ ਗਏ ਹਨ। ਪੁਸਤਕ 'ਪੰਜਾਬ ਦੀ ਲੋਕਧਾਰਾ' ਵਿਚੋਂ ਡਾ.ਵਣਜਾਰਾ ਬੇਦੀ ਦੇ ਹਵਾਲੇ ਅਨੁਸਾਰ :

> ਭਾਈਚਾਰੇ ਵਿੱਚ ਰਹਿੰਦਿਆਂ ਜਿਸ ਚੱਜ ਆਚਾਰ ਤੇ ਵਰਤਣ ਵਰਤਾਰੇ ਦੀ ਪਾਲਣਾ ਕੀਤੀ ਜਾਂਦੀ ਹੈ, ਉਹ ਲੋਕਾਚਾਰ ਹੈ। ਲੋਕਾਚਾਰ ਹੀ ਸਾਰੇ ਭਾਈਚਾਰੇ ਨੂੰ ਇੱਕ ਭਾਵੁਕ ਤੇ ਮਾਨਸਿਕ ਬੰਧਨ ਵਿੱਚ ਬੰਨ੍ਹਦਾ ਤੇ ਸਾਰੀ ਜਾਤੀ ਨੂੰ ਇੱਕ ਮਾਲਾ ਵਿੱਚ ਪਰੋਈ ਰੱਖਦਾ ਹੈ। ਹਰ ਭਾਈਚਾਰੇ ਦੇ ਆਪਣੇ ਵੱਖਰੇ ਰੀਤੀ ਰਿਵਾਜ਼ ਤੇ ਮਨੌਤਾਂ ਹਨ, ਜੋ ਉਹਨਾਂ ਦੇ ਜੀਵਨ ਪ੍ਰਵਾਹ ਵਿੱਚ ਮਿੱਥਕ ਕੇ ਨਿੱਤਰ ਆਉਂਦੀਆਂ ਹਨ। ਰੀਤੀ ਰਿਵਾਜ਼ ਜਾਤ ਦੇ ਵਿਸ਼ਵਾਸਾਂ ਸੰਕਲਪਾਂ ਤੇ ਨਿਸਚਿਆਂ ਵਿੱਚੋਂ ਸਹਿਜ ਭਾਵ ਨਿੰਮਦੇ ਹਨ ਤੇ ਪੁਰਖੀ ਅਨੁਭਵ ਦੇ ਰੂਪ ਵਿੱਚ ਸਮੇਂ ਦੇ ਨਾਲ ਅੱਗੇ ਤੁਰਦੇ ਜਾਂਦੇ ਹਨ। ਇਹਨਾਂ ਵਿੱਚ ਭਾਈਚਾਰੇ ਦੀ ਆਸਥਾ ਸਾਹ ਲੈਂਦੀ ਹੈ ਜਦੋਂ ਨਹੀਂ ਲੈਂਦੀ, ਇਹ ਬਿਨ ਸਾਸੇ ਆਪੇ ਮਰ ਜਾਂਦੇ ਹਨ।(62)

ਰਸਮ ਰਿਵਾਜ਼ ਪੀੜ੍ਹੀ-ਦਰ-ਪੀੜ੍ਹੀ, ਇੱਕਾ-ਦੁੱਕਾ ਭਾਵ ਥੋਹੜੀਆਂ ਤਬਦੀਲੀਆਂ ਨਾਲ ਅੱਗੇ ਤੁਰਦੇ ਆ ਰਹੇ ਹਨ। ਇੱਕ ਪੀੜ੍ਹੀ, ਇਹਨਾਂ ਨੂੰ ਨਿਭਾਉਂਦਿਆਂ, ਅਗਲੀ ਪੀੜ੍ਹੀ ਨੂੰ ਸੁਪਰਦ ਕਰ ਦਿੰਦੀ ਹੈ।ਰਸਮ ਰਿਵਾਜ਼ ਲੋਕਧਾਰਾ ਦੇ ਖੇਤਰ ਵਿੱਚ ਇੱਕ ਅਜਿਹੀ ਵੰਨਗੀ ਹੈ, ਜੋ ਲੋਕ ਮਨਾਂ ਦੀ ਤਰਜ਼ਮਾਨੀ ਕਰਦੀ ਹੈ। ਇਹਨਾਂ ਦਾ ਸਿਰਜਕ ਕੋਈ ਇੱਕ ਵਿਅਕਤੀ ਨਹੀਂ ਸਗੋਂ, ਲੋਕ-ਸਮੂਹ ਹੁੰਦਾ ਹੈ। ਲੋਕ –ਸਮੂਹ ਦੀ ਪ੍ਰਵਾਨਗੀ ਮਗਰੋਂ ਇਹ ਪੁਸ਼ਤ-ਦਰ-ਪੁਸ਼ਤ ਅਗਾਂਹ ਤੁਰਦੀਆਂ ਹਨ। ਰਸਮ ਰਿਵਾਜ਼ ਸਾਨੂੰ ਸਮਾਜਿਕ ਅਤੇ ਸੱਭਿਆਚਾਰਕ ਵਾਤਾਵਰਨ ਵਿੱਚ ਵਿਚਰਨ ਦੀ ਪ੍ਰੇਰਨਾ ਦਿੰਦੇ ਹਨ। ਇਹ ਸਾਡੇ ਜੀਵਨ ਦੀਆਂ ਸੰਭਾਵਨਾਵਾਂ ਤੋਂ ਸਾਡੇ ਦਿਮਾਗ ਨੂੰ ਅਜ਼ਾਦ ਕਰਕੇ ਸਾਡੀ ਕਾਰਜ ਸਮਰੱਥਾ ਨੂੰ ਵਧਾਉਂਦੇ ਹਨ। ਇਹਨਾਂ ਰਸਮਾਂ-ਰਿਵਾਜ਼ਾਂ ਦੀ ਵਾਰ-ਵਾਰ ਦੁਹਰਾਈ ਸਾਡੇ ਜੀਵਨ ਦਾ ਹਿੱਸਾ ਬਣ ਜਾਂਦੀ ਹੈ।

ਰਸਮਾਂ-ਰਿਵਾਜ਼ਾਂ ਨਾਲ ਕਿਸੇ ਇੱਕ ਦਾ ਭਲਾ ਨਹੀਂ ਹੁੰਦਾ ਸਗੋਂ ਸਮੂਹ ਜਾਤੀ ਦਾ ਹੀ ਕਲਿਆਣ ਹੁੰਦਾ ਹੈ। ਰਸਮਾਂ, ਰੀਤਾਂ ਸਮਾਜਿਕ ਤਾਣੇ-ਬਾਣੇ ਦਾ ਪ੍ਰਗਟਾਵਾ ਹੁੰਦੀਆਂ ਹਨ। ਇਹ ਸਮਾਜ ਨੂੰ ਇੱਕ ਸੂਤਰ ਵਿੱਚ ਪਰੋ ਕੇ ਰੱਖਦੀਆਂ ਹਨ। ਕਿਸੇ ਸਮਾਜ ਦੀ ਮਾਨਸਿਕਤਾ ਕਿਹੋ-ਜਿਹੀ ਹੈ, ਇਸ ਦਾ ਗਿਆਨ ਰਸਮਾਂ-ਰਿਵਾਜ਼ਾਂ ਤੋਂ ਪਤਾ ਚਲਦਾ ਹੈ। ਇਹਨਾਂ ਦੀ ਪਾਲਣਾ ਕਰਨ ਨਾਲ ਮਨੁੱਖ ਨੂੰ ਸਮਾਜਿਕ ਜੀਵ ਹੋਣ ਦਾ ਅਹਿਸਾਸ ਅਤੇ ਮਾਨਸਿਕ ਸੰਤੁਸ਼ਟੀ ਵੀ ਪ੍ਰਾਪਤ ਹੁੰਦੀ ਹੈ।

ਰਸਮਾਂ-ਰਿਵਾਜ਼ਾਂ ਦਾ ਮੁੱਖ ਕਾਰਜ ਮਨੁੱਖੀ ਵਿਹਾਰ ਵਿੱਚੋਂ ਗੈਰ-ਜਰੂਰੀ ਪਰਿਵਰਤਨ ਨੂੰ ਰੋਕਣਾ ਹੈ। ਇੰਝ ਕਰਨ ਨਾਲ ਮਨੁੱਖ ਭਵਿੱਖ ਵਿੱਚ ਆਉਣ ਵਾਲੀਆਂ ਮੁਸ਼ਕਿਲਾਂ ਤੋਂ ਬਚ ਜਾਂਦਾ ਹੈ। ਰਸਮ-ਰਿਵਾਜ਼ ਮਨੁੱਖ ਨੂੰ ਸਮਾਜਿਕ ਜ਼ਿੰਮੇਵਾਰੀ ਦਾ ਅਹਿਸਾਸ ਕਰਾਉਂਦੇ ਹਨ। ਇਹਨਾਂ ਨਾਲ ਸਾਡੇ ਰਿਸ਼ਤੇ-ਪ੍ਰਬੰਧ ਵਿੱਚ ਮਜ਼ਬੂਤੀ ਪੈਦਾ ਹੁੰਦੀ ਹੈ। ਜਨਮ, ਵਿਆਹ ਅਤੇ ਮਰਨ ਆਦਿ ਸਮੇਂ ਅਨੇਕਾਂ ਪ੍ਰਕਾਰ ਦੀਆਂ ਰਸਮਾਂ ਨਿਭਾਈਆਂ ਜਾਂਦੀਆਂ ਹਨ ਇਸ ਸਮੇਂ ਸਾਡਾ ਪੂਰਾ ਰਿਸ਼ਤਾ-ਪ੍ਰਬੰਧ ਇੱਕਠਾ ਹੁੰਦਾ ਹੈ। ਇਸ ਦੇ ਨਾਲ-ਨਾਲ ਨਵੀਂ ਪੀੜ੍ਹੀ ਨੂੰ ਆਪਣੀ ਰਿਸ਼ਤੇਦਾਰੀ ਦੀ ਪਹਿਚਾਣ ਹੋ ਜਾਂਦੀ ਹੈ ਅਤੇ ਸਾਕੇਦਾਰੀ ਅਗਾਂਹ ਤੁਰਦੀ ਹੈ। ਮਨੁੱਖੀ ਜੀਵਨ ਦੇ ਤਿੰਨ ਪੜਾਅ ਮੰਨੇ ਗਏ ਹਨ:- ਜਨਮ, ਵਿਆਹ ਅਤੇ ਮੌਤ । ਇਹਨਾਂ ਤਿੰਨਾ ਮੌਕਿਆਂ ਸਮੇਂ ਅਨੇਕਾਂ ਪ੍ਰਕਾਰ ਦੀਆਂ ਰਸਮਾਂ ਕੀਤੀਆਂ ਜਾਂਦੀਆਂ ਹਨ। ਖੋਜ-ਪ੍ਰਬੰਧ ਦੇ ਇਸ ਅਧਿਆਇ ਵਿੱਚ ਜਨਮ, ਵਿਆਹ ਅਤੇ ਮੌਤ ਦੇ ਸਮੇਂ ਦੀਆਂ ਰਸਮਾਂ ਵਿੱਚ ਵਿਸ਼ਵੀਕਰਨ ਦੇ ਦੌਰ ਵਿੱਚ ਹੋਏ ਰੁਪਾਂਤਰਨ ਨੂੰ ਪੇਸ਼ ਕੀਤਾ ਜਾ ਰਿਹਾ ਹੈ। ਇਸ ਅਧਿਆਏ ਨੂੰ ਸਮਝਣ ਲਈ ਇਸ ਨੂੰ ਤਿੰਨ ਭਾਗਾਂ ਵਿੱਚ ਵੰਡ ਕੇ ਪੇਸ਼ ਕਰਦੇ ਹਾਂ ।

**I**

'ਮੇਰਾ ਪਿੰਡ' (ਗਿਆਨੀ ਗੁਰਦਿੱਤ ਸਿੰਘ), 'ਮੇਰਾ ਨਾਨਕਾ ਪਿੰਡ' (ਡਾ.ਵਣਜਾਰਾ ਬੇਦੀ), 'ਪੰਜਾਬ ਦੇ ਲੋਕਗੀਤ' (ਡਾ,ਐੱਮ.ਐੱਸ. ਰੰਧਾਵਾ ) ਪੁਸਤਕਾਂ ਦਾ ਅਧਿਐਨ ਕਰਨ ਤੇ ਵਿਸ਼ਵੀਕਰਨ ਦੇ ਦੌਰ ਤੋਂ ਪਹਿਲੇ ਸਮੇਂ ਦੇ ਰਸਮਾਂ ਰਿਵਾਜਾਂ ਬਾਰੇ ਇਹਨਾਂ ਵਿਚੋਂ ਜਾਣਕਾਰੀ ਮਿਲਦੀ ਹੈ। ਇਹ ਰਸਮ ਰਿਵਾਜ ਸ਼ੁਰੂ ਤੋਂ ਹੀ ਸਾਡਾ

ਸਾਥ ਦਿੰਦੇ ਆ ਰਹੇ ਹਨ। ਇਹ ਰਸਮ ਰਿਵਾਜ ਪੰਜਾਬੀ ਜਨ ਜੀਵਨ ਨੂੰ ਇਕ ਲੜੀ ਵਿਚ ਪਰੋ ਕੇ ਰੱਖਦੇ ਹਨ। ਰਸਮਾਂ ਰਿਵਾਜਾਂ ਬਾਰੇ 'ਮੇਰਾ ਪਿੰਡ' ਪੁਸਤਕ ਵਿੱਚੋਂ ਗਿਆਨੀ ਗੁਰਦਿੱਤ ਸਿੰਘ ਦੇ ਹਵਾਲੇ ਅਨੁਸਾਰ :

> ਰਸਮਾਂ ਅਤੇ ਰੀਤਾਂ ਦੀ ਪੂਰਤੀ ਦਾ ਇਹ ਕਾਰਯ ਕਰਮ ,ਜਦੋਂ ਜੀਵ ਜੰਮਿਆ ਵੀ ਨਹੀਂ ਹੁੰਦਾ, ਉਦੋਂ ਤੋਂ ਸ਼ੁਰੂ ਹੋ ਕੇ ਜਿੰਨਾ ਚਿਰ ਜੀਵ ਦੇ ਸਿਵੇ ਉੱਤੇ ਸੁਆਹ ਦੀ ਆਖ਼ਰੀ ਚੁਟਕੀ ਤਕ ਨਹੀਂ ਰਹਿੰਦੀ, ਸਿਵੇ ਵਾਲੀ ਥਾਂ ਦਾ ਥੱਲਾ ਤੱਕ ਘਰੋੜੀਆ ਨਹੀਂ ਜਾਂਦਾ ਉਸ ਪਿੱਛੋਂ ਤੱਕ ਵੀ ਇਹ ਸੇਵਾ ਚੱਲਦੀ ਰਹਿੰਦੀ ਹੈ। ਫੂਕਣ ਵਾਲੀ ਥਾਂ ਦੀਵਾ ਜਗਾ ਕੇ ਸਾਵਧਾਨੀ ਨਾਲ ਇਹ ਫਰਜ਼ ਨਿਭਾਇਆ ਜਾਂਦਾ ਹੈ। ਵਿਅਕਤੀ ਨੇ ਜਿੰਨੀ ਉਮਰ ਅਸਲ ਵਿੱਚ ਜੀਵੀ ਹੁੰਦੀ ਹੈ ਉਸ ਨੂੰ ਰਸਮਾਂ ਰੀਤਾਂ ਰਾਹੀਂ ਦੂਹਰੀ ਕੈਦ ਵਾਂਗ ਘੱਟੋ ਘੱਟ ਡਿਉਢਾ ਜ਼ਰੂਰ ਦਿਵਾਇਆ ਜਾਂਦਾ ਹੈ। (256)

ਜਨਮ ਨਾਲ ਸਬੰਧਿਤ ਰਸਮਾਂ ਰਿਵਾਜਾਂ ਵਿੱਚ ਇਹ ਗੱਲ ਸੁਭਾਵਿਕ ਹੈ ਕਿ ਬੱਚੇ ਦਾ ਜਨਮ ਘਰ ਵਿਚ ਖੁਸ਼ੀਆਂ ਭਰਿਆ ਸਮਾਂ ਲੈ ਕੇ ਆਉਂਦਾ ਹੈ। ਇਸ ਸਮੇਂ ਨੂੰ ਸੁਭਾਗਾ ਸਮਝਿਆ ਜਾਂਦਾ ਹੈ।ਇਕ ਔਰਤ ਦੇ ਗਰਭ ਧਾਰਨ ਦੇ ਤੀਜੇ, ਪੰਜਵੇਂ ਮਹੀਨੇ ਤੋਂ ਅਨੇਕਾਂ ਪ੍ਰਕਾਰ ਦੀਆਂ ਰਸਮਾਂ ਕੀਤੀਆਂ ਜਾਂਦੀਆਂ ਹਨ।ਇਹਨਾਂ ਰੀਤਾਂ ਰਸਮਾਂ ਦਾ ਗਿਆਨ ਕਰਵਾਉਣ ਲਈ ਹਰ ਪਿੰਡ ਵਿੱਚ ਬੁੱਢੀਆਂ, ਸੂਝਵਾਨ ਔਰਤਾਂ ਹੁੰਦੀਆਂ ਹਨ।ਜੋ ਇਨ੍ਹਾਂ ਰਸਮਾਂ ਨੂੰ ਨੇਪਰੇ ਚਾੜ੍ਹਨ ਵਿੱਚ ਮੱਦਦ ਕਰਦੀਆਂ ਹਨ। ਇਸ ਬਾਰੇ ਗਿਆਨੀ ਗੁਰਦਿੱਤ ਸਿੰਘ 'ਮੇਰਾ ਪਿੰਡ' ਪੁਸਤਕ ਵਿਚ ਦੱਸਦੇ ਹਨ :

> ਰਸਮਾਂ ਅਤੇ ਰੀਤਾਂ ਦਾ ਗਿਆਨ ਰੱਖਣ ਵਾਲੀਆਂ ਬੁੱਢੀਆਂ ਇਕ ਤਰ੍ਹਾਂ ਰਿਫਰੈਸ਼ ਬੁੱਕ ਵਾਂਗ ਹੁੰਦੀਆਂ ਹਨ। ਜਿਨ੍ਹਾਂ ਨੂੰ ਪੁੱਛੇ ਪੜਤਾਲੇ ਬਿਨਾਂ ਕੋਈ ਕੰਮ ਕਰਨਾ ਸਹੀ ਨਹੀਂ ਮੰਨਿਆ ਜਾਂਦਾ। ਇਨ੍ਹਾਂ ਬੁੱਢਿਆਂ ਦੀ ਥਾਂ ਲੈਣ ਵਾਲੀਆਂ ਅੱਧਖੜ੍ਹ ਜ਼ਨਾਨੀਆਂ, ਨਾਲੋ ਨਾਲ ਭਵਿੱਖ ਦੀ ਰਿਹਰਸਲ ਕਰਨ ਵਾਂਗ ਆਪਣੀ ਸਿਆਣਪ ਦੀ ਪ੍ਰਦਰਸ਼ਨੀ ਹਰ ਗਲੀ ਮੁਹੱਲੇ ਵਿੱਚ ਸਮੇਂ ਮੁਤਾਬਕ ਚਲਦੀਆਂ ਫਿਰਦੀਆਂ, ਸਿਨਮਿਆਂ ਵਾਂਗ ਖੁਦ ਜਾ ਕੇ ਪ੍ਰਚਾਰ ਕਰਦੀਆਂ ਰਹਿੰਦੀਆਂ ਹਨ। (256)

ਔਰਤ ਦੇ ਗਰਭ ਧਾਰਨ ਦੇ ਨਾਲ ਹੀ ਜਨਮ ਨਾਲ ਸਬੰਧਿਤ ਰਸਮਾਂ ਰਿਵਾਜਾਂ ਦਾ ਸਿਲਸਿਲਾ ਸ਼ੁਰੂ ਹੋ ਜਾਂਦਾ ਹੈ। ਪ੍ਰੀਤ ਰੂਹਾਂ ਤੋਂ ਬਚਣ ਲਈ ਜਨਮ ਦੇਣ ਵਾਲੀ ਔਰਤ ਦੇ ਪੱਲੇ ਨਾਲ ਅਨਾਜ ਬੰਨ੍ਹ ਦਿੱਤਾ ਜਾਂਦਾ ਹੈ। ਜੇ ਗਰਭਵਤੀ ਔਰਤ ਸਹੁਰੇ ਘਰ ਹੋਵੇ, ਤਾਂ ਇਹ ਅਨਾਜ ਪੇਕੇ ਭੇਜਦੇ ਹਨ। ਉਹ ਇਸ ਨੂੰ ਰਿੰਨ੍ਹ ਕੇ ਵੀ ਖਾਂਦੀ ਹੈ, ਭਾਈਚਾਰੇ ਵਿਚ ਵੰਡਦੀ ਹੈ। ਇਸ ਰਸਮ ਤੋਂ ਬਾਅਦ ਔਰਤ ਨੂੰ ਘਰੋਂ ਬਾਹਰ ਨਿਕਲਣ ਦੀ ਮਨਾਹੀ ਹੋ ਜਾਂਦੀ ਹੈ। ਇਸ ਦੇ ਨਾਲ ਨਾਲ ਉਸ ਤੇ ਅਨੇਕਾਂ ਪਾਬੰਦੀਆਂ ਲਗਾ ਦਿੱਤੀਆਂ ਜਾਂਦੀਆਂ ਹਨ। ਉਸ ਨੂੰ ਭਾਰੀ ਕੰਮ ਦੀ ਮਨਾਹੀ ਕਰ ਦਿੱਤੀ ਜਾਂਦੀ ਹੈ। ਇਸੇ ਸਮੇਂ ਗਰਭਵਤੀ ਔਰਤ ਦੀ ਅੱਖ ਸਲਾਈ ਦੀ ਰਸਮ ਕੀਤੀ ਜਾਂਦੀ ਹੈ ਕਿ ਔਰਤ ਕੋਈ ਭਾਰਾ ਕੰਮ ਨਾ ਕਰੇ। ਇਸ ਹਵਾਲੇ ਲਈ 'ਮੇਰਾ ਪਿੰਡ' ਪੁਸਤਕ ਵਿੱਚ ਜਨਮ ਸਮੇਂ ਦੀਆਂ ਰੀਤਾਂ ਪਾਠ ਦੇ ਵਿਚੋਂ ਗਿਆਨੀ ਗੁਰਦਿੱਤ ਸਿੰਘ ਦਾ ਵਿਚਾਰ ਅੰਕਿਤ ਹੈ :

> ਤਿੰਨ ਮਹੀਨਿਆਂ ਪਿੱਛੋਂ ਗਰਭਵਤੀ ਬਹੂ ਦੇ, ਨਣਦ ਸੁਰਮਾ ਪਾ ਕੇ ਅੱਖ ਸਲਾਈ ਦੀ ਰਸਮ ਕਰ ਦਿੰਦੀ ਹੈ। ਇਸ ਦਾ ਮਤਲਬ ਇਹ ਵੀ ਹੁੰਦਾ ਹੈ ਕਿ ਹੁਣ ਬਹੂ ਨੇ ਬੱਚਾ ਜੰਮਣ ਤਕ ਸੁਰਮਾ ਨਹੀਂ ਪਾਉਣਾ, ਤਾਂ ਜੋ ਕੋਈ ਸੋਹਣੀ ਅੱਖ ਦੇਖ ਕੇ ਇਲ੍ਹ ਬਲਾ ਪਿੱਛਾ ਨਾ ਕਰੇ। (259)

ਬੱਚੇ ਦੇ ਜਨਮ ਵੇਲੇ ਜਿੱਥੇ ਜਨਨੀ ਨੂੰ ਰੱਖਿਆ ਜਾਂਦਾ ਹੈ, ਉਸ ਕਮਰੇ ਦਾ ਵੀ ਬੜਾ ਹੀ ਧਿਆਨ ਰੱਖਿਆ ਜਾਂਦਾ । ਬਦਰੂਹਾਂ ਤੋਂ ਬਚਣ ਲਈ ਅਨੇਕਾਂ ਪ੍ਰਕਾਰ ਦੇ ਉਪਰਾਲੇ ਕੀਤੇ ਜਾਂਦੇ। ਬੱਚੇ ਦੇ ਜਨਮ ਸਮੇਂ ਜਨਨੀ ਦੇ ਮੰਜੇ ਨਾਲ ਲੋਹੇ ਦੀ ਦਾਤਰੀ ਪਾਣੀ ਦਾ ਭਾਂਡਾ ਅਤੇ ਮੰਜੇ ਨਾਲ ਕਿਸੇ ਪਾਸੇ ਅਨਾਜ ਵੀ ਬੰਨ੍ਹ ਦਿੱਤਾ ਜਾਂਦਾ ਹੈ। ਇਸ ਬਾਰੇ 'ਮੇਰਾ ਪਿੰਡ' ਪੁਸਤਕ ਵਿੱਚ ਗਿਆਨੀ ਗੁਰਦਿੱਤ ਸਿੰਘ ਦਾ ਵਿਚਾਰ ਹੈ ਕਿ:

> ਜਨਨੀ ਦੇ ਮੰਜੇ ਹੇਠਾਂ ਜੰਤਰਾਂ ਮੰਤਰਾਂ ਵਾਲਾ ਤਬੀਤ ਅਤੇ ਮੰਤਰ ਪੜ੍ਹਾ ਕੇ ਕਰਾਇਆ ਹੋਇਆ ਪਾਣੀ ਢੱਕ ਕੇ ਰੱਖਿਆ ਜਾਂਦਾ ਹੈ। ਲੋਹੇ ਦੀ ਦੰਦਲ ਦਾਤੀ ਤੇ ਜਿੰਦੇ, ਸਰ੍ਹੋਂ, ਕਣਕ ਜਾਂ ਚੌਲਾਂ ਦੇ ਦਾਣੇ ਮੰਜੇ ਦੀ ਦੌਣ ਦੇ ਸੰਘੇ ਨਾਲ ਬੰਨ੍ਹ ਦਿੱਤੇ ਜਾਂਦੇ ਹਨ, ਤਾਂ ਜੋ ਕੋਈ ਇੱਲ ਬਲਾਵਾਂ ਪਵੇ ਤਾਂ ਲੋਹਾ ਬੰਨ੍ਹੀਆਂ ਦੇਖ ਕੇ ਡਰ ਜਾਵੇ। ਲੂਣ ਤੇ ਮਾਂਹ ਜਣਨੀ ਦੇ ਸਿਰ ਉਤੋਂ ਬਾਹਰ ਕੇ ਦਾਈ ਨੂੰ ਦਿੱਤੇ ਜਾਂਦੇ ਹਨ। ਬੱਚਾ ਜੰਮਣ ਤੇ ਮੁੰਡਾ ਹੋਵੇ ਤਾਂ ਬੂਹੇ ਅੱਗੇ ਸ਼ਰੀਂਹ ਦੇ ਪੱਤਿਆਂ ਦੀ ਮਾਲਾ ਪਰੋ ਕੇ ਲਟਕਾਈ

> ਜਾਂਦੀ ਹੈ, ਤਾਂ ਜੋ ਲੰਘਦੇ ਜਾਂਦੇ ਲੋਕਾਂ ਨੂੰ ਪਤਾ ਲੱਗ ਜਾਵੇ ਕਿ ਕੋਈ ਉੱਚੀ ਬੋਲ ਨਾ ਮਾਰੇ। ਅਖੇ ਸਿਲੇ ਵਿੱਚ ਜ਼ਨਾਨੀ ਨੂੰ ਬੋਲ ਪੈਣ ਦਾ ਬੜਾ ਡਰ ਹੁੰਦਾ ਹੈ। (260)

ਮੇਰਾ ਪਿੰਡ ਪੁਸਤਕ ਦਾ ਅਧਿਐਨ ਕੀਤਿਆਂ ਪਤਾ ਚਲਦਾ ਹੈ ਕਿ ਬੱਚੇ ਦੇ ਜਨਮ ਉਪਰੰਤ ਸਭ ਤੋਂ ਪਹਿਲਾਂ ਜਿਹੜੀ ਰਸਮ ਕੀਤੀ ਜਾਂਦੀ ਹੈ, ਉਸ ਨੂੰ ਗੁੜ੍ਹਤੀ ਦੀ ਰਸਮ ਕਿਹਾ ਜਾਂਦਾ ਹੈ। ਅਸਲ ਵਿੱਚ ਬੱਚੇ ਨੂੰ ਇਹ ਪਹਿਲੀ ਖੁਰਾਕ ਹੁੰਦੀ ਹੈ। ਬੱਚੇ ਨੂੰ ਗੁੜ੍ਹਤੀ ਉਸ ਕੋਲੋਂ ਦਿਵਾਈ ਜਾਂਦੀ ਹੈ, ਜਿਸ ਵਰਗਾ ਮਾਂ ਬਾਪ ਬੱਚੇ ਨੂੰ ਬਣਾਉਣਾ ਚਾਹੁੰਦੇ ਹਨ। ਬੱਚੇ ਦੇ ਜਨਮ ਉਪਰੰਤ ਉਸ ਨੂੰ ਸਾਫ਼ ਸੁਥਰਾ ਕਰਕੇ ਦਾਈ ਐਲਾਨ ਕਰਦੀ ਹੈ ਕਿ ਲਿਆਉ ਭਾਈ ਕਿਸ ਕੋਲੋਂ ਗੁੜ੍ਹਤੀ ਦੁਆਉਣੀ ਹੈ। ਸਾਰੇ ਟੱਬਰ ਵਿਚ ਇਸ ਦੀ ਭਾਲ ਸ਼ੁਰੂ ਹੋ ਜਾਂਦੀ ਹੈ। ਪੁਸਤਕ 'ਮੇਰਾ ਪਿੰਡ' ਵਿਚੋਂ ਇਸ ਬਾਰੇ ਗਿਆਨੀ ਗੁਰਦਿੱਤ ਸਿੰਘ ਦਾ ਵਿਚਾਰ ਹੈ:

> ਗੁੜ੍ਹਤੀ ਕਿਤੇ ਛੋਟੀ ਜਿਹੀ ਗੱਲ ਨਹੀਂ ਹੁੰਦੀ। ਜਿਹੜਾ ਜੀਅ ਗੁੜ੍ਹਤੀ ਦੇਵੇਗਾ ਬੱਚੇ ਦਾ ਉਸ ਜਿਹਾ ਸੁਭਾਅ ਬਣ ਜਾਂਦਾ ਹੈ। ਸੋਚ ਵਿਚਾਰ ਪਿੱਛੋਂ ਇਕ ਸ਼ੀਲ, ਸੰਤੋਖੀ, ਗੁਣਵੰਤ ਬੰਦੇ ਨੂੰ ਜਾਂ ਤੀਵੀਂ ਨੂੰ ਇਸ ਰਸਮ ਲਈ ਚੁਣਿਆ ਜਾਂਦਾ ਹੈ। ਕੋਰੇ ਚੱਪਣ ਵਿੱਚ ਦੀਵੇ ਦੀ ਬੱਤੀ ਜਿਹੀ ਰੂੰ ਦੀ ਪੂਣੀ ਨਾਲ ਬੱਕਰੀ ਦਾ ਦੁੱਧ ਬੱਚੇ ਨੂੰ ਪਹਿਲੀ ਵਾਰ ਚੁੰਘਾ ਕੇ ਬੱਚੇ ਨੂੰ ਗੁੜ੍ਹਤੀ ਦਿੱਤੀ ਜਾਂਦੀ ਹੈ। (261)

ਬੱਚੇ ਦੇ ਜਨਮ ਪਿੱਛੋਂ ਸੱਤਵੇਂ, ਨੌਵੇਂ ਜਾਂ ਗਿਆਰ੍ਹਵੇਂ ਦਿਨ ਨਵਜੰਮੇ ਬੱਚੇ ਦੀ ਮਾਂ ਨੂੰ ਜਣੇਪੇ ਵਾਲੇ ਕਮਰੇ ਤੋਂ ਬਾਹਰ ਵਧਾਇਆ ਜਾਂਦਾ ਹੈ। ਇਸ ਰਸਮ ਵਾਸਤੇ ਕੋਈ ਚੰਗਾ ਦਿਨ ਚੁਣ ਲਿਆ ਜਾਂਦਾ ਹੈ। ਸਿਆਣੀਆਂ ਬਜ਼ੁਰਗ ਔਰਤਾਂ ਇਸ ਬਾਰੇ ਆਪਣਾ ਪੱਖ ਰੱਖ ਕੇ ਕੁਝ ਚੰਗਾ ਦਿਨ ਚੁਣ ਲੈਂਦੀਆਂ ਹਨ । ਇਸ ਦਿਨ ਆਂਢ ਗੁਆਂਢ ਦੀਆਂ ਔਰਤਾਂ ਇਕੱਠੀਆਂ ਹੋ ਜਾਂਦੀਆਂ ਹਨ। ਬੱਚੇ ਅਤੇ ਜਨਨੀ ਨੂੰ ਨੁਹਾ ਕੇ ਉਸ ਨੂੰ ਨਵੇਂ ਕੱਪੜੇ ਪੁਆਏ ਜਾਂਦੇ ਹਨ । ਜਿਸ ਥਾਂ ਜਣਨੀ ਨੂੰ ਨੁਹਾਇਆ ਜਾਂਦਾ ਹੈ, ਉਥੇ ਚੌਕ ਪੂਰ ਲਿਆ ਜਾਂਦਾ ਹੈ। ਬਾਹਰ ਵਧਾਉਣ ਦੀ ਰਸਮ ਬਾਰੇ 'ਮੇਰਾ ਪਿੰਡ' ਪੁਸਤਕ ਵਿੱਚ ਗਿਆਨੀ ਗੁਰਦਿੱਤ ਸਿੰਘ ਦਾ ਵਿਚਾਰ ਹੈ ਕਿ :

> ਸੱਤਵੇਂ ਨੌਵੇਂ ਗਿਆਰ੍ਹਵੀਂ ਜਿਸ ਦਿਨ ਚੰਗਾ ਦਿਨ ਆ ਜੁੜੇ, ਮੁੰਡੇ ਦੀ ਮਾਂ ਨੂੰ ਬਾਹਰ ਵਧਾਇਆ ਜਾਂਦਾ ਹੈ। ਬਾਹਰ ਵਧਾਉਣ ਤੋਂ ਪਹਿਲਾਂ ਜਨਨੀ ਨੂੰ ਨੁਹਾਇਆ ਜਾਂਦਾ ਹੈ। ਪੁਰਾਣੇ ਖ਼ਿਆਲਾਂ ਦੇ ਲੋਕ ਪਹਿਲੇ ਦਿਨ ਨਹਾਉਣ ਵਾਲੇ ਪਾਣੀ ਵਿੱਚ ਹਰੀ ਮੇਥੀ ਜਾਂ ਹਰੇ ਚਾਰੇ ਨੂੰ ਉਬਾਲ ਕੇ ਨਹਾਉਂਦੇ ਹਨ। ਜਿਸ ਥਾਂ ਪਟੜੀ ਡਾਹ ਕੇ ਨਹਾਉਣਾ ਹੁੰਦਾ, ਬ੍ਰਾਹਮਣੀ ਜਾਂ ਨੈਣ ਉਸ ਥਾਂ ਉੱਤੇ ਲੀਕਾਂ ਕੱਢ ਕੇ ਚੌਕ ਪੂਰ ਦਿੰਦੀ। ਪੂਰੇ ਹੋਏ ਚੌਕ ਉੱਤੇ ਨਹਾ ਕੇ ਇੱਥੇ ਹੀ ਕੱਪੜੇ ਬਦਲੇ ਜਾਂਦੇ ਹਨ। (263)

ਇਸ ਰਸਮ ਵੇਲੇ ਆਮ ਦਿਨਾਂ ਨਾਲੋਂ ਦਾਈ ਪਹਿਲਾਂ ਪਹੁੰਚ ਜਾਂਦੀ ਹੈ। ਮਾਂ ਅਤੇ ਬੱਚੇ ਲਈ ਨਵੇਂ ਕੱਪੜਿਆਂ ਦਾ ਪ੍ਰਬੰਧ ਕੀਤਾ ਹੁੰਦਾ ਹੈ। ਇਸ ਦਿਨ ਜਣਨੀ ਨੂੰ ਕੇਸੀਂ ਨੁਹਾਇਆ ਜਾਂਦਾ ਹੈ। ਨੁਹਾਉਣ ਨਾਲ ਜਣਨੀ ਵਿੱਚ ਚੁਸਤੀ-ਫੁਰਤੀ ਆ ਜਾਂਦੀ ਹੈ। ਨਵਾਂ ਸੂਟ ਪਹਿਨਣ ਉਪਰੰਤ ਕੋਈ ਵੱਡੀ ਸੁਆਣੀ ਉਸ ਨੂੰ ਬਾਹਰ ਵਧਾਉਂਦੀ ਹੈ। ਨਹਾਉਣ ਵਾਲੀ ਥਾਂ ਤੋਂ ਉਸ ਨੂੰ ਛਿਲੇ ਵਾਲੀ ਥਾਂ, ਜਿੱਥੇ ਬੱਚੇ ਦਾ ਜਨਮ ਹੋਇਆ ਹੋਵੇ, ਵਾਪਸ ਲਿਆਇਆ ਜਾਂਦਾ ਹੈ। ਮੰਜੇ ਬਿਸਤਰੇ ਨੂੰ ਚੰਗੀ ਤਰ੍ਹਾਂ ਸੁਆਰ ਦਿੱਤਾ ਜਾਂਦਾ ਹੈ।

ਇਸ ਦਿਨ ਸ਼ਰੀਕੇ ਭਾਈਚਾਰੇ ਦੀਆਂ ਔਰਤਾਂ ਇੱਕਤਰ ਹੋ ਜਾਂਦੀਆਂ ਹਨ। ਚੌਂਕੇ –ਚੁੱਲੇ ਤੇ ਰੋਟੀ-ਪਾਣੀ ਤਿਆਰ ਕੀਤਾ ਜਾਂਦਾ ਹੈ। ਆਪੋ-ਆਪਣੇ ਧਰਮ ਅਨੁਸਾਰ ਪੂਜਾ-ਪਾਠ ਕਰਕੇ ਜਣਨੀ ਨੂੰ ਰੋਟੀ ਖੁਆਈ ਜਾਂਦੀ ਹੈ। ਵਿਸ਼ਵਾਸ ਕੀਤਾ ਜਾਂਦਾ ਹੈ ਕਿ ਇਸ ਦਿਨ ਮਾਂ ਜਿੰਨਾ ਪੇਟ ਭਰਕੇ ਖਾਏਗੀ, ਬੱਚੇ ਦੀ ਨੀਅਤ ਵੀ ਭਰੀ ਰਹੇਗੀ। ਇਸ ਸਮੇਂ ਭਾਈਚਾਰੇ ਦੀਆਂ ਔਰਤਾਂ, ਜਣਨੀ ਨੂੰ ਨਗਦੀ ਦੇ ਰੂਪ ਵਿੱਚ ਸ਼ਗਨ ਦਿੰਦੀਆਂ ਹਨ। ਘਰ ਵਾਲਿਆਂ ਵਲੋਂ ਦਾਈ ਨੂੰ ਵੀ ਸ਼ਗਨ ਦਿੱਤਾ ਜਾਂਦਾ ਹੈ। ਏਸੇ ਦਿਨ ਹੀ ਬੱਚੇ ਨੂੰ ਜੇਕਰ ਬੱਚਾ ਮੁੰਡਾ ਹੋਵੇ ਤਾਂ ਉਸ ਨੂੰ ਦਾਈ ਦੁਆਰਾ ਤਿਆਰ ਕੀਤੀ ਤੜਾਗੀ, ਜਿਸ ਵਿੱਚ ਕਾਲੇ, ਪੀਲੇ ਮੋਤੀ ਤੇ ਘੁੰਗਰੂ ਆਦਿ ਪਰੋਏ ਹੁੰਦੇ ਹਨ,ਪਾਈ ਜਾਂਦੀ ਹੈ। ਜਦੋਂ ਬੱਚਾ ਹੱਥ-ਪੈਰ ਮਾਰਦਾ ਹੈ ਤਾਂ ਇਹ ਆਵਾਜ਼ ਕਰਦੇ ਹਨ ਛਣਕਦੇ ਹਨ। ਕਈ ਇਲਾਕਿਆਂ ਵਿੱਚ ਤੜਾਗੀ ਭੂਆ ਤਿਆਰ ਕਰਦੀ ਹੈ, ਇਸ ਦੇ ਇਵਜ਼ਾਨੇ ਵਜੋਂ ਉਸ

ਨੂੰ ਨਗਦੀ ਅਤੇ ਸੂਟ ਭਾਵ ਬਣਦਾ ਸਰਦਾ ਕੱਪੜਾ ਦਿੱਤਾ ਜਾਂਦਾ ਹੈ। ਇਸ ਦਿਨ ਤੋਂ ਬਾਅਦ ਜਣਨੀ ਨੂੰ ਚੁੱਲ੍ਹੇ-ਚੌਂਕੇ ਜਾਣ ਦੀ ਆਗਿਆ ਹੋ ਜਾਂਦੀ ਹੈ।

ਬਾਹਰ ਵਧਾਉਣ ਵਾਲੇ ਦਿਨ ਘਰ ਵਿੱਚ ਇੱਕ ਰੰਗੀਨ ਮਾਹੌਲ ਬਣ ਜਾਂਦਾ ਹੈ। ਬਾਹਰ ਵਧਾਉਣ ਦੀ ਖ਼ਬਰ ਸੁਣ ਕੇ ਪਿੰਡ ਦੇ ਲਾਗੀ ਵਧਾਈਆਂ ਦੇਣ ਲਈ ਅੱਪੜ ਜਾਂਦੇ ਹਨ ਅਤੇ ਤਰ੍ਹਾਂ ਤਰ੍ਹਾਂ ਦੇ ਤੋਹਫੇ ਲੈ ਕੇ ਹਾਜ਼ਰ ਹੁੰਦੇ ਹਨ। ਇਸ ਉਪਰੰਤ ਜਨਨੀ ਨੂੰ ਘਰ ਦੇ ਕੰਮ ਕਾਜ ਕਰਨ ਦੀ ਖੁੱਲ੍ਹ ਹੋ ਜਾਂਦੀ ਹੈ। ਪਰ ਇਸ ਦੇ ਨਾਲ ਨਾਲ ਉਸ ਦੀ ਖੁਰਾਕ ਦਾ ਵਿਸ਼ੇਸ਼ ਧਿਆਨ ਰੱਖਿਆ ਜਾਂਦਾ। ਚੰਗੀ ਅਤੇ ਪੌਸ਼ਟਿਕ ਖੁਰਾਕ ਦੇਣ ਲਈ ਪੰਜੀਰੀ ਦਾ ਪ੍ਰਬੰਧ ਕੀਤਾ ਜਾਂਦਾ ਹੈ। ਇਸ ਵਿੱਚ ਭਾਂਤ ਭਾਂਤ ਦੇ ਸੁੱਕੇ ਮੇਵੇ ਪਾ ਕੇ ਇਸ ਨੂੰ ਤਿਆਰ ਕੀਤਾ ਜਾਂਦਾ। ਪੰਜੀਰੀ ਨੂੰ ਕਿਵੇਂ ਬਣਾਉਣਾ ਇਸ ਦੀ ਜਾਣਕਾਰੀ ਹਰ ਕਿਸੇ ਨੂੰ ਨਹੀਂ ਸੀ ਹੁੰਦੀ। ਗਲੀ ਮੁਹੱਲੇ ਵਿਚ ਇੱਕਾ ਦੁੱਕਾ ਔਰਤਾਂ ਨੂੰ ਇਸ ਦਾ ਗਿਆਨ ਹੁੰਦਾ। ਹੋਰ ਸਲਾਹ ਮਸ਼ਵਰੇ ਲਈ ਦਾਦੀ, ਨਾਨੀ ਆਦਿ ਨੂੰ ਬੁਲਾ ਲਿਆ ਜਾਂਦਾ ਹੈ। ਪੰਜੀਰੀ ਨੂੰ ਬਣਾਉਂਦੇ ਸਮੇਂ ਸੁੱਚਮ ਦਾ ਬੜਾ ਧਿਆਨ ਰੱਖਿਆ ਜਾਂਦਾ ਹੈ। ਇਹ ਪੰਜੀਰੀ ਜਨਨੀ ਲਈ ਤਿਆਰ ਕੀਤੀ ਜਾਂਦੀ, ਪਰ ਜਿਸ ਦਿਨ ਤਿਆਰ ਕੀਤੀ ਜਾਂਦੀ ਉਸ ਦਿਨ ਘਰ ਦੇ ਸਾਰੇ ਜੀਅ ਵੀ ਖਾ ਲੈਂਦੇ। ਪੰਜੀਰੀ ਨੂੰ ਵਰਤਾਉਣ ਸਮੇਂ ਵੀ ਕਈ ਤਰ੍ਹਾਂ ਦੀਆਂ ਰਸਮਾਂ ਕੀਤੀਆਂ ਜਾਂਦੀਆਂ। ਪੁਸਤਕ 'ਮੇਰਾ ਪਿੰਡ' ਵਿਚ ਪੰਜੀਰੀ ਬਾਰੇ ਮਿਲਦੇ ਹਵਾਲੇ ਲਈ ਗਿਆਨੀ ਗੁਰਦਿੱਤ ਸਿੰਘ ਅਨੁਸਾਰ:

> ਪੰਜੀਰੀ ਜਨਨੀ ਨੂੰ ਖੁਆਉਣੀ ਉਤਨੀ ਜ਼ਰੂਰੀ ਨਹੀਂ ਹੁੰਦੀ, ਜਿੰਨੀਆਂ ਰਸਮਾਂ ਪੂਰੀਆਂ ਕਰਨੀਆਂ ਲਈ। ਪਹਿਲਾਂ ਵੱਡੇ ਵਡੇਰਿਆਂ ਦੇ ਨਾਂ ਦੀ ਵੱਖਰੀ ਕੱਢ ਕੇ ਨਿਆਣਿਆਂ ਵਿਚ ਵੰਡੀ ਜਾਂਦੀ। ਫਿਰ ਤੱਕੜੀ ਸਾਰੀ ਦਾਈ ਨੂੰ ਦੇ ਦਿੱਤੀ ਜਾਂਦੀ। ਉਸ ਪਿੱਛੋਂ ਪਰਾਤ ਵਿੱਚ ਪਾ ਕੇ ਆਂਢ ਗੁਆਂਢ ਥੋੜ੍ਹੀ ਥੋੜ੍ਹੀ ਦਿਖਾਈ ਜਾਂਦੀ। ਦਿਖਾਵਾ ਜੂ ਕਰਨਾ ਹੋਇਆ। (264)

ਜਨਮ ਨਾਲ ਸੰਬੰਧਿਤ ਰਸਮਾਂ ਦੀ ਅਗਲੀ ਕੜੀ ਵਿਚ ਅਗਲੀ ਰਸਮ ਨਾਮਕਰਨ ਦੀ ਹੁੰਦੀ ਹੈ। ਪੰਜਾਬੀ ਸਭਿਆਚਾਰ ਵਿੱਚ ਇਸ ਨੂੰ ਕਾਫੀ ਮਹੱਤਵਪੂਰਨ ਮੰਨਿਆ ਜਾਂਦਾ ਹੈ। ਬੱਚੇ ਦੇ ਜਨਮ ਤੋਂ ਦਸਵੇਂ ਜਾਂ ਗਿਆਰਵੇਂ ਦਿਨ ਬਾਅਦ ਇਹ ਸੰਸਕਾਰ ਕੀਤਾ ਜਾਂਦਾ ਹੈ। ਆਪੋ-ਆਪਣੇ ਧਰਮ ਅਨੁਸਾਰ ਇਸ ਨੂੰ

ਨਿਭਾਇਆ ਜਾਂਦਾ ਹੈ। ਹਿੰਦੂ ਲੋਕ ਪੰਡਿਤ ਜਾਂ ਪੁਰੋਹਿਤ ,ਸਿੱਖ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਵਾਕ ਅਨੁਸਾਰ ਨਾਮਕਰਨ ਕਰਦੇ ਹਨ। ਪੰਡਿਤ ਪੱਤਰੀਆਂ ਤੇ ਰਾਸ਼ੀਆਂ ਅਤੇ ਗ੍ਰਹਿਣਾਂ ਦੇ ਅਨੁਸਾਰ ਨਾਂ ਰੱਖਦੇ ਹਨ, ਸਿੱਖ ਲੋਕ ਵਾਕ ਲੈਣ ਵਾਲੇ ਭਾਈ ਸਾਹਿਬ ਤੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਤੁੱਕ ਦਾ ਪਹਿਲਾ ਅੱਖਰ ਪੁੱਛ ਕੇ ਉਸ ਅੱਖਰ ਤੇ ਹੀ ਨਾਂ ਰੱਖ ਲੈਂਦੇ ਹਨ। ਜਿਹਨਾਂ ਦੇ ਘਰ ਪੁੱਤਰਾਂ ਘੱਟ ਹੋਵੇ, ਉਹ ਆਪਣੇ ਬੱਚਿਆਂ ਦਾ ਨਾਂ ਸਿੱਧਾ-ਸਾਧਾ ਜਿਹਾ ਰੱਖ ਲੈਂਦੇ ਹਨ। ਨਾਮਕਰਨ ਦੀ ਰਸਮ ਬਾਰੇ ਗਿਆਨੀ ਗੁਰਦਿੱਤ ਸਿੰਘ 'ਮੇਰਾ ਪਿੰਡ' ਪੁਸਤਕ ਵਿਚ ਇਸ ਬਾਰੇ ਦੱਸਦੇ ਹਨ :

> ਪਹਿਲਾਂ ਬਹੁਤੇ ਲੋਕ ਇਹ ਨਾਉਂ ਜਿਸ ਦਿਨ ਕੁੜੀ-ਮੁੰਡਾ ਜੰਮਿਆ ਹੋਵੇ-ਮੰਗਲ, ਬੁੱਧ, ਵੀਰ ਜਾਂ ਮਹੀਨੇ ਨਾਲ ਸਿੰਘ ਪਦ ਲਾ ਲੈਂਦੇ ਸੀ। ਕੁੜੀਆਂ ਦੇ ਬੁੱਧਾਂ, ਸੁੱਧਾਂ, ਮੰਗਲਾਂ, ਵੀਰੋ ਨਾਮ ਰੱਖ ਲੈਂਦੇ ਹੁੰਦੇ। ਕਈ ਮੁੰਡੇ ਨੂੰ ਤਕੜਾ ਬਣਾਉਣ ਦੀ ਕਲਪਨਾ ਨਾਲ ਕਿੱਕਰ ਸਿੰਘ, ਬਿੱਕਰ ਸਿੰਘ ,ਕੁੰਢਾ ਸਿੰਘ, ਬਲੀ, ਅਰਜੁਨ, ਭੀਮਸੈਨ ,ਛੋਟੇ ਕੱਦ ਵਾਲਿਆਂ ਦੇ ਨਿੱਕਾ ਜਾਂ ਛੋਟਾ ਸਿੰਘ, ਗੀਂਢਾ, ਰੀਠਾ, ਮਧਰੂ, ਸਰੀਰਕ ਅੰਗਾਂ ਦੀ ਬਣਤਰ ਦੇ ਮੁਤਾਬਿਕ, ਮਿੱਡਾ ,ਫਿੱਨਾ, ਕਾਣੂ, ਟੀਰਾ ਆਦਿ ਨਾਂ ਜੇ ਘਰਦੇ ਆਪ ਵੀ ਰੱਖ ਲੈਂਦੇ ਤਾਂ ਚੰਗਾ ਨਹੀਂ ਫਿਰ ਆਂਢੀ-ਗੁਆਂਢੀ ਤੇ ਖੇਡਣ ਵਾਲੇ ਹਾਣੀ ਆਪਣੇ ਕੁਢਬੇ ਨਾਮ ਆਪ ਹੀ ਰੱਖ ਦੇਂਦੇ ਹਨ। (272)

ਬੱਚੇ ਦੇ ਜਨਮ ਦੇ ਇਕ ਸਾਲ, ਤੀਜੇ ਜਾਂ ਪੰਜਵੇਂ ਸਾਲ ਮੁੰਡਣ ਜਾਂ ਛਟੀ ਦੀ ਰਸਮ ਹੁੰਦੀ ਹੈ। ਇਹ ਰਸਮ ਖਾਸ ਕਰਕੇ ਜੇ ਮੁੰਡਾ ਜੰਮਿਆ ਹੋਵੇ ਕੀਤੀ ਜਾਂਦੀ ਹੈ। ਲੜਕੀ ਦੇ ਜਨਮ ਵੇਲੇ ਇਹ ਰੀਤ ਨਹੀਂ ਕੀਤੀ ਜਾਂਦੀ। ਛਟੀ ਦੀ ਰਸਮ ਬਾਰੇ ਗਿਆਨੀ ਗੁਰਦਿੱਤ ਸਿੰਘ ਦਾ 'ਮੇਰਾ ਪਿੰਡ' ਪੁਸਤਕ ਵਿਚੋਂ ਵਿਚਾਰ ਅੰਕਿਤ ਹੈ :

> ਸ਼ਹਿਰਾਂ ਵਿੱਚ ਧੂਮ-ਧਾਮ ਨਾਲ ਜਿਵੇਂ ਮੁੰਡਣ ਜਾਂ ਨਾਮ-ਸੰਸਕਾਰ ਦੇ ਉਤਸਵ ਕੀਤੇ ਜਾਂਦੇ ਹਨ, ਮੇਰੇ ਪਿੰਡ ਮੁੰਡਾ ਜੰਮਣ ਤੋਂ ਵਰ੍ਹੇ ਦੇ ਅੰਦਰ-ਅੰਦਰ ਸਰਦੇ ਪੁੱਜਦੇ ਘਰ ਵੱਡਾ ਜਸ਼ਨ ਮੁੰਡੇ

ਦੀ ਛਟੀ ਦੇ ਰੂਪ ਵਿੱਚ ਕਰਦੇ ਹਨ। ਛਟੀ ਵਾਲੇ ਦਿਨ ਸਾਰੇ ਸਾਕਾਂ ਨਾਤਿਆਂ ਨੂੰ ਸੱਦ ਬੁਲਾ ਕੇ ਕੁੱਲ ਵੱਧਣ ਦੀਆਂ ਖੁਸ਼ੀਆਂ ਮਾਣੀਆਂ ਅਤੇ ਵਧਾਈਆਂ ਜਾਂਦੀਆਂ ਹਨ। (267 )

ਮੁੰਡੇ ਦੇ ਜਨਮ ਦੀ ਖੁਸ਼ੀ ਵਿੱਚ ਸਾਲ ਬਾਅਦ ਜਿਹੜਾ ਜਸ਼ਨ ਕੀਤਾ ਜਾਂਦਾ ਉਸ ਨੂੰ ਛਟੀ ਕਿਹਾ ਜਾਂਦਾ ਹੈ । ਇਸ ਰਸਮ ਨੂੰ ਪੂਰਾ ਕਰਨ ਲਈ ਰਿਸ਼ਤੇਦਾਰੀਆਂ ਨੂੰ ਲਾਗੀ ਰਾਹੀਂ ਸੁਨੇਹਾ ਭੇਜਿਆ ਜਾਂਦਾ। ਲਾਗੀ ਨੂੰ ਬਣਦਾ ਸਰਦਾ ਲਾਗ ਨਗਦੀ ਜਾਂ ਕੱਪੜੇ ਆਦਿ ਦੇ ਰੂਪ ਵਿੱਚ ਦਿੱਤਾ ਜਾਂਦਾ। ਛਟੀ ਦਾ ਸਾਰਿਆਂ ਨੂੰ ਬੜਾ ਚਾਅ ਅਤੇ ਉਡੀਕ ਹੁੰਦੀ। ਖਾਸ ਕਰਕੇ ਮੁੰਡੇ ਦੇ ਨਾਨਕਿਆਂ ਨੂੰ ਇਸ ਵਿੱਚ ਹੋਣ ਵਾਲੇ ਭਾਰੇ ਖਰਚੇ ਦੀ ਵੀ ਚਿੰਤਾ ਰਹਿੰਦੀ ਸੀ। ਇਸ ਰਸਮ ਵਿੱਚ ਮਾੜੇ ਮੋਟੇ ਵਿਆਹ ਵਰਗਾ ਖਰਚਾ ਹੁੰਦਾ। ਨਵਜੰਮੇ ਮੁੰਡੇ ਲਈ ਕੋਈ ਸੋਨੇ ਦਾ ਗਹਿਣਾ, ਕੱਪੜੇ, ਖਿਡੌਣੇ, ਜਣਨੀ ਲਈ ਕੱਪੜੇ, ਤਾਏ, ਤਾਈਆਂ, ਚਾਚੇ, ਚਾਚੀਆਂ ,ਦਾਦੇ ,ਦਾਦੀ, ਦਾਈ, ਨੈਣ ,ਨਾਈ ਲਈ ਲੀੜੇ-ਲੱਤੇ ਬਣਾਏ ਜਾਂਦੇ। ਮਾਪਿਆਂ ਨੂੰ ਇਹ ਫਿਕਰ ਰਹਿੰਦਾ ਕਿ ਕਿਤੇ ਸਾਡੀ ਧੀ ਦੀ ਪੇਕੇ ਘਰ ਹੇਠੀ ਨਾ ਹੋਵੇ, ਇਸ ਲਈ ਕਰਜਾ ਚੁੱਕਣ ਦੀ ਨੌਬਤ ਵੀ ਆ ਜਾਂਦੀ ਸੀ। ਇੱਕ ਦੂਜੇ ਤੋਂ ਉੱਪਰ ਦਰਸਾਉਣ ਲਈ ਭੂਆ ਅਤੇ ਮੁੰਡੇ ਦੀ ਮਾਸੀ ਵੀ ਆਪਣਾ ਜ਼ੋਰ ਲਗਾ ਦਿੰਦੀਆਂ।ਇਸ ਬਾਰੇ ਗਿਆਨੀ ਗੁਰਦਿੱਤ ਸਿੰਘ ਦੀ ਪੁਸਤਕ 'ਮੇਰਾ ਪਿੰਡ' ਵਿਚੋਂ ਲਏ ਹਵਾਲੇ ਅਨੁਸਾਰ:

> ਨਾਨਕਿਆਂ ਤੋਂ ਦੂਜੇ ਦਰਜ਼ੇ ਉੱਤੇ ਮੁੰਡੇ ਨੂੰ ਟੂੰਮਾਂ-ਟਾਕੀ ਲਿਆਉਣ ਦਾ ਫਰਜ਼ ਮੁੰਡੇ ਦੀ ਭੂਆ ਅਤੇ ਮਾਸੀਆ ਦਾ ਹੁੰਦਾ ਹੈ। ਮਾਸੀਆ ਮੁੰਡੇ ਦੀ ਮਾਂ ਦੀਆ ਭੈਣਾਂ ਅਤੇ ਭੂਆ ਮੁੰਡੇ ਦੇ ਪਿਉ ਦੀਆਂ ਭੈਣਾਂ- ਕੁਝ ਨਾ ਕੁਝ ਲੈ ਕੇ ਆਈਆਂ ਹੁੰਦੀਆਂ ਹਨ। ਇਸ ਲਈ ਕਈ ਵਾਰ ਦੋਵਾਂ ਪਾਰਟੀਆਂ ਵਿਚ ਟਾਕਰਾ ਹੋ ਜਾਂਦਾ ਹੈ। (268)

ਛਟੀ ਵਾਲੇ ਦਿਨ ਆਏ ਪ੍ਰਾਹੁਣਿਆਂ ਨੂੰ ਰੋਟੀ ਤਿਆਰ ਕੀਤੀ ਜਾਂਦੀ ਅਤੇ ਮਿੱਠੇ ਵਜੋਂ ਲੱਡੂ ਤਿਆਰ ਕਰਾਏ ਜਾਂਦੇ। ਰੋਟੀ ਖਾਣ ਤੋਂ ਪਹਿਲਾਂ ਲੜਕੇ ਦੀ ਮਾਂ ਲੜਕੇ ਨੂੰ ਲੈ ਕੇ ਬੈਠ ਜਾਂਦੀ, ਰਿਸ਼ਤੇਦਾਰੀ ਦੇ ਆਏ ਲੀੜੇ (ਤੋਹਫੇ) ਆਦਿ ਦਾ ਦਿਖਾਵਾ ਕਰਦੇ ਤੇ ਨਗਦੀ ਦੇ ਰੂਪ ਵਿੱਚ ਸ਼ਗਨ ਵੀ ਪਾ ਦਿੰਦੇ। ਘਰ ਵਾਲਿਆਂ ਵਲੋਂ ਵੀ ਮੋੜਵੇਂ ਕੱਪੜੇ ਦਿੱਤੇ ਜਾਂਦੇ ਹਨ। ਛਟੀ ਦੀ ਰਸਮ ਦੇ ਨਾਲ ਹੀ ਖੁਸਰਿਆਂ ਦੀ ਆਮਦ ਹੋ ਜਾਂਦੀ ਹੈ

,ਕਿਉਂਕਿ ਉਹਨਾਂ ਨੂੰ ਪਤਾ ਹੁੰਦਾ ਹੈ ਕਿ ਅੱਜ ਰਿਸ਼ਤੇਦਾਰੀ ਇੱਕਠੀ ਹੋਈ ਹੈ, ਚਾਰ ਪੈਸੇ ਜਰੂਰ ਬਣ ਜਾਣਗੇ। ਮੁੰਡੇ ਦੇ ਜਨਮ ਵੇਲੇ ਖੁਸਰਿਆਂ ਨੂੰ ਵੀ ਉਡੀਕਿਆ ਜਾਂਦਾ। ਖੁਸਰਿਆਂ ਦੀ ਆਮਦ ਬਾਰੇ ਪੁਸਤਕ 'ਮੇਰਾ ਪਿੰਡ' ਵਿਚੋਂ ਗਿਆਨੀ ਗੁਰਦਿੱਤ ਸਿੰਘ ਦਾ ਵਿਚਾਰ ਹੈ:

> ਖੁਸਰੇ ਖੁਸ਼ੀਆਂ ਦੇ ਗੀਤਾਂ, ਲੋਰੀਆਂ ਦਾ ਇਹ ਉਤਸਵ ਪੂਰੇ ਜੋਰ ਨਾਲ ਆਪਣੇ ਚੁਲਬੁਲੇ ਮਖਾਉਲ ਰਾਗ ਰੰਗ ਦੀਆਂ ਸੁਆਦਲੀਆਂ ਗੱਲਾਂ ਦੇ ਫੁੱਲ ਖਿੜਾ ਕੇ, ਚੰਗੀ ਜੇਬ ਗਰਮ ਕਰਕੇ ਹੀ ਨਿਕਲਦੇ ਹਨ। ਕਈ ਵਾਰੀ ਇਕ ਦੋ ਸੂਟ, ਤਨ ਦੇ ਹੋਰ ਕੱਪੜੇ ਸਾਰਿਆ ਦੇ ਨਹੀਂ ਮੁਖੀਆਂ ਦੇ ਤਾਂ ਲੈ ਹੀ ਜਾਂਦੇ ਹਨ। ਵਧਾਈ ਦੇਣ ਵਾਲਾ ਕੋਈ ਸੂਮਪੁਣਾ ਦਿਖਾਵੇ ਤਾਂ ਅੜ ਕੇ ਬੈਠ ਜਾਂਦੇ ਹਨ, ਝਗੜਾ ਕਰਦੇ ਹਨ, ਖੁਸਰਿਆਂ ਦੀ ਉਗਰਾਹੀ ਦੇ ਜਬਰੀ ਢੰਗ ਬੜੇ ਹੀ ਭੈਅ-ਭੀਤ ਕਰਨ ਵਾਲੇ ਹੁੰਦੇ ਹਨ। ਆਪਣੀ ਮੰਗ ਪੂਰੀ ਨਾ ਹੋਣ ਤੇ ਝੱਜੂ ਪਾ ਕੇ ਬਹਿ ਜਾਦੇ ਹਨ। (282-283 )

ਜਨਮ ਤੋਂ ਬਾਅਦ ਵਿਆਹ ਇੱਕ ਅਹਿਮ ਸੰਸਕਾਰ ਹੈ। ਵਿਆਹ ਇੱਕ ਅਜਿਹਾ ਬੰਧਨ ਹੈ ਜਿਸ ਦਾ ਪ੍ਰਭਾਵ ਅਗਲੀਆਂ ਪੀੜੀਆਂ ਤੇ ਵੀ ਪੈਂਦਾ ਹੈ। ਇਸ ਨੂੰ ਨਿਰਵਿਘਨ ਸੰਪੂਰਨ ਕਰਨ ਲਈ ਅਨੇਕਾਂ ਹੀ ਰਸਮਾਂ ਕੀਤੀਆਂ ਜਾਂਦੀਆਂ ਹਨ । ਹਰ ਨਿੱਕੇ ਤੋਂ ਵੱਡੇ ਕਾਰਜ ਨੂੰ ਬੜੇ ਧਿਆਨ ਨਾਲ ਕੀਤਾ ਜਾਂਦਾ ਹੈ। ਹਰ ਕੌਮ ਅਤੇ ਹਰ ਸਮਾਜ ਵਿੱਚ ਵਿਆਹ ਦਾ ਮੌਕਾ ਬੜਾ ਹੀ ਖੁਸ਼ੀਆਂ ਭਰਿਆ ਮੰਨਿਆ ਜਾਂਦਾ ਹੈ। ਇਸ ਨਾਲ ਸੰਬੰਧਿਤ ਰਸਮਾਂ ਨੂੰ ਧਿਆਨ ਨਾਲ ਨਜ਼ਰ ਮਾਰੀਏ ਤਾਂ ਪਤਾ ਚਲਦਾ ਹੈ ਕਿ ਲੰਮਾਂ ਪੈਂਡਾ ਤੈਅ ਕਰਕੇ ਇਹ ਸਾਡੇ ਤੱਕ ਪਹੁੰਚੀਆਂ ਹਨ। ਇਹੋ ਰਸਮਾਂ ਸਾਡੇ ਅਮੀਰ ਵਿਰਸੇ ਨੂੰ ਆਪਣੀ ਬੁੱਕਲ ਵਿੱਚ ਲਕੋਈ ਬੈਠੀਆਂ ਹਨ। ਇਸ ਬਾਰੇ 'ਮੇਰਾ ਪਿੰਡ' ਪੁਸਤਕ ਵਿਚੋਂ ਮਿਲਦੇ ਹਵਾਲੇ ਨਾਲ, ਗਿਆਨੀ ਗੁਰਦਿੱਤ ਸਿੰਘ ਅਨੁਸਾਰ :

> ਵਿਆਹ ਸ਼ਾਦੀ ਦੇ ਰਸਮੋਂ-ਰਿਵਾਜ ਨਿਭਾਉਣ ਲਈ ਘਰ ਦੀਆਂ ਸਵਾਣੀਆਂ ਤੇ ਗਲੀ-ਮਹੱਲੇ ਦੀਆਂ ਖੋਚਰੀ ਬੁੜੀਆਂ ਤੋਂ ਇਲਾਵਾ ਇੱਕ ਅੱਧ ਵਿਚਾਰਵਾਨ ਇਸਤਰੀ, ਸਾਕ-ਸਕੀਰੀ ਤੋਂ

ਭੂਆ, ਮਾਸੀ ਜਾ ਨਾਨੀ ਪਹਿਲਾਂ ਹੀ ਸੱਦ ਲਈ ਜਾਂਦੀ ਹੈ ਕਿ ਕੋਈ ਰਸਮ ਰਿਵਾਜ ਭੁੱਲ-ਭੁਲੇਖੇ ਰਹਿ ਨਾ ਜਾਵੇ ਸਮੇਂ-ਸਮੇਂ ਉਹ ਦੱਸਦੀ ਰਹੇ। ( 284 )

ਵਿਆਹ ਸ਼ਾਦੀ ਦੀਆਂ ਰਸਮਾਂ ਕੁੜੀ-ਮੁੰਡੇ ਦੇ ਜਵਾਨ ਹੋਣ ਤੇ ਸ਼ੁਰੂ ਹੋ ਜਾਂਦੀਆਂ ਹਨ। ਵਿਆਹ ਦੀ ਸਭ ਤੋਂ ਪਹਿਲੀ ਰਸਮ ਵਰ ਦੀ ਭਾਲ ਹੈ। ਇਸ ਕੰਮ ਸੰਪੂਰਨ ਕਰਨ ਲਈ ਪਿੰਡ ਦਾ ਨਾਈ ਅਹਿਮ ਰੋਲ ਅਦਾ ਕਰਦਾ ਹੈ, ਉਹ ਆਂਢ-ਗੁਆਂਢ ਦੇ ਪਿੰਡਾਂ ਵਿੱਚ ਵਿਚਰਦਾ ਰਹਿੰਦਾ ਹੈ, ਉਹ ਇਸ ਗੱਲ ਦੀ ਖਬਰਸਾਰ ਰੱਖਦਾ ਹੈ ਕਿ ਕਿਸ ਦਾ ਲੜਕਾ ਹੈ ਤੇ ਕਿਸ ਦੀ ਲ਼ੜਕੀ ਵਿਆਹੁਣ ਦੇ ਕਾਬਲ ਹੋ ਗਏ ਹਨ। ਜਾਤੀ ਬਰਾਦਰੀ ਦਾ ਧਿਆਨ ਰੱਖਦਿਆਂ ਉਹ ਰਿਸ਼ਤੇ ਦੀ ਦੱਸ ਪਾਉਂਦਾ ਹੈ। ਬਹੁਤਾ ਕਰਕੇ ਰਿਸ਼ਤੇ ਨਾਈ ਦੇ ਭਰੋਸੇ ਤੇ ਹੀ ਹੋ ਜਾਂਦੇ ਸਨ। ਉਹਨਾਂ ਵਿੱਚ ਇਹ ਕਲਾ ਭਰੀ ਹੁੰਦੀ ਕਿ ਉਹ ਵਿਆਹ ਦੀ ਭੂਮਿਕਾ ਨੂੰ ਬੜੇ ਸੁਚੱਜੇ ਅੰਦਾਜ਼ ਵਿੱਚ ਪੇਸ਼ ਕਰਦਾ ਤੇ ਉਸ ਦੀ ਹਾਮੀ ਤੇ ਹੀ ਰਿਸ਼ਤਾ ਮੰਨਜੂਰ ਕਰ ਲਿਆ ਜਾਂਦਾ। ਨਾਈ ਦੋਹਾਂ ਧਿਰਾਂ ਕੁੜੀ ਅਤੇ ਮੁੰਡੇ ਵਿੱਚ ਵਿਚੋਲਗੀ ਦਾ ਰੋਲ ਅਦਾ ਕਰਦਾ ਹੈ। ਇੰਝ ਇਹ ਰਵਾਇਤ ਪੁਰਾਤਨ ਹੈ। ਵਿਆਹ ਦੀ ਸਭ ਤੋਂ ਪਹਿਲੀ ਰੀਤ ਰੋਕਾ ਹੁੰਦਾ ਹੈ। ਇਹ ਰਸਮ ਅਸਲ ਵਿੱਚ ਰਿਸ਼ਤਾ ਪੱਕਾ ਕਰਨ ਦਾ ਸੰਕੇਤ ਹੁੰਦੀ ਹੈ। ਨਾਈ ਜਾਂ ਪਰੋਹਿਤ ਨੂੰ ਜਿਨ੍ਹਾਂ ਮੁੰਡੇ, ਕੁੜੀਆਂ ਦੇ ਵਿਆਹ ਹੋਣ ਵਾਲੇ ਹਨ ਪੂਰੀ ਜਾਣਕਾਰੀ ਹੁੰਦੀ ਹੈ। ਇਸ ਰਸਮ ਨੂੰ ਲੜਕੀ ਵਾਲੇ ਨਿਭਾਉਂਦੇ ਹਨ। ਨਾਈ ਦੁਆਰਾ ਦੱਸੇ ਲੜਕੇ ਨੂੰ ਪਿੰਡ ਦੀ ਪੰਚਾਇਤ ਜਾਂ ਭਾਈਚਾਰੇ ਵਿੱਚ ਲੜਕੀ ਦੀ ਧਿਰ ਸ਼ਗਨ ਵਜੋਂ ਕੁੱਝ ਨਗਦੀ, ਰੁਪਇਆ ਆਦਿ ਦੇ ਕੇ ਗੁੜ ਨਾਲ ਮੂੰਹ ਮਿੱਠਾ ਕਰਾ ਦਿੰਦੇ ਹਨ ਕਿ ਅੱਜ ਤੋਂ ਇਹ ਲੜਕਾ ਸਾਡਾ ਹੋਇਆ।'ਮੇਰਾ ਪਿੰਡ' ਪੁਸਤਕ ਵਿੱਚ ਅੰਕਿਤ ਰੋਕੇ ਦੀ ਰਸਮ ਬਾਰੇ ਗਿਆਨੀ ਗੁਰਦਿੱਤ ਸਿੰਘ ਅਨੁਸਾਰ :

ਮੰਗਣ ਦੀ ਪਹਿਲੀ ਰੀਤ ਤੇ ਅਗਲੇ ਸਾਰੇ ਕਾਰਜ ਚਲਦੇ ਹਨ, ਪਰ ਮੰਗਣੇ ਤੋਂ ਪਹਿਲਾਂ ਦੋਵੇਂ ਧਿਰਾਂ ਮਿਲਕੇ ਰਿਸ਼ਤੇ ਦਾ ਪੱਕ-ਠੱਕ ਜਰੂਰ ਕਰ ਲੈਂਦੀਆਂ ਹਨ। ਇਸ ਪੱਕ-ਠੱਕ ਨੂੰ ਠਾਕਾ ਕਿਹਾ ਜਾਂਦਾ ਹੈ। ਵੱਡੀ ਰਸਮ ਹੁੰਦੀ ਹੈ ਮੰਗਣੇ ਦੀ ਜਾਣੀ ਲੜਕੇ ਨੂੰ ਲੜਕੀਆਂ ਵਲੋਂ ਆਪਣੇ ਲਈ ਮੰਗਣਾ ਕਿ ਇਹ ਸਾਡਾ ਹੋ ਗਿਆ ਹੈ। (285 )

ਰੋਕੇ ਜਾਂ ਠਾਕੇ ਦੀ ਰਸਮ ਕਰਨ ਤੋਂ ਬਾਅਦ ਮੰਗਣੀ ਜਾਂ ਕੁੜਮਾਈ ਦੀ ਰਸਮ ਹੁੰਦੀ ਹੈ। ਰੋਕੇ ਤੋਂ ਬਾਅਦ ਲੜਕੀ ਦੀ ਧਿਰ ਲੜਕੇ ਵਾਲਿਆਂ ਨਾਲ ਪੱਕੇ ਤੌਰ ਤੇ ਰਿਸ਼ਤਾ ਤੈਅ ਕਰ ਲੈਂਦੀ। ਮੰਗਣੀ ਤੋਂ ਪਹਿਲਾਂ ਰੋਕੇ ਵੇਲੇ ਦੱਸੇ ਅਨੁਸਾਰ ਮੁੰਡੇ ਦੇ ਕੰਮ-ਕਾਰ ਅਤੇ ਆਰ-ਪਰਿਵਾਰ ਬਾਰੇ ਆਂਢ-ਗੁਆਂਢ ਤੋਂ ਪਤਾ ਕਰ ਲਿਆ ਜਾਂਦਾ ਹੈ। ਮੰਗਣੀ ਦਾ ਦਿਨ ਤੈਅ ਕਰਕੇ ਵਿਚੋਲਾ ਲੜਕੀ ਵਾਲਿਆਂ ਦਾ ਨਾਈ ਅਤੇ ਚਾਚੇ, ਤਾਏ ਇੱਕਠੇ ਹੋਕੇ ਲੜਕੇ ਵਾਲਿਆਂ ਘਰ ਪਹੁੰਚ ਜਾਂਦੇ ਹਨ। ਪਿੰਡ ਦੀ ਪੰਚਾਇਤ ਦੀ ਹਾਜ਼ਰੀ ਵਿੱਚ ਮੁੰਡੇ ਨੂੰ ਬੜੇ ਅਦਬ ਨਾਲ ਬਿਠਾਇਆ ਜਾਂਦਾ। ਗੁੜ ਨਾਲ ਮੂੰਹ ਮਿੱਠਾ ਕਰਾ ਦਿੱਤਾ ਜਾਂਦਾ। ਲੜਕੀ ਦੀ ਧਿਰ ਆਪਣੇ-ਆਪ ਨੂੰ ਗਰੀਬ ਦਰਸਾ ਕੇ ਲੜਕੀ ਤੋਰਨ ਦਾ ਬਚਨ ਦੇ ਦਿੰਦੀ। ਰੋਕੇ ਜਾਂ ਠਾਕੇ ਦੀ ਰਸਮ ਕਰਨ ਤੋਂ ਬਾਅਦ ਮੰਗਣੀ ਜਾਂ ਕੁੜਮਾਈ ਦੀ ਰਸਮ ਹੁੰਦੀ ਹੈ। ਰੋਕੇ ਤੋਂ ਬਾਅਦ ਲੜਕੀ ਦੀ ਧਿਰ ਲੜਕੇ ਵਾਲਿਆਂ ਨਾਲ ਪੱਕੇ ਤੌਰ ਤੇ ਰਿਸ਼ਤਾ ਤੈਅ ਕਰ ਲੈਂਦੀ। ਮੰਗਣੀ ਤੋਂ ਪਹਿਲਾਂ ਰੋਕੇ ਵੇਲੇ ਦੱਸੇ ਅਨੁਸਾਰ ਮੁੰਡੇ ਦੇ ਕੰਮ-ਕਾਰ ਅਤੇ ਆਰ-ਪਰਿਵਾਰ ਬਾਰੇ ਆਂਢ-ਗੁਆਂਢ ਤੋਂ ਪਤਾ ਕਰ ਲਿਆ ਜਾਂਦਾ ਹੈ। ਸਾਹਾ ਕਢਵਾਉਣ ਤੋਂ ਬਾਅਦ ਬੜਾ ਜਰੂਰੀ ਕੰਮ ਇਸ ਦੀ ਜਾਣਕਾਰੀ ਦੋਹਾਂ ਧਿਰਾਂ ਨੂੰ ਭੇਜਣੀ ਹੁੰਦਾ ਹੈ। ਸਾਹੇ ਦੀ ਚਿੱਠੀ ਕੁੜੀ ਵਾਲਿਆਂ ਵਲੋਂ ਨਾਈ ਦੇ ਹੱਥ ਲੜਕੀ ਵਾਲਿਆਂ ਨੂੰ ਬੜੇ ਅਦਬ ਤੇ ਸਤਿਕਾਰ ਨਾਲ ਭੇਜੀ ਜਾਂਦੀ ਹੈ। ਸਾਹੇ ਦੀ ਚਿੱਠੀ ਬਾਰੇ ਪ੍ਰਸਿੱਧ ਲੋਕਯਾਨੀ ਡਾ. ਵਣਜਾਰਾ ਬੇਦੀ 'ਪੰਜਾਬੀ ਲੋਕਧਾਰਾ ਵਿਸ਼ਵਕੋਸ਼' ਜਿਲਦ ਤੀਜੀ ਵਿੱਚ ਵਿਚਾਰ ਪੇਸ਼ ਕਰਦੇ ਹਨ :

> ਉਹ ਰਸਮੀ ਚਿੱਠੀ ਜਿਸ ਵਿੱਚ ਕੰਨਿਆ ਪੱਖ ਵਾਲੇ ਵਿਆਹ ਦੀ ਤਿੱਥ ਤੇ ਫੇਰਿਆਂ ਦਾ ਮਹੂਰਤ ਲਿਖ ਕੇ ਵਰ ਦੀ ਧਿਰ ਨੂੰ ਪ੍ਰੋਹਿਤ ਦੇ ਹੱਥ ਭੇਜਦੇ ਹਨ। ਵਿਆਹ ਦੀ ਮਿਤੀ ਨਿਸ਼ਚਿਤ ਕਰਨ ਵੇਲੇ ਵਰ ਅਤੇ ਕੰਨਿਆ ਦੋਹਾਂ ਦੇ ਟੇਵੇ ਕੰਨਿਆ ਪੱਖ ਦੇ ਪਾਂਧੇ ਨੂੰ ਦਿੱਤੇ ਜਾਂਦੇ ਹਨ। ਜੋ ਦੋਹਾਂ ਨੂੰ ਮਿਲਾ ਕੇ ਗ੍ਰਹਿਆਂ ਦੇ ਸੰਜੋਗ, ਚਾਲ ਤੇ ਸਥਿਤੀ ਦੇ ਚੰਗੇ ਮੰਦੇ ਪ੍ਰਭਾਵਾਂ ਨੂੰ ਵਿਚਾਰ ਕੇ ਵਿਆਹ ਦੀ ਸ਼ੁਭ ਤਿੱਥ ਭਾਵ ਸਾਹ ਕੱਢਦਾ ਹੈ। (324)

ਇਸ ਚਿੱਠੀ ਨੂੰ ਮੌਲੀ ਦੇ ਧਾਗੇ ਵਿੱਚ ਲਪੇਟ ਕੇ ਨਾਲ ਗੁੜ ਭੇਜ ਦਿੱਤਾ ਜਾਂਦਾ ਹੈ। ਇਸ ਸਾਹੇ ਦੀ ਚਿੱਠੀ ਵਿੱਚ ਜਿੱਥੇ ਵਿਆਹ ਦੇ ਦਿਨ ਬਾਰੇ ਦਿਤੀ ਹੁੰਦੀ ਹੈ,ਉੱਥੇ ਨਾਲ ਹੀ ਹੋਰ ਹਦਾਇਤਾਂ ਵੀ ਕੀਤੀਆਂ ਜਾਂਦੀਆਂ ਹਨ ਕਿ ਬਰਾਤ ਦੇ ਬੰਦੇ ਕਿੰਨੇ ਹੋਣ, ਸਮਾਗਮ ਸਾਦਾ ਹੋਵੇਗਾ ਆਦਿ। ਪਹਿਲੇ ਸਮਿਆਂ ਵਿੱਚ ਸਾਹੇ ਦੀ ਚਿੱਠੀ ਬਾਰੇ ਗਿਆਨੀ ਗੁਰਦਿੱਤ ਸਿੰਘ ਨੇ 'ਮੇਰਾ ਪਿੰਡ' ਪੁਸਤਕ ਵਿੱਚ ਲਿਖਿਆ ਹੈ:

> ਲਿਖਤੁਮ ਪੰਚਾਇਤ ਸਰਬੱਤ ਪਿੰਡ ਬਾਲੇਵਾਲ ਦੀ ਵਾਸਤੇ ਰੁਲੀਆ ਸਿੰਘ ਦੇ ਸਾਰੇ ਪਰਿਵਾਰ ਦੇ । ਸਾਰੀ ਪੰਚਾਇਤ ਅਤੇ ਪਰਿਵਾਰ ਵਲੋਂ ਦੋਵੇਂ ਹੱਥ ਜੋੜ ਕੇ ਸਤਿ ਸ੍ਰੀ ਅਕਾਲ ਬੁਲਾਈ ਵਾਚਣੀ ਜੀ । ਅੱਗੇ ਜੋਗ ਸਰਬੱਤ ਪੰਚਾਇਤ ਪਿੰਡ ਮਿੱਠੇਵਾਲ ਦੀ ਘਰ ਸਾਧੂ ਸਿੰਘ ਦੇ ਚਿੱਠੀ ਪਹੁੰਚੇ ਜੀ। ਸਾਰੀ ਪੰਚਾਇਤ ਨਗਰ ਖੇੜੇ ਨੂੰ ਸਭ ਦੀ ਸਤਿ ਸ੍ਰੀ ਅਕਾਲ ਬੁਲਾਈ ਪ੍ਰਵਾਨ ਹੋਵੇ ਜੀ। ਅੱਗੇ ਸੂਰਤ ਅਹਿਵਾਲ ਇਹ ਹੈ ਕਿ ਰੁਲੀਆ ਸਿੰਘ ਦੀ ਲੜਕੀ –ਮਲਕੀਤੋ- ਮਲਕੀਤ ਕੋਰ ਦਾ ਲਗਨ ਮਾਘ ਦੀ ਪੁੰਨਿਆਂ ਦਾ ਨਿਕਲਿਆ ਹੈ ਚੌਂਦੇ ਦੀ ਰੋਟੀ ਹੈ,ਪੁੰਨਿਆ ਦੀ ਰਾਤ ਨੂੰ ਪਹਿਲੇ ਪੱਖ ਦੀਆਂ ਦੋ ਘੜੀਆਂ ਰਾਤ ਰਹਿੰਦੀ ਦੇ ਫੇਰੇ ਨੇ,ਸੋਧੇ ਹੋਏ ਲਗਨ ਦਾ ਸ਼ਗਨ ਪਰਵਾਨ ਕਰਨਾ ਜੀ। ਅਸੀ ਧੀ ਵਾਲੇ ਗਰੀਬਾਂ ਦਾ ਤੁਹਾਡੇ ਭਾਗਵਾਨਾਂ ਨਾਲ ਕੋਈ ਟਾਕਰਾ ਨਹੀਂ ਜੀ। ਗਰੀਬੀ ਦਾਅਵੇ ਨਾਲ ਹੱਥ ਬੰਨ੍ਹ ਕੇ ਬੇਨਤੀ ਹੈ ਲੜਕੇ ਦੇ ਨਾਲ ਚਾਰ ਬੰਦੇ ਆ ਕੇ ਭਮਾਲੀਆਂ ਲੈ ਜਾਣਾ। ਜੰਞ ਦੇ ਬੰਦੇ 30 ਤੋਂ ਵੱਧ ਨਾ ਹੋਣ। ਸਾਡੇ ਵਿੱਚ ਬਹੁਤਿਆਂ ਦੀ ਸੰਭਾਲਣ ਦੀ ਪਰੋਖੋ ਨਹੀਂ ਹੈ ਜੀ। ਦੋ ਰੱਥ ਇੱਕ ਗੱਡਾ ਪੰਜ ਸਵਾਰੀਆਂ ਲਿਆਉਣੀਆਂ ਸਾਡੇ ਘਰ ਕਿਸੇ ਤਰ੍ਹਾਂ ਦਾ ਟੂੰਮ ਤਗਾਦਾ ਨਾਲ ਲੈ ਕੇ ਨਾ ਆਉਣਾ ਜੀ। ( 321-322)

ਸਾਹੇ ਚਿੱਠੀ ਲੈ ਕੇ ਆਏ ਵਿਚੋਲੇ ਜਾਂ ਨਾਈ ਦੀ ਬੜੀ ਕਦਰ ਹੁੰਦੀ। ਉਸ ਨੂੰ ਸਤਿਕਾਰ ਨਾਲ ਵੱਤੋਂ ਵੱਧ ਖਾਣਾ ਖੁਆਇਆ ਜਾਂਦਾ ਤੇ ਵਾਪਸੀ ਵਕਤ ਉਸ ਨੂੰ ਸ਼ਗਨ ਦੇ ਰੂਪ ਵਿੱਚ ਕੰਬਲ ਖੇਸ ਦੇ ਨਾਲ ਨਗਦੀ ਵੀ ਦਿੱਤੀ ਜਾਂਦੀ। ਜਦੋਂ ਵਿਆਹ ਦਾ ਦਿਨ ਨਿਸ਼ਚਿਤ ਹੋ ਜਾਂਦਾ ਹੈ, ਤਾਂ ਲੜਕੇ ਅਤੇ ਲੜਕੀ ਦਾ ਘਰੋਂ ਬਾਹਰ ਨਿਕਲਣਾ ਵਰਜਿਤ ਹੋ ਜਾਂਦਾ ਹੈ। ਸਾਹੇ ਬੱਝਣ ਤੋਂ ਬਾਅਦ ਵਰ ਤੇ ਕੰਨਿਆ ਨੂੰ ਘਰੋਂ ਬਹੁਤਾ ਬਾਹਰ ਨਹੀਂ

ਨਿਕਲਣ ਦਿੱਤਾ ਜਾਂਦਾ। ਉਹਨਾਂ ਨੂੰ ਉਜਾੜ ਥਾਵਾਂ ਤੇ ਜਾਣ ਦੀ ਤੇ ਇੱਕਲਿਆਂ ਬਾਹਰ ਨਿਕਲਣ ਦੀ ਮਨਾਹੀ ਹੁੰਦੀ ਹੈ। ਹੌਲਾ-ਭਾਰਾ ਕੰਮ ਕਰਨ ਤੋਂ ਵੀ ਵਰਜਿਆ ਜਾਂਦਾ ਹੈ। ਲੰਮਾ ਸਫਰ ਕਰਨ ਤੋਂ ਵੀ ਰੋਕਿਆ ਜਾਂਦਾ ਹੈ। ਸਾਹੇ ਬੱਝਣ ਦੀ ਰਸਮ ਤੋਂ ਭਾਵ ਅਸਲ ਵਿੱਚ ਲੜਕਾ ਤੇ ਲੜਕੀ ਦੀ ਸੁਰੱਖਿਆ ਹੈ, ਕਿਉਂਕਿ ਘਰ-ਬਾਹਰ ਕੰਮ-ਕਾਰ ਕਰਦਿਆਂ ਸੱਟ-ਚੋਟ ਲੱਗਣ ਕਰਕੇ ਵਿਆਹ ਦੇ ਕੰਮ ਵਿੱਚ ਵਿਘਨ ਪੈ ਜਾਣ ਦਾ ਡਰ ਰਹਿੰਦਾ ਹੈ। ਇਸ ਕਰਕੇ ਉਹਨਾਂ ਨੂੰ ਬਾਹਰ ਜਾਣ ਦੀ ਮਨਾਹੀ ਹੁੰਦੀ ਹੈ।

ਵਿਆਹ ਦਾ ਦਿਨ ਨਿਸ਼ਚਿਤ ਹੋਣ ਨਾਲ ਘਰ ਵਿੱਚ ਕੰਮਾਂ ਦਾ ਪਹਾੜ ਡਿੱਗ ਪੈਂਦਾ ਹੈ। ਨਾਨਕਿਆਂ ਸਮੇਤ,ਹੋਰ ਰਿਸ਼ਤੇਦਾਰਾਂ ਅਤੇ ਸਾਕ-ਸੰਬੰਧੀਆਂ ਨੂੰ ਨਿਸ਼ਚਿਤ ਕੀਤੇ ਵਿਆਹ ਦੇ ਦਿਨ ਬਾਰੇ ਸੂਚਨਾ ਭੇਜੀ ਜਾਂਦੀ ਹੈ। ਇਹ ਕੰਮ ਨਾਈ ਵਲੋਂ ਕੀਤਾ ਜਾਂਦਾ ਹੈ। ਗੰਢਾਂ ਭੇਜਣ ਬਾਰੇ ਪੁਸਤਕ 'ਮੇਰਾ ਪਿੰਡ' ਵਿੱਚ ਗਿਆਨੀ ਗੁਰਦਿੱਤ ਸਿੰਘ ਦਾ ਮੱਤ ਹੈ:

> ਵਿਆਹ ਸ਼ਾਦੀਆਂ ਵਿੱਚ ਇੱਕ ਵੱਡਾ ਕੰਮ ਹੁੰਦਾ ਹੈ ਨਾਈ ਰਾਹੀਂ ਸਾਕ ਨਾਤੇ ਨੂੰ ਤਿੱਥ(ਤਾਰੀਖ) ਦਾ ਪਤਾ ਦੇਣਾ, ਅਰਥਾਤ ਗੰਢਾਂ ਭੇਜਣੀਆਂ। ਲਿਪੀਆਂ ਦੇ ਖੋਜੀ ਦੱਸਦੇ ਹਨ ਕਿ ਜਦ ਅੱਖਰ ਨਹੀਂ ਸਨ ਬਣੇ, ਲੋਕੀ ਗੱਲਾਂ ਯਾਦ ਰੱਖਣ ਲਈ ਆਪਣੇ ਪਰਨੇ ਜਾਂ ਕਿਸੇ ਰੱਸੀ ਨੂੰ ਗੰਢਾਂ ਪਾ ਲੈਂਦੇ ਸੀ, ਤਾਂ ਜੋ ਉਸ ਨੂੰ ਦੇਖ ਕੇ ਗੱਲ ਯਾਦ ਆ ਜਾਵੇ। (326 )

ਨਾਈ ਵਾਰੋ-ਵਾਰੀ ਦੱਸੇ ਅਨੁਸਾਰ ਨਾਨਕਿਆਂ ਸਮੇਤ ਰਿਸ਼ਤੇਦਾਰੀ ਵਿੱਚ ਜੁਬਾਨੀ ਸੁਨੇਹਾ ਦੇ ਆਉਂਦਾ, ਕਈ ਵਾਰ ਨਾਈ ਸੁਨੇਹਾ ਦੇਣ ਵਿੱਚ ਭੁਲੇਖਾ ਖਾ ਜਾਂਦਾ ਤੇ ਵਿਆਹ ਦੀ ਤਰੀਖ ਦਾ ਭੁਲੇਖਾ ਲੱਗ ਜਾਂਦਾ। ਦੂਰ ਨੇੜੇ ਦੇ ਰਿਸ਼ਤੇਦਾਰ ਕਈ ਵਾਰ ਵਿਆਹ ਤੋਂ ਪਹਿਲਾਂ ਜਾਂ ਬਾਅਦ ਵਿੱਚ ਆਉਂਦੇ । ਗੰਢਾਂ ਭੇਜਣ ਵਕਤ ਸਭ ਤੋਂ ਪਹਿਲਾਂ ਨਾਨਕਿਆਂ ਨੂੰ ਸੁਨੇਹਾ ਭੇਜਿਆ ਜਾਂਦਾ ਹੈ। ਇਸ ਸਮੇਂ ਵਿਆਂਹਦੜ ਦੀ ਮਾਂ ਆਪਣੇ ਪੇਕੇ ਪਿੰਡ ਨੂੰ ਖੁਦ ਭਾਜੀ ਲੈ ਕੇ ਜਾਂਦੀ ਹੈ। ਭਾਜੀ ਵਿੱਚ ਲੱਡੂ ਆਦਿ ਸ਼ਾਮਲ ਹੁੰਦੇ ਹਨ। ਸਰਦੇ-ਪੁੱਜਦੇ ਘਰਾਂ ਵਾਲੇ ਘਰਾਂ ਵਿੱਚ ਹੀ ਹਲਵਾਈ ਲਾ ਕੇ ਲੱਡੂ ਤਿਆਰ ਕਰਾ ਲੈਂਦੇ ਹਨ, ਨਹੀਂ ਤਾਂ ਬਜਾਰੋਂ ਵਿੱਤ ਅਨੁਸਾਰ ਖਰੀਦ ਲਏ ਜਾਂਦੇ ਹਨ। ਵਿਆਂਹਦੜ ਦੇ ਨਾਨਕੇ ਘਰ ਜਾ ਕੇ ਭਾਜੀ ਵਾਲੀ ਪੰਡ ਖੋਲੀ ਜਾਂਦੀ। ਆਂਢ-ਗੁਆਂਢ

ਦੀਆਂ ਔਰਤਾਂ ਇੱਕਠੀਆਂ ਹੋ ਜਾਂਦੀਆਂ ਉੱਥੇ ਹੀ ਸਾਰਿਆਂ ਨੂੰ ਵਿਆਹ ਤੇ ਆਉਣ ਬਾਰੇ ਕਿਹਾ ਜਾਂਦਾ, ਇੱਕਠੀਆਂ ਹੋਈਆਂ ਔਰਤਾਂ ਨਗਦੀ ਦੇ ਰੂਪ ਵਿੱਚ, ਵਿਆਂਹਦੜ ਦੀ ਮਾਂ ਨੂੰ ਸ਼ਗਨ ਦਿੰਦੀਆਂ, ਵਿਆਹ ਦੀ ਭਾਜੀ ਸਾਰਿਆਂ ਵਿੱਚ ਵੰਡੀ ਜਾਂਦੀ। ਨਾਨਕੇ ਇਸ ਦਿਨ ਤੋਂ ਹੀ ਨਾਨਕੀ ਛੱਕ ਦੀ ਤਿਆਰੀ ਕਰਨ ਵਿੱਚ ਰੁੱਝ ਜਾਂਦੇ ਹਨ।

ਵਿਆਹ ਦੀ ਰਸਮਾਂ ਵਿੱਚ ਚੱਕੀਆਂ ਲਾਉਣ ਦੀ ਰਸਮ ਦਾ ਖਾਸ ਮਹੱਤਵ ਰਿਹਾ ਹੈ। ਇਹ ਰਸਮ ਵਿਆਹ ਤੋਂ ਸੱਤ, ਨੌਂ ਜਾਂ ਗਿਆਰਾਂ ਦਿਨ ਪਹਿਲਾਂ ਸ਼ੁਰੂ ਹੋ ਜਾਂਦੀ ਹੈ। ਇਸ ਰਸਮ ਪਿੱਛੇ ਇੱਕ ਬੜਾ ਹੀ ਅਹਿਮ ਕਾਰਜ ਕੰਮ ਕਰਦਾ ਹੈ ਕਿ ਮਸ਼ੀਨੀਕਰਨ ਤੋਂ ਪਹਿਲਾਂ ਵਿਆਹ ਵਿੱਚ ਵਰਤਿਆ ਜਾਣ ਵਾਲਾ ਅਨਾਜ ਘਰਾਂ ਵਿੱਚ ਹੀ ਤਿਆਰ ਕਰ ਲਿਆ ਜਾਂਦਾ ਸੀ। ਵੱਡੇ ਪੱਧਰ ਤੇ ਕਣਕ ਪੀਸਣਾ ਅਤੇ ਦਾਲਾਂ ਦਲਣਾਂ ਅਤੇ ਚੁਗਣ ਦਾ ਕੰਮ ਘਰ ਦੀਆਂ ਇੱਕਲੀਆਂ ਔਰਤਾਂ ਹੀ ਨਹੀਂ ਸਨ ਕਰਦੀਆਂ। ਇਸ ਲਈ ਆਂਢ-ਗੁਆਂਢ ਵਿੱਚੋਂ ਸੱਤ ਸੁਹਾਗਣਾ ਨੂੰ ਬੁਲਾ ਲਿਆ ਜਾਂਦਾ, ਘਰਾਂ ਵਿੱਚ ਹੀ ਆਂਢ-ਗੁਆਂਢ ਤੋਂ ਚੱਕੀਆਂ ਮੰਗਵਾ ਕੇ ਉਹਨਾਂ ਨੂੰ ਲਿੱਪ-ਪੋਚ ਕੇ ਸ਼ਿੰਗਾਰ ਲਿਆ ਜਾਂਦਾ ਹੈ। ਇੱਕੋ ਥਾਂ ਬੈਠ ਕੇ ਸੁਹਾਗਣਾ ਅਨਾਜ ਨੂੰ ਪੀਹਣਾ ਸ਼ੁਰੂ ਕਰ ਦਿੰਦੀਆਂ ਹਨ। ਜੇਕਰ ਇੱਕ ਜਗ੍ਹਾ ਨਾ ਹੋ ਸਕੇ ਤਾਂ ਚੁਣੀਆਂ ਸੁਹਾਗਣਾ ਦੇ ਘਰਾਂ ਵਿੱਚ ਹੀ ਅਨਾਜ ਭਜਵਾ ਦਿੱਤਾ ਜਾਂਦਾ ਹੈ। 'ਪੰਜਾਬੀ ਲੋਕਧਾਰਾ ਵਿਸ਼ਵਕੋਸ਼' ਜਿਲਦ ਪੰਜਵੀਂ, ਵਿੱਚ ਚੱਕੀਆਂ ਲਾਉਣ ਦੀ ਰਸਮ ਬਾਰੇ ਡਾ. ਵਣਜਾਰਾ ਬੇਦੀ ਦਾ ਵਿਚਾਰ ਹੈ :

> ਗਾਲ੍ਹਾਂ ਚੱਕੀ ਦੀ ਰੀਤ ਨਾਲ ਵਿਆਹ ਦਾ ਮੁੱਢ ਬੱਝਦਾ ਹੈ। ਲਗਨ ਦੇ ਦਿਨ ਤੋਂ ਦੋ ਚਾਰ ਹਫ਼ਤੇ ਪਹਿਲਾਂ ਭਾਈਚਾਰੇ ਨੂੰ ਸੱਦ ਕੇ ਇਹ ਰੀਤ ਕੀਤੀ ਜਾਂਦੀ ਹੈ। ਆਮ ਤੌਰ ਤੇ ਇਹ ਰੀਤ ਉਦੋਂ ਸ਼ੁਰੂ ਹੁੰਦੀ ਹੈ, ਜਦੋਂ ਘਰ ਦੀਆਂ ਵਿਆਹੀਆਂ ਧੀਆਂ ਸ਼ਾਦੀ ਵਿੱਚ ਸ਼ਾਮਲ ਹੋਣ ਲਈ ਪੇਕੇ ਆਉਂਦੀਆਂ ਹਨ। ਇਸ ਰੀਤ ਵੇਲੇ ਦਾਣਿਆਂ ਦੀਆਂ ਸੱਤ ਮੁੱਠਾਂ ਦਾ ਗਾਲ੍ਹਾ ਚੱਕੀ ਵਿੱਚੋਂ ਕੱਢਿਆ ਜਾਂਦਾ ਹੈ ਇਸੇ ਤੋਂ ਹੀ ਰਸਮ ਦਾ ਨਾਉਂ ਗਾਲਾ ਚੱਕੀ ਪੈ ਗਿਆ। ਇਹ ਇੱਕ ਤਰ੍ਹਾਂ ਨਾਲ ਵਿਆਹ ਦੇ ਕੰਮ ਵਿੱਚ

ਰੁੱਝੇ ਦੀ ਰਸਮ ਹੈ। ਇਸ ਮੌਕੇ ਉੱਤੇ ਭਾਈਚਾਰੇ ਅਥਵਾ ਪਿੰਡਾਂ ਵਿਚ ਗੁੜ ਵੰਡਿਆ ਜਾਂਦਾ ਹੈ ਪੂਰਬੀ ਪੰਜਾਬ ਵਿੱਚ ਇਸ ਦੇ ਟਾਕਰੇ ਰਸਮ ਸੱਤ ਸੁਹਾਗਣਾਂ ਦੀਆਂ ਚੱਕੀਆਂ ਹਨ। (780)

ਵਿਆਹ ਵਿੱਚ ਰਿਸ਼ਤੇਦਾਰੀ ਦਾ ਭਾਰੀ ਇੱਕਠ ਹੁੰਦਾ ਹੈ। ਇਸ ਲਈ ਖਾਣ-ਪੀਣ ਲਈ ਅਨਾਜ ਦੀ ਲੋੜ ਹੁੰਦੀ ਹੈ। ਇਸ ਪੂਰਤੀ ਹਿੱਤ ਇਹ ਰਸਮ ਕੀਤੀ ਜਾਂਦੀ ਹੈ। ਇੱਕਠੀਆਂ ਹੋਈਆਂ ਸੱਤ ਸੁਹਾਗਣਾਂ ਦੀ ਬੜੀ ਕਦਰ ਹੁੰਦੀ। ਉਹਨਾਂ ਦਾ ਰੋਟੀ-ਪਾਣੀ ਵਿਆਹ ਵਾਲਿਆਂ ਦੇ ਘਰ ਹੀ ਹੁੰਦਾ। ਚੱਕੀਆਂ ਲਾਉਣ ਬਾਰੇ ਗਿਆਨੀ ਗੁਰਦਿੱਤ ਸਿੰਘ ਦਾ ਪੁਸਤਕ 'ਮੇਰਾ ਪਿੰਡ' ਵਿਚੋਂ ਵਿਚਾਰ ਹੈ:

> ਗਲ਼ੀ ਗੁਆਢ ਤੇ ਸ਼ਰੀਕੇ ਦੇ ਘਰਾਂ 'ਚੋਂ ਸੱਤ ਸੁਹਾਗਣਾਂ ਸੱਦ ਕੇ ਸੱਤਾਂ ਤੋਂ ਹੀ ਚੱਕੀ ਵਿਚ ਗਾਲ੍ਹਾ ਪੁਆਇਆ ਜਾਂਦਾ ਹੈ। ਇਸ ਰਸਮ ਲਈ ਆਮ ਤੌਰ ਤੇ ਮਾਂਹਾਂ ਦੀ ਦਾਲ਼ ਚੁਣੀ ਜਾਂਦੀ ਹੈ। ਜਿਸ ਨੂੰ ਪਹਿਲਾਂ ਸੱਤ ਜਾਣੀਆਂ ਉੱਖਲੀ ਵਿਚ ਪਾ ਕੇ ਛਲਕਦੀਆਂ ਤੇ ਛੱਜ ਨਾਲ ਛੱਟਦੀਆਂ ਹਨ। ਛੱਜ ਵਿਚ ਤਾਂ ਭਾਵੇਂ ਵਾਰੋ ਵਾਰੀ ਛੱਟ ਲੈਣ ਪਰ ਛੁਲਕਣ ਵੇਲੇ ਮੂਹਲੇ ਨੂੰ ਸੱਤੇ ਸੁਹਾਗਣਾਂ ਆਪਣੇ ਹੱਥ ਲਾਉਣੇ ਚੰਗਾ ਸ਼ਗਨ ਤੇ ਆਪਣਾ ਫਰਜ਼ ਸਮਝਦੀਆਂ ਹਨ। ਆਂਢ-ਗੁਆਂਢ ਤੋਂ ਸੱਤ ਚੱਕੀਆਂ ਇੱਕਠੀਆਂ ਕੀਤੀਆਂ ਜਾਂਦੀਆਂ ਹਨ। (328)

ਫਿਰ ਜਿੱਥੇ ਚਾਰ ਔਰਤਾਂ ਰਲ ਕੇ ਬੈਠ ਜਾਂਦੀਆਂ ਨਾਲ ਹੀ ਲੋਕ-ਗੀਤਾਂ ਦੀਆਂ ਧੁਨਾਂ ਵੀ ਛੇੜ ਲੈਂਦੀਆਂ। ਪੀਸੇ ਹੋਏ ਆਟੇ ਨੂੰ ਇੱਕ ਥਾਂ ਇੱਕਠੇ ਕਰਕੇ ਇਹ ਸੁਹਾਗਣਾਂ ਚਿੱਟੀਆਂ ਚਾਦਰਾਂ ਵਿਛਾ ਕੇ ਇੱਕਠੀਆਂ ਬੈਠ ਕੇ ਛਾਣ ਦੀਆਂ ਕੁੜੀ ਦਾ ਵਿਆਹ ਹੋਣਾ ਤਾਂ ਸੁਹਾਗ, ਮੁੰਡੇ ਦਾ ਹੋਣਾ ਤਾਂ ਘੋੜੀਆਂ ਗਾਈਆਂ ਜਾਂਦੀਆਂ।

ਵਿਆਹ ਤੋਂ ਪੰਜ ਜਾਂ ਤਿੰਨ ਦਿਨ ਪਹਿਲਾਂ ਵਿਆਂਹਦੜਾਂ ਨੂੰ ਮਾਈਏਂ ਲਾਉਣ ਦੀ ਰਸਮ ਕੀਤੀ ਜਾਂਦੀ ਹੈ। ਵੱਟਣਾ ਹਲਦੀ, ਵੇਸਣ ,ਸਰ੍ਹੋਂ ਦਾ ਤੇਲ ਮਿਲਾ ਕੇ ਘਰੇ ਹੀ ਤਿਆਰ ਕੀਤਾ ਜਾਂਦਾ ਹੈ। ਘਰ ਦੇ ਕੱਚੇ ਵਿਹੜੇ ਵਿੱਚ ਚੌਂਕ ਪੂਰ ਕੇ ਭਾਵ ਉਸ ਥਾਂ ਨੂੰ ਗਾਂ ਦੇ ਗੋਹੇ ਨਾਲ ਲਿਪ ਪੋਚ ਕੇ, ਉਸ ਉੱਪਰ ਆਟੇ ਅਤੇ ਹਲਦੀ ਦੀ ਮਦਦ ਨਾਲ ਬੜੀਆਂ ਸੁੰਦਰ ਆਕ੍ਰਿਤੀਆਂ ਬਣਾ ਲਈਆਂ ਜਾਂਦੀਆਂ ਹਨ। ਗੀਤਾਂ ਦੀ ਛਹਿਬਰ

ਵਿੱਚ ਲੜਕੇ ਜਾਂ ਲੜਕੀ ਨੂੰ ਇਸ ਚੌਂਕੇ ਉਪਰ ਲੱਕੜ ਦੀ ਫੱਟੀ ਡਾਹ ਕੇ ਬਿਠਾ ਦਿੱਤਾ ਜਾਂਦਾ ਹੈ। ਗਿਆਨੀ ਗੁਰਦਿੱਤ ਸਿੰਘ ਮਾਈਂਏ ਦੀ ਰਸਮ ਬਾਰੇ 'ਮੇਰਾ ਪਿੰਡ' ਪੁਸਤਕ ਵਿਚ ਵਿਚਾਰ ਪੇਸ਼ ਕਰਦੇ ਹਨ :

> ਵਿਆਹ ਤੋਂ ਜੇ ਸੱਤ ਤੇ ਪੰਜ ਡੰਗ ਨਾ ਹੋ ਸਕੇ ਤਾਂ ਤਿੰਨ ਡੰਗ ਪਹਿਲਾਂ ਵੱਟਣਾ ਮਲਣਾ ਜਰੂਰ ਸ਼ੁਰੂ ਹੋ ਜਾਂਦਾ ਹੈ। ਵਿਹੜੇ ਵਿੱਚ ਚੌਂਕੀ ਡਾਹ ਕੇ ਵਿਆਂਹਦੜ ਨੂੰ ਉਸ ਉੱਪਰ ਬਿਠਾ ਲੈਂਦੇ ਹਨ। ਵਿਆਂਹਦੜ ਦੇ ਪੈਰਾਂ ਦੀਆਂ ਤਲੀਆਂ ਹੇਠਾਂ ਕੁੱਝ ਪੈਸੇ ਰੱਖ ਦਿੱਤੇ ਜਾਂਦੇ ਹਨ। ਸਭ ਸ਼ਰੀਕਣਾਂ ਆਪਣੇ ਹੱਥਾਂ ਨਾਲ ਵੱਟਣਾ ਲਾਉਂਦੀਆਂ ਹਨ। (352)

ਵੱਟਣਾ ਵਿਆਹੇ ਜਾਣ ਵਾਲੇ ਲੜਕੇ ਜਾਂ ਲੜਕੀ ਦੇ ਰੂਪ ਵਿੱਚ ਵਧੇਰੇ ਨਿਖਾਰ ਲਿਆਉਣ ਲਈ ਮਲਿਆ ਜਾਂਦਾ ਹੈ। ਵੱਟਣੇ ਵਿੱਚ ਪਾਇਆ ਜਾਂਦਾ ਵੇਸਣ, ਹਲਦੀ ਅਤੇ ਸਰ੍ਹੋਂ ਦਾ ਤੇਲ ਆਦਿ ਸਰੀਰ ਨੂੰ ਨਰਮ, ਮੁਲਾਇਮ, ਸੁਗੰਧਿਤ ਬਣਾਉਣ ਦੇ ਨਾਲ-ਨਾਲ ਚਿਹਰੇ ਤੇ ਨਿਖਾਰ ਵੀ ਲਿਆਉਂਦਾ ਹੈ। ਮਾਈਏਂ ਵਾਲੇ ਦਿਨ ਹੀ ਵਿਆਹ ਵਾਲਿਆਂ ਦੇ ਘਰ ਤੇਲ ਦੀ ਕੜ੍ਹਾਹੀ ਚੜ੍ਹ ਜਾਂਦੀ ਹੈ। ਇਸ ਦਿਨ ਹਲਵਾਈ ਆਪਣਾ ਸਾਜੋ-ਸਮਾਨ ਲੈ ਕੇ ਆ ਜਾਂਦੇ ਹਨ। ਮਾਈਏਂ ਵਾਲੇ ਦਿਨ ਗੁਲਗੁਲੇ ਤਿਆਰ ਕੀਤੇ ਜਾਂਦੇ ਹਨ। ਮਾਈਏਂ ਦਾ ਵੱਟਣਾ ਲਾਉਣ ਤੋਂ ਬਾਅਦ ਪਿੰਡ ਭਾਈਚਾਰੇ ਦੀਆਂ ਔਰਤਾਂ ਜੋ ਆਈਆਂ ਹੁੰਦੀਆਂ ਹਨ, ਉਹ ਥਾਲ ਭਰਕੇ ਦਾਣੇ ਆਦਿ ਲੈ ਆਉਂਦੀਆਂ ਹਨ ਉਹਨਾਂ ਥਾਲਾਂ ਵਿੱਚ ਹੀ ਉਹਨਾਂ ਨੂੰ ਗੁਲਗੁਲੇ ਪਾ ਦਿੱਤੇ ਜਾਂਦੇ ਹਨ। ਮਾਈਏਂ ਦਾ ਵਟਣਾ ਲਾਉਣ ਤੋਂ ਬਾਅਦ ਕੁਝ ਗੁਲਗੁਲੇ ਵਿਆਂਹਦੜ ਦੀ ਝੋਲੀ ਵਿਚ ਪਾ ਦਿੱਤੇ ਜਾਂਦੇ ਹਨ। ਉਹ ਇਸ ਨੂੰ ਆਪ ਖਾਣ ਉਪਰੰਤ ਆਪਣੇ ਖਾਸ ਅਣਵਿਆਹੇ ਸਾਥੀਆਂ ਵਿੱਚ ਵੰਡ ਲੈਂਦੇ ਹਨ, ਲੋਕ ਵਿਸ਼ਵਾਸ ਹੈ ਕਿ ਇੰਝ ਕਰਨ ਨਾਲ ਉਹਨਾਂ ਦਾ ਵਿਆਹ ਵੀ ਛੇਤੀ ਹੋਵੇਗਾ। ਪੰਜਾਬ ਦੇ ਕਈ ਇਲਾਕਿਆਂ ਵਿੱਚ ਗੁਲਗੁਲਿਆਂ ਦੇ ਨਾਲ ਵਿਆਂਹਦੜ ਲਈ ਪੂੜੇ ਬਣਾਏ ਜਾਂਦੇ ਹਨ। ਇਹ ਪੂੜੇ ਸਿਰਫ ਵਿਆਂਹਦੜ ਨੂੰ ਹੀ ਦਿੱਤੇ ਜਾਂਦੇ ਹਨ, ਗੁਲਗੁਲਿਆਂ ਵਾਂਗ ਕੁੱਝ ਖਾਣ ਉਪਰੰਤ ਬਾਕੀ ਆਪਣੇ ਮਿੱਤਰਾਂ /ਸਹੇਲੀਆਂ ਵਿੱਚ ਵੰਡ ਲੈਂਦੇ ਹਨ।

ਉਂਝ ਤਾਂ ਵਿਆਹ ਦਾ ਹਰ ਕਾਰਜ ਲੋਕ ਗੀਤਾਂ ਦੇ ਰੰਗਲੇ ਮਾਹੌਲ ਵਿੱਚ ਕੀਤਾ ਜਾਂਦਾ ਹੈ,ਪਰ ਵਿਆਹ ਤੋਂ ਪੰਜ,ਸੱਤ ਜਾਂ ਨੌਂ ਦਿਨ ਪਹਿਲਾਂ ਵਿਆਹ ਵਾਲਿਆਂ ਦੇ ਘਰ ਗੀਤ ਗਾਏ ਜਾਂਦੇ ਹਨ। ਵਿਆਹ

ਦੀਆਂ ਖੁਸ਼ੀਆਂ ਨੂੰ ਰੱਜ ਮਾਨਣ ਅਤੇ ਉਸ ਨੂੰ ਹੋਰ ਲੰਮੇਰਾ ਕਰਨ ਦਾ ਸਾਧਨ ਇਹ ਲੋਕਗੀਤ ਬਣਦੇ ਹਨ । ਨੈਣ ਸ਼ਾਮ ਨੂੰ ਹੀ ਪਿੰਡ ਅਤੇ ਸ਼ਰੀਕੇ ਭਾਈਚਾਰੇ ਵਿੱਚ ਗੀਤ ਗਾਉਣ ਦਾ ਸੱਦਾ ਦੇ ਆਉਂਦੀ ਹੈ। ਰਾਤ ਦੀ ਰੋਟੀ ਤੋਂ ਫਾਰਗ ਹੋ ਕੇ ਸਾਰੀਆਂ ਔਰਤਾਂ ਵਿਆਹ ਵਾਲਿਆਂ ਦੇ ਘਰ ਆ ਕੇ ਇੱਕਤਰ ਹੋ ਜਾਂਦੀਆਂ ਹਨ। ਮੁੰਡੇ ਦਾ ਵਿਆਹ ਹੋਵੇ ਤਾਂ ਘੋੜੀਆਂ ਗਾਈਆਂ ਜਾਂਦੀਆਂ ਹਨ, ਕੁੜੀ ਦਾ ਵਿਆਹ ਹੋਵੇ ਤਾਂ ਸੁਹਾਗ ਗਾਏ ਜਾਂਦੇ ਹਨ। 'ਪੰਜਾਬ ਦੇ ਲੋਕ ਗੀਤ' ਪੁਸਤਕ ਵਿਚ ਡਾ. ਮਹਿੰਦਰ ਸਿੰਘ ਰੰਧਾਵਾ ਨੇ ਕੁੜੀ ਦੇ ਵਿਆਹ 'ਤੇ ਗਾਏ ਜਾਂਦੇ ਸੁਹਾਗ ਬਾਰੇ ਵਿਚਾਰ ਪੇਸ਼ ਕੀਤੇ ਹਨ :

> ਜੇ ਕਦੀ ਕਿਸੇ ਨੇ ਆਪਣੀ ਮੌਤ ਤੇ ਆਪ ਕੀਰਨੇ ਪਾਏ ਹਨ ਤਾਂ ਉਹ ਡੋਲੀ ਚੜ੍ਹਦੀਆਂ ਕੁੜੀਆਂ ਹਨ। ਜਿਹੜੇ ਗੀਤ ਉਹਨਾਂ ਨੇ ਪੇਕੇ ਘਰੋਂ ਸਹੁਰਿਆਂ ਨੂੰ ਤੁਰਨ ਲੱਗਿਆਂ ਗਾਏ ਹਨ। ਉਹਨਾਂ ਨੂੰ ਪੜ੍ਹ ਸੁਣ ਕੇ ਪਹਿਲਾਂ ਕੰਬਣੀ ਆ ਜਾਂਦੀ ਹੈ ਤੇ ਫਿਰ ਅੱਥਰੂ ਨਿਕਲ ਆਉਂਦੇ ਹਨ। (189)

ਪੁਸਤਕ 'ਪੰਜਾਬ ਦੇ ਲੋਕ ਗੀਤ' ਵਿਚ ਡਾ. ਮਹਿੰਦਰ ਸਿੰਘ ਰੰਧਾਵਾ ਦੁਆਰਾ ਇੱਕਤਰ ਕੀਤੇ ਲੋਕ ਗੀਤਾਂ ਵਿੱਚ ਹੋਰ ਵਿਸ਼ਿਆਂ ਦੇ ਨਾਲ ਸੁਹਾਗ ਅਤੇ ਘੋੜੀਆਂ ਵੀ ਦਰਜ ਹਨ। ਸੁਹਾਗ ਦੇ ਕੁੱਝ ਨਮੂਨੇ-

ਬੇਟੀ ਚੰਨਣ ਦੇ ਉਹਲੇ-ਉਹਲੇ ਕਿਉਂ ਖੜੀ?

ਮੈਂ ਤਾਂ ਖੜੀ ਸਾਂ ਬਾਬਲ ਜੀ ਦੇ ਕੋਲ,

ਬਾਬਲ ਵਰ ਲੋੜੀਏ।

ਬੇਟੀ ਕਿਹਾ ਵਰ ਲੋੜੀਏ?

ਬਾਬਲ ਜਿਉਂ ਤਾਰਿਆਂ ਵਿੱਚੋਂ ਚੰਨ,

ਚੰਨਾਂ ਵਿੱਚੋਂ ਕਾਹਨ ਘਨੱਈਆ ਵਰ ਲੋੜੀਏ।

ਬੇਟੀ ਚੰਨਣ ਦੇ ਉਹਲੇ-ਉਹਲੇ ਕਿਉਂ ਖੜੀ?

ਮੈਂ ਤਾਂ ਖੜੀ ਸਾਂ ਵੀਰੇ ਜੀ ਦੇ ਕੋਲ,

ਵੀਰਾ ਵਰ ਲੋੜੀਏ।

ਭੈਣੇ ਕਿਹੋ ਜਿਹਾ ਵਰ ਲੋੜੀਏ?

ਵੀਰਾ ਜਿਉਂ ਤਾਰਿਆਂ ਵਿੱਚੋਂ ਚੰਨ,

ਚੰਨਾਂ ਵਿੱਚੋਂ ਕਾਹਨ ਘਨੱਈਆ ਵਰ ਲੋੜੀਏ।

(194-195)

ਵਿਆਹ ਦੇ ਮੌਕੇ ਤੇ ਗਾਏ ਜਾਂਦੇ ਗੀਤਾਂ ਨੂੰ ਗਾਉਣ ਲਈ ਬੇਸ਼ੱਕ ਨਿਉਂਦੇ ਅਨੁਸਾਰ ਔਰਤਾਂ ਇੱਕਠੀਆਂ ਹੋ ਜਾਂਦੀਆਂ ਹਨ, ਪਰ ਹਰ ਕੋਈ ਔਰਤ ਇਹਨਾਂ ਨੂੰ ਗਾਉਣ ਵਿੱਚ ਮਾਹਿਰ ਨਹੀਂ ਹੁੰਦੀ, ਪੁਰਾਤਨ ਤਰਜ਼ਾਂ ਤੇ ਇਹਨਾਂ ਨੂੰ ਗਾਉਣ ਵਾਲੀਆਂ ਔਰਤਾਂ ਇੱਕਾ-ਦੁੱਕੀ ਹੀ ਹੁੰਦੀਆਂ ਹਨ। ਬਾਕੀ ਔਰਤਾਂ ਉਹਨਾਂ ਦਾ ਸਾਥ ਦਿੰਦੀਆਂ ਹਨ। ਜਿੰਨੇ ਦਿਨ ਗੀਤ ਗਾਉਣ ਦਾ ਸਿਲਸਿਲਾ ਚਲਦਾ ਹੈ, ਉਨੇ ਦਿਨ ਹੀ ਗੀਤ ਗਾਉਣ ਆਈਆਂ ਔਰਤਾਂ ਨੂੰ ਵਾਪਸ ਜਾਣ ਵਕਤ ਪਤਾਸੇ ਵੰਡੇ ਜਾਂਦੇ ਹਨ, ਜਾਂ ਫਿਰ ਗੁੜ ਵੰਡਿਆ ਜਾਂਦਾ ਹੈ।

ਵਿਆਹ ਤੋਂ ਇੱਕ ਦਿਨ ਪਹਿਲਾਂ ਪਿੰਡ ਭਾਈਚਾਰੇ ਨੂੰ ਵਿਆਹ ਵਾਲੇ ਘਰ ਰੋਟੀ ਖੁਆਈ ਜਾਂਦੀ ਹੈ। ਇਹ ਰੋਟੀ ਸਾਦੀ ਨਹੀਂ ਸਗੋਂ ਖਾਸ ਪ੍ਰਕਾਰ ਦਾ ਭੋਜਨ ਤਿਆਰ ਕੀਤਾ ਜਾਂਦਾ ਹੈ। ਇਸ ਕੰਮ ਨੂੰ ਕਰਨ ਲਈ ਘਰ ਵਾਲਿਆਂ ਵਲੋਂ ਹਲਵਾਈ ਨੂੰ ਸੱਦ ਲਿਆ ਜਾਂਦਾ ਹੈ। ਜਿਨ੍ਹਾਂ ਨੌਜਵਾਨ ਮੁੰਡਿਆਂ ਨੇ ਵਿਆਹ ਦੇ ਕੰਮਾਂ ਵਿੱਚ ਹੱਥ ਵਟਾਉਣਾ ਹੁੰਦਾ ਹੈ, ਉਹਨਾਂ ਨੂੰ ਵੀ ਇਹ ਰੋਟੀ ਖੁਆਈ ਜਾਂਦੀ ਹੈ। ਚੁੱਲ੍ਹੇ ਨਿਉਂਦਾ ਤੋਂ ਭਾਵ ਹੈ ਰੋਟੀ ਦਾ ਸੱਦਾ ਸਾਰੇ ਪਰਿਵਾਰ ਨੂੰ ਹੈ। ਇਸ ਰਸਮ ਬਾਰੇ ਪੁਸਤਕ 'ਮੇਰਾ ਪਿੰਡ' ਵਿਚੋਂ ਲਏ ਹਵਾਲੇ ਮੁਤਾਬਿਕ ਗਿਆਨੀ ਗੁਰਦਿੱਤ ਸਿੰਘ ਅਨੁਸਾਰ :

> ਵਿਆਹ ਦਾ ਪਹਿਲਾ ਦਿਨ ਸ਼ਰੀਕੇ ਦੇ ਸੰਬੰਧੀਆਂ ਨੂੰ ਰੋਟੀ ਦੇਣ ਦਾ ਹੁੰਦਾ ਹੈ। ਮੁੰਡੇ ਦੀ ਜੰਞ ਚੜ੍ਹਨ ਤੋਂ ਇੱਕ ਦਿਨ ਪਹਿਲਾਂ ਕੁੜੀ ਦੀ ਜੰਞ ਆਉਣ ਵਾਲੇ ਦਿਨ ਵਰਤ ਵਰਤਾਰਾ ਰੱਖਣ ਵਾਲੇ ਸਾਕਾਂ-ਸੰਬੰਧੀਆਂ ਨੂੰ ਰੋਟੀ ਕੀਤੀ ਜਾਂਦੀ ਹੈ। (354)

ਅਧਿਐਨ ਕੀਤਿਆਂ ਪਤਾ ਚਲਦਾ ਹੈ ਕਿ ਮਨੁੱਖੀ ਜੀਵਨ ਦੀਆਂ ਤਿੰਨ ਅਹਿਮ ਝਾਕੀਆਂ ਜਨਮ ,ਵਿਆਹ ਅਤੇ ਮਰਗ ਵਿੱਚ ਦਾਦਕਿਆਂ ਅਤੇ ਨਾਨਕਿਆਂ ਦੀ ਅਹਿਮ ਭੂਮਿਕਾ ਹੁੰਦੀ ਹੈ। ਖਾਸ ਕਰ ਵਿਆਹ ਵਿੱਚ ਨਾਨਕਿਆਂ ਤੋਂ ਬਿਨ੍ਹਾਂ ਸਾਰੇ ਕਾਰਜ ਅਧੂਰੇ ਹੀ ਮੰਨੇ ਜਾਂਦੇ ਹਨ। ਨਾਨਕੇ ਵਿਆਹ ਦੇ ਮੌਕੇ ਆਪਣੀ ਧੀ, ਭੈਣ ਦੇ ਘਰ ਰੱਖੇ ਕਾਰਜ ਵਿੱਚ ਵੱਧ ਚੜ੍ਹ ਕੇ ਹਿੱਸਾ ਲੈਂਦੇ ਹਨ। ਔਰਤ ਇਹ ਵੀ ਮਹਿਸੂਸ ਕਰਦੀ ਸੀ ਕਿ ਇੰਝ ਕਰਨ ਨਾਲ ਪੇਕੇ ਪਰਿਵਾਰ ਨਾਲ ਮੇਲ ਮਿਲਾਪ ਬਣਿਆ ਰਹੇਗਾ। ਏਸੇ ਤਰ੍ਹਾਂ ਫਿਰ ਮਾਤਾ-ਪਿਤਾ ਅਤੇ ਭਰਾ ਆਪਣੀ ਭੈਣ ਦੇ ਘਰ ਰੱਖੇ ਹਰ ਕਾਰਜ ਵਿੱਚ ਵੱਧ ਚੜ੍ਹ ਕੇ ਹਿੱਸਾ ਲੈਂਦੇ ਹਨ। ਵਿਆਹ ਵਰਗੇ ਕਾਰਜ ਵਿੱਚ ਲਗਭਗ ਅੱਧੀ ਜਿੰਮੇਵਾਰੀ ਨਾਨਕੇ ਹੀ ਨਿਭਾਉਂਦੇ ਹਨ। ਵਿਆਹ ਤੋਂ ਇੱਕ ਦਿਨ ਪਹਿਲਾਂ ਨਾਨਕੇ ਮੇਲ ਦੀ ਆਮਦ ਹੁੰਦੀ ਹੈ। ਸਾਰੇ ਬੜੀ ਬੇਸਬਰੀ ਨਾਲ ਇਹਨਾਂ ਦੀ ਉਡੀਕ ਕਰ ਰਹੇ ਹੁੰਦੇ ਹਨ। ਵਿਆਂਹਦੜ ਦੀ ਮਾਂ ਚਾਵਾਂ ਲੱਦੀ ਆਪਣੇ ਪੇਕਿਆਂ ਦੇ ਸਵਾਗਤ ਲਈ ਤਿਆਰ-ਬਰ-ਤਿਆਰ ਰਹਿੰਦੀ ਹੈ।ਪੁਸਤਕ 'ਮੇਰਾ ਪਿੰਡ' ਵਿੱਚ ਨਾਨਕਾ ਮੇਲ ਬਾਰੇ ਗਿਆਨੀ ਗੁਰਦਿੱਤ ਸਿੰਘ ਦਾ ਵਿਚਾਰ ਹੈ :

> ਨਾਨਕਾ ਮੇਲ ਪਹੁੰਚਣ ਤੇ ਜਿਵੇਂ ਦੋ ਨਦੀਆਂ ਮਿਲਾ ਕੇ ਦੋ ਦਰਿਆਵਾਂ ਦਾ ਪਾਣੀ ਇੱਕ ਦਮ ਦੂਣਾ ਹੋ ਜਾਂਦਾ ਹੈ, ਵਿਆਹ ਦੀਆਂ ਖੁਸ਼ੀਆਂ ਦੇ ਸੰਗਮ ਨਾਲ ਇੱਕਠ ਦਾ ਪ੍ਰਵਾਹ ਕੰਢਿਆਂ ਉੱਤੋਂ ਦੀ ਛਲਕਣ ਲੱਗ ਜਾਂਦਾ ਹੈ। ਅੱਗੋਂ ਦਾਦਕਿਆਂ ਦੀਆਂ ਚਤੁਰ ਸਵਾਂਣੀਆਂ ਝੁੰਡ ਬਣਾ ਕੇ ਨਾਨਕੇ ਮੇਲ ਦਾ ਵਿਅੰਗਮਈ ਗੀਤਾਂ ਵਿਚ ਸੁਆਗਤ ਕਰਦੀਆਂ ਗਾਉਂਦੀਆਂ ਹਨ। (357)

ਬੇਸ਼ੱਕ ਵਿਆਹ ਵਿੱਚ ਆਏ ਹਰ ਰਿਸ਼ਤੇਦਾਰ ਦੀ ਪੂਰੀ ਦੀਦ ਕੀਤੀ ਜਾਂਦੀ ਹੈ, ਪਰ ਨਾਨਕਿਆਂ ਨੂੰ ਖਾਸ ਤਰਜ਼ੀਹ ਦਿੱਤੀ ਜਾਂਦੀ ਹੈ। ਨਾਨਕੇ ਪਰਿਵਾਰ ਵਿੱਚ ਜਿਆਦਾ ਗਿਣਤੀ ਔਰਤਾਂ ਜਿਵੇਂ ਨਾਨੀ, ਮਾਮੀਆਂ, ਮਾਸੀਆਂ ਅਤੇ ਹੋਰ ਆਂਢ-ਗੁਆਂਢ ਦੀਆਂ ਔਰਤਾਂ ਹੁੰਦੀਆਂ ਹਨ। ਪਿੰਡ ਦੀ ਜੂਹ ਵਿੱਚ ਵੜਦਿਆਂ ਹੀ ਨਾਨਕਾ

ਮੇਲ ਗੀਤਾਂ ਦੇ ਨਾਲ ਆਪਣੀ ਆਮਦ ਦੀ ਸੂਚਨਾ ਕਰ ਦਿੰਦਾ । ਵਿਆਂਹਦੜ ਦੀ ਮਾਂ ਬੜੇ ਅਦਬ ਨਾਲ ਘਰ ਦੇ ਦਰਵਾਜੇ ਤੇ ਖੜ੍ਹ ਕੇ ਉਹਨਾਂ ਦਾ ਸਵਾਗਤ ਕਰਦੀ ਹੈ। ਇੱਕ-ਦੂਜੇ ਨੂੰ ਗਲੇ ਲੱਗ ਕੇ ਮਿਲਣ ਤੋਂ ਬਾਅਦ ਗੀਤਾਂ ਦਾ ਦੌਰ ਇੱਥੇ ਹੀ ਸ਼ੁਰੂ ਹੋ ਜਾਂਦਾ ਹੈ। ਨਾਨਕੀਆਂ ਅਤੇ ਦਾਦਕੀਆਂ ਦਾ ਮੁਕਾਬਲਾ ਵੇਖਣ ਵਾਲਾ ਹੁੰਦਾ। ਨਾਨਕਿਆਂ ਦੀ ਆਉ ਭਗਤ ਕਰਨ ਉਪਰੰਤ ਰੋਟੀ ਖੁਆਈ ਜਾਂਦੀ ਹੈ, ਫਿਰ ਨਾਨਕੀ ਛੱਕ ਵਿਖਾਉਣ ਦੀ ਰਸਮ ਕੀਤੀ ਜਾਂਦੀ ਹੈ। ਨਾਨਕੇ ਵਿਆਂਹਦੜ ਲਈ ਜੇਕਰ ਲੜਕੀ ਦਾ ਵਿਆਹ ਹੋਵੇ, ਕੋਈ ਗਹਿਣਾ, ਚੂੜਾ, ਵਿਆਹ ਵਾਲਾ ਸੂਟ, ਕਲੀਰੇ ਆਦਿ ਤੋਂ ਇਲਾਵਾ ਦਾਜ ਵਿੱਚ ਦੇਣ ਵਾਲੀਆਂ ਵਸਤਾਂ ਜਿਵੇਂ ਭਾਂਡੇ, ਬਿਸਤਰੇ, ਪੇਟੀ, ਫਰਨੀਚਰ ਆਦਿ ਵੀ ਲੈ ਕੇ ਆਉਂਦੇ ਹਨ। ਲੜਕੇ ਦੇ ਵਿਆਹ ਤੇ ਨਾਨਕੇ ਮੁੰਡੇ ਲਈ ਕੱਪੜੇ, ਸਿਹਰਾ ਆਦਿ ਲਿਆਉਂਦੇ ਹਨ। ਇਸ ਦੇ ਨਾਲ-ਨਾਲ ਵਿਆਂਹਦੜ ਦੀ ਮਾਂ ਅਤੇ ਬਾਪ ਨੂੰ ਕੱਪੜੇ ਦਿੱਤੇ ਜਾਂਦੇ ਹਨ। 'ਪੰਜਾਬੀ ਲੋਕਧਾਰਾ ਵਿਸ਼ਵਕੋਸ਼' ਜਿਲਦ ਛੇਵੀਂ ਵਿੱਚ ਨਾਨਕੀ ਛੱਕ ਬਾਰੇ ਡਾ.ਵਣਜਾਰਾ ਬੇਦੀ ਅਨੁਸਾਰ:

> ਕੰਨਿਆ ਦੇ ਵਿਆਹ ਵੇਲੇ, ਉਸ ਦੇ ਨਾਨਕੇ ਪਰਿਵਾਰ ਵਾਲੇ ਕੁਝ ਕੱਪੜੇ, ਗਹਿਣੇ, ਭਾਂਡੇ ਤੇ ਪੀੜਾ ਪਲੰਘ ਆਦਿ ਆਪਣੀ ਦੋਹਤੀ ਨੂੰ ਭੇਂਟ ਕਰਦੇ ਹਨ। ਇਹ ਇਕ ਤਰ੍ਹਾਂ ਨਾਲ ਦਾਜ ਵਿੱਚ ਨਾਨਕਿਆਂ ਵੱਲੋਂ ਪਾਇਆ ਹਿੱਸਾ ਹੁੰਦਾ ਹੈ। ਇਸ ਨੂੰ ਨਾਨਕੀ ਛੱਕ ਵੀ ਕਿਹਾ ਜਾਂਦਾ ਹੈ। ਇਹ ਸਭ ਚੀਜ਼ਾਂ ਵਿਆਹ ਤੋਂ ਕੁਝ ਦਿਨ ਪਹਿਲਾਂ ਜਾਂ ਤਾਂ ਲਾਗੀ ਹੱਥ ਘੱਲ ਦਿੱਤੀਆਂ ਜਾਂਦੀਆਂ ਹਨ ਜਾਂ ਨਾਨਕਾ ਪਰਿਵਾਰ ਖੁਦ ਲੈ ਕੇ ਹਾਜ਼ਰ ਹੁੰਦਾ ਹੈ। ਇਨ੍ਹਾਂ ਸਭ ਚੀਜ਼ਾਂ ਨੂੰ ਕਿਸੇ ਪਲੰਘ ਉੱਤੇ ਸੰਵਾਰ ਸਜਾ ਕੇ ਰੱਖ ਦਿੱਤਾ ਜਾਂਦਾ ਹੈ ਤੇ ਸਾਰੀ ਬਰਾਦਰੀ ਨੂੰ ਵਿਖਾਇਆ ਜਾਂਦਾ ਹੈ। ਇਸ ਰਸਮ ਨੂੰ ਛੱਕ ਪੂਰਨਾ ਕਹਿੰਦੇ ਹਨ। (1347)

ਨਾਨਕੇ ਜੋ ਵੀ ਲੈ ਕੇ ਆਉਂਦੇ ਹਨ, ਉਸ ਨੂੰ ਵਿਹੜੇ ਵਿੱਚ ਖੁੱਲ੍ਹੀ ਥਾਂ ਤੇ ਦਰੀਆਂ ਵਿਛਾ ਕੇ ,ਉਸ ਉੱਪਰ ਨੁਮਾਇਸ਼ ਲਗਾ ਦਿੱਤੀ ਜਾਂਦੀ ਹੈ। ਸਾਰਾ ਪਿੰਡ ਨਾਨਕੀ ਛੱਕ ਵੇਖਣ ਲਈ ਇੱਕਠਾ ਹੋ ਜਾਂਦਾ ਹੈ। ਵਿਆਂਹਦੜ ਦੀ ਮਾਂ ਇਸ ਵਕਤ ਪੂਰੀ ਸ਼ਾਨੋ-ਸ਼ੌਕਤ ਨਾਲ ਆਪਣੇ ਪੇਕਿਆਂ ਦੀ ਵਡਿਆਈ ਕਰਦੀ ਹੈ। ਸਾਰੇ ਸਮਾਨ ਨੂੰ ਵਹੀ ਤੇ ਨੋਟ ਕਰ ਲਿਆ ਜਾਂਦਾ ਹੈ, ਤਾਂ ਜੋ ਮੋੜਵਾਂ ਸ਼ਗਨ ਦੇਣ ਵਿੱਚ ਯਾਦ ਰਹੇ। ਕਈ ਜਗ੍ਹਾ ਤੇ

ਹਰ ਰਿਸ਼ਤੇਦਾਰ ਅਤੇ ਸ਼ਰੀਕੇ ਦੇ ਲੋਕ ਵੀ ਆਪਣੇ ਵਲੋਂ ਦਿੱਤੇ ਜਾ ਰਹੇ ਸਮਾਨ ਨੂੰ ਇੱਥੇ ਹੀ ਦਿਖਾ ਕੇ ਫੜ੍ਹਾ ਦਿੰਦੇ ਹਨ।

ਵਿਆਹ ਦੀਆਂ ਰਸਮਾਂ ਵਿਚ ਚੂੜਾ ਚੜਾਉਣ ਦੀ ਰਸਮ ਲੜਕੀ ਦੇ ਵਿਆਹ ਤੇ ਕੀਤੀ ਜਾਂਦੀ ਇੱਕ ਅਹਿਮ ਰਸਮ ਹੈ। ਇਹ ਰਸਮ ਨਾਨਕਿਆਂ ਵਲੋਂ ਮਾਮੇ ਦੁਆਰਾ ਕੀਤੀ ਜਾਂਦੀ ਹੈ। ਵੱਖ-ਵੱਖ ਇਲਾਕਿਆਂ ਵਿੱਚ ਇਹ ਰਸਮ ਪ੍ਰਚਲਿਤ ਹੈ ਕਈ ਥਾਂ ਵਿਆਹ ਤੋਂ ਇੱਕ ਦਿਨ ਪਹਿਲਾਂ ਅਤੇ ਕਈ ਥਾਂ ਵਿਆਹ ਵਾਲੇ ਦਿਨ ਹੀ ਚੂੜਾ ਪੁਆਇਆ ਜਾਂਦਾ ਹੈ। ਚੂੜਾ ਪਾਉਣ ਦੇ ਨਾਲ ਹੀ ਲੜਕੀ ਦੇ ਕਲੀਰੇ ਬੰਨ੍ਹਣ ਦੀ ਰਸਮ ਕੀਤੀ ਜਾਂਦੀ ਹੈ। ਕਲੀਰੇ ਨੂੰ ਖਾਸ ਢੰਗ ਨਾਲ ਠੂਠੀਆਂ ਵਿੱਚ ਸੁਰਾਖ ਕਰਕੇ ਚਮਕੀਲੇ ਕਾਗਜਾਂ ਦੀ ਵਰਤੋਂ ਕਰਕੇ ਕੌਡੀਆਂ ਅਤੇ ਹੋਰ ਰੰਗਦਾਰ ਕੱਪੜਿਆਂ ਅਤੇ ਮੌਲੀ ਦੇ ਧਾਗਿਆਂ ਨਾਲ ਪ੍ਰੋਇਆ ਜਾਂਦਾ ਹੈ। ਕਲੀਰੇ ਬੰਨ੍ਹਣ ਦੀ ਰਸਮ ਵੀ ਨਾਨਕਿਆਂ ਵਲੋਂ ਕੀਤੀ ਜਾਂਦੀ ਹੈ। ਪਰ ਜਿਆਦਾਤਰ ਕੁੜੀ ਦੀਆਂ ਸਹੇਲੀਆਂ ਕਲੀਰੇ ਬੰਨ੍ਹਦੀਆਂ ਹਨ।

ਵਿਆਹ ਵਾਲੇ ਦਿਨ ਮੁੰਡੇ ਨੂੰ ਜੰਞ ਚੜ੍ਹਨ ਤੋਂ ਪਹਿਲਾਂ ਨੁਹਾਇਆ ਜਾਂਦਾ ਹੈ। ਨੈਣ ਸਵੇਰੇ-ਸਵੇਰੇ ਹੀ ਸ਼ਰੀਕੇ ਭਾਈਚਾਰੇ ਵਿੱਚ ਔਰਤਾਂ ਨੂੰ ਸੱਦਾ ਦੇ ਕੇ ਆਉਂਦੀ ਹੈ। ਇਸ ਰਸਮ ਨੂੰ ਪੂਰਾ ਕਰਨ ਲਈ ਘਰ ਦੇ ਵਿਹੜੇ ਵਿੱਚ ਗਾਂ ਦੇ ਗੋਹੇ ਨਾਲ ਪੋਚਾ ਲਾ ਕੇ ਉਸ ਉੱਪਰ ਚੌਂਕ ਪੂਰਿਆ ਜਾਂਦਾ ਹੈ। ਇੱਕ ਥਾਲੀ ਵਿੱਚ ਮਾਈਏ ਵਾਲਾ ਵੱਟਣਾ ਤੇਲ, ਦਹੀਂ ਅਤੇ ਗੁੱਟ ਤੇ ਬੰਨਣ ਲਈ ਮੌਲੀ ਆਦਿ ਰੱਖ ਲਈ ਜਾਂਦੀ ਹੈ। ਮੌਲੀ ਨਾਲ ਲਪੇਟੀ ਲੱਕੜ ਦੀ ਫੱਟੀ ਨੂੰ ਚੋਂਕ ਉੱਪਰ ਰੱਖਿਆ ਜਾਂਦਾ ਹੈ। ਵਿਆਂਹਦੜ ਦੀ ਮਾਂ ਪਹਿਲਾਂ ਦਹੀਂ ਦੇ ਨਾਲ ਵਾਲਾਂ ਦੀਆਂ ਲਿਟਾਂ ਨੂੰ ਲਾਉਂਦੀ ਹੈ। ਹੱਥਾਂ ਦੀਆਂ ਤਲੀਆਂ ਸਮੇਤ ਬਾਹਾਂ, ਮੂੰਹ, ਪੈਰ ਤੇ ਵੱਟਣਾ ਮਲਿਆ ਜਾਦਾ ਹੈ । ਫਿਰ ਇਹ ਪ੍ਰਕਿਰਿਆ ਸਾਰੀਆਂ ਔਰਤਾਂ ਕਰਦੀਆਂ ਹਨ। ਵਿਆਂਹਦੜ ਦੇ ਨਾਲ ਸਰਬਾਲੇ ਬਣੇ ਛੋਟੇ ਭਰਾ ਨੂੰ ਬਰਾਬਰ ਇਸ ਸਮੇਂ ਸ਼ਾਮਲ ਕੀਤਾ ਜਾਂਦਾ ਹੈ। ਇਸ਼ਨਾਨ ਕਰਨ ਨਾਲ ਤਨ ਵਿੱਚ ਫੁਰਤੀ ਆਉਂਦੀ ਹੈ, ਆਤਮਿਕ ਸ਼ੁੱਧੀ ਹੁੰਦੀ ਹੈ। ਨਹਾਉਣ ਵਕਤ ਕੱਚੇ ਵਿਹੜੇ ਵਿੱਚ ਚਿੱਕੜ ਹੋ ਜਾਂਦਾ ਹੈ। ਇਸ ਰਸਮ ਬਾਰੇ 'ਮੇਰਾ ਪਿੰਡ' ਪੁਸਤਕ ਵਿਚੋਂ ਗਿਆਨੀ ਗੁਰਦਿੱਤ ਸਿੰਘ ਦਾ ਵਿਚਾਰ ਹੈ :

ਲਾੜੇ ਤੇ ਸਰਬਾਲੇ ਦੇ ਨਾਹਉਣ 'ਤੇ ਪਾਣੀ ਨਾਲ ਵਿਹੜੇ ਵਿੱਚ ਚਿੱਕੜ ਹੋ ਜਾਂਦਾ ਹੈ। ਕਿੰਨਾ ਅਨੁਪਮ ਹੋ ਜਾਂਦਾ ਹੈ ਉਹ ਚਿੱਕੜ ਜਦੋਂ ਇਸ ਨੂੰ ਕੁੜੀਆਂ ਇਸ ਗੀਤ ਰਾਹੀਂ ਦਰਸਾਉਂਦੀਆਂ ਹਨ।

ਆਂਗਣ ਚਿੱਕੜ ਕਿਨਿ ਕੀਆ

ਵੇ ਕਿਨ ਡੋਲ੍ਹਿਆ ਪਾਣੀ।

ਭਾਬੀ ਦਾ ਦੇਵਰ ਨ੍ਹਾਤੜਾ

ਨੀ ਉਨਿ ਡੋਲ੍ਹਿਆ ਪਾਣੀ। (362)

ਨਹਾਉਣ ਤੋਂ ਬਾਅਦ ਮਾਮਾ, ਵਿਆਂਹਦੜ (ਲੜਕੇ ਜਾਂ ਲੜਕੀ) ਨੂੰ ਖਾਰੇ ਤੋਂ ਭਾਵ ਜਿਸ ਥਾਂ ਇਸ਼ਨਾਨ ਕਰਵਾਇਆ ਜਾਂਦਾ ਹੈ ਤੋਂ ਉਤਾਰਦਾ ਹੈ, ਜਿਸ ਨੂੰ ਖਾਰਿਉਂ ਉਤਾਰਨਾ ਕਿਹਾ ਜਾਂਦਾ ਹੈ। ਇਸੇ ਵਕਤ ਮਾਮਾ ਸ਼ਗਨ ਵਜੋ ਕੋਈ ਗਹਿਣਾ ਅਤੇ ਕੁੱਝ ਨਗਦੀ ਵਿਆਂਹਦੜ ਨੂੰ ਸ਼ਗਨ ਵਜੋਂ ਦਿੰਦਾ ਹੈ। ਇੱਕਤਰ ਹੋਈਆਂ ਔਰਤਾਂ ਗੀਤ ਰਾਹੀਂ ਮਾਮੇ ਦੀ ਅਹਿਮੀਅਤ ਨੂੰ ਪੇਸ਼ ਕਰਦੀਆਂ ਹਨ। ਨ੍ਹਾਈ-ਧੋਈ ਦੀ ਰਸਮ ਅਤੇ ਖਾਰਿਉਂ ਉਤਾਰਨ ਦੀ ਰਸਮ ਤੋਂ ਬਾਅਦ ਲੜਕਾ ਜਾਂ ਲੜਕੀ ਮਾਮਿਆਂ ਵਲੋਂ ਲਿਆਂਦੇ ਕੱਪੜੇ ਪਹਿਨਦੇ ਹਨ। ਲੜਕੀ ਲਈ ਮਾਮਿਆਂ ਵਲੋਂ ਲਿਆਂਦਾ ਚੂੜਾ ਪਹਿਨਾਇਆ ਜਾਂਦਾ ਹੈ। ਨੈਣ ਉਸ ਦੇ ਵਾਲਾਂ ਵਿੱਚ ਤੇਲ ਲਾ ਕੇ ਸੁਆਰ ਦਿੰਦੀ ਅਤੇ ਲਾਲ ਰੰਗ ਦੀ ਪਰਾਂਦੀ ਨਾਲ ਗੁੰਦ ਦਿੰਦੀ।

ਲੜਕੇ ਦੇ ਵਿਆਹ ਵਾਲੇ ਘਰ ਜੰਞ ਦੇ ਤੁਰਨ ਤੋਂ ਪਹਿਲਾਂ ਸਿਹਰਾਬੰਦੀ ਕੀਤੀ ਜਾਂਦੀ ਹੈ। ਪੁਰਾਤਨ ਸਮੇਂ ਇਹ ਰਸਮ ਪ੍ਰੋਹਿਤ ਕਰਦੇ ਸਨ। ਹੁਣ ਇਹ ਰਸਮ ਭਾਈਚਾਰੇ ਵਿੱਚ ਖੁਦ ਹੀ ਕੀਤੀ ਜਾਂਦੀ ਹੈ। ਕਈ ਇਲਾਕਿਆਂ ਵਿੱਚ ਸਿਹਰੇ ਨੂੰ ਨਾਨਕੇ ਹੀ ਲੈ ਕੇ ਆਉਂਦੇ ਹਨ। ਜਦੋਂ ਬਰਾਤ ਕੁੜੀ ਵਾਲਿਆਂ ਦੇ ਪਿੰਡ ਪਹੁੰਚ ਜਾਂਦੀ ਹੈ ਤਾਂ ਨਿਸ਼ਚਿਤ ਕੀਤੇ ਸਥਾਨ ਤੇ ਉਸ ਦਾ ਠਹਿਰਾ ਕੀਤਾ ਜਾਂਦਾ ਹੈ। ਪਿੰਡ਼ ਵਿੱਚ ਬਰਾਤ ਪਹੁੰਚਣ ਤੇ ਇੱਕ ਮੇਲੇ ਵਰਗਾ ਦ੍ਰਿਸ਼ ਬਣ ਜਾਂਦਾ ਹੈ। ਪਿੰਡ ਦੀ ਪੰਚਾਇਤ ਸੁਆਗਤ ਲਈ ਖੜ੍ਹੀ ਹੁੰਦੀ ਹੈ। ਇੱਥੇ ਹੀ

ਲੜਕੇ ਦੇ ਬਾਪ ਦੀ ਲੜਕੀ ਬਾਪ ,ਮਾਮੇ ਦੀ ਮਾਮੇ ਨਾਲ, ਫੁੱਫੜ ਦੀ ਫੁੱਫੜ ਨਾਲ ਅਤੇ ਤਾਇਆ, ਚਾਚਿਆਂ, ਭਰਾਵਾਂ ਸਮੇਤ ਸਭ ਦੀ ਮਿਲਣੀ ਕਰਾਈ ਜਾਂਦੀ ਹੈ। ਮਿਲਣੀ ਸਮੇਂ ਕੁੜੀ ਦੀ ਧਿਰ ਵਲੋਂ ਕੰਬਲ ਜਾਂ ਖੇਸ ਲੜਕੇ ਦੀ ਧਿਰ ਨੂੰ ਦਿੱਤੇ ਜਾਂਦੇ ਹਨ ਅਤੇ ਰੁਪਇਆਂ ਦੇ ਵਾਰਨੇ ਕੀਤੇ ਜਾਂਦੇ ਹਨ। ਮਿਲਣੀ ਤੋਂ ਭਾਵ ਮਿਲਵਰਤਨ ਹੈ,ਇਸ ਰਸਮ ਰਾਹੀਂ ਦੋਹਾਂ ਪਰਿਵਾਰਾਂ ਦੀ ਆਪਸ ਵਿੱਚ ਜਾਣ-ਪਹਿਚਾਣ ਕਰਵਾਈ ਜਾਂਦੀ ਹੈ। ਮਿਲਣੀ ਦੀ ਰਸਮ ਬਾਰੇ 'ਮੇਰਾ ਪਿੰਡ' ਪੁਸਤਕ ਮਿਲਦੇ ਵੇਰਵੇ ਮੁਤਾਬਿਕ ਗਿਆਨੀ ਗੁਰਦਿੱਤ ਸਿੰਘ ਅਨੁਸਾਰ :

> ਸਾਰੇ ਗਲਵਕੜੀਆਂ ਪਾਉਣ ਪਿੱਛੋਂ ਇੱਕ-ਦੂਜੇ ਨਾਲ ਆਰੰਭਕ ਸੁੱਖ-ਸਾਂਦ ਦੀਆਂ ਗੱਲਾਂ ਕਰਕੇ ਜਾਣ ਪਛਾਣ ਕਰ ਲੈਂਦੇ ਹਨ। (369)

ਮਿਲਣੀ ਉਪਰੰਤ ਬਰਾਤ ਧਰਮਸ਼ਾਲਾ ਵਿੱਚ ਪਹੁੰਚ ਜਾਂਦੀ ਹੈ। ਜਿੱਥੇ ਉਹਨਾਂ ਨੂੰ ਚਾਹ ਆਦਿ ਪਿਲਾਈ ਜਾਂਦੀ ਹੈ ਅਤੇ ਸ਼ਾਮ ਨੂੰ ਉੱਥੇ ਹੀ ਉਹਨਾਂ ਨੂੰ ਰੋਟੀ ਖੁਆਈ ਜਾਂਦੀ ਹੈ। ਇਸ ਰੋਟੀ ਨੂੰ ਕੁਆਰੀ ਰੋਟੀ ਕਿਹਾ ਜਾਂਦਾ ਹੈ। ਪੁਸਤਕ 'ਮੇਰਾ ਪਿੰਡ' ਅਨੁਸਾਰ ਇਸ ਰੀਤ ਬਾਰੇ ਗਿਆਨੀ ਗੁਰਦਿੱਤ ਸਿੰਘ ਦਾ ਵਿਚਾਰ ਹੈ :

> ਰਾਤ ਦੀ ਰੋਟੀ ਜਿਸਨੂੰ ਫੇਰਿਆਂ ਤੋਂ ਪਹਿਲਾਂ ਹੋਣ ਕਰਕੇ ਕੁਆਰੀ ਰੋਟੀ ਕਿਹਾ ਜਾਂਦਾ ਹੈ। (369)

ਲਾਵਾਂ ਫੇਰੇ ਜਾਂ ਅਨੰਦ ਕਾਰਜ ਵਿਆਹ ਦੀ ਅਹਿਮ ਰਸਮ ਹੈ। ਇਸ ਰਸਮ ਦੇ ਆਲੇ-ਦੁਆਲੇ ਸਭ ਰਸਮਾਂ ਜੁੜੀਆਂ ਹਨ।'ਮੇਰਾ ਪਿੰਡ' ਪੁਸਤਕ ਵਿਚ ਲਾਵਾਂ ਫੇਰਿਆਂ ਦੀ ਰਸਮ ਬਾਰੇ ਗਿਆਨੀ ਗੁਰਦਿੱਤ ਸਿੰਘ ਦਾ ਵਿਚਾਰ ਹੈ :

> ਅਸਲ ਵਿੱਚ ਵਿਆਹ ਲਾਵਾਂ ਜਾਂ ਫੇਰੇ ਹੀ ਹੁੰਦਾ ਹੈ। ਇਸ ਤੋਂ ਅਗਲੀਆਂ ਪਿਛਲੀਆਂ ਰੀਤਾਂ ਸਭ ਇਸ ਮੌਕੇ ਨੂੰ ਯਾਦਗਾਰੀ ਤੇ ਸੁਹਾਵਣਾ ਬਣਾਉਣ ਲਈ ਬਣਾਈਆਂ ਗਈਆਂ ਹਨ।

ਪਿਛਲੀਆਂ ਰੀਤਾਂ ਵਿੱਚ ਇਸ ਸ਼ੁੱਭ ਸਮੇਂ ਹੋਏ ਕੌਲ ਇਕਰਾਰਾਂ ਨੂੰ ਨਿਭਾਉਣ ਲਈ ਸੁਹਿਰਦਤਾ ਦਾ ਤਾਣਾ ਪੇਟਾ ਉਣਿਆ ਹੈ। (375)

ਹਿੰਦੂਆਂ ਵਿੱਚ ਸ਼ਗਨ ਦਾ ਮਹੂਰਤ ਰਾਤ ਦਾ ਹੁੰਦਾ ਹੈ। ਪਾਂਧੇ ਵਲੋਂ ਖਾਸ ਤੌਰ ਤੇ ਲਗਨ ਦਾ ਸਮਾਂ ਨਿਸ਼ਚਿਤ ਕੀਤਾ ਜਾਂਦਾ ਹੈ। ਪਾਂਧਾ ਘਰ ਦੀ ਕਿਸੇ ਗੁੱਠੇ ਬਾਂਸਾਂ ਨੂੰ ਗੱਡ ਕੇ ਬੇਦੀ ਬਣਾ ਲੈਂਦਾ ਹੈ, ਆਟੇ ਨਾਲ ਚੌਂਕ ਪੂਰਦਾ ,ਵਰ ਤੇ ਕੰਨਿਆ ਨੂੰ ਮੰਤਰਾਂ ਦੀ ਧੁਨਾਂ ਵਿੱਚ ਪਵਿੱਤਰ ਅਗਨੀ ਦੁਆਲੇ ਸੱਤ ਫੇਰੇ ਦੁਆਏ ਜਾਂਦੇ ਹਨ। ਲਾਵਾਂ ਫੇਰਿਆਂ ਵੇਲੇ ਲੜਕੀ ਦਾ ਬਾਪ ਵਰ ਦੇ ਹੱਥ ਲੜਕੀ ਦਾ ਪੱਲਾ ਫੜਾ ਦਿੰਦਾ ਹੈ। ਸਿੱਖ ਧਰਮ ਵਿੱਚ ਲਾਵਾਂ ਦਾ ਢੰਗ ਬੜਾ ਸਿੱਧਾ ਸਾਦਾ ਹੈ। ਚਾਰ ਲਾਵਾਂ ਦਾ ਪਾਠ ਕੀਤਾ ਜਾਂਦਾ ਹੈ, ਜਿਸ ਨੂੰ ਅਨੰਦ ਕਾਰਜ ਕਿਹਾ ਜਾਂਦਾ ਹੈ। ਚੌਥੀ ਪਾਤਸ਼ਾਹੀ ਸ੍ਰੀ ਗੁਰੂ ਰਾਮਦਾਸ ਜੀ ਨੇ ਲਾਵਾਂ ਦੀ ਸਿਰਜਣਾ ਕਰਕੇ ਇਹ ਰੀਤ ਚਲਾਈ ਸੀ, ਬੇਸ਼ੱਕ ਪਹਿਲਾਂ-ਪਹਿਲ ਸਿੱਖ ਧਰਮ ਵਿੱਚ ਵੀ ਵੇਦੀ ਦੁਆਲੇ ਫੇਰੇ ਲਏ ਜਾਂਦੇ ਸਨ, ਪਰ ਸਿੰਘ ਸਭਾ ਲਹਿਰ ਤੇ ਸਿੱਖੀ ਪ੍ਰਚਾਰ ਵੱਧਣ ਨਾਲ ਅੰਨਦ ਕਾਰਜ ਦੀ ਰੀਤ ਪ੍ਰਚਲਿਤ ਹੋ ਗਈ। ਅੰਨਦ ਕਾਰਜ ਦੀ ਰਸਮ ਵੇਲੇ ਵਰ ਅਤੇ ਕੰਨਿਆ ਦੇ ਦੋਵੇਂ ਪਰਿਵਾਰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਹਜ਼ੂਰੀ ਵਿੱਚ ਪਹੁੰਚਦੇ ਹਨ। ਇੱਥੇ ਪੱਲਾ ਫੜਾਉਣ ਦੀ ਰਸਮ ਉਪਰੰਤ ਲਾਵਾਂ ਦਾ ਪਾਠ ਕੀਤਾ ਜਾਂਦਾ ਹੈ। ਜਿਵੇਂ ਕਿ ਅਗਨੀ ਦੁਆਲੇ ਪਰਿਕਰਮਾ ਕਰਨ ਵੇਲੇ ਲੜਕੀ ਨੂੰ ਸਹਾਰਾ ਦਿੱਤਾ ਜਾਂਦਾ ਸੀ ਕਿ ਉਸ ਦਾ ਘੁੰਡ ਕਢਿਆ ਹੋਣ ਕਾਰਕੇ ਕਿਤੇ ਅਗਨੀ ਦੀ ਲਪੇਟ ਵਿੱਚ ਨਾ ਆ ਜਾਵੇ, ਹੁਣ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਪਰਿਕਰਮਾ ਵੇਲੇ ਵੀ ਲੜਕੀ ਦੇ ਭਰਾ ਉਸ ਨੂੰ ਸਹਾਰਾ ਦਿੰਦੇ ਹਨ। ਇਹ ਸਾਰਾ ਕਾਰਜ ਘਰ ਵਿੱਚ ਹੀ ਕੀਤਾ ਜਾਂਦਾ ਸੀ।

ਵਿਆਹ ਦਾ ਮਹੱਤਵਪੂਰਨ ਕਾਰਜ ਲਾਵਾਂ ਫੇਰੇ ਹੋਣ ਉਪਰੰਤ ਲੜਕੀ ਦੀ ਧਿਰ ਵਲੋਂ ਬਰਾਤ ਨੂੰ ਰੋਟੀ ਖੁਆਈ ਜਾਂਦੀ ਹੈ। ਪਹਿਲੇ ਸਮਿਆਂ ਵਿੱਚ ਬਰਾਤ ਲੜਕੀ ਵਾਲਿਆਂ ਦੇ ਘਰ ਕਈ ਦਿਨ ਰਹਿੰਦੀ ਸੀ ਘਰ ਵਿੱਚ ਬਰਾਤੀਆਂ ਨੂੰ ਖਾਣਾ ਖੁਆਇਆ ਜਾਂਦਾ ਸੀ, ਆਖਰਲੇ ਦਿਨ ਵਾਲੀ ਰੋਟੀ ਨੂੰ ਅਹਿਮ ਸਮਝਿਆ ਜਾਂਦਾ ਸੀ। ਇਸ ਰੋਟੀ ਵਿੱਚ ਭਾਂਤ-ਭਾਂਤ ਦੇ ਪਕਵਾਨ ਤਿਆਰ ਕਰਕੇ, ਸਾਰੀ ਬਰਾਤ ਦੀ ਖੂਬ ਸੇਵਾ ਕੀਤੀ ਜਾਂਦੀ ਸੀ, ਇੱਥੇ ਹੀ ਔਰਤਾਂ,ਕੁੜੀਆਂ ਇੱਕਤਰ ਹੋ ਜਾਂਦੀਆਂ ਅਤੇ ਕਾਵਿਕ-ਗੀਤਾਂ(ਕਬਿੱਤ ਛੰਦ) ਰਾਹੀਂ ਜੰਞ

ਨੂੰ ਰੋਟੀ ਖਾਣ ਤੋਂ ਰੋਕਦੀਆਂ ਹਨ। 'ਮੇਰਾ ਪਿੰਡ' ਪੁਸਤਕ ਵਿਚ ਇਸ ਬਾਰੇ ਗਿਆਨੀ ਗੁਰਦਿੱਤ ਸਿੰਘ ਦਾ ਵਿਚਾਰ ਹੈ :

> ਪਰੀਹਿਆਂ ਦੇ ਹਰੀ ਹਰ ਕਰੋ ਜੀ ਕਹਿਣ ਤੋਂ ਪਹਿਲਾਂ ਹੀ ਕੁੜੀਆਂ ਦੇ ਸੁਰ ਹੋਏ ਗਲਿਆਂ ਵਿੱਚੋਂ ਕਬੂਤਰਾਂ ਦੀ ਡਾਰ ਵਾਂਗ ਗੁਟਕਦੀ ਗੁਟਕਦੀ ਇੱਕ ਸੁਰ ਗੂੰਜਦੀ ਹੋਈ ਕੰਨਾਂ ਵਿੱਚ ਕੁੱਝ ਖਰਵੇਂ ਪਰ ਪਿਆਰੇ ਬੋਲ ਗੁਣ-ਗੁਣਾਉਂਦੀ ਪ੍ਰਗਟ ਹੁੰਦੀ ਹੈ-
>
> ਲੈ ਕੇ ਨਾਮ ਗੋਪਾਲ ਦਾ ਬੰਨ੍ਹਾ ਜੰਞ ਮੈਂ ਆਪ।
>
> ਖੋਲ੍ਹੇ ਬਿਨਾਂ ਜੇ ਖਾਓਗੇ ਖਾਣਾ ਦੇਉ ਸਰਾਪ।
>
> ਤੁਲਸੀ ਪੂਜਣ ਮੈਂ ਚੱਲੀ ਸੱਠ ਸਹੇਲੀਆਂ ਨਾਲ।
>
> ਜਾਂਞੀਓ ਤਹਾਨੂੰ ਬੰਨ੍ਹ ਦਿੱਤਾ, ਬੰਨ੍ਹ ਦਿੱਤਾ ਥੋਡੇ ਥਾਲ। (398)

ਸਾਰੇ ਬਰਾਤੀ ਸਾਹਮਣੇ ਪਈ ਰੋਟੀ ਨੂੰ ਹੱਥ ਨਹੀਂ ਲਾਉਂਦੇ ਖੂਬ ਹਾਸਾ-ਠੱਠਾ ਹੁੰਦਾ ਹੈ, ਫਿਰ ਬਰਾਤ ਵਿੱਚੋਂ ਕੋਈ ਸੂਝਵਾਨ ਵਿਅਕਤੀ ਇੱਕ ਥਾਲੀ ਵਿੱਚ ਥੋੜ੍ਹੇ-ਥੋੜ੍ਹੇ ਸਾਰੇ ਪਕਵਾਨ ਰੱਖ ਕੇ ਜੰਞ ਖੋਲਣ ਲਈ ਕਾਵਿਕ ਸੱਤਰਾਂ ਬੋਲਦਾ ਹੈ-

> ਈਸ਼ਵਰ ਰਿੱਧੇ ਧਿਆ ਕੇ,ਗੰਗਾ ਚਲੀ ਉਠਾਏ।
>
> ਬੱਧੀ ਖੋਲ੍ਹਾਂ ਜੰਞ ਮੈਂ ਆਦਿ ਗਨੇਸ਼ ਮਨਾਇ।
>
> ਖੁੱਲ੍ਹ ਗਈਆਂ ਸਭ ਥਾਲੀਆਂ ,ਖੁੱਲ੍ਹ ਗਿਆ ਜੇ ਨੀਰ।
>
> ਖੁੱਲ੍ਹ ਗਏ ਜਾਂਞੀ ਬੈਠੜੇ ਖੁੱਲ ਗਿਆ ਸਕਲ ਸਰੀਰ।
>
> ਉਸ ਉਪਰੰਤ ਸਾਰੇ ਰੋਟੀ ਖਾਣੀ ਆਰੰਭ ਕਰ ਦਿੰਦੇ ਹਨ। (399)

ਅਧਿਐਨ ਅਧੀਨ ਪੁਸਤਕਾਂ ਦਾ ਅਧਿਐਨ ਕਰਨ ਤੇ ਪਤਾ ਚਲਦਾ ਹੈ ਕਿ ਵਿਆਹ ਦੀਆਂ ਹੋਰ ਰਸਮਾਂ ਤੋਂ ਇਲਾਵਾ ਲਾਵਾਂ ਫੇਰਿਆਂ ਤੋਂ ਬਾਅਦ ਡੋਲੀ ਤੋਰਨ ਦੀ ਰਸਮ ਬੜੀ ਹੀ ਅਹਿਮ ਰਸਮ ਹੈ। ਡੋਲੀ, ਜਿਸ ਨੂੰ ਮਰਦਾਂ ਦੁਆਰਾ ਮੋਢਿਆ ਤੇ ਚੁੱਕਿਆ ਜਾਂਦਾ ਹੈ, ਉਹਨਾਂ ਨੂੰ ਕਹਾਰ ਕਿਹਾ ਜਾਂਦਾ ਹੈ। ਇਹ ਇੱਕ ਪਹੀਏ ਰਹਿਤ ਵਾਹਨ ਹੈ। ਪਹਿਲੇ ਸਮੇਂ ਵਿੱਚ ਬਰਾਤਾਂ ਹਾਥੀ, ਘੋੜਿਆਂ, ਊਠਾਂ ਆਦਿ ਤੇ ਜਾਇਆ ਕਰਦੀਆਂ ਸਨ। ਔਰਤਾਂ ਦਾ ਇਹਨਾਂ ਉੱਪਰ ਸਫਰ ਕਰਨਾ ਔਖਾ ਸਮਝਿਆ ਜਾਂਦਾ ਸੀ। ਇਸ ਲਈ ਉਸ ਦੀ ਸੁਵਿਧਾ ਲਈ ਇੱਕ ਪਾਲਕੀ ਤਿਆਰ ਕਰ ਲਈ ਜਾਂਦੀ ਹੈ। ਲੜਕੀ ਨੂੰ ਡੋਲੀ ਵਿੱਚ ਬਿਠਾਉਣ ਸਮੇਂ ਦਾ ਦ੍ਰਿਸ਼ ਬਹੁਤ ਹੀ ਦਰਦ ਭਰਿਆ ਹੁੰਦਾ ਹੈ, ਇਸ ਬਾਰੇ ਪੁਸਤਕ 'ਮੇਰਾ ਪਿੰਡ' ਵਿਚੋਂ ਪ੍ਰਾਪਤ ਹੁੰਦੇ ਵੇਰਵੇ ਮੁਤਾਬਿਕ ਗਿਆਨੀ ਗੁਰਦਿੱਤ ਸਿੰਘ ਅਨੁਸਾਰ:

> ਕੁੜੀ ਦੀ ਡੋਲੀ ਤੁਰਨ ਸਮੇਂ ਸੰਯੋਗ-ਵਿਯੋਗ ਦੇ ਭਾਵ ਪ੍ਰਸਪਰ ਇਤਨੇ ਰਸ-ਗੁੱਧ ਹੁੰਦੇ ਹਨ ਕਿ ਪਿਘਲੇ ਮਨਾਂ ਦੇ ਰਿਮ-ਝਿਮ ਵਰ੍ਹਦੇ ਹੰਝੂਆਂ ਤੋਂ ਇਹ ਜਾਣਨਾ ਔਖਾ ਹੋ ਜਾਂਦਾ ਹੈ ਕਿ ਇਹ ਕਿਸ ਅਵਸਥਾ ਦੇ ਸੰਕੇਤ ਹਨ। ਆਖਰ ਹੁੰਦੇ ਤਾਂ ਇਹ ਹੰਝੂ ਹੀ ਨ, ਡਲਕਦੇ-ਛਲਕਦੇ ਤ੍ਰਿਪ-ਤ੍ਰਿਪ ਕਿਰਦੇ ਹੰਝੂ ਜੋ ਨਵ-ਮੇਲ ਦੀ ਠੰਡਕ ਤੇ ਵਿਛੋੜ ਦੇ ਸੇਕ ਦੇ ਟੱਕਰਵੇਂ ਮੇਲ ਦੇ ਅੰਦਰਲੇ ਵਾਯੂ-ਮੰਡਲ ਵਿੱਚ ਆਪ-ਮਹਾਰੇ ਵਹਿ ਰਹੇ ਹੁੰਦੇ ਹਨ। (413)

ਪੁਰਾਣੇ ਸਮਿਆਂ ਵਿੱਚ ਆਵਾਜਾਈ ਦੇ ਸਾਧਨ ਘਟ ਸਨ, ਇੱਕ-ਦੂਜੇ ਨਾਲ ਮੇਲ ਮਿਲਾਪ ਸਬੱਬੀ ਹੁੰਦਾ ਸੀ। ਲੜਕੀ ਦਾ ਆਪਣੇ ਘਰੋਂ ਵਿਦਾ ਹੋਣਾ ਅਤੇ ਇੱਕ ਨਵੇਂ ਘਰ ਜਾਣ ਦਾ ਉਦਰੇਵਾਂ ਉਸ ਨੂੰ ਰੋਣ ਲਈ ਮਜਬੂਰ ਕਰ ਦਿੰਦਾ ਹੈ। ਪੇਕੇ ਘਰ ਜਲਦੀ ਨਾ ਆ ਸਕਣ ਦੇ ਸ਼ੰਕੇ ਨਾਲ ਲੜਕੀ ਆਪਣੇ ਪਰਿਵਾਰ ਦੇ ਬਾਰੇ ਮੈਂਬਰਾਂ ਨੂੰ ਵਾਰੋ-ਵਾਰੀ ਮਿਲਦੀ ਹੈ। ਸਖੀਆਂ ਸਹੇਲੀਆਂ ਵੀ ਧੜਕਦੇ ਦਿਲਾਂ ਨਾਲ ਗਲਵਕੜੀ ਪਾ ਕੇ ਮਿਲਦੀਆਂ ਹਨ। ਪੁਰਾਣੇ ਸਮੇਂ ਵਿੱਚ ਛੋਟੀ ਉਮਰ ਵਿੱਚ ਵਿਆਹ ਹੁੰਦੇ ਹਨ। ਇਸ ਕਰਕੇ ਲੜਕੀ ਨਾਲ ਕਿਸੇ ਜਾਣ-ਪਛਾਣ ਵਾਲੀ ਔਰਤ ਨੂੰ ਭੇਜਿਆ ਜਾਂਦਾ ਸੀ, ਇਸ ਕੰਮ ਨੈਣ ਨੂੰ ਹੀ ਬੇਹਤਰ ਸਮਝਿਆ ਜਾਂਦਾ ਸੀ। ਉਪਰੇ ਮਾਹੌਲ ਅਤੇ ਅਣਜਾਣੇ ਪਰਿਵਾਰ ਵਿੱਚ ਜਾਣ ਲੱਗੀ ਧੀ ਦੇ ਹੌਲ ਪੈਂਦੇ ਹਨ, ਕਦੀ ਮਾਂ ਦੇ ਗਲ ਲੱਗ ਕੇ,

ਕਦੀ ਭਰਾ ਭਤੀਜਿਆਂ ਤੇ ਕਦੀ ਬਾਬਲ ਦੇ ਗਲ ਲੱਗ ਕੇ ਰੋਂਦੀ ਹੈ। ਨਨਾਣ ਭਰਜਾਈ ਦੇ ਰਿਸ਼ਤੇ ਵਿੱਚ ਕੁੜੱਤਣ ਹੋਣ ਦੇ ਬਾਵਜੂਦ ਵੀ ਇਸ ਵਕਤ ਮਨ ਪੰਘਰ ਜਾਂਦਾ ਹੈ। ਭਾਬੀ ਵੀ ਇਸ ਵਕਤ ਅੱਖਾਂ ਚੋਂ ਅੱਥਰੂ ਨਹੀਂ ਰੋਕ ਪਾਉਂਦੀ।

ਲੜਕੇ ਪਰਿਵਾਰ ਵਿੱਚ ਖੁਸ਼ੀ ਉਦੋਂ ਦੂਣ-ਸਵਾਈ ਹੋ ਜਾਂਦੀ ਹੈ ,ਜਦੋਂ ਨਵ-ਵਿਆਹੀ ਵਹੁਟੀ ਸਹੁਰੇ ਘਰ ਆ ਜਾਂਦੀ ਹੈ। ਘਰ ਵਿੱਚ ਬੈਠੀਆਂ ਔਰਤਾਂ ਨੂੰ ਜਦ ਇਹ ਖਬਰ ਮਿਲ ਜਾਂਦੀ ਹੈ ਕਿ ਜੰਞ ਵਾਪਸ ਆ ਗਈ ਤਾਂ ਖੁਸ਼ੀਆਂ ਨੂੰ ਚਾਰ ਚੰਨ ਲੱਗ ਜਾਂਦੇ ਹਨ। ਗੀਤ ਗਾਉਂਦੀਆਂ ਕੁੜੀਆਂ ਮੇਲਣਾ, ਨਵੀਂ-ਵਹੁਟੀ ਦੇ ਸਵਾਗਤ ਲਈ ਤਿਆਰ ਹੋ ਜਾਂਦੀਆਂ ਹਨ। ਡੋਲੀ ਘਰ ਪਹੁੰਚਣ ਤੇ ਕਹਾਰਾਂ ਨੂੰ ਨਗਦੀ ਦੇ ਰੂਪ ਵਿੱਚ ਸ਼ਗਨ ਦਿੱਤਾ ਜਾਂਦਾ ਹੈ। ਜਦ ਲੜਕਾ ਵਹੁਟੀ ਵਿਆਹ ਕੇ ਆਪਣੇ ਘਰ ਪਹੁੰਚਦਾ ਹੈ, ਤਾਂ ਮਾਂ ਦੀ ਖੁਸ਼ੀ ਦੂਣ-ਸਵਾਈ ਹੋ ਜਾਂਦੀ ਹੈ। ਘਰ ਵਿੱਚ ਜੰਮੇ ਮੁੰਡੇ ਨੂੰ ਸ਼ੁਰੂ ਤੋਂ ਹੀ ਭਾਗਾਂ ਵਾਲਾ ਮੰਨਿਆ ਜਾਂਦਾ ਹੈ। ਮਾਂ ਮਹਿਸੂਸ ਕਰਦੀ ਹੈ ਕਿ ਵੰਸ਼ ਨੂੰ ਚਲਾਉਣ ਵਾਲੇ ਪੁੱਤਰ ਨੂੰ ਕੋਈ ਆਂਚ ਨਾ ਪਹੁੰਚੇ ਏਸੇ ਕਰਕੇ ਡੋਲੀ ਜਦ ਘਰ ਪਹੁੰਚਦੀ ਹੈ, ਤਾਂ ਵਿਆਹੁਤਾ ਜੋੜੀ ਦੇ ਘਰ ਪ੍ਰਵੇਸ਼ ਤੋਂ ਪਹਿਲਾ ਮਾਂ ਪਾਣੀ ਵਾਰ ਕੇ ਪੀਂਦੀ ਹੈ। ਇਸ ਵਕਤ ਮਾਂ ਮਹਿਸੂਸ ਕਰਦੀ ਹੈ ਕਿ ਜੇਕਰ ਕੋਈ ਨਵ-ਵਿਆਹਤਾ ਤੇ ਔਖ-ਮੁਸ਼ਕਿਲ ਹੋਵੇ ਇਹਨਾਂ ਨੂੰ ਕੁੱਝ ਵੀ ਨਾ ਹੋਵੇ, ਉਹ ਦੁੱਖਾਂ ਨੂੰ ਆਪਣੇ ਸਿਰ ਲੈਣ ਦਾ ਯਤਨ ਕਰਦੀ ਹੈ ਅਤੇ ਉਹਨਾਂ ਨੂੰ ਖੁਸ਼ੀ ਦੇਖਣਾ ਚਾਹੁੰਦੀ ਹੈ। ਪਾਣੀ ਵਾਰਨ ਬਾਰੇ 'ਪੰਜਾਬੀ ਲੋਕਧਾਰਾ ਵਿਸ਼ਵਕੋਸ਼' ਜਿਲਦ ਸੱਤਵੀਂ ਵਿੱਚ ਡਾ. ਵਣਜਾਰਾ ਬੇਦੀ ਦਾ ਵਿਚਾਰ ਹੈ :

> ਵਿਆਹ ਨਾਲ ਸਬੰਧਿਤ ਇੱਕ ਰਸਮ ਜਿਸ ਵਿੱਚ ਡੋਲੀ ਆਉਣ ਤੇ ਮੁੰਡੇ ਦੀ ਮਾਂ, ਭੈਣਾਂ, ਭਰਜਾਈਆਂ ਤੇ ਹੋਰ ਤੀਵੀਂਆਂ ਦੁੱਲਹਾ ਤੇ ਦੁਲਹਨ ਦੇ ਸਿਰ ਤੋਂ ਪਾਣੀ ਵਾਰ ਕੇ ਪੀਂਦੀਆਂ ਹਨ। ਇਸ ਦਾ ਮਤਲਬ ਇਹ ਹੁੰਦਾ ਹੈ ਕਿ ਮਾਂ, ਭੈਣਾਂ ਤੇ ਭਰਜਾਈਆਂ ਆਦਿ ਦੁਲਹਾ ਤੇ ਦੁਲਹਨ ਦੀਆਂ ਬਲਾਵਾਂ ਆਪਣੇ ਸਿਰ ਲੈ ਰਹੀਆਂ ਹਨ। ਕਿਸੇ ਭਾਂਡੇ, ਗੜਵੀ ਜਾਂ ਕਟੋਰੇ ਵਿੱਚ ਕੱਚੀ ਲੱਸੀ ਬਣਾ ਲਈ ਜਾਂਦੀ ਹੈ ਤੇ ਸਭ ਤੋਂ ਪਹਿਲਾਂ ਦੁੱਲੇ ਦੀ ਮਾਂ ਤਿੰਨ ਵਾਰ ਪਾਣੀ ਵਾਰ ਕੇ ਪੀਣ ਲਈ ਗੜਵਾ

> ਮੂੰਹ ਕੋਲ ਲਿਜਾਂਦੀ ਹੈ, ਤਾਂ ਦੁਲਹਾ ਮਾਂ ਦਾ ਹੱਥ ਰੋਕ ਲੈਂਦਾ ਹੈ ਤੇ ਪਾਣੀ ਨਹੀਂ ਪੀਣ ਦਿੰਦਾ। ਭਾਵ ਉਸ ਦੀਆਂ ਬਲਾਵਾਂ ਲੈਣ ਨਹੀਂ ਦਿੰਦਾ। (689-690)

ਪਹਿਲੇ ਸਮਿਆਂ ਵਿੱਚ ਲੜਕੇ ਅਤੇ ਲੜਕੀ ਦਾ ਰਿਸ਼ਤਾ ਮਾਪੇ ਆਪ ਹੀ ਤੈਅ ਕਰਦੇ ਸਨ। ਇਸ ਕੰਮ ਲਈ ਨਾਈ ਜਾਂ ਵਿਚੋਲੇ ਨੂੰ ਆਧਾਰ ਬਣਾ ਲਿਆ ਜਾਂਦਾ ਸੀ। ਰਿਸ਼ਤਾ ਹੋਣ ਤੋਂ ਲੈ ਕੇ ਵਿਆਹਦੜ ਲਾੜਾ ਅਤੇ ਲਾੜੀ ਇੱਕ ਦੂਜੇ ਨੂੰ ਨਹੀ ਸਨ ਵੇਖਦੇ ਇੱਥੋਂ ਤੱਕ ਕਿ ਲਾਵਾਂ ਫੇਰਿਆ ਵੇਲੇ ਵੀ ਲੜਕੀ ਦਾ ਚਿਹਰਾ ਪੂਰਾ ਢੱਕਿਆ ਹੁੰਦਾ ਸੀ ਅਤੇ ਹੱਥ ਪੈਰ ਵੀ ਫੁਲਕਾਰੀ ਵਿੱਚ ਛੁਪੇ ਹੁੰਦੇ। ਫਿਰ ਵਿਆਹ ਤੋਂ ਬਾਅਦ ਘਰ ਪਹੁੰਚ ਕੇ ਲਾੜੀ ਦਾ ਮੂੰਹ ਦੇਖਣ ਦੀ ਰਸਮ ਕੀਤੀ ਜਾਂਦੀ । ਪਰਿਵਾਰਕ ਮੈਂਬਰਾਂ ਸਮੇਤ ਆਂਢ-ਗੁਆਂਢ ਦੀਆਂ ਔਰਤਾਂ ਵੀ ਮੂੰਹ ਵੇਖਣ ਆਉਂਦੀਆਂ ਹਨ ਤੇ ਨਗਦੀ ਦੇ ਰੂਪ ਵਿੱਚ ਸ਼ਗਨ ਵਹੁਟੀ ਨੂੰ ਦਿੰਦੀਆਂ ਹਨ। ਇਸ ਬਾਰੇ ਗਿਆਨੀ ਗੁਰਦਿੱਤ ਸਿੰਘ 'ਮੇਰਾ ਪਿੰਡ' ਪੁਸਤਕ ਵਿੱਚ ਲਿਖਦੇ ਹਨ:

> ਅੱਖ ਤਾਂ ਦੇਖੋ ਕੁੜੇ ਸੁੱਖ ਨਾਲ ਕਿੰਨੀ ਸੋਹਣੀ ਐ। ਏਸ ਬਹੂ ਦੀਆਂ ਅੱਖਾਂ ਤਾਂ ਮਿਰਗਾਂ ਦੀਆਂ ਨੂੰ ਵੀ ਮਾਤ ਪਾ ਗਈਆਂ ਹਨ। ਸੇਲੀਆਂ ਦੇਖੋ ਕਿੰਨੀਆਂ ਤਿੱਖੀਆਂ ਕਮਾਣ ਵਰਗੀਆਂ ਨੇ। (431)

ਵਿਆਹ ਤੋਂ ਅਗਲੇ ਦਿਨ ਲਾੜੇ ਤੇ ਵਹੁਟੀ ਨੂੰ ਆਹਮੋ-ਸਾਹਮਣੇ ਬਿਠਾ ਕੇ ਇੱਕ ਪਰਾਤ ਵਿੱਚ ਪਾਣੀ ਪਾ ਕੇ ਦੁੱਧ ਨੂੰ ਮਿਲਾ ਦਿੱਤਾ ਜਾਂਦਾ ਹੈ ਤਾਂ ਜੋ ਇਸ ਵਿੱਚ ਪਈ ਵਸਤੂ ਨਜ਼ਰ ਨਾ ਆਵੇ ਤੇ ਫਿਰ ਕੰਗਣਾ ਖੇਡਣ ਦੀ ਰਸਮ ਕੀਤੀ ਜਾਂਦੀ ਹੈ। ਕੰਗਣਾ ਖੇਡਣ ਦੀ ਰਸਮ ਨੈਣ ਕਰਾਉਂਦੀ ਹੈ। ਉਹ ਇੱਕ ਤਰ੍ਹਾਂ ਨਾਲ ਰੈਫਰੀ ਦਾ ਕੰਮ ਕਰਦੀ ਹੈ। ਉਹ ਦੁਧੀਆਂ ਪਾਣੀ ਵਿੱਚ ਮੁੰਦਰੀ ਜਾਂ ਚਾਂਦੀ ਦਾ ਰੁਪਈਆ ਸੁੱਟਦੀ ਹੈ। ਦੋਹਾਂ ਵਿੱਚੋਂ ਜਿਹੜਾ ਪਹਿਲਾਂ ਲੱਭ ਲਵੇ, ਉਸ ਨੂੰ ਜੇਤੂ ਕਰਾਰ ਦਿੱਤਾ ਜਾਂਦਾ ਹੈ। ਇਸ ਉਪਰੰਤ ਮਾਈਏ ਦੀ ਰਸਮ ਵੇਲੇ ਗੁੱਟਾਂ ਤੇ ਬੰਨ੍ਹੇ ਹੋਏ ਗਾਨਿਆਂ ਨੂੰ ਵੀ ਖੋਲ੍ਹਿਆ ਜਾਂਦਾ ਹੈ। ਪੀਚ ਪੀਚ ਕੇ ਦਿੱਤੀਆਂ ਗੰਢਾਂ ਨੂੰ ਪਹਿਲਾਂ ਵਹੁਟੀ ਖੋਲ੍ਹਦੀ ਹੈ ਅਤੇ ਫਿਰ ਲਾੜੇ ਤੋਂ ਇਹਨਾਂ ਗੰਢਾਂ ਨੂੰ ਖੁਲਾਇਆ ਜਾਂਦਾ ਹੈ।

ਇਹ ਦੋਵੇਂ ਰਸਮਾਂ ਵਿੱਚ ਇੱਕ-ਦੂਜੇ ਦੀ ਬੁੱਧੀ ਨੂੰ ਪਰਖਣ ਲਈ ਕੀਤੀਆਂ ਜਾਂਦੀਆਂ ਹਨ। ਪਾਣੀ ਵਿੱਚ ਸੁੱਟਿਆ ਸਿੱਕਾ ਜਾਂ ਮੁੰਦਰੀ ਨੂੰ ਜਿਹੜਾ ਪਹਿਲਾਂ ਲੱਭ ਲਵੇ ਉਸ ਦਾ ਰੋਹਬ ਸਾਰੀ ਉਮਰ ਲਈ ਸਮਝਿਆ ਜਾਂਦਾ ਹੈ। ਇਸ ਦਾ ਇੱਕ ਪੱਖ ਹੋਰ ਵੀ ਹੈ ਕਿ ਮੁੰਡੇ ਕੁੜੀ ਨੇ ਵਿਆਹ ਤੋਂ ਪਹਿਲਾਂ ਇੱਕ ਦੂਜੇ ਨੂੰ ਵੇਖਿਆ ਨਹੀਂ,ਜਦੋਂ ਉਹ ਮੁੰਦਰੀ ਜਾਂ ਸਿੱਕਾ ਲੱਭ ਰਹੇ ਹੁੰਦੇ ਹਨ ਤਾਂ ਇੱਕ ਦੂਜੇ ਨਾਲ ਹੱਥ ਵੀ ਛੂਹ ਜਾਂਦਾ ਹੈ, ਇਹ ਉਹਨਾਂ ਦਾ ਪਹਿਲਾ ਸਰੀਰਕ ਸੰਬੰਧ ਹੈ ਜੋ ਕਿ ਉਹਨਾਂ ਦੀ ਸੰਗ ਨੂੰ ਘੱਟ ਕਰਦਾ ਹੈ। ਗ੍ਰਹਿਸਥ ਜੀਵਨ ਨੂੰ ਕੌਣ ਜਿੰਮੇਵਾਰੀ ਨਾਲ ਨਿਭਾਏਗਾ, ਇਸ ਦੀ ਪਰਖ ਵੀ ਇਸ ਰਸਮ ਰਾਹੀਂ ਹੁੰਦੀ ਹੈ। ਵਿਆਹ ਤੋਂ ਅਗਲੇ ਦਿਨ ਜਠੇਰਿਆਂ (ਵੱਡੇ-ਵਡੇਰਿਆਂ) ਦੀ ਪੂਜਾ ਕੀਤੀ ਜਾਂਦੀ ਹੈ। ਲਾੜੇ ਦੀ ਧਿਰ ਵਾਲੇ ਜਠੇਰਿਆਂ ਦੇ ਸਥਾਨ ਤੇ ਜਾ ਕੇ ਇਹ ਪੂਜਾ ਕੀਤੀ ਜਾਂਦੀ ਹੈ। ਉੱਥੇ ਕਿਸੇ ਬੇਰੀ ਜਾਂ ਅੰਬ ਆਦਿ ਦਰਖਤ ਦੇ ਦੁਆਲੇ ਪਰਿਕਰਮਾਂ ਕੀਤੀ ਜਾਂਦੀ ਹੈ। ਜਿਵੇਂ ਲਾਵਾਂ ਫੇਰਿਆਂ ਵਕਤ ਲੜਕਾ ਅੱਗੇ ਤੇ ਪਿੱਛੇ ਕੁੜੀ ਤੁਰਦੀ ਹੈ ਏਸੇ ਤਰ੍ਹਾਂ ਹੀ ਇਹ ਪਰਿਕਰਮਾਂ ਕੀਤੀ ਜਾਂਦੀ ਹੈ। ਜਠੇਰਿਆਂ ਦੀ ਪੂਜਾ ਉਪਰੰਤ ਲਾੜਾ ਅਤੇ ਲਾੜੀ ਦੋਵੇਂ ਛਟੀਆਂ ਖੇਡਣ ਦੀ ਰਸਮ ਨਿਭਾਉਂਦੇ ਹਨ, ਇਹ ਰਸਮ ਜਿਆਦਾਤਰ ਮਾਲਵੇ ਦੇ ਖੇਤਰ ਵਿੱਚ ਕੀਤੀ ਜਾਂਦੀ ਹੈ। ਇਸ ਰਸਮ ਅਨੁਸਾਰ ਲਾੜਾ ਲਾੜੀ ਦੇ ਅਤੇ ਲਾੜੀ ਲਾੜੇ ਦੇ ਛਿਟੀਆਂ ਮਾਰਦੇ ਹਨ, ਇਸ ਰਸਮ ਦਾ ਅਸਲ ਉਦੇਸ਼ ਇੱਕ-ਦੂਜੇ ਨੂੰ ਬਰਦਾਸ਼ਤ ਕਰਨ ਦੀ ਇੱਛਾ ਸ਼ਕਤੀ ਪੈਦਾ ਕਰਨਾ ਹੈ ਤਾਂ ਜੋ ਉਹ ਕਿਸੇ ਵੀ ਹਾਲਤ ਵਿੱਚ ਇੱਕ-ਦੂਜੇ ਤੋਂ ਅਲੱਗ ਹੋਣ ਬਾਰੇ ਨਾ ਸੋਚਣ।

ਲੜਕੀ ਦੇ ਦਾਜ ਵਿੱਚ ਹੋਰ ਸਮਾਨ ਤੋਂ ਇਲਾਵਾ ਲੋਹੇ ਦੀ ਪੇਟੀ ਵੀ ਦਿੱਤੀ ਜਾਂਦੀ ਹੈ। ਜੋ ਕਿ ਪਹਿਲਾਂ ਸੰਦੂਕ ਆਦਿ ਦੇਣ ਦਾ ਰਿਵਾਜ ਸੀ। ਜਿਵੇਂ ਸੰਦੂਕ ਦਾਜ ਦਾ ਇੱਕ ਮਹੱਤਵਪੂਰਨ ਹਿੱਸਾ ਰਿਹਾ ਹੈ, ਏਸੇ ਤਰ੍ਹਾਂ ਪੇਟੀ ਵੀ ਦਾਜ ਦਾ ਅਹਿਮ ਹਿੱਸਾ ਬਣੀ ਹੈ। ਵਿਆਹ ਤੋਂ ਅਗਲੇ ਦਿਨ ਸਮਾਨ ਦੀ ਦਿਖਾਈ ਸਮੇਂ ਵਹੁਟੀ ਦੀ ਨਨਾਣ ਪੇਟੀ ਖੋਲਦੀ ਹੈ। ਵਿਆਹ ਤੋਂ ਦੂਜੇ ਦਿਨ ਖੁਸਰੇ ਨਚਾਉਣ ਦੀ ਰਸਮ ਕੀਤੀ ਜਾਂਦੀ ਹੈ। ਉਂਝ ਤੇ ਖੁਸਰੇ ਆਪ ਹੀ ਪਹੁੰਚ ਜਾਂਦੇ ਹਨ, ਨਹੀਂ ਤੇ ਉਹਨਾਂ ਨੂੰ ਆਪ ਬੁਲਾ ਲਿਆ ਜਾਂਦਾ ਹੈ। ਜਿਆਦਾਤਰ ਖੁਸਰੇ ਵਿਆਹ ਤੋਂ ਦੂਜੇ ਦਿਨ ਹੀ ਆ ਜਾਂਦੇ ਹਨ। ਉਹਨਾਂ ਨੂੰ ਪਤਾ ਹੁੰਦਾ ਹੈ ਕਿ ਹਾਲੇ ਤੱਕ ਪ੍ਰਾਹੁਣੇ ਇੱਥੇ ਹੀ ਹੋਣਗੇ ਤੇ ਚਾਰ ਪੈਸੇ ਬਣ ਜਾਣਗੇ। ਖੁਸਰੇ ਢੋਲਕੀ ਦੀ ਤਾਲ ਤੇ ਨੱਚਦੇ ਹਨ, ਘਰ ਵਾਲੇ ਤੇ ਰਿਸ਼ਤੇਦਾਰ ਵੇਲ

ਕਰਾਉਂਦੇ ਹਨ। ਘੰਟਾ ਖੰਡ ਰੌਣਕ ਲਾ ਕੇ ਜਾਣ ਵੇਲੇ ਰੋਹਬ ਨਾਲ ਆਪਣਾ ਲਾਗ ਲੈ ਕੇ ਜਾਂਦੇ ਹਨ, ਜਿਸ ਵਿੱਚ ਸੂਟ, ਅਨਾਜ ਅਤੇ ਨਗਦੀ ਸ਼ਾਮਿਲ ਹੁੰਦੀ ਹੈ। ਖੁਸਰੇ ਜਾਂਦੇ ਵਕਤ ਨਵ-ਵਿਆਹੀ ਲਾੜੀ ਨੂੰ ਚੌਲਾਂ ਦੇ ਕੁੱਝ ਦਾਣੇ ਅਤੇ ਨਗਦੀ ਦੇ ਜਾਂਦੇ ਹਨ, ਤਾਂ ਜੋ ਉਹ ਖੂਬਸੂਰਤ ਪੁੱਤਰ ਨੂੰ ਜਨਮ ਦੇਵੇ।

ਵਿਆਹ ਉਪਰੰਤ ਜਦੋਂ ਸਹੁਰੇ ਘਰ ਦੀਆਂ ਰਸਮਾਂ ਪੂਰੀਆਂ ਹੋ ਜਾਂਦੀਆਂ ਹਨ, ਤਾਂ ਇਸ ਉਪਰੰਤ ਵਹੁਟੀ ਆਪਣੇ ਪਤੀ ਨਾਲ ਪਹਿਲੀ ਵਾਰ ਪੇਕੇ ਘਰ ਫੇਰਾ ਪਾਉਣ ਜਾਂਦੀ ਹੈ। ਇਸ ਦਿਨ ਵੀ ਲੜਕੀ ਵਾਲਿਆਂ ਦੇ ਘਰ ਖੂਬ ਰੌਣਕ ਲਗਦੀ ਹੈ। ਆਂਢ-ਗੁਆਂਢ ਦੀਆਂ ਕੁੜੀਆਂ ਆਪਣੀ ਵਿਛੜੀ ਸਹੇਲੀ ਨੂੰ ਮਿਲਣ ਆਉਂਦੀਆਂ ਹਨ। ਵਾਪਸ ਮੁੜਨ ਵੇਲੇ ਲੜਕੀ ਦੇ ਮਾਪੇ ਆਪਣੀ ਧੀ ਜਵਾਈ ਨੂੰ ਕੱਪੜੇ ਅਤੇ ਨਗਦੀ ਦੇ ਰੂਪ ਵਿੱਚ ਸ਼ਗਨ ਦਿੰਦੇ ਹਨ।

ਜਨਮ ਅਤੇ ਵਿਆਹ ਦੀਆਂ ਰਸਮਾ ਰੀਤਾਂ ਤੋਂ ਬਾਅਦ ਮਨੁੱਖ ਦੀ ਮੌਤ ਨਾਲ ਸਬੰਧਿਤ ਰਸਮਾਂ ਰੀਤਾਂ ਬਾਰੇ ਵੀ ਜਾਣਕਾਰੀ ਵੀ ਇਹਨਾਂ ਪੁਸਤਕਾਂ ਵਿੱਚੋਂ ਪ੍ਰਾਪਤ ਹੁੰਦਾ ਹੈ। ਪੁਸਤਕਾਂ ਦਾ ਅਧਿਐਨ ਕੀਤਿਆਂ ਪਤਾ ਚਲਦਾ ਹੈ ਕਿ ਪਿਛਲੇ ਸਮੇਂ ਵਿੱਚ ਜਦੋਂ ਕੋਈ ਵਿਅਕਤੀ ਅੰਤਿਮ ਸਾਹਾਂ ਤੇ ਹੁੰਦਾ ਤਾਂ ਉਸ ਨੂੰ ਮੰਜੇ ਤੋਂ ਉਤਾਰ ਹੇਠਾਂ ਧਰਤੀ ਤੇ ਲਿਟਾ ਦਿੱਤਾ ਜਾਂਦਾ। ਆਮ ਵਿਸ਼ਵਾਸ ਕੀਤਾ ਜਾਂਦਾ ਹੈ ਕਿ ਮੰਜੇ ਤੇ ਮਰੇ ਬੰਦੇ ਦੀ ਗਤੀ ਨਹੀਂ ਹੁੰਦੀ। ਮਰਨ ਵਾਲੇ ਵਿਅਕਤੀ ਨੂੰ ਅੰਤਿਮ ਸਾਹਾਂ ਤੇ ਜਾਂਦਾ ਵੇਖ ਕੇ ਆਪੋ-ਆਪਣੇ ਧਰਮਾਂ ਅਨੁਸਾਰ ਲੋਕ ਪੂਜਾ-ਪਾਠ ਕਰਨਾ ਆਰੰਭ ਕਰ ਦਿੰਦੇ ਹਨ। ਸਿੱਖ ਭਾਈਚਾਰੇ ਵਿੱਚ ਕੀਰਤਨ ਸੋਹਿਲਾ ਅਤੇ ਹਿੰਦੂ ਭਾਈਚਾਰੇ ਦੇ ਲੋਕ, ਗੀਤਾ ਦਾ ਪਾਠ ਕਰਦੇ ਹਨ। ਜਦ ਵਿਅਕਤੀ ਅੰਤਿਮ ਸਾਹਾਂ ਤੇ ਹੁੰਦਾ ਹੈ ਤਾਂ ਗਊ ਜਾਂ ਅੰਨ-ਮਨਸਣ ਦੀ ਰੀਤ ਵੀ ਕੀਤੀ ਜਾਂਦੀ ਹੈ। ਲੋਕ-ਵਿਸ਼ਵਾਸ ਕੀਤਾ ਜਾਂਦਾ ਹੈ ਕਿ ਇੰਝ ਕਰਨ ਨਾਲ ਮਰਨ ਵਾਲੇ ਵਿਅਕਤੀ ਨੂੰ ਅਗਲੇ ਰਾਹ ਵਿੱਚ ਰੁਕਾਵਟ ਆਉਣ ਤੇ ਗਊ ਉਸ ਦਾ ਮਾਰਗ ਦਰਸ਼ਨ ਕਰੇਗੀ। ਅੰਤਿਮ ਸਾਹਾਂ ਤੇ ਵਿਅਕਤੀ ਦਾ ਹੱਥ ਗਊ ਨੂੰ ਲੁਆ ਕੇ ਪੰਡਿਤ ਨੂੰ ਦਾਨ ਕਰ ਦਿੱਤੀ ਜਾਂਦੀ ਹੈ। ਜਦੋਂ ਵਿਅਕਤੀ ਦੇ ਸਾਹ ਅੰਤਿਮ ਚਰਨ ਤੇ ਹੋਣ, ਸਭ ਨੂੰ ਉਸ ਦੀ ਮੌਤ ਯਕੀਨ ਜਾਪੇ ਤਾਂ ਮਰਨ ਵਾਲੇ ਦਾ ਪੁੱਤਰ ਉਸ ਨੂੰ ਆਪਣੇ ਗੋਡਿਆਂ ਤੇ ਧਰ ਲੈਂਦਾ ਹੈ। ਉਸ ਦੇ ਮੂੰਹ ਵਿੱਚ ਗੰਗਾ ਜਲ ਪਾਇਆ ਜਾਂਦਾ ਹੈ। ਆਂਢ-ਗੁਆਂਢ

ਦੇ ਲੋਕ ਵੀ ਜੁੜਨੇ ਸ਼ੁਰੂ ਹੋ ਜਾਂਦੇ ਹਨ। ਮਰਨ ਵਾਲੇ ਵਿਅਕਤੀ ਨੂੰ ਮੰਜੇ ਤੋਂ ਉਤਾਰ ਕੇ ਹੇਠਾਂ ਲਿਟਾ ਦਿੱਤਾ ਜਾਂਦਾ ਹੈ। ਵਿਅਕਤੀ ਦੇ ਪ੍ਰਾਣ ਤਿਆਗ ਜਾਣ ਤੇ ਘਰ ਤੇ ਆਂਢ- ਗੁਆਂਢ ਦੀਆਂ ਔਰਤਾਂ ਮ੍ਰਿਤਕ ਦੇ ਆਲੇ-ਦੁਆਲੇ ਬੈਠ ਕੇ ਸਿਰ ਤੋਂ ਚੁੰਨੀ ਦੇ ਪੱਲ੍ਹੇ ਨੂੰ ਲੰਬਾ ਕਰ ਕੇ ਰੋਂਦੀਆਂ ਹਨ। ਮਰਦ ਗਲੀ ਜਾਂ ਖੁੱਲ੍ਹੇ ਵਿਹੜੇ ਵਿੱਚ ਦਰੀ ਵਿਛਾ ਕੇ,ਬੈਠ ਜਾਂਦੇ ਹਨ। ਭਾਈਚਾਰੇ ਦੇ ਲੋਕ ਅਫਸੋਸ ਕਰਨ ਲਈ ਆਉਂਦੇ ਹਨ। 'ਮੇਰਾ ਪਿੰਡ' ਪੁਸਤਕ ਵਿਚ ਇਸ ਰੀਤ ਬਾਰੇ ਗਿਆਨੀ ਗੁਰਦਿੱਤ ਸਿੰਘ ਦਾ ਮੱਤ ਹੈ ਕਿ:

> ਬੁੱਢੇ ਮਰੇ ਦੀ ਆਂਢ-ਗੁਆਂਢ ਖਬਰ ਕਰਨ ਲਈ ਘਰ ਦੀਆਂ ਸਵਾਣੀਆਂ ਜੋ ਪਹਿਲਾਂ ਤਿਆਰ ਹੁੰਦੀਆਂ ਹਨ। ਲੰਮੇ-ਲੰਮੇ ਘੁੰਡ ਕੱਢ ਕੇ ਉਸ ਵੇਲੇ ਡੂੰਘੇ ਤੇ ਲੰਬੇ ਵੈਣ ਆਰੰਭ ਕਰ ਦਿੰਦੀਆਂ ਹਨ। ਜਿਉਂ-ਜਿਉਂ ਵੀਹੀ ਵਿਹੜੇ ਪਤਾ ਲਗਦਾ ਚਲਾ ਜਾਂਦਾ ਹੈ, ਹਰ ਘਰੋਂ ਇੱਕ ਬੁੜੀ ਝੱਟ-ਪੱਟ ਘੱਗਰਾ ਪਾ ਕੇ ਅਜਿਹੇ ਵੇਲੇ ਲਈ ਰੱਖੀ ਸਲਾਰੀ ਜਾਂ ਚਾਦਰ ਦਾ ਘੁੰਡ ਕੱਢ ,ਤਿਆਰ ਬਰ ਤਿਆਰ ਹੋ ਕੇ ਮਰਗ ਵਾਲੇ ਘਰ ਪਹੁੰਚ ਜਾਂਦੀ ਹੈ । ਇੱਕ ਤੋਂ ਬਾਅਦ ਦੂਜੀ ,ਘਰ ਦੀ ਪ੍ਰਧਾਨ ਜਨਾਨੀ ਦੇ ਗਲ ਲੱਗ ਕੇ ਕੀਰਨੇ ਪਾਉਂਦੀਆਂ ਹਨ। (474)

ਵਿਅਕਤੀ ਦੇ ਮਰਨ ਉਪਰੰਤ ਰਿਸ਼ਤੇਦਾਰਾਂ ਵਿੱਚ ਸੁਨੇਹੇ ਭੇਜੇ ਜਾਂਦੇ ਹਨ। ਵੱਖ-ਵੱਖ ਰਿਸ਼ਤੇਦਾਰਾਂ ਦੇ ਸੁਨੇਹੇ ਭੇਜਣ ਲਈ ਵੱਖ-ਵੱਖ ਵਿਅਕਤੀਆਂ ਦੀ ਡਿਊਟੀ ਲਗਾ ਦਿੱਤੀ ਜਾਂਦੀ ਸੀ। ਦੂਰ-ਦੁਰਾਡੇ ਵੱਖ-ਵੱਖ ਸਾਧਨਾਂ ਰਾਹੀਂ ਰਿਸ਼ਤੇਦਾਰੀ ਵਿੱਚ ਮਰਨ ਵਾਲੇ ਵਿਅਕਤੀ ਦੀ ਖਬਰ ਪਹੁੰਚਾਈ ਜਾਂਦੀ ਸੀ।

ਮ੍ਰਿਤਕ ਨੂੰ ਸ਼ਮਸ਼ਾਨ ਘਾਟ ਤੱਕ ਲੈ ਕੇ ਜਾਣ ਲਈ ਵਿਸ਼ੇਸ਼ ਲੱਕੜੀਆਂ ਦੀ ਅਰਥੀ ਤਿਆਰ ਕੀਤੀ ਜਾਂਦੀ ਹੈ। ਇਸ ਨੂੰ ਬਣਾਉਣ ਲਈ ਬੇਰੀ ਅਤੇ ਬਾਂਸ ਦੀ ਲੱਕੜ ਵਰਤੀ ਜਾਂਦੀ ਹੈ। ਇਸ ਨੂੰ ਸੀੜ੍ਹੀ ਵੀ ਕਿਹਾ ਜਾਂਦਾ ਹੈ। ਅਰਥੀ ਤਿਆਰ ਹੋ ਜਾਣ ਤੇ ਮ੍ਰਿਤਕ ਨੂੰ ਅੰਤਿਮ ਇਸ਼ਨਾਨ ਕਰਵਾਇਆ ਜਾਂਦਾ ਹੈ। ਸਾਰੀਆਂ ਤਿਆਰੀਆਂ ਮੁਕੰਮਲ ਹੋਣ ਤੇ ਮ੍ਰਿਤਕ ਨੂੰ ਅੰਤਿਮ ਯਾਤਰਾ ਲਈ ਤਿਆਰ ਕੀਤਾ ਜਾਂਦਾ ਹੈ। ਘਰ ਦੇ ਵਿਹੜੇ ਵਿੱਚ ਉਸ ਦੀ ਅਰਥੀ ਨੂੰ ਰੱਖ ਦਿੱਤਾ ਜਾਂਦਾ ਹੈ। ਬਜ਼ੁਰਗ ਦੀ ਅਰਥੀ ਹੋਵੇ ਤਾਂ ਘਰ ਦੇ ਸਾਰੇ ਜੀਅ ਉਸ ਨੂੰ ਮੱਥਾ ਟੇਕਦੇ ਹਨ। ਹਿੰਦੂ ਭਾਈਚਾਰੇ ਵਿੱਚ ਇਸ ਸਮੇਂ ਪਿੰਡ ਭਰਨ ਦੀ ਰਸਮ ਵੀ ਕੀਤੀ ਜਾਂਦੀ ਹੈ। ਲੋਕ

ਵਿਸ਼ਵਾਸ ਹੈ ਕਿ ਇਸ ਸਮੇਂ ਭਰੇ ਜਾਂਦੇ ਪਿੰਡ, ਉਹ ਮ੍ਰਿਤਕ ਲਈ ਬਿਖੜੇ ਪੈਂਡੇ ਲਈ ਤੋਸਾ ਹੁੰਦੇ ਹਨ। ਇਹ ਪਿੰਡ ਸਤਨਾਜੇ ਨੂੰ ਰਲਾ ਕੇ ਜਾਂ ਆਟੇ ਦੇ ਬਣਾ ਲਏ ਜਾਂਦੇ ਹਨ। ਇਹ ਪ੍ਰਕਿਰਿਆ ਪਿੰਡ ਦਾ ਬਾਹਮਣ ਕਰਦਾ ਹੈ। ਵਡੇਰੀ ਉਮਰ ਵਾਲੇ ਮ੍ਰਿਤਕ ਦੀ ਅਰਥੀ ਨੂੰ ਖ਼ੂਬ ਸਜਾਇਆ ਜਾਂਦਾ ਹੈ ਅਤੇ ਕਈ ਲੋਕ ਉਸ ਨੂੰ ਬੈਂਡ ਵਾਜਿਆਂ ਨਾਲ ਵਿਦਾ ਕਰਦੇ ਹਨ। ਇਸ ਰਸਮ ਵੇਲੇ ਪਿੰਡ ਦੇ ਸਾਰੇ ਲੋਕ ਸ਼ਾਮਿਲ ਹੁੰਦੇ ਹਨ, ਦੁਕਾਨਦਾਰ ਵੀ ਆਪਣੇ ਧੰਦੇ ਨੂੰ ਬੰਦ ਕਰਕੇ ਅੰਤਿਮ ਯਾਤਰਾ ਵਿੱਚ ਜਰੂਰ ਸ਼ਾਮਿਲ ਹੁੰਦੇ ਹਨ। ਦੂਰ-ਦੂਰਾਡੇ ਦੇ ਰਿਸ਼ਤੇਦਾਰ ਕਈ ਵਾਰ ਇਸ ਵਕਤ ਆ ਕੇ ਸ਼ਾਮਲ ਹੁੰਦੇ ਹਨ। ਸ਼ਮਸ਼ਾਨ ਭੂਮੀ ਵੱਲ ਨੂੰ ਜਾਂਦਿਆਂ ਅੱਧੇ ਰਾਹ ਵਿੱਚ ਰੁੱਕ ਕੇ ਅੱਧ-ਮਾਰਗ ਦੀ ਰਸਮ ਕੀਤੀ ਜਾਂਦੀ ਹੈ। ਇੱਥੇ ਪਿੰਡ ਦਾਨ ਕੀਤੇ ਜਾਂਦੇ ਹਨ ਅਤੇ ਪਾਣੀ ਦਾ ਭਰਿਆ ਘੜਾ ਤੋੜਿਆ ਜਾਂਦਾ ਹੈ। ਪੁਸਤਕ 'ਮੇਰਾ ਪਿੰਡ' ਵਿੱਚ ਅੱਧ ਮਾਰਗ ਦੀ ਰਸਮ ਬਾਰੇ ਗਿਆਨੀ ਗੁਰਦਿੱਤ ਸਿੰਘ ਦਾ ਵਿਚਾਰ ਹੈ :

> ਇਹ ਰਸਮ ਬਣੀ ਤਾਂ ਇਸ ਲਈ ਹੈ ਕਿ ਮਸਾਣਾਂ ਦੇ ਪਿੰਡ ਦੂਰ ਹੋਣ ਕਰਕੇ ਕਈ ਵਾਰ ਮੁਰਦਾ ਭਰੇ ਕੱਦ ਦਾ ਹੋਣ ਕਰਕੇ ਕਾਨ੍ਹੀਆਂ ਦੇ ਥੱਕ ਜਾਣ ਕਰਕੇ ਉਹਨਾਂ ਨੂੰ ਰਸਤੇ ਵਿੱਚ ਬਿਸਰਾਮ ਕਰਨਾ ਪੈਂਦਾ ਸੀ। ਜਿਸ ਨੂੰ ਮੁਰਦੇ ਦਾ ਬਿਸਰਾਮ ਕਰਾਉਣ ਦੇ ਬਹਾਨੇ ਕਾਨ੍ਹੀ ਦਮ ਮਾਰ ਕੇ ਮੋਢੇ ਬਦਲ ਲੈਂਦੇ ਸਨ। (478-479)

ਆਮ ਤੌਰ ਤੇ ਅਰਥੀ ਨੂੰ ਪਿੰਡ ਤੋਂ ਲੈ ਕੇ ਤੁਰਨ ਤੋਂ ਪਹਿਲਾਂ ਹੀ ਪਿੰਡ ਦੇ ਮੋਹਰੀ ਤੇ ਕੁੱਝ ਨੌਜਵਾਨ ਲੜਕੇ ਸ਼ਮਸ਼ਾਨ ਘਾਟ ਪਹੁੰਚ ਕੇ ਚਿਖਾ ਚਿਣ ਲੈਂਦੇ ਹਨ। ਚਿਖਾ ਨੂੰ ਖਾਸ ਤਰੀਕੇ ਨਾਲ ਚਿਣਿਆ ਜਾਂਦਾ ਹੈ। ਗਿੱਲੀ ਲੱਕੜ ਦੀ ਵਰਤੋਂ ਨਹੀਂ ਕੀਤੀ ਜਾਂਦੀ ਸਗੋਂ ਸੁੱਕੀ ਲੱਕੜੀ ਵਰਤੀ ਜਾਂਦੀ ਹੈ। ਬਹੁਤ ਸਾਰੇ ਪਿੰਡਾਂ ਵਿੱਚ ਅਰਥੀ ਨਾਲ ਤੁਰੇ ਵਿਅਕਤੀ ਆਪਣੇ ਘਰੋਂ ਹੀ ਮੋਢੇ ਤੇ ਲੱਕੜ ਚੁੱਕ ਲੈਂਦੇ ਹਨ। ਜੋ ਕਿ ਚਿਖਾ ਬਣਾਉਣ ਦੇ ਕੰਮ ਆਉਂਦੀ ਹੈ। ਮ੍ਰਿਤਕ ਨੂੰ ਅਰਥੀ ਉਪਰ ਲਿਟਾ ਦਿੱਤਾ ਜਾਂਦਾ ਹੈ। ਫਿਰ ਉੱਪਰ ਹੋਰ ਬਾਲਣ ਚਿਣ ਕੇ ਚਿਖਾ ਤਿਆਰ ਕਰ ਲਈ ਜਾਂਦੀ ਹੈ। ਚਿਖਾ ਦੇ ਤਿਆਰ ਹੋ ਜਾਣ ਤੇ ਮ੍ਰਿਤਕ ਦਾ ਵੱਡਾ ਲੜਕਾ ਉਸ ਨੂੰ ਅਗਨੀ ਭੇਟ ਕਰਦਾ ਹੈ। ਘਾਹ,ਫੂਸ ਨੂੰ ਹੱਥਾਂ ਵਿੱਚ ਫੜ੍ਹ ਕੇ ਪੈਰਾਂ ਵਾਲਿਓ ਪਾਸੇ ਤੋਂ ਸ਼ੁਰੂ ਕਰਕੇ ਸੱਜੇ ਤੋਂ ਖੱਬੇ

ਪਾਸੇ ਨੂੰ ਨਾਲ ਚਿਖਾ ਦੇ ਦੁਆਲੇ ਘੁੰਮ ਜਾਂਦਾ ਹੈ। ਨਾਲ ਖੜ੍ਹੇ ਹੋਰ ਵਿਅਕਤੀ ਬਲਦੀ ਅੱਗ ਨੂੰ ਚਿਖਾ ਦੇ ਲਾਗੇ ਕਰ ਦਿੰਦੇ ਹਨ। ਜਿਸ ਨਾਲ ਅੱਗ ਹੌਲੀ-ਹੌਲੀ ਮੱਚ ਜਾਂਦੀ ਹੈ। ਅਰਥੀ ਨਾਲ ਆਏ ਸਾਰੇ ਵਿਅਕਤੀ ਬਲਦੀ ਅੱਗ ਵਿੱਚ ਕੱਖ-ਕਾਨਾ ਤੋੜ ਕੇ ਸੁੱਟਦੇ ਹਨ। ਲੋਕ ਵਿਸ਼ਵਾਸ ਅਨੁਸਾਰ ਇੰਝ ਕਰਕੇ ਮ੍ਰਿਤਕ ਨਾਲੋਂ ਨਾਤਾ ਤੋੜ ਲਿਆ ਜਾਂਦਾ ਹੈ।

ਚਿਖਾ ਦੇ ਅੱਗ ਭੜਕ ਜਾਣ ਤੇ ਸੀੜ੍ਹੀ ਵਿੱਚ ਰੱਖਿਆ ਇੱਕ ਲੰਬਾ ਡੰਡਾ ਜਾਂ ਬਾਂਸ ਲੈ ਕੇ ਲਾਂਬੂ ਲਾਉਣ ਵਾਲਾ ਮੁਰਦੇ ਦੀ ਖੋਪਰੀ ਨੂੰ ਠਕੋਰਦਾ ਹੈ। ਜਿਸ ਨੂੰ ਕਪਾਲ ਕ੍ਰਿਆ ਕਿਹਾ ਜਾਂਦਾ ਹੈ। ਇਸ ਰੀਤ ਬਾਰੇ ਪੁਸਤਕ 'ਮੇਰਾ ਪਿੰਡ' ਵਿਚੋਂ ਗਿਆਨੀ ਗੁਰਦਿੱਤ ਸਿੰਘ ਦੇ ਹਵਾਲੇ ਅਨੁਸਾਰ:

> ਸਿਰ ਦੀ ਖੋਪਰੀ ਕਾਠੀ ਹੋਣ ਕਰਕੇ ਛੇਤੀ-ਛੇਤੀ ਮੱਚਦੀ ਨਹੀਂ ਇਸ ਤਰ੍ਹਾਂ ਕਰਨ ਨਾਲ ਉਸ ਦੀ ਦੇਹ ਦਾ ਮੱਚਣਾ ਸੁਖਾਲਾ ਹੋ ਜਾਂਦਾ ਹੈ। (480)

ਇਸ ਉਪਰੰਤ ਇੱਕ ਦੋ ਵਿਅਕਤੀ ਉੱਥੇ ਨਿਗਰਾਨੀ ਲਈ ਰਹਿ ਜਾਂਦੇ ਹਨ ਅਤੇ ਬਾਕੀ ਵਾਪਸ ਤੁਰ ਪੈਂਦੇ ਹਨ। ਰਸਤੇ ਵਿੱਚ ਆਉਂਦੇ ਕਿਸੇ ਖੂਹ ਟੋਭੇ ਜਾਂ ਫਿਰ ਗੁਰਦੁਆਰੇ ਹੱਥ-ਮੂੰਹ ਧੋ ਕੇ ਵਾਪਿਸ ਘਰ ਆ ਜਾਂਦੇ ਹਨ। ਦੂਰ ਨੇੜੇ ਦੇ ਆਏ ਰਿਸ਼ਤੇਦਾਰ ਸੂਰਜ ਛਿਪਣ ਤੋਂ ਪਹਿਲਾਂ-ਪਹਿਲਾਂ ਆਪੋ-ਆਪਣੇ ਘਰਾਂ ਨੂੰ ਮੁੜ ਪੈਂਦੇ ਹਨ। ਏਸੇ ਵਕਤ ਹੀ ਮ੍ਰਿਤਕ ਦੇ ਅੰਤਿਮ ਭੋਗ ਬਾਰੇ ਵੀ ਸਾਰਿਆਂ ਨੂੰ ਸੁਣਾ ਦਿੱਤਾ ਜਾਂਦਾ ਹੈ। ਅੰਤਿਮ ਸੰਸਕਾਰ ਕਰਨ ਤੋਂ ਬਾਅਦ ਅਗਲੇ ਦਿਨ ਮੁਕਾਣ ਆਉਣ ਚ ਸਿਲਸਿਲਾ ਸ਼ੁਰੂ ਹੋ ਜਾਂਦ ਹੈ। ਜੇਕਰ ਮੁਕਾਣਾ ਬੰਦ ਕਰਾਉਣੀਆਂ ਹੋਣ ਤਾਂ ਉਸੇ ਦਿਨ ਹੀ ਸੁਣਾਈ ਕਰ ਦਿੱਤੀ ਜਾਂਦੀ ਹੈ।

ਦੇਹ ਸੰਸਕਾਰ ਤੋਂ ਤੀਜੇ ਦਿਨ ਫੁੱਲ ਚੁਗਣ ਦੀ ਰਸਮ ਕੀਤੀ ਜਾਂਦੀ ਹੈ। ਫੁੱਲ ਚੁੱਗਣ ਦੀ ਰਸਮ ਲਈ ਘਰੋਂ ਘਾਟ ਲੈ ਜਾਂਦੇ ਹਨ। ਠੰਡੇ ਹੋਏ ਸਿਵੇ ਵਿੱਚ ਹੱਠੀਆਂ ਤੇ ਦੰਦਾਂ ਨੂੰ ਇੱਕਠਾ ਕਰਕੇ ਕੱਚੀ ਲੱਸੀ ਨਾਲ ਧੋ ਕੇ ਕਿਸੇ ਕੱਪੜੇ ਦੀ ਬਣੀ ਥੈਲੀ ਵਿੱਚ ਪਾ ਲਿਆ ਜਾਂਦਾ ਹੈ। ਇਸ ਥੈਲੀ ਨੂੰ ਸ਼ਮਸ਼ਾਨ ਘਾਟ ਵਿੱਚ ਹੀ ਰੱਖ ਦਿੱਤਾ ਜਾਂਦਾ ਹੈ। ਬਾਅਦ ਵਿੱਚ ਆਪੋ-ਆਪਣੇ ਧਰਮ ਅਨੁਸਾਰ ਇਸ ਨੂੰ ਜਲ ਪ੍ਰਵਾਹ ਕਰ ਦਿੱਤਾ ਜਾਂਦਾ ਹੈ। ਪੁਰਾਣੇ ਜਮਾਨੇ ਵਿੱਚ ਇਹ ਰਵਾਇਤ ਰਹੀ ਹੈ ਕਿ ਅਸਤੀਆਂ ਨੂੰ ਜਲ ਪ੍ਰਵਾਹ ਕਰਨ ਲਈ ਲੈ ਕੇ ਜਾਣ ਵੇਲੇ

ਜਿੱਥੇ ਵੀ ਕਿਤੇ ਚਾਹ-ਪਾਣੀ ਪੀਣ ਜਾਂ ਰੋਟੀ ਆਦਿ ਲਈ ਰੁਕਦੇ ਹਨ ਤਾਂ ਮ੍ਰਿਤਕ ਦਾ ਹਿੱਸਾ ਵੀ ਨਾਲ ਹੀ ਕੱਢ ਲਿਆ ਜਾਂਦਾ ਹੈ। ਅਸਤੀਆਂ ਨੂੰ ਜਲ ਪ੍ਰਵਾਹ ਕਰਨ ਲਈ ਪਹਿਲਾਂ ਬ੍ਰਾਹਮਣ ਜਾਂ ਨਾਈ ਭੇਜੇ ਜਾਂਦੇ ਸਨ। ਫੁੱਲ ਪਾਉਣ ਦੀ ਰਸਮ ਬਾਰੇ 'ਮੇਰਾ ਪਿੰਡ' ਪੁਸਤਕ ਵਿਚੋਂ ਗਿਆਨੀ ਗੁਰਦਿੱਤ ਸਿੰਘ ਦਾ ਵਿਚਾਰ ਹੈ ਕਿ :

> ਫੁੱਲ ਪਾਉਣ ਲਈ ਪਹਿਲਾਂ ਬ੍ਰਾਹਮਣ ਤੇ ਨਾਈ ਭੇਜੇ ਜਾਂਦੇ ਸਨ, ਪਰ ਉਹਨਾਂ ਵਿੱਚ ਵੀ ਜਦੋਂ ਭ੍ਰਿਸ਼ਟਾਚਾਰ ਲੈ ਆਂਦਾ ਤਾਂ ਲੋਕ ਫੁੱਲ਼ ਆਪ ਲੈ ਕੇ ਜਾਣ ਲੱਗ ਪਏ । ਪਹਿਲਾਂ ਲੋਕੀ ਪੈਦਲ ਜਾਂਦੇ ਸਨ। ਜਾਣ ਵਾਲੇ ਵਿਅਕਤੀਆਂ ਨਾਲ ਕਈ ਅਜੀਬ ਘਟਨਾਵਾਂ ਵਾਪਰ ਜਾਂਦੀਆਂ ਸਨ। ਇਸ ਕਰਕੇ ਫੁੱਲ ਲੈ ਕੇ ਜਾਣ ਵਾਲੇ ਹੰਢੇ ਵਰਤੇ ਬੰਦੇ ਲੱਭੇ ਜਾਂਦੇ । (485)

ਅਧਿਐਨ ਕੀਤਿਆਂ ਪਤਾ ਚਲਦਾ ਹੈ ਕਿ ਵੱਖੋ-ਵੱਖਰੇ ਧਰਮਾਂ ਅਨੁਸਾਰ ਤੇਰਾਂ, ਗਿਆਰਾਂ ਜਾਂ ਸੋਲ੍ਹਾਂ ਦਿਨਾਂ ਬਾਅਦ ਅੰਤਿਮ ਅਰਦਾਸ ਤੇ ਭੋਗ ਲਈ ਰਿਸ਼ਤੇਦਾਰੀ ਅਤੇ ਆਂਢ-ਗੁਆਂਢ ਨੂੰ ਸੱਦਾ ਦਿੱਤਾ ਜਾਂਦਾ ਹੈ। ਲੋਕ ਟਾਈਮ ਕੱਢ ਕੇ ਇਸ ਦਿਨ ਜਰੂਰ ਪਹੁੰਚਦੇ ਹਨ। ਹਿੰਦੂ ਗਰੁੜ ਪੁਰਾਣ ਦਾ ਪਾਠ ਅਤੇ ਸਿੱਖ ਭਾਈਚਾਰੇ ਵਿੱਚ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਪਾਠ ਰਖਵਾਉਂਦੇ ਹਨ। ਮ੍ਰਿਤਕ ਜੇ ਵਡੇਰੀ ਉਮਰ ਦਾ ਹੋ ਕੇ ਮਰਿਆ ਹੋਵੇ ਤਾਂ ਆਏ ਰਿਸ਼ਤੇਦਾਰਾਂ ਨੂੰ ਲੰਗਰ ਪਾਣੀ ਦੇ ਨਾਲ ਮਿੱਠੇ ਵਜੋਂ ਜਲੇਬੀਆਂ ਜਾਂ ਕੜਾਹ ਵੀ ਵਰਤਾਇਆ ਜਾਂਦਾ ਹੈ। ਪੰਜਾਬੀ ਭਾਈਚਾਰੇ ਵਿੱਚ ਇਸ ਨੂੰ ਇੱਕਠ ਕਰਨਾ ਵੀ ਕਿਹਾ ਜਾਂਦਾ ਹੈ। ਦੂਰ ਨੇੜੇ ਤੋਂ ਆਏ ਰਿਸ਼ਤੇਦਾਰਾਂ ਨੂੰ ਜਾਣ ਲੱਗਿਆਂ ਇਹ ਤਿਆਰ ਕੀਤੀਆਂ ਵਸਤਾਂ ਨਾਲ ਵੀ ਭੇਜ ਦਿੱਤੀਆਂ ਜਾਂਦੀਆਂ ਹਨ। ਭੋਗ ਵਾਲੇ ਦਿਨ ਹੀ ਭਾਈਚਾਰੇ ਦੇ ਇੱਕਠ ਵਿੱਚ ਹੀ ਪੱਗੜੀ ਬੰਨ੍ਹਣ ਦੀ ਰਸਮ ਕੀਤੀ ਜਾਂਦੀ ਹੈ। ਇਸ ਰਸਮ ਤੋਂ ਬਆਦ ਅਗਲੇ ਦਿਨ ਤੋਂ ਘਰ ਵਾਲੇ ਆਪਣੇ ਕੰਮ-ਕਾਜ ਆਰੰਭ ਕਰ ਦਿੰਦੇ ਹਨ।

## II

ਪਰਿਵਰਤਨ ਕੁਦਰਤ ਦਾ ਨਿਯਮ ਹੈ। ਕੁਦਰਤ ਦੁਆਰਾ ਬਣਾਈ ਹਰ ਵਸਤੂ ਨਿਰੰਤਰ ਬਦਲਦੀ ਰਹਿੰਦੀ ਹੈ। ਮਨੁੱਖੀ ਸਮਾਜ, ਸਮਾਜਿਕ ਵਰਤਾਰਾ ਵੀ ਇਸ ਚਾਲ ਵਿੱਚੋਂ ਦੀ ਲੰਘਦਾ ਹੈ। ਮਨੁੱਖ ਦੀ ਸੋਚਣ ਸ਼ਕਤੀ ਨਾਲ ਪਰਿਵਰਤਨ ਹੁੰਦੇ ਹਨ। ਸਾਡੇ ਰਹਿਣ-ਸਹਿਣ ਨੂੰ ਉਦਯੋਗਿਕ ਤਕਨਾਲੋਜੀ ਬਹੁਤ

ਪ੍ਰਭਾਵਿਤ ਕਰਦੀ ਹੈ। ਪੰਜਾਬ ਵਿੱਚ ਪਿਛਲੇ ਕੁੱਝ ਦਹਾਕਿਆਂ ਤੋਂ ਹਰ ਪੱਖ ਵਿੱਚ ਉਨੱਤੀ ਹੋਈ ਹੈ। ਏਸੇ ਉਨੱਤੀ ਦੇ ਕਾਰਨ ਇੱਥੇ ਸਮਾਜਿਕ, ਆਰਥਿਕ ਆਦਿ ਖੇਤਰ ਵਿੱਚ ਤਬਦੀਲੀ ਨਹੀਂ ਆਈ ਸਗੋਂ ਸਾਡੀਆਂ ਕਦਰਾਂ-ਕੀਮਤਾਂ, ਜੀਵਨ-ਸ਼ੈਲੀ ਵਿੱਚ ਬਦਲਾਵ ਹੋਇਆ ਹੈ। ਵਿਸ਼ਵੀਕਰਨ ਦੇ ਦੌਰ ਵਿੱਚ ਮਲਟੀ ਮੀਡੀਆ ਦੇ ਪੈਰ ਪਸਾਰਨ ਕਰਕੇ, ਪਰੰਪਰਾਗਤ ਵਸਤਾਂ ਅਲੋਪ ਹੋ ਰਹੀਆਂ। ਹੁਣ ਦਾ ਮਨੁੱਖ ਆਪਣੇ-ਆਪ ਨੂੰ ਨਿੱਜ ਤੱਕ ਹੀ ਸੀਮਤ ਹੋ ਕੇ ਰਹਿ ਗਿਆ ਹੈ। ਆਧੁਨਿਕੀਕਰਨ ਵਿੱਚ ਮਲਟੀ ਮੀਡੀਆ ਨੇ ਅਜੋਕੀ ਪੀੜ੍ਹੀ ਨੂੰ ਇਸ ਤਰ੍ਹਾਂ ਪ੍ਰਭਾਵਿਤ ਕੀਤਾ ਕਿ ਉਹ ਆਪਣੇ ਵਿਰਸੇ ਨਾਲੋਂ ਟੁੱਟ ਰਹੀ ਹੈ। ਪੱਛਮ ਦੀ ਤਰਜ਼ ਤੇ ਇਸ ਦੇ ਪ੍ਰਭਾਵ ਸਦਕਾ ਕੁੱਝ ਨਵੀਆਂ ਰਸਮਾਂ ਦੀ ਪੇਸ਼ਕਾਰੀ ਹੋਣ ਲੱਗ ਪਈ ਹੈ। ਅੱਜ ਬਹੁਤ ਸਾਰੀਆਂ ਰਸਮਾਂ ਦਾ ਵਾਜੂਦ ਬਦਲ ਚੁੱਕਾ ਹੈ। ਵਿਸ਼ਵੀਕਰਨ ਦੇ ਦੌਰ ਵਿੱਚ ਹਰ ਖੇਤਰ ਵਿੱਚ ਤਕਨੀਕੀ ਸਾਧਨਾਂ ਅਤੇ ਉਦਯੋਗਿਕ ਵਿਕਾਸ ਹੋਣ ਕਰਕੇ ਹਰ ਖੇਤਰ ਵਿੱਚ ਪਰਿਵਰਤਨ ਹੋਏ ਹਨ। ਪਹਿਲੇ ਸਮਿਆਂ ਵਿੱਚ ਹੁੰਦੇ ਰਸਮ-ਰਿਵਾਜ ਸਮੇਂ ਮੁਤਾਬਿਕ ਬਦਲ ਰਹੇ ਹਨ। ਦੇਖੋ-ਦੇਖੀ ਇਹਨਾਂ ਵਿੱਚ ਵਿਖਾਵੇ ਦੀ ਭਾਵਨਾ ਵਧੀ ਹੈ, ਕਈ ਬੇਲੋੜੀਆਂ ਰਹੁ-ਰੀਤਾਂ ਵੀ ਪ੍ਰਵੇਸ਼ ਕਰ ਗਈਆਂ ਹਨ। ਨਵੀਂ ਪੀੜ੍ਹੀ ਪੜ੍ਹ ਲਿਖ ਕੇ ਵਿਗਿਆਨਿਕ ਢੰਗ ਨਾਲ ਇਹਨਾਂ ਰਹੁ-ਰੀਤਾਂ ਨੂੰ ਆਪਣਾ ਰਹੀ ਹੈ, ਪਰ ਬਹੁਤਾ ਕਰਕੇ ਹਰ ਰਸਮ ਬਹੁਤ ਹੀ ਖਰਚੀਲੀ ਹੋ ਗਈ ਹੈ। ਜਨਮ ਸਮੇਂ ਦੀਆਂ ਰਹੁ ਰੀਤਾਂ ਵਿੱਚ ਬਦਲਾਵ ਨਜਰ ਆ ਰਹੇ ਹਨ। ਜਿੱਥੇ ਪਹਿਲਾਂ ਬੱਚੇ ਦਾ ਜਨਮ ਘਰਾਂ ਵਿੱਚ ਹੀ ਹੁੰਦਾ ਸੀ, ਹੁਣ ਸਿਹਤ ਸਹੂਲਤਾਂ ਵਧਣ ਕਰਕੇ ਬੱਚਿਆਂ ਦੇ ਜਨਮ ਹਸਪਤਾਲਾਂ ਵਿੱਚ ਹੋ ਰਹੇ ਹਨ।

ਪੁਸਤਕਾਂ ਦਾ ਅਧਿਐਨ ਕਰਨ ਤੋਂ ਪਤਾ ਚੱਲਦਾ ਹੈ ਕਿ ਜਦੋਂ ਕਿਸੇ ਘਰ ਔਲਾਦ ਦੀ ਆਮਦ ਹੁੰਦੀ ਹੈ ਤਾਂ ਉਸ ਨਾਲ ਬਹੁਤ ਸਾਰੇ ਸ਼ਗਨ ਵਿਹਾਰ ਕੀਤੇ ਜਾਂਦੇ ਹਨ । ਇਨ੍ਹਾਂ ਰਸਮਾਂ ਰੀਤਾਂ ਦੀ ਸ਼ੁਰੂਆਤ ਇਕ ਔਰਤ ਦੇ ਗਰਭ ਧਾਰਨ ਤੋਂ ਹੀ ਸ਼ੁਰੂ ਹੋ ਜਾਂਦੀ ਹੈ। ਗਰਭ ਧਾਰਨ ਤੋਂ ਲੈ ਕੇ ਬੱਚੇ ਦੇ ਜਨਮ ਤਕ ਅਨੇਕਾਂ ਪ੍ਰਕਾਰ ਦੇ ਰਸਮ ਰਿਵਾਜ ਕੀਤੇ ਜਾਂਦੇ ਰਹੇ ਹਨ, ਜਿਨ੍ਹਾਂ ਵਿਚ ਮਾਂ ਬਣਨ ਵਾਲੀ ਔਰਤ ਨੂੰ ਵਿਦਾ ਕਰਨ ਦੀ ਰਵਾਇਤ ਪ੍ਰਚੱਲਿਤ ਰਹੀ ਹੈ। ਬੱਚੇ ਦੇ ਜਨਮ ਤੋਂ ਕੁਝ ਸਮਾਂ ਪਹਿਲਾਂ ਚੰਗਾ ਦਿਨ ਤਿੱਥ ਵਿਚਾਰ ਕੇ ਸਹੁਰਿਆਂ ਵੱਲੋਂ ਨੂੰਹ ਦੇ ਪੇਕੀਂ ਸੁਨੇਹਾ ਦੇ ਦਿੱਤਾ ਜਾਂਦਾ, ਜਾਂ ਪੇਕੇ ਘਰੋਂ ਕੋਈ ਆਇਆ ਗਿਆ ਪੁੱਛ ਜਾਂਦਾ। ਭਰਾ ਭਰਜਾਈ ਜਾਂ ਇਕੱਲਾ ਭਰਾ ਭਤੀਜਾ ਆ ਕੇ ਕੁੜੀ ਨੂੰ ਲੈ ਜਾਂਦਾ। ਅਧਿਐਨ ਕੀਤਿਆਂ ਪਤਾ ਚਲਦਾ ਹੈ ਕਿ ਵਿਦਾਅ ਕਰਨ ਸਮੇਂ ਅੱਠਵੇਂ

ਮਹੀਨੇ ਦੀ ਹਮੇਸ਼ਾਂ ਹੀ ਵਿਚਾਰ ਕੀਤੀ ਜਾਂਦੀ। ਇਸ ਮਹੀਨੇ ਉਸ ਨੂੰ ਵਿਦਾਅ ਨਾ ਕੀਤਾ ਜਾਂਦਾ ਇਸ ਸਮੇਂ ਨੂੰ ਮਾਂ ਦੀ ਸਿਹਤ ਦਾ ਬੜਾ ਹੀ ਨਾਜ਼ੁਕ ਦੌਰ ਸਮਝਿਆ ਜਾਂਦਾ। ਇਸ ਗੱਲ ਨੂੰ ਮੁੱਖ ਰੱਖਦਿਆਂ ਹੀ ਸਫਰ ਨਾ ਕਰਨ ਹਿੱਤ ਇਸ ਮਹੀਨੇ ਵਿਦਾਅ ਨਹੀਂ ਕੀਤਾ ਜਾਂਦਾ ਸੀ।

ਪਰ ਅੱਜ ਇਹ ਸਾਰੀਆਂ ਗੱਲਾਂ ਨਕਾਰੀਆਂ ਜਾ ਚੁੱਕੀਆਂ ਹਨ। ਇਸ ਦਾ ਕਾਰਨ ਇਹ ਵੀ ਹੈ ਕਿ ਉਦੋਂ ਐਨੀਆਂ ਡਾਕਟਰੀ ਸਹੂਲਤਾਂ ਨਹੀਂ ਸਨ ਤੇ ਆਵਾਜਾਈ ਦੀ ਵੀ ਸੁੱਖ ਸਹੂਲਤ ਨਹੀਂ ਸੀ। ਅੱਜ ਤਾਂ ਪੂਰੇ ਸਮੇਂ ਤੱਕ ਵੀ ਕਈ ਔਰਤਾਂ ਕੰਮ ਕਾਰ ਕਰਦੀਆਂ ਫਿਰਦੀਆਂ ਹਨ। ਵਿਸ਼ਵੀਕਰਨ ਦੇ ਦੌਰ ਤੋਂ ਪਹਿਲਾਂ ਦੇ ਸਮੇਂ ਵਿੱਚ ਔਰਤ ਦੇ ਗਰਭ ਧਾਰਨ ਦੀ ਖ਼ਬਰ ਖੁੱਲ੍ਹੇ ਆਮ ਨਹੀਂ ਸੀ ਪ੍ਰਚੱਲਿਤ ਕੀਤੀ ਜਾਂਦੀ। ਘਰ ਦੀਆਂ ਸੁਆਣੀਆਂ ਇੱਕ ਔਰਤ ਦੇ ਖਾਣ ਪੀਣ ਦੇ ਬਦਲਦੇ ਢੰਗ ਤਰੀਕੇ ਤੋਂ ਅੰਦਾਜ਼ਾ ਲਾ ਕੇ, ਉਸ ਨੂੰ ਪੁੱਛਦੀਆਂ ਤੇ ਉਹ ਮਸਾਂ ਹੀ ਦੱਸਦੀ ਸੀ। ਪਰ ਅਜੋਕੇ ਦੌਰ ਵਿੱਚ ਇਹ ਸਭ ਕੁਝ ਬਦਲ ਗਿਆ ਹੈ । ਪੁਸਤਕ 'ਬਦਲ ਗਿਆ ਮੇਰਾ ਪਿੰਡ' ਵਿੱਚ ਇਸ ਬਾਰੇ ਪਰਮਜੀਤ ਕੌਰ ਸਰਹਿੰਦ ਦਾ ਵਿਚਾਰ ਹੈ:

> ਅੱਜ ਵਾਲਾ ਖੁੱਲ੍ਹਾ ਰੰਗ ਢੰਗ ਨਹੀਂ ਸੀ ਕਿ ਹਫ਼ਤੇ ਦਸ ਦਿਨ ਬਾਅਦ ਪ੍ਰੈਗਨੈਂਸੀ ਟੈਸਟ ਕਰਵਾਉਣ ਸਾਰ ਫੋਨ ਖੜਕਣ ਲੱਗ ਪੈਣ। ਵਧਾਈ ਹੋਵੇ ਨਾਨਾ-ਨਾਨੀ ਜਾਂ ਦਾਦਾ-ਦਾਦੀ ਬਣਨ ਵਾਲੇ ਹੋ। ਕੋਈ ਗੋਦ ਭਰਾਈ ਦੀ ਜਾਂ ਹੋਰ ਰਸਮ ਨਹੀਂ ਸੀ ਹੁੰਦੀ, ਬਸ ਐਨਾ ਹੀ ਸੀ ਕਿ ਪਤਾ ਲੱਗਣ ਤੇ ਸਭ ਧੀ ਭੈਣ ਦੀ ਸੁੱਖ ਮੰਗਦੇ ਤੇ ਘਰ ਦੀ ਸੁਆਣੀ ਨੂੰ ਕਹਿੰਦੇ ਕਿ ਵੇਲੇ ਕੁਵੇਲੇ ਲੋੜ ਪਵੇ ਤਾਂ ਬੁਲਾ ਲੈਣਾ। (187)

ਵਿਸ਼ਵੀਕਰਨ ਦੇ ਦੌਰ ਤੋਂ ਪਹਿਲੇ ਸਮੇਂ ਵਿੱਚ ਬੱਚੇ ਦੇ ਜਣੇਪੇ ਵਿੱਚ ਦਾਈਆਂ ਦੀ ਅਹਿਮ ਭੂਮਿਕਾ ਹੁੰਦੀ ਸੀ। ਜੋ ਕਿ ਅਜੋਕੇ ਸਮੇਂ ਵਿੱਚ ਡਾਕਟਰੀ ਸਹੂਲਤਾਂ ਵਿੱਚ ਬਦਲ ਗਈ ਹੈ। ਇਸੇ ਕਰਕੇ ਹੀ ਅੱਜ ਦੀ ਔਰਤ ਬੱਚੇ ਦਾ ਜਣੇਪਾ ਕਰਵਾਉਣ ਲਈ ਹਸਪਤਾਲ ਨੂੰ ਬਿਹਤਰ ਸਮਝਦੀ ਹੈ । ਅਜੋਕੇ ਸਮੇਂ ਵਿੱਚ ਪਿੰਡਾਂ ਵਿਚਲੀਆਂ ਦਾਈਆਂ ਵੀ ਸਿੱਖਿਆ ਪ੍ਰਾਪਤ ਕਰਕੇ ਜਣੇਪੇ ਨੂੰ ਆਧੁਨਿਕ ਢੰਗ ਤਰੀਕਿਆਂ ਨਾਲ ਕਰਵਾ ਰਹੀਆਂ ਹਨ। ਜਣੇਪੇ

ਦੀ ਰੀਤ ਵਿਚ ਹੋਏ ਬਦਲਾਵ ਬਾਰੇ ਪੁਸਤਕ 'ਬਦਲ ਗਿਆ ਮੇਰਾ ਪਿੰਡ' ਵਿਚੋਂ ਪਰਮਜੀਤ ਕੌਰ ਸਰਹਿੰਦ ਦੇ ਵਿਚਾਰ ਅਨੁਸਾਰ :

> ਕੁਝ ਸਮਾਂ ਪਾ ਕੇ ਪਿੰਡ ਦੀ ਦਾਈ ਸ਼ਹਿਰੋਂ ਸਿਖਲਾਈ ਵੀ ਲੈਣ ਲੱਗੀ। ਉਹ ਡਿਟੋਲ ਅਤੇ ਹੋਰ ਕੀਟਾਣੂਨਾਸ਼ਕ ਦਵਾਈਆਂ ਵਰਤਣ ਲਈ ਸਮਝਾਉਂਦੀ ਤੇ ਸ਼ਹਿਰ ਦੇ ਹਸਪਤਾਲਾਂ ਤੋਂ ਇੰਜੈਕਸ਼ਨ ਲਾਉਣਾ ਵੀ ਸਿੱਖ ਲੈਂਦੀ। ਅਜਿਹੀ ਦਾਈ ਦੀ ਬੜੀ ਪੁੱਛ ਹੁੰਦੀ। ਦੋ ਚਾਰ ਦਿਨਾਂ ਦੀ ਮਾਹਰ ਡਾਕਟਰ ਗਾਇਨੀ ਕੋਲੋਜਿਸਟ ਹੀ ਬਣ ਜਾਂਦੀ। (188)

ਬੱਚੇ ਦੀ ਜਨਮ ਤੋਂ ਬਾਅਦ ਉਸ ਨੂੰ ਪਹਿਲੀ ਖੁਰਾਕ ਜਿਸ ਨੂੰ ਕਿ ਗੁੜ੍ਹਤੀ ਕਿਹਾ ਜਾਂਦਾ ਹੈ। ਗੁੜ੍ਹਤੀ ਦੇਣ ਬਾਰੇ ਵੀ ਬਹੁਤ ਸਾਰੀਆਂ ਧਾਰਨਾਵਾਂ ਬਣੀਆਂ ਹੋਈਆਂ ਹਨ ਕਿ ਮਾਂ ਬਾਪ ਬੱਚੇ ਨੂੰ ਜਿਸ ਵਰਗਾ ਵੇਖਣਾ ਚਾਹੁੰਦੇ ਹੋਣ, ਉਸ ਕੋਲੋਂ ਹੀ ਗੁੜ੍ਹਤੀ ਦਿਵਾਈ ਜਾਵੇ। ਪੁਸਤਕ 'ਬਦਲ ਗਿਆ ਮੇਰਾ ਪਿੰਡ' ਵਿੱਚ ਇਸ ਬਾਰੇ ਪਰਮਜੀਤ ਕੌਰ ਸਰਹਿੰਦ ਦਾ ਵਿਚਾਰ ਹੈ :

> ਇਹ ਨਿਰੋਲ ਵਹਿਮ ਹੀ ਹੁੰਦਾ ਹੈ। ਕਦੇ ਕੁਦਰਤੀ ਭਾਵੇਂ ਕਿਸੇ ਦਾ ਸੁਭਾਅ ਕਿਸੇ ਵਰਗਾ ਹੋ ਗਿਆ ਹੋਵੇ। ਇੱਥੇ ਇਹ ਗੱਲ ਅਰਥ ਰੱਖਦੀ ਹੈ ਕਿ ਚੰਗੇ ਸੁਭਾਅ ਵਾਲੇ ਦਾ ਮਾਣ ਕੀਤਾ ਜਾਂਦਾ ਹੈ, ਕਿਸੇ ਤੀਜੇ ਨਾਲ ਵੀ ਨੇੜਤਾ ਪਾਲੀ ਜਾਂਦੀ। ਅੱਜ ਤਾਂ ਮੀਆਂ ਬੀਬੀ ਆਪ ਹੀ ਸਭ ਕੰਮ ਕਰ ਲੈਂਦੇ। ਥੋੜ੍ਹਾ ਕੀਤਿਆਂ ਕਿਸੇ ਨੂੰ ਕੋਈ ਚੰਗਾ ਹੀ ਨਾ ਸਮਝਦਾ। ਅੱਜ ਵਿਗਿਆਨਕ ਯੁੱਗ ਵਿੱਚ ਗੁੜ੍ਹਤੀ ਦੇਣ ਤੋਂ ਡਾਕਟਰ ਰੋਕਦੇ ਵੀ ਹਨ, ਕਿਉਂਕਿ ਹਰ ਚੀਜ਼ ਵਿੱਚ ਮਿਲਾਵਟ ਹੈ ਤੇ ਬੱਚੇ ਲਈ ਨੁਕਸਾਨਦਾਇਕ ਹੋ ਸਕਦੀ ਹੈ। ਉਹ ਸ਼ਹਿਦ ਸ਼ੁੱਧ ਹੁੰਦੇ ਸਨ ਗੁੜ੍ਹਤੀ ਦੇਣ ਵਾਲੇ ਤੇ ਦਿਵਾਉਣ ਵਾਲਿਆਂ ਦੇ ਮਨਾਂ ਵਰਗੇ। (189)

ਪੁਸਤਕ ਦਾ ਅਧਿਐਨ ਕੀਤਿਆਂ ਪਤਾ ਚਲਦਾ ਹੈ ਕਿ ਅੱਜ ਤਾਂ ਬੱਚੇ ਨੂੰ ਉਸੇ ਸਮੇਂ ਮਾਂ ਦਾ ਦੁੱਧ ਪਿਲਾਇਆ ਜਾਂ ਚੁੰਘਾਇਆ ਜਾਂਦਾ ਹੈ, ਕਿਉਂਕਿ ਇਹ ਦੁੱਧ ਆਪਣੇ ਆਪ ਵਿੱਚ ਬਹੁਤ ਵਧੀਆ ਤੇ ਪੌਸ਼ਟਿਕ ਖੁਰਾਕ ਹੁੰਦੀ ਹੈ। ਇਸ ਵਿੱਚ ਬਿਮਾਰੀਆਂ ਨਾਲ ਲੜਨ ਦੀ ਤਾਕਤ ਹੁੰਦੀ ਹੈ। ਸੋ ਡਾਕਟਰ ਮਾਂ ਦਾ ਦੁੱਧ ਹੀ ਬੱਚੇ

ਨੂੰ ਦੇਣ ਦੀ ਹਦਾਇਤ ਕਰਦੇ ਹਨ। ਪੁਰਾਣੇ ਸਮਿਆਂ ਵਿੱਚ ਇਹ ਨਹੀਂ ਸੀ ਹੁੰਦਾ। ਸਗੋਂ ਪਹਿਲਾਂ ਇਕ ਦੋ ਦਿਨ ਮਾਂ ਦੀ ਛਾਤੀ ਚੋਂ ਦੁੱਧ ਕੱਢ ਕੇ ਕੱਚੇ ਥਾਂ ਮਿੱਟੀ ਵਿਚ ਡੋਲ੍ਹਿਆ ਜਾਂਦਾ ਸੀ। ਇਸ ਦੁੱਧ ਨੂੰ ਪੀਲੇਪਣ ਤੇ ਗਾੜ੍ਹਾ ਹੋਣ ਕਾਰਨ ਰੱਦ ਕੀਤਾ ਜਾਂਦਾ। ਪਹਿਲੇ ਸਮਿਆਂ ਦੀ ਤਰ੍ਹਾਂ ਬੱਚੇ ਨੂੰ ਦੁੱਧ ਜਾਂ ਹੋਰ ਖ਼ੁਰਾਕ ਰੂੰ ਦੀ ਬੱਤੀ ਨਾਲ ਨਹੀਂ ਸਗੋਂ, ਹੋਰ ਤੌਰ ਤਰੀਕਿਆਂ ਦੇ ਨਾਲ ਦਿੱਤੀ ਜਾਂਦੀ ਹੈ। ਇਸ ਦੀ ਰੀਤ ਵਿਚ ਹੋਏ ਬਦਲਾਵ ਬਾਰੇ ਪੁਸਤਕ 'ਬਦਲ ਗਿਆ ਮੇਰਾ ਪਿੰਡ' ਵਿਚੋਂ ਪਰਮਜੀਤ ਕੌਰ ਸਰਹਿੰਦ ਦੇ ਵਿਚਾਰ ਅਨੁਸਾਰ :

> ਅੱਜ ਨਵ ਜੰਮੇ ਬੱਚੇ ਨੂੰ ਦੁੱਧ ਪਤਲਾ ਕਰਕੇ ਰੂੰ ਦੀ ਬੱਤੀ ਨਾਲ ਨਹੀਂ, ਡ੍ਰਾਪਰ ਨਾਲ ਪਿਲਾਇਆ ਜਾਂਦਾ ਹੈ। ਪਰ ਸਮਝਦਾਰ ਮਾਵਾਂ ਬੱਚੇ ਨੂੰ ਆਪਣਾ ਦੁੱਧ ਪਿਆਉਣ ਦੀ ਮਹੱਤਤਾ ਸਮਝਦੀਆਂ ਹਨ। ਜਦੋਂ ਕਿ ਕੁਝ ਮਾਵਾਂ ਬੱਚੇ ਦੀ ਸਿਹਤ ਦੀ ਪਰਵਾਹ ਨਹੀਂ ਕਰਦੀਆਂ। ਉਹ ਆਪਣੀ ਦਿੱਖ ਦਾ ਜ਼ਿਆਦਾ ਫਿਕਰ ਕਰਦੀਆਂ ਹਨ ਤੇ ਡਾਕਟਰ ਦੇ ਕਹਿਣ ਦੇ ਬਾਵਜੂਦ ਵੀ ਉਸ ਨੂੰ ਗਾਂ ਮੱਝ ਦਾ ਜਾਂ ਡੱਬੇ ਬੰਦ ਦੁੱਧ ਪਿਆਉਂਦੀਆਂ ਹਨ। (190)

ਬੱਚੇ ਦੇ ਜਨਮ ਤੋਂ ਲੈ ਕੇ ਚਾਲੀ ਦਿਨਾਂ ਦੇ ਅਰਸੇ ਜਿਸ ਨੂੰ ਸ਼ਿਲਾ ਜਾਂ ਸੂਤਕ ਕਿਹਾ ਜਾਂਦਾ ਹੈ। ਪਿਛਲੇ ਸਮੇਂ ਤਾਂ ਸ਼ਿਲੇ ਦੇ ਦਿਨਾਂ ਵਿਚ ਜੱਚਾ ਅਤੇ ਬੱਚਾ ਨੂੰ ਪਿੰਡ ਦੀ ਜੂਹ ਤੋਂ ਬਾਹਰ ਨਹੀਂ ਸੀ ਕੱਢਿਆ ਜਾਂਦਾ। ਇਸ ਨਾਲ ਅਨੇਕਾਂ ਹੀ ਵਿਚਾਰਾਂ ਜੁੜੀਆਂ ਹੋਈਆਂ ਸਨ। ਸ਼ਿਲੇ ਵਾਲੇ ਕਮਰੇ ਵਿੱਚ ਹੋਰ ਕਿਸੇ ਨੂੰ ਨਾ ਆਉਣ ਦਿੱਤਾ ਜਾਂਦਾ, ਸਿਰਫ਼ ਘਰ ਦੀ ਸੁਆਣੀ ਜਾਂ ਹੋਰ ਸਿਆਣੀ ਔਰਤ ਨੂੰ ਹੀ ਇੱਥੇ ਆਉਣ ਜਾਣ ਦੀ ਖੁੱਲ੍ਹ ਹੁੰਦੀ ਸੀ। ਸ਼ਿਲੇ ਵਾਲੇ ਕਮਰੇ ਦੇ ਕਿਸੇ ਕੋਨੇ ਵਿੱਚ, ਜਿੱਥੇ ਬੱਚਾ ਅਤੇ ਜੱਚਾ ਹੁੰਦਾ ਉੱਥੇ ਕੁਝ ਵਸਤੂਆਂ ਉਚੇਚੇ ਤੌਰ ਤੇ ਰੱਖੀਆਂ ਜਾਂਦੀਆਂ। ਜਿਨ੍ਹਾਂ ਵਿੱਚ ਲੋਹਾ, ਅਨਾਜ ਅਤੇ ਪਾਣੀ ਆਦਿ ਪਾ ਕੇ ਰੱਖਿਆ ਜਾਂਦਾ। ਇਹ ਸਭ ਰੂਹਾਂ ਬਦਰੂਹਾਂ ਤੂੰ ਸੁਰੱਖਿਆ ਦਾ ਪ੍ਰਤੀਕ ਸਮਝੇ ਜਾਂਦੇ ਸਨ। ਅਜੋਕਾ ਦੌਰ ਵਿਗਿਆਨ ਦਾ ਦੌਰ ਹੈ ਹਰ ਕੰਮ ਨੂੰ ਵਿਗਿਆਨਕ ਢੰਗ ਤਰੀਕੇ ਨਾਲ ਕੀਤਾ ਜਾਂਦਾ ਹੈ। ਇਸ ਰੀਤ ਵਿਚ ਹੋਏ ਬਦਲਾਵ ਬਾਰੇ ਪੁਸਤਕ 'ਬਦਲ ਗਿਆ ਮੇਰਾ ਪਿੰਡ' ਵਿਚੋਂ ਪਰਮਜੀਤ ਕੌਰ ਸਰਹਿੰਦ ਦੇ ਵਿਚਾਰ ਅਨੁਸਾਰ:

> ਅੱਜ ਜਦੋਂ ਬੱਚੇ ਦਾ ਜਨਮ ਹੀ ਘਰੋਂ ਬਾਹਰ ਹਸਪਤਾਲ ਵਿੱਚ ਹੁੰਦਾ ਹੈ, ਇਸ ਗੱਲ ਦਾ ਕੋਈ ਅਰਥ ਹੀ ਨਹੀਂ ਰਹਿ ਜਾਂਦਾ। ਮਹੀਨੇ ਮਹੀਨੇ ਜਾਂ ਘੱਟ ਵੱਧ ਸਮੇਂ ਦੇ ਫ਼ਰਕ ਨਾਲ ਬੱਚੇ ਨੂੰ ਕਈ ਤਰ੍ਹਾਂ ਦੇ ਟੀਕੇ ਲਗਵਾਏ ਜਾਂਦੇ ਹਨ। ਦਵਾਈਆਂ ਪਿਆਈਆਂ ਜਾਂਦੀਆਂ ਹਨ। ਸੋ ਮਾਂ ਤੇ ਬੱਚੇ ਨੂੰ ਬਾਹਰ ਜਾਣਾ ਹੀ ਪੈਂਦਾ ਹੈ। ਉਹ ਵਹਿਮਾਂ ਭਰਮਾਂ ਤੇ ਅਨਪੜ੍ਹਤਾ ਵਾਲੇ ਸਮੇਂ ਸਨ। ਅੱਜ ਜਾਗਰੂਕਤਾ ਦਾ ਯੁੱਗ ਹੈ।(192)

'ਬਦਲ ਗਿਆ ਮੇਰਾ ਪਿੰਡ' ਪੁਸਤਕ ਦਾ ਅਧਿਐਨ ਕੀਤਿਆਂ ਪਤਾ ਚਲਦਾ ਹੈ ਕਿ ਬੱਚੇ ਦੇ ਜਨਮ ਤੋਂ ਕਾਫੀ ਦਿਨਾਂ ਤਕ ਜਨਨੀ ਨੂੰ ਨੁਹਾਇਆ ਨਹੀਂ ਸੀ ਜਾਂਦਾ। ਗਰਮੀ ਦੇ ਮੌਸਮ ਵਿੱਚ ਵੀ ਪਾਣੀ ਨੂੰ ਕੋਸਾ ਕਰ ਕੇ ਹੱਥ ਨੂੰ ਧੁਆ ਦਿੱਤਾ ਜਾਂਦਾ ਤੇ ਗਿੱਲਾ ਕੱਪੜਾ ਕਰਕੇ ਉਸ ਦਾ ਪਿੰਡਾ ਸਾਫ ਕਰ ਦਿੱਤਾ ਜਾਂਦਾ। ਫਿਰ ਕਾਫੀ ਦਿਨਾਂ ਬਾਅਦ ਬੱਚੇ ਅਤੇ ਮਾਂ ਨੂੰ ਉਸ ਹੀ ਕਮਰੇ ਵਿਚ ਨੁਹਾ ਦਿੱਤਾ ਜਾਂਦਾ, ਜਿੱਥੇ ਬੱਚੇ ਦਾ ਜਨਮ ਹੋਇਆ ਹੁੰਦਾ। ਪਰ ਅਜੋਕੇ ਦੌਰ ਵਿੱਚ ਸਭ ਕੁਝ ਡਾਕਟਰਾਂ ਦੀ ਦੇਖ ਰੇਖ ਵਿੱਚ ਹੁੰਦਾ ਹੈ। ਇਹੋ ਜਿਹੀਆਂ ਪਾਬੰਦੀਆਂ ਹੁਣ ਨਹੀਂ ਰਹੀਆਂ ਜਿਹਦੇ ਵਿਚ ਜੱਚੇ ਅਤੇ ਬੱਚੇ ਦੀ ਸਿਹਤ ਦਾ ਧਿਆਨ ਨਾ ਰੱਖਿਆ ਜਾਵੇ। ਦੋਹਾਂ ਦੀ ਸਾਫ਼ ਸਫ਼ਾਈ ਅਤੇ ਖੁੱਲ੍ਹੀ ਹਵਾ ਦਾ ਪ੍ਰਬੰਧ ਕੀਤਾ ਜਾਂਦਾ ਹੈ। ਇਸਦੀ ਰੀਤ ਵਿਚ ਹੋਏ ਬਦਲਾਵ ਬਾਰੇ ਪੁਸਤਕ 'ਬਦਲ ਗਿਆ ਮੇਰਾ ਪਿੰਡ' ਵਿਚੋਂ ਪਰਮਜੀਤ ਕੌਰ ਸਰਹਿੰਦ ਦੇ ਵਿਚਾਰ ਅਨੁਸਾਰ :

> ਅੱਜ ਡਾਕਟਰਾਂ ਦੀ ਦੇਖ ਰੇਖ ਵਿਚ ਹੁੰਦੇ ਸ਼ਿਲਿਆਂ ਲਈ ਅਜਿਹੀ ਕੋਈ ਪਾਬੰਦੀ ਨਹੀਂ ਹੈ। ਤੇਜ਼ ਰਫ਼ਤਾਰ ਯੁੱਗ ਵਿੱਚ ਇਹ ਸਭ ਕੁਝ ਕਿੱਥੇ ਵਾਰਾ ਖਾਂਦਾ ਹੈ। ਬੱਚੇ ਦੇ ਜਨਮ ਤੋਂ ਬਾਰਾਂ ਚੌਦਾਂ ਘੰਟਿਆਂ ਬਾਅਦ ਔਰਤ ਨਹਾ ਵੀ ਲੈਂਦੀ ਹੈ। ਦੰਦ ਵੀ ਸਾਫ ਕਰਦੀ ਹੈ। ਕਮਜ਼ੋਰੀ ਦੀ ਹਾਲਤ ਵਿਚ ਉਸ ਨੂੰ ਕਈ ਵਾਰ ਡਾਕਟਰ ਇਕ ਦੋ ਦਿਨਾਂ ਬਾਅਦ ਨਹਾਉਣ ਦੀ ਸਲਾਹ ਵੀ ਦੇਂਦੇ ਹਨ। ਆਮ ਇਹੋ ਹੀ ਹੈ ਕਿ ਜਿੰਨਾ ਜਲਦੀ ਆਮ ਦੀ ਤਰ੍ਹਾਂ ਵਿਚਰੋਗੇ ਠੀਕ ਹੈ। ਵੱਡੇ ਓਪਰੇਸ਼ਨ (ਸਜੇਰੀਅਨ) ਵਾਲੀ ਕੇਸਾਂ ਵਿਚ ਜ਼ਰੂਰ ਕਾਫੀ ਸਾਵਧਾਨੀ ਵਰਤੀ ਜਾਂਦੀ ਹੈ, ਨਹੀਂ ਤਾਂ ਹਫ਼ਤੇ ਦਸ ਦਿਨ ਬਾਅਦ ਬੱਚੇ ਦੀ ਮਾਂ ਬਾਹਰ ਅੰਦਰ ਤੁਰੀ ਫਿਰਦੀ ਹੈ। (195)

ਅਜੋਕੇ ਸਮੇਂ ਵਿੱਚ ਬੱਚਿਆਂ ਦਾ ਜਨਮ ਹਸਪਤਾਲਾਂ ਵਿੱਚ ਹੁੰਦਾ ਹੈ, ਘਰ ਦੀ ਕਿਸੇ ਨੁੱਕਰੇ ਜਾਂ ਹਨੇਰੇ ਕਮਰੇ ਵਿੱਚ ਨਹੀਂ। ਪੇਂਡੂ ਲੋਕ ਤੇ ਔਰਤ ਵੀ ਜਾਗਰੂਕ ਹੋ ਚੁੱਕੇ ਹਨ । ਅਜੋਕੀ ਪੀੜ੍ਹੀ ਹਰ ਕੰਮ ਨੂੰ ਵਿਗਿਆਨਕ ਢੰਗ ਨਾਲ ਕਰਨ ਨੂੰ ਤਰਜੀਹ ਦੇ ਰਹੀ ਹੈ। ਬੱਚੇ ਦੇ ਜਨਮ ਤੋਂ ਕੁਝ ਦਿਨਾਂ ਬਾਅਦ ਬੱਚੇ ਦੀ ਮਾਂ ਨੂੰ ਜੋ ਵਿਸ਼ੇਸ਼ ਖ਼ੁਰਾਕ ਦਿੱਤੀ ਜਾਂਦੀ ਹੈ ਉਸ ਨੂੰ ਪੰਜੀਰੀ ਕਿਹਾ ਜਾਂਦਾ ਹੈ। ਜਿਸ ਨੂੰ ਸੁੱਕੇ ਮੇਵਿਆਂ ਅਤੇ ਦੇਸੀ ਘਿਉ ਦੇ ਮਿਸ਼ਰਣ ਨਾਲ ਬਣਾਇਆ ਜਾਂਦਾ ਹੈ । ਜੇਕਰ ਬੱਚੇ ਦਾ ਜਨਮ ਨਾਨਕੇ ਘਰ ਹੋਇਆ ਹੋਵੇ, ਤਾਂ ਇਹ ਪੰਜੀਰੀ ਦਾਦਕੇ ਬਣਾ ਕੇ ਭੇਜਦੇ ਹਨ ਤੇ ਜੇ ਜਨਮ ਦਾਦਕੇ ਪਿੰਡ ਹੀ ਹੋਇਆ ਹੋਵੇ, ਤਾਂ ਨਾਨਕੇ ਬਣਾ ਕੇ ਭੇਜਦੇ ਹਨ। ਅਜੋਕੇ ਦੌਰ ਵਿੱਚ ਇਹ ਵੇਖਣ ਵਿੱਚ ਆ ਰਿਹਾ ਹੈ ਕਿ ਇਸ ਤਰ੍ਹਾਂ ਦੀਆਂ ਮੋਟੀਆਂ ਖਾਧ ਖੁਰਾਕਾਂ ਨਵੀਂ ਪੀੜ੍ਹੀ ਪਸੰਦ ਨਹੀਂ ਕਰ ਰਹੀ। ਪੰਜੀਰੀ ਨਾਲ ਸਬੰਧਿਤ ਇਸ ਰੀਤ ਵਿਚ ਹੋਏ ਬਦਲਾਵ ਬਾਰੇ ਪੁਸਤਕ 'ਬਦਲ ਗਿਆ ਮੇਰਾ ਪਿੰਡ' ਵਿਚੋਂ ਪਰਮਜੀਤ ਕੌਰ ਸਰਹਿੰਦ ਦੇ ਵਿਚਾਰ ਅਨੁਸਾਰ :

> ਅੱਜ ਕੱਲ੍ਹ ਪੰਜੀਰੀ ਬਹੁਤ ਘੱਟ ਖਾਧੀ ਜਾਂਦੀ ਹੈ। ਕਈ ਪੇਕੇ ਸਹੁਰੇ ਤਾਂ ਘਿਓ ਹੀ ਦੇ ਦਿੰਦੇ ਹਨ ਤਾਂ ਜੋ ਜੱਚਾ ਚਾਹੇ ਪੰਜੀਰੀ ਬਣਾ ਲਵੇ, ਨਾ ਚਾਹੇ ਘਿਓ ਵਰਤ ਲਵੇ। ਉਹ ਤਰਦੇ ਘਿਓ ਵਾਲੀਆਂ ਪੰਜੀਰੀਆਂ ਉਹ ਹੀ ਹਜ਼ਮ ਕਰ ਸਕਦੀਆਂ ਹਨ, ਜਿਹੜੀਆਂ ਸਾਰੇ ਕੰਮ ਹੱਥੀਂ ਕਰਦੀਆਂ ਸਨ॥ ਬਹੁਕਰ ਬੁਹਾਰੀਆਂ ਦੇਣੀਆਂ, ਨਲਕਾ ਗੇੜ ਗੇੜ ਪਾਣੀ ਕੱਢਣਾ, ਢੇਰਾਂ ਦੇ ਢੇਰ ਕੱਪੜੇ ਹੱਥੀਂ ਧੋਣੇ ਤੇ ਘਰ ਦੇ ਕੰਮਾਂ ਤੋਂ ਇਲਾਵਾ ਡੰਗਰ ਪਸ਼ੂ ਵੀ ਸਾਂਭਣੇ। ਉਹ ਅਜਿਹੀ ਪੰਜੀਰੀ ਖਾ ਕੇ ਛਮਕ ਵਰਗੀਆਂ ਰਹਿੰਦੀਆਂ। ਪਰ ਸਭ ਗੱਲਾਂ ਇੱਕ ਪਾਸੇ ਛੱਡਦੇ ਹੋਏ ਇਕ ਗੱਲ ਜ਼ਰੂਰ ਚੰਗੀ ਸੀ ਕਿ ਅਪਣੱਤ ਤੇ ਸਾਂਝ ਜ਼ਰੂਰ ਵੱਧਦੀ, ਰਲ ਮਿਲ ਕੇ ਪੰਜੀਰੀ ਬਣਾਉਣੀ ਤੇ ਵੰਡਣੀ ਭਾਈਚਾਰਕ ਸਾਂਝ ਦਾ ਨਮੂਨਾ ਸੀ, ਜੋ ਅੱਜ ਖਤਮ ਹੋ ਰਿਹਾ ਹੈ। (202)

ਪੁਸਤਕ ਦਾ ਅਧਿਐਨ ਕੀਤਿਆਂ ਪਤਾ ਚਲਦਾ ਹੈ ਕਿ ਵਿਸ਼ਵੀਕਰਨ ਦੇ ਦੌਰ ਤੋਂ ਪਹਿਲੇ ਸਮੇਂ ਵਿੱਚ ਮੁੰਡੇ ਦੇ ਜਨਮ ਦੀ ਖ਼ਬਰ ਦੇਣ ਲਈ ਭੇਲੀ ਭੇਜਣ ਦਾ ਰਿਵਾਜ ਪ੍ਰਚੱਲਿਤ ਰਿਹਾ ਹੈ। ਜੇ ਬੱਚਾ ਦਾਦਕੇ ਘਰ ਜਨਮ ਲੈਂਦਾ, ਤਾਂ ਭੇਲੀ ਨਾਨਕੇ ਭੇਜੀ ਜਾਂਦੀ। ਬੇਸ਼ੱਕ ਬੱਚਾ ਹੋਣ ਦੀ ਖਬਰ ਉਨ੍ਹਾਂ ਜ਼ਮਾਨਿਆਂ ਵਿੱਚ ਚਿੱਠੀ ਜਾਂ ਤਾਰ

ਰਾਹੀਂ ਦੇ ਦਿੱਤੀ ਜਾਂਦੀ, ਪਰ ਭੇਲੀ ਜਰੂਰ ਭੇਜੀ ਜਾਂਦੀ। ਭੇਲੀ ਗੁੜ ਦੇ ਵੱਡੇ ਸਾਰੇ ਢੇਲੇ ਨੂੰ ਕਿਹਾ ਜਾਂਦਾ। ਭੇਲੀ ਭੇਜਣ ਲਈ ਕੋਈ ਚੰਗਾ ਦਿਨ ਤਿੱਥ ਦੇਖ ਕੇ ਲਾਗੀ ਜਾਂ ਪਿੰਡ ਦੇ ਝਿਊਰ ਨਾਈ ਨੂੰ ਭੇਜਿਆ ਜਾਂਦਾ। ਬੱਚੇ ਦੇ ਨਾਨਕੇ ਜਾਂ ਦਾਦਕੇ ਜਿਸ ਘਰ ਭੇਲੀ ਜਾਣੀ ਹੁੰਦੀ ਬੜੇ ਚਾਅ ਨਾਲ ਭੇਲੀ ਉਡੀਕਦੇ। ਲਾਗੀ ਲਈ ਵਿਸ਼ੇਸ਼ ਤੌਰ ਤੇ ਪਕਵਾਨ ਤਿਆਰ ਕੀਤੇ ਜਾਂਦੇ। ਬੇਸ਼ੱਕ ਇਹ ਗੁਜ਼ਰੇ ਜ਼ਮਾਨੇ ਦੀਆਂ ਗੱਲਾਂ ਹਨ ਪਰ ਅੱਜ ਵੀ ਕਈ ਘਰ ਪਰਿਵਾਰਾਂ ਵਿਚ ਇਹ ਸੋਹਣੇ ਰਿਵਾਜ ਪ੍ਰਚੱਲਤ ਹਨ। ਭੇਲੀ ਵੀ ਦਿੱਤੀ ਜਾਂਦੀ ਹੈ ਤੇ ਪੰਜੀਰੀ ਵੀ ਆਉਂਦੀ ਹੈ ਭਾਵੇਂ ਬੱਚਾ ਹਸਪਤਾਲ ਵਿੱਚ ਹੀ ਜਨਮਦਾ ਹੈ। ਭੇਲੀ ਭੇਜਣ ਦਾ ਰਿਵਾਜ ਹੁਣ ਬਦਲਵੇਂ ਰੂਪ ਵਿੱਚ ਲੱਡੂਆਂ ਤੇ ਹੋਰ ਕੀਮਤੀ ਮਿਠਾਈਆਂ ਵਿੱਚ ਬਦਲ ਚੁੱਕਾ ਹੈ। ਪੰਜ ਸੱਤ ਡੱਬੇ ਲੱਡੂਆਂ ਦੀ ਬਾਜ਼ਾਰੋਂ ਹੀ ਪੈਕ ਕਰਵਾ ਕੇ ਫੜਾ ਦਿੱਤੇ ਜਾਂਦੇ ਹਨ, ਤੇ ਘਰ ਦਾ ਕੋਈ ਜੀਅ ਫੋਨ ਕਰਕੇ ਛੁੱਟੀ ਵਾਲੇ ਦਿਨ ਇਹ ਕੰਮ ਨਿਬੇੜ ਆਉਂਦਾ ਹੈ। ਇਸ ਦੀ ਰੀਤ ਵਿਚ ਹੋਏ ਬਦਲਾਵ ਬਾਰੇ ਪੁਸਤਕ 'ਬਦਲ ਗਿਆ ਮੇਰਾ ਪਿੰਡ' ਵਿਚੋਂ  ਪਰਮਜੀਤ ਕੌਰ ਸਰਹਿੰਦ ਦੇ ਵਿਚਾਰ ਅਨੁਸਾਰ :

> ਪਿੰਡਾਂ ਵਿੱਚ ਤਾਂ ਦੋ ਚਾਰ ਘਰੀਂ ਇਹ ਵੰਡ ਦਿੱਤੇ ਜਾਂਦੇ ਹਨ, ਪਰ ਸ਼ਹਿਰੀ ਘਰਾਂ ਵਿੱਚ ਭੇਲੀ ਦੇ ਲੱਡੂ ਨੌਕਰ ਨੌਕਰਾਣੀਆਂ ਤੇ ਮਾਲੀਆਂ ਦੇ ਕੰਮ ਹੀ ਆਉਂਦੇ ਹਨ। ਵੰਡਣ ਵੰਡਾਉਣ ਲਈ ਨਾ ਸਾਂਝਾਂ ਹਨ ਨਾ ਸਮਾਂ ਹੈ। ਭੇਲੀ ਹੁਣ ਸਿਮਟ ਕੇ ਇੱਕ ਰੋੜੀ ਗੁੜ ਦੀ ਬਣ ਕੇ ਰਹਿ ਗਈ ਹੈ। ਲੱਡੂਆਂ ਵਾਲੇ ਡੱਬੇ ਵਿੱਚ ਹੀ ਖੰਮ੍ਹਣੀ ਦੇ ਨਾਲ ਗੁੜ ਦੀ ਨਿੱਕੀ ਜਿਹੀ ਰੋੜੀ ਰੱਖ ਦਿੱਤੀ ਜਾਂਦੀ ਹੈ। ਇਹ ਭੇਲੀ ਸਿਮਟ ਕੇ ਇੱਥੇ ਤਕ ਆ ਗਈ ਹੈ ਕਿ ਰਿਸ਼ਤੇਦਾਰ ਆਪ ਹੀ ਇੱਕ ਦੂਜੇ ਨੂੰ ਮਠਿਆਈ ਦੇ ਆਉਂਦੇ ਹਨ, ਇਹ ਭੇਲੀ ਬਣ ਜਾਂਦੀ ਹੈ। ਗੁੜ ਤੇ ਲੱਡੂਆਂ ਜਾਂ ਪਤਾਸਿਆਂ ਨੂੰ ਕੌਣ ਪਸੰਦ ਕਰਦਾ ਹੈ। ਇਹ ਪੀਜ਼ੇ ਬਰਗਰਾਂ ਦਾ ਯੁੱਗ ਹੈ। (206)

'ਬਦਲ ਗਿਆ ਮੇਰਾ ਪਿੰਡ' ਪੁਸਤਕ ਵਿੱਚ ਜਨਮ ਤੇ ਰਸਮਾਂ ਰਿਵਾਜਾਂ ਦੇ ਪਿੱਛੋਂ ਵਿਆਹ ਨਾਲ ਸਬੰਧਿਤ ਰਸਮਾਂ ਰਿਵਾਜਾਂ ਦੇ ਵਿੱਚ ਹੋਏ ਬਦਲਾਅ ਬਾਰੇ ਵੀ ਚਰਚਾ ਕੀਤੀ ਹੈ । ਲੇਖਿਕਾ ਅਨੁਸਾਰ ਸਾਡੇ

ਪੁਰਾਤਨ ਸੱਭਿਆਚਾਰ ਦੇ ਰੀਤੀ ਰਿਵਾਜਾਂ ਵਿੱਚ ਕੁਝ ਅਜਿਹੀਆਂ ਕੀਮਤੀ ਮੋਤੀਆਂ ਵਰਗੀਆਂ ਯਾਦਾਂ ਹਨ, ਜਿਨ੍ਹਾਂ ਨੂੰ ਸਾਡੀ ਨਵੀਂ ਪੀੜ੍ਹੀ ਜਾਣਦੀ ਹੀ ਨਹੀਂ। ਅਸੀਂ ਵੀ ਉਨ੍ਹਾਂ ਨੂੰ ਆਧੁਨਿਕ ਯੁੱਗ ਵਿਚ ਵਿਸਾਰਦੇ ਜਾ ਰਹੇ ਹਾਂ। ਅੱਜ ਦਾ ਯੁੱਗ ਚਮਕ ਦਮਕ, ਕਾਹਲ, ਦਿਖਾਵੇ, ਬੇਲੋੜੇ ਖਰਚ ਤੇ ਭੇਡ ਚਾਲ ਦਾ ਯੁੱਗ ਹੈ। ਅਜੇ ਤਿੰਨ ਚਾਰ ਦਹਾਕੇ ਪਹਿਲਾਂ ਹੀ ਸਾਦਗੀ ਪ੍ਰੇਮ ਪਿਆਰ ਤੇ ਸਾਂਝਾਂ ਦਾ ਜ਼ਮਾਨਾ ਸੀ। ਸਾਦੇ ਜਿਹੇ ਰੀਤੀ ਰਿਵਾਜ ਹੁੰਦੇ। ਧੀ ਭੈਣ ਨੇ ਚੌਦਾਂ ਪੰਦਰਾਂ ਸਾਲਾਂ ਦੀ ਹੋਣਾ ਤਾਂ ਪੰਜ ਸੱਤ ਜਮਾਤਾਂ ਪੜ੍ਹਾ ਕੇ ਜਾਂ ਵੱਧ ਤੋਂ ਵੱਧ ਦਸਵੀਂ ਕਰਾ ਕੇ ਮੁੰਡਾ ਲੱਭਣ ਲੱਗ ਜਾਣਾ। ਯੋਗ ਵਰ ਮਿਲਣਸਾਰ ਮੰਗਣਾ ਕਰਾ ਕੇ ਸਾਲ ਖੰਡ ਪਿੱਛੋਂ ਵਿਆਹ ਕਰ ਦੇਣਾ। ਧੀ ਤੇ ਅਜੋਕੇ ਦੌਰ ਵਾਂਗ ਰਿੰਗ ਸੈਰਾਮਨੀ ਤੇ ਰੋਕੇ ਠਾਕੇ ਤੇ ਲੱਖਾਂ ਰੁਪਏ ਨਹੀਂ ਸਨ ਖਰਚ ਹੁੰਦੇ ਹਨ। ਮੰਗਣੇ ਅਤੇ ਵਿਆਹ ਤਕ ਦੇ ਫ਼ਾਸਲੇ ਵਿਚ ਲੜਕੀ ਦੇ ਖਾਨਦਾਨ ਨੂੰ ਵੇਖ ਲਿਆ ਜਾਂਦਾ ਸੀ ਅਤੇ ਉਸ ਦੇ ਕੰਮਕਾਜ ਨੂੰ ਵੇਖ ਕੇ ਤਸੱਲੀ ਕਰ ਲਈ ਜਾਂਦੀ ਸੀ। ਰਿਸ਼ਤੇ ਨਾਤੇ ਤੈਅ ਕਰਨ ਲਈ ਅੱਜ ਦੇ ਦੌਰ ਵਾਂਗ ਮੈਰਿਜ ਬਿਊਰੋ ਜਾਂ ਪ੍ਰੋਫੈਸ਼ਨਲ ਵਿਚੋਲੇ ਨਹੀਂ ਸਨ ਹੁੰਦੇ। ਵਿਚੋਲੇ ਭਾਵ ਵਿਚਲਾ ਬੰਦਾ ਹੀ ਦੋਵੇਂ ਧਿਰਾਂ ਦੀ ਗੱਲਬਾਤ ਕਰਾਰ ਦਿੰਦਾ ਸੀ। ਘਰਾਂ ਦੇ ਖੁੱਲ੍ਹੇ ਵਿਹੜਿਆਂ ਵਿੱਚ ਹੀ ਮੰਗਣੇ ਵਿਆਹ ਦੀਆਂ ਗੱਲਾਂ ਕਰ ਲਈਆਂ ਜਾਂਦੀਆਂ ਸਨ। ਮੰਗਣੀ ਦੀ ਰਸਮ ਸੰਪੂਰਨ ਹੁੰਦਿਆਂ ਹੀ ਮਿੱਠੇ ਵਜੋਂ ਗੁੜ ਆਂਢ ਗੁਆਂਢ ਵਿੱਚ ਤੇ ਆਏ ਹੋਏ ਸੱਜਣ ਵੇਲੀਆਂ ਵਿੱਚ ਵੰਡ ਦਿੱਤਾ ਜਾਂਦਾ ਸੀ ।

ਪੁਸਤਕ ਦਾ ਅਧਿਐਨ ਕੀਤਿਆਂ ਪਤਾ ਚਲਦਾ ਹੈ ਕਿ ਅਜੋਕੇ ਸਮੇਂ ਵਿੱਚ ਮੰਗਣੀ ਕਰਨ ਦਾ ਢੰਗ ਤਰੀਕਾ ਬਦਲ ਚੁੱਕਿਆ ਹੈ। ਹੁਣ ਘਰ ਦੇ ਵਿਹੜੇ ਇਸ ਕੰਮ ਲਈ ਮੁਨਾਸਬ ਨਹੀਂ ਵੱਡੇ ਵੱਡੇ ਰੈਸਟੋਰੈਂਟ ਤੇ ਮੈਰਿਜ ਪੈਲੇਸ ਇਸ ਕੰਮ ਲਈ ਚੁਣੇ ਜਾਂਦੇ ਹਨ। ਬੇਲੋੜੇ ਖਰਚੇ ਅਤੇ ਲੋਕ ਦਿਖਾਵਾ ਆਮ ਬਣ ਗਏ ਹਨ। ਇਸ ਦੀ ਰਸਮ ਵਿਚ ਹੋਏ ਬਦਲਾਵ ਬਾਰੇ ਪੁਸਤਕ 'ਬਦਲ ਗਿਆ ਮੇਰਾ ਪਿੰਡ' ਵਿਚੋਂ ਪਰਮਜੀਤ ਕੌਰ ਸਰਹਿੰਦ ਦਾ ਵਿਚਾਰ ਹੈ :

> ਅੱਜ ਇਸ ਨਵ ਜੁੱਗ ਵਿਚ ਤਾਂ ਇਹ ਮੰਗਣੇ ਜਾਂ ਕੁੜਮਾਈ ਦੀ ਰਸਮ ਬਹੁਤ ਅਡੰਬਰ ਅਤੇ ਖਰਚੇ ਵਾਲੀ ਕੀਤੀ ਜਾਂਦੀ ਹੈ। ਬਹੁਤ ਘੱਟ ਸਮਝਦਾਰ ਲੋਕ ਹਨ ਜੋ ਇਸ ਵਾਧੂ ਦੀ ਦਿਖਾਵੇ ਦੀ ਮਾਰ ਝੱਲਦੇ ਸਮਾਂ ਅਤੇ ਪੈਸਾ ਬਰਬਾਦ ਨਹੀਂ ਕਰਦੇ। ਹੁਣ ਤਾਂ ਇੱਥੋਂ ਤੱਕ ਕੇ ਇਹ ਪਸਾਰਾ ਹੋ

> ਗਿਆ ਹੈ, ਪਹਿਲਾਂ ਕੁੜੀ ਦੇ ਘਰ ਪੰਜ ਦਸ ਜਣੇ ਆ ਜਾਂਦੇ ਹਨ, ਹਾਂ ਹੋਈ ਤਾਂ ਕੋਈ ਪੈਲੇਸ ਬੁੱਕ ਕੀਤਾ ਜਾਂਦਾ ਹੈ ਜਾਂ ਕੋਈ ਰੈਸਟੋਰੈਂਟ। ਉਥੇ ਸਾਰੀ ਵਿਆਹ ਵਰਗੀ ਤਿਆਰੀ ਹੁੰਦੀ ਹੈ। ਖਾਣ ਪੀਣ ਦੀ ਵੀ, ਸਜਾਵਟ ਦੀ ਵੀ ,ਰਾਜੇ ਮਹਾਰਾਜਿਆਂ ਵਰਗੇ ਸਿੰਘਾਸਨ, ਕੁਰਸੀਆਂ, ਸੋਫੇ ਮੰਚ ਤੇ ਸਜਾਏ ਜਾਂਦੇ ਹਨ ਤੇ ਫਿਲਮੀ ਹੀਰੋਇਨਾਂ ਵਾਂਗ ਲਹਿੰਗੇ ਭਾਰੀ ਸਾੜ੍ਹੀ ਜਾਂ ਕੀਮਤੀ ਸੂਟ ਪਾ ਕੇ ਧੀ ਭੈਣ ਆਉਂਦੀ ਹੈ ਤੇ ਕਾਕਾ ਜੀ ਵੀ ਪੂਰੀ ਟੌਹਰ ਨਾਲ ਪੁੱਜਦੇ ਹਨ। ਮੁੰਡੇ ਨੂੰ ਕੜੇ ਚੇਨ ਤੇ ਘੜੀ ਆਦਿ ਦਾ ਸ਼ਗਨ ਤਾਂ ਪਾਇਆ ਹੀ ਜਾਂਦਾ ਹੈ, ਨਾਲ ਲਿਫਾਫਾਬੰਦ ਨਕਦਨਾਮਾ ਘੱਟ ਤੋਂ ਘੱਟ ਗਿਆਰਾਂ ਸੌ ਅਤੇ ਅੱਗੇ ਹਜ਼ਾਰਾਂ, ਲੱਖਾਂ ਤਕ ਵੀ ਪੁੱਜ ਜਾਂਦਾ ਹੈ। ਜੋ ਦਿਖਾਵਾ ਕਿਸੇ ਮਜਬੂਰੀ ਜਾਂ ਵਿੱਤ ਮੁਤਾਬਿਕ ਵੀ ਹੁੰਦਾ ਹੈ। ਘੱਟੋ ਘੱਟ ਡੇਢ ਸੌ ਬੰਦੇ ਜ਼ਨਾਨੀਆਂ ਮੁੰਡੇ ਵਾਲੇ ਦੇ ਹੁੰਦੇ ਹਨ ਤੇ ਸ਼ਰਮੋ ਸ਼ਰਮੀ ਸੌ ਪੰਜਾਹ ਕੁੜੀ ਵਾਲਿਆਂ ਨੂੰ ਵੀ ਬੁਲਾਉਣੇ ਪੈਂਦੇ ਹਨ। (220)

ਇਨ੍ਹਾਂ ਬੇਲੋੜੇ ਵਿਖਾਵਿਆਂ ਨੇ ਸਾਡੇ ਸਮਾਜ ਨੂੰ ਨਿਘਾਰ ਵੱਲ ਧੱਕ ਦਿੱਤਾ ਹੈ। ਜਿਸ ਕੋਲ ਪੈਸਾ ਹੈ ਉਹ ਤਾਂ ਅਡੰਬਰ ਕਰੇ ਵੀ ਪਰ ਆਮ ਮੱਧ ਵਰਗੀ ਪਰਿਵਾਰ ਵੀ ਦੇਖਾ ਦੇਖੀ ਅੱਡੀਆਂ ਚੁੱਕ ਕੇ ਫਾਹਾ ਲੈਂਦਾ ਹੈ, ਤੇ ਫਿਰ ਕਈ ਵਾਰ ਕਰਜ਼ਿਆਂ ਦੇ ਧੱਬੇ ਜ਼ਮੀਨਾਂ ਵੇਚਦੇ ਅਜਿਹੀ ਨੌਬਤ ਪੁੱਜ ਜਾਂਦੀ ਹੈ ਕਿ ਖ਼ੁਦਕੁਸ਼ੀਆਂ ਤੱਕ ਕਰ ਲੈਂਦੇ ਹਨ।

ਮੰਗਣੀ ਦੀ ਰਸਮ ਤੋਂ ਪਿੱਛੋਂ ਜਦੋਂ ਵਿਆਹ ਦਾ ਦਿਨ ਨਿਸ਼ਚਿਤ ਕਰ ਲਿਆ ਜਾਂਦਾ ਹੈ, ਤਾਂ ਘਰ ਵਿੱਚ ਵਿਆਹ ਦੀਆਂ ਤਿਆਰੀਆਂ ਸ਼ੁਰੂ ਹੋ ਜਾਂਦੀਆਂ ਹਨ। ਸਾਹੇ ਦੀ ਭੇਜੀ ਜਾਂਦੀ ਚਿੱਠੀ ਅਜੋਕੇ ਦੌਰ ਵਿੱਚ ਆਧੁਨਿਕ ਸਾਧਨਾਂ ਵਿੱਚ ਤਬਦੀਲ ਹੋ ਗਈ ਹੈ। ਹੁਣ ਲੋਕ ਵਿਆਹ ਲਈ ਸੱਦਾ ਪੱਤਰ ਭੇਜਣ ਲਈ ਮਹਿੰਗੇ-ਮਹਿੰਗੇ ਕਾਰਡ ਅਤੇ ਫੋਨਾਂ ਰਾਹੀਂ ਸੰਦੇਸ਼ ਪਹੁੰਚਾਉਂਦੇ ਹਨ। ਮਹਿੰਗੇ ਭਾਅ ਦੀਆਂ ਮਠਿਆਈਆਂ ਦੇ ਡੱਬੇ ਅਤੇ ਹੋਰ ਬਹੁਤ ਕੁਝ ਨਾਲ ਭੇਜਿਆ ਜਾਂਦਾ ਹੈ। ਵਿਆਹ ਦਾ ਦਿਨ ਨਿਸ਼ਚਿਤ ਕਰਨ ਤੇ ਘਰ ਵਿੱਚ ਚੱਕੀਆਂ ਲਾਹੁਣ ਦੀ ਰਸਮ ਲਗਪਗ ਖ਼ਤਮ ਹੋ ਚੁੱਕੀ ਹੈ। ਮਸ਼ੀਨੀ ਯੁੱਗ ਆਉਣ ਕਾਰਨ ਹਰ ਕੰਮ ਤਿਆਰ ਕੀਤਾ ਕਰਾਇਆ ਬਾਜ਼ਾਰੋਂ ਮਿਲ

ਜਾਂਦਾ ਹੈ। ਚੱਕੀਆਂ ਲਾਉਣ ਦੀ ਰੀਤ ਵਿਚ ਹੋਏ ਬਦਲਾਵ ਬਾਰੇ ਪੁਸਤਕ 'ਬਦਲ ਗਿਆ ਮੇਰਾ ਪਿੰਡ' ਵਿਚੋਂ ਪਰਮਜੀਤ ਕੌਰ ਸਰਹਿੰਦ ਦੇ ਵਿਚਾਰ ਅਨੁਸਾਰ :

> ਅੱਜ ਇਸ ਮਸ਼ੀਨੀ ਯੁੱਗ ਵਿਚ ਪੀਹਣ ,ਛੱਟਣ, ਆਟਾ ਛਾਨਣ ਤੇ ਦਾਲਾਂ ਚੌਲ ਚੁਗਣ ਤਕ ਦੇ ਕੰਮ ਮਸ਼ੀਨਾਂ ਨੇ ਮੁਕਾ ਦਿੱਤੇ ਹਨ। ਪੀਸੇ ਹੋਏ ਲੂਣ ਤੇ ਮਸਾਲੇ ਥਾਂ-ਥਾਂ ਮਿਲਦੇ ਹਨ। ਇਨ੍ਹਾਂ ਮਸ਼ੀਨਾਂ ਦੀ ਬਦੌਲਤ ਰਲ ਮਿਲ ਬੈਠਣ ਦੇ ਬਹਾਨੇ ਮੁੱਕ ਗਏ ਹਨ। ਸ਼ਰੀਕੇ ਭਾਈਚਾਰੇ ਦੀਆਂ ਸਾਂਝਾਂ ਖ਼ਤਮ ਹੁੰਦੀਆਂ ਜਾ ਰਹੀਆਂ ਹਨ। ਬਹੁਤ ਨੇੜਲੇ ਰਿਸ਼ਤੇ ਵੀ ਦਿਲਾਂ ਦੀਆਂ ਦੂਰੀਆਂ ਬਣਾਈ ਰੱਖਦੇ ਹਨ। ਸਾਡੇ ਵਿਰਸੇ ਵਿਚੋਂ ਮੁੱਕਦੀਆਂ ਜਾ ਰਹੀਆਂ ਇਨ੍ਹਾਂ ਰਸਮਾਂ ਨਾਲ ਆਪਸੀ ਮੋਹ ਮੁਹੱਬਤਾਂ ਵੀ ਮੁੱਕਦੀਆਂ ਜਾ ਰਹੀਆਂ ਹਨ । ਵਿਗਿਆਨਕ ਯੁੱਗ ਵਿੱਚ ਮਸ਼ੀਨੀ ਸਹੂਲਤਾਂ ਲੈਣੀਆਂ ਮਾੜੀ ਗੱਲ ਨਹੀਂ ਪਰ ਕਿੰਨਾ ਚੰਗਾ ਹੋਵੇ ਜੇ ਪੁਰਾਣੇ ਤੇ ਵਿਰਾਸਤੀ ਰੀਤੀ ਰਿਵਾਜਾਂ ਵਿੱਚੋਂ ਚੰਗੀਆਂ ਰਸਮਾਂ ਦਾ ਲੜ ਵੀ ਅਸੀਂ ਫੜ ਰੱਖੀਏ। (228)

'ਬਦਲ ਗਿਆ ਮੇਰਾ ਪਿੰਡ' ਪੁਸਤਕ ਦਾ ਅਧਿਐਨ ਕੀਤਿਆਂ ਪਤਾ ਚਲਦਾ ਹੈ ਕਿ ਵਿਆਹ ਦੀਆਂ ਰਸਮਾਂ ਵਿਚ ਗੀਤ ਬਿਠਾਉਣ ਦੀ ਰਸਮ ਵੀ ਲਗਪਗ ਨਾ ਮਾਤਰ ਹੀ ਹੁੰਦੀ ਜਾ ਰਹੀ ਹੈ। ਵਿਸ਼ਵੀਕਰਨ ਦੇ ਦੌਰ ਤੋਂ ਪਹਿਲੇ ਸਮੇਂ ਵਿੱਚ ਵਿਆਹ ਵਾਲਿਆਂ ਦੇ ਘਰ ਕਈ ਕਈ ਦਿਨ ਪਹਿਲਾਂ ਗੀਤ ਗਾਏ ਜਾਂਦੇ ਸਨ। ਗੀਤ ਗਾਉਂਦੀਆਂ ਗਾਉਂਦੀਆਂ ਕੁੜੀਆਂ, ਸੁਆਣੀਆਂ ਨੂੰ ਅੱਧੀ ਰਾਤ ਹੋ ਜਾਂਦੀ, ਪਰ ਕੋਈ ਘਰ ਨੂੰ ਮੁੜਨ ਦਾ ਨਾਮ ਨਾ ਲੈਂਦੀ। ਗੀਤ ਗਾਉਣ ਦਾ ਇਹ ਸਿਲਸਿਲਾ ਵਿਆਹ ਵਾਲੇ ਦਿਨ ਤਕ ਜਾਰੀ ਰਹਿੰਦਾ। ਪਰ ਅਜੋਕੇ ਦੌਰ ਵਿੱਚ ਇਹ ਗੀਤ ਗਾਉਣ ਦੇ ਰਸਮ ਰਿਵਾਜ ਲਗਪਗ ਖ਼ਤਮ ਹੋ ਚੁੱਕੇ ਹਨ। ਕਈ ਦਿਨਾਂ ਤੱਕ ਚੱਲਣ ਵਾਲੇ ਇਹ ਗੀਤ ਹੁਣ ਇਕ ਦਿਨ ਵਿਚ ਲੇਡੀ ਸੰਗੀਤ ਦੇ ਨਾਂ ਨਾਲ ਸਿਮਟ ਗਏ ਹਨ। ਹੋਰ ਵਸਤਾਂ ਦੀ ਤਰ੍ਹਾਂ ਗੀਤ, ਜਾਗੋ ਆਦਿ ਲਈ ਵੀ ਪ੍ਰੋਫੈਸ਼ਨਲ ਪਾਰਟੀਆਂ ਮਿਲ ਜਾਂਦੀਆਂ ਹਨ। ਇਸ ਦੀ ਰੀਤ ਵਿਚ ਹੋਏ ਬਦਲਾਵ ਬਾਰੇ ਪੁਸਤਕ 'ਬਦਲ ਗਿਆ ਮੇਰਾ ਪਿੰਡ' ਵਿਚੋਂ ਪਰਮਜੀਤ ਕੌਰ ਦਾ ਵਿਚਾਰ ਅੰਕਿਤ ਹੈ :

> ਇਹ ਕਈ ਦਿਨਾਂ ਦੀਆਂ ਰੌਣਕਾਂ ਤੇ ਸਾਂਝਾ ਅਜੋਕੇ ਸਮੇਂ ਇਕ ਦਿਨ ਦੇ ਲੇਡੀਜ਼ ਸੰਗੀਤ ਵਿਚ ਸਿਮਟ ਕੇ ਰਹਿ ਗਈਆਂ ਹਨ। ਘਰਾਂ ਦੇ ਵਿਹੜਿਆਂ ਤੇ ਛੱਤਾਂ ਤੋਂ ਰੌਣਕ ਕਈ ਵਾਰ ਪੈਲੇਸ ਵਿੱਚ ਹੀ ਲੇਡੀ ਸੰਗੀਤ ਦੇ ਵਿਚ ਘੁੰਮ ਕੇ ਰਹਿ ਜਾਂਦੀ ਹੈ। ਸਾਡੇ ਵਿਰਸੇ ਦੇ ਸੋਹਣੇ ਰਿਵਾਜ ਫੋਕੇ ਦਿਖਾਵੇ ਦੀ ਚਮਕ ਦਮਕ ਵਿੱਚ ਘੁੰਮ ਰਹੇ ਹਨ । ਪਿੰਡਾਂ ਵਿੱਚ ਵੀ ਕੋਈ ਗਾਉਣ ਨਹੀਂ ਬਿਠਾਉਂਦਾ ਕਿਸੇ ਕੋਲ ਨਾ ਵਿਹਲ ਹੈ, ਨਾ ਮਨਾਂ ਦੀ ਸਾਂਝ। ਮੁਟਿਆਰਾਂ ਪੜ੍ਹ ਲਿਖ ਕੇ ਨੌਕਰੀ ਕਰਦੀਆਂ ਹਨ ਤੇ ਅੱਲ੍ਹੜ ਕੁੜੀਆਂ ਪੜ੍ਹਾਈ 'ਚ ਮਸ਼ਰੂਫ ਹਨ ਜਾਂ ਆਪਣੇ ਕੰਪਿਊਟਰ ਜਾਂ ਲੈਪਟਾਪ ਨਾਲ ਰੁੱਝੀਆਂ ਰਹਿੰਦੀਆਂ ਹਨ। (240)

ਅਧਿਐਨ ਅਧੀਨ ਪੁਸਤਕਾਂ ਦਾ ਅਧਿਐਨ ਕਰਨ ਤੋਂ ਪਤਾ ਚੱਲਦਾ ਹੈ ਕਿ ਜਨਮ, ਵਿਆਹ ਅਤੇ ਮੌਤ ਵਰਗੇ ਸਮਾਗਮਾਂ ਵਿਚ ਨਾਨਕਿਆਂ ਦਾ ਅਹਿਮ ਰੋਲ ਹੁੰਦਾ ਹੈ। ਵਿਆਹ ਤੋਂ ਇਕ ਦਿਨ ਪਹਿਲਾਂ ਨਾਨਕਾ ਮੇਲ ਦੀ ਆਮਦ ਹੁੰਦੀ ਹੈ। ਜਿਸ ਵਿੱਚ ਦੂਰ ਨੇੜੇ ਦੇ ਰਿਸ਼ਤੇਦਾਰਾਂ ਨੂੰ ਸੱਦਾ ਦੇ ਕੇ ਬੁਲਾਇਆ ਜਾਂਦਾ ਹੈ। ਉਨ੍ਹਾਂ ਦੀ ਆਓ ਭਗਤ ਲਈ ਘਰ ਵਿੱਚ ਹਲਵਾਈ ਲਗਾ ਕੇ ਭਾਂਤ-ਭਾਂਤ ਦੀਆਂ ਮਠਿਆਈਆਂ ਤਿਆਰ ਕੀਤੀਆਂ ਜਾਂਦੀਆਂ ਸਨ। ਨਾਨਕਾ ਮੇਲ ਵਿੱਚ ਮਾਮੇ, ਭੂਆ ਮਾਸੀਆਂ ਭੈਣਾਂ-ਭਤੀਜੀਆਂ ਦੇ ਨਾਲ ਤਾਈਆਂ, ਚਾਚੀਆਂ ਦੇ ਪੇਕਿਆਂ ਤੱਕ ਨੂੰ ਵਿਆਹ ਵਿਚ ਬੁਲਾਇਆ ਜਾਂਦਾ ਸੀ। ਪਰ ਅਜੋਕੇ ਦੌਰ ਵਿੱਚ ਅੱਜ ਤਾਂ ਕੋਈ ਆਪਣਿਆਂ ਨੂੰ ਵੀ ਦਿਲ ਨਾਲ ਨਹੀਂ ਬੁਲਾਉਂਦਾ ਤੇ ਨਾ ਹੀ ਕੋਈ ਬਹੁਤਾ ਦਿਲ ਨਾਲ ਆਉਂਦਾ ਹੈ। ਸਿਰਫ਼ ਖਾਨਾ ਪੂਰਤੀ ਲਈ ਤੇ ਦਿਖਾਵਾ ਦੇਣ ਲਈ ਹੀ ਆਉਣ ਜਾਣ ਹਨ। ਨਾਨਕਾ ਮੇਲ ਦੇ ਬਦਲਦੇ ਰੂਪ ਬਾਰੇ ਪੁਸਤਕ 'ਬਦਲ ਗਿਆ ਮੇਰਾ ਪਿੰਡ' ਵਿਚੋਂ ਪਰਮਜੀਤ ਕੌਰ ਸਰਹਿੰਦ ਦੇ ਵਿਚਾਰ ਅਨੁਸਾਰ :

> ਅੱਜ ਵਾਂਗ ਹਰ ਇੱਕ ਮਾੜੀ ਮੋਟੀ ਪਹਿਚਾਣ ਵਾਲੇ ਨੂੰ ਸੱਦਾ ਨਾ ਦਿੱਤਾ ਜਾਂਦਾ ਦੋਸਤ ਮਿੱਤਰ ਹੁੰਦੇ ਜ਼ਰੂਰ, ਜੋ ਗੂੜ੍ਹੀਆਂ ਸਕੀਰੀਆਂ ਵਾਂਗ ਵਰਤਦੇ, ਆ ਕੇ ਕੰਮ ਵੀ ਕਰਵਾਉਂਦੇ ।ਅੱਜ ਤਾਂ ਕੀ ਰਿਸ਼ਤੇਦਾਰ ਤੇ ਦੋਸਤ ਮਿੱਤਰ, ਸਭ ਦੇ ਸਭ ਪੈਲੇਸ ਵਿੱਚ ਹੀ ਪੁੱਜਦੇ ਹਨ। ਘੜਮੱਸ ਬਹੁਤਾ ਮੋਹ ਮਿਲਾਪ ਘੱਟ ਹੁੰਦਾ ਹੈ। ਕੋਈ ਇੱਕਾ ਦੁੱਕਾ ਦੂਰ ਵਾਲਾ ਰਿਸ਼ਤੇਦਾਰ ਹੀ ਪਹਿਲੇ ਦਿਨ ਆਉਂਦਾ ਹੈ।

ਸਭ ਤੋਂ ਨੇੜਲਾ ਖ਼ਾਸ ਮੇਲ ਨਾਨਕਾ ਮੇਲ ਵੀ ਜਾਗੋ ਕੱਢ ਕੇ ਰਾਤੀਂ ਆਪਣੀਆਂ ਕਾਰਾਂ ਚ ਵਾਪਸ ਪਰਤ ਜਾਂਦਾ ਹੈ, ਸਵੇਰੇ ਹੀ ਆਉਂਦਾ ਹੈ। (246)

ਵਿਸ਼ਵੀਕਰਨ ਦੇ ਦੌਰ ਦੇ ਸਮੇਂ ਤੋਂ ਪਹਿਲਾਂ ਆਨੰਦ ਕਾਰਜ ਨੂੰ ਬਹੁਤ ਹੀ ਮਹਾਨ ਕਾਰਜ ਸਮਝਿਆ ਜਾਂਦਾ ਸੀ ਕਿਉਂਕਿ ਇਹ ਵਿਆਹ ਦਾ ਸਿਖਰ ਅਤੇ ਪਵਿੱਤਰ ਰਸਮ ਸਮਝੀ ਜਾਂਦੀ ਸੀ। ਕੁੜੀ ਮੁੰਡੇ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਹਜ਼ੂਰੀ ਵਿੱਚ ਸ਼ਰਧਾ ਪੂਰਵਕ ਮੱਥਾ ਟਿਕਾ ਕੇ ਆਨੰਦ ਕਾਰਜ ਕਰਵਾਏ ਜਾਂਦੇ ਸਨ। ਮੌਜੂਦਾ ਦੌਰ ਵਿਚ ਇਸ ਰਸਮ ਵਿੱਚ ਵੀ ਭਾਰੀ ਬਦਲਾਅ ਵੇਖਣ ਨੂੰ ਮਿਲ ਰਿਹਾ ਹੈ। ਜਿੱਥੇ ਪਹਿਲਾਂ ਕੁੜੀ ਤੇ ਮੁੰਡਾ ਇੱਕ ਦੂਜੇ ਨੂੰ ਜਾਣਦੇ ਪਹਿਚਾਣਦੇ ਵੀ ਨਹੀਂ ਸਨ ਅਤੇ ਲਾਵਾਂ ਫੇਰਿਆਂ ਤੇ ਬੈਠਿਆ ਕੁੜੀ ਨੂੰ ਚੰਗੀ ਤਰ੍ਹਾਂ ਢਕਿਆ ਜਾਂਦਾ ਸੀ ਪਰ ਅਜੋਕੇ ਦੌਰ ਵਿੱਚ ਹਰ ਕੰਮ ਨੂੰ ਫਿਲਮੀ ਅੰਦਾਜ਼ ਅਨੁਸਾਰ ਕੀਤਾ ਜਾ ਰਿਹਾ ਹੈ। ਅੱਜ ਪੁਰਾਣੀਆਂ ਗੱਲਾਂ ਕਿੱਥੇ ਹਨ ਨੰਗੇ ਮੂੰਹ ਬੈਠੀ ਕੁੜੀ ਮੌਜ ਨਾਲ ਲਾਵਾਂ ਕਰਵਾਉਂਦੀ ਹੈ ਤੇ ਕੋਈ ਬਹੁਤੀ ਮਾਰਡਨ ਤਾਂ ਉਸ ਸਮੇਂ ਦੁੱਲੇ ਨਾਲ ਮਾੜੀ ਮੋਟੀ ਗੱਲਬਾਤ ਵੀ ਕਰ ਲੈਂਦੀ ਹੈ। ਕਿਉਂਕਿ ਇਹ ਵਿਆਹ ਤੋਂ ਪਹਿਲਾਂ ਹੀ ਇੱਕ ਦੂਜੇ ਨੂੰ ਜਾਣਦੇ ਪਛਾਣਦੇ ਹੁੰਦੇ ਹਨ। ਅਜੋਕੇ ਦੌਰ ਵਿੱਚ ਆਨੰਦ ਕਾਰਜ ਦੇ ਬਦਲਦੇ ਰੂਪ ਦੀ ਇਸ ਰੀਤ ਵਿਚ ਹੋਏ ਬਦਲਾਵ ਬਾਰੇ ਪੁਸਤਕ 'ਬਦਲ ਗਿਆ ਮੇਰਾ ਪਿੰਡ' ਵਿਚੋਂ ਪਰਮਜੀਤ ਕੌਰ ਸਰਹਿੰਦ ਦੇ ਵਿਚਾਰ ਅਨੁਸਾਰ :

> ਅੱਜ ਕੱਲ੍ਹ ਤਾਂ ਆਨੰਦ ਕਾਰਜ ਨੂੰ ਕੇਵਲ ਰਸਮ ਦੇ ਤੌਰ ਤੇ ਭੱਜ ਦੌੜ ਕੇ ਕਰ ਕੇ ਨਿਭਾਇਆ ਜਾਂਦਾ ਹੈ। ਕਈ ਵਾਰ ਇਸ ਸ਼ੁਭ ਕਾਰਜ ਨੂੰ ਤਿੰਨ ਚਾਰ ਵੀ ਵੱਜ ਜਾਂਦੇ ਹਨ। ਪੈਲੇਸ ਵਿੱਚ ਖਾਣ ਪੀਣ ਤੇ ਨੱਚਣ ਗਾਉਣ ਵਾਲੀਆਂ ਦੇਖਣ ਜਾਂ ਡੀਜੇ ਤੇ ਚੱਲਦੇ ਗਾਣੇ ਸੁਣਨ ਨੂੰ ਪਹਿਲ ਦਿੱਤੀ ਜਾਂਦੀ ਹੈ। ਮੁੰਡੇ ਕੁੜੀ ਦੋਵੇਂ ਧਿਰਾਂ ਦੇ ਗਿਣਵੇਂ ਰਿਸ਼ਤੇਦਾਰ ਮਾਂ ਪਿਓ ਨਾਲ ਗੁਰਦੁਆਰੇ ਪੁੱਜਦੇ ਹਨ । ਘਰ ਵਿਚ ਤਾਂ ਆਨੰਦ ਕਾਰਜ ਕਰਾਉਣ ਦੀ ਕੋਈ ਖੇਚਲ ਹੀ ਨਹੀਂ ਕਰਦਾ, ਕੋਈ ਆਸਾ ਦੀ ਵਾਰ ਦਾ ਕੀਰਤਨ ਨਹੀਂ ਹੁੰਦਾ। ਸਿੱਧਾ ਆਨੰਦ ਸਾਹਿਬ ਪੜ੍ਹ ਕੇ ਉਹ ਵੀ ਛੇ ਪਾਉੜੀਆਂ ਅਰਦਾਸ ਕਰਕੇ, ਲਾਵਾਂ ਪੜ੍ਹਨ ਦਾ ਕੰਮ ਸ਼ੁਰੂ ਹੋ ਜਾਂਦਾ ਹੈ। ਮੁੰਡਾ ਕੁੜੀ ਦੋਵੇਂ ਪੂਰੇ ਸਮੇਂ ਤੇ ਆਉਂਦੇ ਹਨ। ਇਕ ਦੋ ਸ਼ਬਦ ਪੜ੍ਹੇ

> ਜਾਂਦੇ ਹਨ ਤੇ ਘੰਟੇ ਦੇ ਅੰਦਰ ਸਾਰਾ ਕੰਮ ਨਿਪਟ ਜਾਂਦਾ ਹੈ। ਬਹੁਤ ਘੱਟ ਲੋਕ ਹਨ ਜੋ ਆਨੰਦ ਕਾਰਜ ਦੀ ਮਹੱਤਤਾ ਨੂੰ ਸਮਝਦੇ ਹੋਏ ਆਦਰ ਸਤਿਕਾਰ ਤੇ ਸਹਿਜ ਨਾਲ ਇਸ ਕਾਰਜ ਨੂੰ ਨਿਭਾਉਂਦੇ ਹਨ। ਇਸ ਤੋਂ ਬਾਅਦ ਲੋਕ ਮੁੜ ਪੈਲੇਸ ਵਿੱਚ ਜਾ ਕੇ ਢੋਲ ਢਮੱਕੇ, ਗਾਉਣ-ਵਜਾਉਣ ਤੇ ਖਾਣ ਪੀਣ ਵਿਚ ਰੁੱਝ ਜਾਂਦੇ ਹਨ। (278)

ਜਨਮ ਅਤੇ ਵਿਆਹ ਦੀਆਂ ਰੀਤਾਂ ਤੋਂ ਬਾਅਦ ਮੌਤ ਨਾਲ ਸੰਬੰਧਤ ਰਹੁ ਰੀਤਾਂ ਵਿੱਚ ਵੀ ਬਦਲਾਅ ਵੇਖਣ ਨੂੰ ਮਿਲ ਰਹੇ ਹਨ। ਪਿਛਲੇ ਸਮੇਂ ਜਦੋਂ ਕੋਈ ਇਨਸਾਨ ਅੰਤਿਮ ਸਾਹਾਂ ਤੇ ਹੁੰਦਾ ਤਾਂ ਉਸ ਨੂੰ ਮੰਜੇ ਤੋਂ ਲਾਹ ਕੇ ਭੁੰਜੇ ਪਾ ਦਿੱਤਾ ਜਾਂਦਾ ਸੀ ਤੇ ਨੇੜਲੇ ਸਾਕ ਸਬੰਧੀਆਂ ਨੂੰ ਖ਼ਬਰ ਹੋ ਜਾਂਦੀ ਉਹ ਵੀ ਪੁੱਜ ਜਾਂਦੇ। ਲੋਕਾਂ ਨੂੰ ਇਹ ਭਰਮ ਹੁੰਦਾ ਸੀ ਕਿ ਮੰਜੇ ਉੱਤੇ ਦਮ ਤੋੜਨ ਵਾਲੇ ਪ੍ਰਾਣੀ ਦੀ ਗਤੀ ਨਹੀਂ ਹੁੰਦੀ। ਇਸ ਮੌਕੇ ਕੋਈ ਪੁੱਤ, ਪੋਤਾ ਉਸ ਵਿਅਕਤੀ ਦੇ ਸਿਰ ਥੱਲੇ ਹੱਥ ਜਾਂ ਗੋਡਾ ਦਿੰਦਾ ਸੀ। ਅਜੋਕੇ ਦੌਰ ਵਿੱਚ ਆਧੁਨਿਕ ਸੁੱਖ ਸਹੂਲਤਾਂ ਅਤੇ ਡਾਕਟਰੀ ਯੁੱਗ ਆਉਣ ਕਾਰਨ ਕਰਕੇ, ਲੋਕ ਵਹਿਮਾਂ ਭਰਮਾਂ ਵਿੱਚੋਂ ਕਾਫ਼ੀ ਹੱਦ ਤੱਕ ਨਿਕਲ ਚੁੱਕੇ ਹਨ। ਇਸ ਰੀਤ ਵਿਚ ਹੋਏ ਬਦਲਾਵ ਬਾਰੇ ਪੁਸਤਕ 'ਬਦਲ ਗਿਆ ਮੇਰਾ ਪਿੰਡ' ਵਿਚੋਂ ਪਰਮਜੀਤ ਕੌਰ ਸਰਹਿੰਦ ਦੇ ਵਿਚਾਰ ਅਨੁਸਾਰ :

> ਅਜੋਕੇ ਸਮੇਂ ਲੋਕ ਅਜਿਹੇ ਭਰਮਾਂ ਵਿਚੋਂ ਕੁਝ ਹੱਦ ਤੱਕ ਨਿਕਲ ਚੁੱਕੇ ਹਨ। ਬਹੁਤੇ ਗੁਰਸਿੱਖ ਪਰਿਵਾਰਾਂ ਵਿੱਚ ਅਜਿਹਾ ਕੋਈ ਵਹਿਮ ਨਹੀਂ ਕੀਤਾ ਜਾਂਦਾ।(296)

ਅੱਜ ਜੇਕਰ ਕਿਸੇ ਵਿਅਕਤੀ ਦੀ ਮੌਤ ਹੋ ਜਾਂਦੀ ਹੈ ਤਾਂ ਉਸ ਦਾ ਸੁਨੇਹਾ ਤੁਰੰਤ ਹੀ ਆਧੁਨਿਕ ਸਾਧਨਾਂ ਰਾਹੀਂ ਪਹੁੰਚ ਜਾਂਦਾ ਹੈ। ਪੁਰਾਣੇ ਸਮਿਆਂ ਵਿੱਚ ਬਹੁਤ ਸਾਰੇ ਰਿਸ਼ਤੇਦਾਰ ਤੇ ਮਿੱਤਰ ਪਿਆਰੇ ਇਕੱਠੇ ਨਹੀਂ ਸਨ ਹੁੰਦੇ, ਕਿਉਂਕਿ ਉਦੋਂ ਫ਼ੋਨ ਤੇ ਇੰਟਰਨੈੱਟ ਦਾ ਯੁੱਗ ਨਹੀਂ ਸੀ ਅਤੇ ਨਾ ਹੀ ਆਵਾਜਾਈ ਦੇ ਸਾਧਨ ਵਿਕਸਿਤ ਸਨ। ਮ੍ਰਿਤਕ ਬੰਦੇ ਦੀ ਅੰਤਿਮ ਯਾਤਰਾ ਲਈ ਬਣਾਈ ਜਾਂਦੀ ਸੀੜੀ ਬੇਰੀ ਜਾਂ ਬਾਂਸ ਦੀਆਂ ਸਿੱਧੀਆਂ ਲੱਕੜਾਂ ਦੀ ਬਣਾਈ ਜਾਂਦੀ ਸੀ। ਜਿਸ ਨੂੰ ਕਿ ਬਾਅਦ ਵਿਚ ਚਿਖਾ ਦੇ ਨਾਲ ਹੀ ਜਲਾ ਦਿੱਤਾ ਜਾਂਦਾ ਸੀ ਪਰ ਅਜੋਕੇ ਸਮੇਂ ਵਿੱਚ ਪਿੰਡਾਂ ਅਤੇ ਸ਼ਹਿਰਾਂ ਵਿਚ ਲੋਹੇ ਦੀਆਂ ਸੀੜੀਆਂ ਪੱਕੇ ਤੌਰ ਤੇ ਹੀ ਬਣਾ ਕੇ ਰੱਖੀਆਂ ਹੋਈਆਂ ਹਨ ਜਿਨ੍ਹਾਂ ਨੂੰ ਕਿਸੇ

ਸਾਂਝੀ ਥਾਂ ਤੇ ਰੱਖਿਆ ਜਾਂਦਾ ਹੈ। ਅਜੋਕੇ ਦੌਰ ਵਿੱਚ ਲੋਕ ਕਾਫ਼ੀ ਵਹਿਮਾਂ ਭਰਮਾਂ ਤੋਂ ਸੁਚੇਤ ਹੋ ਕੇ ਅਗਾਂਹਵਧੂ ਵਿਚਾਰਾਂ ਵਾਲੇ ਵੀ ਬਣ ਗਏ ਹਨ। ਮਰੇ ਇਨਸਾਨ ਦੀ ਅੰਤਿਮ ਯਾਤਰਾ ਵਿੱਚ ਅਰਥੀ ਚੁੱਕਣ ਲਈ ਖ਼ਾਸ ਬੰਦਿਆਂ ਦੀ ਜ਼ਰੂਰਤ ਮੰਨੀ ਜਾਂਦੀ ਰਹੀ ਹੈ, ਅਜੋਕੇ ਦੌਰ ਵਿੱਚ ਇਸ ਵਿੱਚ ਵੀ ਬਦਲਾਅ ਵੇਖਣ ਨੂੰ ਮਿਲਦਾ ਹੈ। ਇਸ ਰੀਤ ਵਿਚ ਹੋਏ ਬਦਲਾਵ ਬਾਰੇ ਪੁਸਤਕ 'ਬਦਲ ਗਿਆ ਮੇਰਾ ਪਿੰਡ' ਵਿਚੋਂ ਪਰਮਜੀਤ ਕੌਰ ਸਰਹਿੰਦ ਦਾ ਵਿਚਾਰ ਹੈ :

> ਬੰਦੇ ਦੀ ਅੰਤਿਮ ਯਾਤਰਾ ਵਿੱਚ ਕਾਨੀਆਂ ਦੀ ਖ਼ਾਸ ਥਾਂ ਹੁੰਦੀ ਪਰ ਅਜੋਕੇ ਸਮੇਂ ਪੁੱਤਰ ਦੀ ਅਣਹੋਂਦ ਕਾਰਨ ਧੀਆਂ ਵੀ ਇਹ ਔਖਾ ਕਾਰਜ ਨਿਭਾਉਣ ਦਾ ਜਿਗਰਾ ਕਰਨ ਲੱਗੀਆਂ ਹਨ। ਜਿਸ ਦੇ ਪੁੱਤਰ ਨਾ ਹੋਵੇ ਉਸ ਨੂੰ ਸਾਡਾ ਸਮਾਜ ਅਭਾਗਾ ਸਮਝਦਾ ਹੈ ਪਰ ਧੀਆਂ ਨੇ ਸਿੱਧ ਕੀਤਾ ਕਿ ਧੀਆਂ ਜ਼ਿੰਮੇਵਾਰੀ ਨਿਭਾ ਸਕਦੀਆਂ ਹਨ। ਅੱਜ ਕੱਲ੍ਹ ਨਸ਼ੇ ਦੇ ਮਾਰੂ ਰੋਗ ਕਾਰਨ ਪੁੱਤਰਾਂ ਦੇ ਹੁੰਦਿਆਂ ਸੁੰਦਿਆਂ ਵੀ ਮਾਪਿਆਂ ਨੂੰ ਉਨ੍ਹਾਂ ਦਾ ਮੋਢਾ ਨਸੀਬ ਨਹੀਂ ਹੁੰਦਾ। (299)

ਪਹਿਲੇ ਸਮਿਆਂ ਵਿੱਚ ਜਿੱਥੇ ਮ੍ਰਿਤਕ ਦਾ ਸੰਸਕਾਰ ਕੀਤਾ ਜਾਂਦਾ ਸੀ, ਉਸ ਸਥਾਨ ਦੀ ਹਾਲਤ ਬਹੁਤ ਹੀ ਮਾੜੀ ਹੁੰਦੀ ਸੀ। ਮ੍ਰਿਤਕ ਪ੍ਰਾਣੀ ਦੇ ਰਿਸ਼ਤੇਦਾਰ ਜਾ ਕੇ ਥੋੜ੍ਹੀ ਬਹੁਤੀ ਸਾਫ਼-ਸਫ਼ਾਈ ਕਰ ਕੇ ਜਗ੍ਹਾ ਸਾਫ ਕਰ ਲੈਂਦੇ ਸਨ।ਝਾੜੀਆਂ ਕੰਡੇ ਵਧੇਰੇ ਹੁੰਦੇ ਸਨ, ਪਾਣੀ ਅਤੇ ਛਾਂ ਆਦਿ ਦਾ ਵੀ ਪ੍ਰਬੰਧ ਨਹੀਂ ਸੀ ਹੁੰਦਾ। ਪਰ ਅਜੋਕੇ ਦੌਰ ਵਿੱਚ ਇਸ ਵਿੱਚ ਵੀ ਬਦਲਾਅ ਹੋਇਆ ਹੈ ਹੁਣ ਪਿੰਡਾਂ ਦੀਆਂ ਸ਼ਮਸ਼ਾਨ ਘਾਟਾਂ ਪਹਿਲਾਂ ਵਰਗੀਆਂ ਨਹੀਂ ਰਹੀਆਂ। ਇੱਥੇ ਆਉਣ ਲਈ ਪੱਕੇ ਰਸਤੇ ਅਤੇ ਬੈਠਣ ਲਈ ਸ਼ੈੱਡਾਂ ਮੁਹੱਈਆ ਕਰਵਾਈਆਂ ਗਈਆਂ ਹਨ। ਇਸ ਵਿਚ ਹੋਏ ਬਦਲਾਵ ਬਾਰੇ ਪੁਸਤਕ 'ਬਦਲ ਗਿਆ ਮੇਰਾ ਪਿੰਡ' ਵਿਚੋਂ ਪਰਮਜੀਤ ਕੌਰ ਸਰਹਿੰਦ ਦੇ ਵਿਚਾਰ ਅਨੁਸਾਰ :

> ਬਹੁਤ ਸਾਰੇ ਪਿੰਡਾਂ ਵਿੱਚ ਹੁਣ ਸਥਿਤੀ ਬਦਲ ਗਈ ਹੈ ਤੇ ਸ਼ਮਸ਼ਾਨਘਾਟ ਵਾਲੀ ਥਾਂ ਸਾਫ਼ ਸੁਥਰੀ ਬਣਾ ਲਈ ਗਈ ਹੈ। ਸਰਕਾਰ ਪੰਚਾਇਤ ਨੂੰ ਵਿੱਤੀ ਮਦਦ ਦਿੰਦੀ ਹੈ ਅਤੇ ਪਿੰਡ ਤੋਂ ਸ਼ਮਸ਼ਾਨ ਤੱਕ ਦਾ ਰਸਤਾ ਪੱਕਾ ਕਰਨ ਦੀ ਹਦਾਇਤ ਵੀ ਕਰਦੀ ਹੈ। ਕਈ ਪਿੰਡਾਂ ਵਿੱਚ ਪਾਣੀ

ਦਾ ਪ੍ਰਬੰਧ ਵੀ ਹੁੰਦਾ ਹੈ ਅਤੇ ਮਜ਼ਲ 'ਚ ਆਏ ਲੋਕਾਂ ਦੇ ਬੈਠਣ ਲਈ ਸੀਮਿੰਟ ਦੇ ਬੈਂਚ ਤੇ ਬਰਾਂਡੇ ਵਗੈਰਾ ਵੀ ਹਨ। ਸ਼ਾਨਦਾਰ ਦਰੱਖਤ ਵੀ ਮੜ੍ਹੀਆਂ ਵਿੱਚ ਲਗਾਏ ਗਏ ਹਨ। ਮ੍ਰਿਤਕ ਪ੍ਰਾਣੀ ਦਾ ਅੰਤਿਮ ਸੰਸਕਾਰ ਕਰਨ ਲਈ ਪੱਕਾ ਥੜਾ ਅਤੇ ਚਿਮਨੀ ਵਾਲਾ ਸ਼ੈੱਡ ਵੀ ਬਣਾਇਆ ਜਾਂਦਾ ਹੈ। ਮੀਂਹ ਕਣੀ ਵਿੱਚ ਲੋਕਾਂ ਨੂੰ ਕੋਈ ਪਰੇਸ਼ਾਨੀ ਨਹੀਂ ਹੁੰਦੀ। ਮ੍ਰਿਤਕ ਦੇ ਸਰੀਰ ਨੂੰ ਸ਼ਮਸ਼ਾਨਘਾਟ ਤਕ ਲੈ ਕੇ ਜਾਣ ਲਈ ਵੈਨ ਆਦਿ ਦੀਆਂ ਸਹੂਲਤਾਂ ਵੀ ਮਿਲਦੀਆਂ ਹਨ। (299)

ਪਹਿਲੇ ਸਮਿਆਂ ਵਿੱਚ ਮਰਗਤ ਵਾਲੇ ਘਰ ਦੇ ਜੀਅ ਭੁੰਜੇ ਸੌਂਦੇ, ਨਾ ਕੱਪੜੇ ਬਦਲਦੇ ਤੇ ਨਾ ਹੀ ਕੱਪੜੇ ਧੋਂਦੇ। ਦਸਵੇਂ ਦਿਨ ਕਿਸੇ ਆਸ ਪਾਸ ਦੇ ਛੱਪੜ ਟੋਭੇ ਉੱਤੇ ਜਾ ਕੇ ਨਹਾ ਕੇ ਹੋਰ ਕੱਪੜੇ ਪਾਉਂਦੇ ਤੇ ਪਹਿਲੇ ਕੱਪੜੇ ਉੱਥੇ ਹੀ ਤੂੰ ਸੁਕਾ ਕੇ ਵਾਪਸ ਘਰ ਪਰਤੇ। ਪਰ ਅਜੋਕੇ ਸਮੇਂ ਵਿੱਚ ਇਹ ਰਸਮ ਲਗਪਗ ਬਦਲ ਚੁੱਕੀ ਹੈ। ਪੁਸਤਕ ਦਾ ਅਧਿਐਨ ਕੀਤਿਆਂ ਪਤਾ ਚਲਦਾ ਹੈ ਕਿ ਪੁਰਾਣੇ ਸਮੇਂ ਵਿੱਚ ਦਸ ਜਾਂ ਬਾਰਾਂ ਦਿਨਾਂ ਤੋਂ ਪਹਿਲਾਂ ਕੋਈ ਭੋਗ ਨਹੀਂ ਸੀ ਪਾਉਂਦਾ ਤੇ ਇਨ੍ਹਾਂ ਦਿਨਾਂ ਵਿਚ ਇਕ ਦੋ ਦਿਨ ਛੱਡ ਕੇ ਮੁਕਾਣਾਂ ਆਉਂਦੀਆਂ ਜਾਂਦੀਆਂ ਸਨ, ਜਾਂ ਕੋਈ ਇੱਕ ਦੋ ਜਣੇ ਵੀ ਆ ਜਾਂਦੇ। ਹਫ਼ਤੇ ਦੇ ਕਈ ਦਿਨਾਂ ਦਾ ਵਿਚਾਰ ਕਰ ਕੇ ਮਕਾਣਾਂ ਨਹੀਂ ਵੀ ਸਨ ਆਉਂਦੀਆਂ। ਪਰ ਅਜੋਕੇ ਦੌਰ ਵਿੱਚ ਕੋਈ ਤਿੱਥ ਦਿਨ ਨਹੀਂ ਵਿਚਾਰੇ ਜਾਂਦੇ। ਜਦੋਂ ਵੀ ਕਿਸੇ ਨੂੰ ਵਿਹਲ ਮਿਲਦਾ ਹੈ, ਜਾ ਕੇ ਅਫਸੋਸ ਦੀ ਹਾਜ਼ਰੀ ਲਵਾ ਆਉਂਦਾ ਹੈ। ਬਹੁਤੇ ਲੋਕਾਂ ਦਾ ਇਕੱਠੇ ਰੂਪ ਵਿਚ ਮੁਕਾਣ ਜਾਣ ਦਾ ਰੁਝਾਨ ਹੁਣ ਘਟਦਾ ਜਾ ਰਿਹਾ ਹੈ। ਸਿਰਫ਼ ਤੇ ਸਿਰਫ਼ ਪਰਿਵਾਰ ਦੇ ਮੈਂਬਰ ਹੀ ਇਸ ਵਿਚ ਸ਼ਾਮਲ ਹੁੰਦੇ ਹਨ ।

ਮ੍ਰਿਤਕ ਦੀਆਂ ਅਰਥੀਆਂ ਨੂੰ ਜਲ ਪ੍ਰਵਾਹ ਕਰਨ ਬਾਰੇ ਵੀ ਪੁਰਾਣੇ ਵਿਚਾਰ ਬਦਲ ਚੁੱਕੇ ਹਨ। ਪਹਿਲੇ ਸਮਿਆਂ ਵਿੱਚ ਘਰ ਦੇ ਇਕ ਜਾਂ ਦੋ ਵਿਅਕਤੀ ਹੀ ਫੁੱਲ ਜਲ ਪ੍ਰਵਾਹ ਕਰਨ ਲਈ ਜਾਂਦੇ ਸਨ ਜਾਂ ਕੋਈ ਨੇੜਲਾ ਰਿਸ਼ਤੇਦਾਰ ਇਸ ਵਿੱਚ ਸ਼ਾਮਲ ਹੋ ਜਾਂਦਾ ਸੀ। ਪਰ ਅਜੋਕੇ ਦੌਰ ਵਿੱਚ ਇਹ ਧਾਰਨਾ ਬਦਲ ਚੁੱਕੀ ਹੈ ਆਵਾਜਾਈ ਦੇ ਆਧੁਨਿਕ ਸਾਧਨਾਂ ਤੇ ਸੁੱਖ ਸਹੂਲਤਾਂ ਹੋਣ ਕਾਰਨ ਹੁਣ ਪਰਿਵਾਰਕ ਮੈਂਬਰ ਵਧ ਚੜ੍ਹ ਕੇ ਜਾਂਦੇ ਹਨ। ਮ੍ਰਿਤਕ ਵਿਅਕਤੀ ਦੇ ਫੁੱਲ ਜਲ ਪ੍ਰਵਾਹ ਕਰਨ ਦੀ ਰੀਤ ਵਿਚ ਹੋਏ ਬਦਲਾਵ ਬਾਰੇ ਪੁਸਤਕ 'ਬਦਲ ਗਿਆ ਮੇਰਾ ਪਿੰਡ' ਵਿਚੋਂ ਪਰਮਜੀਤ ਕੌਰ ਸਰਹਿੰਦ ਦਾ ਵਿਚਾਰ ਹੈ:

> ਪਿਛਲੇ ਸਮੇਂ ਘਰ ਦੇ ਇਕ ਜਾਂ ਦੋ ਬੰਦੇ ਹੀ ਫੁੱਲ ਜਲ ਪ੍ਰਵਾਹ ਕਰਨ ਲਈ ਜਾਂਦੇ ਸਨ ਜਾਂ ਕੋਈ ਨੇੜਲਾ ਰਿਸ਼ਤੇਦਾਰ ਜਾਂਦਾ ਸੀ। ਕਈ-ਕਈ ਮ੍ਰਿਤਕ ਪ੍ਰਾਣੀਆਂ ਦੇ ਫੁੱਲ ਇਕੱਠੇ ਵੀ ਲੈ ਕੇ ਜਾਂਦੇ ਸਨ। ਪਰ ਅੱਜ ਇਕ ਮ੍ਰਿਤਕ ਪ੍ਰਾਣੀ ਦੇ ਫੁੱਲ ਪਾਉਣ ਲਈ ਕਈ-ਕਈ ਕਾਰਾਂ ਭਰ ਕੇ ਜਾਂਦੀਆਂ ਹਨ ਤੇ ਬਹੁਤੇ ਲੋਕਾਂ ਨੇ ਇਸ ਨੂੰ ਵੀ ਵਡੱਪਣ ਦਾ ਪ੍ਰਤੀਕ ਬਣਾ ਲਿਆ ਹੈ। (315)

' ਬਦਲ ਗਿਆ ਮੇਰਾ ਪਿੰਡ' ਪੁਸਤਕ ਦਾ ਅਧਿਐਨ ਕਰਨ ਤੇ ਪਤਾ ਚੱਲਦਾ ਹੈ ਕਿ ਵਰਤਮਾਨ ਸਮੇਂ ਅੰਤਿਮ ਅਰਦਾਸ ਅਤੇ ਪਾਠ ਦਾ ਭੋਗ ਦਸਵੇ ਜਾਂ ਬਾਰ੍ਹਵੇਂ ਦਿਨ ਹੀ ਪਾਉਂਦੇ ਹਨ। ਜੋ ਕਿ ਪਹਿਲਾਂ ਸੋਲ਼ਾਂ ਦਿਨਾਂ ਬਾਅਦ ਪਾਇਆ ਜਾਂਦਾ ਸੀ ਅਜੋਕੇ ਦੌਰ ਵਿਚ ਅੰਤਿਮ ਅਰਦਾਸ ਤੇ ਭੋਗ ਵਰਗੇ ਸਮਾਗਮ ਵੀ ਬਹੁਤ ਹੀ ਖ਼ਰਚੀਲੇ ਹੋ ਗਏ ਹਨ ਇਸ ਰੀਤ ਵਿਚ ਹੋਏ ਬਦਲਾਵ ਬਾਰੇ ਪੁਸਤਕ 'ਬਦਲ ਗਿਆ ਮੇਰਾ ਪਿੰਡ' ਵਿਚੋਂ ਪਰਮਜੀਤ ਕੌਰ ਸਰਹਿੰਦ ਦਾ ਵਿਚਾਰ ਹੈ:

> ਬਜ਼ੁਰਗਾਂ ਦੇ ਭੋਗ ਮੌਕੇ ਆਏ ਸਬੰਧੀਆਂ ਤੇ ਮਿੱਤਰਾਂ ਪਿਆਰਿਆਂ ਨੂੰ ਪਹਿਲਾਂ ਚਾਹ ਨਾਲ ਮਿਠਾਈਆਂ ਤੇ ਤਰ੍ਹਾਂ ਤਰ੍ਹਾਂ ਦੇ ਪਕੌੜੇ ਪੇਸ਼ ਕੀਤੇ ਜਾਂਦੇ ਹਨ ਤੇ ਫਿਰ ਵਿਆਹ ਵਰਗਾ ਖਾਣਾ ਖੁਆਇਆ ਜਾਂਦਾ ਹੈ। ਘਰ ਦੇ ਵਿਹੜੇ ਜਾਂ ਸਵਾਤ ਵਿੱਚ ਕੋਈ ਵਿਰਲਾ ਟਾਵਾਂ ਹੀ ਭੋਗ ਪਾਉਂਦਾ ਹੈ। ਭੋਗ ਗੁਰਦੁਆਰਾ ਸਾਹਿਬ ਜਾਂ ਕਿਸੇ ਹੋਰ ਖੁੱਲ੍ਹੀ ਸਾਂਝੀ ਥਾਂ ਤੇ ਹੀ ਪਾਏ ਜਾਂਦੇ ਹਨ। ਅੱਜ ਕੱਲ੍ਹ ਮਰਗਤ ਦੇ ਭੋਗ ਵੀ ਪੈਲੇਸ ਕਲਚਰ ਦੀ ਲਪੇਟ ਵਿਚ ਆ ਗਏ ਹਨ। ਵੱਡੇ ਸ਼ੋਕ ਸਮਾਗਮ ਪੈਲੇਸਾਂ ਵਿੱਚ ਹੀ ਕੀਤੇ ਜਾਂਦੇ ਹਨ। (311)

ਉਪਰੋਕਤ ਪੁਸਤਕ ਦਾ ਅਧਿਐਨ ਕੀਤਿਆ ਪਤਾ ਚਲਦਾ ਹੈ ਕਿ ਅਜੋਕੇ ਵਿਸ਼ਵੀਕਰਨ ਦੇ ਦੌਰ ਵਿਚ ਰਸਮਾਂ ਰਿਵਾਜਾਂ ਵਿਚ ਕਾਫੀ ਬਦਲਾਵ ਹੋਏ ਹਨ। ਅਜੋਕੀ ਪੀੜ੍ਹੀ ਬਹੁਤ ਸਾਰੀਆਂ ਰੀਤਾਂ ਨੂੰ ਨਾਕਾਰ ਕੇ ਉਸ ਨੂੰ ਨਵੇਂ ਰੂਪ ਵਿਚ ਵਿਗਿਆਨਿਕ ਢੰਗ ਨਾਲ ਅਪਣਾ ਰਹੀ ਹੈ। ਦੂਜੇ ਪਾਸੇ ਲੋਕ ਦਿਖਾਵੇ ਦੀ ਭਾਵਨਾ ਨਾਲ ਅਜੋਕੇ ਦੌਰ ਵਿਚ ਇਹ ਰੀਤਾਂ ਬਹੁਤ ਹੀ ਖਰਚੀਲੀਆਂ ਹੋ ਗਈਆਂ ਹਨ।

**III**

ਹੱਥਲੇ ਅਧਿਆਇ ਦਾ ਅਧਿਐਨ ਕੀਤਿਆਂ ਪਤਾ ਚੱਲਦਾ ਹੈ ਕਿ ਰਸਮਾਂ ਰਿਵਾਜ਼ਾਂ ਦੇ ਨਿਭਾਉ ਨਾਲ ਲੋਕਧਾਰਾ ਦੀ ਸੰਭਾਲ ਹੁੰਦੀ ਹੈ। ਰਿਸ਼ਤੇ ਨਾਤਿਆਂ ਵਿੱਚ ਮਜ਼ਬੂਤੀ ਆਉਂਦੀ ਹੈ ਕਿਉਂਕਿ ਜਨਮ,ਵਿਆਹ ਅਤੇ ਮੌਤ ਦੇ ਸਮੇਂ ਨਿਭਾਏ ਜਾਂਦੇ ਰਸਮਾਂ ਰਿਵਾਜ਼ਾਂ ਵਿੱਚ ਰਿਸ਼ਤੇਦਾਰ ਅਤੇ ਭਾਈਚਾਰਾ ਸ਼ਾਮਿਲ ਹੋ ਜਾਂਦਾ ਹੈ। ਰਿਸ਼ਤੇਦਾਰ ਰਸਮ ਰਿਵਾਜ਼ ਦੀ ਪਛਾਣ ਅਤੇ ਕਦਰ ਕਰਾਉਂਦੇ ਹਨ। ਉਸ ਨੂੰ ਇੱਕ ਦਾਇਰੇ ਵਿੱਚ ਬੰਨ੍ਹ ਕੇ ਰੱਖਦੇ ਹਨ।

ਵਿਸ਼ਵੀਕਰਨ ਦੇ ਦੌਰ ਵਿੱਚ ਹਰ ਖੇਤਰ ਵਿੱਚ ਤਕਨੀਕੀ ਸਾਧਨਾਂ ਅਤੇ ਉਦਯੋਗਿਕ ਵਿਕਾਸ ਹੋਣ ਕਰਕੇ ਹਰ ਖੇਤਰ ਵਿੱਚ ਪਰਿਵਰਤਨ ਹੋਏ ਹਨ। ਪਹਿਲੇ ਸਮਿਆਂ ਵਿੱਚ ਹੁੰਦੇ ਰਸਮ-ਰਿਵਾਜ ਸਮੇਂ ਮੁਤਾਬਿਕ ਬਦਲ ਰਹੇ ਹਨ। ਦੇਖੋ-ਦੇਖੀ ਇਹਨਾਂ ਵਿੱਚ ਵਿਖਾਵੇ ਦੀ ਭਾਵਨਾ ਵਧੀ ਹੈ, ਕਈ ਬੇਲੋੜੀਆਂ ਰਹੁ-ਰੀਤਾਂ ਵੀ ਪ੍ਰਵੇਸ਼ ਕਰ ਗਈਆਂ ਹਨ। ਨਵੀਂ ਪੀੜ੍ਹੀ ਪੜ੍ਹ ਲਿਖ ਕੇ ਵਿਗਿਆਨਿਕ ਢੰਗ ਨਾਲ ਇਹਨਾਂ ਰਹੁ-ਰੀਤਾਂ ਨੂੰ ਆਪਣਾ ਰਹੀ ਹੈ, ਪਰ ਬਹੁਤਾ ਕਰਕੇ ਹਰ ਰਸਮ ਬਹੁਤ ਹੀ ਖਰਚੀਲੀ ਹੋ ਗਈ ਹੈ। ਇਸ ਬਾਰੇ ਪੁਸਤਕ 'ਵਿਸ਼ਵੀਕਰਨ: ਪੰਜਾਬੀ ਸਭਿਆਚਾਰਕ ਪਰਿਵਰਤਨ' ਵਿਚੋਂ ਡਾ. ਸੁਖਦੀਪ ਕੌਰ ਦਾ ਵਿਚਾਰ ਹੈ:

> ਵਿਸ਼ਵੀ ਵਰਤਾਰੇ ਤਹਿਤ ਪੰਜਾਬੀ ਸਭਿਆਚਾਰ ਉੱਤੇ ਬਜ਼ਾਰਵਾਦ ਭਾਰੂ ਪੈ ਰਿਹਾ ਹੈ। ਇਸੇ ਪ੍ਰਭਾਵ ਤਹਿਤ ਪੰਜਾਬੀ ਸੱਭਿਆਚਾਰ ਦਿਨ ਬ ਦਿਨ ਦਮ ਤੋੜਦਾ ਨਜ਼ਰ ਆ ਰਿਹਾ ਹੈ। ਪਿਛਲੇ ਕੁਝ ਦਹਾਕਿਆਂ ਤੋਂ ਘਰ, ਪਰਿਵਾਰ, ਮਨੁੱਖਤਾ ਅਤੇ ਰਿਸ਼ਤੇ ਨਾਤੇ ਖਤਮ ਹੋ ਰਹੇ ਹਨ ਅਤੇ ਬਜ਼ਾਰ ਵੱਡੇ ਹੋ ਰਹੇ ਹਨ। ਪੂੰਜੀਵਾਦੀ ਮੁਨਾਫਾਖੋਰੀ ਉੱਤੇ ਉਸਰਿਆ ਵਿਸ਼ਵੀ ਸੱਭਿਆਚਾਰ ਤਕੜੇ ਅਤੇ ਮਾੜੇ ਦੇ ਟਕਰਾਉ ਨੂੰ ਦਰਸਾਉਂਦਾ ਦੋ ਪੀੜ੍ਹੀਆਂ, ਬੁਹ ਦੇਸ਼ਾਂ, ਖਿੱਤਿਆਂ ਅਤੇ ਰਾਜਾਂ ਦੇ ਸੱਭਿਆਚਾਰ ਨੂੰ ਰੱਲਗੱਡ ਕਰਕੇ ਇੱਕ ਨਵਾਂ ਵਿਸ਼ਵੀ ਸੱਭਿਆਚਾਰ ਪੈਦਾ ਕਰ ਰਿਹਾ ਹੈ। (6)

ਜਨਮ ਸਮੇਂ ਦੀਆਂ ਰਹੁ ਰੀਤਾਂ ਵਿੱਚ ਬਦਲਾਵ ਨਜਰ ਆ ਰਹੇ ਹਨ। ਜਿੱਥੇ ਪਹਿਲਾਂ ਬੱਚੇ ਦਾ ਜਨਮ ਘਰਾਂ ਵਿੱਚ ਹੀ ਹੁੰਦਾ ਸੀ, ਹੁਣ ਸਿਹਤ ਸਹੂਲਤਾਂ ਵਧਣ ਕਰਕੇ ਬੱਚਿਆਂ ਦੇ ਜਨਮ ਹਸਪਤਾਲਾਂ ਵਿੱਚ ਹੋ ਰਹੇ ਹਨ। ਵਿਸ਼ਵੀਕਰਨ ਦੇ ਦੌਰ ਵਿੱਚ ਪਸਰੀ ਟੈਕਨੌਲਜੀ ਨੇ ਹਰ ਕੰਮ ਨੂੰ ਸੁਖਾਲਾ ਬਣਾ ਦਿੱਤਾ ਹੈ। ਲੁੱਕ-ਛਿਪ ਕੇ ਹੀ ਦੱਸਣ ਵਾਲੀ ਗੱਲ ਨੂੰ ਸਿੱਧੇ ਪ੍ਰਸਾਰਨ ਰਾਹੀਂ ਘਰ-ਘਰ ਪਹੁੰਚਾ ਦਿੱਤਾ ਹੈ। ਔਰਤ ਦੇ ਗਰਭਵਤੀ ਹੋਣ ਬਾਰੇ ਪਤਾ ਲਾਉਣ ਲਈ ਡਾਕਟਰਾਂ ਤੋਂ ਇਲਾਵਾ ਖੁਦ ਵੀ ਘਰ ਬੈਠੇ ਤਰ੍ਹਾਂ-ਤਰ੍ਹਾਂ ਦੀਆਂ ਵਿਧੀਆਂ ਰਾਹੀਂ ਪਤਾ ਲਗਾ ਲਿਆ ਜਾਂਦਾ ਹੈ। ਇਹਨਾਂ ਵਿਧੀਆਂ ਨੂੰ ਕਿਵੇਂ ਵਰਤਣਾ, ਕਿੱਥੋਂ ਮਿਲਦੀਆਂ ਹਨ, ਕਿੰਨੇ ਰੁਪਏ ਵਿੱਚ ਮਿਲਦੀਆਂ ਹਨ ਆਦਿ ਬਾਰੇ ਸਭ ਕੁੱਝ ਟੀ.ਵੀ. ਚੈਨਲਾਂ ਤੇ ਪਲ-ਪਲ ਮਗਰੋਂ ਵਿਖਾਇਆ ਜਾ ਰਿਹਾ ਹੈ। ਸੁਭਾਵਿਕ ਹੈ ਕਿ ਔਰਤ ਦੇ ਗਰਭਵਤੀ ਹੋਣ ਦਾ ਸੰਕੇਤ ਦਿੰਦੀਆਂ ਰਸਮਾਂ ਖਤਮ ਹੋ ਰਹੀਆਂ ਹਨ ਇਹਨਾਂ ਨੂੰ ਹੁਣ ਸਿੱਧੇ ਰੂਪ ਵਿੱਚ ਹੀ ਪੇਸ਼ ਕੀਤਾ ਜਾ ਰਿਹਾ ਹੈ। ਅੱਜ-ਕੱਲ੍ਹ ਹਰੇਕ ਜਣਨੀ ਆਪਣਾ ਜਣੇਪਾ ਹਸਪਤਾਲ ਵਿੱਚ ਕਰਾਉਣਾ ਬਿਹਤਰ ਸਮਝਦੀ ਹੈ। ਸਰਕਾਰੀ ਹਸਪਤਾਲਾਂ ਵਿੱਚ ਇਹ ਸਹੂਲਤ ਸਰਕਾਰ ਦੁਆਰਾ ਮੁਫ਼ਤ ਮੁਹੱਈਆ ਕਰਵਾਈ ਜਾ ਰਹੀ ਹੈ। ਹਰ ਪਿੰਡ ਸ਼ਹਿਰ ਵਿੱਚ ਆਸ਼ਾ ਵਰਕਰਾਂ ਘਰ-ਘਰ ਜਾ ਕੇ ਸਰਕਾਰ ਦੀਆਂ ਸਕੀਮਾਂ ਬਾਰੇ ਜਾਣੂੰ ਕਰਾ ਰਹੀਆਂ ਹਨ। ਅਜੋਕੇ ਦੌਰ ਵਿਚ ਤਾਂ ਸਰਕਾਰੀ ਹਸਪਤਾਲਾਂ ਵਿੱਚ ਜਣੇਪਾ ਕਰਾਉਣ ਤੇ ਸਰਕਾਰ ਵਲੋਂ ਕੁੱਝ ਵਿੱਤੀ ਸਹਾਇਤਾ ਵੀ ਦਿੱਤੀ ਜਾਂਦੀ ਹੈ।

ਇੱਥੋਂ ਤੱਕ ਕਿ ਸਰਮਾਏਦਾਰ ਲੋਕ ਪ੍ਰਾਈਵੇਟ ਹਸਪਤਾਲਾਂ ਵਿੱਚ ਜਣੇਪਾ ਕਰਾਉਣਾ ਬਿਹਤਰ ਸਮਝਦੇ ਹਨ। ਬੱਚੇ ਦਾ ਜਨਮ ਕਿਹੜੇ ਦਿਨ ਹੋਵੇ, ਕਿੰਨੇ ਵਜੇ ਹੋਵੇ ਆਦਿ ਬਾਰੇ ਰਾਇ ਲੈ ਲਈ ਜਾਂਦੀ ਹੈ। ਸਜੇਰੀਅਨ ਨੇ ਇਹ ਸਭ ਕੁੱਝ ਸੁਖਾਲਾ ਕਰ ਦਿੱਤਾ ਹੈ। ਪਿੰਡਾਂ ਵਿੱਚ ਜਣੇਪੇ ਸਮੇਂ ਦਾਈਆਂ ਦਾ ਰੋਲ ਹੁਣ ਲਗਭਗ ਖਤਮ ਹੋ ਰਿਹਾ ਹੈ, ਕਿਉਂਕਿ ਹੁਣ ਬੱਚਿਆਂ ਦਾ ਜਨਮ ਹਸਪਤਾਲਾਂ ਵਿੱਚ ਹੋ ਰਿਹਾ ਹੈ। ਉੱਥੇ ਇਹਨਾਂ ਦੀ ਥਾਂ ਮਾਹਿਰ ਡਾਕਟਰਾਂ ਅਤੇ ਨਰਸਾਂ ਨੇ ਲੈ ਲਈ ਹੈ।

ਵਿਆਹ ਵਰਗੇ ਰਸੀਲੇ ਰਸਮਾਂ-ਰਿਵਾਜ਼ਾਂ ਵਿੱਚ ਵੀ ਦਿਖਾਵੇ ਦੀ ਭਾਵਨਾਂ ਨਾਲ ਇਹ ਪਹਿਲਾਂ ਨਾਲੋਂ ਵਧੇਰੇ ਖਰਚੀਲੇ ਹੋ ਗਏ ਹਨ। ਲੋਕ ਆਪਣੇ ਘਰਾਂ ਨੂੰ ਛੱਡ ਕੇ ਪੈਲੇਸਾਂ ਵੱਲ ਨੂੰ ਰੁੱਖ ਅਪਣਾ ਚੁੱਕੇ ਹਨ।ਪੱਛਮ


ਦੇ ਪ੍ਰਭਾਵ ਕਾਰਨ ਅਜੋਕਾ ਵਿਆਹ ਘਰਾਂ ਵਿੱਚੋਂ ਨਿਕਲ ਕੇ ਮੈਰਿਜ ਪੈਲੇਸਾਂ ਵਿੱਚ ਜਾ ਵੜਿਆ ਹੈ। ਇਸ ਕਰਕੇ ਵਿਆਹ ਨਾਲ ਸੰਬੰਧਿਤ ਜਿਹੜੇ ਰਸਮ ਰਿਵਾਜ਼ ਘਰਾਂ ਵਿੱਚ ਬੜੇ ਉਤਸ਼ਾਹ ਨਾਲ ਕੀਤੇ ਜਾਂਦੇ ਸਨ ਕਿ ਵਿਆਹ ਨਿਰਵਿਘਨ ਸੰਪੂਰਨ ਹੋਵੇ, ਹੁਣ ਇਹ ਰਸਮ ਰਿਵਾਜ਼ ਮੈਰਿਜ ਪੈਲੇਸਾਂ ਵਿੱਚ ਦਿਖਾਵੇ ਦੀ ਭਾਵਨਾ ਨਾਲ ਕੀਤੇ ਜਾਂਦੇ ਹਨ। ਵਿਸ਼ਵੀਕਰਨ ਦੇ ਦੌਰ ਵਿੱਚ ਨਾਈ ਜਾਂ ਵਿਚੋਲੇ ਨੂੰ ਮਨਫੀ ਕਰ ਦਿੱਤਾ ਗਿਆ ਹੈ। ਸਮੇਂ ਦੇ ਬਦਲਣ ਨਾਲ ਇਹ ਕੰਮ ਸ਼ਹਿਰਾਂ ਵਿੱਚ ਖੁੱਲ੍ਹੇ ਮੈਰਿਜ ਬਿਊਰਾਂ ਨੇ ਸਾਂਭ ਲਿਆ ਹੈ, ਇਹਨਾਂ ਰਾਹੀਂ ਲੜਕੇ-ਲੜਕੀਆਂ ਦੇ ਰਿਸ਼ਤੇ ਕਰਵਾ ਕੇ ਨਗਦੀ ਵਸੂਲੀ ਜਾਂਦੀ ਹੈ, ਪਹਿਲੇ ਸਮੇਂ ਨਾਈ ਨੂੰ ਸ਼ਰਧਾ ਅਨੁਸਾਰ ਗੁੜ, ਕੱਪੜੇ ਜਾਂ ਨਗਦੀ ਦਿੱਤੀ ਜਾਂਦੀ ਸੀ, ਪਰ ਇਹ ਲੋਕ ਮੋਟਾ ਪੈਸਾ ਵਸੂਲਦੇ ਹਨ। ਮਲਟੀ ਮੀਡੀਆ ਦਾ ਜ਼ਮਾਨਾ ਹੋਣ ਕਰਕੇ ਹੁਣ ਅਖਬਾਰਾਂ ਵਿੱਚ ਇਸ਼ਤਿਹਾਰ ਦਿੱਤੇ ਜਾ ਰਹੇ ਹਨ। ਇੰਟਰਨੈੱਟ ਅਤੇ ਫੋਨ ਦਾ ਜਮਾਨਾ ਹੋਣ ਕਰਕੇ ਲੜਕੇ ਲੜਕੀਆਂ ਫੇਸਬੁੱਕ, ਐਂਸਟਾਗ੍ਰਾਮ ਆਦਿ ਰਾਹੀਂ ਇੱਕ ਦੂਜੇ ਨੂੰ ਪਸੰਦ ਕਰ ਲੈਂਦੇ ਹਨ, ਇੱਥੇ ਆ ਕੇ ਵਿਚੋਲੇ, ਨਾਈ ਅਤੇ ਘਰ ਪਰਿਵਾਰ ਜਾਂ ਰਿਸ਼ਤੇਦਾਰਾਂ ਨੂੰ ਵਿਸਾਰ ਕੇ ਆਨਲਾਈਨ ਹੀ ਰਿਸ਼ਤੇ ਤੈਅ ਕਰ ਲੈਂਦੇ ਹਨ। ਬਹੁਤ ਕੁੱਝ ਠੀਕ ਹੋਣ ਦੇ ਨਾਲ-ਨਾਲ ਇਹੋ ਜਿਹੇ ਕੀਤੇ ਰਿਸ਼ਤਿਆਂ ਵਿੱਚ ਵਿਗਾੜ ਪੈ ਰਹੇ ਹਨ, ਤਲਾਕ ਹੋ ਰਹੇ ਹਨ, ਅਦਾਲਤਾਂ ਚ ਕੇਸ ਚੱਲ ਰਹੇ ਹਨ ਕਿਉਂਕਿ ਆਪਣੀ ਮਰਜੀ ਨਾਲ ਕੀਤੇ ਰਿਸ਼ਤਿਆਂ ਵਿੱਚ ਫਿਰ ਸਮਾਜ ਵੀ ਹਾਮੀ ਨਹੀਂ ਭਰਦਾ ।

ਵਿਸ਼ਵੀਕਰਨ ਦੇ ਦੌਰ ਵਿੱਚ ਜਿੱਥੇ ਜਨਮ,ਵਿਆਹ ਦੀਆਂ ਰਸਮਾਂ ਵਿੱਚ ਤਬਦੀਲੀ ਹੋਈ ਮਿਲਦੀ ਹੈ ਉੱਥੇ ਮੌਤ ਵਰਗੀਆਂ ਗਮਹੀਣ ਰਸਮਾਂ ਰਿਵਾਜ਼ਾਂ ਵਿੱਚ ਵੀ ਤਬਦੀਲੀ ਆਈ ਹੈ। ਮੌਤ ਜਿੰਦਗੀ ਦਾ ਅੰਤਿਮ ਪੜਾਅ ਹੈ। ਜਿੱਥੇ ਆ ਕੇ ਸਭ ਕੁੱਝ ਖਤਮ ਹੋ ਜਾਂਦਾ ਹੈ। ਇਸ ਨਾਲ ਜੁੜੇ ਰਸਮ ਰਿਵਾਜ ਮ੍ਰਿਤਕ ਦੇ ਰਿਸ਼ਤੇਦਾਰਾਂ ਨੂੰ ਗਮ ਸਹਿਣ ਦਾ ਬਲ ਦਿੰਦੇ ਹਨ। ਅਜੋਕੇ ਦੌਰ ਵਿੱਚ ਸਾਂਝਾਂ ਪਹਿਲਾਂ ਨਾਲੋਂ ਤਿੜਕ ਚੁੱਕੀਆਂ ਹਨ। ਪਿੰਡ ਭਾਈਚਾਰੇ ਤੋਂ ਅਗਾਂਹ ਪਰਿਵਾਰਕ ਸਾਂਝਾਂ ਵੀ ਟੁੱਟ ਗਈਆਂ ਹਨ। ਪਹਿਲੇ ਸਮਿਆਂ ਵਾਂਗ ਹੁਣ ਸੋਗ ਕਈ-ਕਈ ਦਿਨਾਂ ਤੱਕ ਨਹੀਂ ਚਲਦੇ। ਮ੍ਰਿਤਕ ਦੀ ਮੌਤ ਤੋਂ ਬਾਅਦ ਕੁੱਝ ਹੀ ਦਿਨਾਂ ਵਿੱਚ ਪਾਠ ਦੇ ਭੋਗ ਪਾ ਦਿੱਤੇ ਜਾਂਦੇ ਹਨ। ਕਈਆਂ ਦੇ ਰਿਸ਼ਤੇਦਾਰ ਵਿਦੇਸ਼ਾਂ ਵਿੱਚ ਵਸਦੇ ਹੋਣ ਕਰਕੇ ਇਸ ਕੰਮ ਨੂੰ ਉਹਨਾਂ ਦੀ ਆਮਦ ਮੁਤਾਬਿਕ ਕੀਤਾ ਜਾਂਦਾ ਹੈ।

ਅਜੋਕੇ ਸਮੇਂ ਦੇ ਵਿੱਚ ਪੁਰਾਣੇ ਸਮੇਂ ਮੁਤਾਬਿਕ ਆਵਾਜਾਈ ਦੇ ਸਾਧਨਾਂ ਦੀ ਕਮੀ ਕਾਰਨ ਜੁੜੀਆਂ ਰਹੁ-ਰੀਤਾਂ ਹੁਣ ਮਨਫੀ ਹੋ ਰਹੀਆਂ ਹਨ। ਅਜੋਕੀ ਪੀੜ੍ਹੀ ਹੁਣ ਕੰਮ ਨੂੰ ਵਿਗਿਆਨਿਕ ਢੰਗ ਨਾਲ ਕਰ ਰਹੀ ਹੈ। ਜਿੱਥੇ ਪਹਿਲਾਂ ਮੁਰਦਿਆਂ ਨੂੰ ਜਲਾਉਣ ਮਣਾਂ-ਮੂੰਹੀ ਬਾਲਣ ਦੀ ਜਰੂਰਤ ਪੈਂਦੀ ਸੀ ਹੁਣ ਆਧੁਨਿਕ ਸਾਧਨਾਂ ਕਰਕੇ ਬਿਜਲੀ ਨਾਲ ਹੀ ਮੁਰਦੇ ਦਾ ਸੰਸਕਾਰ ਕੀਤਾ ਜਾ ਰਿਹਾ ਹੈ। ਅਨੇਕਾਂ ਹੀ ਖਰਚੀਲੀਆਂ ਰਹੁ-ਰੀਤਾਂ ਵਿਸਰ ਚੁੱਕੀਆਂ ਹਨ।

ਤੀਜੇ ਅਧਿਆਇ 'ਵਿਸ਼ਵੀਕਰਨ ਦੇ ਦੌਰ ਵਿੱਚ ਰਸਮਾਂ ਰਿਵਾਜਾਂ ਵਿੱਚ ਹੋਇਆ ਰੁਪਾਂਤਰਨ' ਨੂੰ ਸਮਝਣ ਲਈ ਪੁਸਤਕਾਂ ਦੇ ਨਾਲ-ਨਾਲ ਖੇਤਰੀ ਕਾਰਜ ਵੀ ਕੀਤਾ ਗਿਆ ਹੈ। ਇਸ ਅਧਿਆਇ ਨਾਲ ਸੰਬੰਧਿਤ ਜੋ ਖੇਤਰੀ ਜਾਣਕਾਰੀ ਇਕੱਤਰ ਕੀਤੀ ਗਈ ਹੈ ਉਨ੍ਹਾਂ ਤੋਂ ਪ੍ਰਾਪਤ ਅੰਕੜਿਆਂ ਦਾ ਵਿਸ਼ਲੇਸ਼ਣ ਹੇਠ ਲਿਖੇ ਅਨੁਸਾਰ ਹੈ। ਇਸ ਅਧਿਆਇ ਨੂੰ ਵੀ ਪੰਜ ਪ੍ਰਸ਼ਨਾਂ ਵਿੱਚ ਵੰਡ ਕੇ ਸਰਵੇ ਕੀਤਾ ਗਿਆ ਹੈ। ਪਹਿਲਾ ਪ੍ਰਸ਼ਨ ਇਹ ਪੁੱਛਿਆ ਗਿਆ ਹੈ ਕਿ ਕੀ ਅਜੋਕੇ ਦੌਰ ਵਿੱਚ ਰਸਮਾਂ ਰਿਵਾਜਾਂ ਵਿੱਚ ਬਦਲਾਅ ਹੋਇਆ ਹੈ'? ਇਸ ਪ੍ਰਸ਼ਨ ਦਾ ਉੱਤਰ ਪ੍ਰਾਪਤ ਕਰਨ ਲਈ ਇਸ ਨੂੰ ਪੂਰਨ ਸਹਿਮਤ, ਅੰਸ਼ਿਕ ਸਹਿਮਤ, ਪੂਰਨ ਅਸਹਿਮਤ ਅਤੇ ਅੰਸ਼ਿਕ ਅਸਹਿਮਤ ਆਪਸ਼ਨਾਂ ਵਿੱਚ ਵੰਡਿਆ ਗਿਆ ਹੈ।


| ਅਜੋਕੇ ਦੌਰ ਵਿਚ ਰਸਮਾਂ-ਰਿਵਾਜ਼ਾਂ ਵਿਚ ਬਦਲਾਵ ਹੋਇਆ ਹੈ ? | | | |
|---|---|---|---|
| ਪੂਰਨ ਸਹਿਮਤ | ਅੰਸ਼ਿਕ ਸਹਿਮਤ | ਪੂਰਨ ਅਸਹਿਮਤ | ਅੰਸ਼ਿਕ ਅਸਹਿਮਤ |
| 130 | 20 | 0 | 0 |



150 ਵਿਅਕਤੀਆਂ ਤੋਂ ਪ੍ਰਾਪਤ ਅੰਕੜਿਆਂ ਵਿੱਚੋਂ 130 ਵਿਅਕਤੀ ਇਸ ਗੱਲ ਨਾਲ ਸਹਿਮਤ ਹਨ ਕਿ ਅਜੋਕੇ ਦੌਰ ਵਿੱਚ ਰਸਮਾਂ ਰਿਵਾਜਾਂ ਵਿੱਚ ਬਦਲਾਅ ਹੋਇਆ ਹੈ। ਜਿਸ ਦਾ 87 ਪ੍ਰਤੀਸ਼ਤ ਬਣਦਾ ਹੈ। ਜਦ ਕਿ ਅੰਸ਼ਿਕ ਸਹਿਮਤ ਵਿੱਚ 20 ਵਿਅਕਤੀ ਸ਼ਾਮਲ ਹਨ ਜਿਸ ਦਾ 13 ਪ੍ਰਤੀਸ਼ਤ ਬਣਦਾ ਹੈ। ਪੂਰਨ ਅਸਹਿਮਤ ਅਤੇ ਅੰਸ਼ਿਕ ਅਸਹਿਮਤ ਵਿਚ ਕੋਈ ਵੀ ਵਿਅਕਤੀ ਸ਼ਾਮਲ ਨਹੀਂ ਹਨ। ਪ੍ਰਾਪਤ ਅੰਕੜਿਆਂ ਦੇ ਆਧਾਰ ਤੇ ਕਿਹਾ ਜਾ ਸਕਦਾ ਹੈ ਕਿ ਅਜੋਕੇ ਦੌਰ ਵਿੱਚ ਰਸਮਾਂ ਰਿਵਾਜਾਂ ਵਿੱਚ ਬਦਲਾਅ ਹੋਇਆ ਹੈ।

ਤੀਸਰੇ ਅਧਿਆਇ ਨਾਲ ਸੰਬੰਧਿਤ ਦੂਸਰਾ ਪ੍ਰਸ਼ਨ ਇਹ ਇਹ ਪੁੱਛਿਆ ਗਿਆ ਹੈ ਕਿ ਰਸਮਾਂ ਰਿਵਾਜਾਂ ਵਿੱਚ ਆਏ ਬਦਲਾਅ ਦਾ ਮੂਲ ਕਾਰਨ ਕੀ ਹੈ ? ਇਸ ਦਾ ਉੱਤਰ ਪ੍ਰਾਪਤ ਕਰਨ ਲਈ ਇਸ ਨੂੰ ਵੀ ਚਾਰ ਆਪਸ਼ਨਾਂ ਵਿੱਚ ਵੰਡਿਆ ਗਿਆ ਹੈ ਪਦਾਰਥਵਾਦ, ਤਕਨਾਲੋਜੀ, ਵਿਅਸਤ ਜੀਵਨ ਸ਼ੈਲੀ ਅਤੇ ਚੌਥੀ ਵਿਚ ਕੋਈ ਹੋਰ।


| **ਰਸਮਾਂ-ਰਿਵਾਜ਼ਾਂ ਵਿਚ ਆਏ ਬਦਲਾਵ ਦਾ ਮੂਲ ਕਾਰਨ ਕੀ ਹੈ ?** | | | |
|---|---|---|---|
| ਪਦਾਰਥਵਾਦ | ਤਕਨਾਲੋਜੀ | ਵਿਅਸਤ ਜੀਵਨ ਸ਼ੈਲੀ | ਹੋਰ |
| 68 | 32 | 49 | 1 |



150 ਵਿਅਕਤੀਆਂ ਤੋਂ ਇਕੱਤਰ ਕੀਤੇ ਡਾਟੇ ਵਿਚੋਂ 68 ਵਿਅਕਤੀ ਪਦਾਰਥਵਾਦ ਨੂੰ ਇਸ ਦਾ ਕਾਰਨ ਮੰਨਦੇ ਹਨ ਜਿਸ ਦਾ 45 ਪ੍ਰਤੀਸ਼ਤ ਬਣਦਾ ਹੈ। ਜਦ ਕਿ 32 ਵਿਅਕਤੀ ਤਕਨਾਲੋਜੀ ਨੂੰ ਇਸ ਦਾ ਕਾਰਨ ਮੰਨਦੇ ਹਨ ਜਿਸ ਦਾ 31 ਪ੍ਰਤੀਸ਼ਤ ਬਣਦਾ ਹੈ 49 ਵਿਅਕਤੀ ਵਿਅਸਤ ਜੀਵਨ ਸ਼ੈਲੀ ਨੂੰ ਇਸ ਦਾ ਕਾਰਨ ਮੰਨਦੇ ਹਨ ਜਿਸ ਦਾ 33 ਪ੍ਰਤੀਸ਼ਤ ਬਣਦਾ ਹੈ ਅਤੇ 1 ਵਿਅਕਤੀ ਕਿਸੇ ਹੋਰ ਕਾਰ ਨੂੰ ਇਸ ਦਾ ਕਾਰਨ ਮੰਨਦਾ ਹੈ ਜਿਸ  ਦਾ 1ਪ੍ਰਤੀਸ਼ਤ ਬਣਦਾ ਹੈ। ਉਪਰੋਕਤ ਪ੍ਰਾਪਤ ਅੰਕੜਿਆਂ ਦੇ ਆਧਾਰ ਤੇ ਇਹ ਕਿਹਾ ਜਾ ਸਕਦਾ ਹੈ ਕਿ ਰਸਮਾਂ ਰਿਵਾਜਾਂ ਵਿੱਚ ਆਏ ਬਦਲਾਅ ਦਾ ਮੂਲ ਕਾਰਨ ਪਦਾਰਥਵਾਦ, ਵਿਅਸਤ ਜੀਵਨ ਸ਼ੈਲੀ ਅਤੇ ਤਕਨਾਲੋਜੀ ਆਦਿ ਸ਼ਾਮਿਲ ਹਨ।

ਤੀਸਰੇ ਅਧਿਆਇ ਨਾਲ ਸੰਬੰਧਿਤ ਅਗਲਾ ਪ੍ਰਸ਼ਨ ਇਹ ਸਾਂਝਾ ਕੀਤਾ ਗਿਆ ਹੈ ਕਿ ਕੀ ਅਜੋਕੇ ਦੌਰ ਵਿੱਚ ਰਸਮਾਂ ਰਿਵਾਜਾਂ ਵਿੱਚ ਦਿਖਾਵੇ ਦੀ ਭਾਵਨਾ ਵਧੀ ਹੈ ? ਇਸ ਪ੍ਰਸ਼ਨ ਦਾ ਉੱਤਰ ਪ੍ਰਾਪਤ ਕਰਨ ਲਈ ਇਸ ਨੂੰ ਵੀ ਚਾਰ ਆਪਸ਼ਨਾਂ ਵਿੱਚ ਵੰਡਿਆ ਗਿਆ ਹੈ ਪਹਿਲੀ ਵਿੱਚ ਪੂਰਨ ਸਹਿਮਤ ਦੂਸਰੀ ਵਿੱਚ ਅੰਸ਼ਿਕ ਸਹਿਮਤ ਤੀਸਰੀ ਵਿੱਚ ਪੂਰਨ ਅਸਹਿਮਤ ਅਤੇ ਚੌਥੀ ਵਿਚ ਅੰਸ਼ਿਕ ਅਸਹਿਮਤ ਸ਼ਾਮਲ ਹਨ।


| **ਕੀ ਅਜੋਕੇ ਦੌਰ ਵਿਚ ਰਸਮਾਂ-ਰਿਵਾਜ਼ਾਂ ਵਿਚ ਦਿਖਾਵੇ ਦੀ ਭਾਵਨਾ ਵਧੀ ਹੈ ?** | | | |
|---|---|---|---|
| ਪੂਰਨ ਸਹਿਮਤ | ਅੰਸ਼ਿਕ ਸਹਿਮਤ | ਪੂਰਨ ਅਸਹਿਮਤ | ਅੰਸ਼ਿਕ ਅਸਹਿਮਤ |
| 98 | 49 | 3 | 0 |



150 ਵਿਅਕਤੀਆਂ ਦੀ ਰਾਏ ਜਾਨਣ ਤੋਂ ਬਾਅਦ ਪਤਾ ਲੱਗਿਆ ਹੈ ਕਿ ਪੂਰਨ ਸਹਿਮਤ ਵਿੱਚ 98 ਵਿਅਕਤੀ ਸ਼ਾਮਲ ਹਨ ਜਿਸ ਦਾ 65 ਪ੍ਰਤੀਸ਼ਤ ਬਣਦਾ ਹੈ। ਅੰਸ਼ਿਕ ਸਹਿਮਤ ਵਿਚ 49 ਵਿਅਕਤੀ ਹਨ ਜਿਸ ਦਾ 33ਪ੍ਰਤੀਸ਼ਤ ਬਣਦਾ ਹੈ। ਪੂਰਨ ਸਹਿਮਤ ਵਿਚ 3 ਵਿਅਕਤੀ ਹਨ ਜਿਸ ਦਾ 2 ਪ੍ਰਤੀਸ਼ਤ ਬਣਦਾ ਹੈ। ਪ੍ਰਾਪਤ ਅੰਕੜਿਆਂ ਦੇ ਆਧਾਰ ਤੇ ਕਿਹਾ ਜਾ ਸਕਦਾ ਹੈ ਕਿ ਅਜੋਕੇ ਦੌਰ ਵਿੱਚ ਰਸਮਾਂ ਰਿਵਾਜਾਂ ਵਿੱਚ ਦਿਖਾਵੇ ਦੀ ਭਾਵਨਾ ਵਧੀ ਹੈ।

ਤੀਸਰੇ ਅਧਿਆਏ ਨਾਲ ਸਬੰਧਿਤ ਖੇਤਰੀ ਕਾਰਜ ਵਿੱਚ ਇਹ ਵੀ ਜਾਣਨ ਦੀ ਕੋਸ਼ਿਸ਼ ਕੀਤੀ ਗਈ ਹੈ ਕਿ ਕੀ ਅਜੋਕੇ ਦੌਰ ਵਿੱਚ ਰਸਮਾਂ ਰਿਵਾਜਾਂ ਦੇ ਨਿਭਾਉ ਵੇਲੇ ਨਜ਼ਦੀਕੀ ਰਿਸ਼ਤੇਦਾਰੀਆਂ ਦੀ ਸ਼ਮੂਲੀਅਤ ਘੱਟ ਅਤੇ ਦੋਸਤਾਂ ਮਿੱਤਰਾਂ ਦੀ ਸ਼ਮੂਲੀਅਤ ਵਧੇਰੇ ਹੋ ਰਹੀ ਹੈ? ਇਸ ਪ੍ਰਸ਼ਨ ਦਾ ਉੱਤਰ ਪ੍ਰਾਪਤ ਕਰਨ ਲਈ ਇਸ ਨੂੰ ਪੂਰਨ ਸਹਿਮਤ, ਅੰਸ਼ਿਕ ਸਹਿਮਤ, ਪੂਰਨ ਅਸਹਿਮਤ ਅਤੇ ਅੰਸ਼ਿਕ ਅਸਹਿਮਤ ਵਰਗਾਂ ਵਿਚ ਵੰਡਿਆ ਗਿਆ ਹੈ।


| **ਕੀ ਅਜੋਕੇ ਦੌਰ ਵਿਚ ਰਸਮਾਂ-ਰਿਵਾਜ਼ਾਂ ਦੇ ਨਿਭਾਉ ਵੇਲੇ ਨਜ਼ਦੀਕੀ ਰਿਸ਼ਤੇਦਾਰੀਆਂ ਦੀ ਸ਼ਮੂਲੀਅਤ ਘੱਟ ਅਤੇ ਦੋਸਤਾਂ ਮਿੱਤਰਾਂ ਦੀ ਸ਼ਮੂਲੀਅਤ ਵਧੇਰੇ ਹੋ ਰਹੀ ਹੈ ?** | | | |
|---|---|---|---|
| ਪੂਰਨ ਸਹਿਮਤ | ਅੰਸ਼ਿਕ ਸਹਿਮਤ | ਪੂਰਨ ਅਸਹਿਮਤ | ਅੰਸ਼ਿਕ ਅਸਹਿਮਤ |
| 95 | 53 | 1 | 1 |



150 ਵਿਅਕਤੀਆਂ ਦੀ ਰਾਏ ਜਾਨਣ ਤੋਂ ਬਾਅਦ ਪਤਾ ਲੱਗਾ ਹੈ ਕਿ 95 ਵਿਅਕਤੀ ਇਸ ਗੱਲ ਨਾਲ ਪੂਰਨ ਸਹਿਮਤ ਹਨ ਜਿਸ ਦਾ 63 ਪ੍ਰਤੀਸ਼ਤ ਬਣਦਾ ਹੈ। 53 ਵਿਅਕਤੀ ਅੰਸ਼ਿਕ ਸਹਿਮਤ ਹਨ ਜਿਸ ਦਾ 35 ਪ੍ਰਤੀਸ਼ਤ ਬਣਦਾ ਹੈ। ਇਕ ਇਕ ਵਿਅਕਤੀ ਪੂਰਨ ਅਤੇ ਅੰਸ਼ਿਕ ਅਸਹਿਮਤ ਵਾਲੇ ਹਨ ਜਿਸ ਦਾ ਕ੍ਰਮਵਾਰ 1-1 ਪ੍ਰਤੀਸ਼ਤ ਬਣਦਾ ਹੈ। ਪ੍ਰਾਪਤ ਅੰਕੜਿਆਂ ਦੇ ਆਧਾਰ ਤੇ ਕਿਹਾ ਜਾ ਸਕਦਾ ਹੈ ਕਿ ਅਜੋਕੇ ਦੌਰ ਵਿੱਚ ਰਸਮਾਂ ਰਿਵਾਜਾਂ ਦੇ ਨਿਭਾਓ ਵੇਲੇ ਨਜ਼ਦੀਕੀ ਰਿਸ਼ਤੇਦਾਰੀਆਂ ਦੀ ਸ਼ਮੂਲੀਅਤ ਘੱਟ ਅਤੇ ਦੋਸਤਾਂ ਮਿੱਤਰਾਂ ਦੀ ਸ਼ਮੂਲੀਅਤ ਵਧੇਰੇ ਹੋ ਰਹੀ ਹੈ।

ਤੀਸਰੇ ਅਧਿਆਏ ਨਾਲ ਅਗਲਾ ਨੁਕਤਾ ਇਹ ਸਾਂਝਾ ਕੀਤਾ ਗਿਆ ਹੈ ਕਿ ਕੀ ਅਜੋਕੇ ਸਮੇਂ ਦੌਰਾਨ ਹੁੰਦੀਆਂ ਰਸਮਾਂ ਬਹੁਤ ਖ਼ਰਚੀਲੀਆਂ ਹੋ ਗਈਆਂ ਹਨ ? ਇਸ ਪ੍ਰਸ਼ਨ ਦਾ ਉੱਤਰ ਪ੍ਰਾਪਤ ਕਰਨ ਲਈ ਇਸ ਨੂੰ ਵੀ ਚਾਰ ਆਪਸ਼ਨਾਂ ਵਿੱਚ ਵੰਡਿਆ ਗਿਆ ਹੈ। ਪੂਰਨ ਸਹਿਮਤ, ਅੰਸ਼ਿਕ ਸਹਿਮਤ, ਪੂਰਨ ਅਸਹਿਮਤ ਅਤੇ ਅੰਸ਼ਿਕ ਅਸਹਿਮਤ।

| ਕੀ ਅਜੋਕੇ ਸਮੇਂ ਦੌਰਾਨ ਹੁੰਦੀਆਂ ਰਸਮਾਂ ਬਹੁਤ ਖਰਚੀਲੀਆਂ ਹੋ ਗਈਆਂ ਹਨ ? | | | |
|---|---|---|---|
| ਪੂਰਨ ਸਹਿਮਤ | ਅੰਸ਼ਿਕ ਸਹਿਮਤ | ਪੂਰਨ ਅਸਹਿਮਤ | ਅੰਸ਼ਿਕ ਅਸਹਿਮਤ |
| 103 | 44 | 3 | 0 |



ਸਰਵੇ ਅਨੁਸਾਰ 150 ਵਿਅਕਤੀਆਂ ਤੋਂ ਇਕੱਤਰ ਕੀਤੇ ਡਾਟੇ ਦੇ ਆਧਾਰ ਤੇ 103 ਵਿਅਕਤੀ ਪੂਰਨ ਸਹਿਮਤ ਹਨ, ਜਿਸ ਦਾ 69ਪ੍ਰਤੀਸ਼ਤ ਬਣਦਾ ਹੈ। ਅੰਸ਼ਿਕ ਸਹਿਮਤ ਵਿਚ 44 ਵਿਅਕਤੀ ਹਨ ਜਿਸ ਦਾ 29 ਪ੍ਰਤੀਸ਼ਤ ਬਣਦਾ ਹੈ  ਅਤੇ ਪੂਰਨ ਅਸਹਿਮਤ ਵਿਚ 3 ਵਿਅਕਤੀ ਸ਼ਾਮਲ ਹਨ ਜਿਸ ਦਾ 2 ਪ੍ਰਤੀਸ਼ਤ ਬਣਦਾ ਹੈ। ਪ੍ਰਾਪਤ ਅੰਕੜਿਆਂ ਦੇ ਆਧਾਰ ਤੇ ਕਿਹਾ ਜਾ ਸਕਦਾ ਹੈ ਕਿ ਅਜੋਕੇ ਸਮੇਂ ਦੌਰਾਨ ਹੁੰਦੀਆਂ ਰਸਮਾਂ ਰੀਤਾਂ ਬਹੁਤ ਖਰਚੀਲੀਆਂ ਹੋ ਗਈਆਂ ਹਨ।

# ਅਧਿਆਇ ਚੌਥਾ

## ਵਿਸ਼ਵੀਕਰਨ ਦੇ ਦੌਰ ਵਿਚ ਪੰਜਾਬੀ ਲੋਕ-ਧੰਦਿਆਂ ਵਿਚ ਹੋਇਆ ਰੂਪਾਂਤਰਨ

ਲੋਕ ਕਿੱਤੇ ਜਾਂ ਲੋਕ ਧੰਦੇ ਤੋ ਭਾਵ ਉਹ ਕਿਰਤ ਹੈ, ਜਿਹੜੀ ਲੋਕ ਆਪਣੇ ਹੱਥਾਂ ਨਾਲ ਕਰਦੇ ਹਨ। ਦੂਜੇ ਸ਼ਬਦਾਂ ਵਿਚ ਲੋਕ ਕਿੱਤੇ ਤੋਂ ਭਾਵ ਲੋਕਾਂ ਦੁਆਰਾ ਅਪਣਾਏ ਗਏ ਸ਼ਿਲਪ ਤੇ ਕਲਾ ਦੇ ਸੁਮੇਲ ਤੋਂ ਬਣੇ ਉਹ ਕਿਰਤ ਸਾਧਨਾਂ ਤੋਂ ਹੈ, ਜਿਸ ਨਾਲ ਉਹ ਆਪਣੀ ਉਪਜੀਵਕਾ ਕਮਾਉਂਦੇ ਹਨ। ਲੋਕ ਕਿੱਤਾ ਵਿਅਕਤੀਗਤ ਹੁੰਦਾ ਹੋਇਆ ਵੀ ਸਮੂਹਿਕ ਸਿਰਜਣਾ ਦਾ ਦਰਜਾ ਪ੍ਰਾਪਤ ਕਰ ਲੈਂਦਾ ਹੈ। ਕਿੱਤੇ ਜਾਂ ਧੰਦੇ ਵਿੱਚ ਇੱਕ ਖ਼ਾਸ ਉਸਤਾਦੀ ਵੀ ਹੁੰਦੀ ਹੈ, ਜਿਹੜੀ ਹੱਥ ਦੀ ਕਲਾ ਨਾਲ ਸਿਰਜੀ ਜਾਂਦੀ ਹੈ। ਇੰਜ ਇਹ ਉਹ ਦਸਤਕਾਰੀ ਵੀ ਬਣ ਜਾਂਦੀ ਹੈ, ਜੀਹਦੇ ਨਾਲ ਕੋਈ ਕਾਮਾ ਆਪਣੀ ਰੋਜ਼ੀ ਕਮਾਉਂਦਾ ਹੈ। ਇਸ ਤਰ੍ਹਾਂ ਪੰਜਾਬੀ ਸੱਭਿਆਚਾਰ ਵਿੱਚ ਉਹ ਸਾਰੇ ਲੋਕ ਜਿਹੜੇ ਆਪਣੀ ਰੋਜ਼ੀ ਰੋਟੀ ਲਈ ਵੱਖ-ਵੱਖ ਧੰਦਿਆਂ ਵਿੱਚ ਲੱਗੇ ਹੋਣ, ਲੋਕ ਕਿੱਤਾਕਾਰ ਕਹਾਉਂਦੇ ਹਨ। ਜਿਵੇਂ ਲੁਹਾਰ, ਤਰਖਾਣ, ਸੁਨਿਆਰ, ਚਮਿਆਰ, ਠਠਿਆਰ, ਜੁਲਾਹੇ, ਛੀਂਬੇ, ਨਾਈ, ਬਾਜੀਗਰ, ਝਿਊਰ, ਦਰਜੀ ਆਦਿ ਆਉਂਦੇ ਹਨ।

ਲੋਕ-ਕਿੱਤੇ ਪ੍ਰਾਚੀਨ ਸਮਿਆਂ ਤੋਂ ਹੀ ਮਨੁੱਖੀ ਰਹਿਤਲ ਦਾ ਹਿੱਸਾ ਰਹੇ ਹਨ। ਇਨ੍ਹਾਂ ਲੋਕ ਕਿੱਤਿਆਂ ਦੀ ਮੁਹਾਰਤ ਕਾਰਨ ਹੀ ਸਮਾਜ ਦਾ ਵਿਕਾਸ ਸੰਭਵ ਹੋ ਸਕਿਆ ਹੈ। ਸ਼ੁਰੂ ਵਿੱਚ ਮਨੁੱਖ ਨੇ ਉਸ ਲੋੜ ਨੂੰ ਸਾਂਝੇ ਰੂਪ ਵਿੱਚ ਪੂਰਾ ਕਰਨ ਦੇ ਯਤਨ ਕੀਤੇ ਹਨ। ਜਿਵੇਂ ਜਿਵੇਂ ਮਨੁੱਖੀ ਵਿਕਾਸ ਹੋਇਆ, ਤਿਵੇਂ ਹੀ ਲੋੜਾਂ ਦੀ ਪੂਰਤੀ ਲਈ ਅਪਣਾਏ ਢੰਗ ਤਰੀਕਿਆਂ ਵਿੱਚ ਵੀ ਤਬਦੀਲੀ ਆਈ। ਜਦੋਂ ਮਨੁੱਖ ਜੰਗਲਾਂ ਅਤੇ ਝੌਂਪੜੀਆਂ ਨੂੰ ਛੱਡ ਕੇ ਪੱਕੇ ਘਰਾਂ ਅਤੇ ਪਿੰਡਾਂ ਸ਼ਹਿਰਾਂ ਦਾ ਨਿਰਮਾਣ ਕਰਨ ਲੱਗਾ, ਉਸ ਸਮੇਂ ਕੰਮਾਂ ਦੀ ਗਿਣਤੀ ਵਿੱਚ ਵਾਧਾ ਹੋਇਆ । ਇਨ੍ਹਾਂ ਕੰਮਾਂ ਵਿਚ ਵੰਡ ਕਾਰਨ ਦੀ ਲੋੜ ਪਈ, ਇਸੇ ਤਰ੍ਹਾਂ ਵੱਖ-ਵੱਖ ਕੰਮਾਂ ਨੂੰ ਸੁਚੱਜੇ ਢੰਗ ਨਾਲ ਕਰਨ ਵਾਲੀਆਂ ਕਾਮਾ ਸ਼੍ਰੇਣੀਆਂ ਹੋਂਦ ਵਿੱਚ ਆਈਆਂ । ਜਦੋਂ ਕੋਈ ਕਾਮਾ ਸ਼੍ਰੇਣੀ ਕਿਸੇ ਇੱਕ ਕੰਮ ਨੂੰ ਲੰਮਾ ਸਮਾਂ ਲਗਾਤਾਰ ਕਰਦੀ ਰਹੀ ਤਾਂ, ਉਸ ਸ਼੍ਰੇਣੀ ਨੂੰ ਉਸ ਦੇ ਕਿੱਤੇ ਦੇ ਨਾਂ ਨਾਲ ਜਾਣਿਆ ਜਾਣ ਲੱਗ ਪਿਆ । ਜਿਸ ਕਾਰਨ ਪੰਜਾਬ ਦੇ ਲੋਕ ਕਿੱਤਿਆਂ ਦੇ ਵੱਖ-ਵੱਖ ਨਾਂ ਪ੍ਰਚੱਲਿਤ ਹੋਏ ।

ਪੀੜ੍ਹੀ ਦਰ ਪੀੜ੍ਹੀ ਚੱਲਣ ਕਾਰਨ ਲੋਕ ਕਿੱਤੇ ਦਾ ਮੁੱਖ ਲੱਛਣ ਪਰੰਪਰਾ ਮੁਖੀ ਹੋਣਾ ਮੰਨਿਆ ਜਾਂਦਾ ਹੈ। ਪ੍ਰੰਪਰਾ ਤੋਂ ਭਾਵ ਸਾਡਾ ਉਹ ਸਮੂਹਿਕ ਸੱਭਿਆਚਾਰਕ ਵਿਰਸਾ ਹੈ, ਜੋ ਅਸੀਂ ਆਪਣੇ ਪੁਰਖਿਆਂ ਤੋਂ ਪ੍ਰਾਪਤ ਕਰਦੇ ਹਾਂ ਇਸ ਤੋਂ ਭਾਵ ਇੱਕ ਪੀੜ੍ਹੀ ਵੱਲੋਂ ਦੂਜੀ ਪੀੜ੍ਹੀ ਨੂੰ ਦਿੱਤੀਆਂ ਗਈਆਂ ਦਸਤੀਆਂ ਸਿੱਖਿਆ ਜਾਂ ਵਿਹਾਰਿਕ ਪ੍ਰਬੰਧ ਨੂੰ ਅਸੀਂ ਪਰੰਪਰਾ ਦੇ ਅਰਥਾਂ ਵਿੱਚ ਲੈਂਦੇ ਹਾਂ। ਕਿੱਤਾ ਪਿਤਾ ਪੁਰਖੀ ਕੰਮ ਹੁੰਦਾ ਹੈ, ਜਿਸ ਨੂੰ ਅਗਲੀ ਪੀੜ੍ਹੀ ਬਗੈਰ ਕਿਸੇ ਉਚੇਚੀ ਸਿਖਲਾਈ ਜਾਂ ਵਿੱਦਿਆ ਰਾਹੀਂ ਆਪਣੀ ਪਹਿਲੀ ਪੀੜ੍ਹੀ ਤੋਂ ਸਿੱਖ ਲੈਂਦੀ ਹੈ ਅਤੇ ਆਉਣ ਵਾਲੀ ਪੀੜ੍ਹੀ ਦੇ ਹੱਥਾਂ ਵਿੱਚ ਦੇ ਜਾਂਦੀ ਹੈ। ਇਸ ਲਈ ਕਿੱਤੇ ਦੀ ਮੁਹਾਰਤ ਅੱਗੇ ਤੋਂ ਅੱਗੇ ਚੱਲਦੀ ਰਹਿੰਦੀ ਹੈ। ਕਿੱਤੇ ਵਿਚ ਕਈ ਵਾਰ ਉਸਤਾਦੀ ਸ਼ਾਗਿਰਦੀ ਦੀ ਪਰੰਪਰਾ ਵੀ ਜਲਦੀ ਹੈ। ਕੁਝ ਨਵੇਂ ਸਿਖਾਂਦਰੂ ਪੁਰਾਣੇ ਅਤੇ ਚੰਗੇ ਉਸਤਾਦਾਂ ਦੀ ਸ਼ਗਿਰਦੀ ਧਾਰਨ ਕਰ ਕੇ ਉਨ੍ਹਾਂ ਪਾਸੋਂ ਕੋਈ ਨਾ ਕੋਈ ਕਿੱਤਾ ਸਿੱਖ ਕੇ, ਉਸ ਨੂੰ ਆਪਣੀ ਉਪਜੀਵਕਾ ਦਾ ਸਾਧਨ ਬਣਾਉਂਦੇ ਹਨ। ਲੋਕ ਕਿੱਤੇ ਜਿੱਥੇ ਲੋਕਾਂ ਦੀ ਰੋਜ਼ੀ ਰੋਟੀ ਦਾ ਸਾਧਨ ਹਨ, ਉੱਥੇ ਇਹ ਲੋਕ ਮਨ ਦੀ ਸੁਹਜ ਭੁੱਖ ਤ੍ਰਿਪਤੀ ਵੀ ਕਰਦੇ ਹਨ।

ਭਾਰਤ ਦੇ ਬਾਕੀ ਰਾਜਾਂ ਵਾਂਗ ਪੰਜਾਬ ਵੀ ਪਿੰਡਾਂ ਦਾ ਦੇਸ਼ ਹੈ। ਇਸ ਲਈ ਲੋਕ ਧੰਦਿਆਂ ਦਾ ਸੰਬੰਧ ਵੀ ਵਧੇਰੇ ਕਰਕੇ ਪਿੰਡਾਂ ਦੇ ਨਾਲ ਹੀ ਹੈ। ਸ਼ਹਿਰਾਂ ਅਤੇ ਕਸਬਿਆਂ ਦੀ ਬਹੁਤੀ ਵਸੋਂ ਦਾ ਪਿਛੋਕੜ ਵੀ ਪਿੰਡ ਹੀ ਹਨ। ਪਿੰਡਾਂ ਵਿੱਚ ਰਹਿੰਦੇ ਲੋਕ ਸਿੱਧੇ ਜਾਂ ਅਸਿੱਧੇ ਤੌਰ ਤੇ ਖੇਤੀਬਾੜੀ ਜਾਂ ਕਿਰਸਾਨੀ ਤੇ ਨਿਰਭਰ ਕਰਦੇ ਹਨ। ਬਹੁਤ ਸਾਰੇ ਅਜਿਹੇ ਲੋਕ ਹਨ ਜੋ ਤਾਂ ਖੁਦ ਭੂਮੀ ਦੇ ਮਾਲਕ ਹਨ ਅਤੇ ਆਪਣੀ ਜ਼ਮੀਨ ਤੇ ਕਾਸ਼ਤ ਕਰਦੇ ਹਨ ਕੁਝ ਅਜਿਹੇ ਲੋਕ ਵੀ ਹਨ ਜਿਨ੍ਹਾਂ ਪਾਸ ਜ਼ਮੀਨ ਦੀ ਮਾਲਕੀ ਤਾਂ ਨਹੀਂ, ਪਰੰਤੂ ਵੱਡੇ ਜ਼ਿਮੀਂਦਾਰਾਂ ਜਾਂ ਜਗੀਰਦਾਰਾਂ ਪਾਸੋਂ ਠੇਕੇ ਜਾਂ ਹਿੱਸੇ ਉੱਪਰ ਜ਼ਮੀਨ ਲੈ ਕੇ ਖੇਤੀਬਾੜੀ ਦਾ ਧੰਦਾ ਕਰਦੇ ਹਨ। ਦੂਜੇ ਪਾਸੇ ਪਿੰਡਾਂ ਵਿਚ ਰਹਿੰਦੇ ਬਹੁਤ ਸਾਰੇ ਅਜਿਹੇ ਲੋਕ ਵੀ ਹਨ ਜੋ ਤਾਂ ਨਾ ਜ਼ਮੀਨਾਂ ਦੇ ਮਾਲਕ ਹਨ ਅਤੇ ਨਾ ਹੀ ਖੇਤੀਬਾੜੀ ਦਾ ਧੰਦਾ ਕਰਦੇ ਹਨ, ਪਰੰਤੂ ਉਨ੍ਹਾਂ ਨੂੰ ਆਪਣੀ ਰੋਜ਼ੀ ਰੋਟੀ ਲਈ ਕਿਸਾਨਾਂ ਉੱਪਰ ਨਿਰਭਰ ਕਰਨਾ ਪੈਂਦਾ ਹੈ ਉਹ ਕਈ ਪ੍ਰਕਾਰ ਦੇ ਧੰਦਿਆਂ ਨਾਲ ਜੁੜੇ ਹੋਏ ਹਨ। ਹੱਥਲੇ ਅਧਿਆਏ ਨੂੰ ਸਮਝਣ ਦੇ ਲਈ ਇਸ ਨੂੰ ਤਿੰਨ ਭਾਗਾਂ ਵਿੱਚ ਵੰਡ ਕੇ ਪੇਸ਼ ਕੀਤਾ ਜਾ ਰਿਹਾ ਹੈ।

**I**

ਮੇਰਾ ਪਿੰਡ ਪੁਸਤਕ ਦਾ ਅਧਿਐਨ ਕੀਤਿਆਂ ਪਤਾ ਚਲਦਾ ਹੈ ਕਿ ਇਸ ਵਿੱਚ ਲੇਖਕ ਨੇ ਲੋਕ ਧੰਦਿਆਂ ਨਾਲ ਸਬੰਧਿਤ 'ਆਹਰ ਪਾਹਰ' ਸਿਰਲੇਖ ਹੇਠ ਇੱਕ ਪਾਠ ਲਿਖਿਆ ਹੈ ਜਿਸ ਵਿੱਚੋਂ ਲੋਕ ਧੰਦਿਆਂ ਬਾਰੇ ਜਾਣਕਾਰੀ ਮਿਲਦੀ ਹੈ। 'ਮੇਰਾ ਪਿੰਡ' ਪੁਸਤਕ ਵਿਚ ਗਿਆਨੀ ਗੁਰਦਿੱਤ ਸਿੰਘ ਨੇ ਕੰਮ ਧੰਦਿਆਂ ਦੀ ਵੰਡ ਇਸ ਪ੍ਰਕਾਰ ਕੀਤੀ ਹੈ :

> ਮੇਰੇ ਪਿੰਡ ਦੇ ਕੰਮ ਧੰਦੇ ਜਾਂ ਆਹਰ ਪਾਹਰ ਦੀ ਪਹਿਲੀ ਵੰਡ ਇਸਤਰੀ ਅਤੇ ਪੁਰਸ਼ਾਂ ਵਿੱਚ ਕੀਤੀ ਹੈ, ਫਿਰ ਵੱਖ-ਵੱਖ ਜਾਤੀਆਂ ਦੇ ਆਧਾਰ 'ਤੇ ਇਸਤਰੀਆਂ ਘਰ ਦਾ ਚੁੱਲ੍ਹਾ ਚੌਂਕਾ, ਰੋਟੀ ਟੁੱਕ, ਗੋਹਾ-ਕੂੜਾ, ਘਰ ਸਾਫ਼ ਕਰਨ ਤੋਂ ਲੈ ਕੇ ਪਸ਼ੂਆਂ ਦੀ ਸੰਭਾਲ ਤੇ ਦੁੱਧ ਬਾਹਰ ਦਾ ਆਹਰ ਪਾਹਰ ਵਿੱਚ ਲੱਗੀਆਂ ਰਹਿੰਦੀਆਂ ਹਨ। ਮਨੁੱਖ ਖੇਤੀਬਾੜੀ ਤੇ ਹੋਰ ਕੰਮ ਦਿਹਾੜੀ ਮਿਹਨਤ ਮਜ਼ਦੂਰੀ ਵਾਲੇ ਧੰਦੇ ਕਰਕੇ ਖੱਟੀ ਕਮਾਈ ਕਰ ਕੇ ਘਰ ਲਿਆਉਂਦੇ ਹਨ । ਸੁਆਣੀਆਂ ਘਰ ਚਲਾਉਂਦੀਆਂ ਹਨ। (58)

ਪੁਸਤਕ ਦਾ ਅਧਿਐਨ ਕੀਤਿਆਂ ਪਤਾ ਚਲਦਾ ਹੈ ਕਿ ਹਰ ਜਾਤੀ ਨੂੰ ਆਪਣਾ ਕਿੱਤਾ ਇਸ਼ਟ ਦੇਵ ਵਾਂਗ ਪਵਿੱਤਰ ਗੌਰਵਮਈ ਹੋਣ ਦਾ ਮਾਣ ਹੈ ਤੇ ਜਿਸ ਤੇ ਸਭਨਾਂ ਨੂੰ ਆਪੋ ਆਪਣੇ ਕੰਮ ਦੀ ਖਾਨਦਾਨੀ ਗਿਆਨ ਦਾ ਅਭਿਮਾਨ ਹੈ। ਹਰ ਜਾਤੀ ਦੇ ਲੋਕ ਆਪਣੇ ਕੰਮ ਦੇ ਹੁਨਰ ਤੇ ਉਸ ਦੀ ਨਿਪੁੰਨਤਾ ਦੇ ਗੁੱਝੇ ਭੇਦਾਂ ਤੇ ਪੇਚਦਾਰ ਰਹੱਸਾਂ ਉੱਤੇ ਇਤਨਾ ਗਰਭ ਰੱਖਦੇ ਹਨ ਕਿ ਜਿਵੇਂ ਉਨ੍ਹਾਂ ਅੰਦਰ ਛੁਪੇ ਨਾਗ ਮੰਨੀਆਂ ਦੇ ਭੰਡਾਰ ਹੋਣ।

ਅਧਿਐਨ ਅਧੀਨ, ਵਿਸ਼ਵੀਕਰਨ ਦੇ ਦੌਰ ਤੋਂ ਪਹਿਲਾਂ ਦੀਆਂ ਪੁਸਤਕਾਂ ਵਿਚੋਂ ਮੇਰਾ ਪਿੰਡ ਪੁਸਤਕ ਵਿੱਚ ਗਿਆਨੀ ਗੁਰਦਿੱਤ ਸਿੰਘ ਨੇ ਅਲੱਗ ਅਲੱਗ ਕਿੱਤਿਆਂ ਨਾਲ ਜੁੜੇ ਕਿੱਤਾਕਾਰਾਂ ਦਾ ਵਰਨਣ ਕੀਤਾ ਹੈ। ਜਿਵੇਂ ਲੁਹਾਰ ਲੋਹੇ ਨੂੰ ਤਲਪਣ ਦਾ ਕੰਮ ਕਰਦਾ ਹੈ। ਤਰਖਾਣ ਹਰ ਤਰ੍ਹਾਂ ਦੀ ਲੱਕੜੀ ਦਾ ਕੰਮ ਕਰਦਾ ਹੈ। ਘੁਮਿਆਰ ਮਿੱਟੀ ਦੇ ਭਾਂਤ-ਭਾਂਤ ਦੇ ਬਰਤਨ ਤਿਆਰ ਕਰਦਾ ਹੈ। ਝਿਊਰ ਸਵੇਰੇ ਸ਼ਾਮ ਲੋਕਾਂ ਦੇ ਘਰਾਂ ਵਿੱਚ ਪਾਣੀ ਭਰਦਾ ਹੈ। ਇਸ ਤੋਂ ਵੀ ਅਗਾਂਹ ਖੂਹ ਵਿਚ ਡਿੱਗੇ ਬੋਕੇ ਜਾਂ ਡੋਲ ਬਾਲਟੀ ਨੂੰ ਕੱਢਦਾ ਹੈ। ਪਿੰਡ ਦਾ

ਚਮਿਆਰ ਤਿੱਲੇਦਾਰ ਜੁੱਤੀ ਬਣਾਉਣ ਵਿੱਚ ਮਾਹਿਰ ਹੈ। ਪਿੰਡ ਦਾ ਬਾਣੀਆ ਮਾਲ ਝੁਕਦੇ ਪਲੜੇ ਵਿੱਚ ਦਿੰਦਾ ਹੈ, ਪਰ ਉਸਦੀ ਚਤਰਾਈ ਘੱਟ ਤੋਲਣ ਵਿਚ ਹੈ। ਜੱਟ ਬਾਣੀਏ ਵਾਂਗ ਚਤਰਾਈ ਨਾਲ ਹੱਟੀ ਨਹੀਂ ਚਲਾ ਸਕਦੇ। ਜੱਟ ਨੂੰ ਹਲ ਵਾਹੁਣ ਦੀ ਮੁਹਾਰਤ ਹੈ। ਨਾਈ ਨੂੰ ਹੱਥਾਂ ਪੈਰਾਂ ਦੇ ਨਹੁੰ ਲਾਹੁਣ ਵਿਚ ਮੁਹਾਰਤ ਹੈ ਅਤੇ ਭਾਂਤ-ਭਾਂਤ ਦੀਆਂ ਹਜ਼ਾਮਤਾਂ ਕਰਨ ਵਿੱਚ ਵੀ ਮੁਹਾਰਤ ਹਾਸਿਲ ਹੈ। ਇਸ ਬਾਰੇ 'ਮੇਰਾ ਪਿੰਡ' ਪੁਸਤਕ ਵਿਚੋਂ ਗਿਆਨੀ ਗੁਰਦਿੱਤ ਸਿੰਘ ਦਾ ਵਿਚਾਰ ਹੈ:

> ਮੇਰੇ ਪਿੰਡ ਦੀ ਅਰਥ ਵਿਵਸਥਾ ਲੋਕਾਂ ਦੇ ਹੱਥੀਂ ਕਰਨ ਵਾਲੇ ਕੰਮ ਧੰਦਿਆਂ ਉੱਤੇ ਨਿਰਭਰ ਹੈ ਤੇ ਕੰਮ ਧੰਦੇ ਉੱਥੋਂ ਦੇ ਲੋਕਾਂ ਦੀਆਂ ਜਨਮ ਜਾਤਾਂ ਨਾਲ ਓਤਪੋਤ ਹਨ। ਇਸ ਲਈ ਕੰਮ ਧੰਦਿਆਂ ਦੀ ਵੰਡ ਮੇਰੇ ਪਿੰਡ ਦੇ ਜਾਤੀ ਜਮਾਤੀ ਕਿੱਤਿਆਂ ਵਿੱਚ ਪਹੁੰਚੀ ਹੋਈ ਹੈ। ਰਵਾਇਤੀ ਤੌਰ ਤੇ ਜਿਸ ਕਿੱਤੇ ਨੂੰ ਲੋਕ ਕਰਦੇ ਹਨ, ਉਸ ਜਾਤੀ ਦਾ ਪੁਸ਼ਤਾਂ ਤੋਂ ਉਹੀ ਕੰਮ ਚੱਲਿਆ ਆ ਰਿਹਾ ਹੈ।
>
> ਜਿਸ ਕਾ ਕਾਮ ਉਸੀ ਕੋ ਸਾਜੈ
>
> ਔਰ ਕਰੇਂ ਤਾਂ ਠੇਂਗਾ ਬਾਜ਼ੈ। (59)

ਮੇਰਾ ਪਿੰਡ ਪੁਸਤਕ ਵਿੱਚ ਮਿਲਦੇ ਲੋਕ ਧੰਦਿਆਂ ਦਾ ਵੇਰਵਾ ਇਸ ਪ੍ਰਕਾਰ ਹੈ :-

ਲੋਹੇ ਦਾ ਕੰਮ ਕਰਨ ਵਾਲੇ ਕਾਰੀਗਰ ਨੂੰ ਲੁਹਾਰ ਕਿਹਾ ਜਾਂਦਾ ਹੈ। ਲੋਹੇ ਦੀਆਂ ਵਸਤਾਂ ਜੋ ਕਿ ਘਰਾਂ ਵਿੱਚ ਜਾਂ ਖੇਤਾਂ ਵਿੱਚ ਵਰਤੋਂ ਵਿੱਚ ਆਉਂਦੀਆਂ ਹਨ, ਇਨ੍ਹਾਂ ਨੂੰ ਲੁਹਾਰ ਦੁਆਰਾ ਹੀ ਬਣਾਇਆ ਜਾਂਦਾ ਹੈ। ਲੁਹਾਰ ਦਾ ਕਿੱਤਾ ਇਕ ਅਜਿਹਾ ਕਿੱਤਾ ਹੈ, ਜਿਹੜਾ ਕਿ ਕਿਰਸਾਨੀ ਜੀਵਨ ਨਾਲ ਜੁੜਿਆ ਹੋਇਆ ਹੈ। ਕਿਸਾਨ ਅਤੇ ਜ਼ਿਮੀਦਾਰ ਨੂੰ ਲੁਹਾਰ ਦੀ ਹਰ ਵਕਤ ਲੋੜ ਰਹਿੰਦੀ ਹੈ। ਖੇਤੀਬਾੜੀ ਦੇ ਸੰਦਾਂ ਦੀ ਟੁੱਟ ਭੱਜ ਅਤੇ ਮੁਰੰਮਤ ਕਰਨੀ ਅਤੇ ਨਵੇਂ ਔਜ਼ਾਰ ਬਣਾਉਣੇ ਲੁਹਾਰ ਦਾ ਹੀ ਕੰਮ ਹੁੰਦਾ ਸੀ। ਮੇਰਾ ਪਿੰਡ ਪੁਸਤਕ ਦਾ ਅਧਿਐਨ ਕੀਤਿਆਂ ਪਤਾ ਚਲਦਾ ਹੈ ਕਿ ਲੁਹਾਰ ਆਪਣੇ ਕਿੱਤੇ ਵਿੱਚ ਕਾਫ਼ੀ ਮੁਹਾਰਤ ਰੱਖਦੇ ਸਨ। 'ਮੇਰਾ ਪਿੰਡ ਪੁਸਤਕ ਵਿਚ ਲੁਹਾਰ ਦੇ ਕਿੱਤੇ ਬਾਰੇ ਗਿਆਨੀ ਗੁਰਦਿੱਤ ਸਿੰਘ ਨੇ ਇਸ ਤਰ੍ਹਾਂ ਚਰਚਾ ਕੀਤੀ ਹੈ :

> ਲੁਹਾਰ ਨੂੰ ਆਪਣੀ ਤਲਬੇ ਖੁਰਪੇ ਅਤੇ ਕਹੀ ਦੇ ਫਲ ਬਾਰੇ ਦਾਅਵਾ ਹੁੰਦਾ ਹੈ। ਅਸਾਂ ਭਾਈ ਹਥੌੜੀ ਦੀ ਇਕ ਸਾਰ ਤੇ ਚਿਕਨਾਹਟ ਦੇਣ ਵਾਲੀ ਉਹ ਤਰਪਾਈ ਕੀਤੀ ਹੈ, ਭਾਵੇਂ ਘਾਣੀ ਵੱਡੀ ਜਾਵੇ, ਮਜਾਲ ਮਿੱਟੀ ਦਾ ਭੋਰਾ ਕਹੀ ਨਾਲ ਲੱਗ ਜਾਵੇ। ਲੋਹਾ ਤਲਪਨ ਵਿੱਚ ਵੀ ਤਾਂ ਕੋਈ ਹੁਨਰ ਹੁੰਦਾ ਹੈ। (59)

ਲੁਹਾਰ ਆਮ ਤੌਰ ਤੇ ਸੇਪੀ ਤੇ ਹੀ ਕੰਮ ਕਰਿਆ ਕਰਦੇ ਸਨ। ਆਪਣੀ ਨਕਦ ਆਮਦਨ ਵਿੱਚ ਵਾਧਾ ਕਰਨ ਲਈ ਬਹੁਤ ਸਾਰੇ ਲੁਹਾਰ ਆਪਣੇ ਵਾਧੂ ਸਮੇਂ ਵਿੱਚ ਲੋਹੇ ਦੀਆਂ ਹੋਰ ਵਸਤਾਂ ਬਣਾ ਕੇ ਸ਼ਹਿਰ ਵੀ ਵੇਚ ਆਉਂਦੇ ਸਨ। ਲੁਹਾਰ ਆਮ ਤੌਰ ਤੇ ਦਾਤੀਆਂ, ਰੰਬੇ ਤੇ ਫਲੇ ਆਦਿ ਖੇਤਾਂ ਵਿੱਚ ਕੰਮ ਆਉਣ ਵਾਲੇ ਸੰਦ ਹੀ ਬਣਾਇਆ ਕਰਦੇ ਸਨ। ਘਰਾਂ ਵਿਚ ਕੰਮ ਆਉਣ ਵਾਲੀਆਂ ਦਾਤੀਆਂ, ਖੁਰਚਣੇ ਤੇ ਕੱਦੂਕੱਸ ਆਦਿ ਗੱਡੀਆਂ ਵਾਲੇ ਖਾਨਾਬਦੋਸ਼ਾਂ ਤੋਂ ਮੁੱਲ ਲੈ ਲਏ ਜਾਂਦੇ ਸਨ। ਲੁਹਾਰਾ ਕੰਮ ਕਾਫ਼ੀ ਜ਼ੋਰ ਲਾ ਕੇ ਕਰਨ ਵਾਲਾ ਹੁੰਦਾ ਹੈ। ਉਸ ਨੂੰ ਲੋਹੇ ਨੂੰ ਠੀਕ ਆਕਾਰ ਦੇਣ ਲਈ ਉਸ ਉਪਰ ਕਾਫੀ ਭਾਰੀਆਂ ਸੱਟਾਂ ਮਾਰਨੀਆਂ ਪੈਂਦੀਆਂ ਸਨ।

ਅਧਿਐਨ ਅਧੀਨ ਪੁਸਤਕ ਮੇਰਾ ਪਿੰਡ ਵਿੱਚ ਤਰਖਾਣ ਦੇ ਕਿੱਤੇ ਬਾਰੇ ਵੀ ਚਰਚਾ ਕੀਤੀ ਹੋਈ ਮਿਲਦੀ ਹੈ। ਤਰਖਾਣ ਦੇ ਕਿੱਤੇ ਦਾ ਵੀ ਸਬੰਧ ਕਿਰਸਾਨੀ ਜੀਵਨ ਨਾਲ ਵਧੇਰੇ ਰਿਹਾ ਹੈ। ਇਸ ਤੋਂ ਇਲਾਵਾ ਘਰ ਵਿਚ ਹੋਰ ਵਰਤੋਂ ਦੀਆਂ ਚੀਜ਼ਾਂ ਵੀ ਤਰਖਾਣ ਦੁਆਰਾ ਬਣਾਈਆਂ ਜਾਂਦੀਆਂ ਰਹੀਆਂ ਹਨ। ਪਹਿਲਾਂ ਤਰਖਾਣਾ ਕੰਮ ਵਿਸ਼ੇਸ਼ ਜਾਤੀ ਦੇ ਲੋਕ ਹੀ ਕਰਿਆ ਕਰਦੇ ਸਨ। ਅਧਿਐਨ ਕੀਤਿਆਂ ਪਤਾ ਚੱਲਦਾ ਹੈ ਕਿ ਪੇਂਡੂ ਭਾਈਚਾਰੇ ਵਿੱਚ ਤਰਖਾਣ ਦੀ ਬੜੀ ਹੀ ਮਹੱਤਤਾ ਰਹੀ ਹੈ। ਤਰਖਾਣ ਦੇ ਕਿੱਤੇ ਬਾਰੇ ਗਿਆਨੀ ਗੁਰਦਿੱਤ ਸਿੰਘ ਦੱਸਦੇ ਹਨ ਕਿ:

> ਤਰਖਾਣ ਨੇ ਆਪਣੀਆਂ ਚੂਲਾਂ ਲਾਉਣ ਉਤੇ। ਮਜਾਲ ਐ, ਮੇਰੇ ਠੋਕੇ ਹੋਏ ਮੰਜੇ ਜਾਂ ਦਰਵਾਜ਼ੇ ਦੇ ਪੱਲੇ ਵਿਚੋਂ ਕਾਨ ਨਿਕਲੇ। ਚੂਲ ਇਹੋ ਜਿਹੀ ਲਾਈ ਬਈ, ਛਟਾਂਕੀ ਦੀ ਠੋਕਰ ਨਾਲ ਨਿਕਲ ਸਕਦੀ ਐ, ਊਂ ਭਾਵੇਂ ਦੋ ਬੰਦੇ ਖਿੱਚਣ ਸੱਲ ਵਿਚੋਂ ਨਹੀਂ ਨਿਕਲੇਗੀ। (59)

ਪਿੰਡਾਂ ਵਿੱਚ ਤਰਖਾਣ ਆਮ ਤੌਰ ਤੇ ਸੇਪੀ ਤੇ ਹੀ ਕੰਮ ਕਰਿਆ ਕਰਦੇ ਸਨ। ਗੱਡੇ ਤੋਂ ਲੈ ਕੇ ਗੁੱਲੀ ਡੰਡੇ ਤੱਕ ਲੱਕੜ ਦੀ ਬਣੀ ਹਰ ਚੀਜ਼ ਵਿੱਚ ਤਰਖਾਣ ਦੀ ਕਾਰਾਗਿਰੀ ਦਾ ਹੀ ਕਮਾਲ ਹੋਇਆ ਕਰਦਾ ਸੀ । ਸੇਪੀ ਤੇ ਕੇਵਲ ਖੇਤੀਬਾੜੀ ਵਿੱਚ ਕੰਮ ਆਉਣ ਵਾਲੇ ਨਿੱਤ ਵਰਤੋਂ ਦੇ ਸੰਦ ਹੀ ਬਣਾਏ ਜਾਂਦੇ ਸਨ। ਗੱਡਾ ਕੋਈ-ਕੋਈ ਤਰਖਾਣ ਹੀ ਬਣਾਉਂਦਾ ਸੀ। ਇਸ ਲਈ ਇਹ ਮੁੱਲ ਲਏ ਜਾਂਦੇ ਸਨ । ਇਹੀ ਗੱਲ ਚਰਖਿਆਂ, ਰੰਗੀਲੇ ਪਲੰਘਾਂ ਆਦਿ ਦੀ ਸੀ। ਵਿਹਲੇ ਸਮੇਂ ਵਿੱਚ ਕੁਝ ਬਰੀਕ ਕੰਮ ਕਰ ਸਕਣ ਵਾਲੇ ਤਰਖਾਣ ਸਜਾਵਟੀ ਵਸਤਾਂ ਬਣਾ ਕੇ ਵੇਚਣ ਦਾ ਕੰਮ ਕਰਦੇ ਸਨ। ਇਸ ਤਰ੍ਹਾਂ ਉਨ੍ਹਾਂ ਦੀ ਆਮਦਨ ਵਿੱਚ ਵਾਧਾ ਹੋ ਜਾਇਆ ਕਰਦਾ ਸੀ। ਪਰ ਆਮ ਸੰਦਾਂ ਤੇ ਲੱਕੜੀ ਦੀਆਂ ਸਾਰੀਆਂ ਚੀਜਾਂ ਦੀ ਮੁਰੰਮਤ ਸੇਪੀ ਤੇ ਹੀ ਕੀਤੀ ਜਾਂਦੀ ਸੀ। ਸੇਪੀ ਵਿੱਚ ਮਿਲਣ ਵਾਲੇ ਦਾਣਿਆਂ ਦੀ ਮਿਕਦਾਰ ਸਬੰਧਤ ਕਿਸਾਨੀ ਪਰਿਵਾਰਾਂ ਵਿਚ ਚੱਲਣ ਵਾਲੇ ਹਲਾਂ ਦੀ ਗਿਣਤੀ ਅਨੁਸਾਰ ਮਿੱਥੀ ਜਾਂਦੀ ਸੀ।

ਮਿੱਟੀ ਦੇ ਭਾਂਡੇ ਬਣਾਉਣ ਵਾਲੇ ਕਾਰੀਗਰ ਨੂੰ ਘੁਮਿਆਰ ਕਿਹਾ ਜਾਂਦਾ ਹੈ। ਇਨ੍ਹਾਂ ਕਾਮੇ ਲੋਕਾਂ ਵਿੱਚ ਇੱਕ ਘੁਮਿਆਰ ਜਾਤੀ ਹੁੰਦੀ ਜਿਸ ਨੂੰ ਆਦਰ ਵਜੋਂ ਪਰਜਾਪਤ ਵੀ ਕਿਹਾ ਜਾਂਦਾ ਸੀ। ਇਨ੍ਹਾਂ ਲੋਕਾਂ ਦਾ ਮੁੱਖ ਕਿੱਤਾ ਅਨਾਜ ਤੇ ਹੋਰ ਸਾਜ਼ੋ ਸਾਮਾਨ ਦੀ ਢੋਆ ਢੁਆਈ ਕਰਨ ਤੇ ਮਿੱਟੀ ਦੇ ਭਾਂਡੇ ਬਣਾਉਣਾ ਹੁੰਦਾ ਸੀ। ਇਹੋ ਹੀ ਇਨ੍ਹਾਂ ਦੀ ਰੋਜ਼ੀ ਰੋਟੀ ਦਾ ਸਾਧਨ ਹੁੰਦਾ ਸੀ। ਅਧਿਐਨ ਕੀਤਿਆਂ ਪਤਾ ਚਲਦਾ ਹੈ ਕਿ ਘੁਮਿਆਰ ਦਾ ਮੁੱਖ ਧੰਦਾ ਮਿੱਟੀ ਦੇ ਭਾਂਡੇ ਬਣਾਉਣਾ, ਅਨਾਜ ਅਤੇ ਹੋਰ ਸਾਮਾਨ ਦੀ ਢੋਆ-ਢੁਆਈ ਕਰਨਾ ਰਿਹਾ ਹੈ। 'ਮੇਰਾ ਪਿੰਡ' ਪੁਸਤਕ ਵਿੱਚ ਗਿਆਨੀ ਗੁਰਦਿੱਤ ਸਿੰਘ ਨੇ ਘੁਮਿਆਰ ਦੇ ਧੰਦੇ ਬਾਰੇ ਇਸ ਪ੍ਰਕਾਰ ਵਿਚਾਰ ਪੇਸ਼ ਕੀਤੇ ਹਨ :

> ਘੁਮਿਆਰ ਨੂੰ ਆਪਣੇ ਭਾਂਡੇ ਦੀ ਮਿੱਟੀ ਘੁੰਮਾਉਣ ,ਗੁੰਨ੍ਹਣ ਤੇ ਫਿਰ ਚੱਕ ਉੱਤੇ ਚੜ੍ਹਾਉਣ ਪਿੱਛੋਂ ਘੜਿਆਂ ਨੂੰ ਥਾਪੀਆਂ ਨਾਲ ਤਲਪ ਤਲਪ ਕੇ ਇਕਸਾਰ ਪੱਕਾ ਕਰਨ ਦਾ ਵੀ ਘੱਟ ਅਭਿਆਨ ਨਹੀਂ ਹੁੰਦਾ। ਏਨੀ ਪਤਲੀ ਤੇ ਗਿੱਲੀ ਮਿੱਟੀ ਦਾ ਕੁੱਟ-ਕੁੱਟ ਕੇ ਵਧਾ-ਵਧਾ ਕੇ ਘੜੇ ਦਾ ਪੇਟ ਉਭਾਰਨਾ ਛੋਟੀ ਜਿਹੀ ਕਾਰਾਗਰੀ ਨਹੀਂ। ਮੁਜਾਲ ਐ ਭਾਂਡੇ ਵਿਚੋਂ ਕਿਸੇ ਕਿਸਮ ਦਾ ਟਾਕੀ ਟੱਲਾ ਲੱਗਿਆ ਹੋਵੇ। ਹਾੜ੍ਹ ਦੇ ਮਹੀਨੇ ਪਾਣੀ ਠੰਢਾ ਰੱਖਣ ਵਾਲੇ ਘੜੇ ਤੇ ਝੱਜਰੀ ਦੀ ਕੱਚੀ ਮਿੱਟੀ ਵਿੱਚ

ਕਿਹੜੀਆਂ ਕਿਹੜੀਆਂ ਚੀਜ਼ਾਂ ਪਾਈਆਂ ਜਾਂਦੀਆਂ ਅਤੇ ਫਿਰ ਆਵੇ ਚੜ੍ਹਨ ਵੇਲੇ ਕਿਵੇਂ ਠੀਕ-ਠੀਕ ਬਾਲਣ ਪਾ ਕੇ ਹਿਸਾਬ ਸਿਰ ਅੱਗ ਦਿੱਤੀ ਜਾਂਦੀ ਹੈ। ਘੁਮਿਆਰ ਦੀ ਇਸ ਪ੍ਰਜਾਪਤੀ ਪ੍ਰਤਿਭਾ ਦੀ ਕਿਸੇ ਨੇ ਕੀ ਰੀਸ ਕਰਨੀ ਹੋਈ। (60)

ਪਿੰਡਾਂ ਵਿੱਚ ਘੁਮਿਆਰ ਮਿੱਟੀ ਦੇ ਦੀਵਿਆਂ ਤੋਂ ਲੈ ਕੇ ਵੱਡੇ-ਵੱਡੇ ਮੱਟਾਂ ਤੱਕ, ਹਰ ਤਰ੍ਹਾਂ ਦੇ ਭਾਂਡੇ ਬਣਾਇਆ ਕਰਦੇ ਸਨ। ਇਨ੍ਹਾਂ ਤਿਆਰ ਕੀਤੇ ਭਾਂਡਿਆਂ ਨੂੰ ਫਿਰ ਇਹ ਘੁੰਮ ਫਿਰ ਕੇ ਦੂਰ-ਦੁਰਾਡੇ ਪਿੰਡਾਂ ਵਿਚ ਵੇਚਿਆ ਕਰਦੇ ਸਨ। ਪਿੰਡਾਂ ਵਿੱਚ ਘੁੰਮ ਫਿਰ ਕੇ ਭਾਂਡੇ ਵੇਚਣ ਲਈ ਇਨ੍ਹਾਂ ਕੋਲ ਖੱਚਰਾਂ ਹੋਇਆ ਕਰਦੀਆਂ ਸਨ। ਕੁਝ ਲੋਕ ਨਕਦ ਪੈਸੇ ਦੇ ਭਾਂਡੇ ਖ਼ਰੀਦ ਲੈਂਦੇ ਅਤੇ ਆਮ ਤੌਰ ਤੇ ਘੁਮਿਆਰ ਦਾਣਿਆਂ ਵੱਟੇ ਭਾਂਡੇ ਵੇਚਿਆ ਕਰਦੇ ਸਨ। ਤਿੰਨ ਚਾਰ ਪਿੰਡਾਂ ਵਿਚ ਇਕ ਅੱਧਾ ਘੁਮਿਆਰ ਹੀ ਹੋਇਆ ਕਰਦਾ ਸੀ।

ਹੱਥਲੀ ਪੁਸਤਕ ਵਿਚ ਝਿਊਰ ਦੇ ਕਿੱਤੇ ਦਾ ਵੀ ਜ਼ਿਕਰ ਕੀਤਾ ਗਿਆ ਹੈ। ਝਿਊਰ ਦਾ ਮੁੱਖ ਕੰਮ ਘਰਾਂ ਵਿਚ ਪਾਣੀ ਪਹੁੰਚਾਉਣਾ ਹੁੰਦਾ ਸੀ। ਪਹਿਲੇ ਸਮਿਆਂ ਵਿੱਚ ਲੋਕ ਪੀਣ ਵਾਲਾ ਪਾਣੀ ਖੂਹਾਂ ਤੋਂ ਲਿਆਉਂਦੇ ਹੁੰਦੇ ਸਨ। ਖੂਹ ਪਿੰਡ ਵਿਚ ਇਕੋ ਹੀ ਥਾਂ ਤੇ ਹੁੰਦੇ ਸਨ, ਜਿਸ ਕਰਕੇ ਖੂਹ ਵਿੱਚੋਂ ਪਾਣੀ ਕੱਢਣਾ ਤੇ ਘੜੇ ਭਰ ਕੇ ਸਿਰ ਤੇ ਚੁੱਕ ਕੇ ਲੈ ਕੇ ਆਉਣਾ ਬੜੀ ਹੀ ਮਿਹਨਤ ਦਾ ਕੰਮ ਹੁੰਦਾ ਸੀ। ਇਨ੍ਹਾਂ ਲੋਕਾਂ ਦਾ ਕੰਮ ਪੁਰਾਣੇ ਜ਼ਮਾਨੇ ਵਿੱਚ ਤਾਂ ਜ਼ਿਆਦਾਤਰ ਖੂਹਾਂ ਤੋਂ ਪਾਣੀ ਢੋਣਾ ਹੁੰਦਾ ਸੀ। ਇਹ ਮੋਢੇ ਤੇ ਵਹਿੰਗੀ ਰੱਖ ਕੇ ਉਸ ਦੇ ਪਲੜਿਆਂ ਵਿਚ ਦੋ ਘੜੇ ਇਕ ਪਾਸੇ ਪਾਸੇ ਰੱਖ ਕੇ ਪਾਣੀ ਢੋਂਦੇ। ਕੋਈ ਉਤਾਰ ਉਮਰ ਵਾਲਾ ਇਕ ਇਕ ਘੜਾ ਹੀ ਰੱਖਦਾ। ਇਹ ਮਿਹਨਤੀ ਲੋਕ ਸਵੇਰੇ ਸ਼ਾਮ ਘਰੋ ਘਰੀ ਪਾਣੀ ਪਹੁੰਚਾਉਂਦੇ ਸਨ ਇਸ ਤੋਂ ਇਲਾਵਾ ਇਹ ਵਿਆਹ ਸ਼ਾਦੀ ਜਾਂ ਹੋਰ ਸਮਾਗਮ ਮੌਕੇ ਘਰ ਵਿੱਚ ਭਾਂਡੇ ਵੀ ਮਾਂਜਦੇ ਅਤੇ ਕਾਰਜ ਵਾਲੇ ਪਰਿਵਾਰ ਦੇ ਦੱਸਣ ਅਨੁਸਾਰ ਸਾਰਿਆਂ ਨੂੰ ਸੱਦੇ ਵੀ ਦੇ ਕੇ ਆਉਂਦੇ। ਸੰਧਾਰਿਆਂ ਦੇ ਲੱਡੂ ਵੰਡਣੇ ਜਾਂ ਵਿਆਹ ਦੀਆਂ ਭਾਜੀਆਂ ਵੰਡਣੀਆਂ, ਪਰੋਸੇ ਫੇਰਨੇ ਵੀ ਇਨ੍ਹਾਂ ਦਾ ਹੀ ਕੰਮ ਹੁੰਦਾ ਸੀ। ਜਿਸ ਘਰ ਵਿੱਚ ਇਹ ਕੁਝ ਦੇਣ ਜਾਂਦੇ ਉਸ ਘਰ ਦੀ ਸੁਆਣੀ ਇਹਨਾਂ ਨੂੰ ਖਾਲੀ ਨਾ ਮੋੜਦੀ। ਗਿਆਨੀ ਗੁਰਦਿੱਤ ਸਿੰਘ ਨੇ 'ਮੇਰਾ ਪਿੰਡ' ਪੁਸਤਕ ਵਿਚ ਝਿਊਰ ਦੇ ਲੋਕ ਕਿੱਤੇ ਬਾਰੇ ਜਾਣਕਾਰੀ ਇਸ ਤਰ੍ਹਾਂ ਦਿੱਤੀ ਗਈ ਹੈ:

> ਛਿਊਰੀ ਦਾ ਇੱਕੋ ਵੇਲੇ ਦੋ-ਦੋ, ਤਿੰਨ ਘੜੇ ਪਾਣੀ ਦੇ ਸਿਰ ਉੱਤੇ ਧਰ ਕੇ ਅਡੋਲ ਟੁਰਨਾ, ਨਾਲ ਹੀ ਇਕ ਦੋ ਮੱਘੀਆਂ ਢਾਕਾ ਵਿੱਚ ਫਸਾ ਕੇ ਇੱਕ ਘਰ ਦਾ ਇੱਕੋ ਵਾਰੀ ਕੰਮ ਨਿਪਟਾ ਦੇਣ ਦੀ ਜੁਗਤ ਜਾਂਚ ਕੇ ਹੀ ਤਾਂ, ਦੱਤਾ ਤ੍ਰੇਅ ਨੇ ਘੜਾ ਲਈ ਅਡੋਲ ਜਾਂਦੀ ਇੱਕ ਮੁਟਿਆਰ ਨੂੰ ਦੇਖ ਕੇ ਗੁਰੂ ਧਾਰਨਾ ਦੀ ਭਾਵਨਾ ਜਗਾਈ ਸੀ। ਛਿਊਰ ਦਾ ਵਹਿੰਗੀਆਂ ਦੇ ਪਲੜਿਆਂ ਵਿਚ ਛੇ-ਛੇ, ਸੱਤ-ਸੱਤ ਤੌੜੇ ਇੱਕ ਦੂਜੇ ਉੱਤੇ ਰੱਖ ਕੇ ਘਰੋ ਘਰੀ, 'ਜਲ ਮਿਲਿਆ, ਪਰਮੇਸ਼ਰ ਮਿਲਿਆ' ਦੀਆਂ ਸੁਰਾਂ ਗੁੰਜਾ ਦੇਣੀਆਂ ਇਕ ਤਰ੍ਹਾਂ ਦਾ ਨਿਤਾ ਪ੍ਰਤੀਕਰਮ ਰਿਹਾ ਹੈ। (60)

ਅਧਿਐਨ ਅਧੀਨ ਪੁਸਤਕ 'ਮੇਰਾ ਨਾਨਕਾ ਪਿੰਡ' ਵਿੱਚ ਵੀ ਛਿਊਰ ਦੇ ਕਿੱਤੇ ਨਾਲ ਸਬੰਧਤ ਜਾਣਕਾਰੀ ਪ੍ਰਾਪਤ ਹੁੰਦੀ ਹੈ। ਡਾ. ਵਣਜਾਰਾ ਬੇਦੀ ਨੇ 'ਦਾਣਿਆਂ ਦੀ ਭੱਠੀ' ਪਾਠ ਵਿੱਚ ਇਸ ਬਾਰੇ ਚਰਚਾ ਕੀਤੀ ਹੈ,ਦਾਣਿਆਂ ਦੀ ਭੱਠੀ ਵਾਲੀ ਉਹ ਥਾਂ ਹੈ, ਜਿੱਥੇ ਦਾਣੇ ਭੁੰਨਾਉਣ ਆਈਆਂ ਕੁੜੀਆਂ ਚਿੜੀਆਂ ,ਅੱਧਖੜ ਬੁੱਢੀਆਂ, ਨਿੱਠ ਕੇ ਇਕ ਦੂਸਰੇ ਦਾ ਦੁੱਖ-ਸੁੱਖ ਫੋਲਦੀਆਂ ਸਨ ਅਤੇ ਮੁੰਡੇ-ਖੁੰਡੇ, ਗੱਭਰੂ ਵੀ ਇਸ ਥਾਂ ਤੇ ਆਉਣ ਦੇ ਆਨੇ ਬਹਾਨੇ ਲੱਭਦੇ ਸਨ। ਲੋਕ ਕੰਮ ਕਾਜਾਂ ਤੋਂ ਵਿਹਲੇ ਹੋ ਕੇ ਸ਼ਾਮ ਵੇਲੇ ਭੱਠੀ ਤੇ ਆਇਆ ਕਰਦੇ ਸਨ। ਸੋ ਇੱਥੇ ਕਿਸੇ ਨੂੰ ਘਰ ਜਾਣ ਦੀ ਕਾਹਲੀ ਨਹੀਂ ਸੀ ਹੁੰਦੀ। ਸਭ ਦਿਲ ਠਰੰਮੇ ਵਿੱਚ ਹੁੰਦੇ ਸਨ, ਇਸ ਕਰਕੇ ਗੱਲਾਂ ਦਾ ਜਿਹੜਾ ਰਿੜਕਣਾ ਇੱਥੇ ਪਿਆ ਹੁੰਦਾ ਹੋਰ ਕਿਧਰੇ ਵੇਖਣ ਨੂੰ ਨਾ ਮਿਲਦਾ। ਇੱਥੇ ਖੰਭਾਂ ਦੀਆਂ ਡਾਰਾਂ ਬਣਦੀਆਂ ਧੀਆਂ ਭੈਣਾਂ ਦੀ ਪੱਤ ਕੱਜੀ ਵੀ ਜਾਂਦੀ ਤੇ ਨੰਗੀ ਵੀ ਹੁੰਦੀ। ਸੱਸਾਂ ਨੂੰਹਾਂ ਦੀਆਂ ਗੱਲਾਂ ਹੁੰਦੀਆਂ, ਗੱਭਰੂਆਂ ਦੀਆਂ ਨਿਰਛਲ ਅੱਖਾਂ ਆਪਣੀਆਂ ਹਾਨਣਾਂ ਨੂੰ ਟੋਹਦੀਆਂ ਫਿਰਦੀਆਂ ਤੇ ਮੁਟਿਆਰਾਂ ਦੀਆਂ ਲਲਸਾਈਆਂ ਨਜ਼ਰਾਂ ਵੀ ਇਸ ਥਾਂ ਤੇ ਆ ਮਚਲਦੀਆਂ। ਪੁਸਤਕ 'ਮੇਰਾ ਨਾਨਕਾ ਪਿੰਡ' ਵਿੱਚ ਇਸ ਬਾਰੇ ਡਾ.ਵਣਜਾਰਾ ਬੇਦੀ ਨੇ ਆਪਣੇ ਵਿਚਾਰ ਇਸ ਤਰ੍ਹਾਂ ਪੇਸ਼ ਕੀਤੇ ਹਨ :

> ਸਾਡੇ ਪਿੰਡ ਵਿੱਚ ਦਾਣੇ ਚੱਬਣ, ਖਾਣ-ਪੀਣ ਦੀ ਇੱਕ ਆਦਤ ਹੈ। ਜਿਸ ਕਰਕੇ ਭੱਠਿਆਂ ਸਾਡੀ ਰਹਿਤਲ ਦਾ ਅੰਗ ਨੇ। ਜਦੋਂ ਭੱਠੀਆਂ ਤਪਦੀਆਂ ਨੇ ਤਾਂ ਕੋਈ ਵਿਰਲਾ ਹੀ ਘਰ ਅਜਿਹਾ ਰਹਿ ਜਾਂਦਾ, ਜਿਸ ਦਾ ਕੋਈ ਨਾ ਕੋਈ ਜੀਅ ਦਾਣੇ ਭੁੰਨਾਉਣ ਨਾ ਜਾਵੇ। ਜੇ ਕਿਸੇ ਘਰੋਂ ਕੋਈ ਜਾਣ ਵਾਲਾ ਨਾ ਹੁੰਦਾ ਤਾਂ, ਉਹ ਤੀਵੀਂ ਗਲੀ ਗੁਆਂਢ ਦੇ ਕਿਸੇ ਮੁੰਡੇ ਕੁੜੀ ਦੇ ਹੱਥ ਦਾਣੇ ਭੁਨਾਉਣ ਵਾਸਤੇ

> ਜ਼ਰੂਰ ਭੇਜ ਦਿੰਦੀ। ਘਰ ਵਿੱਚ ਅੰਨ ਦਾਣਾ ਕਾਫੀ ਪਿਆ ਰਹਿੰਦਾ। ਲੋਕੀਂ ਅੰਦਰੋਂ ਹੀ ਕਣਕ, ਜਵਾਰ, ਮੱਕੀ, ਬਾਜਰਾ ਆਦਿ ਕੱਢ ਕੇ ਭੁੰਨਾਉਣ ਲਈ ਤੁਰ ਪੈਂਦੇ। ਕਈ ਵਾਰ ਤਾਂ ਅਗਲੀਆਂ ਪੱਛੀਆਂ ਅਜੇ ਦਾਣੇ ਨਾਲ ਭੁੰਨਿਆ ਹੁੰਦੀਆਂ ਤਾਂ ਹੋਰ ਦਾਣੇ ਭੁਨਾ ਲਏ ਜਾਂਦੇ। (87)

ਮੋਚੀ ਦੇ ਧੰਦੇ ਨਾਲ ਸਬੰਧਤ ਵੀ ਜਾਣਕਾਰੀ ਮੇਰਾ ਪਿੰਡ ਪੁਸਤਕ ਵਿੱਚੋਂ ਮਿਲਦੀ ਹੈ। ਅਧਿਐਨ ਕੀਤਿਆਂ ਪਤਾ ਚਲਦਾ ਹੈ ਕਿ ਪਿੰਡਾਂ ਵਿੱਚ ਹੋਰ ਕੰਮ ਧੰਦਿਆਂ ਵਾਂਗ ਮੋਚੀ ਦਾ ਕੰਮ ਕਰਨ ਵਾਲੇ ਵੀ ਹੁੰਦੇ ਹਨ। ਇਸ ਧੰਦੇ ਨਾਲ ਜੁੜੇ ਲੋਕ ਬੜੀ ਮਿਹਨਤ ਕਰਦੇ ਰਹੇ ਹਨ। ਚਮਿਆਰ ਦੇ ਜੁੱਤੇ ਬਣਾਉਣ ਤੇ ਗੰਢਣ ਵਿੱਚ ਵਰਤਿਆ ਹੁਨਰ ਖਾਸ ਕਰ ਕੇ ਵਿਆਹ ਸ਼ਾਦੀ ਨੂੰ ਕੱਢਵੀਂ ਤਿੱਲੇਦਾਰ ਜੁੱਤੀ ਤਿਆਰ ਕਰਨੀ, ਕਿਸੇ ਸਚਿਆਰੇ ਦਾ ਹੀ ਕਰਮ ਹੈ। ਇਸ ਬਾਰੇ 'ਲੋਕ ਧੰਦੇ 'ਪਾਠ ਵਿਚੋਂ ਗਿਆਨੀ ਗੁਰਦਿੱਤ ਸਿੰਘ ਦਾ ਵਿਚਾਰ ਹੈ :

> ਅੱਜ ਕੱਲ੍ਹ ਜੁੱਤੀ ਤਾਂ ਹਰੇਕ ਕੱਢ ਲੈਂਦਾ ਹੈ, ਪਰ ਥਾਂ ਕੁ ਥਾਂ ਤੂੰ ਮੋਟੇ ਪਤਲੇ ਹੋਣ ਦਾ ਬੁਹ ਕਿਸੇ ਕਿਸੇ ਨੂੰ ਹੁੰਦਾ ਹੈ। ਲੈ ਨਵੀਂ ਜੁੱਤੀ ਪਾ ਕੇ ਭਾਵਾਂ ਵੀਹ ਕੋਹ ਦੀ ਵਾਟ ਤੁਰ ਪਈਂ, ਉੱਥੇ ਜਾ ਕੇ ਪੈਰ ਕੱਢੀਂ, ਜੇ ਭੁਲੇਖਾ ਨਾ ਪਵੇ ਇਹ ਪੈਰ ਜੁੱਤੀ ਵਿੱਚੋਂ ਕੱਢੇ ਨੇ ਕਿ ਰੁਮਾਲ ਵਿੱਚੋਂ। ਜੇ ਜੌੜੇ ਪੈਰਾਂ ਨੂੰ ਇਉਂ ਨਾ ਲੱਗਣ ਫਿਰ ਕਿਸ ਲਈ ਸਿਉਣੇ ਹੋਏ। (60)

ਵਿਸ਼ਵੀਕਰਨ ਦੇ ਦੌਰ ਤੋਂ ਪਹਿਲਾਂ ਦੇ ਸਮੇਂ ਵਿੱਚ ਪਿੰਡ ਦੇ ਬਾਣੀਏ ਦੀ ਲੋਕ ਧੰਦੇ ਬਾਰੇ ਵੀ ਜਾਣਕਾਰੀ ਪ੍ਰਾਪਤ ਹੁੰਦੀ ਹੈ ਕਿ ਕਿਵੇਂ ਪਿੰਡ ਦਾ ਬਾਣੀਆ ਮਾਲ ਝੁਕਦੇ ਪਲੜੇ ਦਿੰਦਾ ਹੈ। ਪਰ ਉਸ ਦੀ ਚਤੁਰਾਈ ਘੱਟ ਤੋਲਣ ਵਿਚ ਹੀ ਹੈ। ਜਿਹੜੀ ਕਿ ਲੋਕਾਂ ਨੂੰ ਸਮਝ ਨਹੀਂ ਆਉਂਦੀ। 'ਮੇਰਾ ਪਿੰਡ' ਪੁਸਤਕ ਵਿੱਚ ਗਿਆਨੀ ਗੁਰਦਿੱਤ ਸਿੰਘ ਪਿੰਡ ਦੇ ਬਾਣੀਏ ਬਾਰੇ ਲਿਖਦੇ ਹਨ :

> ਪਿੰਡ ਦੇ ਬਾਣੀਏ ਦਾ ਤੱਕੜੀ 'ਚ ਤੋਲਣ ਵਿਚ ਸਭ ਕੁਝ ਝੁਕਦੇ ਪਲੜੇ ਦੇਣਾ, ਪਰ ਮਾਲ ਹੂਕਦੇ ਨਾਲੋਂ ਵੀ ਘੱਟ ਰੱਖਣ ਦੀ ਚਤੁਰਾਈ ਅੱਜ ਤੱਕ ਅੱਧੀ ਦੁਨੀਆ ਨੂੰ ਸਮਝ ਨਹੀਂ ਆਈ। (60)

ਇਸ ਤੋਂ ਇਲਾਵਾ ਨਾਈ ਦੀ ਕਿੱਤੇ ਨਾਲ ਸਬੰਧਤ ਵੀ ਜਾਣਕਾਰੀ ਪ੍ਰਾਪਤ ਹੁੰਦੀ ਹੈ। ਘਰ ਦੇ ਕਾਰਜਾਂ ਵਿੱਚ ਨਾਈ-ਨੈਣ ਭਾਵ ਰਾਜਾ-ਰਾਣੀ ਦੀ ਬਹੁਤ ਹਿੱਸੇਦਾਰੀ ਹੁੰਦੀ। ਇਨ੍ਹਾਂ ਦੇ ਕੰਮ ਝਿਊਰਾਂ ਨਾਲ ਮਿਲਦੇ ਜੁਲਦੇ

ਹੀ ਹੁੰਦੇ, ਕੇਵਲ ਪਾਣੀ ਭਰਨ ਦਾ ਕੰਮ ਇਕੱਲੇ ਝਿਊਰ ਹੀ ਕਰਦੇ। ਆਮ ਤੌਰ ਤੇ ਸੱਦੇ ਦੇਣ ਲਈ ਨਾਈ ਹੀ ਭੇਜਿਆ ਜਾਂਦਾ। ਇਸ ਕਿੱਤੇ ਬਾਰੇ ਅਧਿਐਨ ਕੀਤਿਆਂ ਪਤਾ ਚਲਦਾ ਹੈ ਕਿ ਜੇ ਕਿਸੇ ਘਰ ਗਿਆ ਮਹਿਮਾਨ ਜਾਂ ਕਿਸੇ ਹੋਰ ਵਿਅਕਤੀ ਵਲੋਂ ਇਹਨਾਂ ਦਾ ਬਣਦਾ ਆਦਰ ਮਾਣ ਨਾ ਕੀਤਾ ਜਾਂਦਾ ਤੇ ਉਹ ਕਿਸੇ ਤੀਜੇ ਬੰਦੇ ਕੋਲ ਗਿਲਾ ਕਰਦਾ, ਗੱਲ ਘੁੰਮਦੀ ਘੁੰਮਾਉਂਦੀ ਘਰਵਾਲਿਆਂ ਕੋਲ ਚਲੀ ਜਾਂਦੀ ਸੀ। ਜਿਸ ਪਿੰਡ ਵਿਚ ਝਿਊਰ ਨਹੀਂ ਸਨ ਹੁੰਦੇ ਜਾਂ ਜ਼ਿਆਦਾ ਕੰਮ ਹੋਣ 'ਤੇ ਰਾਜਾ ਰਾਣੀ ਭਾਂਡੇ ਵੀ ਮਾਂਜਦੇ। ਵਿਆਹ ਸ਼ਾਦੀ ਜਾਂ ਕਿਸੇ ਮਰਗਤ ਵੇਲੇ ਇਹ ਲੋਕ ਘਰਾਂ ਵਿਚ ਭਾਂਡੇ ਵੀ ਮਾਂਜਦੇ ਤੇ ਸੁਨੇਹੇ ਦੇਣ ਦਾ ਹੀ ਕੰਮ ਕਰਦੇ। ਨਾਈ ਦੀ ਚਤੁਰਾਈ ਹੱਥਾਂ ਪੈਰਾਂ ਦੇ ਨਹੁੰ ਲਾਹੁਣ ਵਿੱਚ ਗਿਣੀ ਜਾਂਦੀ ਹੈ। ਹਜ਼ਾਮਤਾਂ ਕਰਨੀਆਂ, ਸ਼ੌਕੀਨ ਮੁੰਡਿਆਂ ਦੀਆਂ ਦਾੜ੍ਹੀਆਂ ਤਿਆਰ ਕਰਨੀਆਂ, ਮੁਸਲਮਾਨਾਂ ਦੇ ਖ਼ਤ ਕੱਢਣੇ ਤੇ ਜੁਆਕਾਂ ਦੀਆਂ ਹਜਾਮਤਾਂ ਕਰਨੀਆਂ ਆਦਿ ਵਿਚ ਕਾਰਾਗਰੀ ਰਹੀ ਹੈ। ਇਸ ਬਾਰੇ 'ਮੇਰਾ ਪਿੰਡ' ਪੁਸਤਕ ਵਿੱਚੋਂ ਗਿਆਨੀ ਗੁਰਦਿੱਤ ਸਿੰਘ ਦਾ ਵਿਚਾਰ ਹੈ :

> ਨਾਈ ਦੇ ਹੱਥਾਂ ਪੈਰਾਂ ਦੇ ਨਹੁੰ ਲਾਹੁਣ ਵਿਚ ਵੀ ਕੋਈ ਘੱਟ ਕਾਰਾਗਿਰੀ ਨਹੀਂ। ਕਈਆਂ ਦੇ ਢਿੱਲੇ ਹੱਥਾਂ ਵਿਚ ਨਿਹਾਰਨਾ ਉਦੋਂ ਹੀ ਪਤਾ ਲੱਗਦਾ, ਜਦੋਂ ਅੱਧ ਕੱਚਾ ਨੂੰ ਵੱਢ ਕੇ ਲਹੂ ਦੀਆਂ ਘਰਾਲਾਂ ਵਗਾਹ ਛੱਡਦੇ। ਪਰ ਉਸ ਦੀ ਅਸਲ ਕਾਰਾਗਿਰੀ ਹੁੰਦੀ ਹੈ, ਹਜਾਮਤ ਕਰਨੀ। ਕਈ ਉਸਤਾਦ ਨਾਈ ਤਾਂ ਹਾੜੂ ਸ਼ੌਕੀਨਾਂ ਦੇ ਮੂੰਹ ਅਜਿਹੇ ਤਰੀਕੇ ਨਾਲ ਮੁੰਨਦੇ ਹਨ, ਜਿਵੇਂ ਕਲਕੱਤੇ ਦਾ ਘਾਹ ਸ਼ਹਿਰੀ ਕੋਠੀਆਂ ਵਿਚ ਮਸ਼ੀਨਾਂ ਨੇ ਇਕ ਸਾਰ ਕੁਤਰਿਆ ਹੁੰਦਾ ਹੈ। ਕਈਆਂ ਅੱਧਖੜ ਸ਼ੌਕੀਨਾਂ ਦੀ ਅੱਧਮੁਨੀ ਦਾੜ੍ਹੀ ਦਾ ਅੱਧਾ ਕੁ ਹਿੱਸਾ ਮੁੰਨਕੇ ਤੇ ਅੱਧਾ ਰੱਖ ਕੇ ਇਉਂ ਹੱਥ ਸਾਧ ਕੇ ਸੰਵਾਰਿਆ ਹੁੰਦਾ ਹੈ, ਜਿਵੇਂ ਮਾਲੀ ਨੇ ਦਾਗ਼ ਬਿਲ ਕੱਟ ਕੇ ਸਾਫ ਕੀਤੀ ਹੋਵੇ। ਮੁਸਲਮਾਨਾਂ ਦੇ ਖ਼ਤ ਕੱਢਣ ਦੇ ਜੁਆਨਾਂ ਦੀਆਂ ਸੇਲੀਆਂ ਤਿੱਖੀਆਂ ਕਰਨ ਵਿਚ ਨਾਈ ਆਪਣੀ ਬਰੀਕ ਬੀਨੀ ਦਾ ਜ਼ਾਹਰ ਬੜਾ ਵਧ ਚੜ੍ਹ ਕੇ ਦਿਖਾਉਂਦੇ ਹਨ। (61)

ਇਸ ਤੋਂ ਇਲਾਵਾ ਡੰਗਰਾਂ ਦੇ ਪਾਲੀ ਬਾਰੇ ਵੀ ਜ਼ਿਕਰ ਕੀਤਾ ਹੋਇਆ ਮਿਲਦਾ ਹੈ ਕਿ ਕਿਵੇਂ ਉਹ ਹਰੇਕ ਪਸ਼ੂ ਦੀ ਆਦਤ ਤੋਂ ਵਾਕਿਫ਼ ਹੁੰਦੇ ਹਨ, ਅਤੇ ਕਿਹੜਾ ਪਸ਼ੂ ਕਦੋਂ ਨਵੇਂ ਦੁੱਧੋਂ ਹੋਵੇਗਾ, ਇਸ ਦੀ ਜਾਣਕਾਰੀ

ਵੀ ਉਨ੍ਹਾਂ ਨੂੰ ਹੁੰਦੀ ਸੀ। 'ਮੇਰਾ ਪਿੰਡ' ਪੁਸਤਕ ਵਿਚ ਡੰਗਰਾਂ ਦੇ ਪਾਲੀ ਬਾਰੇ ਗਿਆਨੀ ਗੁਰਦਿੱਤ ਸਿੰਘ ਦਾ ਵਿਚਾਰ ਹੈ :

> ਡੰਗਰਾਂ ਦੇ ਪਾਲੀ ਨੂੰ ਐਵੇਂ ਵਾਧੂ ਜਿਹਾ ਮੰਨਿਆ ਜਾਂਦਾ ਹੈ। ਪਰ ਜੇ ਉਹ ਸਮੇਂ ਸਿਰ ਨਾ ਦੱਸੇ, ਬਈ ਤੁਹਾਡੀ ਗਊ ਜਾਂ ਮਹਿੰ ਨਵੇਂ ਦੁੱਧ ਹੋਣ ਵਾਲੀ ਹੈ। ਛੋਲਿਆਂ ਦੀਆਂ ਬੱਕਲੀਆਂ ਪਾਓ ਜਾਂ ਕੁਝ ਹੋਰ ਓਹੜ ਪੋਹੜ ਕਰ ਲਓ, ਤਾਂ ਪਿੰਡ ਵਿੱਚ ਦੁੱਧ ਲੱਸੀ ਦਾ ਕਾਲ ਪਿਆ ਰਹੇ। ਪਾਲੀਆਂ ਨੂੰ ਸਾਰੇ ਪਿੰਡ ਦੀਆਂ ਲਵੇਰੀਆਂ ਦੀਆਂ ਆਦਤਾਂ ਦਾ ਗਿਆਨ ਮੂੰਹ ਜ਼ੁਬਾਨੀ ਹੁੰਦਾ ਹੈ। (61)

ਵਿਸ਼ਵੀਕਰਨ ਦੇ ਦੌਰ ਤੋਂ ਪਹਿਲੀਆਂ ਪੁਸਤਕਾਂ ਵਿਚੋਂ ਮਿਰਾਸੀ, ਪਾਂਧੇ ਅਤੇ ਪੰਡਿਤ ਬਾਰੇ ਵੀ ਜਾਣਕਾਰੀ ਪ੍ਰਾਪਤ ਹੁੰਦੀ ਹੈ। ਇਨ੍ਹਾਂ ਦਾ ਕੰਮ ਪਿੰਡ ਦੇ ਲੋਕਾਂ ਦੇ ਰਿਸ਼ਤੇ-ਨਾਤੇ ਕਰਾਉਣੇ ਮੰਨਿਆ ਜਾਂਦਾ ਹੈ । ਮੇਰਾ ਪਿੰਡ ਪੁਸਤਕ ਵਿੱਚ ਇਨ੍ਹਾਂ ਨੂੰ ਲੋਕ ਸੰਪਰਕ ਮਹਿਕਮੇ ਦੇ ਮੁਖੀ ਕਹਿ ਕੇ ਨਿਵਾਜਿਆ ਹੈ। ਇਨ੍ਹਾਂ ਦਾ ਮੁੱਖ ਕੰਮ ਪਿੰਡ-ਪਿੰਡ ਘੁੰਮ ਫਿਰ ਕੇ, ਆਪਣਾ ਧੰਦਾ ਕਰਨਾ ਰਿਹਾ ਹੈ। 'ਮੇਰਾ ਪਿੰਡ' ਪੁਸਤਕ ਵਿੱਚ ਇਨ੍ਹਾਂ ਬਾਰੇ ਗਿਆਨੀ ਗੁਰਦਿੱਤ ਸਿੰਘ ਦਾ ਵਿਚਾਰ ਹੈ :

> ਮਿਰਾਸੀਆਂ ਤੇ ਪੰਡਤਾਂ ਪਾਂਧਿਆਂ ਦੇ ਆਪਣੇ ਖ਼ਾਨਦਾਨੀ ਹੁਨਰ ਵਧੇਰੇ ਡੂੰਘੇ ਹੁੰਦੇ ਹਨ। ਕਿਸ ਟੱਬਰ ਦਾ ਕਿਹੜਾ ਜੀ ਕਿਹੋ ਜਿਹੀਆਂ ਗੱਲਾਂ ਉੱਤੇ ਰਿੱਝਦੇ, ਰਿਸ਼ਤੇ ਨਾਤੇ ਵਿਚੋਂ ਆਉਣ ਜਾਣ ਵਾਲਿਆਂ ਨਾਲ ਕਿਹੋ ਜਿਹੀ ਗੱਲ ਕਰਕੇ, ਆਪਣੇ ਜਜਮਾਨਾਂ ਦੀ ਪੈਂਹਠ ਬਿਠਾਉਣੀ ਚਾਹੀਦੀ ਹੈ। ਇਨ੍ਹਾਂ ਸਭ ਗੱਲਾਂ ਬਾਰੇ ਇਕ ਤਰ੍ਹਾਂ ਪਿੰਡ ਦੇ ਲੋਕ ਸੰਪਰਕ ਮਹਿਕਮੇ ਦੀ ਇਹਨਾਂ ਨੂੰ ਹੀ ਮੁਖੀ ਸਮਝ ਲਵੋ। ਮਿਰਾਸੀ ਜਾਂਦਿਆਂ ਆਉਂਦਿਆਂ ਪਿੰਡ ਦੀਆਂ ਸੱਥਾਂ ਵਿੱਚ ਟਿੱਚਰਾਂ ਕਰਨਾ, ਨਕਲਾਂ ਤੇ ਹਸਾਉਣੀਆਂ ਗੱਲਾਂ ਨਾਲ ਮਨ ਪ੍ਰਚਾਵੇ ਦਾ ਇੱਕ ਵੱਡਾ ਸਾਧਨ ਹੁੰਦਾ ਹੈ। (61)

ਅਧਿਐਨ ਕੀਤਿਆਂ ਪਤਾ ਚਲਦਾ ਹੈ ਕਿ ਕਿਸਾਨੀ ਪਿੰਡਾਂ ਦਾ ਕੇਂਦਰੀ ਕਿੱਤਾ ਹੋਣ ਕਰਕੇ ਬਹੁਤ ਸਾਰੇ ਲੋਕ ਧੰਦੇ ਇਸ ਦੇ ਨਾਲ ਹੀ ਜੁੜੇ ਹੋਏ ਹਨ। ਖੇਤੀ ਦਾ ਕੰਮ ਕਰਨਾ ਤੇ ਤਕੜੇ ਲਾਣੇ ਅਥਵਾ ਬਹੁਤੇ ਬੰਦਿਆਂ ਵਾਲਾ ਰਿਹਾ ਰਿਹਾ ਹੈ। ਸਿੰਚਾਈ ਬੋਕਿਆਂ ਨਾਲ ਹੁੰਦੀ ਸੀ। ਜਿਸ ਨੂੰ ਤਕੜੇ ਆਦਮੀ ਹੀ ਖਿੱਚ ਕੇ ਕਰਿਆ ਕਰਦੇ

ਸਨ । ਇਸ ਕਰਕੇ ਬਹੁਤੀਆਂ ਜ਼ਮੀਨਾਂ ਬੰਜਰ ਹੀ ਰਹਿ ਜਾਂਦੀਆਂ ਸਨ। ਰੋਹੀਆਂ ਵਿਚ ਮੀਂਹ ਵੇਲੇ ਸਿਰ ਪਿਆ, ਤਾਂ ਛੋਲੇ, ਜੌਂ ਰਲਾਕੇ ਬੇਰੜਾ ਤੇ ਕਣਕ, ਛੋਲੇ ਸਾਂਝੇ ਮਿਲਾ ਕੇ ਬੀਜੇ ਜਾਂਦੇ ਸਨ। ਜੱਟਾਂ ਦੀ ਕੁਝ ਜ਼ਮੀਨ ਨਿਆਈ ਵਿਚ ਪਿੰਡ ਦੇ ਨੇੜੇ ਤੇ ਬਾਕੀ ਦੀ ਜ਼ਮੀਨ ਮੈਰਿਆਂ ਤੇ ਰੋਹੀਆਂ ਵਿੱਚ ਹੁੰਦੀ ਸੀ ।

ਅਧਿਐਨ ਕੀਤਿਆਂ ਪਤਾ ਚਲਦਾ ਹੈ ਕਿ ਕਪਾਹ ਦੀ ਖੇਤੀ ਤੇ ਪਹਿਰਾਵੇ ਲਈ ਕੱਪੜਿਆਂ ਤਕ ਅਨੇਕਾਂ ਤਰ੍ਹਾਂ ਦੇ ਧੰਦੇ, 'ਮੇਰਾ ਪਿੰਡ' ਪੁਸਤਕ ਵਿਚੋਂ ਦਰਸਾਏ ਹੋਏ ਮਿਲਦੇ ਹਨ। ਜਿਵੇਂ ਕਿ ਕਪਾਹ ਦੀ ਚੁਗਾਈ ਕਰਨਾ, ਵੇਲਣਾ, ਪੀਂਜੇ ਤੋਂ ਰੂੰ ਪਿੰਜਾਉਣਾ, ਤ੍ਰਿੰਝਣ ਵਿਚ ਕੁੜੀਆਂ ਦਾ ਸੂਤ ਕੱਤਣਾ, ਜੁਲਾਹੇ ਤੋਂ ਕੱਪੜਾ ਤਿਆਰ ਕਰਵਾਉਣਾ ਆਦਿ ਬਾਰੇ ਜਾਣਕਾਰੀ ਵੀ ਪ੍ਰਾਪਤ ਹੁੰਦੀ ਹੈ। 'ਮੇਰਾ ਪਿੰਡ' ਪੁਸਤਕ ਵਿੱਚ ਗਿਆਨੀ ਗੁਰਦਿੱਤ ਸਿੰਘ ਦਾ ਇਸ ਬਾਰੇ ਵਿਚਾਰ ਹੈ:

> ਕਪਾਹ ਚੁਗਾਈ ਦੀ ਇਕ ਸੇਰ ਕਪਾਹ ਚੋਣੀ ਨੂੰ ਦੇਣੀ, ਰਾਤ ਨੂੰ ਆਪ ਵੇਲਣਿਆਂ ਤੇ ਵੇਲ ਕੇ ਹਿਸਾਬ ਸਿਰ ਦੇ ਦਾਣੇ, ਕਦੇ ਰੂੰ ਦੇ ਬਰਾਬਰ ਕਦੇ ਦੁੱਗਣੇ ਦੇ ਕੇ ਪੀਂਜੇ ਤੋਂ ਰੂੰ ਪਿੰਜਾਈ ਜਾਂਦੀ। ਫਿਰ ਤ੍ਰਿੰਞਣ ਵਿੱਚ ਕੱਤਣਾ, ਅਟੇਰ ਕੇ ਜੁਲਾਹੇ ਤੋਂ ਤਾਣੀਆਂ ਬਣਾਈਆਂ ਜਾਂਦੀਆਂ। ਇਕ ਤਾਣੀ ਦੇ ਦਸ ਸੇਰ, ਜਾਣੀ ਧੜੀ ਦਾਣਿਆਂ ਦੀ ਜੁਲਾਹੇ ਨੂੰ ਬੁਣਾਈ ਦੀ ਦਿੱਤੀ ਜਾਂਦੀ ਸੀ। ਇਹ ਕੱਪੜੇ ਵਿਆਹ ਸ਼ਾਦੀਆਂ ਵਿਚ ਦੇਣ ਲੈਣ ਲਈ ਵੀ ਬਣਾਏ ਜਾਂਦੇ ਤੇ ਘਰ ਪਾਉਣ ਲਈ ਵੀ। (68)

ਪਿੰਡਾਂ ਵਿੱਚ ਤਿੰਨ ਚਾਰ ਦਹਾਕੇ ਪਹਿਲਾਂ ਤੀਕ ਕੱਪੜੇ ਲੀੜੇ ਦੀਆਂ ਲਗਪਗ ਸਭ ਰੋਜ਼ਾਨਾ ਲੋੜਾਂ ਪਿੰਡ ਵਿੱਚ ਤਿਆਰ ਹੋਏ ਖੱਦਰ ਖੇਸਾਂ ਨਾਲ ਹੀ ਪੂਰੀਆਂ ਹੋ ਜਾਂਦੀਆਂ ਸਨ। ਆਮ ਤੌਰ ਤੇ ਲੋਕ ਖੱਦਰ ਦੇ ਕੱਪੜੇ ਹੀ ਪਾਉਂਦੇ ਹੁੰਦੇ ਸਨ। ਮੁੱਲ ਦੇ ਲੀੜੇ ਤਾਂ ਕਦੇ ਕਦਾਈਂ ਕਿਸੇ ਦਿਨ-ਤਿਉਹਾਰ, ਮੇਲੇ ਆਦਿ ਜਾਂ ਵਾਂਡੇ-ਟੀਂਡੇ ਜਾਣ ਸਮੇਂ ਹੀ ਪਾਏ ਜਾਂਦੇ ਸਨ ਪਿੰਡਾਂ ਵਿੱਚ ਕੱਪੜਾ ਬੁਣਨ ਦਾ ਕੰਮ ਜੁਲਾਹੇ ਕਰਦੇ ਸਨ। ਖੱਦਰ ਤੋਂ ਬਗੈਰ ਖੇਸ, ਖੇਸੀਆਂ ਤੇ ਚੌਤੀ ਆਦਿ ਵੀ ਜੁਲਾਹੇ ਹੀ ਬੁਣਦੇ ਹੁੰਦੇ ਸਨ। ਜੁਲਾਹਿਆਂ ਨਾਲ ਆਮ ਤੌਰ ਤੇ ਹੋਰ ਜਾਤੀਆਂ ਦੀ ਸਾਲਾਨਾ ਜਾਂ ਛਿਮਾਹੀ ਸੇਪੀ ਨਹੀਂ ਹੋਇਆ ਕਰਦੀ ਸੀ। ਉਹ ਸੂਤ ਦੇ ਵਜ਼ਨ ਪਿੱਛੇ ਆਪਣੇ ਕੰਮ ਦੇ ਮਿਹਨਤਾਨੇ ਵਜੋਂ ਦਾਣੇ ਤੋਲ ਕੇ ਨਾਲ ਨਾਲ ਹੀ ਲੈ ਲੈਂਦੇ ਸਨ।

ਅਧਿਐਨ ਅਧੀਨ ਦੂਸਰੀ ਪੁਸਤਕ 'ਪੰਜਾਬ ਦੇ ਲੋਕ ਗੀਤ' ਵਿੱਚੋਂ ਵੀ ਪੰਜਾਬ ਦੇ ਲੋਕ ਧੰਦਿਆਂ ਬਾਰੇ ਜਾਣਕਾਰੀ ਲੋਕ ਗੀਤਾਂ ਰਾਹੀਂ ਮਿਲਦੀ ਹੈ। ਡਾ. ਐੱਮ. ਐੱਸ. ਰੰਧਾਵਾ ਨੇ 'ਪੇਂਡੂ ਆਹਰ' ਪਾਠ ਵਿਚ ਕਿਸਾਨੀ ਅਤੇ ਇਸਤਰੀਆਂ ਦੇ ਕਿੱਤਿਆਂ ਦਾ ਵਰਣਨ ਇਸ ਪ੍ਰਕਾਰ ਕੀਤਾ ਹੈ:

> ਜਦੋਂ ਸੂਰਜ ਚੜ੍ਹਦਾ ਹੈ ਤਾਂ ਉਹ ਪੇਂਡੂ ਲੋਕਾਂ ਨੂੰ ਆਪਣੇ-ਆਪਣੇ ਆਹਰ ਵਿੱਚ ਲੱਗਿਆ ਹੋਇਆ ਵੇਖਦਾ ਹੈ। ਕਿਸਾਨ ਹਲ ਵਾਹ ਰਹੇ ਹੁੰਦੇ ਹਨ ਤੇ ਜਿਨ੍ਹਾਂ ਘਰਾਂ ਦੇ ਬਹੁਤੇ ਜੀ ਹੋਣ ਉਹ ਲਾਡ ਨਾਲ ਡੰਗਰਾਂ ਲਈ ਪੱਠੇ ਕੁਤਰ ਰਹੇ ਹੁੰਦੇ ਨੇ। ਬਹੁਤਿਆਂ ਨੂੰ ਤੇ ਖੈਰ ਹਲ ਵਾਹ ਕੇ ਹੀ ਪੱਠਿਆਂ ਵੱਲ ਹੋਣਾ ਪੈਂਦਾ ਹੈ। ...ਇਸਤਰੀਆਂ ਰੋਟੀ ਪਕਾ ਜਾਂ ਭੱਤਾ ਲਿਆ ਰਹੀਆਂ ਹੁੰਦੀਆਂ ਨੇ ਭਾਵੇਂ ਕੁਝ ਕੁ ਦਾ ਪਤੀ ਵਿਚ ਹੀ ਜੀਅ ਲੱਗਦਾ ਹੋਵੇ। ਪਰ ਜੋ ਗੀਤਾਂ ਤੋਂ ਇਸ਼ਾਰਾ ਲਈਏ ਤਾਂ ਚਰਖਾ ਕੱਤਣਾ ਇਸਤਰੀਆਂ ਲਈ ਬਹੁਤ ਪਿਆਰਾ ਕੰਮ ਹੈ। (362)

'ਪੰਜਾਬ ਦੇ ਲੋਕ ਗੀਤ' ਪੁਸਤਕ ਦਾ ਅਧਿਐਨ ਕੀਤਿਆਂ ਪਤਾ ਚਲਦਾ ਹੈ ਕਿ ਇਸ ਪੁਸਤਕ ਵਿਚ ਇਸਤਰੀਆਂ ਦੇ ਘਰੇਲੂ ਕਿੱਤਿਆਂ ਬਾਰੇ ਜਾਣਕਾਰੀ ਮਿਲਦੀ ਹੈ। ਕਿਤੇ ਉਹ ਤ੍ਰਿੰਞਣ ਵਿੱਚ ਬੈਠ ਕੇ ਚਰਖਾ ਕੱਤ ਰਹੀਆਂ ਹਨ, ਕਿਤੇ ਸੂਤ ਕੱਤ ਰਹੀਆਂ ਹਨ ਤੇ ਕਿਤੇ ਸਵੇਰ ਵੇਲੇ ਆਪਣੇ ਪਤੀ ਦਾ ਭੱਤਾ ਲੈ ਕੇ ਖੇਤਾਂ ਵੱਲ ਨੂੰ ਜਾ ਰਹੀਆਂ ਹਨ।

ਨੀਂ ਅੜੀਓ ਸੱਜਣ ਰਾਂਝਾ ਖੇਤਾਂ ਦਾ,

ਮੈਂ ਭੱਤਾ ਲੈ ਕੇ ਚੱਲੀਆਂ।

ਮਾਹੀ ਦੀਆਂ ਦਿਲਬਰੀਆਂ,

ਅੱਖੀਂ ਦੇਖਣ ਤੇ ਚਸ਼ਮਾ ਠਰਿਆ।

ਵੇ ਜ਼ਾਲਮਾਂ,

ਤੇਰੇ ਖੇਤਾਂ ਵਿਚ ਖੜ੍ਹੀ ਆਂ। (313)

ਝਿਊਰ ਦੇ ਕਿੱਤੇ ਅਤੇ ਮਹਿਰੀ ਦੀ ਭੱਠੀ ਤੇ ਦਾਣੇ ਭੁੰਨਣ ਦੇ ਕਿੱਤੇ ਬਾਰੇ ਵੀ ਜਾਣਕਾਰੀ ਇਸ ਪੁਸਤਕ ਵਿਚੋਂ ਪ੍ਰਾਪਤ ਹੁੰਦੀ ਹੈ। ਝਿਊਰਾਂ ਦੀ ਕੁੜੀ ਤਾਂ ਦੋ ਦੋ ਘੜੇ ਚੁੱਕ ਦੀ।

ਘੜਾ ਤਾਂ ਭਰਿਆ ਨੀਰ ਦਾ ਨੀਂ,

ਢਿੱਡ ਦੁਖੇ ਨਣਾਨ ਦੇ ਵੀਰ ਦਾ ਨੀਂ।

ਅਤੇ ਭੱਠੀ ਤੇ ਦਾਣੇ ਭੁੰਨਣ ਵਾਲੀ ਮਹਿਰੀ ਬਾਰੇ:

ਰਾਹ ਵਿੱਚ ਤੇਰੀ ਭੱਠੀ ਮਹਿਰੀਏ,

ਠੱਗੀ ਦੇ ਤੰਬੂ ਤਾਣੇ।

ਮਗਰੋਂ ਆਇਆਂ ਦੇ ਮੂਹਰੇ ਭੁੰਨਦੀ,

ਕਰਦੀ ਦਿਲ ਦੇ ਭਾਣੇ ।

ਕਿਸੇ ਦੀ ਮੱਕੀ ਕਿਸੇ ਦੇ ਛੋਲੇ,

ਸਾਡੇ ਮੋਠ ਪੁਰਾਣੇ।

ਲੱਤ ਮਾਰ ਤੇਰੀ ਭੱਠੀ ਢਾਹ ਦਿਆਂ,

ਰੇਤ ਰਲਾ ਦਿਆਂ ਦਾਣੇ।

ਕੈਦਾਂ ਉਮਰਾਂ ਦੀਆਂ,

ਕੰਤ ਜਿਨ੍ਹਾਂ ਦੇ ਨਿਆਣੇ। (318-319)

ਬਾਣੀਏ ਦੇ ਕਿੱਤੇ ਬਾਰੇ ਵੀ ਜਾਣਕਾਰੀ 'ਪੰਜਾਬ ਦੇ ਲੋਕ ਗੀਤ' ਪੁਸਤਕ ਵਿਚੋਂ ਪ੍ਰਾਪਤ ਹੁੰਦੀ ਹੈ ਕਿ ਕਿਸ ਤਰ੍ਹਾਂ ਉਹ ਲੋਕਾਂ ਨੂੰ ਘੱਟ ਤੋਲ ਕੇ ਲੁੱਟਦੇ ਹਨ ਅਤ ਹਰੇਕ ਚੀਜ਼ ਦਾ ਭਾਅ ਵਧਾ ਕੇ ਵੇਚਦੇ ਹਨ.

ਸੌਣ ਵਿੱਚ ਤਾਂ ਲੁੱਟਦੇ ਬਾਣੀਏ,

ਨਵੀਆਂ ਹੱਟੀਆਂ ਪਾ ਕੇ।

ਅੱਗੇ ਤਾਂ ਗੁੜ ਧੜੀਏ,

ਵਿਕਦਾ ਹੁਣ ਕਿਉਂ ਦਿੰਦੇ ਘਟਾ ਕੇ।

ਕੁੜੀਆਂ ਮੁੰਡੇ ਜਿਦ ਪਏ ਕਰਦੇ ,

ਪੂੜੇ ਦਿਓ ਪਕਾ ਕੇ।

ਬਾਣੀਓ ਤਰਸ ਕਰੋ,

ਗੁੜ ਵੇਚੋ ਭਾਅ ਘਟਾ ਕੇ। (320)

ਅਧਿਐਨ ਅਧੀਨ ਪੁਸਤਕਾਂ ਵਿੱਚ ਆਏ ਲੋਕ ਕਿੱਤਿਆਂ ਦਾ ਅਧਿਐਨ ਕਰਨ ਤੇ ਪਤਾ ਚੱਲਦਾ ਹੈ ਕਿ ਵਿਸ਼ਵੀਕਰਨ ਤੋਂ ਪਹਿਲਾਂ ਪਿੰਡ ਆਪਣੇ ਆਪ ਵਿੱਚ ਇਕ ਸੰਪੂਰਣ ਆਰਥਿਕ ਇਕਾਈ ਹੋਇਆ ਕਰਦੇ ਸਨ। ਪਿੰਡਾਂ ਦੇ ਸਭਨਾ ਜੀਆਂ ਦੀਆਂ ਲਗਪਗ ਸਭ ਰੋਜ਼ਾਨਾ ਲੋੜਾਂ, ਪਿੰਡ ਵਿਚ ਹੀ ਪੂਰੀਆਂ ਹੋ ਜਾਂਦੀਆਂ ਸਨ। ਪਿੰਡਾਂ ਵਿੱਚ ਧਨ ਤਬਾਦਲੇ ਦਾ ਮੁੱਖ ਸਾਧਨ ਨਹੀਂ ਸੀ ਹੋਇਆ ਕਰਦਾ। ਬਹੁਤ ਸਾਰੇ ਕੰਮ ਜਿਣਸੀ ਵਟਾਂਦਰੇ ਨਾਲ ਹੀ ਸਿਰੇ ਚਾੜ੍ਹ ਲਏ ਜਾਂਦੇ ਸਨ। ਮਿਸਾਲ ਵਜੋਂ ਕਿਸਾਨ ਨੂੰ ਆਪਣੀਆਂ ਲੋੜਾਂ ਪੂਰੀਆਂ ਕਰਨ ਲਈ ਜਿਨ੍ਹਾਂ ਹੋਰ ਲੋਕਾਂ ਤਰਖਾਣਾਂ, ਲੁਹਾਰਾਂ, ਜੁਲਾਹਿਆਂ, ਦਰਜੀਆਂ ਆਦਿ ਤੇ ਨਿਰਭਰ ਕਰਨਾ ਪੈਂਦਾ ਸੀ, ਉਨ੍ਹਾਂ ਦੀਆਂ ਸੇਵਾਵਾਂ ਬਦਲੇ ਕੋਈ ਨਗਦ ਅਦਾਇਗੀ ਨਹੀਂ ਸੀ ਕਰਨੀ ਪੈਂਦੀ। ਸਗੋਂ ਹਾੜ੍ਹੀ, ਸਾਉਣੀ ਦੀਆਂ ਫ਼ਸਲਾਂ ਦੀ ਚੁਕਾਈ ਵੇਲੇ ਦਾਣੇ ਦੇ ਕੇ ਸੇਵਾਵਾਂ ਦਾ ਮੁੱਲ ਤਾਰ ਦਿੱਤਾ ਜਾਂਦਾ ਸੀ।

## II

ਵਿਗਿਆਨ ਉਦਯੋਗਿਕ ਤਰੱਕੀ ਮਨੁੱਖ ਨੂੰ ਨਵੀਂ ਸੋਚ ਪ੍ਰਦਾਨ ਕਰਦੀ ਹੈ। ਵਿਸ਼ਵੀਕਰਨ ਦੇ ਦੌਰ ਵਿੱਚ ਉਦਯੋਗਿਕ ਅਤੇ ਵਿਗਿਆਨਕ ਤਰੱਕੀ ਹੋਣ ਕਾਰਨ, ਮਨੁੱਖੀ ਸੋਚ ਦਾ ਸਾਰਾ ਤਾਣਾ-ਬਾਣਾ ਬਦਲ ਗਿਆ ਹੈ ਅਤੇ ਹੋਰ ਵੀ ਬਦਲ ਰਿਹਾ ਹੈ। ਵਿਸ਼ਵੀਕਰਨ, ਇੱਕ ਵਿਸ਼ਵ ਪਿੰਡ ਦਾ ਨਾਂ ਹੈ ਜੋ ਕਿ ਹਰ ਇਕ ਨੂੰ ਇਕ ਦੂਜੇ ਦੇ ਨੇੜੇ ਲਿਆਉਣ ਦਾ ਸੂਤਰਧਾਰ ਹੈ। ਇਸ ਕਰ ਕੇ ਪੰਜਾਬ ਦੇ ਲੋਕ ਧੰਦਿਆਂ ਵਿੱਚ ਬੜੀਆਂ ਹੀ ਤਬਦੀਲੀਆਂ ਹੋ ਰਹੀਆਂ ਹਨ। ਲੋਕ ਧੰਦਿਆਂ ਵਿਚ ਤਬਦੀਲੀਆਂ ਹੋਣ ਕਾਰਨ, ਲੋਕ ਆਪਣੇ ਪਿਤਾ ਪੁਰਖੀ ਧੰਦਿਆਂ ਨੂੰ ਛੱਡ ਕੇ ਨਵੀਂ ਕਿੱਤੇ ਅਪਣਾ ਰਹੇ ਹਨ। ਮਸ਼ੀਨੀ ਯੁੱਗ ਨੇ ਹੱਥੀਂ ਕਿਰਤ ਕਰਨ ਵਾਲੇ ਧੰਦਿਆਂ ਨੂੰ ਵਿਹਲਾ ਕਰ ਦਿੱਤਾ ਹੈ। ਹੱਥੀਂ ਕਿੱਤਾ ਕਰਨ ਵਾਲਿਆਂ ਦੀਆਂ ਅਗਲੀਆਂ ਪੀੜ੍ਹੀਆਂ ਰੋਜ਼ੀ ਰੋਟੀ ਦੀ ਭਾਲ ਵਿੱਚ ਸ਼ਹਿਰ ਵੱਲ ਜਾਂ ਵਿਦੇਸ਼ਾਂ ਵੱਲ ਨੂੰ ਮੁੱਖ ਮੋੜ ਰਹੀਆਂ ਹਨ। ਪਿਤਾ ਪੁਰਖੀ ਕਿੱਤਿਆਂ ਨੂੰ ਤਰਜੀਹ ਦੇਣ ਦੀ ਥਾਂ ਅਜੋਕੀ ਪੀੜ੍ਹੀ ਹੋਰ

ਕਿੱਤਿਆਂ ਨੂੰ ਅਪਣਾ ਰਹੀ ਹੈ। ਨਿਮਨ ਵਰਗ ਦੇ ਲੋਕਾਂ ਤੋਂ ਲੈ ਕੇ ਧਨਾਢ ਵਰਗ ਦੇ ਲੋਕਾਂ ਦੇ ਜੀਵਨ ਵਿਚ ਭਾਰੀ ਪਰਿਵਰਤਨ ਆਇਆ ਹੈ। ਵਿਸ਼ਵੀਕਰਨ ਦੇ ਦੌਰ ਵਿੱਚ ਬਹੁਤੇ ਵਰਗਾਂ ਦੇ ਕਿੱਤਾਕਾਰ ਮਹਾਂਨਗਰਾਂ ਜਾਂ ਵਿਦੇਸ਼ਾਂ ਵਿਚ ਪਹੁੰਚ ਗਏ ਹਨ। ਉੱਥੇ ਪਹੁੰਚ ਕੇ ਇਹ ਸਭ ਇੱਕ ਦੂਜੇ ਵਿੱਚ ਰਲਗੱਡ ਹੋ ਗਏ ਹਨ। ਕਿਸਾਨ ਜਾਂ ਸ਼ਾਹੂਕਾਰਾਂ ਤੇ ਨਿਰਭਰ ਕਿੱਤਾਕਾਰ ਹੁਣ ਹਾੜ੍ਹੀ ਸਾਉਣੀ ਦੀ ਉਡੀਕ ਨਹੀਂ ਕਰਦੇ, ਹਰ ਕੋਈ ਆਪਣੀ ਜੀਵਨ ਸ਼ੈਲੀ ਨੂੰ ਬਦਲ ਚੁੱਕਾ ਹੈ ਜਾਂ ਬਦਲਣ ਵਿਚ ਦਿਨ ਰਾਤ ਹੱਡ ਤੋੜਵੀਂ ਮਿਹਨਤ ਕਰ ਰਿਹਾ ਹੈ। ਇਸ ਬਾਰੇ 'ਬਦਲ ਗਿਆ ਮੇਰਾ ਪਿੰਡ' ਪੁਸਤਕ ਵਿਚੋਂ ਪਰਮਜੀਤ ਕੌਰ ਸਰਹਿੰਦ ਦਾ ਵਿਚਾਰ ਹੈ:

> ਪਿੰਡ ਦੀਆਂ ਪੱਛੜੀਆਂ ਸ਼੍ਰੇਣੀਆਂ, ਨਿਮਨ ਮੱਧਵਰਗੀ, ਸ਼ਾਹੂਕਾਰਾਂ ਤੋਂ ਲੈ ਕੇ ਸੁਨਿਆਰਾਂ, ਰਜਵਾੜੇ ਲੋਕਾਂ ਤੱਕ ਦੀ ਜੀਵਨ ਸ਼ੈਲੀ ਵਿੱਚ ਹੈਰਾਨੀਜਨਕ ਪਰਿਵਰਤਨ ਆਇਆ ਹੈ। ਜਿੱਥੇ ਮਿਹਨਤਕਸ਼ ਲੋਕਾਂ ਦੇ ਕਿੱਤੇ ਤੇ ਰਹਿਣ-ਸਹਿਣ ਦਾ ਢੰਗ-ਤਰੀਕਾ ਬਦਲਿਆ ਹੈ, ਉਥੇ ਹੋਰ ਪ੍ਰਮੁੱਖ ਲੋਕਾਂ ਦੀ ਜੀਵਨ ਸ਼ੈਲੀ ਵੀ ਬਦਲ ਗਈ ਹੈ। ਭਾਵੇਂ ਉਹ ਪਿੰਡ ਵਿਚ ਰਹਿੰਦੇ ਹਨ ਜਾਂ ਸ਼ਹਿਰਾਂ ਵਿਚ ਜਾ ਵਸੇ ਹਨ, ਉਹ ਆਪਣੇ ਪੇਂਡੂ ਧਰਾਤਲ ਤੋਂ ਉੱਪਰ ਉੱਠ ਚੁੱਕੇ ਹਨ। ਕਈ ਲੋਕ ਆਪਣੀਆਂ ਮੂਲ ਜੜ੍ਹਾਂ ਨਾਲੋਂ ਟੁੱਟ ਚੁੱਕੇ ਹਨ। ਇਹ ਮਹਾਂ ਨਗਰੀਆ ਜਾਂ ਵਿਦੇਸ਼ਾਂ ਵਿਚ ਬੈਠੇ ਆਪਣੇ ਉਸ ਪੇਂਡੂ ਸਾਦੇ ਜੀਵਨ ਦਾ ਹੇਰਵਾ ਤਾਂ ਕਰਦੇ ਹਨ, ਪਰ ਆਧੁਨਿਕ ਸੁੱਖ ਸਹੂਲਤਾਂ ਨੂੰ ਅਪਣਾ ਚੁੱਕੇ ਉਹ ਲੋਕ ਵਿਚ ਰਹਿਣਾ ਪਸੰਦ ਨਹੀਂ ਕਰਦੇ। ( 462)

ਵਿਸ਼ਵੀਕਰਨ ਦੇ ਸਮੇਂ ਵਿੱਚ ਹਰ ਵਸਤੂ ਤੋਂ ਲੈ ਕੇ ਮਨੁੱਖੀ ਸੋਚ ਇਸ ਦੀ ਪਕੜ ਵਿਚ ਆ ਕੇ ਸ਼ਾਮਲ ਹੋਈ ਹੈ। ਹਰ ਕਿੱਤਾਕਾਰ ਆਪਣੀ ਰਵਾਇਤੀ ਕਿੱਤਿਆਂ ਨੂੰ ਛੱਡ ਕੇ ਅੱਜ ਦੇ ਦੌਰ ਦੇ ਨਵੇਂ ਕਿੱਤਿਆਂ ਨੂੰ ਅਪਣਾ ਰਿਹਾ ਹੈ ਜਾਂ ਫਿਰ ਆਪਣੇ ਕਿੱਤਿਆਂ ਵਿੱਚ ਵਾਧਾ ਕਰਕੇ ਉਸ ਨੂੰ ਨਵੇਂ ਰੂਪ ਵਿਚ ਚਲਾ ਰਿਹਾ ਹੈ। ਵਿਸ਼ਵੀਕਰਨ ਨੇ ਹਰ ਕਿੱਤਾਕਾਰ ਦੀ ਮਾਨਸਿਕਤਾ ਨੂੰ ਪ੍ਰਭਾਵਿਤ ਕੀਤਾ ਹੈ। ਹਰ ਵਸਤੂ ਨੂੰ ਵਰਤੋਂ ਵਾਲੀ ਘੱਟ, ਅਤੇ ਦਿਖਾਵੇ ਵਾਲੀ ਵਧੇਰੇ ਬਣਾ ਦਿੱਤਾ ਹੈ ਹਰ ਨਿੱਕਾ ਵੱਡਾ ਧੰਦਾ ਅਜੋਕੇ ਦੌਰ ਵਿੱਚ ਕਿਸੇ ਨਾ ਕਿਸੇ ਰੂਪ ਵਿਚ ਜ਼ਰੂਰ ਬਦਲ ਗਿਆ ਹੈ।

ਵਿਸ਼ਵੀਕਰਨ ਦੇ ਦੌਰ ਵਿੱਚ ਵੇਖਣ ਵਿੱਚ ਆਇਆ ਹੈ ਕਿ ਲੁਹਾਰ ਦਾ ਧੰਦਾ ਹੁਣ ਪਿੰਡਾਂ ਵਿੱਚ ਨਹੀਂ ਰਿਹਾ। ਇਸ ਕਿੱਤੇ ਨਾਲ ਜੁੜੇ ਲੋਕ ਹੋਰ ਵਧੀਆ ਸਹੂਲਤਾਂ ਲਈ ਹੋਰ-ਹੋਰ ਕਿੱਤਿਆਂ ਨੂੰ ਅਪਣਾ ਰਹੇ ਹਨ। ਪੀੜ੍ਹੀ ਦਰ ਪੀੜ੍ਹੀ ਚੱਲਣ ਵਾਲੇ ਇਨ੍ਹਾਂ ਕਿੱਤਿਆਂ ਨੂੰ ਨਵੀਂ ਪੀੜ੍ਹੀ ਛੱਡ ਕੇ ਵਿਦੇਸ਼ਾਂ ਵਿੱਚ ਜਾਣ ਨੂੰ ਤਰਜੀਹ ਦੇ ਰਹੀ ਹੈ। ਮਸ਼ੀਨੀਕਰਨ ਅਤੇ ਮੰਡੀਕਰਨ ਦੀ ਵਿਵਸਥਾ ਨੇ ਇਨ੍ਹਾਂ ਲੋਕਾਂ ਨੂੰ ਵਿਹਲੇ ਬਣਾ ਦਿੱਤਾ ਹੈ। ਕਿਸਾਨੀ ਜੀਵਨ ਨਾਲ ਸਬੰਧਤ ਹਰ ਕਾਰ ਵਿਹਾਰ ਵਿਚ ਪਰਿਵਰਤਨ ਆਇਆ ਹੈ ਲੋਕ ਪੁਰਾਣੇ ਢੰਗ ਤਰੀਕਿਆਂ ਨੂੰ ਛੱਡ ਕੇ ਨਵੇਂ ਢੰਗ ਤਰੀਕੇ ਅਪਣਾ ਰਹੇ ਹਨ। ਪੰਜਾਬ ਦੀ ਖੇਤੀਬਾੜੀ ਵਿਚ ਮਸ਼ੀਨਾਂ ਦੇ ਦਖਲ ਨੇ ਕ੍ਰਾਂਤੀਕਾਰੀ ਵਿਕਾਸ ਲਿਆਂਦਾ ਅਤੇ ਵਿਕਾਸ ਗਤੀ ਦੀਆਂ ਪ੍ਰੰਪਰਾਗਤ ਰਵਾਇਤਾਂ ਨੂੰ ਤੋੜਿਆ। ਹਜ਼ਾਰਾਂ ਏਕੜ ਜ਼ਮੀਨੀ ਰਕਬਾ ਖੇਤੀਯੋਗ ਰਕਬੇ ਹੇਠ ਆਇਆ ਅਤੇ ਪੰਜਾਬ ਵਿਚਲਾ ਇਕ ਸਮਾਂ ਹਰੇ ਇਨਕਲਾਬ ਦੇ ਯੁੱਗ ਵਜੋਂ ਪ੍ਰਸਿੱਧ ਹੋਇਆ।

ਲੋਕ ਪਿੰਡਾਂ ਵੱਲੋਂ ਮੁੱਖ ਮੋੜ ਕੇ ਸ਼ਹਿਰਾਂ ਵੱਲ ਪਰਤ ਰਹੇ ਹਨ ਅੱਜ ਦੇ ਦੌਰ ਵਿੱਚ ਛੋਟੇ ਵੱਡੇ ਉਦਯੋਗਾਂ ਵਿੱਚ ਕਿਸਾਨੀ ਕਿੱਤੇ ਨਾਲ ਸਬੰਧਤ ਔਜ਼ਾਰ ਧੜਾ-ਧੜ ਤਿਆਰ ਕੀਤੇ ਜਾਂਦੇ ਹਨ, ਜੋ ਕਿ ਤੁਰੰਤ ਮਿਲ ਜਾਂਦੇ ਹਨ। ਤੇਜ਼ ਤਰਾਰ ਜ਼ਿੰਦਗੀ ਵਿੱਚ ਲੋਕਾਂ ਕੋਲ ਵਕਤ ਨਹੀਂ ਰਿਹਾ ਕਿ ਲੁਹਾਰ ਕੋਲ ਬੈਠ ਕੇ ਆਪਣੀ ਪਸੰਦ ਦੇ ਦਾਤੀਆਂ, ਰੰਬੇ ,ਫਾਲੇ, ਕਹੀਆਂ ਆਦਿ ਤਿਆਰ ਕਰਵਾ ਲੈਣ। ਅਜੋਕੇ ਸਮੇਂ ਵਿੱਚ ਵਿੱਦਿਆ ਦੇ ਪਸਾਰ ਕਰਕੇ ਨਵੀਂ ਪੀੜ੍ਹੀ ਪੜ੍ਹ ਲਿਖ ਕੇ ਉੱਚ ਅਹੁਦਿਆਂ ਤੇ ਪਹੁੰਚ ਚੁੱਕੀ ਹੈ। 'ਬਦਲ ਗਿਆ ਮੇਰਾ ਪਿੰਡ' ਪੁਸਤਕ ਵਿਚ ਲੋਕ-ਕਿੱਤਿਆਂ ਦੇ ਬਦਲਾਵ ਬਾਰੇ ਪਰਮਜੀਤ ਕੌਰ ਦਾ ਵਿਚਾਰ ਹੈ:

> ਪਰਿਵਰਤਨ ਕੁਦਰਤ ਦਾ ਨਿਯਮ ਹੈ ਅਨੁਸਾਰ ਇਹ ਬਦਲਾਵ ਮੁੱਢ ਕਦੀਮ ਤੋਂ ਆ ਰਿਹਾ ਹੈ ਤੇ ਨਿਰੰਤਰ ਆ ਰਿਹਾ ਹੈ। ਕੁਝ ਦਹਾਕਿਆਂ ਵਿਚ ਹੀ ਲੋਕਾਂ ਦੀ ਸਮੁੱਚੀ ਜੀਵਨ ਸ਼ੈਲੀ ਬਦਲ ਗਈ ਹੈ। ਇਸ ਕੁਦਰਤੀ ਵਰਤਾਰੇ ਦਾ ਅਸਰ ਪਿੰਡਾਂ ਵਿਚ ਵੀ ਸੁਭਾਵਿਕ ਰੂਪ ਵਿਚ ਆਇਆ ਹੈ। ਹੋਰ ਕਿੱਤਿਆਂ ਦੇ ਨਾਲ਼-ਨਾਲ਼ ਪਿੰਡਾਂ ਵਿਚ ਕਿਸਾਨੀ ਕਿੱਤਾ ਦਾ ਢੰਗ ਵੀ ਬਦਲ ਗਿਆ ਹੈ। (462-463)

ਪੰਜਾਬੀ ਲੋਕਧਾਰਾ ਦੇ ਅੰਤਰਗਤ ਪਿੰਡ ਪੱਧਰ ਤੇ ਤਰਖਾਣਾ ਕਿੱਤਾ ਜਾਂ ਧੰਦਾ ਕਰਨ ਵਾਲੇ ਵਿਅਕਤੀ ਦੀ ਬੜੀ ਅਹਿਮੀਅਤ ਰਹੀ ਹੈ। ਲੱਕੜੀ ਦਾ ਕੰਮ ਕਰਨ ਵਾਲੇ ਵਿਅਕਤੀ ਨੂੰ ਤਰਖਾਣ ਕਿਹਾ ਜਾਂਦਾ ਹੈ। ਤਰਖਾਣ ਜਿੱਥੇ ਖੇਤੀਬਾੜੀ ਦੇ ਸੰਦ ਬਣਾਉਣ ਵਿੱਚ ਮੁਹਾਰਤ ਰੱਖਦਾ ਹੈ, ਉੱਥੇ ਉਹ ਬੱਚਿਆਂ ਦੇ ਗੁੱਲੀ-ਡੰਡੇ ਤੋਂ ਲੈ ਕੇ ਕਿਸਾਨ ਦੇ ਗੱਡੇ ਆਦਿ ਬਣਾਉਣ ਵਿੱਚ ਵੀ ਮੁਹਾਰਤ ਰੱਖਦਾ ਹੈ। ਪਿੰਡ ਵਿੱਚ ਹਰ ਘਰ ਵਿੱਚ ਲੱਕੜ ਦੀਆਂ ਬਣੀਆਂ ਵਸਤੂਆਂ ਮੰਜੇ-ਪੀੜ੍ਹੀਆਂ, ਮਧਾਣੀਆਂ, ਸਾਗ-ਘੋਟਣੀਆਂ, ਘੜੌਂਜੀਆਂ, ਚਰਖੇ, ਚੱਕਲੇ-ਵੇਲਣੇ ਆਦਿ ਇਸ ਦੁਆਰਾ ਹੀ ਤਿਆਰ ਕੀਤੇ ਜਾਂਦੇ ਰਹੇ ਹਨ। ਪਿੰਡਾਂ ਵਿੱਚ ਤਰਖਾਣਾ ਕੰਮ ਸੇਪੀ ਤੇ ਕੀਤਾ ਜਾਂਦਾ ਸੀ, ਭਾਵ ਕਿ ਹਾੜ੍ਹੀ ਸਾਉਣੀ ਫ਼ਸਲ ਵੇਲੇ ਹੋਰਨਾਂ ਕਾਮਿਆਂ ਵਾਂਗ ਅਨਾਜ ਦੇ ਰੂਪ ਵਿਚ ਇਹਨੂੰ ਵੀ ਮਿਹਨਤਾਨਾ ਦਿੱਤਾ ਜਾਂਦਾ ਸੀ। ਕੁਝ ਵਿਹਲੇ ਸਮੇਂ ਇਹ ਲੋਕ ਘਰਾਂ ਵਿੱਚ ਪਈਆਂ ਲੱਕੜ ਦੀਆਂ ਸਜਾਵਟੀ ਵਸਤੂਆਂ ਬਣਾ ਕੇ ਵੇਚ ਲੈਂਦੇ ਸਨ। ਜਿਸ ਨਾਲ ਇਨ੍ਹਾਂ ਦੀ ਆਮਦਨ ਵਿੱਚ ਵਾਧਾ ਹੁੰਦਾ ਸੀ। ਹੋਰਨਾਂ ਲੋਕ ਧੰਦਿਆਂ ਵਾਂਗ ਇਹ ਧੰਦਾ ਵੀ ਪੀੜ੍ਹੀ ਦਰ ਪੀੜ੍ਹੀ ਅਗਾਂਹ ਤੁਰਦਾ ਆ ਰਿਹਾ ਹੈ ਜਿੱਥੇ ਇਹ ਕਿੱਤਾ ਪਿਤਾ-ਪੁਰਖੀ ਰਿਹਾ ਹੈ, ਪਰ ਫਿਰ ਵੀ ਇਸ ਵਿੱਚ ਉਸਤਾਦੀ ਸ਼ਾਗਿਰਦੀ ਦੀ ਪਰੰਪਰਾ ਕਾਇਮ ਰਹੀ ਹੈ। ਬੇਸ਼ੱਕ ਪੁੱਤਰ ਦਾ ਉਸਤਾਦ ਉਸ ਦਾ ਬਾਪ ਹੀ ਰਿਹਾ ਹੈ।

ਤਰਖਾਣ ਨੂੰ ਚੰਗੀ ਮਾੜੀ ਲੱਕੜ ਦੀ ਬੜੀ ਪਛਾਣ ਹੁੰਦੀ ਹੈ। ਜਿਵੇਂ ਕਿ ਕਿਸਾਨ ਦੀਆਂ ਦਾਤੀਆਂ, ਰੰਬਿਆਂ ਅਤੇ ਕਹੀਆਂ, ਹਲ਼,ਸੁਹਾਗੇ, ਪੰਜਾਲੀਆਂ, ਤਰੰਗਲੀਆਂ ਆਦਿ ਲਈ ਲੱਕੜੀ ਦੇਖ ਪਰਖ ਕੇ ਵਰਤਦੇ ਸਨ। ਘਰ ਬਣਾਉਣ ਲਈ ਦਰਵਾਜ਼ੇ, ਖਿੜਕੀਆਂ, ਸ਼ਤੀਰ, ਕੜੀਆਂ, ਬਾਲੇ ਆਦਿ ਵੀ ਇਸ ਦੁਆਰਾ ਬੜੀ ਮਿਹਨਤ ਨਾਲ ਸੁਆਰ ਕੇ ਤਿਆਰ ਕੀਤੇ ਜਾਂਦੇ ਸਨ। ਕਿਸੇ ਧੀ ਭੈਣ ਦੇ ਵਿਆਹ ਵਿੱਚ ਦਿੱਤਾ ਜਾਣ ਵਾਲਾ ਦਾਜ ਵੀ ਤਰਖਾਣ ਹੀ ਤਿਆਰ ਕਰਦਾ ਸੀ। ਤਰਖਾਣ ਦੇ ਕਿੱਤੇ ਬਾਰੇ 'ਬਦਲ ਗਿਆ ਮੇਰਾ ਪਿੰਡ' ਪੁਸਤਕ ਵਿਚੋ ਪਰਮਜੀਤ ਕੌਰ ਸਰਹਿੰਦ ਦਾ ਵਿਚਾਰ ਹੈ :

> ਘਰਾਂ ਵਿੱਚ ਆਮ ਵਰਤੋਂ ਦਾ ਬਹੁਤ ਸਾਰਾ ਸਾਮਾਨ ਵੀ ਇਨ੍ਹਾਂ ਸੋਹਲੇ ਸੁਚੱਜੇ ਹੱਥਾਂ ਨਾਲ ਬਣਾਇਆ ਹੁੰਦਾ, ਘਰ ਦਾ ਸ਼ਿੰਗਾਰ ਤੇ ਬਰਕਤ ਚਰਖਾ ਭਾਵੇਂ ਟਾਹਲੀ ਦਾ ਹੁੰਦਾ, ਭਾਵੇਂ ਚੰਨਣ ਦਾ ਇਹ ਤਰਖਾਣ ਹੀ ਬਣਾਉਂਦਾ ਤੇ ਇਸ ਲਈ ਮੁਟਿਆਰ ਇਨ੍ਹਾਂ ਨੂੰ ਅਸੀਸਾਂ ਦਿੰਦੀ ਕਹਿੰਦੀ ਹੈ

:-ਚਰਖਾ ਤਾਂ ਮੇਰਾ ਤ੍ਰਿੰਞਣ ਦਾ ਸਰਦਾਰ ਨੀ ਮਾਏ, ਜਿਸ ਘੜਿਆ ਇਹ ਚਰਖਾ ਜੀਵੇ, ਉਹ ਤਰਖਾਣ ਨੀਂ ਮਾਏਂ। ( 432)

ਅਜੋਕੇ ਸਮੇਂ ਵਿੱਚ ਤਰਖਾਣਾ ਧੰਦਾ ਜਿਸ ਨੂੰ ਕਿ ਤਰਖਾਣ ਜਾਤੀ ਦੇ ਲੋਕ ਹੀ ਕਰਿਆ ਕਰਦੇ ਸਨ, ਹੋਰ ਹੋਰ ਜਾਤੀਆਂ ਦੇ ਲੋਕ ਵੀ ਕਰਨ ਲੱਗ ਪਏ ਹਨ। ਬਹੁਤ ਸਾਰੇ ਤਰਖਾਣ ਜੋ ਕਿ ਜੱਦੀ ਪੁਸ਼ਤੀ ਕੰਮ ਕਰਦੇ ਆ ਰਹੇ ਸਨ, ਇਸ ਕੰਮ ਨੂੰ ਛੱਡ ਰਹੇ ਹਨ ਅਤੇ ਹੋਰ ਕਿੱਤਿਆਂ ਨੂੰ ਅਪਣਾ ਰਹੇ ਹਨ। ਨਵੀਂ ਪੀੜ੍ਹੀ ਵੀ ਪੜ੍ਹ ਲਿਖ ਕੇ ਪਿਤਾ ਪੁਰਖੀ ਕਿੱਤਿਆਂ ਨੂੰ ਛੱਡ ਕੇ ਨੌਕਰੀਆਂ ਦੇ ਰਾਹ ਪੈ ਗਈ ਹੈ। ਜਿਸ ਕਰ ਕੇ ਉਹ ਪਿੰਡਾਂ ਨੂੰ ਛੱਡ ਕੇ ਸ਼ਹਿਰਾਂ ਵਿੱਚ ਆ ਵਸੇ ਹਨ। ਇਸ ਕਿੱਤੇ ਨਾਲ ਜੁੜੇ ਲੋਕ ਜੋ ਸ਼ਹਿਰਾਂ ਵਿੱਚ ਜਾ ਵਸੇ ਹਨ, ਉਨ੍ਹਾਂ ਨੇ ਆਧੁਨਿਕ ਤੌਰ ਤਰੀਕਿਆਂ ਦੀ ਮਦਦ ਨਾਲ ਇਸ ਕਾਰੋਬਾਰ ਨੂੰ ਬਦਲ ਲਿਆ ਹੈ। ਪਿੰਡਾਂ ਵਿੱਚ ਤਰਖਾਣ ਦੀ ਦੁਕਾਨ ਵੱਡੇ ਸ਼ਹਿਰਾਂ ਵਿੱਚ ਆ ਕੇ ਸਨਅਤ ਅਖਵਾਉਣ ਲੱਗ ਪਈ ਹੈ।

ਹੁਣ ਦਾ ਤਰਖਾਣ ਸੇਪੀ 'ਤੇ ਮਿਲਣ ਵਾਲੀ ਹਾੜ੍ਹੀ ਸਾਉਣੀ ਵਾਲੀ ਫਸਲ ਤੇ ਨਿਰਭਰ ਨਹੀਂ ਰਿਹਾ ਸਗੋਂ ਹਰ ਕੰਮ ਨੂੰ ਨਗਦੀ ਦੇ ਰੂਪ ਵਿੱਚ ਕੀਤਾ ਜਾਂਦਾ ਹੈ। ਉਂਜ ਵੀ ਵਿਸ਼ਵੀਕਰਨ ਦੇ ਦੌਰ ਵਿੱਚ ਉਦਯੋਗਿਕ ਉੱਨਤੀ ਹੋਣ ਕਰ ਕੇ ਹਰ ਕੰਮ ਮਸ਼ੀਨਾਂ ਨਾਲ ਹੋਣ ਲੱਗਾ ਹੈ। ਦੇਸੀ ਔਜ਼ਾਰਾਂ ਨਾਲ ਜਿੱਥੇ ਕਾਰਜ ਕਰਨ ਨੂੰ ਕਾਫ਼ੀ ਟਾਈਮ ਲੱਗਦਾ ਸੀ, ਹੁਣ ਉਹ ਕਾਰਜ ਮਸ਼ੀਨਾਂ ਰਾਹੀਂ ਪਲੋ ਪਲੀ ਹੋ ਜਾਂਦਾ ਹੈ। ਧੀ-ਭੈਣ ਦੇ ਵਿਆਹ ਵਿਚ ਦਾਜ ਦਾ ਸਾਮਾਨ ਜੋ ਲੱਕੜ ਦਾ ਬਣਦਾ ਤਰਖਾਣ ਉਸ ਨੂੰ ਕਈ ਮਹੀਨੇ ਪਹਿਲੋਂ ਹੀ ਬਣਾਉਣ ਲੱਗ ਪੈਂਦਾ ਸੀ। ਪਰ ਅੱਜ ਕੱਲ੍ਹ ਤਾਂ ਉਸੀ ਵਕਤ ਹੀ ਬਾਜ਼ਾਰੋਂ ਖ਼ਰੀਦ ਲਿਆ ਜਾਂਦਾ ਹੈ। ਹਰ ਵੱਡੇ ਛੋਟੇ ਸ਼ਹਿਰ ਵਿਚ ਵੱਡੇ-ਵੱਡੇ ਸ਼ੋਅ ਰੂਮ ਬਣੇ ਹੋਏ ਹਨ, ਜਿੱਥੋਂ ਜੋ ਚਾਹੋ ਲੋੜੀਂਦਾ ਸਮਾਨ ਖਰੀਦ ਸਕਦੇ ਹੋ। ਆਪਣੀ ਪੁਸਤਕ 'ਪਰੰਪਰਾ ਸਭਿਆਚਾਰ ਤੇ ਕਬੀਲੇ' ਵਿਚ ਪ੍ਰੋ. ਕਿਰਪਾਲ ਕਜ਼ਾਕ ਨੇ ਵਿਚ ਬਾਰੇ ਦੱਸਿਆਂ ਹੈ :

> ਅਜੋਕੇ ਸਮੇਂ ਵਿਸ਼ਵੀਕਰਨ ਦੇ ਪੂੰਜੀਵਾਦੀ ਵਰਤਾਰੇ ਨੇ ਮਨੁੱਖੀ ਲੋੜਾਂ ਦੀ ਸੀਮਾ ਅਸੀਮ ਕਰ ਦਿੱਤੀ ਹੈ। ਜਿਸ ਦੇ ਸਿੱਟੇ ਵਜੋਂ ਪੰਜਾਬ ਦੇ ਲੋਕ ਕਿੱਤੇ ਇਸ ਲੋੜ ਨੂੰ ਪੂਰਾ ਕਰਨ ਵਿੱਚ ਅਸਮਰੱਥ ਹਨ। ਵਿਗਿਆਨਕ ਕਾਢਾਂ ਦੁਆਰਾ ਸਵੈ ਚਲਿਤ ਮਸ਼ੀਨਾਂ ਵੱਲੋਂ ਵੱਡੀ ਮਾਤਰਾ ਵਿੱਚ ਤਿਆਰ

ਵਸਤੂਆਂ ਦੇ ਟਾਕਰੇ ਦਸਤੀ (ਹੱਥੀਂ)ਤਿਆਰ ਕੀਤੀਆਂ ਵਸਤੂਆਂ ਕਾਫ਼ੀ ਨਹੀਂ ਹਨ। ਦੂਜੇ ਲਫ਼ਜ਼ਾਂ ਵਿੱਚ ਜੀਵਨ ਰਹਿਤਲ ਦੀ ਸ਼ੈਲੀ ਵਿਚ ਮੂਲੋਂ ਬਦਲਾਅ ਆ ਜਾਣ ਕਾਰਨ ਕਈ ਕਿੱਤਿਆਂ ਦੀ ਸਾਰਥਿਕਤਾ ਨਿਰਮੂਲ ਹੋ ਕੇ ਰਹਿ ਗਈ ਹੈ। ਇਹ ਬਦਲਾਓ ਸੱਭਿਆਚਾਰ ਦੀ ਕੁਦਰਤੀ ਬਦਲਾਓ ਪ੍ਰਕਿਰਿਆ ਦਾ ਸਿੱਟਾ ਨਹੀਂ, ਸਗੋਂ ਆਧੁਨਿਕ ਸੰਚਾਰ ਸਾਧਾਨਾਂ ਦੀ ਬਦੌਲਤ ਭੂਗੋਲਿਕ ਦੂਰੀਆਂ ਘਟਣ ਅਤੇ ਪੂੰਜੀਵਾਦੀ ਦੇਸ਼ਾਂ ਦੀਆਂ ਮੁਨਾਫ਼ੇਖੋਰ ਨੀਤੀਆਂ ਦੀ ਗਹਿਰੀ ਸਾਜਿਸ਼ ਅਧੀਨ ਵਾਪਰਿਆ ਹੈ। (52)

ਵਿਸ਼ਵੀਕਰਨ ਦੀ ਮੰਡੀ ਕਾਰਨ ਅੱਜ ਦੇ ਦੌਰ ਵਿੱਚ ਬਹੁਤ ਸਾਰਾ ਸਾਮਾਨ ਪਲਾਸਟਿਕ ਦਾ ਵਿਕ ਰਿਹਾ ਹੈ। ਇਸ ਦੀ ਪੂਰਤੀ ਲਈ ਅਨੇਕਾਂ ਵੱਡੇ ਵੱਡੇ ਕਾਰਖਾਨੇ ਲੱਗੇ ਹੋਏ ਹਨ। ਇਸੇ ਕਰਕੇ ਵੀ ਅਜੋਕੇ ਸਮੇਂ ਵਿੱਚ ਇਸ ਧੰਦੇ ਨਾਲ ਜੁੜੇ ਤਰਖਾਣ ਬਹੁਤ ਹੀ ਘੱਟ ਨਜ਼ਰ ਆ ਰਹੇ ਹਨ।

ਘੁਮਿਆਰ ਦਾ ਮੁੱਖ ਧੰਦਾ ਮਿੱਟੀ ਦੇ ਬਰਤਨ ਭਾਂਡੇ ਬਣਾਉਣਾ, ਅਨਾਜ ਅਤੇ ਹੋਰ ਸਾਮਾਨ ਦੀ ਢੋਆ ਢੁਆਈ ਕਰਨਾ ਰਿਹਾ ਹੈ। ਜਿਸ ਨਾਲ ਇਹ ਆਪਣੀ ਰੋਜ਼ੀ ਰੋਟੀ ਚਲਾਉਂਦੇ ਹਨ। ਮਿੱਟੀ ਦੇ ਭਾਂਡੇ ਬਣਾਉਣ ਦਾ ਧੰਦਾ ਬੜੀ ਹੀ ਮਿਹਨਤ ਮੁਸ਼ੱਕਤ ਵਾਲਾ ਹੈ। ਬਹੁਤ ਸਖ਼ਤ ਮਿਹਨਤ ਅਤੇ ਚੌਕਸੀ ਭਰੇ ਸੁਚੱਜੇ ਤਰੀਕੇ ਨਾਲ ਬਣਾਏ ਇਨ੍ਹਾਂ ਭਾਂਡਿਆਂ ਨੂੰ ਆਵੇ ਵਿੱਚ ਪਕਾਇਆ ਜਾਂਦਾ ਹੈ। ਆਵੇ ਦਾ ਘੇਰਾ ਅੰਦਾਜ਼ਨ ਬਾਰ੍ਹਾਂ ਕੁ ਫ਼ੁੱਟ ਅਤੇ ਡੂੰਘਾ ਤਿੰਨ ਕੁ ਫੁੱਟ ਹੁੰਦਾ ਹੈ। ਆਵੇ ਵਿਚ ਖੜ੍ਹਵੇ ਦਾਅ ਪਾਥੀਆਂ ਚਿਣੀਆਂ ਜਾਂਦੀਆਂ ਜਿਵੇਂ ਪਿੰਡਾਂ ਵਿਚ ਗੁਹਾਰਾ ਲਾਉਣ ਸਮੇਂ  ਚਿਣੀਆਂ ਜਾਂਦੀਆਂ। ਬਰਾਬਰ ਚਿਣੀਆਂ ਪਾਥੀਆਂ ਦੇ ਵਿਚਕਾਰ, ਚਾਰ ਕੁੱਜੇ ਮੁੱਧੇ ਮਾਰੇ ਜਾਂਦੇ, ਇਹਨਾਂ ਦੇ ਉੱਪਰ ਭੰਨੀਆਂ ਤੋੜੀਆਂ ਪਾਥੀਆਂ ਪਾਈਆਂ ਜਾਂਦੀਆਂ ਪਰ ਕੁੱਜਿਆਂ ਉੱਤੇ ਚਾਰ ਕੁੱਜੇ ਹੋਰ ਮੂਧੇ ਕਰ ਕੇ ਰੱਖ ਦਿੱਤੇ ਜਾਂਦੇ। ਹਰ ਵਾਰ ਭਾਂਡਿਆਂ ਦਾ ਗੇੜਾ ਦਿੱਤਾ ਜਾਂਦਾ ਤੇ ਪਾਥੀਆਂ ਦੇ ਟੁਕੜੇ ਉੱਤੇ ਪਾਏ ਜਾਂਦੇ  ਤੇ ਕੁੱਜਿਆਂ ਉੱਤੇ ਚਾਰ ਕੁੱਜੇ ਪੁੱਠੇ ਕਰ ਕੇ ਰੱਖੇ ਜਾਂਦੇ। ਪਹਿਲੇ ਗੇੜ ਵਿਚ ਵੱਡੇ ਭਾਂਡੇ ਰੱਖੇ ਜਾਂਦੇ, ਜਿਵੇ ਮੱਟ, ਘੜੇ, ਚਾਟੀਆਂ, ਤੌਲੇ ਤੇ ਕਾਂੜ੍ਹਨੀਆ ਆਦਿ। ਉਸ ਤੋਂ ਬਾਅਦ ਮੱਟੀਆਂ, ਘੜੌਲੀਆਂ, ਬੱਲ੍ਹਣੀਆਂ, ਤੌੜੀਆਂ, ਤੌੜੇ ਛੱਕਰੇ ,ਛੱਕਰੀਆਂ, ਕੰਡੀਰੇ, ਸੁਨਹਿਰੇ ਅਤੇ ਦੁਧੌੜੀਆਂ ਦੇ ਮੋਰੀਆਂ ਵਾਲੇ ਕੰਡੀਰੇ ਦੀ ਸ਼ਕਲ ਦੇ ਢੱਕਣ ਆਦਿ ਰੱਖੇ ਜਾਂਦੇ।

ਆਵੇ ਵਿਚ ਬਰਤਨ ਅਤੇ ਬਾਲਣ ਚਿਣ ਕੇ ਇਸ ਨੂੰ ਢੱਕ ਦਿੱਤਾ ਜਾਂਦਾਹੈ। ਬਾਅਦ ਵਿੱਚ ਇਸ ਨੂੰ ਅੱਗ ਲਗਾਈ ਜਾਂਦੀ ਹੈ। ਇਸ ਕੰਮ ਲਈ ਵਿੱਚ ਪਹਿਲਾਂ ਹੀ ਆਵੇ ਵਿਚ ਚੁੱਲ੍ਹੇ ਨੁਮਾ ਸੁਰਾਖ ਰੱਖੇ ਜਾਂਦੇ ਹਨ। ਹਫ਼ਤੇ ਤੋਂ ਦਸ ਦਿਨਾਂ ਤਕ ਇਸ ਵਿੱਚ ਵਰਤਨ ਪੱਕ ਜਾਂਦੇ ਹਨ। ਤਿੰਨ ਚਾਰ ਦਿਨਾਂ ਬਾਅਦ ਇਹ ਠੰਢੇ ਹੋਣ ਉਪਰੰਤ, ਆਵੇ ਵਿੱਚੋਂ ਬਾਹਰ ਕੱਢ ਲਏ ਜਾਂਦੇ ਹਨ। ਇਸ ਨੂੰ ਹੋਰ ਸੋਹਣਾ ਸੁੰਦਰ ਬਣਾਉਣ ਲਈ ਇਸ ਉਪਰ ਆਕ੍ਰਿਤੀਆਂ ਜਾਂ ਡਿਜ਼ਾਈਨ ਵਾਹ ਦਿੱਤੇ ਜਾਂਦੇ ਹਨ। ਇਸ ਕੰਮ ਵਿਚ ਇਨ੍ਹਾਂ ਦੇ ਬੱਚੇ ਅਤੇ ਔਰਤਾਂ ਵੀ ਹੱਥ ਵਟਾ ਦਿੰਦੀਆਂ ਹਨ।

ਵਿਸ਼ਵੀਕਰਨ ਦੇ ਅਜੋਕੇ ਦੌਰ ਵਿੱਚ ਪੰਜਾਬੀ ਲੋਕਧਾਰਾ ਦੀ ਇਹ ਵੰਨਗੀ ਮਸ਼ੀਨੀਕਰਨ ਵਿੱਚ ਬਦਲ ਗਈ ਹੈ। ਚੱਕ ਤੇ ਬਰਤਨ ਬਣਾਉਣ ਲਈ ਜਿੱਥੇ ਇਸ ਨੂੰ ਪਹਿਲਾਂ ਹੱਥਾਂ ਨਾਲ ਤੇਜ਼ੀ-ਤੇਜ਼ੀ ਘੁੰਮਾਇਆ ਜਾਂਦਾ ਸੀ, ਪਰ ਅਜੋਕੇ ਦੌਰ ਵਿੱਚ ਬਿਜਲੀ ਦੀ ਮਦਦ ਨਾਲ, ਮੋਟਰਾਂ ਰਾਹੀਂ ਇਸ ਤੋਂ ਕੰਮ ਲਿਆ ਜਾਂਦਾ ਹੈ। ਇਸ ਬਦਲਾਵ ਬਾਰੇ ਪਰਮਜੀਤ ਕੌਰ ਸਰਹਿੰਦ ਨੇ 'ਬਦਲ ਗਿਆ ਮੇਰਾ ਪਿੰਡ' ਪੁਸਤਕ ਵਿਚ ਦੱਸਿਆ ਹੈ:

> ਪਿਛਲੇ ਸਮੇਂ ਵਿਚ ਪਹਿਲਾਂ ਮਿੱਟੀ ਦੇ ਚੱਕ ਉੱਤੇ ਭਾਂਡੇ ਬਣਦੇ ਸਨ। ਫਿਰ ਸਰੀਏ ਤੇ ਸੀਮਿੰਟ ਵਾਲੇ ਚੱਕ ਬਣਨ ਲੱਗੇ ਜੋ ਬਿਜਲੀ ਦੀ ਮੋਟਰ ਨਾਲ ਚਲਦੇ। ਇਸ ਮਸ਼ੀਨੀ ਯੁੱਗ ਵਿਚ ਉਹ ਪਹਿਲਾਂ ਵਾਲੀ ਹੱਡ ਭੰਨ੍ਹਵੀਂ ਮਿਹਨਤ ਨਹੀਂ ਹੁੰਦੀ, ਪਰ ਅੱਜ ਇਕ ਨਿੱਕਾ ਜਿਹਾ ਝਾਵਾਂ ਵੀ ਪੱਚੀ ਤੀਹ ਰੁਪਏ ਦਾ ਮਿਲਦਾ ਹੈ ਅਤੇ ਪੱਚੀ ਤੀਹ ਰੁਪਏ ਤੋਂ ਲੈ ਕੇ ਛੋਟੇ ਵੱਡੇ ਗਮਲੇ ਪੰਜ ਸੌ ਰੁਪਏ ਤੱਕ ਦੇ ਜਾਂ ਇਸ ਤੋਂ ਵੀ ਵੱਧ ਕੀਮਤ ਤੇ ਮਿਲਦੇ ਹਨ। (438)

ਉਦਯੋਗਿਕ ਤਰੱਕੀ ਅਤੇ ਮਸ਼ੀਨੀਕਰਨ ਕਰਕੇ ਅੱਜਕੱਲ੍ਹ ਇਹ ਕਿੱਤਾ ਅਲੋਪ ਹੋਣ ਕਿਨਾਰੇ ਹੈ। ਅੱਜ ਕੱਲ੍ਹ ਮਿੱਟੀ ਦੇ ਭਾਂਡਿਆਂ ਦਾ ਰਿਵਾਜ ਖ਼ਤਮ ਹੋ ਚੁੱਕਾ ਹੈ। ਘਰਾਂ ਵਿੱਚ ਚੀਨੀ, ਸਟੀਲ, ਪਲਾਸਟਿਕ ਅਤੇ ਹੋਰ ਅਨੇਕਾਂ ਧਾਤਾਂ ਦੇ ਬਰਤਨ ਵਰਤੇ ਜਾ ਰਹੇ ਹਨ। ਘਰਾਂ ਵਿੱਚ ਜਿੱਥੇ ਪਹਿਲਾਂ ਸਾਗ ਬਣਾਉਣ ਲਈ ਮਿੱਟੀ ਦੀਆਂ ਤੌੜੀਆਂ ਦੀ ਵਰਤੋਂ ਹੁੰਦੀ ਸੀ, ਇਨ੍ਹਾਂ ਦੀ ਥਾਂ ਪ੍ਰੈਸ਼ਰ ਕੂਕਰਾਂ ਨੇ ਲੈ ਲਈ ਹੈ। ਦੁੱਧ ਕਾੜ੍ਹਣੀਆਂ ਵਿਚ ਹੁਣ ਆਪ ਮੁਹਾਰੇ ਦੁੱਧ ਨਹੀਂ ਕੜਦਾ, ਸਗੋਂ ਗੈਸ ਚੁੱਲ੍ਹਿਆਂ ਤੇ ਫਟਾਫਟ ਉਬਾਲ ਲਿਆ ਜਾਂਦਾ ਹੈ। ਪਹਿਲੇ ਸਮਿਆਂ ਵਿੱਚ

ਠੰਢੇ ਪਾਣੀ ਲਈ ਵਰਤੇ ਜਾਂਦੇ ਘੜੇ ਅਤੇ ਮੱਟ ਹੁਣ ਨਹੀਂ ਰਹੇ ਹਨ। ਇਨ੍ਹਾਂ ਦੀ ਥਾਂ ਫਰਿੱਜਾਂ ਨੇ ਲੈ ਲਈ ਹੈ। ਭੱਜ ਦੌੜ ਵਾਲੀ ਜ਼ਿੰਦਗੀ ਵਿਚ ਕਿਸੇ ਕੋਲ ਵਕਤ ਨਹੀਂ ਰਿਹਾ ਕਿ ਏਨੀ ਸਿਦਕ ਤੇ ਲਗਨ ਨਾਲ ਇਸ ਕਾਰਜ ਨੂੰ ਜਾਰੀ ਰੱਖਿਆ ਜਾ ਸਕੇ।

ਇਸ ਕਿੱਤੇ ਨਾਲ ਜੁੜੇ ਵਿਅਕਤੀਆਂ ਦੀਆਂ ਅਗਲੀਆਂ ਪੀੜ੍ਹੀਆਂ ਪੜ੍ਹ ਲਿਖ ਕੇ ਅਗਾਂਹ ਵਧੂ ਸੋਚ ਦੀ ਧਾਰਨੀ ਬਣ ਗਈਆਂ ਹਨ। ਇਹ ਪੀੜ੍ਹੀ ਪੜ੍ਹ ਲਿਖ ਕੇ ਸ਼ਹਿਰਾਂ ਵੱਲ ਨੂੰ ਮੁੱਖ ਮੋੜ ਗਈ ਹੈ। ਜਿੱਥੇ ਇਹ ਉੱਚ ਅਹੁਦਿਆਂ ਤੇ ਜਾ ਲੱਗੇ ਹਨ। ਹੁਣ ਤਾਂ ਕੋਈ ਵਿਰਲਾ ਟਾਵਾਂ ਹੀ ਹੋਵੇਗਾ, ਜਿਹੜਾ ਇਸ ਕਿੱਤੇ ਨਾਲ ਜੁੜਿਆ ਹੋਵੇਗਾ। ਪਿੰਡਾਂ ਵਿੱਚ ਕਿਤੇ ਕਿਤੇ ਵਾਢੀਆਂ ਦੇ ਦਿਨਾਂ ਵਿੱਚ ਦਾਣਿਆਂ ਦੇ ਬਦਲੇ ਘੜੇ ਵੇਚਦੇ ਘੁਮਿਆਰ ਨਜ਼ਰੀਂ ਪੈ ਜਾਂਦੇ ਹਨ।

ਵਿਸ਼ਵੀਕਰਨ ਦੇ ਯੁੱਗ ਵਿੱਚ ਵਕਤ ਬਦਲਣ ਨਾਲ ਕੰਮ ਧੰਦੇ ਕਰਨ ਦੇ ਤੌਰ ਤਰੀਕੇ ਬਦਲ ਗਏ ਹਨ। ਹੁਨਰਮੰਦ ਹੱਥਾਂ ਦੀ ਥਾਂ ਮਸ਼ੀਨਾਂ ਨੇ ਲੈ ਲਈ ਹੈ। ਪਿੰਡਾਂ ਵਿੱਚ ਹੱਥੀਂ ਜੁੱਤੀਆਂ ਬਣਾਉਣ ਵਾਲੇ ਕਾਰੀਗਰ ਹੁਣ ਨਹੀਂ ਰਹੇ, ਇਹ ਲੋਕ ਵੀ ਹੋਰ ਲੋਕਾਂ ਵਾਂਗ ਰੋਜ਼ੀ ਰੋਟੀ ਲਈ ਸ਼ਹਿਰਾਂ ਵੱਲ ਨੂੰ ਮੁੱਖ ਮੋੜ ਗਏ ਹਨ। ਇਨ੍ਹਾਂ ਵਿੱਚੋਂ ਕਈਆਂ ਨੇ ਤਾਂ ਵੱਡੇ ਪੱਧਰ ਤੇ ਆਪਣੀ ਨਿੱਜੀ ਵਪਾਰ ਸ਼ੁਰੂ ਕਰ ਲਏ ਹਨ ਅਤੇ ਆਪਣਾ ਜੀਵਨ ਨਿਰਬਾਹ ਵਧੀਆ ਢੰਗ ਨਾਲ ਕਰ ਰਹੇ ਹਨ। ਮੋਚੀ ਦੇ ਧੰਦੇ ਨੂੰ ਜਿੱਥੇ ਪਹਿਲਾਂ ਕਿਸੇ ਇੱਕ ਜਾਤੀ ਦੇ ਲੋਕ ਹੀ ਕਰਿਆ ਕਰਦੇ ਸਨ, ਪਰ ਹੁਣ ਹੋਰ ਜਾਤੀਆਂ ਦੇ ਲੋਕ ਵੀ ਇਸ ਨੂੰ ਵੱਡੇ ਪੱਧਰ ਤੇ ਕਰ ਰਹੇ ਹਨ। ਮਸ਼ੀਨੀਕਰਨ ਨਾਲ ਜੁੱਤੀਆਂ-ਜੋੜਿਆਂ ਦਾ ਨਿਰਮਾਣ ਵੱਡੇ ਪੱਧਰ ਤੇ ਹੋ ਰਿਹਾ ਹੈ। ਹੁਣ ਜੁੱਤੀਆਂ ਦੀਆਂ ਕਿਸਮਾਂ ਦਾ ਪਤਾ ਹੀ ਨਹੀਂ ਚਲਦਾ ਲੋਕ ਮਹਿੰਗੇ ਭਾਅ ਦੇ ਬੂਟ, ਸੈਂਡਲ ਅਤੇ ਹੋਰ ਸਾਖ ਸਹੂਲਤਾਂ ਵਾਂਗ ਹਰ ਦਿਨ ਆਏ ਨਵੇਂ ਜੋੜੇ-ਜੁੱਤੀਆਂ ਖਰੀਦਦੇ ਰਹਿੰਦੇ ਹਨ। ਪੁਸਤਕ 'ਬਦਲ ਗਿਆ ਮੇਰਾ ਪਿੰਡ' ਵਿਚੋਂ ਇਸ ਬਾਰੇ ਪਰਮਜੀਤ ਕੌਰ ਸਰਹਿੰਦ ਦਾ ਵਿਚਾਰ ਹੈ:

> ਆਪਣੀਆਂ ਬਣਾਈਆਂ ਜੁੱਤੀਆਂ ਪਹਿਲੇ ਸਮੇਂ ਤਾਂ ਮੋਚੀ ਪਛੌਡ ਲਾ ਕੇ ਵੇਚਣ ਜਾਂਦੇ ਸਮੇਂ ਦੇ ਅੰਤਰ ਨਾਲ ਇਹ ਸਾਇਕਲਾਂ ਉੱਤੇ ਜਾਣ ਲੱਗੇ । ਅੱਜ ਪਿੰਡਾਂ ਵਿਚ ਕੋਈ ਮੋਚੀ ਨਜ਼ਰ ਨਹੀਂ

> ਆਉਂਦਾ, ਇਹ ਲੋਕੀਂ ਵੀ ਦੂਜਿਆਂ ਵਾਂਗ ਰੋਜ਼ੀ ਰਟੀ ਲਈ ਸ਼ਹਿਰੀਂ ਜਾਂ ਕਸਬਿਆਂ ਵਿਚ ਜਾ ਵਸੇ ਹਨ। ਕਈਆਂ ਨੇ ਵੱਡੇ ਪੱਧਰ ਤੇ ਵੀ ਇਸ ਕਿੱਤੇ ਨੂੰ ਪ੍ਰਫੁੱਲਤ ਕੀਤਾ ਹੈ। (430)

ਹੁਣ ਦੇ ਦੌਰ ਵਿਚ ਘਰਾਂ ਵਿਚ ਪਹਿਨਣ ਲਈ ਹੋਰ ਅਤੇ ਸ਼ਹਿਰ ਜਾਂ ਕੰਮ ਧੰਦੇ ਤੇ ਜਾਣ ਲਈ ਹੋਰ ਜੁੱਤੀਆਂ ਦਾ ਪ੍ਰਯੋਗ ਹੋ ਰਿਹਾ ਹੈ। ਸਿੱਟੇ ਵਜੋਂ ਹੱਥੀਂ ਜੁੱਤੀਆਂ ਬਣਾਉਣ ਵਾਲੇ ਕਾਰੀਗਰਾਂ ਨੂੰ ਵੱਡੀਆਂ-ਵੱਡੀਆਂ ਕੰਪਨੀਆਂ ਨੇ ਢਾਹ ਲਾਈ ਹੈ। ਜਿੱਥੇ ਪਹਿਲਾਂ ਜੁੱਤੀਆਂ ਜੋੜਿਆਂ ਨੂੰ ਸਾਈ ਦੇ ਕੇ ਆਪਣੀ ਪਸੰਦੀਦਾ ਤਿਆਰ ਕਰਵਾਈਆਂ ਜਾਂਦੀਆਂ ਸਨ, ਪਰ ਅਜੋਕੇ ਦੌਰ ਵਿੱਚ ਵੱਡੀਆਂ-ਵੱਡੀਆਂ ਕੰਪਨੀਆਂ ਤੁਹਾਨੂੰ ਘਰ ਬੈਠਿਆਂ ਹੀ ਇਹ ਮੁਹੱਈਆ ਕਰਵਾਈਆਂ ਜਾ ਰਹੀਆਂ ਹਨ। ਇਸ ਤੋਂ ਵੀ ਵੱਧ ਵੱਡੇ-ਵੱਡੇ ਸ਼ੋਅ ਰੂਮ ਲੋਕਾਂ ਨੂੰ ਆਪ ਮੁਹਾਰੇ ਆਪਣੇ ਵੱਲ ਖਿੱਚ ਰਹੇ ਹਨ। ਜਿਸ ਕਾਰਨ ਅਜੋਕੇ ਦੌਰ ਵਿੱਚ ਮੋਚੀ ਦਾ ਧੰਦਾ ਲਗਪਗ ਖ਼ਤਮ ਹੋਣ ਕਿਨਾਰੇ ਹੈ। ਹੁਣ ਤਾਂ ਪਿੰਡਾਂ ਜਾਂ ਬੱਸ ਅੱਡਿਆਂ ਤੇ ਟਾਵੇਂ-ਟਾਵੇਂ ਬੈਠੇ ਮੋਚੀ ਮਿਲ ਜਾਣਗੇ।

ਪਹਿਲੇ ਸਮਿਆਂ ਵਿੱਚ ਲੋਕ ਪੀਣ ਵਾਲਾ ਪਾਣੀ ਖੂਹਾਂ ਤੋਂ ਲਿਆਉਂਦੇ ਹੁੰਦੇ ਸਨ। ਖੂਹ ਪਿੰਡਾਂ ਵਿਚ ਇਕੋ ਹੀ ਥਾਂ ਤੇ ਹੁੰਦੇ ਸਨ, ਜਿਸ ਕਰ ਕੇ ਖੂਹ ਵਿਚੋਂ ਪਾਣੀ ਕੱਢਣਾ ਤੇ ਘੜੇ ਭਰ ਕੇ ਸਿਰ ਤੇ ਚੁੱਕ ਕੇ ਲੈ ਆਉਣਾ ਬੜੀ ਹੀ ਮਿਹਨਤ ਦਾ ਕੰਮ ਹੁੰਦਾ ਸੀ। ਹਿੰਮਤੀ ਝਿਊਰ ਲੱਕੜ ਦੀ ਵਹਿੰਗੀ ਦੇ ਪੱਲੜਿਆਂ ਵਿਚ ਘੜੇ ਰੱਖ ਲੈਂਦੇ ਤੇ ਇਨ੍ਹਾਂ ਦੇ ਘਰਵਾਲੀਆਂ ਸਿਰਾਂ 'ਤੇ ਦੋ-ਦੋ ਘੜੇ ਅਤੇ ਇੱਕ ਘੜਾ ਢਾਕ 'ਤੇ ਚੁੱਕ ਲੈਂਦੀਆਂ ਸਨ। ਹਰ ਘਰ ਵਿੱਚ ਪਾਣੀ ਪਹੁੰਚਾਉਣਾ ਇਨ੍ਹਾਂ ਲੋਕਾਂ ਦਾ ਮੁੱਖ ਕਿੱਤਾ ਰਿਹਾ ਹੈ । 'ਬਦਲ ਗਿਆ ਮੇਰਾ ਪਿੰਡ' ਪੁਸਤਕ ਵਿਚ ਪਰਮਜੀਤ ਕੌਰ ਸਰਹਿੰਦ ਅਨੁਸਾਰ :

> ਇਹ ਮਿਹਨਤੀ ਲੋਕ ਸਵੇਰੇ ਸ਼ਾਮ ਘਰੋ ਘਰੀ ਪਾਣੀ ਪਹੁੰਚਾਉਂਦੇ ਇਸ ਤੋਂ ਇਲਾਵਾ ਇਹ ਵਿਆਹ ਸ਼ਾਦੀ ਜਾਂ ਹੋਰ ਸਮਾਗਮ ਮੌਕੇ ਘਰਾਂ ਵਿੱਚ ਭਾਂਡੇ ਵੀ ਮਾਂਜਦੇ ਅਤੇ ਕਾਰਜ ਵਾਲੇ ਪਰਿਵਾਰ ਦੇ ਦੱਸਣ ਅਨੁਸਾਰ ਸਾਰਿਆਂ ਨੂੰ ਸੱਦਾ ਵੀ ਦੇ ਕੇ ਆਉਂਦੇ। (424)

ਝਿਊਰ ਦੇ ਇਸ ਧੰਦੇ ਬਦਲੇ ਇਨ੍ਹਾਂ ਨੂੰ ਹਾੜ੍ਹੀ ਸਾਉਣੀ ਵੇਲੇ ਸੇਪੀ ਵਜੋਂ ਦਾਣੇ ਆਦਿ ਦਿੱਤੇ ਜਾਂਦੇ ਸਨ। ਖ਼ੁਸ਼ੀ ਗ਼ਮੀ ਦੇ ਮੌਕਿਆਂ ਤੇ ਹੋਰਨਾਂ ਕੰਮੀਆਂ ਵਾਂਗ, ਇਨ੍ਹਾਂ ਕੰਮੀਆਂ ਨੂੰ ਵੀ ਨਗਦੀ ਅਤੇ ਹੋਰ ਲੋੜੀਂਦਾ ਸਾਮਾਨ ਦੇ

ਕੇ ਨਿਵਾਜਿਆ ਜਾਂਦਾ ਸੀ। ਇਹ ਲੋਕ ਦੋ ਵਕਤ ਖੂਹਾਂ ਤੋਂ ਪਾਣੀ ਭਰ ਕੇ ਲੋਕਾਂ ਦੇ ਘਰਾਂ ਵਿੱਚ ਪਹੁੰਚਾਉਂਦੇ ਸਨ। ਮਿਹਨਤਾਨੇ ਵਜੋਂ ਜਿਹੜੇ ਲੋਕ ਬਹੁਤੇ ਦਾਣੇ ਦੀ ਸਮਰੱਥਾ ਨਾ ਰੱਖਦੇ ਹੋਣ ਉਹ ਕੇਵਲ ਇਕ ਵਕਤ ਹੀ ਪਾਣੀ ਭਰਿਆ ਕਰਦੇ ਸਨ। ਪਾਣੀ ਦੇ ਕਾਰਜ ਤੋਂ ਇਲਾਵਾ ਇਨ੍ਹਾਂ ਦੇ ਜ਼ਿੰਮੇ ਹੋਰ ਵੀ ਕਈ ਕਾਰਜ ਹੁੰਦੇ, ਜਿਵੇਂ ਵਿਆਹ ਵਰਗੇ ਸ਼ੁਭ ਅਵਸਰ ਤੇ ਇਨ੍ਹਾਂ ਦੀ ਬੜੀ ਕਦਰ ਅਤੇ ਲੋੜ ਮਹਿਸੂਸ ਹੁੰਦੀ ਸੀ। ਪਰਿਵਾਰ ਵੱਲੋਂ ਦੱਸੇ ਅਨੁਸਾਰ ਵਿਆਹ ਦੀ ਸੁਨੇਹੇ ਦੇਣੇ, ਭਾਜੀ ਵੰਡਣੀ, ਸੰਧਾਰਿਆਂ ਦੇ ਲੱਡੂ ਵੰਡਣੇ ਤੇ ਪਰੋਸੇ ਵੰਡਣੇ ਆਦਿ ਕਾਰਜ ਇਨ੍ਹਾਂ ਦੇ ਜਿੰਮੇ ਹੀ ਹੁੰਦੇ ਸਨ। ਜਿਨ੍ਹਾਂ ਘਰਾਂ ਵਿੱਚ ਇਹ ਸੱਦਾ ਦੇਣ ਜਾਂਦੇ ਜਾਂ ਫਿਰ ਸ਼ਗਨਾਂ ਦੇ ਲੱਡੂ ਆਦਿ ਵੰਡਣ ਜਾਂਦੇ ਉਨ੍ਹਾਂ ਘਰਾਂ ਦੀਆਂ ਔਰਤਾਂ ਇਨ੍ਹਾਂ ਨੂੰ ਨਗਦੀ ਦੇ ਰੂਪ ਵਿੱਚ ਸ਼ਗਨ ਜਾਂ ਦਾਣੇ ਆਟਾ ਜ਼ਰੂਰ ਦਿੰਦੀਆਂ ਸਨ।

ਵਿਆਹ ਵੇਲੇ ਮੁੰਡੇ ਜਾਂ ਕੁੜੀ ਨੂੰ ਨਹਾਉਣ ਵੇਲੇ ਇਨ੍ਹਾਂ ਦੀ ਲੋੜ ਹੁੰਦੀਸੀ। ਪਰਿਵਾਰ ਵੱਲੋਂ ਇਸ ਵਕਤ ਵੀ ਇਨ੍ਹਾਂ ਨੂੰ ਨਕਦੀ ਦੇ ਰੂਪ ਵਿੱਚ ਸ਼ਗਨ ਦਿੱਤਾ ਜਾਂਦਾ ਅਤੇ ਨਹਾਉਣ ਤੋਂ ਬਾਅਦ ਵਿਆਂਦੜ ਦੀ ਪੁਰਾਣੇ ਕੱਪੜੇ ਇਹਨਾਂ ਨੂੰ ਦੇ ਦਿੱਤੇ ਜਾਂਦੇ ਸਨ। ਪਰ ਹੁਣ ਇਹ ਰਿਵਾਜ ਨਹੀਂ ਰਿਹਾ ਪੁਰਾਣੇ ਕੱਪੜਿਆਂ ਦੀ ਥਾਂ ਹੁਣ ਇਨ੍ਹਾਂ ਨੂੰ ਨਵੇਂ ਕੱਪੜੇ ਦਿੱਤੇ ਜਾਂਦੇ ਹਨ। ਵਿਆਹ ਉਪਰੰਤ ਡੋਲੀ ਨੂੰ ਚੁੱਕਣ ਦਾ ਕਾਰਜ ਵੀ ਝਿਊਰ ਕਰਦੇ ਸਨ। ਡੋਲੀ ਚੁੱਕਣ ਵਾਲੇ ਝਿਊਰ ਨੂੰ ਕਹਾਰ ਕਿਹਾ ਜਾਂਦਾ ਹੈ। ਇਨ੍ਹਾਂ ਦੀਆਂ ਘਰਵਾਲੀਆਂ ਡੋਲੀ ਦੇ ਨਾਲ ਲੜਕੀ ਦੇ ਸਹੁਰੇ ਘਰਾਂ ਤੱਕ ਆਪ ਲੜਕੀ ਨੂੰ ਛੱਡ ਕੇ ਆਉਂਦੀਆਂ ਸਨ।

ਬਦਲਦੀਆਂ ਪ੍ਰਸਥਿਤੀਆਂ ਅਨੁਸਾਰ ਅੱਜਕੱਲ੍ਹ ਦੇ ਦੌਰ ਵਿੱਚ ਪਾਣੀ ਭਰਨ ਦਾ ਕਾਰਜ ਹੁਣ ਇਨ੍ਹਾਂ ਲੋਕਾਂ ਤੇ ਨਿਰਭਰ ਨਹੀਂ ਰਿਹਾ ਘਰੋ ਘਰੀ ਹੁਣ ਨਲਕੇ, ਟੂਟੀਆਂ ਅਤੇ ਸਬਮਰਸੀਬਲ ਮੋਟਰਾਂ ਲੱਗ ਗਈਆਂ ਹਨ। ਵਿਆਹ ਸ਼ਾਦੀਆਂ ਵੀ ਘਰਾਂ ਵਿੱਚ ਹੋਣ ਦੀ ਬਜਾਏ ਪੈਲੇਸਾਂ ਵਿੱਚ ਹੋ ਰਹੇ ਹਨ। ਕਾਫ਼ੀ ਸ਼ਗਨ ਨੁਮਾ ਕਾਰਜ਼ ਅਲੋਪ ਹੋ ਰਹੇ ਹਨ। ਜਿਸ ਕਰ ਕੇ ਇਨ੍ਹਾਂ ਲੋਕਾਂ ਦੀ ਕਦਰ ਘਟ ਗਈ ਹੈ। ਦਾਣੇ ਭੁੰਨਣ ਵਾਲੀਆਂ ਭੱਠੀਆਂ ਹੁਣ ਪਿੰਡਾਂ ਵਿੱਚ ਨਹੀਂ ਰਹੀਆਂ ਇਹ ਭੱਠੀਆਂ ਵੱਡੀਆਂ ਛੋਟੀਆਂ ਸੜਕਾਂ ਦੇ ਕਿਨਾਰੇ ਤੇ ਚਲੀਆਂ ਗਈਆਂ ਹਨ, ਜਿੱਥੇ ਪਰਵਾਸੀ ਲੋਕ, ਲੋਕਾਂ ਨੂੰ ਭਾਂਤ ਭਾਂਤ ਦੇ ਦਾਣੇ ਅਤੇ ਮੂੰਗਫਲੀ ਭੁੰਨ ਕੇ ਮੁਹੱਈਆ ਕਰਵਾ ਰਹੇ ਹਨ। ਦਾਣਿਆ ਦੀਆਂ ਭੱਠੀਆਂ ਬਾਰੇ ਪਰਮਜੀਤ ਕੌਰ ਸਰਹਿੰਦ ਨੇ 'ਬਦਲ ਗਿਆ ਮੇਰਾ ਪਿੰਡ' ਪੁਸਤਕ ਵਿਚ ਦੱਸਿਆ ਹੈ :

ਅੱਜ ਨਾ ਕਿਤੇ ਭੱਠੀਆਂ ਦਿੱਸਦੀਆਂ ਹਨ, ਨਾ ਹੀ ਉਹ ਰੌਣਕ ਮੇਲੇ। ਇਹ ਭੱਠੀਆਂ ਕਿਤੇ ਸ਼ਹਿਰਾਂ ਵਿੱਚ ਤਾਂ ਦਿਸ ਜਾਂਦੀਆਂ ਹਨ, ਜਿੱਥੇ ਸਰਦੀ ਦੇ ਮੌਸਮ ਵਿੱਚ ਮੂੰਗਫਲੀ ਭੁੰਨੀ ਜਾਂਦੀ ਹੈ, ਤੇ ਮੱਕੀ ਦੇ ਦਾਣੇ ਤੇ ਛੋਲੇ ਵੀ। ਉਂਜ ਇਹ ਭੱਠੀਆਂ ਕਿਤਾਬਾਂ ਵਿੱਚ ਹੀ ਸਿਮਟ ਗਈਆਂ ਹਨ। (425)

ਉਦਯੋਗਿਕ ਤਰੱਕੀ ਹੋਣ ਕਰ ਕੇ ਮਨੁੱਖੀ ਕਦਰਾਂ ਕੀਮਤਾਂ ਵਿੱਚ ਵੀ ਭਾਰੀ ਬਦਲਾਅ ਹੋਏ ਹਨ। ਜਾਤ-ਪਾਤ ਦੀਆਂ ਬੰਦਸ਼ਾਂ ਟੁੱਟ ਰਹੀਆਂ ਹਨ। ਕੋਈ ਵੀ ਕਿੱਤਾ ਕਿਸੇ ਇੱਕ ਜਾਤੀ ਤੱਕ ਸੀਮਤ ਨਾ ਹੋ ਕੇ ਹੋਰ ਜਾਤੀਆਂ ਵਿੱਚ ਵੀ ਅਪਣਾਇਆ ਜਾ ਰਿਹਾ ਹੈ। ਇਹੋ ਹੀ ਕਾਰਨ ਹੈ ਕਿ ਹਰੇਕ ਕਿੱਤੇ ਨੂੰ ਹੋਰ ਜਾਤੀਆਂ ਦੇ ਲੋਕ ਅਪਣਾ ਕੇ ਆਪਣਾ ਜੀਵਨ ਨਿਰਬਾਹ ਕਰ ਰਹੇ ਹਨ। ਉਂਜ ਵੀ ਮਸ਼ੀਨੀਕਰਨ ਹੋਣ ਕਰਕੇ ਖੇਤੀਬਾੜੀ ਵਿਚ ਕਾਮਿਆਂ ਦੀ ਲੋੜ ਘਟਦੀ ਜਾ ਰਹੀ ਹੈ। ਨਹੀਂ ਤਾਂ ਵਿਹਲੇ ਵਕਤ ਇਹ ਲੋਕ ਕਿਸਾਨਾਂ ਨਾਲ ਖੇਤੀ ਦਾ ਕਾਰਜ ਵੀ ਕਰ ਲਿਆ ਕਰਦੇ ਸਨ। ਹੋਰਨਾਂ ਕੰਮੀਆਂ ਵਾਂਗ ਇਹ ਲੋਕ ਵੀ ਸ਼ਹਿਰਾਂ ਵਿਚ ਜਾ ਵਸੇ ਹਨ ਪੜ੍ਹ ਲਿਖ ਕੇ ਇਨ੍ਹਾਂ ਦੇ ਬੱਚੇ ਉੱਚ ਅਹੁਦਿਆਂ ਤੇ ਬਿਰਾਜਮਾਨ ਹੋ ਗਏ ਹਨ। ਜਿਸ ਕਾਰਨ ਇਹ ਪਿਤਾ ਪੁਰਖੀ ਪੀੜ੍ਹੀ ਦਰ ਪੀੜ੍ਹੀ ਚੱਲਣ ਵਾਲਾ ਧੰਦਾ ਅਲੋਪ ਹੋ ਰਿਹਾ ਹੈ।

ਪਿੰਡਾਂ ਵਿਚ ਖੱਡੀਆਂ ਤੇ ਕੱਪੜਾ ਬੁਣਨ ਵਾਲੇ ਨੂੰ ਜੁਲਾਹਾ ਕਿਹਾ ਜਾਂਦਾ ਹੈ। ਪੰਜਾਬ ਦੇ ਲਗਪਗ ਸਾਰੇ ਪਿੰਡਾਂ ਵਿੱਚ ਹੋਰਨਾਂ ਕੰਮ ਧੰਦਿਆਂ ਦੇ ਵਾਂਗ ਜੁਲਾਹੇ ਦਾ ਕੰਮ ਵੀ ਕੀਤਾ ਜਾਂਦਾ ਰਿਹਾ ਹੈ। ਅੱਜ ਦੇ ਚਮਕ ਦਮਕ ਵਾਲੇ ਸਮੇਂ ਤੋਂ ਪਹਿਲਾਂ ਤਨ ਤੇ ਪਾਉਣ ਵਾਲੇ ਕੱਪੜੇ ਅਤੇ ਹੋਰ ਵਰਤੋਂ ਵਾਲੇ ਕੱਪੜੇ ਦੀ ਪੂਰਤੀ ਪਿੰਡ ਪੱਧਰ ਤੇ ਹੀ ਹੋ ਜਾਇਆ ਕਰਦੀ ਸੀ। ਪਿੰਡਾਂ ਦੇ ਲੋਕ ਜ਼ਿਆਦਾਤਰ ਖੱਦਰ ਦੇ ਕੱਪੜੇ ਪਾਇਆ ਕਰਦੇ ਸਨ। ਪਿੰਡਾਂ ਵਿੱਚ ਜੁਲਾਹੇ ਦਾ ਕਿੱਤਾ ਬੜੀ ਮਿਹਨਤ ਵਾਲਾ ਰਿਹਾ ਹੈ। ਪੰਜਾਬ ਖੇਤੀਬਾੜੀ ਪ੍ਰਧਾਨ ਸੂਬਾ ਹੋਣ ਕਰ ਕੇ ਹੋਰਨਾਂ ਫਸਲਾਂ ਦੇ ਨਾਲ ਇੱਥੇ ਕਪਾਹ ਦੀ ਖੇਤੀ ਵੀ ਕੀਤੀ ਜਾਂਦੀ ਰਹੀ ਹੈ। ਤਿਆਰ ਕੀਤੀ ਕਪਾਹ ਲਗਪਗ ਹਰ ਘਰ ਵਿੱਚ ਹੁੰਦੀ ਤੇ ਪੇਂਡੂ ਸੁਆਣੀਆਂ ਇਨ੍ਹਾਂ ਨੂੰ ਬੜੀ ਮਿਹਨਤ ਨਾਲ ਸੁਆਰ ਲੈਂਦੀਆਂ ਸਨ। ਕਪਾਹ ਵਿਚੋਂ ਵੜੇਵਿਆਂ ਨੂੰ ਅਲੱਗ ਕਰ ਕੇ ਰੂੰ ਦੇ ਗੋਹੜਿਆਂ ਨੂੰ ਅਲੱਗ ਕਰ ਲੈਂਦੀਆਂ ਸਨ। ਫਿਰ ਚਰਖੇ ਦੀ ਮਦਦ ਨਾਲ ਰੂੰ

ਦੇ ਗੋਹੜਿਆਂ ਤੋਂ ਧਾਗਾ ਤਿਆਰ ਕਰ ਲੈਂਦੀਆਂ ਸਨ। ਚਰਖੇ ਦੇ ਤੱਕਲੇ ਤੋਂ ਧਾਗੇ ਉਤਾਰ ਲੈਂਦੀਆਂ ਜਿਸ ਨੂੰ ਛੱਲੀ ਲਾਉਣਾ ਵੀ ਕਿਹਾ ਜਾਂਦਾ, ਅਟੇਰਨ ਦੀ ਮੱਦਦ ਨਾਲ ਉਸ ਨੂੰ ਇਕ ਥਾਂ ਇਕੱਠਾ ਕਰ ਲੈਂਦੀਆਂ ਤੇ ਇਸ ਨੂੰ ਤੋਲ ਕੇ ਜੁਲਾਹੇ ਪਾਸ ਕੱਪੜਾ ਤਿਆਰ ਕਰਨ ਲਈ ਭੇਜ ਦਿੱਤਾ ਜਾਂਦਾ ਸੀ।

ਹੋਰਨਾਂ ਧੰਦਿਆਂ ਦੇ ਨਾਲ ਜੁੜੇ ਕੰਮੀਆਂ ਵਾਂਗ ਜੁਲਾਹੇ ਮਿਹਨਤਾਨੇ ਵਜੋਂ ਹਾੜ੍ਹੀ ਸਾਉਣੀ ਜਾਂ ਸੇਪੀ ਨਹੀਂ ਸਨ ਲੈਂਦੇ। ਇਹ ਸੂਤ ਦੇ ਵਜ਼ਨ ਦੇ ਹਿਸਾਬ ਨਾਲ ਜਾਂ ਫਿਰ ਆਪਣੇ ਕੰਮ ਦੇ ਹਿਸਾਬ ਨਾਲ ਦਾਣੇ ਲੈ ਲੈਂਦੇ ਸਨ।ਇਸ ਕੰਮ ਦੇ ਬਦਲਾਵ ਬਾਰੇ 'ਬਦਲ ਗਿਆਂ ਮੇਰਾ ਪਿੰਡ' ਪੁਸਤਕ ਵਿਚੋਂ ਪਰਮਜੀਤ ਕੌਰ ਸਰਹਿੰਦ ਦਾ ਵਿਚਾਰ ਹੈ :

> ਅੱਜ ਭਾਵੇਂ ਖੇਸ ਖੇਸੀਆਂ ਤੇ ਹੋਰ ਸੂਤੀ ਕੱਪੜਾ ਜਾਂ ਖੱਦਰ ਮਸ਼ੀਨਾਂ ਉੱਤੇ ਬਣਦਾ ਹੈ, ਪਰ ਸਰਕਾਰ ਵੱਲੋਂ ਬਣਾਏ ਖਾਦੀ ਭੰਡਾਰਾਂ ਵਿੱਚੋਂ ਪਿੰਡਾਂ ਦੇ ਲੋਕ ਅਜੇ ਵੀ ਖੱਦਰ ਜਾਂ ਸੂਤੀ ਕੱਪੜਾ ਲੈਂਦੇ ਹਨ। ਮਿਹਨਤ ਕਰਨ ਵਾਲੀਆਂ ਪੇਂਡੂ ਔਰਤਾਂ ਸੂਤ ਕੱਤ ਕੇ ਖਾਦੀ ਭੰਡਾਰ ਵਿੱਚ ਬਣਵਾਈ ਦੇ ਕੇ ਲੋੜੀਂਦਾ ਕੋਈ ਖੇਸ ਚਾਦਰ ਜਾਂ ਰਜਾਈਆਂ ਦੇ ਚੰਦੇ ਤੇ ਅੰਦਰੋੜ ਵਗੈਰਾ ਲੈ ਲੈਂਦੀਆਂ ਹਨ। ਇਨ੍ਹਾਂ ਖਾਦੀ ਭੰਡਾਰਾਂ ਵਿਚੋਂ ਦਰੀਆਂ ਵੀ ਮਿਲ ਜਾਂਦੀਆਂ ਹਨ। ਪਰ ਜੋ ਠੁੱਕ ਉਨ੍ਹਾਂ ਹੱਥੀਂ ਬੁਣੇ ਖੇਸ ਖੇਸੀਆਂ ਜਾਂ ਦੋਹੜਿਆਂ ਦੀ ਹੁੰਦੀ ਸੀ, ਉਹ ਇਨ੍ਹਾਂ ਮਸ਼ੀਨੀ ਕੱਪੜਿਆਂ ਦੀ ਨਹੀਂ ਰਹੀ। (446)

ਵਿਸ਼ਵੀਕਰਨ ਦੇ ਦੌਰ ਵਿੱਚ ਹੋਰਨਾਂ ਕੰਮ ਧੰਦਿਆਂ ਵਾਂਗ ਇਹ ਕਿੱਤਾ ਵੀ ਮਸ਼ੀਨੀਕਰਨ ਦੀ ਲਪੇਟ ਵਿੱਚ ਆਉਣ ਕਰਕੇ ਇਸ ਧੰਦੇ ਨਾਲ ਜੁੜੇ ਵਿਅਕਤੀਆਂ ਨੇ ਆਪਣੇ ਜੱਦੀ ਪੁਸ਼ਤੀ ਕਿੱਤੇ ਤਿਆਗ ਦਿੱਤੇ ਹਨ। ਕੋਈ ਵਿਰਲਾ ਵਾਂਝਾ ਹੀ ਇਸ ਔਖੇ ਕੰਮ ਨੂੰ ਕਰ ਰਿਹਾ ਹੈ। ਜ਼ਿਆਦਾ ਤਰ ਇਸ ਕਿੱਤੇ ਨਾਲ ਜੁੜੇ ਕਿਰਤੀ ਵਿਹਲੇ ਹੋ ਗਏ ਹਨ ਜਾਂ ਫਿਰ ਫੈਕਟਰੀਆਂ ਵਿੱਚ ਕੰਮ ਕਰ ਰਹੇ ਹਨ। ਇਹਨਾਂ ਦੀਆਂ ਅਗਲੀਆਂ ਪੀੜ੍ਹੀਆਂ ਪੜ੍ਹ-ਲਿਖ ਕੇ ਚੰਗੇ ਅਹੁਦਿਆਂ ਤੇ ਪਹੁੰਚ ਗਈਆਂ ਹਨ।

ਪਿੰਡਾਂ ਵਿੱਚ ਕੱਪੜੇ ਸਿਉਣ ਵਾਲੇ ਨੂੰ ਦਰਜ਼ੀ ਕਿਹਾ ਜਾਂਦਾ ਹੈ। ਆਮ ਭਾਸ਼ਾ ਵਿੱਚ ਇਨ੍ਹਾਂ ਨੂੰ ਛੀਬੇ ਵੀ ਕਿਹਾ ਜਾਂਦਾ ਹੈ ਛੀਬਾ ਇੱਕ ਉਪ ਜਾਤੀ ਦਾ ਨਾਮ ਹੈ। ਇਸ ਧੰਦੇ ਨਾਲ ਜੁੜੇ ਲੋਕ ਸਾਰੇ ਪਿੰਡ ਵਿਚ ਨਹੀਂ ਸਨ

ਹੁੰਦੇ, ਸਗੋਂ ਵੱਡੇ ਪਿੰਡਾਂ ਵਿੱਚ ਇਹ ਲੋਕ ਆਪਣੇ ਘਰਾਂ ਵਿੱਚ ਹੀ ਕੰਮ ਕਰਦੇ ਪਿੰਡ ਦੇ ਲੋਕ ਆਪਣੀ ਜ਼ਰੂਰਤ ਅਨੁਸਾਰ ਇਨ੍ਹਾਂ ਕੋਲੋਂ ਕੱਪੜੇ ਸਿਉਂਦੇ ਸਨ। ਪਿੰਡਾਂ ਦੇ ਜ਼ਿਮੀਂਦਾਰਾਂ ਦੇ ਤਾਂ ਇਹ ਜੱਦੀ ਦਰਜ਼ੀ ਅਖਵਾਉਂਦੇ ਸਨ। ਹੋਰਨਾਂ ਕਾਮਿਆਂ ਵਾਂਗ ਵੀ ਸੇਪੀ ਜਾਂ ਹਾੜ੍ਹੀ ਸਾਉਣੀ 'ਤੇ ਕੰਮ ਕਰਦੇ ਰਹੇ ਹਨ। ਪਿੰਡ ਵਿੱਚ ਜਿਸ ਘਰ ਕਦੇ ਵਿਆਹ ਸ਼ਾਦੀ ਆ ਜਾਂਦਾ ਸੀ, ਤਾਂ ਹੋਰਨਾਂ ਕੰਮੀਆਂ ਵਾਂਗ ਇਨ੍ਹਾਂ ਦੀ ਬੜੀ ਕਦਰ ਹੁੰਦੀ ਸੀ। ਘਰ ਦੇ ਸਾਰੇ ਜੀਆਂ ਦੇ ਕੱਪੜੇ ਇੱਕੋ ਦਰਜ਼ੀ ਸਿਉਂਦਾ ਸੀ। ਇੱਥੋਂ ਤਕ ਕਿ ਵਿਆਹ ਦਾ ਕੰਮ ਮੁਕੰਮਲ ਹੋਣ ਤੱਕ ਇਸ ਨੂੰ ਘਰ ਵਿੱਚ ਹੀ ਰੱਖਿਆ ਜਾਂਦਾ ਸੀ। ਉਨੀ ਦੇਰ ਤਕ ਖਾਣ-ਪੀਣ ਘਰ ਵਾਲਿਆਂ ਦੇ ਜ਼ਿੰਮੇ ਹੀ ਹੁੰਦਾ ਸੀ। ਦਰਜ਼ੀ ਵੀ ਬੜੇ ਚਾਅ ਨਾਲ ਆਪਣੀ ਸਿਲਾਈ ਮਸ਼ੀਨ ਨੂੰ ਮੋਢੇ ਜਾਂ ਸਾਈਕਲ ਤੇ ਰੱਖ ਕੇ, ਨਾਲ ਹੀ ਕੈਂਚੀ, ਲੋਹੇ ਦਾ ਗਜ਼ ਅਤੇ ਕੱਪੜੇ ਦਾ ਤਿਆਰ ਕੀਤਾ ਫੀਤਾ, ਜਿਸ ਨੂੰ ਗਿਰਾ ਵੀ ਕਿਹਾ ਜਾਂਦਾ ਸੀ, ਨਾਲ ਹੀ ਲੈ ਕੇ ਆਉਂਦੇ ਸਨ। ਘਰ ਬੁਲਾਏ ਦਰਜ਼ੀ ਦੀ ਬੈਠਣ ਦੀ ਖਾਸ ਥਾਂ ਸੁਨਿਸ਼ਚਿਤ ਕੀਤੀ ਜਾਂਦੀ ਸੀ ਫਿਰ ਵਾਰੋ ਵਾਰੀ ਸਾਰੇ ਘਰ ਦੇ ਮੈਂਬਰਾਂ ਦੇ ਕੱਪੜੇ ਸੀਤੇ ਜਾਂਦੀ ਸਨ। ਨੇੜੇ-ਤੇੜੇ ਦੇ ਦਰਜ਼ੀ ਸ਼ਾਮ ਵੇਲੇ ਘਰਾਂ ਨੂੰ ਪਰਤ ਜਾਂਦੇ ਪਰ ਦੂਰ ਦੇ ਉੱਥੇ ਹੀ ਡੇਰਾ ਲਾ ਲੈਂਦੇ ਸਨ। ਇਸ ਬਾਰੇ ਪੁਸਤਕ 'ਬਦਲ ਗਿਆ ਮੇਰਾ ਪਿੰਡ' ਵਿਚ ਪਰਮਜੀਤ ਕੌਰ ਸਰਹਿੰਦ ਅਨੁਸਾਰ :

> ਘਰ ਵਿਚ ਆਏ, ਇਹ ਘਰ ਦੇ ਜੀਆਂ ਵਾਂਗ ਵਿਚਰਦੇ। ਸੁਆਣੀਆਂ ਰੋਟੀ ਪਾਣੀ ਦੀ ਚੰਗੀ ਸੇਵਾ ਕਰਦੀਆਂ। ਇਨ੍ਹਾਂ ਨੂੰ ਘਿਓ ਸ਼ੱਕਰ ਜਾਂ ਘਿਓ ਬੂਰਾ ਵੀ ਰੋਟੀ ਨਾਲ ਪਰੋਸ ਦਿੰਦੀਆਂ। ਇਹ ਲੋਕ ਕਈ ਕਈ ਪੀੜ੍ਹੀਆਂ ਤਕ ਇੱਕ ਪਰਿਵਾਰ ਨਾਲ ਜੁੜੇ ਰਹਿੰਦੇ। (449)

ਵਿਸ਼ਵੀਕਰਨ ਦੇ ਦੌਰ ਵਿੱਚ ਦਰਜੀਆਂ ਦੇ ਕੰਮ ਵਿੱਚ ਵੱਡੇ ਬਦਲਾਅ ਆਏ ਹਨ। ਹੁਣ ਮਸ਼ੀਨੀ ਯੁੱਗ ਹੋਣ ਕਰ ਕੇ ਕੰਮ ਨੂੰ ਫਟਾਫਟ ਕੀਤਾ ਜਾਂਦਾ ਹੈ। ਅੱਜ ਦੇ ਦਰਜ਼ੀ ਆਪਣੀਆਂ ਪੱਕੀਆਂ ਦੁਕਾਨਾਂ ਪਾ ਕੇ ਬੈਠੇ ਹਨ, ਅਤੇ ਆਧੁਨਿਕ ਢੰਗ ਦੇ ਤੌਰ ਤਰੀਕਿਆਂ ਨਾਲ ਕੰਮ ਕਰ ਰਹੇ ਹਨ। ਇਹ ਕਿੱਤਾ ਹੋਰਨਾਂ ਕਿੱਤਿਆਂ ਵਾਂਗ ਹੁਣ ਇੱਕ ਜਾਤੀ ਤਕ ਹੀ ਸੀਮਤ ਨਹੀਂ ਰਿਹਾ। ਸਗੋਂ ਹੋਰ ਜਾਤੀਆਂ ਦੇ ਲੋਕ ਵੀ ਇਸ ਕਿੱਤੇ ਨਾਲ ਜੁੜ ਗਏ ਹਨ। ਦੂਜੇ ਪਾਸੇ ਕਈ ਮਿਹਨਤੀ ਛੀਬੇ ਲੋਕਾਂ ਨੇ ਮਿਹਨਤ ਕਰ ਕੇ ਆਪਣੀਆਂ ਜ਼ਮੀਨਾਂ ਖਰੀਦ ਲਈਆਂ ਹਨ ਅਤੇ ਖੇਤੀਬਾੜੀ ਦਾ ਕੰਮ ਵੀ ਕਰਨ ਲੱਗ ਪਏ ਹਨ। ਇਸ ਦੌਰ ਵਿਚ ਵੱਡਾ ਬਦਲਾਅ ਇਹ ਵੀ ਵੇਖਣ ਨੂੰ ਮਿਲਿਆ ਹੈ ਕਿ ਇਸ ਕਿੱਤੇ ਨਾਲ ਜੁੜੇ ਜੱਦੀ ਪੁਸ਼ਤੀ ਦਰਜ਼ੀ ਲੋਕਾਂ ਦੀਆਂ ਅਗਲੀਆਂ ਪੀੜ੍ਹੀਆਂ ਪੜ੍ਹ ਲਿਖ ਕੇ

ਇਸ ਕਿੱਤੇ ਨੂੰ ਤਿਆਗ ਕੇ, ਵੱਡੇ-ਵੱਡੇ ਅਹੁਦਿਆਂ ਤਕ ਦਾ ਸਫ਼ਰ ਤੈਅ ਕਰ ਚੁੱਕੇ ਹੈ। ਅੱਜ ਦੇ ਸਮੇਂ ਵਿਚ ਜਿਹੜੇ ਲੋਕ ਇਸ ਕਿੱਤੇ ਨਾਲ ਜੁੜੇ ਹੋਏ ਹਨ, ਉਨ੍ਹਾਂ ਦਾ ਕੰਮ ਕਰਨ ਦਾ ਢੰਗ ਤਰੀਕਾ ਬਦਲ ਚੁੱਕਾ ਹੈ। ਅਜੋਕੇ ਸਮੇਂ ਦੇ ਨਵੀਨ ਸਾਧਨਾਂ ਨਾਲ ਇਹ ਆਪਣਾ ਕਾਰਜ ਕਰ ਰਹੇ ਹਨ। ਹੁਣ ਪੱਕੀਆਂ ਦੁਕਾਨਾਂ ਪਾ ਕੇ ਬੈਠੇ ਦਰਜ਼ੀਆਂ ਦੇ ਕੋਲ ਕਈ ਕਾਰੀਗਰ ਕੰਮ ਕਰ ਰਹੇ ਹਨ। ਇੱਥੋਂ ਤੱਕ ਕਿ ਔਰਤਾਂ ਵੀ ਇਸ ਕਿੱਤੇ ਨਾਲ ਜੁੜ ਗਈਆਂ ਹਨ। ਸ਼ਹਿਰਾਂ ਦੇ ਨਾਲ ਨਾਲ ਹੁਣ ਤਾਂ ਪਿੰਡ ਪੱਧਰ 'ਤੇ ਵੀ ਵੱਡੀਆਂ ਦੁਕਾਨਾਂ ਜਾਂ ਬੁਟੀਕਾਂ ਔਰਤਾਂ ਚਲਾ ਰਹੀਆਂ ਹਨ। ਇਸ ਬਾਰੇ ਪੁਸਤਕ 'ਬਦਲ ਗਿਆ ਮੇਰਾ ਪਿੰਡ' ਵਿਚੋਂ ਪਰਮਜੀਤ ਕੌਰ ਸਰਹਿੰਦ ਦਾ ਵਿਚਾਰ ਹੈ :

> ਸ਼ਹਿਰਾਂ ਵਿੱਚ ਤਾਂ ਦਰਜ਼ੀਆਂ ਜਾਂ ਬੁਟੀਕਾਂ ਦੀ ਕੋਈ ਗਿਣਤੀ ਹੀ ਨਹੀਂ ਹੈ, ਬਲਕਿ ਪਿੰਡਾਂ ਵਿਚ ਵੀ ਦਰਜ਼ੀਆਂ ਤੇ ਬੁਟੀਕਾਂ ਦੀ ਬਹੁਤਾਤ ਹੈ। ਕਹਿੰਦੇ ਕਹਾਉਂਦੇ ਜ਼ਿਮੀਂਦਾਰਾਂ ਦੀਆਂ ਨੂੰਹਾਂ ਧੀਆਂ ਵੀ ਬੁਟੀਕ ਚਲਾਉਂਦੀਆਂ ਹਨ। (451)

ਵਿਸ਼ਵੀਕਰਨ ਦੇ ਦੌਰ ਵਿੱਚ ਦਰਜੀ ਦੇ ਕਿੱਤੇ ਨਾਲ ਜੁੜੇ ਕੰਮ ਵਿੱਚ ਵੀ ਬਹੁਤ ਵੱਡਾ ਬਦਲਾਅ ਆਇਆ ਹੈ। ਵੱਡੀਆਂ ਫਰਮਾਂ ਜਾਂ ਉਦਯੋਗਾਂ ਵਿੱਚ ਤਿਆਰ ਹੁੰਦੇ ਰੈਡੀਮੇਟ ਕੱਪੜਿਆਂ ਨੇ, ਦਰਜੀ ਦੇ ਕਿੱਤੇ ਨੂੰ ਵਧੇਰੇ ਢਾਅ ਲਾਈ ਹੈ। ਮਰਦਾਨਾ ਕੱਪੜੇ ਵਧੇਰੇ ਰੈਡੀਮੇਡ ਹੀ ਤਿਆਰ ਕੀਤੀ ਕਰਾਏ ਮਿਲ ਜਾਂਦੇ ਹਨ, ਪਰ ਔਰਤਾਂ ਰੈਡੀਮੇਡ ਦੇ ਨਾਲ ਨਾਲ ਲੇਡੀਜ਼ ਬੁਟੀਕਾਂ ਤੋਂ ਵੀ ਕੱਪੜੇ ਤਿਆਰ ਕਰਵਾ ਰਹੀਆਂ ਹਨ।

ਪਿੰਡਾਂ ਵਿਚ ਵੱਖ-ਵੱਖ ਧੰਦਿਆਂ ਨਾਲ ਜੁੜੇ ਮਾਹਰ ਵਿਅਕਤੀਆਂ ਨੂੰ ਮਿਸਤਰੀ ਆਖਿਆ ਜਾਂਦਾ ਹੈ। ਮਕਾਨ ਬਣਾਉਣ ਵਾਲੇ ਕਾਰੀਗਰ ਨੂੰ ਰਾਜ ਕਿਹਾ ਜਾਂਦਾ ਹੈ। ਬੇਸ਼ੱਕ ਪਹਿਲੋਂ ਪਹਿਲ ਪਿੰਡਾਂ ਵਿਚ ਕੱਚੀ ਮਿੱਟੀ ਦੇ ਮਕਾਨ ਬਣਾਏ ਜਾਂਦੇ ਸਨ ਇਨ੍ਹਾਂ ਨੂੰ ਲੋਕ ਖ਼ੁਦ ਰਲ ਮਿਲ ਕੇ ਤਿਆਰ ਕਰ ਲਿਆ ਕਰਦੇ ਸਨ। ਚੀਕਣੀ ਮਿੱਟੀ ਨੂੰ ਖ਼ਾਸ ਤਰੀਕੇ ਨਾਲ ਲੱਕੜ ਦੇ ਫੱਟੇ ਜੋੜ ਕੇ ਕੰਧਾਂ ਤਿਆਰ ਕਰ ਕੇ ਲੱਕੜ ਕਾਨਿਆਂ ਦੀ ਮਦਦ ਨਾਲ ਛੱਤਾਂ ਪਾ ਕੇ ਰਹਿਣ ਲਈ ਮਕਾਨ ਤਿਆਰ ਕੀਤੇ ਜਾਂਦੇ ਸਨ। ਸਮਾਂ ਪਾ ਕੇ ਕੁਝ ਪਹੁੰਚ ਵਾਲੇ ਲੋਕ ਪੱਕੀਆਂ ਇੱਟਾਂ ਦੇ ਮਕਾਨ ਬਣਾਉਣ ਲੱਗ ਪਏ ਇਨ੍ਹਾਂ ਨੂੰ ਬਣਾਉਣ ਵਾਲੇ ਕਾਰੀਗਰਾਂ ਨੂੰ ਹੀ ਰਾਜ ਮਿਸਤਰੀ ਕਿਹਾ ਜਾਂਦਾ ਹੈ। ਪਹਿਲਾਂ ਰਾਜ

ਮਿਸਤਰੀ ਦਾ ਕੰਮ ਦਿਹਾੜੀ ਦੇ ਹਿਸਾਬ ਨਾਲ ਨਹੀਂ ਸੀ ਕੀਤਾ ਜਾਂਦਾ, ਸਗੋਂ ਰੋਜ਼ੀ ਰੋਟੀ ਨੂੰ ਆਧਾਰ ਬਣਾ ਕੇ ਕੀਤਾ ਜਾਂਦਾ ਸੀ। ਸਮਾਂ ਪਾ ਕੇ ਇਸ ਕਿੱਤੇ ਵਿਚ ਵੱਡਾ ਬਦਲਾਅ ਆਇਆ ਹੈ। ਇਸ ਕਿੱਤੇ ਨਾਲ ਜੁੜੇ ਲੋਕ ਪੜ੍ਹ ਲਿਖ ਕੇ ਹੋਰ-ਹੋਰ ਕਿੱਤਿਆਂ ਨਾਲ ਜਾਂ ਉੱਚ ਅਹੁਦਿਆਂ ਤੱਕ ਦਾ ਸਫਰ ਤੈਅ ਕਰ ਚੁੱਕੇ ਹਨ। ਹਰ ਪਾਸੇ ਪੈਸੇ ਦੇ ਪਸਾਰੇ ਨੇ ਇਸ ਧੰਦੇ ਨਾਲ ਜੁੜੇ ਲੋਕਾਂ ਦੇ ਮਨਾਂ ਵਿਚ ਭਾਰੀ ਤਬਦੀਲੀ ਲਿਆਂਦੀ ਹੈ। ਇਹ ਧੰਦਾ ਹੁਣ ਕੇਵਲ ਇੱਕ ਜਾਤੀ ਦੇ ਲੋਕ ਹੀ ਨਹੀਂ ਸਗੋਂ ਅਨੇਕਾਂ ਜਾਤੀਆਂ ਦੇ ਲੋਕ ਅਪਣਾ ਰਹੇ ਹਨ। ਵਿਸ਼ਵੀਕਰਨ ਦੇ ਦੌਰ ਵਿੱਚ ਜਿੱਥੇ ਲੋਕਾਂ ਦੀ ਮਾਨਸਿਕਤਾ ਬਦਲੀ ਹੈ, ਲੋਕ ਬਹੁਤੇ ਦੀ ਲਾਲਚ ਵਿੱਚ ਵਿਦੇਸ਼ਾਂ ਵੱਲ ਜਾਂ ਸ਼ਹਿਰਾਂ ਵੱਲ ਨੂੰ ਰੁੱਖ ਅਪਣਾ ਚੁੱਕੇ ਹਨ। ਇਸ ਕਰ ਕੇ ਦੇਖੋ ਦੇਖੀ ਨਿੱਤ ਦਿਨ ਨਵੇਂ ਮਕਾਨਾਂ ਦੀਆਂ ਉਸਾਰੀਆਂ ਹੋ ਰਹੀਆਂ ਹਨ। ਪਰਵਾਸੀ ਮਜ਼ਦੂਰਾਂ ਦੀ ਆਮਦ ਨਾਲ ਹੁਣ ਪੰਜਾਬੀ ਰਾਜ ਮਿਸਤਰੀ ਇਸ ਧੰਦੇ ਨੂੰ ਛੱਡ ਕੇ ਹੋਰ ਧੰਦਿਆਂ ਵੱਲ ਨੂੰ ਮੁੱਖ ਮੋੜ ਰਹੇ ਹਨ। ਪੈਸੇ ਦੀ ਵਧੇਰੇ ਪਸਾਰੇ ਕਰਕੇ ਹੁਣ ਲੋਕਾਂ ਦੇ ਮਨਾਂ ਵਿੱਚ ਹਰ ਕੰਮ ਨੂੰ ਤੇਜ਼ੀ ਨਾਲ ਨਿਪਟਾਉਣ ਦੀ ਭਾਵਨਾ ਆ ਗਈ ਹੈ। ਇਸੇ ਕਰਕੇ ਹਰ ਕੰਮ ਨੂੰ ਦਿਹਾੜੀ ਤੇ ਨਾ ਕਰਾ ਕੇ ਠੇਕੇ ਦੇ ਆਧਾਰ ਤੇ ਕੀਤਾ ਜਾਂਦਾ ਹੈ। ਠੇਕੇਦਾਰ ਮਕਾਨ ਜਾਂ ਕੋਠੀਆਂ ਦੀ ਉਸਾਰੀ ਦਾ ਕੰਮ ਲੈਂਦੇ ਹਨ ਅਤੇ ਅਗਾਊਂ ਮਜ਼ਦੂਰ ਅਤੇ ਮਿਸਤਰੀ ਲਾ ਕੇ ਫਟਾਫਟ ਮਕਾਨ ਕੋਠੀਆਂ ਤਿਆਰ ਕਰ ਰਹੇ ਹਨ। ਜਿੱਥੇ ਪਹਿਲਾਂ ਰਾਜ ਮਿਸਤਰੀ ਹੀ ਮਕਾਨ ਨੂੰ ਸੰਪੂਰਨ ਰੂਪ ਵਿਚ ਤਿਆਰ ਕਰ ਦਿੰਦਾ ਸੀ, ਹੁਣ ਮਕਾਨ ਬਣਾਉਣ ਲਈ ਰਾਜ ਮਿਸਤਰੀ ਤੋਂ ਇਲਾਵਾ ਹੋਰ ਕਈ ਕਾਰੀਗਰਾਂ ਦੀ ਵੀ ਲੋੜ ਪੈ ਰਹੀ ਹੈ। ਇਹਨਾਂ ਵਿਚ ਪਲੰਬਰ, ਕਾਰਪੇਂਟਰ, ਇਲੈਕਟ੍ਰੀਸ਼ਨ, ਬੈਲਿੰਡਗ, ਪੱਥਰ ਦਾ ਕੰਮ ਕਰਨ ਵਾਲ਼ੇ,ਪੇਂਟਰ ਆਦਿ। ਇਹਨਾਂ ਕੰਮਾਂ ਨੂੰ ਕਰਨ ਵਾਲੇ ਵਧੇਰੇ ਪਰਵਾਸੀ ਹੀ ਹਨ। 'ਬਦਲ ਗਿਆ ਮੇਰਾ ਪਿੰਡ' ਪੁਸਤਕ ਵਿਚ ਪਰਮਜੀਤ ਕੌਰ ਸਰਹਿੰਦ ਨੇ ਰਾਜ ਮਿਸਤਰੀ ਬਾਰੇ ਦੱਸਿਆ ਹੈ:

> ਸ਼ਹਿਰਾਂ ਵਿੱਚ ਆ ਕੇ ਇਹ ਰਾਜ ਮਿਸਤਰੀ ਠੇਕੇਦਾਰ ਵੀ ਬਣ ਗਏ ਹਨ। ਵੱਡੀਆਂ- ਵੱਡੀਆਂ ਇਮਾਰਤਾਂ ਦੀ ਠੇਕੇ ਉੱਤੇ ਉਸਾਰੀ ਕਰਦੇ ਇਹ ਪੈਸੇ ਵਿੱਚ ਖੇਡਦੇ ਹਨ। ਰਾਜ ਮਿਸਤਰੀ ਦਾ ਕੰਮ ਭਾਵੇਂ ਕੁਝ ਢਾਹ ਕੇ ਜਾਂ ਨਵੀਂ ਇਮਾਰਤ ਉਸਾਰਨਾ ਹੁੰਦਾ ਪਰ ਕਈ ਵਾਰ ਆਰਥਿਕ ਮੰਦਹਾਲੀ ਕਾਰਨ ਇਹ ਦਿਹਾੜੀ ਵੀ ਕਰਦੇ ਸਨ। (433)

ਪਿੰਡਾਂ ਅਤੇ ਸ਼ਹਿਰਾਂ ਦੀ ਨੁਹਾਰ ਬਦਲ ਰਹੀ ਹੈ। ਲੋਕ ਪੁਰਾਣੇ ਮਕਾਨਾਂ ਨੂੰ ਢਾਹ ਕੇ ਨਵੇਂ ਮਕਾਨ ਬਣਾ ਰਹੇ ਹਨ। ਇਸ ਕਰਕੇ ਸਰਦੀ ਗਰਮੀ ਜਾਂ ਫਿਰ ਬਰਸਾਤ ਦੇ ਮੌਸਮ ਵਿੱਚ ਵੀ ਇਨ੍ਹਾਂ ਦਾ ਕੰਮ ਚਲਦਾ ਹੀ ਰਹਿੰਦਾ ਹੈ। ਇਨ੍ਹਾਂ ਕਾਰੀਗਰਾਂ ਵਿੱਚੋਂ ਬਹੁਤ ਕਾਰੀਗਰ ਤਾਂ ਚੰਗੀ ਕਮਾਈ ਲਈ ਵਿਦੇਸ਼ਾਂ ਵੱਲ ਪਰਵਾਸ ਕਰ ਗਏ ਹਨ ਅਤੇ ਆਪਣੇ ਘਰਾਂ ਨੂੰ ਵੀ ਮਹਿਲਾਂ ਵਰਗਾ ਬਣਾ ਲਿਆ ਹੈ।

ਮਰਾਸੀ ਦੁੱਖ ਸੁੱਖ ਵੇਲੇ ਲੋਕਾਂ ਦੇ ਘਰਾਂ ਵਿੱਚ ਕੰਮ ਕਰਦੇ ਰਹੇ ਹਨ ਔਰਤਾਂ ਖਾਸ ਕਰ ਆਪਣੇ ਕਿੱਤੇ ਵਿੱਚ ਵਧੇਰੇ ਮੁਹਾਰਤ ਰੱਖਦੀਆਂ ਹਨ। ਮੌਤ ਵਰਗੇ ਦੁਖਦ ਸਮੇਂ ਦੀਆਂ ਬਹੁਤ ਸਾਰੀਆਂ ਰਸਮਾਂ ਦਾ ਨਿਭਾਓ ਇਹ ਔਰਤਾਂ ਭਾਵ ਮਰਾਸਣਾਂ ਕਰਦੀਆਂ ਰਹੀਆਂ ਹਨ। ਘਰ ਵਿੱਚ ਆਉਂਦੀਆਂ ਮਕਾਣਾਂ ਦਾ ਧਿਆਨ ਰੱਖਦੀਆਂ, ਮਿਰਾਸੀ ਮਰਦਾਂ ਦੀ ਗੱਲ ਵਿੱਚ ਸ਼ਰੀਕ ਹੁੰਦੇ। ਪਰਮਜੀਤ ਕੌਰ ਸਰਹਿੰਦ ਨੇ 'ਬਦਲ ਗਿਆ ਮੇਰਾ ਪਿੰਡ' ਵਿਚ ਇਹਨਾਂ ਬਾਰੇ ਦੱਸਿਆਂ ਹੈ :

> ਪਿਛਲੇ ਸਮੇਂ ਕਿਸੇ ਕਹਿਰ ਦੀ ਮੌਤ ਭਾਵ ਜਵਾਨ ਉਮਰੇ ਹੋਈ ਮੌਤ ਵੇਲੇ ਮਰਾਸਣ ਸਿਆਪਾ ਕਰਵਾਉਂਦੀ ਹੈ। ਉਹ ਅਜਿਹੇ ਵੈਣ ਪਾਉਂਦੀ ਹੈ ਕਿ ਪੱਥਰ ਹੋਈਆਂ ਅੱਖਾਂ ਵਿੱਚੋਂ ਵੀ ਨੀਰ ਵਹਿਣ ਲੱਗਦਾ। ਇਸ ਨੂੰ ਬਜ਼ੁਰਗਾਂ ਜਾਂ ਜੁਆਨਾਂ ਦੀਆ ਮਕਾਨਾਂ ਦੀਆਂ ਰਸਮਾਂ ਦਾ ਪਤਾ ਹੁੰਦਾ। ਇਹ ਰੋਂਦੀਆਂ ਪਿੱਟਦੀਆਂ ਔਰਤਾਂ ਦੀ ਮੁਖੀ ਹੁੰਦੀ । ਜੇ ਕੋਈ ਔਰਤ ਪਿੱਟਦੀ ਹੋਈ ਹੌਲ਼ੇ-ਹੌਲ਼ੇ ਤੇ ਪੋਲ਼ੇ ਜਿਹੇ ਹੱਥ ਮਾਰਦੀ ਤਾਂ ਇਹ ਉਸ ਨੂੰ ਟੋਕ ਦੇਂਦੀ। (428)

ਇਹ ਮਰਾਸਣਾਂ ਬੜੀਆਂ ਸੂਝਵਾਨ ਅਤੇ ਜਿਗਰੇ ਵਾਲੀਆਂ ਹੁੰਦੀਆਂ ਸਨ। ਰੋਂਦੀਆਂ ਔਰਤਾਂ ਨੂੰ ਬੜੇ ਸਹਿਜ ਨਾਲ ਗਲੇ ਤੋਂ ਹਟਾ ਕੇ ਅੱਡ ਕਰ ਦਿੰਦੀਆਂ ਤੇ ਆਖਦੀਆਂ ਭੈਣੇ ਜਾਣ ਵਾਲਿਆਂ ਦੇ ਨਾਲ ਕੋਈ ਨਹੀਂ ਜਾਂਦਾ ਦੇਖਿਆ, ਕੀ ਰੋਟੀ ਟੁੱਕ ਤਾਂ ਕਰਨਾ ਹੀ ਪੈਂਦਾ ਹੈ। ਇਸ ਤਰ੍ਹਾਂ ਦੀਆਂ ਭਾਵੁਕ ਗੱਲਾਂ ਕਰਨ ਵਿੱਚ ਇਹ ਔਰਤਾਂ ਮੁਹਾਰਤ ਰੱਖਦੀਆਂ ਹਨ। ਮਰਾਸੀ ਹਰ ਕੰਮ ਧੰਦੇ ਵਿੱਚ ਹੋਰਨਾਂ ਲੋਕਾਂ ਲਈ ਸਹਾਇਕ ਸਿੱਧ ਹੁੰਦੇ ਰਹੇ ਹਨ। ਦੂਜੇ ਪਾਸੇ ਇਹ ਲੋਕਾਂ ਦੀ ਮਾਨਸਿਕ ਥਕਾਵਟ ਨੂੰ ਦੂਰ ਕਰਨ ਦਾ ਕਾਰਜ ਵੀ ਕਰਦੇ ਆ ਰਹੇ ਹਨ। ਪਿੰਡ

ਦੀਆਂ ਸੱਥਾਂ ਵਿੱਚ ਹਾਜ਼ਰ ਜਵਾਬੀ ਗੱਲਾਂ ਕਰਨੀਆਂ, ਨਕਲਾਂ ਲਾਉਣੀਆਂ, ਪ੍ਰੀਤ ਕਹਾਣੀਆਂ ਦੇ ਕਿੱਸੇ ਗਾ-ਗਾ ਕੇ ਸੁਣਾਉਣਾ ਵੀ ਇਨ੍ਹਾਂ ਲੋਕਾਂ ਦਾ ਕੰਮ ਰਿਹਾ ਹੈ।

ਵਿਸ਼ਵੀਕਰਨ ਦੇ ਦੌਰ ਵਿੱਚ ਵੱਡੇ ਪੱਧਰ ਤੇ ਹੋਏ ਬਦਲਾਅ ਕਾਰਨ ਹੋਰਨਾਂ ਕੰਮ ਧੰਦਿਆਂ ਵਾਂਗ ਇਨ੍ਹਾਂ ਦੀ ਜੀਵਨ ਸ਼ੈਲੀ ਵਿੱਚ ਵੀ ਬਦਲਾਅ ਆਇਆ ਹੈ। ਅਜੋਕੀ ਪੀੜ੍ਹੀ ਘਰਾਂ ਵਿਚ ਕੰਮ ਨਾ ਕਰਕੇ ਸਗੋਂ ਪੜ੍ਹ ਲਿਖ ਕੇ ਉੱਚ ਅਹੁਦਿਆਂ ਤੇ ਜਾ ਪਹੁੰਚੀ ਹੈ। ਬਹੁਤਾ ਕਰਕੇ ਮਿਰਾਸੀ ਪੱਕੀ ਗਵੱਈਏ ਬਣ ਕੇ ਵਧੀਆ ਰੋਜ਼ੀ ਰੋਟੀ ਕਮਾ ਰਹੇ ਹਨ। ਹੁਣ ਮਲਟੀ ਮੀਡੀਆ ਦਾ ਜ਼ਮਾਨਾ ਹੋਣ ਕਰਕੇ ਪਿੰਡਾਂ ਵਿੱਚ ਸੱਥ ਨਹੀਂ ਰਹੇ। ਲੋਕਾਂ ਕੋਲ ਵਿਹਲ ਨਹੀਂ ਰਹੇ ਇੰਟਰਨੈੱਟ ਫੋਨਾਂ ਅਤੇ ਹੋਰ ਆਧੁਨਿਕ ਸਾਧਨਾਂ ਰਾਹੀਂ ਤਰ੍ਹਾਂ-ਤਰ੍ਹਾਂ ਦੇ ਮਨੋਰੰਜਨ ਦੇ ਸਾਧਨ ਆ ਰਹੇ ਹਨ। ਮਰਗ ਵਰਗੇ ਦੁਖ਼ਦ ਸਮਾਗਮ ਵੀ ਹੁਣ ਪਹਿਲਾਂ ਵਾਂਗ ਕਈ ਦਿਨਾਂ ਤੱਕ ਨਹੀਂ ਚਲਦੇ, ਹੁਣ ਤਾਂ ਜਿਸ ਦਾ ਮਰਿਆ ਦੁੱਖ ਉਸ ਨੂੰ ਵਾਲੀ ਗੱਲ ਸੱਚ ਹੋ ਗਈ ਹੈ। ਫੋਨਾਂ ਰਾਹੀਂ ਜਾਂ ਗਲੀ ਰਾਹੇ ਤੁਰੇ ਦੋ ਪਲ ਹੀ ਅਫ਼ਸੋਸ ਕਰ ਕੇ ਅਗਾਂਹ ਤੁਰ ਜਾਂਦੇ ਹਨ। ਮਰਾਸੀ ਕਿੱਤੇ ਨਾਲ ਜੁੜੇ ਲੋਕ ਵੀ ਸ਼ਹਿਰਾਂ ਵੱਲ ਪਰਵਾਸ ਕਰ ਕੇ ਵਧੀਆ ਜੀਵਨ ਬਸਰ ਕਰ ਰਹੇ ਹਨ।

## III

ਹੱਥਲੇ ਖੋਜ ਕਾਰਜ ਦੇ ਇਸ ਅਧਿਆਇ ਦਾ ਅਧਿਐਨ ਕੀਤਿਆਂ ਪਤਾ ਚਲਦਾ ਹੈ ਕਿ ਵਿਸ਼ਵੀਕਰਨ ਦੇ ਦੌਰ ਵਿੱਚ ਉਦਯੋਗਿਕ ਤਰੱਕੀ ਹੋਣ ਕਰ ਕੇ ਹੋਰਨਾਂ ਖੇਤਰਾਂ ਦੀ ਤਰ੍ਹਾਂ ਉਪਜੀਵਕਾ ਨਾਲ ਜੁੜੇ ਧੰਦਿਆਂ ਵਿੱਚ ਵੀ ਬਹੁਤ ਸਾਰੀਆਂ ਨਵੀਨ ਖੋਜਾਂ ਆ ਜੁੜੀਆਂ ਹਨ। ਹਰ ਛੋਟੇ-ਮੋਟੇ ਧੰਦੇ ਨਾਲ ਜੁੜਿਆ ਕਾਰਜ ਹੁਣ ਵੱਡੇ ਉਦਯੋਗ ਦਾ ਰੂਪ ਧਾਰਨ ਕਰ ਚੁੱਕਾ ਹੈ। ਇਸ ਕਰ ਕੇ ਲੋਕ-ਧੰਦਿਆਂ ਦੇ ਖੇਤਰ ਵਿੱਚ ਭਾਰੀ ਤਬਦੀਲੀਆਂ ਹੋਈਆਂ ਹਨ ਅਤੇ ਅਗਾਂਹ ਤੋਂ ਹੋ ਰਹੀਆਂ ਹਨ। ਅਜੋਕੇ ਦੌਰ ਵਿਚ ਪੈਦਾ ਹੋਈਆਂ ਇਨ੍ਹਾਂ ਤਬਦੀਲੀਆਂ ਕਾਰਨ ਪੰਜਾਬ ਵਿਚ ਪਿਤਾ ਪੁਰਖੀ ਕਿੱਤਿਆਂ ਨੂੰ ਕਰਾਰੀ ਸੱਟ ਵੱਜੀ ਹੈ।ਵਿਸ਼ਵੀਕਰਨ: ਪੰਜਾਬੀ ਸੱਭਿਆਚਾਰਕ ਪਰਿਵਰਤਨ ਪੁਸਤਕ ਵਿਚੋਂ ਡਾ ਸੁਖਦੀਪ ਕੌਰ ਦਾ ਵਿਚਾਰ ਹੈ :

> ਪਿਛਲੇ ਕੁਝ ਸਮੇਂ ਤੋਂ ਨਵੇਂ ਤਕਨੀਕੀ ਸਾਧਨਾਂ ਦੇ ਆਉਣ ਨਾਲ ਕਈ ਕਿੱਤੇ ਲੋਪ ਹੋ ਰਹੇ ਹਨ ਅਤੇ ਇਨ੍ਹਾਂ ਕਿੱਤਿਆਂ ਨਾਲ ਸਬੰਧਿਤ ਕਾਰੀਗਰ ਹੋਰ ਧੰਦਿਆਂ ਨੂੰ ਅਪਣਾ ਰਹੇ ਹਨ ਜਾਂ ਇਨ੍ਹਾਂ ਦੇ ਰੂਪ ਬਦਲ ਰਹੇ ਹਨ। ਹੁਣ ਤਾਂ ਜੇ ਚੁਫ਼ੇਰੇ ਨਜ਼ਰ ਮਾਰੀਏ ਤਾਂ ਪੰਜਾਬ ਦੇ ਅਨੇਕ ਲੋਕ ਨਵੀਂ ਭਾਂਤ ਦੇ ਹੋਰ ਨਿੱਕੇ ਮੋਟੇ ਕੰਮ ਕਿੱਤਿਆਂ ਨੂੰ ਆਪਣੀ ਉਪਜੀਵਕਾ ਦਾ ਸਾਧਨ ਬਣਾ ਰਹੇ ਹਨ। (36)

ਵਿਸ਼ਵੀਕਰਨ ਨੇ ਪੂਰੇ ਸੰਸਾਰ ਨੂੰ ਇਕ ਮੰਡੀ ਦਾ ਰੂਪ ਪ੍ਰਦਾਨ ਕੀਤਾ ਹੈ। ਜਿਸ ਨਾਲ ਸ਼ਹਿਰਾਂ ਤਕ ਹੀ ਨਹੀਂ ਬਲਕਿ ਪਿੰਡਾਂ ਤੱਕ ਵੱਸਦੇ ਲੋਕਾਂ ਦੀ ਮਾਨਸਿਕਤਾ ਨੂੰ ਕਰਾਰੀ ਸੱਟ ਵੱਜੀ ਹੈ। ਨਤੀਜੇ ਵਜੋਂ ਪਿੰਡਾਂ ਵਿੱਚ ਵੱਸਦੀਆਂ ਪੱਛੜੀਆਂ ਸ਼੍ਰੇਣੀਆਂ ਅਤੇ ਹੋਰ ਨਿਮਨ ਵਰਗ ਇੱਥੋਂ ਤਕ ਕਿ ਸ਼ਾਹੂਕਾਰ ਤੇ ਰਜਵਾੜਿਆਂ ਦੇ ਕੰਮ ਧੰਦੇ ਕਿਸੇ ਨਾ ਕਿਸੇ ਰੂਪ ਵਿੱਚ ਬਦਲੇ ਹਨ। ਪਿੰਡਾਂ ਵਿੱਚ ਵੱਖ-ਵੱਖ ਕਿੱਤਾਕਾਰ ਜੋ ਕਿ ਹਾੜ੍ਹੀ ਸਾਉਣੀ ਜਾਂ ਸੇਪੀ ਵਰਗੇ ਮਿਹਨਤਾਨੇ ਦੀ ਉਡੀਕ ਵਿੱਚ ਸਾਰਾ ਸਾਲ ਮਿਹਨਤ ਕਰਦੇ ਸਨ, ਹੁਣ ਉਨ੍ਹਾਂ ਦੀ ਮਾਨਸਿਕਤਾ ਬਦਲ ਚੁੱਕੀ ਹੈ। ਹਰ ਕੰਮ ਹੁਣ ਪੈਸੇ ਨੂੰ ਆਧਾਰ ਬਣਾ ਕੇ ਕੀਤਾ ਜਾਂਦਾ ਹੈ। ਪੰਜਾਬ ਵਿੱਚ ਹਰੀ ਕ੍ਰਾਂਤੀ ਤੋਂ ਬਾਅਦ ਪਿੰਡਾਂ ਵਿੱਚ ਪਸਰੇ ਛੋਟੇ ਮੋਟੇ ਧੰਦਿਆਂ ਨਾਲ ਜੁੜੇ ਲੋਕਾਂ ਵਿਚ ਤਬਦੀਲੀ ਆਈ , ਜੋ ਕਿ ਮੌਜੂਦਾ ਦੌਰ ਵਿੱਚ ਵੱਡੇ ਪੱਧਰ ਤੇ ਪੈਰ ਪਸਾਰ ਗਈ ਹੈ। ਇਸੇ ਕਰਕੇ ਵੱਖ-ਵੱਖ ਧੰਦਿਆਂ ਵਿੱਚ ਜੋ ਜਾਤੀ ਵੰਡ ਪਾਈ ਜਾਂਦੀ ਸੀ, ਉਹ ਖ਼ਤਮ ਹੋ ਗਈ ਅਤੇ ਅਗਾਂਹ ਤੋਂ ਹੋਰ ਵੀ ਖ਼ਤਮ ਹੋ ਰਹੀ ਹੈ। ਹਰ ਜਾਤੀ ਦੇ ਧੰਦੇ ਦੂਜੀ ਜਾਤੀ ਵਿੱਚ ਰਲਗੱਡ ਹੋ ਰਹੇ ਹਨ। ਨਵੇਂ ਧੰਦਿਆਂ ਦੇ ਫਲਸਰੂਪ ਪਿੰਡਾਂ ਵਿਚ ਇਕ ਨਵਾਂ ਸਮਾਜ ਸਿਰਜ ਹੋ ਰਿਹਾ ਹੈ। ਕਿਸੇ ਵੀ ਕੰਮ ਧੰਦੇ ਨੂੰ ਆਧਾਰ ਬਣਾ ਕੇ ਕਿਸੇ ਨਾਲ ਕੋਈ ਵਿਤਕਰਾ ਨਹੀਂ ਕੀਤਾ ਜਾ ਰਿਹਾ ਹਰ ਜਾਤੀ ਦੇ ਲੋਕ ਆਪਣੇ ਬੱਚਿਆਂ ਨੂੰ ਸਿੱਖਿਅਤ ਕਰ ਕੇ ਚੰਗੇ ਅਹੁਦਿਆਂ ਤੇ ਪਹੁੰਚਾਉਣ ਦਾ ਯਤਨ ਕਰ ਰਹੇ ਹਨ। ਬਹੁਤ ਸਾਰੇ ਕਾਰੀਗਰਾਂ ਨੇ ਆਪਣੇ ਕੰਮ ਕਰਨ ਦੇ ਢੰਗ ਤਰੀਕੇ ਮੌਜੂਦਾ ਦੌਰ ਅਨੁਸਾਰ ਅਪਣਾ ਲਏ ਹਨ। 'ਬਦਲ ਗਿਆ ਮੇਰਾ ਪਿੰਡ' ਪੁਸਤਕ ਵਿਚ ਇਸ ਬਾਰੇ ਪਰਮਜੀਤ ਕੌਰ ਸਰਹਿੰਦ ਵਿਚਾਰ ਹੈ:

> ਪਰਿਵਰਤਨ ਕੁਦਰਤ ਦਾ ਨਿਯਮ ਹੈ। ਉਸ ਅਨੁਸਾਰ ਇਹ ਬਦਲਾਓ ਮੁੱਢ ਕਦੀਮ ਤੋਂ ਆ ਰਿਹਾ ਹੈ। ਪਰ ਪੁਰਾਤਨ ਸਮੇਂ ਇਹ ਬਦਲਾਓ ਧੀਮੀ ਗਤੀ ਨਾਲ ਆਇਆ ਅਤੇ ਵਰਤਮਾਨ ਸਮੇਂ ਇਹ

> ਤੇਜ਼ੀ ਨਾਲ ਆ ਰਿਹਾ ਹੈ। ਕੁਝ ਦਹਾਕਿਆਂ ਵਿੱਚ ਹੀ ਲੋਕਾਂ ਦੀ ਸਮੁੱਚੀ ਜੀਵਨ ਸ਼ੈਲੀ ਬਦਲ ਗਈ ਹੈ ਇਸ ਕੁਦਰਤੀ ਵਰਤਾਰੇ ਦਾ ਅਸਰ ਪਿੰਡਾਂ ਵਿੱਚ ਵੀ ਸੁਭਾਵਿਕ ਰੂਪ ਵਿੱਚ ਆਇਆ ਹੈ। (462-463)

ਪੰਜਾਬ ਵਿੱਚ ਮੁੱਖ ਕਿੱਤਾ ਖੇਤੀਬਾੜੀ ਰਿਹਾ ਹੈ। ਪੰਜਾਬ ਦੇ ਬਹੁਤ ਸਾਰੇ ਲੋਕ ਧੰਦੇ ਸਿੱਧੇ ਜਾਂ ਅਸਿੱਧੇ ਰੂਪ ਵਿੱਚ ਖੇਤੀਬਾੜੀ ਨਾਲ ਜੁੜੇ ਹੋਏ ਹਨ। ਖਾਸ ਕਰ ਪਿੰਡਾਂ ਵਿੱਚ ਵੱਸਦੇ ਲੁਹਾਰ ਅਤੇ ਤਰਖਾਣ ਕਿਸਾਨੀ ਜੀਵਨ ਦਾ ਧੁਰਾ ਰਹੇ ਹਨ। ਵਿਸ਼ਵੀਕਰਨ ਦੇ ਦੌਰ ਵਿੱਚ ਹਰ ਕਾਰਜ ਦਾ ਮਸ਼ੀਨੀਕਰਨ ਹੋਣ ਕਰਕੇ ਇਹੋ ਜਿਹੇ ਕਾਰੀਗਰ ਵੀ ਆਪਣੇ ਪਿਤਾ ਪੁਰਖੀ ਧੰਦਿਆਂ ਨੂੰ ਛੱਡ ਕੇ ਹੋਰ ਹੋਰ ਧੰਦਿਆਂ ਨੂੰ ਅਪਣਾ ਰਹੇ ਹਨ। ਨਵੀਂ ਪੀੜ੍ਹੀ ਤਾਂ ਪੜ੍ਹ ਲਿਖ ਕੇ ਵਿਦੇਸ਼ਾਂ ਵੱਲ ਰੁਜ਼ਗਾਰ ਦੀ ਭਾਲ ਵਿਚ ਪਹੁੰਚ ਚੁੱਕੀ ਹੈ ਜਾਂ ਪਹੁੰਚਣ ਦਾ ਯਤਨ ਕਰ ਰਹੀ ਹੈ। ਪ੍ਰੋ.ਕਿਰਪਾਲ ਕਜ਼ਾਕ ਦੀ ਪੁਸਤਕ 'ਪਰੰਪਰਾ ਸੱਭਿਆਚਾਰ ਤੇ ਕਬੀਲੇ' ਦੇ ਅਨੁਸਾਰ :

> ਅਸਲ ਵਿਚ ਕਿੱਤਿਆਂ ਵਿੱਚ ਆਏ ਬਦਲਾਓ ਇਨ੍ਹਾਂ ਦਾ ਹੋਇਆ ਮਸ਼ੀਨੀਕਰਨ ਜਾਂ ਸਵੈ ਚਾਲਿਤ ਮਸ਼ੀਨਾਂ ਵਿੱਚ ਤਬਦੀਲੀ ਹੋਣਾ ਉਤਨਾ ਅਲੋਕਾਰ ਵਰਤਾਰਾ ਨਹੀਂ ਜਿਤਨਾ ਨਿਰਮਤ ਹੋ ਰਹੀਆਂ ਵਸਤਾਂ ਦੀ ਬਹੁਤਾਤ ਅਤੇ ਮੰਗ ਦੀ ਹੋੜ ਪੈਦਾ ਹੋਣਾ ਹੈ। ਇਸ ਵਿੱਚ ਇਸ਼ਤਿਹਾਰਬਾਜ਼ੀ ਅਤੇ ਵਿਸ਼ਵ ਮੰਡੀ ਦੁਆਰਾ ਮਾਰਕੀਟਿੰਗ ਦੀ ਵੱਡੀ ਭੂਮਿਕਾ ਹੈ। ਉਦਾਹਰਣ ਲਈ 2012 ਵਿੱਚ ਸੰਸਾਰ ਪੱਧਰ ਤੇ ਹੋਣ ਵਾਲੀ ਇਸ਼ਤਿਹਾਰਬਾਜ਼ੀ ਦਾ ਕੁੱਲ ਖ਼ਰਚਾ 9 ਖਰਬ 52 ਅਰਬ ਡਾਲਰ ਆਂਕਿਆ ਗਿਆ। (55)

ਕਿਸਾਨੀ ਤੋਂ ਇਲਾਵਾ ਹੋਰ ਕੰਮ ਧੰਦਿਆਂ ਨਾਲ ਜੁੜੇ ਵਿਅਕਤੀ ਜਿਵੇਂ ਘੁਮਿਆਰ, ਨਾਈ ਆਦਿ ਆਪਣੇ ਮੂਲ ਧੰਦਿਆਂ ਨੂੰ ਭੁਲਾ ਕੇ ਹੋਰ ਹੋਰ ਧੰਦਿਆਂ ਵੱਲ ਮੁੱਖ ਮੋੜ ਗਏ ਹਨ। ਖੇਤੀਬਾੜੀ ਦੇ ਨਾਲ ਜੁੜੇ ਲੋਕ ਧੰਦਿਆਂ ਵਿੱਚ ਨਿਘਾਰ ਦਾ ਸਭ ਤੋਂ ਵੱਡਾ ਕਾਰਨ ਇਹ ਬਣਿਆ ਕਿ ਮਸ਼ੀਨੀਕਰਨ ਹੋਣ ਨਾਲ ਹਰ ਕਾਰਜ ਨੂੰ ਹੁਣ ਮਸ਼ੀਨਾਂ ਰਾਹੀਂ ਹੀ ਕੀਤਾ ਜਾਂਦਾ ਹੈ। ਵਿਸ਼ਵੀਕਰਨ ਦੇ ਦੌਰ ਵਿੱਚ ਕਿਸਾਨ ਲਈ ਖੇਤੀ ਕਰਨ ਦੇ ਆਧੁਨਿਕ

ਸਾਧਨ ਮੁਹੱਈਆ ਕਰਵਾਏ ਜਾਂਦੇ ਹਨ।ਇਸ ਬਾਰੇ 'ਪਰੰਪਰਾ ਕਬੀਲੇ ਤੇ ਸਭਿਆਚਾਰ' ਪੁਸਤਕ ਵਿਚੋਂ ਪ੍ਰੋ. ਕਿਰਪਾਲ ਕਜ਼ਾਕ ਦਾ ਵਿਚਾਰ ਹੈ:

> ਪੰਜਾਬ ਦੇ ਕਿੱਤਿਆਂ ਦਾ ਘਾਣ ਸੰਸਾਰੀਕਰਨ ਦੀ ਉਸ ਨੀਤੀ ਨੇ ਸਭ ਤੋਂ ਵੱਧ ਕੀਤਾ ਹੈ,ਜਿਸ ਵਿੱਚ ਵਰਤੀ ਜਾਂਦੀ ਕੱਚੀ ਸਮੱਗਰੀ ਖੇਤਰੀ ਭੂ ਖੰਡ ਤੋਂ ਬਾਹਰ ਵਰਤੀ ਜਾਣ ਲੱਗੀ, ਜਿਸ ਵਿਚ ਇਕ ਉਦਾਹਰਣ ਪਲਾਸਟਿਕ ਦੀ ਵਰਤੋਂ ਸਬੰਧੀ ਲਈ ਜਾ ਸਕਦੀ ਹੈ। ਪਲਾਸਟਿਕ ਤੋਂ ਬਣਨ ਵਾਲੀਆਂ ਅੱਸੀ ਪ੍ਰਤੀਸ਼ਤ ਵਸਤਾਂ ਸਿਰਫ਼ ਇੱਕ ਵਾਰ ਵਰਤੋਂ ਵਾਲੀਆਂ ਹਨ ਅਤੇ ਵਧੇਰੇ ਹੰਢਣਸਾਰ ਨਹੀਂ ਹਨ। ਸਭ ਤੋਂ ਵੱਡੀ ਚਿੰਤਾ ਦੀ ਗੱਲ ਹੈ ਕਿ ਹਰ ਸਾਲ ਹਜ਼ਾਰਾਂ ਟਨ ਦੀ ਬੇਕਾਰ ਸਮੱਗਰੀ ਨੂੰ ਧਰਤੀ ਆਪਣੇ ਵਿੱਚ ਜਜ਼ਬ ਕਰਨ ਤੋਂ ਇਨਕਾਰੀ ਹੈ।

ਵਰਤਮਾਨ ਸਮੇਂ ਪੰਜਾਬ ਦੇ ਲੋਕ ਕਿੱਤੇ ਜਾਂ ਤਾਂ ਫੈਕਟਰੀਆਂ ਨੇ ਨਿਗਲ ਲਏ ਹਨ ਜਾਂ ਸੰਸਾਰੀਕਰਨ ਦੇ ਕਾਰਪੋਰੇਟ ਸੈਕਟਰ ਦੀ ਮਾਰ ਹੇਠ ਹਨ। ਕਿੱਤਿਆਂ ਵਿੱਚ ਹੋਏ ਵਿਕਾਸ ਨੇ ਵਰਤਮਾਨ ਸਮੇਂ ਕਈ ਤਰ੍ਹਾਂ ਦੀਆਂ ਪ੍ਰੰਪਰਾਗਤ ਮਿੱਥਾਂ ਨੂੰ ਤੋੜਿਆ ਹੈ।

ਉਦਾਹਰਨ ਲਈ ਅਜੋਕੇ ਸਮੇਂ ਜ਼ਰੂਰੀ ਨਹੀਂ ਲੋਹੇ ਦਾ ਕੰਮ ਲੁਹਾਰ ਹੀ ਕਰੀ ਕੋਈ ਸ਼ਾਹੂਕਾਰ ਬਾਣੀਆ ਢਲਾਈ ਦੀ ਮਿੱਲ ਲਾ ਕੇ ਨਿਰਮਾਤਾ ਬਣ ਸਕਦਾ ਹੈ ।

ਇਹ ਵੀ ਜ਼ਰੂਰੀ ਨਹੀਂ ਕਿ ਚਮੜੇ ਦਾ ਕੰਮ ਕਿਸੇ ਖਾਸ ਸ਼੍ਰੇਣੀ ਲਈ ਨਿਸ਼ਚਿਤ ਹੈ, ਇਸ ਨਿਯਮ ਵਿੱਚ ਲਿਬਰਟੀ ਲੈ ਕੇ ਕੋਈ ਵੀ ਲਿਬਰਟੀ ਦਾ ਮਾਲਕ ਬਣ ਸਕਦਾ ਹੈ ।

ਕਿੱਤਿਆਂ ਵਿੱਚ ਹੋਏ ਵਿਕਾਸ ਨੇ ਜਿੱਥੇ ਕਈ ਤਰ੍ਹਾਂ ਦੀਆਂ ਪ੍ਰੰਪਰਾਗਤ ਮਿੱਥਾਂ ਨੂੰ ਤੋੜਿਆ ਹੈ, ਉੱਥੇ ਕਈ ਤਰ੍ਹਾਂ ਦੀਆਂ ਜਟਿਲਤਾਵਾਂ ਨੂੰ ਵੀ ਜਨਮ ਦਿੱਤਾ ਹੈ।

ਲੋੜੀਂਦੀਆਂ ਵਸਤੂਆਂ ਦੇ ਨਿਰਮਾਣ ਲਈ ਕੱਚੀ ਸਮੱਗਰੀ ਦੀ ਵਰਤੋਂ ਲਈ ਪਰ ਅਧੀਨਗੀ ਨੂੰ ਸਵੀਕ੍ਰਿਤੀ ।

ਬੇਲੋੜੀ ਵਸਤ ਖ਼ਰੀਦ ਨੂੰ ਇੱਜ਼ਤ ਮਾਣ ਅਤੇ ਪ੍ਰਾਪਤੀ ਸਮਝ ਕੇ ਪੂੰਜੀਪਤੀਆਂ ਦੇ ਮੁਨਾਫ਼ਾ ਪ੍ਰਬੰਧ ਨੂੰ ਸ਼ਹਿ।

ਵਸਤੂਆਂ ਦੇ ਨਿਰਮਾਣ ਲਈ ਖੇਤਰੀ ਭੂ ਖੰਡ ਦੇ ਪ੍ਰਾਕ੍ਰਿਤਿਕ ਵਸੀਲਿਆਂ ਦੀ ਬੇਲੋੜੀ ਵਰਤੋਂ ਹੰਢਣਸਾਰ ਵਸਤੂਆਂ ਦੇ ਟਾਕਰੇ ਇਕ ਵੇਰ ਵਰਤੋਂ ਤੋਂ ਬਾਅਦ ਕੂੜਾ ਕਰਕਟ ਬਣ ਜਾਣ ਵਾਲੀਆਂ ਵਸਤੂਆਂ ਦੀ ਪਸੰਦ ਅਤੇ ਉਸ ਕੂੜੇ ਕਰਕਟ ਨੂੰ ਫਿਰ ਦੁਬਾਰਾ ਵਰਤੋਂ ਵਿੱਚ ਨਾ ਲਿਆਉਣ ਦੀ ਸੂਰਤ ਵਿੱਚ ਉਸ ਨੂੰ ਜ਼ਾਇਆ ਕਰਨ ਦੇ ਹਲ ਤਰਾਸ਼ਨ ਤੋਂ ਅਸਮੱਰਥ ਹੋਣਾ ।

ਕਿਰਤੀ ਅਤੇ ਕਿਰਤ ਦੇ ਰਿਸ਼ਤੇ ਵਿੱਚ ਪਈ ਦੂਰੀ ਅਤੇ ਖਟਾਸ ਨੂੰ ਸਵੀਕਾਰ ਕਰ ਲੈਣਾ ।

ਦਸਤੀ ਕਿੱਤਿਆਂ ਨੂੰ ਨਕਾਰ ਕੇ ਇਹ ਦਲੀਲ ਪ੍ਰਵਾਨ ਕਰਨੀ ਕਿ ਮੁਰੰਮਤ ਨਵੀਂ ਵਸਤੂ ਤੋਂ ਮਹਿੰਗੀ ਪਵੇਗੀ।

ਲਘੂ ਉਦਯੋਗ ਅਤੇ ਕਿਰਤੀ ਦੀ ਬਹਾਲੀ ਲਈ ਖੇਤਰੀ ਸਰਕਾਰਾਂ ਦੀ ਬੇਮੁਖਤਾ।

ਅਜਿਹੇ ਕਈ ਪੱਖ ਹਨ ਜੋ ਵਿਸ਼ਵੀਕਰਨ ਅਤੇ ਕਾਰਪੋਰੇਟ ਸੈਕਟਰ ਦੀ ਗ੍ਰਿਫ਼ਤ ਵਿੱਚ ਹਨ ਪੰਜਾਬ ਦੇ ਲੋਕ ਕਿੱਤੇ ਇਸ ਸਮੇਂ ਆਖ਼ਰੀ ਸਾਹਾਂ ਤੇ ਹਨ ਕਿੱਤਿਆਂ ਵਿਚ ਤਕਨੀਕੀ ਵਿਕਾਸ ਨੇ ਵਸਤੂਆਂ ਦੇ ਨਿਰਮਾਣ ਵਿੱਚ ਜਿੱਥੇ ਵੱਡੀਆਂ ਪ੍ਰਾਪਤੀਆਂ ਕੀਤੀਆਂ ਹਨ ਉੱਥੇ

> ਪੰਜਾਬ ਦੇ ਲੋਕ ਕਿੱਤੇ ਅਤੇ ਸੱਭਿਆਚਾਰਕ ਜੀਵਨ ਸ਼ੈਲੀ ਨੂੰ ਬੇਹੱਦ ਪ੍ਰਭਾਵਿਤ ਕੀਤਾ ਹੈ। (55-56)

ਹਰ ਸਾਧਨਾਂ ਨੂੰ ਖ਼ਰੀਦਣ ਲਈ ਕੋਆਪਰੇਟਿਵ ਸੁਸਾਇਟੀਆਂ, ਬੈਂਕਾਂ ਇਨ੍ਹਾਂ ਨੂੰ ਕਰਜ਼ਾ ਮੁਹੱਈਆ ਕਰਵਾ ਰਹੀਆਂ ਹਨ ਬਹੁਤੇ ਹੱਥਾਂ ਦਾ ਕਾਰਜ ਮਸ਼ੀਨਾਂ ਆਪਣੇ ਆਪ ਕਰ ਰਹੀਆਂ ਹਨ। ਇੱਥੋਂ ਤਕ ਕਿ ਕਿਰਸਾਨੀ ਕਿੱਤੇ ਨਾਲ ਜੁੜੇ ਲੋਕਾਂ ਦੀ ਅਜੋਕੀ ਪੀੜ੍ਹੀ ਵੀ ਇਸ ਕਿੱਤੇ ਨੂੰ ਤਿਆਗ ਕੇ ਵਿਦੇਸ਼ਾਂ ਵੱਲ ਨੂੰ ਪਰਵਾਸ ਕਰ ਰਹੀ ਹੈ। ਇਸ ਬਾਰੇ ਡਾ. ਸੁਖਦੀਪ ਕੌਰ ਦੀ ਪੁਸਤਕ 'ਵਿਸ਼ਵੀਕਰਨ ਪੰਜਾਬੀ ਸੱਭਿਆਚਾਰਕ ਪਰਿਵਰਤਨ ' ਵਿਚੋਂ ਵਿਚਾਰ ਹੈ:


> ਅਜੋਕੇ ਮਸ਼ੀਨੀਕਰਨ ਦੇ ਦੌਰ ਨੇ ਕਿਰਤੀ ਵਰਗ ਨੂੰ ਬਹੁਤ ਵੱਡੀ ਢਾਅ ਲਾਈ ਹੈ। ਮਸ਼ੀਨਾਂ ਦਾ ਕੰਮ ਕਰਦਾ ਬੰਦਾ ਮਸ਼ੀਨ ਬਣ ਕੇ ਜ਼ਿੰਦਗੀ ਬਤੀਤ ਕਰ ਰਿਹਾ ਹੈ। ਹੱਥੀਂ ਕੰਮ ਕਾਰ ਕਰਨਾ ਹੁਣ ਪੰਜਾਬੀ ਸਮਾਜ ਵਿਚੋਂ ਮਨਫ਼ੀ ਹੋ ਗਿਆ ਹੈ। ਨਿੱਜੀ ਲਾਭ ਦੀਆਂ ਜਰਬਾਂ ਤਕਸੀਮਾਂ ਵਿੱਚ ਉਲਝੇ ਪੰਜਾਬੀਆਂ ਵਿੱਚੋਂ ਸਰਬੱਤ ਦੇ ਭਲੇ ਵਾਲਾ ਵਿਰਸਾ ਪੂਰੀ ਤਰ੍ਹਾਂ ਖੁੱਸ ਗਿਆ ਹੈ। ਹੇਰਾ ਫੇਰੀ ਲੁੱਟ ਖਸੁੱਟ ਅਤੇ ਕੰਮ ਚੋਰ ਬਣ ਕੇ ਵਿਸ਼ਵੀ ਸਹੂਲਤਾਂ ਨੂੰ ਹੜੱਪਣਾ ਆਦਿ ਅਲਾਮਤਾਂ ਵਿੱਚ ਗਰੱਸੇ ਪੰਜਾਬੀ ਆਪਣੇ ਆਪ ਨੂੰ ਅਗਾਂਹਵਧੂ ਦਰਸਾਉਣ ਲੱਗੇ ਹੋਏ ਹਨ। ਵਿਸ਼ਵੀ ਸੁੱਖ ਸਹੂਲਤਾਂ ਦੇ ਮੱਕੜ ਜਾਲ ਵਿੱਚ ਫਸੇ ਅਸੀਂ ਸਭ ਤੋਂ ਘੱਟ ਮਨੁੱਖੀ ਸਮਰੱਥਾ ਵਾਲੇ ਲੋਕ ਬਣ ਕੇ ਰਹਿ ਗਏ ਨਜ਼ਰ ਆਉਂਦੇ ਹਾਂ। (36-37)

ਵਿਸ਼ਵੀਕਰਨ ਦੇ ਦੌਰ ਵਿੱਚ ਵੱਖ ਵੱਖ ਕੰਮ ਧੰਦਿਆਂ ਨਾਲ ਜੁੜੇ ਲੋਕ ਪਹਿਲਾਂ ਦੀ ਤਰ੍ਹਾਂ ਹੁਣ ਘੁੰਮ ਫਿਰ ਕੇ ਕਾਰਜ ਨਹੀਂ ਕਰਦੇ ਨਜ਼ਰੀਂ ਆ ਰਹੇ। ਬਹੁਤ ਸਾਰੇ ਲੋਕਾਂ ਨੇ ਪੱਕੇ ਤੌਰ ਤੇ ਇਕ ਜਗ੍ਹਾ ਟਿਕ ਕੇ ਆਪਣਾ ਬਸਰ ਕਰ ਰਹੇ ਹਨ। ਵੱਖ-ਵੱਖ ਕਬੀਲਿਆਂ ਦੇ ਲੋਕ ਹੁਣ ਪਿੱਤਰੀ ਕੰਮਾਂ ਨੂੰ ਤਿਆਗ ਕੇ ਪੜ੍ਹ ਲਿਖ ਕੇ ਅਗਾਂਹਵਧੂ ਸੋਚ ਦੇ ਧਾਰਨੀ ਬਣ ਗਏ ਹਨ। ਛੋਟੇ ਮੋਟੇ ਕੰਮ ਧੰਦਿਆਂ ਨਾਲ ਜੁੜੇ ਲੋਕ ਪਿੰਡਾਂ ਵਿੱਚ ਰਹਿ ਜ਼ਮੀਨਾਂ ਠੇਕੇ ਤੇ ਲੈ ਕੇ ਵਧੀਆ ਜੀਵਨ ਨਿਰਬਾਹ ਕਰ ਰਹੇ ਹਨ। ਵਿਸ਼ਵੀਕਰਨ ਦੇ ਪਸਾਰੇ ਵਿੱਚ ਇਹ ਗੱਲ ਵੀ

ਸਾਹਮਣੇ ਆਈ ਹੈ ਕਿ ਲੋਕ-ਧੰਦੇ ਮੂਲ ਰੂਪ ਵਿੱਚ ਅਲੋਪ ਹੋ ਰਹੇ ਹਨ। ਕਿੱਤਾਕਾਰਾਂ ਦੀ ਜਾਤੀ ਵੰਡ ਵੀ ਲਗਪਗ ਖ਼ਤਮ ਹੋ ਚੁੱਕੀ ਹੈ। ਨਿਮਨ ਵਰਗ ਸਮਝਿਆ ਜਾਣ ਵਾਲਾ ਤਬਕਾ ਅਜੋਕੇ ਦੌਰ ਵਿਚ ਪੜ੍ਹ ਲਿਖ ਕੇ ਉਚੇਰੇ ਅਹੁਦਿਆਂ ਤੇ ਪਹੁੰਚ ਚੁੱਕਾ ਹੈ। ਕਿਰਸਾਨੀ ਜੀਵਨ ਨਾਲ ਜੁੜੇ ਲੋਕ ਧੰਦੇ ਹੁਣ ਵਿਸਰ ਰਹੇ ਹਨ।

ਖੋਜ ਕਾਰਜ ਦਾ ਚੌਥਾ ਅਧਿਆਇ ਵਿਸ਼ਵੀਕਰਨ ਦੇ ਦੌਰ ਵਿੱਚ ਪੰਜਾਬੀ ਲੋਕ ਧੰਦਿਆਂ ਵਿੱਚ ਹੋਇਆ ਰੁਪਾਂਤਰਨ ਹੈ। ਵਿਸ਼ਵੀਕਰਨ ਦੇ ਦੌਰ ਵਿੱਚ ਲੋਕ ਧੰਦਿਆਂ ਵਿੱਚ ਹੋਇਆ ਰੁਪਾਂਤਰਨ ਨੂੰ ਸਮਝਣ ਲਈ ਪੁਸਤਕਾਂ ਦੇ ਨਾਲ-ਨਾਲ ਖੇਤਰੀ ਕਾਰਜ ਵੀ ਕੀਤਾ ਗਿਆ ਹੈ। ਇਸ ਅਧਿਆਇ ਨਾਲ ਸੰਬੰਧਿਤ ਜੋ ਖੇਤਰੀ ਜਾਣਕਾਰੀ ਇਕੱਤਰ ਕੀਤੀ ਗਈ ਹੈ. ਉਨ੍ਹਾਂ ਤੋਂ ਪ੍ਰਾਪਤ ਅੰਕੜਿਆਂ ਦਾ ਵਿਸ਼ਲੇਸ਼ਣ ਹੇਠ ਲਿਖੇ ਅਨੁਸਾਰ ਹੈ। ਖੇਤਰੀ ਕਾਰਜ ਵਿਚ ਇਸ ਨੁਕਤੇ ਨੂੰ ਸਮਝਣ ਲਈ ਇਸ ਨੂੰ ਵੀ ਪੰਜ ਪ੍ਰਸ਼ਨਾਂ ਵਿੱਚ ਵੰਡ ਕੇ ਪੇਸ਼ ਕੀਤਾ ਗਿਆ ਹੈ। ਪਹਿਲੇ ਪ੍ਰਸ਼ਨ ਵਿਚ ਇਸ ਗੱਲ ਨੂੰ ਸਾਂਝਾ ਕੀਤਾ ਗਿਆ ਹੈ ਕਿ ਕੀ ਅਜੋਕੇ ਦੌਰ ਵਿੱਚ ਲੋਕ ਧੰਦਿਆਂ ਵਿੱਚ ਬਦਲਾਅ ਹੋਇਆ ਹੈ?ਇਸ ਦਾ ਉੱਤਰ ਪ੍ਰਾਪਤ ਕਰਨ ਲਈ ਇਸ ਨੂੰ ਵੀ ਚਾਰ ਵਰਗਾਂ ਵਿੱਚ ਵੰਡ ਕੇ ਉੱਤਰ ਪ੍ਰਾਪਤ ਕੀਤੇ ਹਨ। ਪਹਿਲੇ ਵਿੱਚ ਪੂਰਨ ਸਹਿਮਤ, ਦੂਸਰੇ ਵਿੱਚ ਅੰਸ਼ਿਕ ਸਹਿਮਤ, ਤੀਸਰੇ ਵਿੱਚ ਪੂਰਨ ਅਸਹਿਮਤ ਅਤੇ ਚੌਥੇ ਵਿੱਚ ਅੰਸ਼ਿਕ ਅਸਹਿਮਤ ਸ਼ਾਮਲ ਹਨ।


| **ਕੀ ਅਜੋਕੇ ਦੌਰ ਵਿਚ ਲੋਕ-ਧੰਦਿਆਂ ਵਿਚ ਬਦਲਾਵ ਹੋਇਆ ਹੈ?** | | | |
|---|---|---|---|
| ਪੂਰਨ ਸਹਿਮਤ | ਅੰਸ਼ਿਕ ਸਹਿਮਤ | ਪੂਰਨ ਅਸਹਿਮਤ | ਅੰਸ਼ਿਕ ਅਸਹਿਮਤ |
| 128 | 21 | 1 | 0 |



150 ਵਿਅਕਤੀਆਂ ਤੋਂ ਇਕੱਤਰ ਕੀਤੇ ਡਾਟੇ ਦੇ ਆਧਾਰ ਤੇ 128 ਵਿਅਕਤੀ ਇਸ ਗੱਲ ਨਾਲ ਪੂਰਨ ਸਹਿਮਤ ਹਨ ਕਿ ਅਜੋਕੇ ਦੌਰ ਵਿੱਚ ਲੋਕ ਧੰਦਿਆਂ ਵਿੱਚ ਬਦਲਾਅ ਹੋਇਆ ਹੈ, ਜਿਸ ਦਾ 85 ਪ੍ਰਤੀਸ਼ਤ ਬਣਦਾ ਹੈ। 21 ਵਿਅਕਤੀ ਅੰਸ਼ਿਕ ਸਹਿਮਤ ਵਾਲੇ ਹਨ ਜਿਸ ਦਾ 14 ਪ੍ਰਤੀਸ਼ਤ ਬਣਦਾ ਹੈ ਅਤੇ 1 ਵਿਅਕਤੀ ਪੂਰਨ ਅਸਹਿਮਤ ਵਿੱਚ ਸ਼ਾਮਲ ਹੈ ਜਿਸ ਦਾ 1 ਪ੍ਰਤੀਸ਼ਤ ਬਣਦਾ ਹੈ। ਪ੍ਰਾਪਤ ਅੰਕੜਿਆਂ ਦੇ ਆਧਾਰ ਤੇ ਕਿਹਾ ਜਾ ਸਕਦਾ ਹੈ ਕਿ ਅਜੋਕੇ ਦੌਰ ਵਿੱਚ ਲੋਕ ਧੰਦਿਆਂ ਵਿਚ ਬਦਲਾਅ ਹੋਇਆ ਹੈ।

ਚੌਥੇ ਅਧਿਆਇ ਨਾਲ ਅਗਲਾ ਪ੍ਰਸ਼ਨ ਇਹ ਸਾਂਝਾ ਕੀਤਾ ਗਿਆ ਹੈ ਕਿ ਅਜੋਕੇ ਦੌਰ ਵਿੱਚ ਲੋਕ ਕਿੱਤਾਕਾਰਾ ਦਾ ਪਿੱਤਰੀ ਕਿੱਤਿਆਂ ਨੂੰ ਵਿਸਾਰਨ ਦਾ ਮੂਲ ਕਾਰਨ ਕੀ ਹੈ? ਇਸ ਨੁਕਤੇ ਨੂੰ ਜਾਨਣ ਲਈ ਇਸ ਨੂੰ ਚਾਰ ਵਰਗਾਂ ਵਿਚ ਵੰਡਿਆ ਗਿਆ ਹੈ। ਪਹਿਲੇ ਵਿੱਚ ਪਦਾਰਥਵਾਦ, ਦੂਸਰੇ ਵਿਚ ਤਕਨਾਲੋਜੀ, ਤੀਸਰੇ ਵਿੱਚ ਵਿਅਸਤ ਜੀਵਨ ਸ਼ੈਲੀ ਅਤੇ ਚੌਥੇ ਵਿੱਚ ਹੋਰ ਕਾਰਨ ਮੰਨਿਆ ਗਿਆ ਹੈ।

| **ਅਜੋਕੇ ਦੌਰ ਵਿਚ ਲੋਕ ਕਿੱਤਾਕਾਰਾਂ ਦਾ ਪਿੱਤਰੀ ਕਿੱਤਿਆਂ ਨੂੰ ਵਿਸਾਰਨ ਦਾ ਮੂਲ ਕਾਰਨ ਕੀ ਹੈ?** | | | |
|---|---|---|---|
| ਪਦਾਰਥਵਾਦ | ਤਕਨਾਲੋਜੀ | ਵਿਅਸਤ ਜੀਵਨ ਸ਼ੈਲੀ | ਹੋਰ |
| 26 | 110 | 12 | 2 |





6

ਵਿਅਕਤੀ ਸ਼ਾਮਲ ਹਨ, ਜਿਸ ਦਾ 17 ਪ੍ਰਤੀਸ਼ਤ ਬਣਦਾ ਹੈ। ਤਕਨਾਲੋਜੀ ਵਿਚ 110 ਵਿਅਕਤੀ ਸ਼ਾਮਲ

ਹਨ, ਜਿਸ ਦਾ 73 ਪ੍ਰਤੀਸ਼ਤ ਬਣਦਾ ਹੈ। ਵਿਅਸਤ ਜੀਵਨ ਸ਼ੈਲੀ ਨੂੰ 12 ਵਿਅਕਤੀ ਇਸ ਦਾ ਕਾਰਨ ਮੰਨਦੇ ਹਨ, ਜਿਸ ਦਾ 8 ਪ੍ਰਤੀਸ਼ਤ ਬਣਦਾ ਹੈ। 2 ਵਿਅਕਤੀ ਕਿਸੇ ਹੋਰ ਕਾਰਨ ਨੂੰ ਇਸ ਦਾ ਮੂਲ ਕਾਰਨ ਮੰਨਦੇ ਹਨ ਜਿਸ ਦਾ 2 ਪ੍ਰਤੀਸ਼ਤ ਬਣਦਾ ਹੈ। ਇਕੱਤਰ ਕੀਤੇ ਡਾਟੇ ਦੇ ਆਧਾਰ ਤੇ ਕਿਹਾ ਜਾ ਸਕਦਾ ਹੈ ਕਿ ਅਜੋਕੇ ਦੌਰ ਵਿੱਚ ਲੋਕ ਕਿੱਤਾਕਾਰਾਂ ਦਾ ਪਿੱਤਰੀ ਕਿੱਤਿਆਂ ਨੂੰ ਵਿਸਾਰਨ ਦਾ ਮੂਲ ਕਾਰਨ ਤਕਨਾਲੋਜੀ ਅਤੇ ਪਦਾਰਥਵਾਦ ਬਣਦਾ ਹੈ।

ਚੌਥੇ ਅਧਿਆਇ ਨਾਲ ਸਬੰਧਿਤ ਅਗਲਾ ਪ੍ਰਸ਼ਨ ਇਹ ਸਾਂਝਾ ਕੀਤਾ ਗਿਆ ਹੈ ਕਿ ਕੀ ਅਜੋਕਾ ਸਮਾਂ ਮਸ਼ੀਨੀਕਰਨ ਦਾ ਹੋਣ ਕਰਕੇ ਲੋਕ ਕਿੱਤੇ ਅਲੋਪ ਹੋ ਰਹੇ ਹਨ ? ਇਸ ਪ੍ਰਸ਼ਨ ਦਾ ਉੱਤਰ ਪ੍ਰਾਪਤ ਕਰਨ ਲਈ ਇਸ ਨੂੰ ਵੀ ਚਾਰ ਆਪਸ਼ਨਾਂ ਚ ਵੰਡਿਆ ਗਿਆ ਹੈ। ਪੂਰਨ ਸਹਿਮਤ, ਅੰਸ਼ਿਕ ਸਹਿਮਤ, ਪੂਰਨ ਅਸਹਿਮਤ ਅਤੇ ਅੰਸ਼ਿਕ ਅਸਹਿਮਤ।

| ਕੀ ਅਜੋਕਾ ਸਮਾਂ ਮਸ਼ੀਨੀਕਰਨ ਦਾ ਹੋਣ ਕਰਕੇ ਲੋਕ-ਕਿੱਤੇ ਅਲੋਪ ਹੋ ਰਹੇ ਹਨ ? | | | |
|---|---|---|---|
| ਪੂਰਨ ਸਹਿਮਤ | ਅੰਸ਼ਿਕ ਸਹਿਮਤ | ਪੂਰਨ ਅਸਹਿਮਤ | ਅੰਸ਼ਿਕ ਅਸਹਿਮਤ |
| 121 | 28 | 1 | 0 |





ਸਰਵੇ ਅਨੁਸਾਰ 150 ਵਿਅਕਤੀਆਂ ਦੀ ਰਾਏ ਜਾਨਣ ਤੋਂ ਬਾਅਦ ਪਤਾ ਲੱਗਦਾ ਹੈ ਕਿ 121 ਵਿਅਕਤੀ ਇਸ ਗੱਲ ਨਾਲ ਪੂਰਨ ਸਹਿਮਤ ਹਨ ਕਿ ਅਜੋਕਾ ਸਮਾਂ ਮਸ਼ੀਨਕਰਨ ਦਾ ਹੋਣ ਕਰਕੇ ਲੋਕ ਕਿੱਤੇ

ਅਲੋਪ ਹੋ ਰਹੇ ਹਨ। ਜਿਸ ਦਾ 81 ਪ੍ਰਤੀਸ਼ਤ ਬਣਦਾ ਹੈ। ਅੰਸ਼ਿਕ ਸਹਿਮਤ ਵਾਲੇ 28 ਵਿਅਕਤੀ ਹਨ ਜਿਸ ਦਾ19 ਪ੍ਰਤੀਸ਼ਤ ਬਣਦਾ ਹੈ ਅਤੇ ਪੂਰਨ ਅਸਹਿਮਤ ਵਿਚ 1 ਵਿਅਕਤੀ ਸ਼ਾਮਲ ਹੈ ਜਿਸ ਦਾ 1 ਪ੍ਰਤੀਸ਼ਤ ਬਣਦਾ ਹੈ। ਇਕੱਤਰ ਕੀਤੀ ਡਾਟੇ ਦੀ ਆਧਾਰ ਤੇ ਕਿਹਾ ਜਾ ਸਕਦਾ ਹੈ ਕਿ ਅਜੋਕਾ ਸਮਾਂ ਮਸ਼ੀਨੀਕਰਨ ਦਾ ਹੋਣ ਕਰਕੇ ਲੋਕ ਕਿੱਤੇ ਅਲੋਪ ਹੋ ਰਹੇ ਹਨ।

ਚੌਥੇ ਅਧਿਆਇ ਨਾਲ ਅਗਲਾ ਨੁਕਤਾ ਇਹ ਸਾਂਝਾ ਕੀਤਾ ਗਿਆ ਹੈ ਕਿ ਕੀ ਅਜੋਕੇ ਦੌਰ ਵਿੱਚ ਲੋਕ ਕਿੱਤਾਕਾਰਾਂ ਦੀ ਵੰਡ ਟੁੱਟੀ ਹੈ ? ਇਸ ਨੂੰ ਵੀ ਚਾਰ ਵਰਗਾਂ ਵਿੱਚ ਵੰਡ ਕੇ ਉੱਤਰ ਪ੍ਰਾਪਤ ਕੀਤੇ ਹਨ। ਪਹਿਲੇ ਵਿੱਚ ਪੂਰਨ ਸਹਿਮਤ, ਦੂਸਰੇ ਵਿੱਚ ਅੰਸ਼ਿਕ ਸਹਿਮਤ, ਤੀਸਰੇ ਵਿਚ ਪੂਰਨ ਅਸਹਿਮਤ ਅਤੇ ਚੌਥੇ ਵਿੱਚ ਅੰਸ਼ਿਕ ਅਸਹਿਮਤ ਹਨ।

| **ਕੀ ਅਜੋਕੇ ਦੌਰ ਵਿਚ ਲੋਕ ਕਿੱਤਾਕਾਰਾਂ ਦੀ ਵੰਡ ਟੁੱਟੀ ਹੈ ?** | | | |
|---|---|---|---|
| ਪੂਰਨ ਸਹਿਮਤ | ਅੰਸ਼ਿਕ ਸਹਿਮਤ | ਪੂਰਨ ਅਸਹਿਮਤ | ਅੰਸ਼ਿਕ ਅਸਹਿਮਤ |
| 112 | 37 | 1 | 0 |





ਸਰਵੇ ਵਿਚ 150 ਵਿਅਕਤੀਆਂ ਨਾਲ ਇਹ ਨੁਕਤਾ ਸਾਂਝਾ ਕਰਨ ਤੇ ਪਤਾ ਚੱਲਦਾ ਹੈ ਕਿ 112 ਵਿਅਕਤੀ ਪੂਰਨ ਸਹਿਮਤ ਹਨ ਕਿ ਅਜੋਕੇ ਦੌਰ ਵਿੱਚ ਲੋਕ ਕਿੱਤਾਕਾਰਾਂ ਦੀ ਵੰਡ ਟੁੱਟੀ ਹੈ, ਜਿਸ ਦਾ 75 ਪ੍ਰਤੀਸ਼ਤ ਬਣਦਾ ਹੈ। ਅੰਸ਼ਿਕ ਸਹਿਮਤ ਵਾਲੇ 37 ਵਿਅਕਤੀ ਹਨ ਜਿਸ ਦਾ 25 ਪ੍ਰਤੀਸ਼ਤ ਬਣਦਾ ਹੈ

ਅਤੇ ਪੂਰਨ ਅਸਹਿਮਤ ਵਿਚ 1 ਵਿਅਕਤੀ ਹੈ ਜਿਸ ਦਾ 1 ਪ੍ਰਤੀਸ਼ਤ ਬਣਦਾ ਹੈ। ਸਰਵੇ ਅਨੁਸਾਰ ਇਕੱਤਰ ਕੀਤੇ ਡਾਟੇ ਦੇ ਆਧਾਰ ਤੇ ਕਿਹਾ ਜਾ ਸਕਦਾ ਹੈ ਕਿ ਅਜੋਕੇ ਦੌਰ ਵਿੱਚ ਲੋਕ ਕਿੱਤਾਕਾਰਾਂ ਦੀ ਵੰਡ ਟੁੱਟੀ ਹੈ।

ਚੌਥੇ ਅਧਿਆਏ ਨਾਲ ਸੰਬੰਧਿਤ ਪੰਜਵਾਂ ਪ੍ਰਸ਼ਨ ਇਹ ਸਾਂਝਾ ਕੀਤਾ ਗਿਆ ਹੈ ਕਿ ਕੀ ਅਜੋਕੇ ਦੌਰ ਵਿੱਚ ਕਿੱਤੇ ਪੂੰਜੀ ਅਤੇ ਮੁਨਾਫੇ ਤਕ ਸੀਮਤ ਹਨ ? ਇਸ ਨੂੰ ਵੀ ਚਾਰ ਵਰਗਾਂ ਵਿੱਚ ਵੰਡ ਕੇ ਉੱਤਰ ਪ੍ਰਾਪਤ ਕੀਤੇ ਹਨ। ਪਹਿਲੇ ਵਿੱਚ ਪੂਰਨ ਸਹਿਮਤ, ਦੂਸਰੇ ਵਿੱਚ ਅੰਸ਼ਿਕ ਸਹਿਮਤ, ਤੀਸਰੇ ਵਿਚ ਪੂਰਨ ਅਸਹਿਮਤ ਅਤੇ ਚੌਥੇ ਵਿੱਚ ਅੰਸ਼ਿਕ ਅਸਹਿਮਤ ਹਨ।

| **ਕੀ ਅਜੋਕੇ ਦੌਰ ਦੇ ਕਿੱਤੇ ਪੂੰਜੀ ਅਤੇ ਮੁਨਾਫੇ ਤੱਕ ਸੀਮਤ ਹਨ ?** | | | |
|---|---|---|---|
| ਪੂਰਨ ਸਹਿਮਤ | ਅੰਸ਼ਿਕ ਸਹਿਮਤ | ਪੂਰਨ ਅਸਹਿਮਤ | ਅੰਸ਼ਿਕ ਅਸਹਿਮਤ |
| 91 | 57 | 2 | 0 |




150 ਵਿਅਕਤੀਆਂ ਤੋਂ ਪ੍ਰਾਪਤ ਅੰਕੜਿਆਂ ਵਿੱਚੋਂ 91 ਵਿਅਕਤੀ ਇਸ ਗੱਲ ਨਾਲ ਪੂਰਨ ਸਹਿਮਤ ਹਨ ਕਿ ਅਜੋਕੇ ਦੌਰ ਵਿੱਚ ਕਿੱਤੇ ਪੂੰਜੀ ਅਤੇ ਮੁਨਾਫੇ ਤਕ ਸੀਮਤ ਹਨ, ਜਿਸ ਦਾ 61 ਪ੍ਰਤੀਸ਼ਤ ਬਣਦਾ ਹੈ। ਅੰਸ਼ਿਕ ਸਹਿਮਤ ਵਾਲੇ 57 ਵਿਅਕਤੀ ਹਨ, ਜਿਸ ਦਾ 38 ਪ੍ਰਤੀਸ਼ਤ ਬਣਦਾ ਹੈ ਅਤੇ ਪੂਰਨ ਅਸਹਿਮਤ ਵਾਲੇ 2 ਵਿਅਕਤੀ ਹਨ, ਜਿਸ ਦਾ 1ਪ੍ਰਤੀਸ਼ਤ ਬਣਦਾ ਹੈ। ਖੇਤਰੀ ਕਾਰਜ ਤੋਂ ਪ੍ਰਾਪਤ ਅੰਕੜਿਆਂ ਦੇ ਆਧਾਰ ਤੇ ਕਿਹਾ ਜਾ ਸਕਦਾ ਹੈ ਕਿ ਅਜੋਕੇ ਦੌਰ ਵਿੱਚ ਕਿੱਤੇ ਪੂੰਜੀ ਅਤੇ ਮੁਨਾਫੇ ਤਕ ਸੀਮਤ ਹੋ ਗਏ ਹਨ।

# ਅਧਿਆਇ ਪੰਜਵਾਂ

## ਵਿਸ਼ਵੀਕਰਨ ਦੇ ਦੌਰ ਵਿੱਚ ਪੰਜਾਬ ਦੇ ਤਿੱਥ-ਤਿਉਹਾਰਾਂ ਵਿੱਚ ਹੋਇਆ ਰੁਪਾਂਤਰਨ

ਤਿੱਥ-ਤਿਉਹਾਰ ਕਿਸੇ ਸਮਾਜ ਦੀ ਲੋਕਧਾਰਾ ਦਾ ਅਟੁੱਟ ਹਿੱਸਾ ਹੁੰਦੇ ਹਨ। ਹਰ ਖਿੱਤੇ ਦੇ ਲੋਕਾਂ ਦੇ ਜੀਵਨ ਨਾਲ ਜੁੜੀਆਂ ਸਮਾਜਿਕ, ਆਰਥਿਕ ਲੋੜਾਂ ਅਤੇ ਖੁਸ਼ੀਆਂ ਖੇੜਿਆਂ ਦੀ ਪੂਰਤੀ ਨਾਲ ਤਿਉਹਾਰਾਂ ਦਾ ਗੂੜ੍ਹਾ ਸਬੰਧ ਹੁੰਦਾ ਹੈ। ਖਾਣ, ਪਹਿਨਣ ਤੇ ਮਨੋਰੰਜਨ, ਮੌਜ ਮੇਲੇ ਦਾ ਸੰਬੰਧ ਤਿੱਥ-ਤਿਉਹਾਰਾਂ ਤੇ ਮੇਲਿਆਂ, ਉਤਸਵਾਂ ਨਾਲ ਸਦਾ ਹੀ ਜੁੜਿਆ ਰਿਹਾ ਹੈ। ਇਸੇ ਕਰਕੇ ਕਿਹਾ ਜਾਂਦਾ ਹੈ ਕਿ ਤਿੱਥ ਤਿਉਹਾਰਾਂ ਵਿੱਚ ਬੱਚਿਆਂ, ਬੁੱਢਿਆਂ ਨੂੰ ਨਵੇਂ ਪਦਾਰਥ ਖਾਣ ਦੀ ਤੇ ਨੂੰਹਾਂ, ਧੀਆਂ ਨੂੰ ਨਵੇਂ ਵਸਤਰ, ਗਹਿਣੇ ਆਦਿ ਮਿਲਣ ਦੀ ਆਸ ਪੂਰੀ ਹੋ ਜਾਂਦੀ ਹੈ। ਪੰਜਾਬੀ ਸੱਭਿਆਚਾਰ ਵਿੱਚ ਵੀ ਅਨੇਕਾਂ ਤਿਉਹਾਰ ਮਨਾਏ ਜਾਂਦੇ ਹਨ ਜੋ ਕਿ ਆਪਣੀ ਵੱਖਰੀ ਪਹਿਚਾਣ ਰੱਖਦੇ ਹਨ। ਪੰਜਾਬ ਦੇ ਹਰ ਤਿਉਹਾਰ ਦਾ ਵੱਖਰਾ ਰੂਪ ਹੈ ਜਿਸ ਵਿਚ ਪੰਜਾਬ ਦੀ ਲੋਕਧਾਰਾ ਡੁੱਲ੍ਹ-ਡੁੱਲ੍ਹ ਪੈਂਦੀ ਹੈ। ਪੰਜਾਬ ਦੇ ਤਿਉਹਾਰਾਂ ਬਾਰੇ ਪ੍ਰਸਿੱਧ ਲੋਕਯਾਨੀ ਡਾ. ਵਣਜਾਰਾ ਬੇਦੀ ਦਾ ਪੁਸਤਕ 'ਪੰਜਾਬ ਦੀ ਲੋਕਧਾਰਾ' ਵਿੱਚੋਂ ਵਿਚਾਰ ਹੈ :

> ਤਿਉਹਾਰ ਦਾ ਮੁੱਢ ਮਨੁੱਖ ਦੀ ਸਮੂਹਿਕ ਵਿਕਾਸ ਦੀ ਭਾਵਨਾ ਵਿੱਚ ਬੱਝਿਆ ਹੈ। ਹੌਲੀ-ਹੌਲੀ ਇਹ ਰਾਂਗਲੀਆਂ ਚੂਲਾਂ ਦੁਆਲੇ ਜਾਤੀ ਦਾ ਸਾਰਾ ਸਮਾਜਿਕ, ਧਾਰਮਿਕ ਤੇ ਭਾਈਚਾਰਕ ਜੀਵਨ ਚੱਕੀ ਦੇ ਪੁੜਾਂ ਵਾਂਗ ਘੁੰਮਣ ਲੱਗਾ। ਤਿਉਹਾਰਾਂ ਨਾਲ ਅੰਦਰਲਾ ਮਨ ਖਿੜਦਾ ਤੇ ਮਹਿਕਦਾ ਹੈ ਅਤੇ ਲੋਕਾਂ ਵਿੱਚ ਨਵੀਂ ਸ਼ਕਤੀ ਉੱਭਰਦੀ ਤੇ ਨਵੇਂ ਸੰਕਲਪ ਜਾਗਦੇ ਹਨ। (107)

ਧਰਮ ਦੀ ਤਰ੍ਹਾਂ ਤਿਉਹਾਰਾਂ ਦੇ ਨਿਰਮਾਣ ਵਿੱਚ ਵੀ ਜਾਦੂ ਟੂਣੇ ਦੇ ਸੰਕਲਪ ਦਾ ਬੜਾ ਰੋਲ ਹੈ। ਆਦਮ ਮਨੁੱਖ ਨੇ ਸ੍ਰਿਸ਼ਟੀ ਦੀ ਹਰ ਜੜ੍ਹ ਚੇਤਨਾ ਪਰਾਣ ਆਪਰਾਣ ਵਸਤੂ ਵਿੱਚ ਕਿਸੇ ਆਤਮਾ ਨੂੰ ਮਹਿਸੂਸ ਕੀਤਾ ਸੀ ਅਤੇ ਆਪਣੇ ਕਬੀਲੇ ਦੇ ਇਕੱਠ ਵਿੱਚ ਵਿਸ਼ੇਸ਼ ਵਿਧੀ ਨਾਲ ਕੋਈ ਕਰਮ ਕਾਂਡ ਕਰਕੇ, ਉਸ ਆਤਮ ਸ਼ਕਤੀ ਨੂੰ ਪ੍ਰਭਾਵਤ ਕਰਕੇ, ਮਨ ਇੱਛਤ ਫਲ ਪ੍ਰਾਪਤ ਕਰਨ ਦੀ ਚੇਸ਼ਟਾ ਦਾ ਆਗਾਜ਼ ਹੋਇਆ। ਖਾਸ ਖਾਸ ਮੌਕਿਆਂ ਉੱਤੇ ਸਮੂਹਿਕ ਰੂਪ ਵਿੱਚ ਕੀਤੀਆਂ ਜਾਣ ਵਾਲੀਆਂ ਵਿਸ਼ੇਸ਼ ਵਿਧੀਆਂ ਅਤੇ ਸਮੂਹਿਕ ਕਿਰਿਆਵਾਂ ਨੇ ਸਮੇਂ ਦੇ ਨਾਲ ਜੀਵਨ ਦਾ ਅੰਗ ਬਣ ਗਈਆਂ ਅਤੇ ਇਹ ਤਿਉਹਾਰਾਂ ਦਾ ਰੂਪ ਧਾਰਨ ਕਰ ਗਏ। ਤਿਉਹਾਰਾਂ ਨੂੰ ਮਨਾਉਣ ਪਿੱਛੇ ਸਾਡੀਆਂ ਧਾਰਮਿਕ ਭਾਵਨਾਵਾਂ, ਧਾਰਮਿਕ ਡਰ ਦੇ ਆਪਸੀ ਸਬੰਧ ਕੰਮ ਕਰਦੇ ਹਨ। ਇਹ ਤਿਉਹਾਰ ਪੀੜ੍ਹੀ

ਦਰ ਪੀੜ੍ਹੀ ਸਫਰ ਕਰਦੇ ਅਗਾਂਹ ਤੁਰੇ ਆਉਂਦੇ ਹਨ। ਇੰਨੇ ਲੰਬੇ ਸਫ਼ਰ ਵਿੱਚ ਇਨ੍ਹਾਂ ਦੇ ਮੂਲ ਨੂੰ ਭੁੱਲ ਕੇ, ਇਨ੍ਹਾਂ ਦੇ ਮਨਾਉਣ ਦੇ ਢੰਗ ਤਰੀਕਿਆਂ ਵਿੱਚ ਅਨੇਕਾਂ ਤਬਦੀਲੀਆਂ ਹੋਈਆਂ ਹਨ। 'ਮੇਰਾ ਪਿੰਡ' ਪੁਸਤਕ ਵਿੱਚ ਗਿਆਨੀ ਗੁਰਦਿੱਤ ਸਿੰਘ ਨੇ ਪੰਜਾਬ ਦੇ ਤਿੱਥ ਤਿਉਹਾਰਾਂ ਬਾਰੇ ਵਿਚਾਰ ਸਪੱਸ਼ਟ ਕੀਤਾ ਹੈ:

> ਪੰਜਾਬ ਦੀ ਖ਼ਾਸਕਰ ਮੇਰੇ ਪਿੰਡ ਦੇ ਲੋਕਾਂ ਦੇ ਮਨਾਂ ਵਿਚ ਤਿੱਥ-ਤਿਉਹਾਰਾਂ ਸਮੇਂ ਕਈ ਨਵੇਂ ਉਤਸ਼ਾਹ ਜਾਗਦੇ ਤੇ ਸੁੱਤੀਆਂ ਉਮੰਗਾਂ ਅੰਗੜਾਈਆਂ ਲੈਂਦੀਆਂ ਹਨ। ਅਜਿਹੇ ਉਤਸਵਾਂ ਸਮੇਂ ਚੰਗਾ ਪਹਿਨਣ, ਖਾਣਾ ਮੁੱਢਲਾ ਸ਼ੌਕ ਹੁੰਦਾ ਹੈ। ਪਿੰਡਾਂ ਦੇ ਖਾਣ ਪੀਣ ਦੇ ਬਹੁਤੇ ਸ਼ੌਕ ਸੁਹਾਵੇ ਤਿੱਥਾਂ ਤਿਉਹਾਰਾਂ ਨਾਲ ਮਿੱਲ ਵਰਤੀਏ ਹੋ ਕੇ ਚਲਦੇ ਹਨ। ਬੱਚਿਆਂ ਅਤੇ ਜਵਾਨਾਂ ਲਈ ਸੁਹਾਵਣੇ ਸਮਿਆਂ ਲਈ ਕੱਪੜੇ, ਇਸਤਰੀਆਂ ਲਈ ਸੋਨੇ ਦੇ ਗਹਿਣੇ ਬਣਾਉਣ ਲਈ ਤਿੱਥ ਤਿਉਹਾਰ ਜ਼ਿੰਦਗੀ ਦੇ ਸਫ਼ਰ ਦੇ ਪੜਾਵਾਂ ਦਾ ਕੰਮ ਦਿੰਦੇ ਹਨ।(152)

ਹੱਥਲੇ ਅਧਿਆਏ 'ਵਿਸ਼ਵੀਕਰਨ ਦੇ ਦੌਰ ਵਿੱਚ ਪੰਜਾਬ ਦੇ ਤਿੱਥ ਤਿਉਹਾਰਾਂ ਵਿੱਚ ਹੋਇਆ ਰੁਪਾਂਤਰਨ' ਬਾਰੇ ਚਰਚਾ ਕੀਤੀ ਜਾ ਰਹੀ ਹੈ। ਇਸ ਅਧਿਆਏ ਨੂੰ ਸਮਝਣ ਲਈ ਅਸੀਂ ਇਸ ਨੂੰ ਤਿੰਨ ਭਾਗਾਂ ਵਿਚ ਵੰਡ ਕੇ ਪੇਸ਼ ਕਰਦੇ ਹਾਂ।

**I**

'ਮੇਰਾ ਪਿੰਡ' (ਗਿਆਨੀ ਗੁਰਦਿੱਤ ਸਿੰਘ), 'ਮੇਰਾ ਨਾਨਕਾ ਪਿੰਡ' (ਡਾ.ਵਣਜਾਰਾ ਬੇਦੀ), 'ਪੰਜਾਬ ਦੇ ਲੋਕਗੀਤ' (ਡਾ,ਐੱਮ.ਐੱਸ. ਰੰਧਾਵਾ ) ਪੁਸਤਕਾਂ ਦਾ ਅਧਿਐਨ ਕਰਨ ਤੇ ਵਿਸ਼ਵੀਕਰਨ ਦੇ ਦੌਰ ਤੋਂ ਪਹਿਲੇ ਸਮੇਂ ਦੇ ਤਿੱਥ ਤਿਉਹਾਰਾਂ ਬਾਰੇ ਇਹਨਾਂ ਵਿਚੋਂ ਜਾਣਕਾਰੀ ਮਿਲਦੀ ਹੈ। ਪੁਸਤਕਾਂ ਦਾ ਅਧਿਐਨ ਕੀਤਿਆਂ ਪਤਾ ਚਲਦਾ ਹੈ ਕਿ ਚੰਦਰਮਾ ਦੀਆਂ ਤਿੱਥਾਂ ਅਤੇ ਦੇਸੀ ਮਹੀਨਿਆਂ ਅਨੁਸਾਰ ਤਿਉਹਾਰ ਵਿਸ਼ੇਸ਼ ਤਿੱਥਾਂ ਨਾਲ ਜੁੜੇ ਹੋਏ ਹਨ। ਮੇਰਾ ਪਿੰਡ ਪੁਸਤਕ ਵਿੱਚ ਗਿਆਨੀ ਗੁਰਦਿੱਤ ਸਿੰਘ ਨੇ ਤਿੱਥ ਤਿਉਹਾਰਾਂ ਦੇ ਅਧਿਆਇ ਵਿੱਚ ਇਨ੍ਹਾਂ ਬਾਰੇ ਜਾਣਕਾਰੀ ਦਿੱਤੀ ਹੈ। ਉਸ ਅਨੁਸਾਰ ਉਂਜ ਤਾਂ ਮੇਰੇ ਪਿੰਡ ਵਿਚ ਪੰਚਮੀ, ਦਸਵੀਂ ਇਕਾਦਸ਼ੀ, ਪੁੰਨਿਆ, ਮੱਸਿਆ ਹਰ ਮਹੀਨੇ ਹੀ ਕੋਈ ਨਾ ਕੋਈ ਤਿਉਹਾਰ ਆਉਂਦੇ ਤੇ ਲੰਘਦੇ ਰਹਿੰਦੇ ਹਨ, ਪਰ ਕਈ ਵੱਡੇ

ਤਿਓਹਾਰ ਅਜਿਹੇ ਹਨ, ਜਿਨ੍ਹਾਂ ਨੂੰ ਕਿਸੇ ਤਰ੍ਹਾਂ ਸੁੱਕੇ ਨਹੀਂ ਲੰਘਾਇਆ ਜਾ ਸਕਦਾ। ਅਧਿਐਨ ਕੀਤਿਆਂ ਪਤਾ ਚਲਦਾ ਹੈ ਕਿ ਪੰਜਾਬ ਦੇ ਤਿਉਹਾਰਾਂ ਵਿੱਚ ਸਭ ਤੋਂ ਪਹਿਲਾ ਤਿਉਹਾਰ, ਨਵਾਂ ਸੰਮਤ ਮਨਾਇਆ ਜਾਂਦਾ ਰਿਹਾ ਹੈ। ਇਹ ਤਿਓਹਾਰ ਹਾੜ੍ਹੀ ਦੀਆਂ ਫ਼ਸਲਾਂ ਵਿੱਚ ਦਾਣੇ ਪੈਣ ਤੇ ਪੱਕਣ ਦੀ ਖੁਸ਼ੀ ਵਿਚ ਮਨਾਇਆ ਜਾਂਦਾ ਰਿਹਾ ਹੈ। ਇਸ ਬਾਰੇ 'ਮੇਰਾ ਪਿੰਡ' ਪੁਸਤਕ ਵਿੱਚ ਗਿਆਨੀ ਗੁਰਦਿੱਤ ਸਿੰਘ ਦਾ ਵਿਚਾਰ ਹੈ:

> ਪਿੰਡਾਂ ਦੇ ਲੋਕਾਂ ਦੇ ਦੇਸੀ ਹਿਸਾਬ ਵਾਲਾ ਪੁਰਾਤਨ ਵਰ੍ਹਾ ਚੇਤ ਦੀ ਏਕਮ ਤੋਂ ਆਰੰਭ ਹੁੰਦਾ ਹੈ, ਜਿਸ ਦਿਨ ਪਹਿਲਾ ਤਿਉਹਾਰ ਨਵਾਂ ਸੰਮਤ ਮਨਾਇਆ ਜਾਂਦਾ ਹੈ। ਇਹ ਦਿਨ ਹਾੜ੍ਹੀ ਦੀਆਂ ਫ਼ਸਲਾਂ ਵਿੱਚ ਦਾਣੇ ਪੈਣ ਤੇ ਪੱਕਣ ਦੇ ਹੁੰਦੇ ਹਨ। ਕੁਝ ਚੀਜ਼ਾਂ ਦੇ ਭੁੰਨੇ ਹੋਏ ਦਾਣੇ, ਕੱਚੇ ਭੁੰਨੇ ਫੱਕ ਲੈਂਦੇ ਹਨ। ਕੁਝ ਦਾਲਾਂ ਦਲੀਆਂ ਨਵੇਂ ਅੰਨ ਦਾ ਰਿੰਨ੍ਹ ਲਿਆ ਜਾਂਦਾ ਹੈ।(158)

ਨਵੇਂ ਸੰਮਤ ਵਾਲੇ ਦਿਨ ਲੋਕ ਬਾਹਰੋਂ ਛੋਲਿਆਂ ਦੀਆਂ ਹੋਲਾਂ ਅਤੇ ਕਣਕ ਦੀਆਂ ਬੱਲੀਆਂ ਲਿਅ ਕੇ ਭੁੰਨ ਕੇ ਖਾਂਦੇ ਹਨ। ਕਈ ਇਸ ਦਿਨ ਭੁੰਨੀ ਹੋਈ ਕਣਕ ਦਾ ਮਿੱਠਾ ਦਲੀਆ ਦੁੱਧ ਵਿੱਚ ਪਾ ਕੇ ਵੀ ਖਾਂਦੇ ਹਨ। ਇਸ ਤੋਂ ਪਿੱਛੋਂ ਪੰਜਾਬ ਦੇ ਤਿਉਹਾਰਾਂ ਵਿਚ ਵਿਸਾਖੀ ਦਾ ਪ੍ਰਮੁੱਖ ਤਿਉਹਾਰ ਆਉਂਦਾ ਹੈ। ਵਿਸਾਖੀ ਦਾ ਤਿਉਹਾਰ ਮੌਸਮੀ ਤਿਉਹਾਰ ਹੈ, ਇਸ ਤਿਉਹਾਰ ਨੂੰ ਪੰਜਾਬ ਦੇ ਕੋਨੇ ਕੋਨੇ ਵਿੱਚ ਬੜੀ ਧੂਮਧਾਮ ਨਾਲ ਮਨਾਇਆ ਜਾਂਦਾ ਹੈ, ਮੌਸਮੀ ਤਿਉਹਾਰ ਹੋਣ ਕਰਕੇ ਇਸ ਦਿਨ ਮੌਸਮ ਬਦਲਣ ਸ਼ੁਰੂ ਹੋ ਜਾਂਦਾ ਹੈ, ਸਰਦੀ ਦੀ ਰੁੱਤ ਖਤਮ ਹੋਣ ਨਾਲ ਗਰਮੀ ਦੀ ਰੁੱਤ ਦਾ ਆਗਾਜ਼ ਹੋ ਜਾਂਦਾ ਹੈ। ਫ਼ਸਲਾਂ ਪੱਕਣ ਤੇ ਕਿਸਾਨ ਦੀ ਖੁਸ਼ੀ ਦੀ ਕੋਈ ਹੱਦ ਨਹੀਂ ਰਹਿੰਦੀ, ਉਸ ਦਾ ਮਨ ਲਹਿਰਾਉਂਦੀ ਫਸਲ ਨੂੰ ਵੇਖ ਕੇ ਅਤੇ ਰਾਖੀ ਮੁੱਕ ਜਾਣ ਕਰਕੇ ਨੱਚਣ ਨੂੰ ਕਰਦਾ ਹੈ। ਇਸੇ ਕਰਕੇ ਮੁੰਡੇ ਜਿੱਥੇ, ਨੇੜੇ ਮੇਲਾ ਹੋਵੇ ਤਾਂ ਉੱਥੇ ਜਾਂ ਫਿਰ ਰਾਤ ਨੂੰ ਪਿੰਡ ਵਾਰ ਜਾ ਕੇ ਭੰਗੜਾ ਤੇ ਗਿੱਧਾ ਪਾਉਂਦੇ ਹਨ। ਕੁੜੀਆਂ ਪਿੰਡ ਦੀ ਜੂਹ ਵਿੱਚੋਂ ਦੀ ਲੰਘਦੇ ਸੂਏ ਦੇ ਕੱਸੀ ਦੇ ਖਾਲ ਉੱਤੇ, ਜੇ ਨਹਾਉਣ ਨਾ ਜਾ ਸਕਣ ਤਾਂ ਹੱਥ ਮੂੰਹ ਹੀ ਧੋ ਕੇ ਆਉਂਦੀਆਂ ਹਨ। ਆਉਣ ਜਾਣ ਵੇਲੇ ਗੀਤਾਂ ਦੀਆਂ ਸੁਰਾਂ ਤੇ ਅੱਡੀ ਟੱਪੇ ਰਾਹੀਂ ਆਪਣੇ ਮਨ ਦੇ ਗੱਚ ਕੱਢ ਆਉਂਦੀਆਂ ਹਨ। 'ਮੇਰਾ ਪਿੰਡ' ਪੁਸਤਕ ਵਿੱਚੋਂ ਗਿਆਨੀ ਗੁਰਦਿੱਤ ਸਿੰਘ ਦਾ ਵਿਚਾਰ ਹੈ:

> ਵਿਸਾਖੀ ਬਸੰਤ ਰੁੱਤ ਦੀ ਸਿਖ਼ਰ ਹੁੰਦੀ ਹੈ। ਜਦੋਂ ਹਰ ਸ਼ਾਖ ਨਵਾਂ ਵੇਸ ਕਰਦੀ ਹੈ, ਸੁੱਕੀਆਂ ਝਾੜੀਆਂ ਮੁੜ ਲੰਗਰਾਂ ਛੱਡਦੀਆਂ ਹਨ। ਨਵੇਂ ਨਵੇਂ ਕੂਲੇ ਪੱਤੇ ਸ਼ੇਸ਼ਨਾਗ ਦੀਆਂ ਜੀਭਾਂ ਵਾਂਗ ਕਾਦਰ ਦੀ ਕੁਦਰਤ ਦੇ ਗੁਣ ਗਾਉਣ ਲਈ ਰੁੰਡ ਮੁੰਡਾ ਉੱਤੇ ਵੀ ਨਿੱਤ ਨਵੇਂ ਰੂਪ ਪ੍ਰਗਟ ਕਰਦੇ ਹਨ। ਕੁਦਰਤੀ ਖੇੜੇ ਦੇ ਮਨਮੋਹਣੇ ਦ੍ਰਿਸ਼ ਇਨ੍ਹਾਂ ਦਿਨਾਂ ਵਿੱਚ ਹੀ ਦੇਖੇ ਤੇ ਮਾਣੇ ਜਾ ਸਕਦੇ ਹਨ। (159)

ਪੰਜਾਬ ਦੇ ਤਿਉਹਾਰਾਂ ਵਿੱਚ ਨਿਮਾਣੀ ਕਾਰਸੀ ਵੀ ਇੱਕ ਵਿਸ਼ੇਸ਼ ਤਿਉਹਾਰ ਹੈ। ਦੇਸੀ ਮਹੀਨਿਆਂ ਦੇ ਹਿਸਾਬ ਨਾਲ ਵੈਸਾਖ ਮਹੀਨੇ ਵਿਸਾਖੀ ਤੋਂ ਬਾਅਦ ਜੇਠ ਮਹੀਨੇ ਵਿੱਚ ਨਿਮਾਣੀ ਕਾਰਸੀ ਦਾ ਤਿਉਹਾਰ ਲਗਭਗ ਸਾਰੇ ਪੰਜਾਬ ਵਿੱਚ ਮਨਾਇਆ ਜਾਂਦਾ ਰਿਹਾ ਹੈ। ਜੇਠ ਮਹੀਨੇ ਵਿਚ ਲੂਆਂ ਦਾ ਜ਼ੋਰ ਹੁੰਦਾ ਹੈ, ਗਰਮੀ ਵਧਦੀ ਹੈ, ਪਾਣੀ ਦੀ ਲੋੜ ਵਧਣ ਲੱਗਦੀ ਹੈ। ਇਸ ਲੋੜ ਨੂੰ ਧਿਆਨ ਵਿੱਚ ਰੱਖਦਿਆਂ ਪਿੰਡਾਂ ਦੇ ਲੋਕ ਸਾਂਝੇ ਰੂਪ ਵਿਚ ਇਸ ਤਿਓਹਾਰ ਨੂੰ ਮਨਾਉਣ ਦਾ ਉਪਰਾਲਾ ਕਰਦੇ ਹਨ। ਜੇਠ ਮਹੀਨੇ ਵਿੱਚ ਪਿੰਡਾਂ ਦੇ ਲੋਕ ਸ਼ੱਕਰ ਜਾਂ ਖੰਡ ਆਦਿ ਇਕੱਠੀ ਕਰ ਲੈਂਦੇ ਹਨ ਤੇ ਬੜੀ ਸ਼ਰਧਾ ਭਾਵਨਾ ਨਾਲ ਛਬੀਲਾਂ ਲਾਉਂਦੇ ਹਨ ਅਤੇ ਇਹਨਾਂ ਦਿਨਾਂ ਵਿੱਚ ਖਰਬੂਜ਼ੇ ਵੀ ਖਾਧੇ ਜਾਂਦੇ ਹਨ। ਇਸ ਬਾਰੇ 'ਮੇਰਾ ਪਿੰਡ' ਪੁਸਤਕ ਵਿੱਚੋਂ ਗਿਆਨੀ ਗੁਰਦਿੱਤ ਸਿੰਘ ਦਾ ਵਿਚਾਰ ਹੈ:

> ਵਿਸਾਖੀ ਪਿੱਛੋਂ ਨਿਰਜਲਾ ਇਕਾਦਸ਼ੀ ਦਾ ਇੱਕ ਹੋਰ ਵੱਡਾ ਤਿਉਹਾਰ ਹੁੰਦਾ ਹੈ। ਇਸ ਦਿਨ ਰੱਜਵੇਂ ਖ਼ਰਬੂਜ਼ੇ ਖਾਧੇ ਜਾਂਦੇ ਤੇ ਸ਼ਰਬਤ ਪੀਤਾ ਜਾਂਦਾ ਹੈ। ਬਹੁਤਾ ਜ਼ੋਰ ਰਾਹ ਜਾਂਦੇ ਬੰਦਿਆਂ ਨੂੰ ਜਲ ਛਕਾਉਣ ਦਾ ਕੀਤਾ ਜਾਂਦਾ ਹੈ, ਤਾਂ ਕਿ ਕੋਈ ਨਿਰਜਲ ਜਾਂ ਪਿਆਸਾ ਨਾ ਰਹਿ ਜਾਵੇ। ਚੌਂਕਾਂ ਉਤੇ ਮੋੜਾਂ ਉੱਤੇ ਥਾਂ-ਥਾਂ ਮਿੱਠੇ ਜਲ ਦੇ ਪਿਆਓ, ਦੁੱਧ ਦੀਆਂ ਲੱਸੀਆਂ ਪਿਆਈਆਂ ਜਾਂਦੀਆਂ ਹਨ। ਗਰਮੀ ਰੁੱਤ ਤੇ ਵੱਡੇ ਦਿਨ ਹੋਣ ਦਾ ਇਹ ਸਿਖਰਲਾ ਦਿਹਾੜਾ ਹੁੰਦਾ ਹੈ।(159)

ਜੇਠ ਹਾੜ੍ਹ ਦੀਆਂ ਕੜਾਕੇ ਦੀਆਂ ਧੁੱਪਾਂ ਅਤੇ ਲੂੰਆਂ ਤੋਂ ਬਾਅਦ ਸਾਉਣ ਮਹੀਨੇ ਵਿੱਚ ਜਦੋਂ ਬੱਦਲ ਵੱਸਦੇ ਹਨ, ਤਾਂ ਮੌਸਮ ਕਰਵਟ ਲੈਂਦਾ ਹੈ। ਇਸੇ ਮਹੀਨੇ ਵਿੱਚ ਹੀ ਕੁੜੀਆਂ ਦਾ ਤਿਉਹਾਰ ਤੀਆਂ ਮਨਾਇਆ ਜਾਂਦਾ ਹੈ। ਇਸੇ ਮਹੀਨੇ ਤੀਆਂ ਦੇ ਮੇਲੇ ਲੱਗਦੇ ਹਨ। ਨਵੀਂਆਂ ਵਿਆਹੀਆਂ ਵਰ੍ਹੀਆਂ ਕੁੜੀਆਂ ਇਸ ਤਿਉਹਾਰ ਦੀ ਉਡੀਕ

ਖਾਸ ਉਤਸੁਕਤਾ ਨਾਲ ਕਰਦੀਆਂ ਹਨ। ਉਨ੍ਹਾਂ ਲਈ ਸਹੁਰੇ ਘਰਾਂ ਦੀਆਂ ਬੰਦਿਸ਼ਾਂ ਤੋਂ ਮੁਕਤ ਹੋ ਕੇ ਪੇਕੇ ਘਰ ਵਿੱਚ ਖੁੱਲ੍ਹਣ ਵਾਲੇ ਮਾਹੌਲ ਦਾ ਆਨੰਦ ਮਾਣਨ ਵਾਲਾ ਸਮਾਂ ਸਬੱਬੀ ਹੀ ਆਉਂਦਾ ਹੈ। ਜੇਕਰ ਕਿਸੇ ਕਾਰਨ ਵੱਸ ਨਵ ਵਿਆਹੁਤਾ ਪੇਕੇ ਘਰ ਨਾ ਆ ਸਕੇ, ਤਾਂ ਉਸ ਨੂੰ ਸਹੁਰੇ ਘਰ ਵਿੱਚ ਹੀ ਉਸ ਦੇ ਵੀਰ ਸੰਧਾਰਾ ਲੈ ਕੇ ਜਾਂਦੇ ਹਨ। ਵੀਰ ਦੇ ਘਰ ਪਹੁੰਚਣ ਤੇ ਭੈਣ ਨੂੰ ਚਾਅ ਚੜ੍ਹ ਜਾਂਦਾ ਹੈ। ਤੀਆਂ ਵਿੱਚ ਪਹੁੰਚ ਕੇ ਕੁੜੀਆਂ ਨੂੰ ਚਾਅ ਚੜ੍ਹ ਜਾਂਦਾ ਹੈ ਅਤੇ ਉਹ ਖਰਮਸਤੀਆਂ ਕਰਦੀਆਂ ਹਨ। ਗਿੱਧਾ ਪਾਇਆ ਜਾਂਦਾ ਹੈ ਅਤੇ ਇਸ ਗਿੱਧੇ ਦੀਆਂ ਬੋਲੀਆਂ ਵਿਚ ਦਿੱਲੀ ਭਾਵਾਂ ਦੇ ਗੁੱਝੇ ਭੇਦਾਂ ਨੂੰ ਕੱਢਿਆ ਜਾਂਦਾ ਹੈ ਅਤੇ ਘਰੋਗੀ ਹਾਲਾਤਾਂ ਨੂੰ ਵੀ ਬਿਆਨ ਕੀਤਾ ਜਾਂਦਾ ਹੈ। 'ਮੇਰਾ ਪਿੰਡ' ਪੁਸਤਕ ਵਿੱਚ 'ਤੀਆਂ ਦਾ ਗਿੱਧਾ' ਪਾਠ ਵਿਚ ਗਿਆਨੀ ਗੁਰਦਿੱਤ ਸਿੰਘ ਨੇ ਇਸ ਬਾਰੇ ਵਿਚਾਰ ਸਪਸ਼ਟ ਕੀਤੇ ਹਨ:

> ਪਿੜ ਵਿੱਚ ਗਿੱਧੇ ਦਾ ਮੰਗਲਾਚਰਣ ਆਪਣੀਆਂ ਸਹੇਲੀਆਂ ਜਾਂ ਪਿੰਡ ਦੀਆਂ ਕੁੜੀਆਂ ਦੀ ਸ਼ੋਭਾ ਸੱਸ ਦੀ ਬਦਖੋਹੀ, ਦਿਲ ਲੱਗੀਆਂ ਦੀਆਂ ਰਮਜ਼ਾਂ ਭਰੇ ਗੀਤ, ਖਾਸ ਮਜ਼ਬੂਨ ਹੁੰਦੇ ਹਨ। ਜਿਨ੍ਹਾਂ ਵਿਚ ਪੰਜਾਬ ਦੀ ਇਸਤਰੀ ਦੇ ਦੱਬੇ ਘੁੱਟੇ ਗੁੱਸੇ ਗਿਲੇ, ਵੇਦਨਾ, ਖੁਸ਼ੀਆਂ, ਵਿਅੰਗ ਅਤੇ ਦੁੱਖ-ਸੁੱਖ ਘੁਲ ਮਿਲ ਕੇ ਝਲਕ ਰਹੇ ਹਨ। ਗਿੱਧੇ ਦੇ ਆਰੰਭਕ ਮੰਗਲਾਚਰਨ ਵਾਲੇ ਗੀਤ ਵਿੱਚ ਸਾਉਣ ਦੇ ਮਹੀਨੇ ਅਤੇ ਗਿੱਧੇ ਦਾ ਜ਼ਿਕਰ ਜ਼ਕਾਰ ਸਭ ਤੋਂ ਪਹਿਲਾਂ ਕਰਨਾ ਹੁੰਦਾ ਹੈ।
>
> ਸ਼ੌਕ ਨਾਲ ਗਿੱਧੇ ਵਿੱਚ ਆਵਾਂ ਬੋਲੀ ਪਾਵਾਂ ਸ਼ਗਨ ਮਨਾਵਾਂ।
>
> ਸਾਉਣ ਦਿਆ ਬੱਦਲਾ ਵੇ ਮੈਂ ਤੇਰਾ ਜਸ ਗਾਵਾਂ ।
>
> ਸਾਉਣ ਮਹੀਨੇ ਘਾਹ ਹੋ ਚੱਲਿਆ ਰੱਜਣ ਮੱਝੀਆਂ ਗਾਈਂ।
>
> ਗਿੱਧਿਆ ਪਿੰਡ ਵੜ੍ਹ ਵੇ ਲਾਭ ਚਾਂਭ ਨਾ ਜਾਈਂ । (227)

ਤੀਆਂ ਦਾ ਤਿਉਹਾਰ ਚੋਹਲ ਮੋਹਲ ਭਰਿਆ ਹੋਣ ਕਰਕੇ ਇਸ ਵਿੱਚ ਕੁੜੀਆਂ ਤੋਂ ਇਲਾਵਾ ਅੱਧਖੜ ਔਰਤਾਂ, ਬਜ਼ੁਰਗ ਔਰਤਾਂ ਅਤੇ ਬੱਚਿਆਂ ਦੀ ਆਮਦ ਵੀ ਜ਼ਰੂਰ ਹੁੰਦੀ। ਮਹਿੰਦੀ ਵਾਲੇ ਦਿਨ ਮਹਿੰਦੀ ਦੇ ਪੱਤਿਆਂ

ਨੂੰ ਤੋੜ ਕੇ ਚੰਗੀ ਤਰ੍ਹਾਂ ਰਗੜ ਲਿਆ ਜਾਂਦਾ ਤੇ ਉਸ ਨੂੰ ਭਿਓਂ ਕੇ ਰੱਖਿਆ ਜਾਂਦਾ ਸੀ। ਤਿਆਰ ਕੀਤੀ ਹੋਈ ਮਹਿੰਦੀ ਸਾਰਿਆਂ ਦੇ ਹੱਥਾਂ ਨੂੰ ਲਾਈ ਜਾਂਦੀ, ਬਜ਼ੁਰਗ ਔਰਤਾਂ ਵੀ ਹਥੇਲੀ ਤੇ ਮੋਟਾ ਜਿਹਾ ਚਟਾਕ ਜ਼ਰੂਰ ਬਣਾ ਲੈਂਦੀਆਂ ਤੇ ਬੱਚਿਆਂ ਦੇ ਹੱਥਾਂ ਤੇ ਕੁਝ ਨਾ ਕੁਝ ਜ਼ਰੂਰ ਵਾਹ ਦਿੱਤਾ ਜਾਂਦਾ। ਤੀਆਂ ਦੇ ਤਿਉਹਾਰ ਦਾ ਹਰ ਦਿਨ ਬੜੀਆਂ ਹੀ ਖੁਸ਼ੀਆਂ ਭਰਿਆ ਹੁੰਦਾ, ਹਰ ਦਿਨ ਦਾ ਸਵਾਗਤ ਖਿੜੇ ਮੱਥੇ ਕੀਤਾ ਜਾਂਦਾ। ਮੋਹਤਬਰ ਕੁੜੀਆਂ ਨੇ ਇਨ੍ਹਾਂ ਦਿਨਾਂ ਦੀ ਵੰਡ ਬੜੇ ਹੀ ਵਿਸ਼ੇਸ਼ ਢੰਗ ਨਾਲ ਕੀਤੀ ਹੁੰਦੀ। ਇਸ ਬਾਰੇ 'ਮੇਰਾ ਪਿੰਡ' ਪੁਸਤਕ ਵਿੱਚ ਗਿਆਨੀ ਗੁਰਦਿੱਤ ਸਿੰਘ ਦਾ ਵਿਚਾਰ ਅੰਕਿਤ ਹੈ:

> ਅੱਜ ਮਹਿੰਦੀ, ਕੱਲ੍ਹ ਤੀਆਂ, ਪਰਸੋਂ ਕੋਈ ਪਰਾਹੁਣੇ ਧਰਾਉਣੇ ਦੀ ਆਮਦ, ਤੀਆਂ ਦੀ ਵਿਦਾਈ ਤੱਕ ਦੂਜੇ ਤੀਜੇ ਦਿਨ ਹਰ ਘਰ ਕੜਾਹੀ ਚੜ੍ਹੀ ਹੀ ਰਹਿੰਦੀ ਹੈ। ਕਦੇ ਮਾਲ੍ਹ ਪੂੜੇ ਤੇ ਕਦੇ ਗੁਲਗਲੇ ਅਤੇ ਮੱਠੀਆਂ, ਸੇਵੀਆਂ, ਮਿੱਠਾ ਦਲੀਆ, ਖੀਰ ਕੜਾਹ, ਵਾਰੋ ਵਾਰੀ ਖਾਣ ਪੀਣ ਦੇ ਸੁਆਦ ਪੂਰੇ ਕੀਤੇ ਜਾਂਦੇ ਹਨ। (159)

ਤੀਆਂ ਦੇ ਦਿਨਾਂ ਵਿੱਚ ਮੁਟਿਆਰਾਂ ਨੂੰ ਸੱਜਣ ਫੱਬਣ ਦੇ ਨਾਲ ਚੂੜੀਆਂ ਵੰਗਾਂ ਪਾਉਣ ਦਾ ਵੀ ਚਾਅ ਹੁੰਦਾ ਹੈ। ਵੰਗਾਂ ਚੜ੍ਹਾਉਣ ਵਾਲੇ ਵਣਜਾਰੇ ਜਿੱਥੇ ਤੀਆਂ ਲੱਗੀਆਂ ਹੁੰਦੀਆਂ, ਉੱਥੇ ਪਹੁੰਚ ਜਾਂਦੇ। ਕੁੜੀਆਂ ਵੱਲੋਂ ਇਕ ਦੂਜੀ ਤੋਂ ਵੱਧ ਕੇ ਵੰਗਾਂ ਪੁਆਈਆਂ ਜਾਂਦੀਆਂ। ਵੰਗਾਂ ਚੜ੍ਹਾਉਣ ਬਾਰੇ 'ਮੇਰਾ ਪਿੰਡ' ਪੁਸਤਕ ਵਿਚ ਦਰਜ ਪਾਠ 'ਤੀਆਂ' ਵਿਚੋਂ ਗਿਆਨੀ ਗੁਰਦਿੱਤ ਸਿੰਘ ਦਾ ਵਿਚਾਰ ਹੈ:

> ਤੀਆਂ ਦੇ ਦਿਨਾਂ ਵਿੱਚ ਵੰਗਾਂ ਚੜ੍ਹਾਉਣੀਆਂ, ਤੀਆਂ ਦੀ ਤਿਆਰੀ ਅਤੇ ਹਾਰ ਸ਼ਿੰਗਾਰ ਦੀ ਆਰੰਭਕ ਰਸਮ ਮੰਨੀ ਜਾਂਦੀ ਹੈ। ਜਦੋਂ ਵੰਗਾਂ ਚੜ੍ਹਾਉਣ ਵਾਲੇ ਦੀ ਹਾਕ ਦੀ ਆਵਾਜ਼ ਸੁਣਦੀ ਹੈ, ਵੰਗਾਂ ਚੜ੍ਹਾ ਲਓ ਵੰਗਾਂ, ਕਾਲੀਆਂ ਪੀਲੀਆਂ ਵੰਗਾਂ, ਹਰੀਆਂ ਵੰਗਾਂ ਚੜ੍ਹਾ ਲਓ, ਸੂਈਆਂ ਵੰਗਾਂ, ਰਬੜ ਦੀਆਂ ਵੰਗਾਂ, ਬਲੌਰੀ ਵੰਗਾਂ, ਤਾਂ ਕੁੜੀਆਂ ਦੇ ਝੁਰਮਟ ਚੂੜੀਆਂ ਵਾਲੇ ਦੇ ਉਧਾਲੇ ਜੁੜ ਜਾਂਦੇ ਹਨ। (220)

ਮੇਰਾ ਪਿੰਡ ਪੁਸਤਕ ਦਾ ਅਧਿਐਨ ਕੀਤਿਆਂ ਪਤਾ ਚਲਦਾ ਹੈ ਕਿ ਸਾਉਣ ਮਹੀਨੇ ਦੀ ਪੂਰਨਮਾਸ਼ੀ ਨੂੰ ਰੱਖੜੀ ਦਾ ਤਿਉਹਾਰ ਆਉਂਦਾ ਹੈ। ਰੱਖੜੀ ਭੈਣ ਭਰਾ ਦੇ ਪਵਿੱਤਰ ਰਿਸ਼ਤੇ ਦਾ ਤਿਉਹਾਰ ਹੈ। ਇਸ ਤਿਉਹਾਰ ਵਾਲੇ ਦਿਨ ਕੁੜੀਆਂ ਆਪਣੇ ਭਰਾਵਾਂ ਦੇ ਗੁੱਟਾਂ ਤੇ ਰੱਖੜੀ ਦਾ ਧਾਗਾ ਬੰਨ੍ਹ ਕੇ, ਉਨ੍ਹਾਂ ਨੂੰ ਆਪਣੇ ਫ਼ਰਜ਼ਾਂ ਦਾ ਅਹਿਸਾਸ ਕਰਵਾਉਂਦੀਆਂ ਹਨ। ਭਰਾ ਦਾ ਪ੍ਰਣ ਹੁੰਦਾ ਹੈ ਕਿ ਉਹ ਆਪਣੀ ਭੈਣ ਦੀ ਰੱਖਿਆ ਹਰ ਕੀਮਤ ਤੇ ਕਰੇਗਾ। ਇਸ ਬਾਰੇ ਗਿਆਨੀ ਗੁਰਦਿੱਤ ਸਿੰਘ ਦਾ ਵਿਚਾਰ ਹੈ:

> ਸਾਉਣ ਦੀ ਪੂਰਨਮਾਸ਼ੀ ਨੂੰ ਮੁੰਡਿਆਂ ਦੇ ਗੁੱਟਾਂ ਉੱਤੇ ਗਾਨੇ ਜਾਂ ਪਹੁੰਚੀਆਂ ਰੱਖੜੀਆਂ ਬੰਨ੍ਹੀਆਂ ਜਾਂਦੀਆਂ ਹਨ। ਮੇਰੇ ਪਿੰਡ ਦੇ ਕੁੜੀਆਂ ਮੁੰਡੇ ਤਾਂ ਇਸ ਤਿਉਹਾਰ ਬਾਰੇ ਐਨਾ ਕੁ ਹੀ ਜਾਣਦੇ ਹਨ ਕਿ ਇਸ ਦਿਨ ਭੈਣਾਂ ਵੱਲੋਂ ਵੀਰਾਂ ਦੀ ਖੱਭਣੀ ਦੀ ਪਹੁੰਚੀ ਬੰਨ੍ਹਣੀ ਚੰਗੇ ਸ਼ਗਨਾਂ ਵਾਲਾ ਤਿਉਹਾਰ ਹੈ। ਇਹ ਵੀ ਕਿ ਇਸ ਦਿਨ ਭਰਾਵਾਂ ਦਾ ਭੈਣਾਂ ਨੂੰ ਕੁਝ ਦੇਣਾ ਬਣਦਾ ਹੈ। ਭਰਾ ਭੈਣਾਂ ਨੂੰ ਇਕ ਇਕ ਚਾਂਦੀ ਦਾ ਰੁਪਈਆ ਦਿੰਦੇ ਹਨ। ਪੁਰਾਣੇ ਤੇ ਸਿਆਣੇ ਲੋਕ ਆਖਦੇ ਹਨ ਕਿ ਜਦੋਂ ਗੱਲ ਗੱਲ ਉੱਤੇ ਲੜਾਈਆਂ ਹੁੰਦੀਆਂ ਸਨ, ਹਮਲਾਵਰਾਂ ਨੂੰ ਠੱਲ੍ਹਣ ਲਈ ਭੈਣਾਂ ਭਰਾਵਾਂ ਦੇ ਹੱਥਾਂ ਨੂੰ ਗਾਨੇ ਬੰਨ੍ਹ ਦਿੰਦੀਆਂ ਸੀ, ਕਿ ਜਾਓ ਤੇ ਰਣ ਮੈਦਾਨ ਵਿੱਚ ਬੀਰਤਾ ਨਾਲ ਲੜੋ ਸਾਡੀ ਤੇ ਆਪਣੀ ਜਾਤੀ ਦੀ, ਪੱਤ ਦੀ ਰੱਖਿਆ ਕਰੋ। (160)

ਪੰਜਾਬ ਦੇ ਹੋਰਨਾਂ ਤਿਉਹਾਰਾਂ ਵਾਂਗ ਰੱਖੜੀ ਨੂੰ ਵੀ ਬੜੇ ਅਦਬ ਅਤੇ ਚਾਵਾਂ ਨਾਲ ਮਨਾਇਆ ਜਾਂਦਾ ਹੈ। ਇਹ ਤਿਉਹਾਰ ਸਾਉਣ ਮਹੀਨੇ ਦੇ ਆਖ਼ਰੀ ਮੱਧ ਵਿੱਚ ਪੂਰਨਮਾਸ਼ੀ ਨੂੰ ਆਉਂਦਾ ਹੈ, ਇਸ ਤਿਉਹਾਰ ਨੂੰ ਰੱਖੜ ਪੁੰਨਿਆ ਵੀ ਕਿਹਾ ਜਾਂਦਾ ਹੈ। ਪੰਜਾਬ ਵਿੱਚ ਕਈ ਥਾਈਂ ਇਸ ਦਿਨ ਮੇਲੇ ਵੀ ਲੱਗਦੇ ਹਨ, ਜਿਵੇਂ ਕਿ ਬਾਬਾ ਬਕਾਲਾ ਵਿਖੇ ਇਸ ਦਿਨ ਕਾਫੀ ਭਰਵਾਂ ਮੇਲਾ ਲੱਗਦਾ ਹੈ। ਰੱਖੜੀ ਭੈਣ ਭਰਾ ਦੇ ਅਟੁੱਟ ਬੰਧਨ ਦਾ ਪ੍ਰਤੀਕ ਹੋਣ ਕਰ ਕੇ ਭੈਣਾਂ ਬੜੀ ਹੀ ਬੇਸਬਰੀ ਨਾਲ ਇਸ ਤਿਉਹਾਰ ਨੂੰ ਉਡੀਕਦੀਆਂ ਹਨ। ਇਸ ਤਿਉਹਾਰ ਤੋਂ ਕਈ ਦਿਨ ਪਹਿਲਾਂ ਰੰਗ ਬਿਰੰਗੇ ਧਾਗੇ ਲੈ ਕੇ, ਉਨ੍ਹਾਂ ਵਿੱਚ ਮੋਤੀ ਪਰੋ ਕੇ ਵਿਚਕਾਰ ਰੂੰ ਦੇ ਫੇਹ ਪਾ ਕੇ ਰੱਖੜੀਆਂ ਤਿਆਰ ਕਰ ਲੈਂਦੀਆਂ ਹਨ ।

ਅਧਿਐਨ ਅਧੀਨ ਪੁਸਤਕਾਂ ਦਾ ਅਧਿਐਨ ਕਰਨ ਤੇ ਪਤਾ ਚੱਲਦਾ ਹੈ ਕਿ ਪੁਰਾਤਨ ਸਮੇਂ ਤੋਂ ਭਾਦੋਂ ਮਹੀਨੇ ਵਿਚ ਸਰਪ ਪੂਜਾ ਨਾਲ ਜੁੜਿਆ ਇਕ ਪ੍ਰਸਿੱਧ ਤਿਉਹਾਰ ਮਨਾਇਆ ਜਾਂਦਾ ਹੈ, ਜਿਸ ਨੂੰ ਗੁੱਗਾ ਨੌਮੀ ਦਾ ਤਿਉਹਾਰ ਕਿਹਾ ਜਾਂਦਾ ਹੈ। ਗੁੱਗਾ ਨੌਮੀ ਦੇ ਤਿਉਹਾਰ ਨਾਲ ਅਨੇਕਾਂ ਹੀ ਕਥਾਵਾਂ ਜੁੜੀਆਂ ਹੋਈਆਂ ਹਨ, ਇਸ ਕਰਕੇ ਹਰੇਕ ਜਾਤੀ ਵਰਗ ਦੇ ਲੋਕ ਇਸ ਤਿਉਹਾਰ ਨੂੰ ਮਨਾਉਂਦੇ ਹਨ। ਗੁੱਗੇ ਦੇ ਭਗਤ ਗੁੱਗੇ ਦੀ ਪ੍ਰਸੰਨਤਾ ਲਈ ਸੱਪਾਂ ਦੀਆਂ ਖੁੱਡਾਂ ਵਿੱਚ ਕੱਚੀ ਲੱਸੀ ਪਾਉਂਦੇ ਹਨ, ਘਰਾਂ ਵਿੱਚ ਸੇਵੀਆਂ ਬਣਾਈਆਂ ਜਾਂਦੀਆਂ ਹਨ। ਅਧਿਐਨ ਕੀਤਿਆਂ ਪਤਾ ਚਲਦਾ ਹੈ ਕਿ ਗੁੱਗਾ ਰਾਜਸਥਾਨ ਦਾ ਚੌਹਾਨ ਯੋਧਾ ਸੀ। ਗੁੱਗੇ ਨੇ ਲੜਾਈ ਵਿਚ ਆਪਣੀ ਮਾਸੀ ਦੇ ਪੁੱਤਰ ਮਾਰ ਦਿੱਤੇ, ਜਿਨ੍ਹਾਂ ਨੇ ਗੁੱਗੇ ਦੀ ਮੰਗ ਨੂੰ ਜਬਰੀ ਵਿਆਹ ਲਿਆ ਸੀ। ਗੁੱਗੇ ਵੱਲੋਂ ਮਾਸੀ ਦੇ ਪੁੱਤਰ ਮਾਰਨ ਤੇ ਉਸ ਦੀ ਮਾਂ, ਆਪਣੀ ਭੈਣ ਦੇ ਪੁੱਤਰਾਂ ਦੇ ਮਾਰੇ ਜਾਣ ਤੇ ਗੁੱਸੇ ਹੋ ਗਈ। ਗੁੱਗੇ ਨੇ ਗੁੱਸੇ ਵਿੱਚ ਆ ਕੇ ਧਰਤੀ ਵਿੱਚ ਸਮਾਧੀ ਲੈ ਲਈ। ਇਸ ਲਈ ਗੁੱਗੇ ਨੂੰ ਧਰਤੀ ਅੰਦਰ ਰਹਿਣ ਵਾਲੇ ਜੀਵਾਂ ਦਾ ਰਾਜਾ ਮੰਨਿਆ ਜਾਂਦਾ ਹੈ । ਪੰਜਾਬੀ ਲੋਕਧਾਰਾਈ ਵਰਤਾਰੇ ਵਿੱਚ ਇਸ ਤਿਉਹਾਰ ਦੀ ਬੜੀ ਹੀ ਅਹਿਮੀਅਤ ਹੈ। ਘਰ ਵਿੱਚ ਸਵਾਣੀਆਂ ਹੋਰ ਕੰਮਾਂ ਤੋਂ ਵਿਹਲੀਆਂ ਹੋ ਕੇ ਸੇਵੀਆਂ ਵੱਟਣ ਦਾ ਕੰਮ ਕਰਦੀਆਂ ਹਨ। 'ਮੇਰਾ ਪਿੰਡ' ਪੁਸਤਕ ਵਿੱਚ ਗਿਆਨੀ ਗੁਰਦਿੱਤ ਸਿੰਘ ਦਾ ਇਸ ਬਾਰੇ ਵਿਚਾਰ ਹੈ:

> ਗੁੱਗਾ ਨੌਵੀਂ ਵਾਲੇ ਦਿਨ ਸੇਵੀਆਂ ਜ਼ਰੂਰ ਰਿੰਨ੍ਹੀਆਂ ਜਾਂਦੀਆਂ ਹਨ। ਇਹ ਸੇਵੀਆਂ ਕਈ ਘਰਾਂ ਵਿੱਚ ਪਹਿਲਾਂ ਹੱਥਾਂ ਨਾਲ ਤੇ ਹੁਣ ਮਸ਼ੀਨਾਂ ਨਾਲ ਵੀ ਇਕ ਜਿਹੇ ਨਾਲ ਪੇਚ ਦਾ ਦਬਾਅ ਪਾ ਕੇ, ਗੁੰਨਿਆ ਆਟਾ ਹੇਠਾਂ ਗਲੀਆਂ ਵਿੱਚੋਂ ਤਾਰਾਂ ਬਣਾ ਕੇ ਕੱਢਿਆ ਜਾਂਦਾ ਹੈ। ਉਸ ਲਟਕਦੇ ਗੁੱਛੇ ਨੂੰ ਜੁਗਤੀ ਨਾਲ ਤੋੜ ਕੇ, ਢੀਂਗਰੀਆਂ ਉੱਤੇ ਪੁੱਠੇ ਹੱਥਾਂ ਨਾਲ ਖਿੰਡਾਉਣ ਵਾਲੀ ਜੁਗਤ ਨਾਲ ਸੁੱਟ ਦਿੰਦੀਆਂ। ਉਸ ਤੋਂ ਪਹਿਲਾਂ ਸੇਵੀਆਂ ਹੱਥਾਂ ਨਾਲ ਖਾਸ ਮਿਹਨਤ ਕਰ ਕੇ ,ਧੋਤੀ ਕਣਕ ਦੇ ਮਹੀਨ ਪੀਹੇ ਆਟੇ ਨੂੰ ਵਿਸ਼ੇਸ਼ ਢੰਗ ਨਾਲ ਗੁੰਨ ਕੇ ਸਵਾਣੀਆਂ ਦੁੱਧ ਰਿੜਕਣ ਵਾਲੀ ਥਾਂਦੀ ਚਾਟੀ ਜਾਂ ਥਾਂਦੇ ਹੋਏ ਤੌਲੇ ਮੂਧੇ ਮਾਰ ਕੇ ਉਨ੍ਹਾਂ ਉੱਤੇ ਹਥੇਲੀਆਂ ਦੇ ਜ਼ੋਰ ਨਾਲ ਵੱਟਿਆ ਕਰਦੀਆਂ।(162)

ਸੇਵੀਆਂ ਵੱਟਣ ਵੇਲੇ ਔਰਤਾਂ ਕਿਸੇ ਘਰ ਵਿਹੜੇ ਵਿੱਚ ਇਕੱਠੀਆਂ ਹੋ ਜਾਂਦੀਆਂ ਇਹ ਕਾਰਜ ਕਰਦਿਆਂ ਕਰਦਿਆਂ ਨਾਲੋ ਨਾਲ ਮਨ ਦੇ ਬੁਲਬੁਲਿਆਂ ਨੂੰ ਵੀ ਗੀਤਾਂ ਰਾਹੀਂ ਸਾਂਝਾ ਕਰ ਲੈਂਦੀਆਂ ਸਨ ਘਰ ਗ੍ਰਹਿਸਤੀ ਅਤੇ ਹੋਰ ਕਬੀਲਦਾਰੀ ਬਾਰੇ ਵੀ ਗੱਲਾਂ ਸਾਂਝੀਆਂ ਕੀਤੀਆਂ ਜਾਂਦੀਆਂ ਸਨ।

ਵਿਸ਼ਵੀਕਰਨ ਦੇ ਦੌਰ ਤੋਂ ਪਹਿਲਾਂ ਦੇ ਤਿੱਥ ਤਿਉਹਾਰਾਂ ਦਾ ਅਧਿਐਨ ਕੀਤਿਆਂ ਪਤਾ ਚਲਦਾ ਹੈ ਕਿ ਅੱਸੂ ਮਹੀਨੇ ਦੇ ਵਿੱਚ ਦੁਸਹਿਰੇ ਦਾ ਤਿਉਹਾਰ ਮਨਾਇਆ ਜਾਂਦਾ ਹੈ। ਇਸ ਮਹੀਨੇ ਮੌਸਮ ਵਿੱਚ ਗਰਮੀ ਘੱਟ ਜਾਂਦੀ ਹੈ, ਠੰਢੀ ਹਵਾ ਦੇ ਝੋਂਕੇ ਆਉਣ ਲੱਗ ਪੈਂਦੇ ਹਨ। ਮੌਸਮ ਸੁਹਾਵਣਾ ਹੋਣ ਕਰ ਕੇ ਇਸ ਮਹੀਨੇ ਵਿੱਚ ਲੋਕ ਵਿਆਹ ਮੁਕਲਾਵੇ ਵੀ ਧਰ ਲੈਂਦੇ ਹਨ। ਦੁਸਹਿਰੇ ਵਾਲੇ ਦਿਨ ਕੁਆਰੀਆਂ ਤੇ ਵਿਆਹੀਆਂ ਕੁੜੀਆਂ, ਆਪਣੇ ਬਜ਼ੁਰਗਾਂ ਪਿਤਾ, ਉਨ੍ਹਾਂ ਦੇ ਭਰਾਵਾਂ, ਚਾਚਿਆਂ, ਤਾਇਆਂ ਆਪਣੇ ਭਰਾਵਾਂ ਦੇ ਸਿਰ ਉਤੇ ਬੰਨ੍ਹੀਆਂ ਪੱਗਾਂ ਵਿੱਚ ਜੌਂ ਟੰਗਦੀਆਂ ਹਨ। ਇਸ ਦੇ ਬਦਲੇ ਉਨ੍ਹਾਂ ਨੂੰ ਇਕ ਇਕ ਚਾਂਦੀ ਦਾ ਰੁਪਈਆ ਦੇਣ ਦਾ ਵੀ ਪ੍ਰਚਲਨ ਰਿਹਾ ਹੈ। ਪੇਂਡੂ ਕੁੜੀਆਂ ਲਈ ਇਹ ਤਿੱਥ ਤਿਉਹਾਰ ਦੀ ਪੂੰਜੀ ਉਨ੍ਹਾਂ ਦੇ ਫੁਟਕਲ ਤੇ ਨਿੱਤ ਦੀਆਂ ਲੋੜਾਂ ਲਈ ਇਕ ਤਰ੍ਹਾਂ ਦਾ ਜੇਬ ਖ਼ਰਚ ਸਮਝਿਆ ਜਾਂਦਾ ਹੈ। ਇਸ ਕਰ ਕੇ ਬੱਚਿਆਂ ਦੀਆਂ ਮਾਵਾਂ ਕਿਸੇ ਨਾ ਕਿਸੇ ਤਰੀਕੇ ਨਾਲ ਉਨ੍ਹਾਂ ਤੋਂ ਇਹ ਪੂੰਜੀ ਉਸੇ ਵੇਲੇ ਹੀ ਲੈ ਕੇ ਰੱਖ ਲੈਂਦੀਆਂ।

ਅੱਸੂ ਦੇ ਮਹੀਨੇ ਵਿੱਚ ਹੀ ਪੰਜਾਬ ਦੇ ਤਿੱਥ-ਤਿਉਹਾਰਾਂ ਵਿੱਚ ਸ਼ਰਾਧ ਵੀ ਮਨਾਏ ਜਾਂਦੇ ਹਨ। ਇਨ੍ਹਾਂ ਦਿਨਾਂ ਵਿਚ ਪੰਡਤ ਪ੍ਰੋਹਤਾਂ ਦੀ ਕਾਫੀ ਮਾਨਤਾ ਹੁੰਦੀ ਹੈ। ਲੋਕ ਧਾਰਨਾ ਹੈ ਕਿ ਇਨ੍ਹਾਂ ਦਿਨਾਂ ਵਿੱਚ ਪੰਡਿਤ ਪਰੋਹਤਾਂ ਨੂੰ ਕਰਾਇਆ ਗਿਆ ਭੋਜਨ ਘਰ ਵਾਲਿਆਂ ਦੇ ਮਰੇ ਹੋਏ ਬਜ਼ੁਰਗਾਂ ਨੂੰ ਪਰਲੋਕ ਤਕ ਅੱਪੜ ਜਾਂਦਾ ਹੈ, ਸਾਲ ਭਰ ਲਈ ਉਹ ਤ੍ਰਿਪਤ ਹੋ ਜਾਂਦੇ ਹਨ। 'ਮੇਰਾ ਪਿੰਡ' ਪੁਸਤਕ ਦਾ ਅਧਿਐਨ ਕੀਤਿਆਂ ਪਤਾ ਚਲਦਾ ਹੈ ਕਿ ਇਹ ਧਾਰਨਾ ਨੂੰ ਪੱਕਾ ਕਰਨ ਲਈ ਪੰਡਤਾਂ ਦੁਆਰਾ ਅਨੇਕਾਂ ਹੀ ਪੌਰਾਣਿਕ ਆਧਾਰ ਦੇਣ ਵਾਲੀਆਂ ਕਥਾ ਕਹਾਣੀਆਂ ਜੁੜੀਆਂ ਹੋਈਆਂ ਹਨ। ਇਸੇ ਕਰਕੇ ਹੀ ਉਹ ਸਰਾਧਾਂ ਨੂੰ ਜ਼ਿਆਦਾ ਮਹੱਤਵ ਦਿੰਦੇ ਹਨ। ਇਸੇ ਹੀ ਪੁਸਤਕ ਵਿੱਚੋਂ ਗਿਆਨੀ ਗੁਰਦਿੱਤ ਸਿੰਘ ਦਾ ਵਿਚਾਰ ਹੈ :

> ਇਸ ਲੋਕ ਵਿਚ ਵੱਸਦੇ ਬ੍ਰਾਹਮਣ ਆਪ ਭੋਜਨ ਕਰ ਕੇ ਪਰਲੋਕ ਵਿੱਚ ਕਿਵੇਂ ਭੇਜਦੇ ਹਨ? ਇਹੋ ਜਿਹੇ ਪ੍ਰਸ਼ਨ ਕਰਨੇ ਮਨ੍ਹਾ ਹਨ। ਇਉਂ ਕਰਕੇ ਸ਼ਰਾਧ ਕੀ ਸ਼ਰਧਾ ਤੋੜਨਾ ਪਾਪ ਸਮਝਿਆ ਜਾਂਦਾ ਹੈ, ਕੋਹਝਾਪਨ ਵੀ। ਜਿੱਥੇ ਸ਼ਰਧਾ ਨਹੀਂ ਤਾਂ ਸਰਾਧ ਨਾ ਕਰਾਓ। ਭੋਜਨ ਦੇ ਸੁਆਦ ਤੇ ਉਸ ਦੀ ਸ਼ਕਤੀ ਪਰਲੋਕ ਵਿਚ ਵਸਦੇ ਪਿਤਰਾਂ ਨੂੰ ਪਹੁੰਚਦੀ ਹੈ, ਇਹ ਬ੍ਰਾਹਮਣ ਹੀ ਜਾਣਦੇ ਹਨ। ਕਿਉਂਕਿ ਬ੍ਰਾਹਮਣ ਆਪਣੇ ਦੰਦਾਂ ਨਾਲ ਚਿੱਥ-ਚਿੱਥ ਕੇ ਆਪਣੇ ਪੇਟ ਵਿਚ ਰਸ ਬਣਾ ਕੇ ਪਰਲੋਕ ਵਿੱਚ ਪਿਤਰਾਂ ਨੂੰ ਖੁਰਾਕ ਪਹੁੰਚਾਉਂਦੇ ਹਨ। ਇਸ ਪ੍ਰਤੀ ਇਹਤਿਆਤ ਇਤਨੀ ਰੱਖੀ ਜਾਂਦੀ ਹੈ ਕਿ ਇਹ ਦੰਦ ਘਸਾਈ ਭੀ ਬ੍ਰਾਹਮਣਾਂ ਨੂੰ ਦਿੱਤੀ ਜਾਵੇ। ਇਹ ਦੰਦ ਘਸਾਈ ਜਾਂ ਦਖਸ਼ਣਾਂ ਇਕ ਪੱਕੀ ਧਾਰਮਿਕ ਰੀਤ ਬਣ ਚੁੱਕੀ ਹੈ। ਜਿਸ ਬਿਨਾਂ ਭੋਜਨ ਛਕਾਉਣ ਦਾ ਫਲ ਅਧੂਰਾ ਰਹਿ ਜਾਂਦਾ ਹੈ।(166)

ਅੱਸੂ ਦੇ ਮਹੀਨੇ ਵਿੱਚ ਜਦੋਂ ਨੌਂ ਨਰਾਤੇ ਸ਼ੁਰੂ ਹੁੰਦੇ ਹਨ ਤਾਂ ਇਨ੍ਹਾਂ ਵਿੱਚ ਹੀ ਇੱਕ ਹੋਰ ਤਿਉਹਾਰ ਪੰਜਾਬ ਵਿਚ ਮਨਾਇਆ ਜਾਂਦਾ ਰਿਹਾ ਹੈ, ਇਹ ਤਿਉਹਾਰ ਸਾਂਝੀ ਮਾਈ ਦਾ ਤਿਉਹਾਰ ਕਹਾਉਂਦਾ ਹੈ। ਸਾਂਝੀ ਮਾਈ ਇਕ ਕੁਆਰੀ ਦੇਵੀ ਹੈ।ਇਸ ਕਰਕੇ ਇਸ ਤਿਉਹਾਰ ਵਿੱਚ ਕੁਆਰੀਆਂ ਕੁੜੀਆਂ ਦੀ ਸ਼ਮੂਲੀਅਤ ਵਧੇਰੇ ਹੁੰਦੀ ਹੈ। ਲੋਕ ਵਿਸ਼ਵਾਸ ਹੈ ਕਿ ਕੁੜੀਆਂ ਵੱਲੋਂ ਸਾਂਝੀ ਮਾਈ ਦੀ ਅਰਾਧਨਾ ਕਰਨ ਨਾਲ ਸੁੰਦਰ ਸੁਸ਼ੀਲ ਵਰ ਦੀ ਪ੍ਰਾਪਤੀ ਹੁੰਦੀ ਹੈ। ਇਸ ਤੋਂ ਇਲਾਵਾ ਹੋਰ ਅਨੇਕਾਂ ਪ੍ਰਕਾਰ ਦੀਆਂ ਸੁੱਖਾਂ ਸੁੱਖੀਆਂ ਜਾਂਦੀਆਂ ਹਨ। ਅਧਿਐਨ ਕੀਤਿਆਂ ਪਤਾ ਚਲਦਾ ਹੈ ਕਿ ਸਾਂਝੀ ਮਾਈ ਦਾ ਤਿਉਹਾਰ ਦੀ ਪੰਜਾਬੀ ਲੋਕਧਾਰਾ ਦੇ ਕਈ ਪੱਖਾਂ ਨੂੰ ਉਜਾਗਰ ਕਰਦਾ ਹੈ। ਕੁੜੀਆਂ ਪਹਿਲੇ ਨਰਾਤੇ ਤੋਂ ਸਾਂਝੀ ਮਾਈ ਦੀ ਮੂਰਤੀ ਅਤੇ ਅਨੇਕਾਂ ਅਕ੍ਰਿਤੀਆਂ ਬਣਾਉਂਦੀਆਂ ਹਨ, ਜੋ ਕਿ ਲੋਕ ਕਲਾ ਦਾ ਸੁੰਦਰ ਨਮੂਨਾ ਪੇਸ਼ ਕਰਦੀਆਂ ਹਨ। ਸਾਂਝੀ ਮਾਈ ਦੇ ਤਿਉਹਾਰ ਬਾਰੇ 'ਮੇਰਾ ਪਿੰਡ' ਪੁਸਤਕ ਵਿਚੋਂ ਗਿਆਨੀ ਗੁਰਦਿੱਤ ਸਿੰਘ ਦਾ ਵਿਚਾਰ ਹੈ :

> ਨਰਾਤਿਆਂ ਵਿੱਚ ਇੱਕ ਸਾਂਝੀ ਦਾ ਤਿਉਹਾਰ ਵੀ ਮਨਾਇਆ ਜਾਂਦਾ ਹੈ। ਪਹਿਲੇ ਨਰਾਤੇ ਵਿੱਚ ਇੱਕ ਕੰਧ ਉੱਤੇ ਗੋਹਾ ਮਿੱਟੀ ਥੱਪ ਕੇ ਸਾਂਝੀ ਮਾਈ ਦੀ ਮੂਰਤੀ ਬਣਾਈ ਜਾਂਦੀ ਹੈ। ਗੋਹੇ ਮਿੱਟੀ ਦੀ

> ਇਸ ਸ਼ਿਲਪ ਕਲਾ ਵਿਚ ਕੁੜੀਆਂ ਆਪਣੀ ਪ੍ਰਾਧੀਨਤਾ ਦੇ ਕਿਹੜੇ ਚਮਤਕਾਰ ਰਹਿ ਜਾਂਦੇ ਹਨ ਸੋ ਨਹੀਂ ਦਿਖਾਉਂਦੀਆਂ। ਸਾਂਝੀ ਦਾ ਕੁਸੁਥਰਾ ਮੂੰਹ, ਉਸ ਦਾ ਕਲਪਤ ਗਹਿਣਿਆਂ ਨਾਲ ਭਰਿਆ ਮੱਥਾ, ਇਕ ਪਾਸਿਓਂ ਚੜ੍ਹਦਾ ਚੰਨ ਤੇ ਦੂਜੇ ਪਾਸੇ ਛਿਪਦਾ ਸੂਰਜ ਬਣਾ ਕੇ ਇੱਕ ਵਾਰੀ ਤਾਂ ਲੋਕ ਕਲਾ ਦੀ ਸ਼ਾਮ ਸਵੇਰੇ ਦੀ ਸਾਰੀ ਪ੍ਰਤਿਭਾ ਦਾ ਜਲੌਅ ਵਿਖਾ ਦਿੱਤਾ ਜਾਂਦਾ ਹੈ। ਕੁੜੀਆਂ ਖ਼ਾਸਕਰ ਕੇ ਅਣਵਿਆਹੀਆਂ ਕੁੜੀਆਂ ਇਸ ਸਾਂਝੀ ਮਾਈ ਦੀ ਮੂਰਤੀ ਪੂਜਾ ਲਈ ਹਰ ਰੋਜ਼ ਸ਼ਾਮ ਨੂੰ ਇਕੱਠੀਆਂ ਹੁੰਦੀਆਂ ਹਨ। (172)

ਪੰਜਾਬ ਸਮੇਤ ਪੂਰੇ ਭਾਰਤ ਵਿੱਚ ਦੀਵਾਲੀ ਦਾ ਤਿਉਹਾਰ ਵੀ ਬੜੀ ਸ਼ਰਧਾ ਤੇ ਉਤਸ਼ਾਹ ਨਾਲ ਮਨਾਇਆ ਜਾਂਦਾ ਹੈ। ਦੀਵਾਲੀ ਨੂੰ ਸਭ ਤੋਂ ਵੱਡਾ ਤਿਉਹਾਰ ਮੰਨਿਆ ਜਾਂਦਾ ਹੈ, ਇਸ ਕਰ ਕੇ ਇਸ ਤਿਉਹਾਰ ਤੋਂ ਕਈ ਦਿਨ ਪਹਿਲਾਂ ਇਸ ਸਬੰਧੀ ਤਿਆਰੀਆਂ ਸ਼ੁਰੂ ਹੋ ਜਾਂਦੀਆਂ ਹਨ। ਲੋਕ ਆਪਣੇ ਘਰਾਂ ਦੇ ਹਰ ਕੋਨੇ ਨੂੰ ਸਾਫ ਸੁਥਰਾ ਕਰਨ ਵਿਚ ਜੁੱਟ ਜਾਂਦੇ ਹਨ। ਜਿੱਥੇ ਪੱਕੇ ਘਰਾਂ ਨੂੰ ਰੰਗ ਰੋਗਨ ਕੀਤਾ ਜਾਂਦਾ ਹੈ, ਉੱਥੇ ਕੱਚੇ ਘਰਾਂ ਨੂੰ ਲਿੱਪਿਆ ਪੋਚਿਆ ਜਾਂਦਾ ਹੈ। ਇਸ ਬਾਰੇ 'ਮੇਰਾ ਪਿੰਡ' ਪੁਸਤਕ ਵਿਚੋਂ ਗਿਆਨੀ ਗੁਰਦਿੱਤ ਸਿੰਘ ਦਾ ਵਿਚਾਰ ਹੈ:

> ਕੁੜੀਆਂ ਇਸ ਦਿਨ ਆਪਣਾ ਨਿੱਕਾ ਜਿਹਾ ਕਿੰਗਰਿਆਂ ਵਾਲਾ ਘਰ ਬਣਾ ਕੇ, ਜਿਸ ਨੂੰ ਹੱਟੜੀ ਕਹਿੰਦੀਆਂ ਹਨ, ਉਸ ਵਿੱਚ ਮਿਠਾਈਆਂ ਤੇ ਘਰੇ ਬਣਾਈਆਂ ਖਾਣ ਪੀਣ ਵਾਲੀਆਂ ਚੀਜ਼ਾਂ ਮੱਠੀਆਂ, ਰਸਗੁੱਲੇ, ਖੀਰ, ਕੜਾਹ ਜਲੇਬੀਆਂ, ਮਿਠਾਈਆਂ, ਲੱਡੂ ਤੇ ਸ਼ੱਕਰਪਾਰੇ ਹੋਰ ਜਿੰਨੀਆਂ ਚੀਜ਼ਾਂ ਸਰਨ ਪੁੱਜਣ, ਉਸ ਵਿੱਚ ਧਰ ਕੇ ਹੱਟੜੀ ਦੇ ਕੋਨਿਆਂ ਉੱਤੇ ਦੀਵੇ ਮਚਾਉਂਦੀਆਂ ਹਨ। (180)

ਪੋਹ ਦੇ ਮਹੀਨੇ ਜਦੋਂ ਸਰਦੀ ਅੰਤਾਂ ਦੀ ਹੁੰਦੀ ਹੈ ਤਾਂ ਇਸ ਮਹੀਨੇ ਵਿੱਚ ਇੱਕ ਹੋਰ ਵੱਡਾ ਤਿਉਹਾਰ ਮਨਾਇਆ ਜਾਂਦਾ ਹੈ ਲੋਹੜੀ। ਪੰਜਾਬ ਦੇ ਲੋਕ-ਜੀਵਨ ਵਿੱਚ ਇਸ ਤਿਉਹਾਰ ਦੀ ਬੜੀ ਹੀ ਮਹੱਤਤਾ ਹੈ। ਵੰਡ ਤੋਂ ਪਹਿਲਾਂ ਜਿੱਥੇ ਇਹ ਤਿਉਹਾਰ ਪੰਜਾਬ ਤੱਕ ਹੀ ਸੀਮਤ ਸੀ ਪਰ ਵੰਡ ਤੋਂ ਬਾਅਦ ਜਿੱਥੇ ਵੀ ਪੰਜਾਬੀ

ਵਸੇ ਇਸ ਤਿਉਹਾਰ ਨੂੰ ਨਾਲ ਲੈ ਕੇ ਗਏ। ਇਸ ਕਰਕੇ ਇਹ ਤਿਉਹਾਰ ਪੰਜਾਬ ਸਮੇਤ ਪੂਰੇ ਭਾਰਤ ਵਿੱਚ ਮਨਾਇਆ ਜਾਂਦਾ ਹੈ। ਲੋਹੜੀ ਮਨਾਉਣ ਸੰਬੰਧੀ ਅਨੇਕਾਂ ਹੀ ਧਾਰਨਾਵਾਂ ਪ੍ਰਚਲਿਤ ਹਨ। ਕੋਈ ਇਸ ਨੂੰ ਹਰਨਾਖਸ਼, ਹੋਲਿਕਾ ਅਤੇ ਪ੍ਰਹਿਲਾਦ ਨਾਲ ਜੋੜ ਕੇ ਦਰਸਾਉਂਦਾ ਹੈ। ਕੋਈ ਦੁੱਲੇ ਭੱਟੀ ਦੀ ਗਾਥਾ ਨਾਲ ਇਸ ਨੂੰ ਜੋੜ ਕੇ ਦਰਸਾਉਂਦਾ ਹੈ। ਇਸ ਬਾਰੇ ਲੋਹੜੀ ਤੇ ਗਾਏ ਜਾਂਦੇ ਗੀਤ ਸੁੰਦਰ ਮੁੰਦਰੀਏ ਵਿੱਚ ਪਤਾ ਲੱਗਗਦਾ ਹੈ ਕਿ ਉਸ ਨੇ ਇੱਕ ਗਰੀਬ ਘਰ ਦੀ ਲੜਕੀ ਨੂੰ ਧੀ ਬਣਾ ਕੇ, ਉਸ ਦਾ ਵਿਆਹ ਕੀਤਾ ਸੀ। 'ਮੇਰਾ ਪਿੰਡ' ਪੁਸਤਕ ਦੇ ਹਵਾਲੇ ਨਾਲ ਗਿਆਨੀ ਗੁਰਦਿੱਤ ਸਿੰਘ ਅਨੁਸਾਰ:

> ਪੁਰਾਣੇ ਜ਼ਮਾਨੇ ਵਿੱਚ ਮਨੋਰੰਜਨ ਦੇ ਸਾਧਨ ਥੋੜ੍ਹੇ ਜਿਹੇ ਮੌਸਮੀਂ ਤਿਉਹਾਰ ਨਾਲ ਜੁੜੇ ਹੁੰਦੇ ਸਨ। ਸਭ ਤੋਂ ਵੱਧ ਖੁਸ਼ੀ ਕਿਸੇ ਵੰਸ਼ ਨੂੰ ਅੱਗੇ ਵਧਾਉਣ ਵਾਲੇ ਨਵੇਂ ਬੱਚੇ ਭਾਵ ਮੁੰਡਾ ਜੰਮਣ ਦੀ ਹੁੰਦੀ ਸੀ। ਵਰ੍ਹਾ ਭਰ ਪਿੰਡ ਵਿੱਚ ਜੰਮੇਂ ਮੁੰਡਿਆਂ ਦੀ ਖੁਸ਼ੀ ਸਾਂਝੀ ਕਰਕੇ ਮਨੋਰੰਜਨ ਦੇ ਸਰਲ ਜਿਹੇ ਤਰੀਕੇ ਦਾ ਸੌਖੇ ਜਿਹੇ ਮਨ ਪ੍ਰਚਾਵੇ ਦਾ ਸਾਧਨ ਲੋਹੜੀ ਹੁੰਦਾ ਹੈ। (182)

ਲੋਹੜੀ ਨਾਲ ਸੰਬੰਧਿਤ ਅਨੇਕਾਂ ਲੋਕ ਗੀਤ ਮਿਲਦੇ ਹਨ, ਜਿਹਨਾਂ ਵਿੱਚ ਪੁੱਤ ਜੰਮਣ ਨਾਲ ਸੰਬੰਧਿਤ ਢੇਰ ਸਾਰੀਆਂ ਅਸੀਸਾਂ ਦਿੱਤੀਆਂ ਜਾਂਦੀਆਂ ਹਨ।

ਜੁੱਗ-ਜੁੱਗ ਚੰਬਾ ਲੋੜੀਦਾ,

ਭਾਬੋ ਮੇਰੀ ਪੁੱਤ ਜਣੇ,

ਹੀਰੇ ਮੋਤੀ ਲਾਲ ਜਣੇ,

ਭੰਨ ਘਰੋੜੀ, ਅੰਦਰ ਵਾਰ,

ਅੰਦਰ ਲਿੱਪਾਂ ਬਾਹਰ ਲਿੱਪਾਂ

ਲਿੱਪਾਂ ਘਰ ਦੀ ਆਲ-ਦੁਆਲ...।

ਪੰਜਾਬ ਦੇ ਲੋਕ ਗੀਤ, (390)

ਤਿਲ ਚੌਲੀ ਏ ਨੀ, ਗਿੱਗਾ ਮੌਲੀਏ ਨੀ,

ਗਿੱਗਾ ਜੰਮਿਆ ਸੀ, ਗੁੜ ਵੰਡਿਆ ਨੀ,

ਗੁੜਾਂ ਦੀਆਂ ਰੋੜੀਆਂ ਨੀ, ਭਰਾਵਾਂ ਦੀਆਂ ਜੋੜੀਆਂ ਨੀ,

ਗਿੱਗਾ ਆਪ ਜੀਵੇਗਾ, ਘੁਮਾਈ ਬਾਪ ਜੀਵੇਗਾ।

ਸਹੁਰਾ ਸਾਕ ਜੀਵੇਗਾ।

ਪੰਜਾਬ ਦੇ ਲੋਕਗੀਤ, (390)

ਲੋਹੜੀ ਦੇ ਤਿਉਹਾਰ ਦੀਆਂ ਤਿਆਰੀਆਂ ਕਈ ਦਿਨਾਂ ਪਹਿਲਾਂ ਹੀ ਸ਼ੁਰੂ ਹੋ ਜਾਂਦੀਆਂ ਹਨ। ਇਸ ਤਿਉਹਾਰ ਵਿੱਚ ਬੱਚੇ ਵੱਧ ਚੜ੍ਹ ਕੇ ਹਿੱਸਾ ਲੈਂਦੇ ਹਨ, ਉਹ ਕਈ ਦਿਨ ਪਹਿਲਾਂ ਟੋਲੀਆਂ ਬਣਾ ਕੇ ਗਲੀਆਂ ਵਿੱਚ ਲੋਹੜੀ ਮੰਗਦੇ ਹਨ। ਹਰ ਟੋਲੀ ਕੋਲ ਗੁੜ, ਪਾਥੀਆਂ ਆਦਿ ਪਾਉਣ ਲਈ ਬੋਰੇ ਹੁੰਦੇ ਹਨ। ਹਰ ਰੋਜ਼ ਢਲਦੀ ਸ਼ਾਮ ਨੂੰ ਇਹ ਪ੍ਰਕਿਰਿਆ ਚਲਦੀ ਰਹਿੰਦੀ ਹੈ। ਲੋਹੜੀ ਮੰਗਦੇ ਸਮੇਂ ਕੋਈ ਜਾਤ-ਪਾਤ ਜਾਂ ਅਮੀਰੀ-ਗਰੀਬੀ ਦਾ ਫਰਕ ਨਹੀਂ ਸੀ ਕੀਤਾ ਜਾਂਦਾ। ਹਰ ਕਿਸੇ ਦੇ ਮਨ ਵਿੱਚ ਚਾਅ ਹੁੰਦਾ। ਨਿੱਕੀਆਂ-ਵੱਡੀਆਂ ਕੁੜੀਆਂ ਵੀ ਟੋਲੀਆਂ ਬਣਾ ਕੇ ਲੋਹੜੀ ਮੰਗਦੀਆਂ ਹਨ।

ਲੋਹੜੀ ਵਾਲੇ ਦਿਨ ਘਰਾਂ ਤੋਂ ਇੱਕਠਾ ਕੀਤਾ ਬਾਲਣ ਕਿਸੇ ਖੁੱਲ੍ਹੀ ਗਲੀ ਜਾਂ ਫਿਰ ਕਿਸੇ ਖੁੱਲ੍ਹੇ ਵਿਹੜੇ ਵਿੱਚ ਚਿਣ ਲਿਆ ਜਾਂਦਾ ਹੈ। ਦਿਨ ਛੁਪਣ ਵੇਲੇ ਇਸ ਨੂੰ ਅੱਗ ਲਗਾ ਦਿੱਤੀ ਜਾਂਦੀ ਹੈ। ਕੜਾਕੇ ਦੀ ਸਰਦੀ ਹੋਣ ਕਰਕੇ ਸਾਰੇ ਇੱਕਠੇ ਹੋ ਕੇ ਅੱਗ ਸੇਕਦੇ ਹਨ। ਬੱਚੇ, ਬਜ਼ੁਰਗ ਅਤੇ ਔਰਤਾਂ ਆਪਣੇ ਬੈਠਣ ਲਈ ਘਰੋਂ ਹੀ ਬੋਰੀਆਂ ਪੀੜ੍ਹੀਆਂ ਆਦਿ ਲੈ ਕੇ ਆਉਂਦੇ, ਕਈ ਦਿਨ ਪਹਿਲਾਂ ਮੰਗਿਆ ਗੁੜ ਅਤੇ ਹੋਰ ਸਮਾਨ ਰਲ ਕੇ ਸਾਰੇ ਖਾਂਦੇ, ਤਿਲਾਂ ਨੂੰ ਬਲਦੀ ਅੱਗ ਵਿੱਚ ਸੁੱਟਿਆ ਜਾਂਦਾ। ਜਿਹਨਾਂ ਘਰਾਂ ਵਿੱਚ ਪਿਛਲੇ ਵਰ੍ਹੇ ਵਿੱਚ ਵਿਆਹ ਸ਼ਾਦੀ ਜਾਂ ਫਿਰ ਮੁੰਡਾ ਜੰਮਿਆ ਹੋਵੇ, ਉਹ ਵੀ ਇੱਥੋਂ ਹੀ ਧੂਣੀ ਦੁਆਲੇ ਬੈਠੇ ਸਾਰਿਆਂ ਨੂੰ ਰਿਉੜੀਆਂ, ਗੁੜ, ਸ਼ੱਕਰ ਆਦਿ ਵੰਡੀ ਜਾਂਦੀ ਹੈ। ਹਰ ਗਲੀ ਮੁਹੱਲੇ ਵਿੱਚ ਇਹ ਪ੍ਰਕਿਰਿਆ ਚਲਦੀ ਰਹਿੰਦੀ ਹੈ।

ਲੋਹੜੀ ਤੋਂ ਅਗਲੇ ਦਿਨ ਮਾਘੀ ਦਾ ਤਿਉਹਾਰ ਮਨਾਇਆ ਜਾਂਦਾ ਹੈ। ਲੋਕ ਧਾਰਨਾ ਅਨੁਸਾਰ ਮਾਘ ਦਾ ਮਹੀਨਾ ਸਾਲ ਦੇ ਹੋਰਨਾਂ ਦੇਸੀ-ਮਹੀਨਿਆਂ ਨਾਲੋਂ ਪਵਿੱਤਰ ਮੰਨਿਆ ਜਾਂਦਾ ਹੈ ਕਿਉਂਕਿ ਮਾਘ ਦੀ ਸੰਗਰਾਂਦ ਨੂੰ ਸੂਰਜ ਧਨ ਰਾਸ਼ੀ ਵਿੱਚੋਂ ਨਿਕਲ ਕੇ ਮਕਰ ਰਾਸ਼ੀ ਵਿੱਚ ਪ੍ਰਵੇਸ਼ ਕਰਦਾ ਹੈ। ਲੋਕ ਵਿਸ਼ਵਾਸ ਅਨੁਸਾਰ ਮਕਰ ਰਾਸ਼ੀ ਸਭ ਰਾਸ਼ੀਆਂ ਨਾਲੋਂ ਸਰਵੋਤਮ ਮੰਨੀ ਗਈ ਹੈ। ਇਸ ਕਰਕੇ ਮਾਘ ਦੀ ਸੰਗਰਾਂਦ ਨੂੰ ਵਿਸ਼ੇਸ਼ ਮਹੱਤਵ ਦਿੱਤਾ ਜਾਂਦਾ ਹੈ। ਮਾਘੀ ਵਾਲੇ ਦਿਨ ਤੜਕਸਾਰ ਤੀਰਥ ਇਸ਼ਨਾਨ ਕਰਨਾ ਮਹਾਨ ਪੁੰਨ ਮੰਨਿਆ ਜਾਂਦਾ ਹੈ। ਇਸੇ ਕਰਕੇ ਲੋਕ ਆਪੋ-ਆਪਣੇ ਧਰਮਾਂ ਅਨੁਸਾਰ ਦੂਰ ਨੇੜੇ ਇਸ਼ਨਾਨ ਕਰਨ ਜਾਂਦੇ ਹਨ। ਪੋਹ ਦੇ ਮਹੀਨੇ ਵਿੱਚ ਹੱਡ-ਚੀਰਵੀਂ ਠੰਡ ਹੋਣ ਕਾਰਨ ਲੋਕ ਨਹਾਉਣ ਤੋਂ ਕੰਨੀਂ ਕਤਰਾਉਂਦੇ ਤੇ ਚੜ੍ਹਦੇ ਮਾਘ ਇਸ਼ਨਾਨ ਕਰਕੇ ਦਲਿੱਦਰ ਨੂੰ ਦੂਰ ਕਰਦੇ। ਇਸ ਕਰਕੇ ਪਹਿਲੇ ਸਮਿਆਂ ਵਿੱਚ ਲੋਕ ਇਸ਼ਨਾਨ ਕਰਨ ਲਈ ਦੂਰ ਨੇੜੇ ਦੇ ਧਾਰਮਿਕ ਸਥਾਨਾਂ ਤੇ ਇੱਕਤਰ ਹੋ ਜਾਂਦੇ ਸਨ। ਜਿੱਥੇ ਇੱਕ ਮੇਲੇ ਦਾ ਰੂਪ ਬਣ ਜਾਂਦਾ। ਪੰਜਾਬ ਵਿੱਚ ਮੁਕਤਸਰ ਸਾਹਿਬ ਵਿਖੇ ਮਾਘੀ ਦਾ ਮੇਲਾ ਇਸੇ ਹੀ ਵੰਨਗੀ ਵਿੱਚ ਆਉਂਦਾ ਹੈ। ਇਸ਼ਨਾਨ ਕਰਨ ਬਾਰੇ 'ਮੇਰਾ ਪਿੰਡ' ਪੁਸਤਕ ਵਿਚੋਂ ਗਿਆਨੀ ਗੁਰਦਿੱਤ ਸਿੰਘ ਦੇ ਹਵਾਲੇ ਨਾਲ ਕਿ:

> ਮੇਰੇ ਪਿੰਡ ਦੇ ਨੇੜੇ ਕੋਈ ਤੀਰਥ ਨਹੀਂ, ਧਾਮ ਨਹੀਂ ਇਸ ਲਈ ਬਹੁਤ ਸਾਰੇ ਪੁੰਨੀ-ਧਰਮੀ ਪਹਿਰ ਦੇ ਤੜਕੇ ਪਿੰਡ ਦੇ ਟੋਭਿਆਂ ਵਿੱਚ ਈ ਟੁੱਭੀਆਂ ਲਾ ਆਉਂਦੇ ਹਨ। ਕਈ ਹਿੰਮਤੀ ਬੰਦੇ ਇੱਕ ਮੀਲ ਦੂਰ ਵਗਦੇ ਸੂਏ ਉੱਤੇ ਇਸ਼ਨਾਨ ਕਰਕੇ 'ਜਲ ਮਿਲਿਆ ਪਰਮੇਸ਼ਰ ਮਿਲਿਆ ਤਨ ਕੀ ਗਈ ਬਲਾਏ' ਲੋਕ ਮੰਤਰ ਦਾ ਜਾਪ ਕਰਦੇ ਹਨ। ਕਈ ਗੁਰਸਿੱਖਾਂ ਨੂੰ ਜੇ ਜਪੁਜੀ ਸਾਹਿਬ ਸਾਰਾ ਯਾਦ ਨਾ ਹੋਵੇ ਤਾਂ ਪਹਿਲੀ ਪੋਹੜੀ ਪੜ੍ਹੀ ਜਾਂਦੇ ਹਨ, ਉਹ ਨਾ ਆਉਂਦੀ ਹੋਵੇ, ਸਤਿਨਾਮ ਵਾਹਿਗੁਰੂ, ਹਰੇ ਰਾਮ ਦੀਆਂ ਧੁੰਨਾਂ ਲਾਉਂਦੇ ਰਜਾਈਆਂ ਵਿੱਚ ਆ ਵੜ੍ਹਦੇ ਹਨ। (192-193)

ਮਾਘੀ ਦੇ ਤਿਉਹਾਰ ਤੇ ਲੋਕ ਗੰਨੇ ਦੀ ਰਸ ਤੋਂ ਤਿਆਰ ਕੀਤੀ ਖੀਰ ਜੋ ਕੇ ਲੋਹੜੀ ਵਾਲੀ ਰਾਤ ਨੂੰ ਬਣਾਈ ਜਾਂਦੀ ਹੈ, ਸਵੇਰ ਵੇਲੇ ਖਾਂਦੇ ਹਨ। ਕਈ ਲੋਕ ਇਸ ਦਿਨ ਮੱਕੀ ਦੀ ਰੋਟੀ ਅਤੇ ਸਾਗ ਨੂੰ ਜਿਆਦਾ ਚੰਗਾ ਸਮਝਦੇ ਹਨ। ਇਸ ਦਾ ਕਾਰਨ ਇਹ ਮੰਨਿਆ ਜਾਂਦਾ ਹੈ ਕਿ ਲੋਹੜੀ ਵਾਲੀ ਰਾਤ ਨੂੰ ਤਿਲ, ਮੂੰਗਫਲੀ,

ਰਿਉੜੀਆਂ ਖਾਣ ਆਦਿ ਨਾਲ ਸਰੀਰ ਵਿੱਚ ਗਰਮੀ ਪੈਦਾ ਹੋ ਜਾਂਦੀ ਹੈ ਤੇ ਇਹ ਵਸਤਾਂ ਖੀਰ,ਸਾਗ ਤੇ ਮੱਕੀ ਦੀ ਰੋਟੀ ਇਸ ਦਾ ਬਦਲ ਮੰਨੀਆਂ ਜਾਂਦੀਆਂ ਹਨ। ਪਿੰਡਾਂ ਵਿੱਚ ਘਰਾਂ ਦੀਆਂ ਕਈ ਸਵਾਣੀਆਂ ਘਿਉ ਖੰਡ ਤੇ ਆਟੇ ਦਾ ਕੜ੍ਹਾਹ ਵੀ ਬਣਾਉਂਦੀਆਂ ਹਨ।

ਬਸੰਤ ਦਾ ਤਿਉਹਾਰ ਪੰਜਾਬ ਦੇ ਪੇਂਡੂ ਅਤੇ ਸ਼ਹਿਰੀ ਇਲਾਕਿਆਂ ਵਿੱਚ ਬੜੇ ਉਤਸ਼ਾਹ ਨਾਲ ਮਨਾਇਆ ਜਾਂਦਾ ਹੈ। ਇਸ ਤਿਉਹਾਰ ਦੀ ਵਿਸ਼ੇਸ਼ਤਾ ਇਸ ਪੱਖੋਂ ਹੈ ਕਿ ਇਹ ਤਿਉਹਾਰ ਇਤਿਹਾਸਕ ਅਤੇ ਸਭਿਆਚਾਰਕ ਵੀ ਹੈ। ਬਸੰਤ ਰੁੱਤ ਪ੍ਰਕ੍ਰਿਤੀ ਲਈ ਇਹ ਨਵੀਂ ਪੁਸ਼ਾਕ ਲੈ ਕੇ ਆਉਂਦੀ ਹੈ ਅਤੇ ਹੱਡ ਚੀਰਵੀਂ ਸਰਦੀ ਘਟਣ ਲੱਗਦੀ ਹੈ। ਇਹਨਾਂ ਦਿਨਾਂ ਵਿੱਚ ਧਰਤੀ ਮੌਲਦੀ ਹੈ, ਬਨਸਪਤੀ ਕਰਵੱਟ ਲੈਂਦੀ ਹੈ, ਖੇਤਾਂ ਵਿੱਚ ਸਰ੍ਹੋਂ ਦੇ ਪੀਲੇ-ਪੀਲੇ ਫੁੱਲ ਕੁਦਰਤੀ ਨਜ਼ਾਰਾ ਪੇਸ਼ ਕਰਦੇ ਹਨ। ਅਜਿਹੇ ਖੁਸ਼-ਗਵਾਰ ਤੇ ਰੁਮਾਂਚਕ ਵਾਤਾਵਰਨ ਵਿੱਚ ਪੰਜਾਬ ਦੇ ਗੱਭਰੂ ਅਤੇ ਮੁਟਿਆਰਾਂ ਨਸ਼ਿਆ ਜਾਂਦੇ ਹਨ ਅਤੇ ਉਹ ਆਪਣੇ-ਆਪ ਨੂੰ ਸਰ੍ਹੋਂ ਦੇ ਫੁੱਲਾਂ ਵਰਗੇ ਪਹਿਰਾਵੇ ਨਾਲ ਸਜਾ ਕੇ ਅਦੁੱਤੀ ਖੁਸ਼ੀ ਮਹਿਸੂਸ ਕਰਦੇ ਹਨ। ਇਸ ਬਾਰੇ ਪ੍ਰਸਿਧ ਲੋਕਯਾਨੀ ਡਾ ਵਣਜਾਰਾ ਬੇਦੀ 'ਪੰਜਾਬੀ ਲੋਕਧਾਰਾ ਵਿਸ਼ਵਕੋਸ਼' ਜਿਲਦ ਸੱਤਵੀਂ ਵਿਚ ਹਵਾਲਾ ਦਿੰਦੇ ਹਨ :

> ਬਹਾਰ ਦੀ ਰੁੱਤ ਜੋ ਫੱਗਣ ਚੇਤ ਵਿਸਾਖ ਵਿੱਚ ਪੈਂਦੀ ਹੈ, ਬਸੰਤ ਰੁੱਤ ਪੀਲੇ ਫੁੱਲਾਂ ਦੀ ਫੁਲਕਾਰੀ ਵਿੱਚ ਵਲ੍ਹੇਟੀ ਮੁਟਿਆਰ ਵਾਂਗ ਘੁੱਗੀਆਂ ਤੇ ਕੋਇਲਾਂ ਦੇ ਮਧੁਰ ਗੀਤਾਂ ਦੀ ਲੈਅ ਚ ਠੁਮਕਦੀ ਆਉਂਦੀ ਹੈ। ਰੁੱਤਾਂ ਵਿੱਚੋਂ ਸਭ ਤੋਂ ਮਿੱਠੀ ਤੇ ਹੁਸੀਨ ਰੁੱਤ ਬਸੰਤ ਦੀ ਹੈ। ਇਹ ਕਲਾ ਤੇ ਸੁਹਜ ਦੀ ਰੁੱਤ ਹੈ, ਜ਼ਿੰਦਗੀ ਦੀ ਧੜਕਣ ਨਾਲ ਭਰੀ ਹੋਈ ਹੈ। ਇਸ ਰੁੱਤ ਵਿੱਚ ਕੁਦਰਤ ਦੀ ਅਕਲ ਕਲਾ ਭਰ ਜੋਬਨ ਵਿਚ ਨਿਖਰੀ ਹੁੰਦੀ ਹੈ। ਟਹਿਣੀਆਂ ਦੇ ਸਿਰ ਮੂੰਹ ਫੁੱਲਾਂ ਨਾਲ ਕੱਜੇ ਤੇ ਹਵਾ ਵਿੱਚ ਇੱਕ ਸੁਗੰਧੀ ਫੈਲੀ ਹੁੰਦੀ ਹੈ। ਬ੍ਰਿਛ ਬੂਟੇ ਪੁਰਾਣੇ ਚੋਲੇ ਉਤਾਰ ਕੇ ਨਵੀਆਂ ਪੁਸ਼ਾਕਾਂ ਵਿਚ ਸਜੇ ਸ਼ਿੰਗਾਰੀ ਜਾਪਦੇ ਹਨ।" (1744)

ਬਸੰਤ ਦਾ ਤਿਉਹਾਰ ਮੌਸਮੀ ਤਿਉਹਾਰ ਹੈ ਜਦੋਂ ਸਰਦੀ ਦਾ ਪ੍ਰਕੋਪ ਘਟਦਾ ਹੈ ਤਾਂ ਉਸ ਤੋਂ ਬਾਅਦ ਇਹ ਤਿਉਹਾਰ ਮਨਾਇਆ ਜਾਂਦਾ ਹੈ । ਏਸੇ ਹੀ ਸੰਦਰਭ ਵਿੱਚ ਪੰਜਾਬ ਵਿੱਚ ਅਨੇਕਾਂ ਹੀ ਮੇਲੇ ਲਗਦੇ ਹਨ।

ਜਿਹਨਾਂ ਵਿੱਚ ਪਟਿਆਲੇ ਅਤੇ ਛਰਹੇਟਾ ਦੀ ਬਸੰਤ ਪੰਚਮੀ ਖਾਸ ਹੈ। ਦੇਸ਼ ਦੀ ਵੰਡ ਤੋਂ ਪਹਿਲਾਂ ਹਕੀਕਤ ਰਾਏ ਦੀ ਸਮਾਧ ਤੇ ਲਾਹੌਰ ਵਿਖੇ ਵੀ ਭਾਰੀ ਮੇਲਾ ਲੱਗਦਾ ਸੀ। ਬਸੰਤ ਵਾਲੇ ਦਿਨ ਲੋਕ ਅਸਮਾਨ ਵਿੱਚ ਰੰਗ ਬਿਰੰਗੀਆਂ ਪਤੰਗਾਂ ਉਡਾਉਂਦੇ ਹਨ। ਨੀਲੇ ਆਸਮਾਨ ਵਿੱਚ ਉੱਡਦੀਆਂ ਅਨੇਕਾਂ ਰੰਗਾਂ ਦੀਆਂ ਪਤੰਗਾਂ ਇੱਕ ਵੱਖਰਾ ਦ੍ਰਿਸ਼ ਪੇਸ਼ ਕਰਦੀਆਂ ਹਨ। ਲੋਕ ਬਸੰਤੀ ਰੰਗ ਦੇ ਕੱਪੜੇ ਪਹਿਨਦੇ ਹਨ। ਘਰਾਂ ਵਿੱਚ ਪੀਲੇ ਰੰਗ ਦੇ ਪਕਵਾਨ ਬਣਾਏ ਜਾਂਦੇ ਹਨ। ਬਸੰਤ ਦੇ ਤਿਉਹਾਰ ਬਾਰੇ 'ਮੇਰਾ ਪਿੰਡ' ਪੁਸਤਕ ਵਿਚੋਂ ਗਿਆਨੀ ਗੁਰਦਿੱਤ ਸਿੰਘ ਦਾ ਵਿਚਾਰ ਹੈ :

> ਬਸੰਤ ਪੰਚਮੀਂ ਨੂੰ ਨੇੜੇ ਤੇ ਦੂਰ ਦਿਆਂ ਧਾਰਮਿਕ ਮੇਲਿਆਂ ਉੱਤੇ ਤੀਵੀਆਂ ਤੇ ਆਦਮੀ ਦੋਵੇਂ ਜਾਦੇ ਹਨ। ਮੇਲਾ ਭਾਵੇਂ ਹੈ ਮੌਸਮੀਂ, ਭੀ ਤਾਂ ਖੇੜੇ ਭਰਿਆ, ਸੁੰਗਧੀਆਂ ਲੁਟਾਉਂਦਾਂ ਹੋਣ ਕਰਕੇ ਰੂਹਾਂ ਨੂੰ ਝੂਮਾਂ ਦਿੰਦਾ ਹੈ।ਉਸ ਰੱਤ ਦੀ ਰਾਣੀ ਬਸੰਤ ਦੀ ਜਿਸ ਦਾ ਹਰ ਪਲ ਪ੍ਰਫੁੱਲਤਾ ਤੇ ਮੌਲਕਿਤਾ ਦੇ ਝੋਕਿਆਂ ਨਾਲ ਰੁੱਖਾਂ ਬਿਰਖਾਂ ਨੂੰ ਹੁਲਸਾਉਦਾ ਹੈ। ਬੰਜਰ ਧਰਤੀ ਦੇ ਟੁਕੜੇ ਵੀ ਆਪਣੇ ਹਿਰਦੇ ਦੇ ਉਲਾਸ ਪ੍ਰਕਿਰਤੀ ਰਾਹੀਂ ਪ੍ਰਗਟ ਕਰਦੇ ਹਨ। ਬਹਾਰ ਦੀ ਰੁੱਤ ਪ੍ਰਾਣੀਆਂ ਨੂੰ ਰੰਗ-ਬਰੰਗੇ ਦ੍ਰਿਸ਼ਾ ਦੇ ਨਜ਼ਾਰਿਆਂ ਨਾਲ ਅਨੰਦਤ ਕਰਦੀ ਹੈ। (193)

ਦੇਸੀ ਮਹੀਨਿਆਂ ਦੇ ਹਿਸਾਬ ਨਾਲ ਫੱਗਣ ਮਹੀਨੇ ਹੋਲੀ ਦਾ ਤਿਉਹਾਰ ਮਨਾਇਆ ਜਾਂਦਾ ਹੈ। ਹੋਲੀ ਦਾ ਤਿਉਹਾਰ ਮੌਸਮੀ ਤਿਉਹਾਰ ਹੈ। ਪੰਜਾਬ ਸਮੇਤ ਪੂਰੇ ਭਾਰਤ ਵਿੱਚ ਇਸ ਨੂੰ ਬੜੇ ਉਤਸ਼ਾਹ ਨਾਲ ਮਨਾਇਆ ਜਾਂਦਾ ਹੈ। ਹੋਲੀ ਦਾ ਤਿਉਹਾਰ ਬਸੰਤ ਤੋਂ ਚਾਲੀ ਦਿਨ ਬਾਅਦ ਮਨਾਇਆ ਜਾਂਦਾ ਹੈ। ਹੋਲੀ ਦੇ ਤਿਉਹਾਰ ਨਾਲ ਅਨੇਕਾਂ ਮਿਥਿਹਾਸਿਕ ਘਟਨਾਵਾਂ ਜੁੜੀਆਂ ਹੋਈਆਂ ਹਨ। ਪ੍ਰਹਿਲਾਦ ਭਗਤ ਅਤੇ ਹੋਲਿਕਾ ਦੀ ਘਟਨਾ ਨੂੰ ਇਸ ਨਾਲ ਜੋੜ ਕੇ ਇਹ ਤਿਉਹਾਰ ਮਨਾਇਆ ਜਾਂਦਾ ਹੈ। ਮਥੁਰਾ ਵਿਖੇ ਬ੍ਰਿਜ ਭੂਮੀ ਤੇ ਵੀ ਇਹ ਤਿਉਹਾਰ ਬੜੀ ਉਤਸੁਕਤਾ ਨਾਲ ਮਨਾਇਆ ਜਾਂਦਾ ਹੈ। ਦਸਵੀਂ ਪਾਤਸ਼ਾਹੀ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਖਾਲਸੇ ਦੀ ਧਰਤੀ ਸ੍ਰੀ ਆਨੰਦਪੁਰ ਸਾਹਿਬ ਵਿਖੇ ਹੋਲੀ ਮਨਾਉਣ ਦੀ ਰਵਾਇਤ ਸ਼ੁਰੂ ਕੀਤੀ, ਇਸ ਕਰਕੇ ਸ੍ਰੀ ਆਨੰਦਪੁਰ ਸਾਹਿਬ ਵਿਖੇ ਹੋਲੀ ਵਾਲੇ ਦਿਨ ਤੋਂ ਲਗਾਤਾਰ ਛੇ ਦਿਨ ਤੱਕ ਹੋਲਾ-ਮਹੱਲਾ ਲਗਦਾ ਹੈ।

'ਮੇਰਾ ਪਿੰਡ' ਪੁਸਤਕ ਦਾ ਅਧਿਐਨ ਕੀਤਿਆਂ ਪਤਾ ਚਲਦਾ ਹੈ ਕਿ ਵਿਸ਼ਵੀਕਰਨ ਦੇ ਦੌਰ ਤੋਂ ਪਹਿਲਾਂ ਮਨਾਏ ਜਾਂਦੇ ਉਪਰੋਕਤ ਤਿੱਥ ਤਿਉਹਾਰਾਂ ਤੋਂ ਇਲਾਵਾ ਵਰਤ, ਗੁਰਪੁਰਬ, ਮੁਸਲਮਾਨਾਂ ਦੇ ਤਿਓਹਾਰ ਈਦ ਤੇ ਬਕਰੀਦ ਆਦਿ ਵੀ ਆਉਂਦੇ ਹਨ। ਇਹ ਤਿਉਹਾਰ ਜਿਥੇ ਧਾਰਮਿਕ ਆਸਥਾ ਰੱਖਦੇ ਹਨ ਅਤੇ ਲੋਕਧਾਰਾ ਦੀ ਵੰਨਗੀ ਨੂੰ ਪੇਸ਼ ਕਰਦੇ ਹਨ, ਉੱਥੇ ਇਹ ਲੋਕਾਂ ਲਈ ਬਦਲਵੇਂ ਭੋਜਨ, ਅਕੇਵੇਂ, ਥਕੇਵੇਂ ਨੂੰ ਦੂਰ ਕਰਕੇ ਜ਼ਿੰਦਗੀ ਨੂੰ ਤਰੋ ਤਾਜ਼ਾ ਕਰਨ ਵਿੱਚ ਵੀ ਸਹਾਈ ਹੁੰਦੇ ਰਹੇ ਹਨ।

ਹੱਥਲੇ ਅਧਿਆਇ ਵਿਚ ਅਧਿਐਨ ਅਧੀਨ ਦੂਜੀ ਪੁਸਤਕ 'ਪੰਜਾਬ ਦੇ ਲੋਕ ਗੀਤ' ਦਾ ਅਧਿਐਨ ਕੀਤਿਆਂ ਪਤਾ ਚਲਦਾ ਹੈ ਕਿ ਡਾ.ਐੱਮ. ਐੱਸ. ਰੰਧਾਵਾ ਨੇ ਵੀ ਤਿਉਹਾਰਾਂ ਬਾਰੇ ਇਸ ਪੁਸਤਕ ਵਿੱਚ ਜਾਣਕਾਰੀ ਦਿੱਤੀ ਹੈ। ਵਿਸ਼ਵੀਕਰਨ ਦੇ ਦੌਰ ਤੋਂ ਪਹਿਲਾਂ ਇਹ ਤਿੱਥ ਤਿਉਹਾਰ ਮਨੁੱਖ ਵਿਚ ਅਕੇਵਾਂ ਤੇ ਥਕੇਵਾਂ ਦੂਰ ਕਰਨ ਵਿੱਚ ਸਹਾਈ ਹੁੰਦੇ ਰਹੇ ਹਨ। ਇਸ ਬਾਰੇ ਡਾ. ਐੱਮ. ਐੱਸ. ਰੰਧਾਵਾ ਦਾ ਵਿਚਾਰ ਹੈ:

> ਦਿਨ ਰਾਤ ਦਾ ਕੰਮ ਰੂਹ ਨੂੰ ਮਾਰ ਲੈਂਦਾ ਹੈ, ਮਨ ਛਿੱਥਾ ਪੈ ਜਾਂਦਾ ਹੈ ਤੇ ਜੀਵਨ ਦਾ ਸਵਾਦ ਫਿੱਕਾ। ਅੰਗਾਂ ਦਾ ਥਕੇਵਾਂ ਤੇ ਸੌਣ ਨਾਲ ਲੱਥ ਜਾਂਦਾ ਹੈ, ਜਾਂ ਰੋਜ਼ ਕੰਮ ਨੂੰ ਹਿੱਲ ਕੇ ਅੰਗ ਥਕੇਵਾਂ ਮੰਨਦੇ ਹੀ ਨਹੀਂ। ਪਰ ਦਿਲ ਹੌਲੀ-ਹੌਲੀ ਬੁਝਦਾ ਜਾਂਦਾ ਹੈ, ਇਹ ਮਨ ਦਾ ਥਕੇਵਾਂ ਲਾਹੁਣ ਲਈ ਦਿਨ ਤਿਉਹਾਰ ਆਉਂਦੇ ਹਨ। ਜਦੋਂ ਬੰਦਾ ਆਪਣੇ ਆਪ ਨੂੰ ਰੋਜ਼ ਦੇ ਕੰਮਾਂ ਕਾਰਾਂ ਨਾਲੋਂ ਤੋੜ ਲੈਂਦਾ ਹੈ। ਮੇਲੇ ਲੱਗਦੇ ਹਨ, ਘਰ ਵਿੱਚ ਚੰਗਾ ਚੋਖਾ ਕੁਝ ਬਣਾਇਆ ਜਾਂਦਾ ਹੈ, ਗਾਇਆ ਤੇ ਨੱਚਿਆ ਜਾਂਦਾ ਹੈ ਤੇ ਇਸ ਤਰ੍ਹਾਂ ਜੀਵਨ ਲਈ ਮਰ ਰਹੇ ਸੁਆਦ ਨੂੰ ਸੁਰਜੀਤ ਕੀਤਾ ਜਾਂਦਾ ਹੈ, ਥਕੇਵਾਂ ਲੱਥ ਜਾਂਦਾ ਹੈ ਤੇ ਲੋਕ ਨਵਿਓਂ ਸਿਰਿਓਂ ਦੂਣੇ ਚੌਣੇ ਉਤਸ਼ਾਹ ਨਾਲ ਕੰਮ ਵਿੱਚ ਜੁੱਟ ਜਾਂਦੇ ਹਨ। (381)

ਪੰਜਾਬ ਦੇ ਲੋਕ ਗੀਤ ਪੁਸਤਕ ਦਾ ਅਧਿਐਨ ਕੀਤਿਆਂ ਪਤਾ ਚਲਦਾ ਹੈ ਕਿ ਲੇਖਕ ਨੇ ਹਰੇਕ ਤਿਉਹਾਰ ਦੀ ਅਹਿਮੀਅਤ ਨੂੰ ਲੋਕ ਗੀਤਾਂ ਰਾਹੀਂ ਪੇਸ਼ ਕੀਤੀ ਹੈ। ਇਸ ਪੁਸਤਕ ਵਿਚੋਂ ਵੱਖ ਵੱਖ ਤਿਉਹਾਰਾਂ ਨਾਲ ਸਬੰਧਤ ਗੀਤਾਂ ਦੀਆਂ ਕੁਝ ਵੰਨਗੀਆਂ ਪੇਸ਼ ਹਨ:-

ਤੀਆਂ ਦੇ ਤਿਉਹਾਰ ਬਾਰੇ :-

ਰਲ ਆਓ ਸਈਓ ਨੀਂ ਸਭੇ ਤੀਆਂ ਖੇਡਣ ਜਾਈਏ।

ਹੁਣ ਆ ਗਿਆ ਸਾਵਣ ਨੀਂ ਪੀਂਘਾਂ ਪਿੱਪਲੀਂ ਜਾ ਕੇ ਪਾਈਏ।

ਪਈ ਕੂ ਕੂ ਕਰਦੀ ਨੀ ਸਈਓ ਕੋਇਲ ਹੰਝੂ ਡੋਲ੍ਹੇ।

ਪਪੀਹਾ ਵੇਖੋ ਨੀਂ ਭੈੜਾ ਪੀਆ ਪੀਆ ਬੋਲੇ।

ਲੈ ਪੈਲ਼ਾਂ ਪਾਂਦੇ ਨੀਂ ਬਾਗੀਂ ਮੋਰਾਂ ਸ਼ੋਰ ਮਚਾਇਆ।

ਅਨੀ ਖਿੜ ਖਿੜ ਫੁੱਲਾ ਨੇ ਸਾਨੂੰ ਮਾਹੀਆ ਯਾਦ ਕਰਾਇਆ । (385)

ਲੋਹੜੀ ਦੇ ਤਿਉਹਾਰ ਬਾਰੇ:-

ਲੋਹੜੀ ਏ ਬਈ ਲੋਹੜੀ ਏ।

ਕਲਮਦਾਨ ਵਿੱਚ ਘਿਉ,

ਜੀਵੇ ਮੁੰਡੇ ਦਾ ਪਿਉ।

ਕਲਮਦਾਨ ਵਿੱਚ ਕਾਂ,

ਜੀਵੇ ਮੁੰਡੇ ਦੀ ਮਾਂ।

ਕਲਮ ਦਾਨ ਵਿਚ ਕਾਨਾ,

ਜੀਵੇ ਮੁੰਡੇ ਦਾ ਨਾਨਾ।

ਕਲਮਦਾਨ ਵਿੱਚ ਕਾਨੀ,

ਜੀਵੇ ਮੁੰਡੇ ਦੀ ਨਾਨੀ। (389-390)

ਪੰਜਾਬ ਦੇ ਲੋਕ ਗੀਤ ਪੁਸਤਕ ਦਾ ਅਧਿਐਨ ਕੀਤਿਆਂ ਪਤਾ ਚਲਦਾ ਹੈ ਕਿ ਡਾ. ਐੱਮ. ਐੱਸ. ਰੰਧਾਵਾ ਨੇ 'ਹੋਲੀ ਦੀ ਬਹਾਰ ਧਰਤੀ ਤੇ ਡੁੱਲ੍ਹੀ ਏ' ਲੋਕ ਗੀਤ ਰਾਹੀਂ ਪੰਜਾਬ ਦੇ ਵੱਖ-ਵੱਖ ਤਿਉਹਾਰਾਂ ਦਾ ਜ਼ਿਕਰ ਕੀਤਾ ਹੈ।

ਵਿਸਾਖੀ ਦੇ ਮਹੀਨੇ ਜੀ ਵਿਸਾਖੀ ਆਈ .

ਤੂੰ ਪਰਦੇਸ ਜੀ ਉਦਾਸੀ ਛਾਈ।

ਜੇਠ ਘੋੜਾ ਹੇਠ ਧੁੱਪਾਂ ਪੈਣ ਬੁਲਾਈ,

ਜੀ ਲਾਲ ਦੰਮਾਂ ਦਿਆ ਲੋਬੀਆ ਪਰਦੇਸ ਨਾ ਜਾਈਂ ।

ਸਾਉਣ ਦੇ ਮਹੀਨੇ ਮੀਂਹ ਰਿਮ ਝਿਮ ਕਣੀਆਂ,

ਬੋਹੜਾਂ ਉੱਤੇ ਪੀਂਘਾਂ ਅਸਮਾਨੀ ਚੜ੍ਹੀਆਂ।

ਭਾਦੋਂ ਦੇ ਮਹੀਨੇ ਜੀ ਪਪੀਹਾ ਬੋਲੇ,

ਤੂੰ ਹੀ ਪਰਦੇਸ ਮੇਰਾ ਜਿਊੜਾ ਡੋਲੇ।

ਅੱਸੂ ਦੇ ਮਹੀਨੇ ਜੀ ਸ਼ਰਾਧ ਆਏ,

ਨਿੱਖਰੀਆਂ ਰਾਤਾਂ ਲੋਹੜੇ ਤਾਰਿਆਂ ਨੇ ਪਾਏ।

ਕੱਤਕ ਦੇ ਮਹੀਨੇ ਜੀ ਦੀਵਾਲੀ ਆਈ,

ਜਿਨ੍ਹਾਂ ਘਰ ਮਾਹੀ ਨੀ ਉਨ੍ਹਾਂ ਕੀਤੀ ਹੈ ਕੜਾਹੀ।

ਮੱਘਰ ਮਹੀਨੇ ਜੀ ਮੈਂ ਧਾਰ ਕੱਢਦੀ,

ਸੱਸ ਮੇਰੀ ਮੈਨੂੰ ਨਿੱਤ ਗਾਲ੍ਹਾਂ ਕੱਢਦੀ।

ਪੋਹ ਦੇ ਮਹੀਨੇ ਮੈਂ ਦੋ ਲੇਫ ਜੀ ਰੰਗਾਏ,

ਜਿਨ੍ਹਾਂ ਘਰ ਢੋਲ ਉਨ੍ਹਾਂ ਰੱਜ ਜੀ ਹੰਢਾਏ।

ਮਾਘ ਦੇ ਮਹੀਨੇ ਜੀ ਇਸ਼ਨਾਨ ਕਰਦੀ,

ਮੋਤੀਆਂ ਦੇ ਥਾਲ ਹੱਥੋਂ ਦਾਨ ਕਰਦੀ।

ਫੱਗਣ ਦੇ ਮਹੀਨੇ ਸਰ੍ਹੋਂ ਖੇਤੀ ਫੁੱਲੀ ਏ,

ਹੋਲੀ ਦੀ ਬਹਾਰ ਧਰਤੀ ਤੇ ਡੁੱਲ੍ਹੀ ਏ।

ਚੇਤ ਦੇ ਮਹੀਨੇ ਆਏ ਜੀ ਨਰਾਤੇ ,

ਸੁੰਨੀ ਪਈ ਸੇਜ ਘਰ ਆਈ ਆਪੇ। (394-395)

ਪੰਜਾਬ ਦੇ ਲੋਕ ਗੀਤ ਪੁਸਤਕ ਵਿੱਚ ਡਾ.ਐੱਮ. ਐੱਸ. ਰੰਧਾਵਾ ਨੇ ਤੀਆਂ, ਲੋਹੜੀ ਤੇ ਵਿਸਾਖੀ ਆਦਿ ਤਿਉਹਾਰਾਂ ਦਾ ਜ਼ਿਕਰ ਕਰਦਿਆਂ ਦਰਸਾਇਆ ਹੈ ਕਿ ਜਿੱਥੇ ਵਿਸਾਖੀ ਤੇ ਲੋਹੜੀ ਇਕ ਇਕ ਦਿਨ ਚਲਦੇ ਹਨ, ਉੱਥੇ ਤੀਆਂ ਦਾ ਤਿਉਹਾਰ ਕੁਝ ਦਿਨਾਂ ਤੱਕ ਚੱਲਦਾ ਹੈ। ਅਧਿਐਨ ਕੀਤਿਆਂ ਪਤਾ ਚਲਦਾ ਹੈ ਕਿ ਉਪਰੋਕਤ ਦਰਸਾਏ ਤਿੱਥ ਤਿਉਹਾਰ ਵਿਸ਼ਵੀਕਰਨ ਦੇ ਦੌਰ ਤੋਂ ਪਹਿਲਾਂ ਦੀਆਂ ਵੰਨਗੀਆਂ ਨੂੰ ਪੇਸ਼ ਕਰਦੇ ਹਨ ਕਿਵੇਂ ਇਨ੍ਹਾਂ ਨੂੰ ਲੋਕ ਮਨਾ ਕੇ ਆਪਣੀ ਮਾਨਸਿਕ ਥਕਾਵਟ ਦੂਰ ਕਰਦੇ ਸਨ ਅਤੇ ਇਨ੍ਹਾਂ ਤਿੱਥ ਤਿਉਹਾਰਾਂ ਰਾਹੀਂ ਆਪਣੇ ਜੀਵਨ ਦੇ ਮਰ ਰਹੇ ਸੁਆਦ ਨੂੰ ਮੁੜ ਸੁਰਜੀਤ ਕਰ ਲੈਂਦੇ ਸਨ।

## II

ਅਜੋਕਾ ਯੁੱਗ ਵਿਗਿਆਨ, ਤਕਨਾਲੋਜੀ ਅਤੇ ਮੰਡੀ ਦਾ ਯੁੱਗ ਹੈ। ਅਜੋਕੇ ਦੌਰ ਵਿੱਚ ਪੰਜਾਬੀ ਸੱਭਿਆਚਾਰ ਪੂਰੀ ਦੁਨੀਆਂ ਵਿੱਚ ਆਪਣੀ ਵੱਖਰੀ ਪਹਿਚਾਣ ਬਣਾ ਚੁੱਕਾ ਹੈ। ਪੰਜਾਬੀਆਂ ਬਾਰੇ ਕਿਹਾ ਜਾਂਦਾ ਹੈ ਕਿ ਇਹ ਜਿੱਥੇ ਵੀ ਜਾ ਵੱਸਦੇ ਹਨ, ਉੱਥੇ ਆਪਣੀ ਵੱਖਰੀ ਪਛਾਣ ਬਣਾ ਲੈਂਦੇ ਹਨ। ਇਸ ਕਰਕੇ ਪੰਜਾਬੀ

ਜਿੱਥੇ ਵੀ ਗਏ, ਉੱਥੇ ਆਪਣੇ ਰੀਤੀ ਰਿਵਾਜ਼ਾਂ ਅਤੇ ਤਿਉਹਾਰਾਂ ਨੂੰ ਕਿਸੇ ਨਾ ਕਿਸੇ ਰੂਪ ਵਿੱਚ ਨਾਲ ਲੈ ਕੇ ਗਏ। ਹੁਣ ਮੰਡੀਕਰਨ ਦਾ ਦੌਰ ਹੋਣ ਕਰਕੇ , ਇਸ ਨੇ ਸਾਡੇ ਤਿਉਹਾਰ ਵਿੱਚ ਭਾਰੀ ਬਦਲਾਵ ਪੈਦਾ ਕੀਤਾ ਹੈ। ਬੇਸ਼ੱਕ ਤਿਉਹਾਰ ਦੀ ਮੂਲ ਧਾਰਨਾ ਪਹਿਲਾਂ ਵਾਲੀ ਹੀ ਕੰਮ ਕਰ ਰਹੀ ਹੈ, ਪਰ ਸਮੇਂ ਦੇ ਬਦਲਾਵ ਵਿੱਚ ਇਹਨਾਂ ਤਿਉਹਾਰਾਂ ਨੂੰ ਮਨਾਉਣ ਦਾ ਢੰਗ ਤਰੀਕਾ ਵੀ ਬਦਲ ਚੁੱਕਿਆ ਹੈ। ਅਜੋਕੇ ਦੌਰ ਵਿੱਚ ਹਰ ਤਿਉਹਾਰ ਨੂੰ ਮਨਾਉਣ ਵਿੱਚ ਰੁਚੀ ਪਹਿਲਾਂ ਨਾਲੋਂ ਵੀ ਜਿਆਦਾ ਹੋਈ ਹੈ। ਇਸ ਦਾ ਵੱਡਾ ਕਾਰਨ ਵਿਸ਼ਵੀਕਰਨ ਦੇ ਦੌਰ ਵਿੱਚ ਮੰਡੀਕਰਨ ਦੀ ਵਿਵਸਥਾ ਨਾਲ ਜੋੜਿਆ ਜਾਂਦਾ ਹੈ ਹਰ ਤਿਉਹਾਰ ਵੇਲੇ ਬਜ਼ਾਰਾਂ ਵਿੱਚ ਅਨੇਕਾਂ ਹੀ ਆਫਰਾਂ ਦਿੱਤੀਆਂ ਜਾਂਦੀਆਂ ਹਨ, ਲੋਕਾਂ ਨੂੰ ਸਮਾਨ ਖਰੀਦਣ ਲਈ ਮਜ਼ਬੂਰ ਕੀਤਾ ਜਾਂਦਾ ਹੈ, ਲੋਕਾਂ ਦਾ ਧਿਆਨ ਤਿਉਹਾਰਾਂ ਨਾਲੋਂ ਹੱਟ ਕੇ ਬਜ਼ਾਰ ਵਿੱਤ ਪਈਆਂ ਵਸਤਾਂ ਵੱਲ ਨੂੰ ਵਧੇਰੇ ਵੱਧ ਗਿਆ ਹੈ। ਵਿਸ਼ਵੀਕਰਨ ਦੇ ਦੌਰ ਵਿੱਚ ਇਹਨਾਂ ਵਿੱਚ ਵੀ ਭਾਰੀ ਬਦਲਾਵ ਹੋਇਆ।

ਅਜੋਕੇ ਵਿਸ਼ਵੀਕਰਨ ਦੇ ਦੌਰ ਵਿੱਚ ਹਰ ਤਿਉਹਾਰ ਨੂੰ ਮਨਾਉਣ ਦਾ ਢੰਗ ਤਰੀਕਾ ਬਦਲ ਚੁੱਕਾ ਹੈ। ਵਿਸ਼ਵੀਕਰਨ ਦੇ ਸਮੇਂ ਵਿੱਚ ਹਰ ਵਸਤ ਦਾ ਮੰਡੀਕਰਨ ਹੋਇਆ ਹੈ। ਇਸ ਮੰਡੀਕਰਨ ਦੀ ਭਾਵਨੇ ਨੇ ਹਰ ਵਿਅਕਤੀ ਦੀ ਮਾਨਸਿਕਤਾ ਬਦਲੀ ਹੈ ਅਤੇ ਉਸ ਨੂੰ ਲਾਲਚੀ ਅਤੇ ਖਰਚੀਲਾ ਬਣਾ ਦਿੱਤਾ ਹੈ। ਹੁਣ ਦੇ ਦੌਰ ਵਿੱਚ ਫਸਲੀ ਚੱਕਰ ਵੱਧ ਗਿਆ ਹੈ। ਜਿੱਥੇ ਪਹਿਲਾਂ ਸਾਲ ਵਿੱਚ ਦੋ ਫਸਲਾਂ ਹਾੜੀ ਤੇ ਸਾਉਣੀ ਹੀ ਤਿਆਰ ਕੀਤੀਆਂ ਜਾਂਦੀਆਂ ਹਨ। ਹਰੀ-ਕ੍ਰਾਂਤੀ ਤੋਂ ਬਾਅਦ ਖਾਦਾਂ, ਕੀਟ-ਨਾਸ਼ਕਾਂ ਅਤੇ ਹਾਈਬ੍ਰੈਡ ਬੀਜਾਂ ਦਾ ਰੁਝਾਨ ਵਧਿਆ ਹੈ, ਸਿੰਚਾਈ ਦੇ ਸਾਧਨ ਵਿਕਸਿਤ ਹੋਏ ਹਨ, ਪਾਣੀ ਮੁਹੱਈਆ ਕਰਵਾਉਣ ਲਈ ਥਾਂ-ਥਾਂ ਤੇ ਟਿਊਬਵੈੱਲ ਲੱਗ ਗਏ ਹਨ। ਹੁਣ ਦਾ ਕਿਸਾਨ ਮੁਨਾਫੇ ਦੀ ਲਾਲਸਾ ਹਿੱਤ ਜਮੀਨ ਨੂੰ ਸਾਹ ਨਹੀਂ ਆਉਣ ਦਿੰਦਾ। ਇਹੋ ਜਿਹੇ ਵਕਤ ਵਿੱਚ ਨਵਾਂ ਅੰਨ ਕਰਨ ਦੀ ਫੁਰਸੱਤ ਹੀ ਨਹੀਂ ਰਹੀ। ਹੁਣ ਹਰ ਤਿਉਹਾਰ ਨੂੰ ਅੰਗਰੇਜੀ ਵਰ੍ਹੇ ਮੁਤਾਬਿਕ ਮਨਾਇਆ ਜਾਂਦਾ ਹੈ। ਬੇਸ਼ੱਕ ਨਵਾਂ ਸੰਮਤ ਵੀ ਚੇਤ ਦੀ ਏਕਮ ਨੂੰ ਮਨਾਇਆ ਜਾਂਦਾ ਹੈ ਪਰ ਪਹਿਲਾਂ ਦੀ ਤਰ੍ਹਾਂ ਘਰਾਂ ਵਿੱਚ ਰਿੰਨ ਕੇ ਅਨਾਜ ਨਹੀਂ ਖਾਧਾ ਜਾਂਦਾ, ਸਗੋਂ ਬਜ਼ਾਰ ਵਿੱਚ ਭਾਂਤ-ਭਾਂਤ ਦੀਆਂ ਸੌਗਾਤਾਂ ਲਿਆ ਕੇ ਖਾਧੀਆਂ ਜਾਂਦੀਆਂ ਹਨ। ਅਜੋਕੇ ਤਿਉਹਾਰ ਵੇਲੇ ਤੋਹਫੇ ਵਜੋਂ ਮਿਠਾਈਆਂ ਵੰਡੀਆਂ ਜਾਂਦੀਆਂ ਹਨ। ਪੇਂਡੂ ਸੌਗਾਤਾਂ ਨੂੰ ਲੋਕ ਮਨੋ ਵਿਸਾਰ ਰਹੇ ਹਨ। ਇੱਥੇ ਆ ਕੇ ਲੋਕਾਂ ਦੇ

ਚੇਤਿਆਂ ਵਿੱਚੋਂ ਇਹੋ ਜਿਹੇ ਅਹਿਮ ਤਿਉਹਾਰ ਦਾ ਮੂਲ ਵਿਸਰ ਰਿਹਾ ਹੈ ਅਤੇ ਨਵੀਆਂ ਰੀਤਾਂ ਦਾ ਆਗਾਜ਼ ਹੋ ਰਿਹਾ ਹੈ।

ਵਿਸ਼ਵੀਕਰਨ ਦੇ ਦੌਰ ਵਿੱਚ ਅੰਨ ਨਵ੍ਹਾਂ ਕਰਨ ਵਰਗੇ ਮੂਲ ਤਿਉਹਾਰਾਂ ਨੂੰ ਲੋਕ ਵਿਸਾਰ ਚੁੱਕੇ ਹਨ। ਹੁਣ ਮਸ਼ੀਨੀ ਯੁੱਗ ਹੋਣ ਕਰਕੇ, ਕਣਕਾਂ ਦੀ ਵਾਢੀ ਮਹੀਨਿਆਂ ਤੱਕ ਨਹੀਂ ਚਲਦੀ, ਕੁੱਝ ਹੀ ਦਿਨਾਂ ਅਤੇ ਘੰਟਿਆਂ ਤੱਕ ਸੀਮਿਤ ਰਹਿ ਗਈ ਹੈ। ਪਹਿਲਾਂ ਵਾਲੀ ਸਾਂਝ ਮਹੁੱਬਤ ਨਹੀਂ ਰਹੀ। ਹਰ ਕਿਸਾਨ ਆਪਣੇ ਬਲਬੂਤੇ ਤੇ ਕੰਮ ਨੂੰ ਨਿਪਟਾਉਣ ਦਾ ਮਾਦਾ ਰੱਖਦਾ ਹੈ।

ਵਿਸ਼ਵੀਕਰਨ ਦੇ ਦੌਰ ਵਿਚ ਵਿਸਾਖੀ ਦੇ ਤਿਉਹਾਰ ਵਿਚ ਵੀ ਬਦਲਾਵ ਆਇਆ ਹੈ । ਜਿੱਥੇ ਪਹਿਲਾਂ ਵਿਸਾਖੀ ਨਹਾਉਣ ਲਈ ਪੈਦਲ ਜਾਂ ਬੈਲ-ਗੱਡੀਆਂ ਤੇ ਜਾਇਆ ਕਰਦੇ ਸਨ, ਹੁਣ ਲੋਕ ਆਪੋ-ਆਪਣੇ ਸਾਧਨਾਂ ਤੇ ਇੱਕਲੇ ਕਹਿਰੇ ਹੀ ਪਹੁੰਚ ਜਾਂਦੇ ਹਨ। ਘਰਾਂ ਵਿੱਚ ਤਿਆਰ ਪਕਵਾਨ ਵਾਲਾ ਦੌਰ ਹੁਣ ਨਹੀਂ ਰਿਹਾ, ਸਭ ਕੁੱਝ ਤਿਆਰ ਕੀਤਾ ਕਰਾਇਆ ਮਾਰਕੀਟ ਵਿੱਚੋਂ ਮਿਲ ਜਾਂਦਾ ਹੈ। ਪਹਿਲੇ ਸਮਿਆਂ ਵਿੱਚ ਇਸ ਤਿਉਹਾਰ ਤੇ ਗੱਭਰੂਆਂ ਦੀਆਂ ਨੱਚਦੀਆਂ ਟੋਲੀਆਂ ਹੁਣ ਪ੍ਰੋਫੈਸ਼ਨਲ ਹੋ ਗਈਆਂ ਹਨ। ਇਸ ਤਿਉਹਾਰ ਨਾਲ ਸੰਬੰਧਿਤ ਇੱਕ ਗੱਲ ਅਜੋਕੇ ਦੌਰ ਵਿੱਚ ਹੋਰ ਵੀ ਨਜ਼ਰ ਆ ਰਹੀ ਹੈ ਕਿ ਅਜੋਕਾ ਕਿਸਾਨ ਪੱਕੀ ਕਣਕ ਨੂੰ ਵੇਖ ਕੇ ਨੱਚਦਾ ਗਾਉਂਦਾ ਘੱਟ ਹੈ, ਪਰ ਘਬਰਾਉਂਦਾ ਜਿਆਦਾ ਹੈ, ਕਿਉਂਕਿ ਉਸ ਸਿਰ ਕਰਜੇ ਦੀਆਂ ਅਨੇਕਾਂ ਪੰਡਾਂ ਪਈਆਂ ਹੋਈਆਂ ਹਨ।'ਬਦਲ ਗਿਆ ਮੇਰਾ ਪਿੰਡ' ਪੁਸਤਕ ਵਿਚੋਂ ਪਰਮਜੀਤ ਕੌਰ ਸਰਹਿੰਦ ਦਾ ਵਿਚਾਰ ਹੈ:

> ਅਜੋਕੇ ਸਮੇਂ ਬੈਂਕਾਂ ਤੋਂ ਲਏ ਕਰਜ਼ੇ ਜੱਟ ਨੂੰ ਖੰਗੂਰੇ ਮਾਰਨ ਜੋਗੇ ਵੀ ਨਹੀਂ ਛੱਡਦੇ। ਮਹਿੰਗੀਆਂ ਖਾਦਾਂ ਅਤੇ ਕੀਟਨਾਸ਼ਕ ਦਵਾਈਆਂ ਨੇ ਕਿਸਾਨ ਦਾ ਲੱਕ ਤੋੜ ਦਿੱਤਾ ਹੈ। ਅੱਜ ਜੱਟ ਦੇ ਖਰਚੇ ਕਣਕਾਂ ਦੇ ਸਿਰੋਂ ਪੂਰੇ ਨਹੀਂ ਹੁੰਦੇ, ਕਿਉਂਕਿ ਉਸ ਨੇ ਦਿਖਾਵੇ ਦੀ ਭਾਵਨਾ ਵਿੱਚ ਉਲਝ ਕੇ ਖਰਚੇ ਵਧਾ ਲਏ ਹਨ। ਵਿਸਾਖੀ ਦਾ ਮਹੱਤਵ ਸ਼ਹਿਰੀਆਂ ਨਾਲੋਂ ਪੇਂਡੂ ਲੋਕਾਂ ਲਈ ਜ਼ਿਆਦਾ ਅਰਥ ਰੱਖਦਾ ਸੀ, ਪਰ ਹੁਣ ਇਸ ਗੱਲ ਦਾ ਬਹੁਤਾ ਫਰਕ ਨਹੀਂ ਰਿਹਾ। (340)

ਵਿਸਾਖੀ ਪੰਜਾਬੀਆਂ ਦਾ ਖਾਸ ਤਿਉਹਾਰ ਹੋਣ ਕਰਕੇ ਅੱਜ ਵੀ ਬਦਲਵੇਂ ਰੂਪ ਵਿੱਚ ਪਿੰਡਾਂ ਦੇ ਨਾਲ-ਨਾਲ ਸ਼ਹਿਰਾਂ ਵਿੱਚ ਵੀ ਮਨਾਇਆ ਜਾਂਦਾ ਹੈ। ਬਦਲਵੇਂ ਰੂਪ ਵਿੱਚ ਇਸ ਤਿਉਹਾਰ ਤੇ ਵੀ ਵਿਸ਼ਵੀਕਰਨ ਦੀ ਪਾਣ ਚੜ੍ਹੀ ਹੋਈ ਹੈ।

ਜੇਠ ਮਹੀਨੇ ਵਰਦ੍ਹੀਆਂ ਲੂਆਂ ਵਿਚ ਨਿਮਾਣੀ ਕਾਰਸੀ ਦਾ ਤਉਿਹਾਰ ਵੀ ਪਹਿਲਾਂ ਵਰਗਾ ਨਹੀਂ ਰਿਹਾ। ਅਧਿਐਨ ਕੀਤਿਆ ਪਤਾ ਚਲਦਾ ਹੈ ਕਿ ਵਿਸ਼ਵੀਕਰਨ ਦੇ ਦੌਰ ਵਿੱਚ ਜ਼ਿੰਦਗੀ ਮਸ਼ੀਨ ਦੀ ਤਰ੍ਹਾਂ ਬਣ ਗਈ ਹੈ, ਵਿਖਾਵੇ ਦੀ ਭਾਵਨਾ ਵਧੀ ਹੈ। ਇਸ ਤਿਉਹਾਰ ਵਿੱਚ ਬਦਲਾਵ ਹੋਇਆ ਹੈ। ਪਿੰਡਾਂ ਵਿੱਚੋਂ ਛਬੀਲਾਂ ਨਿਕਲ ਕੇ ਵੱਡੇ-ਵੱਡੇ ਜੀ.ਟੀ. ਰੋਡਾਂ ਤੇ ਆ ਗਈਆਂ ਹਨ, ਦੇਸੀ ਸ਼ੱਕਰ, ਖੰਡ ਅਤੇ ਸਵਾਦ ਹਿੱਤ ਕਈ ਤਰਾਂ ਦੀਆਂ ਠੰਡਾਈਆਂ ਦੀ ਵਰਤੋਂ ਕੀਤੀ ਜਾਂਦੀ ਹੈ। 'ਬਦਲ ਗਿਆ ਮੇਰਾ ਪਿੰਡ' ਪੁਸਤਕ ਵਿਚ ਦਰਜ ਪਾਠ 'ਪਿੰਡ ਦੇ ਤੀਜ ਤਿਉਹਾਰ' ਵਿਚ ਪਰਮਜੀਤ ਕੌਰ ਸਰਹਿੰਦ ਨੇ ਨਿਮਾਣੀ ਕਾਰਸੀ ਦੇ ਬਦਲਦੇ ਰੂਪ ਬਾਰੇ ਲਿਖਿਆ ਹੈ :

> ਅਜੋਕੇ ਸਮੇਂ ਵਿੱਚ ਸਾਰੇ ਪਿੰਡਾਂ ਦੇ ਲੋਕ ਛਬੀਲਾਂ ਨਹੀਂ ਲਾਉਂਦੇ । ਟਾਵੇਂ-ਟਾਵੇਂ ਪਿੰਡਾਂ ਵਿੱਚ ਇਹ ਉੱਦਮ ਕਰਦੇ ਹਨ। ਕੱਚੀ ਲੱਸੀ ਦੀ ਥਾਂ 'ਰੂਹ ਆਫ਼ਜ਼ਾ' ਜਾਂ ਕੋਈ ਹੋਰ ਸ਼ਰਬਤ ਵੀ ਬਣਾ ਲਿਆ ਜਾਂਦਾ ਹੈ। ਹੁਣ ਸ਼ੱਕਰ ਨਹੀਂ ਬਲਕਿ ਪਿੰਡੋਂ ਮੁੰਡੇ-ਖੁੰਡੇ ਪੈਸੇ ਇੱਕਠੇ ਕਰ ਲੈਂਦੇ ਹਨ। ਉਹ ਚੀਨੀ ਸ਼ਰਬਤ ਅਤੇ ਬਰਫ਼ ਦੀਆਂ ਸਿੱਲਾਂ ਲਿਆ ਰੱਖਦੇ ਹਨ ਤੇ ਇੱਕਠੇ ਹੋ ਕੇ ਪਿੰਡ ਨੇੜਲੀ ਕਿਸੇ ਮੁੱਖ ਸੜਕ ਉੱਤੇ ਛਬੀਲ ਲਾ ਲੈਂਦੇ ਹਨ। ਕੁੱਝ ਪਿੰਡਾਂ ਵਿੱਚ ਕਾਲੇ ਛੋਲੇ ਉਬਾਲ ਕੇ ਲੂਣ ਵਾਲੀਆ ਬੱਕਲੀਆਂ ਵੀ ਠੰਢੇ-ਮਿੱਠੇ ਜਲ ਨਾਲ ਵਰਤਾਈਆਂ ਜਾਂਦੀਆਂ ਹਨ। (340)

ਹਰੇਕ ਰੁੱਤ ਦੀ ਆਪਣੀ ਮਹੱਤਤਾ ਹੈ, ਨਿਮਾਣੀ ਕਾਰਸੀ ਤਪਦੀ ਰੁੱਤ ਵਿੱਚ ਆਉਂਦਾ ਤਿਉਹਾਰ, ਵਿਸ਼ਵੀਕਰਨ ਤੋਂ ਪਹਿਲੇ ਦੌਰ ਵਿੱਚ ਲੋਕਾਂ ਕੋਲ ਇੰਨੀਆਂ ਸੁੱਖ ਸਹੂਲਤਾਂ ਨਹੀਂ ਸਨ ਹੁੰਦੀਆਂ। ਗਰਮੀ ਤੋਂ ਬਚਣ ਲਈ ਅਨੇਕਾਂ ਹੀ ਤੌਰ-ਤਰੀਕੇ ਵਰਤੇ ਜਾਂਦੇ ਸਨ। ਸਾਡਾ ਰਹਿਣ-ਸਹਿਣ ਤੇ ਖਾਣ-ਪੀਣ ਵੀ ਇਸੇ ਤਰ੍ਹਾਂ ਦਾ ਸੀ। ਤਪਦੀ ਗਰਮੀਂ ਵਿੱਚ ਪਾਣੀ ਦਾ ਸੇਵਨ ਕਰਨ ਦੇ ਨਾਲ-ਨਾਲ ਖਰਬੂਜੇ ਆਦਿ ਵੀ ਵਰਤੇ ਜਾਂਦੇ

ਸਨ। ਇਹ ਵਸਤਾਂ ਗਰਮੀਂ ਤੋਂ ਰਾਹਤ ਦੇਣ ਵਾਲੀਆਂ ਰਹੀਆਂ ਹਨ। ਵਿਸ਼ਵੀਕਰਨ ਦੇ ਦੌਰ ਵਿੱਚ ਹੋਰਨਾਂ ਦੇ ਨਾਲ ਵਿਖਾਵੇ ਦੀ ਭਾਵਨਾ ਵੀ ਵਧੀ ਹੈ। ਹੁਣ ਗਰਮੀਂ ਤੋਂ ਬਚਣ ਲਈ ਫਰਿੱਜ, ਕੂਲਰ, ਏ.ਸੀ. ਦੇ ਨਾਲ-ਨਾਲ ਪੀਣ ਵਾਲੀਆਂ ਵਸਤਾਂ ਵਿੱਚ ਭਾਂਤ-ਭਾਂਤ ਕੰਪਨੀਆਂ ਦੇ ਕੋਲਡ ਡ੍ਰਿੰਕਸ ਅਤੇ ਦੇਸੀ-ਵਿਦੇਸ਼ੀ ਕੰਪਨੀਆਂ ਦੀਆਂ ਠੰਡਾਈਆਂ ਦੀ ਵਰਤੋਂ ਕੀਤੀ ਜਾ ਰਹੀ ਹੈ। ਸਮਾਂ ਬੀਤਣ ਦੇ ਨਾਲ-ਨਾਲ ਅਜੋਕੇ ਦੌਰ ਵਿੱਚ ਇਹ ਤਿਉਹਾਰ ਪਿੰਡਾਂ ਵਿੱਚ ਸਫ਼ਰ ਕਰਦਾ ਵੱਡੇ-ਵੱਡੇ ਜੀ.ਟੀ. ਰੋਡਾਂ ਤੇ ਜਾ ਪਹੁੰਚਿਆ ਹੈ। ਵੱਡੇ ਪੱਧਰ ਤੇ ਦਾਨੀ ਪੁਰਸ਼ਾਂ ਦੀ ਮਦਦ ਨਾਲ ਛਬੀਲ ਦੇ ਨਾਲ ਲੰਗਰ ਵੀ ਵਰਤਾਏ ਜਾਂਦੇ ਹਨ।

ਬਦਲ ਗਿਆ ਮੇਰਾ ਪਿੰਡ ਪੁਸਤਕ ਦਾ ਅਧਿਐਨ ਕੀਤਿਆ ਪਤਾ ਚਲਦਾ ਹੈ ਕਿ ਵਿਸ਼ਵੀਕਰਨ ਦੇ ਦੌਰ ਤੋਂ ਪਹਿਲਾਂ ਦੀਆਂ ਤੀਆ ਵਿਚ ਵੀ ਬਦਲਾਵ ਹੋਇਆ ਹੈ। ਪਿੰਡਾਂ ਦਾ ਮਾਹੌਲ, ਦਿੱਖ ਪਹਿਲਾਂ ਵਰਗੀ ਨਹੀਂ ਰਹੀ, ਹਰ ਵਸਤੂ ਅਤੇ ਹਰ ਇੱਕ ਇਨਸਾਨ ਦੀ ਸੋਚ ਵਿੱਚ ਤਬਦੀਲੀ ਹੋਈ ਹੈ। ਸ਼ਹਿਰਾਂ ਦੀ ਤਰਜ਼ ਤੇ ਪਿੰਡ ਵੀ ਹੁਣ ਸ਼ਹਿਰ ਬਣਦੇ ਜਾ ਰਹੇ ਹਨ, ਸ਼ਹਿਰਾਂ ਵਰਗੀਆਂ ਲੱਗਭਗ ਸਾਰੀਆਂ ਸਹੂਲਤਾਂ ਪਿੰਡਾਂ ਤੱਕ ਪਹੁੰਚ ਗਈਆਂ ਹਨ। ਪਹਿਲੇ ਸਮਿਆਂ ਵਿੱਚ, ਪਿੰਡਾਂ ਵਿਚ ਜਿੱਥੇ ਪਹਿਲਾਂ ਤੀਆਂ ਲੱਗਦੀਆਂ ਸਨ, ਉਹ ਪਿੰਡਾਂ ਵਿੱਚ ਉਹੋ ਜਿਹੀਆਂ ਥਾਵਾਂ ਨਹੀਂ ਰਹੀਆਂ, ਪਿੰਡਾਂ ਵਿੱਚ ਬੋਹੜਾਂ, ਪਿੱਪਲ ਅਤੇ ਟੋਭੇ ਨਹੀਂ ਰਹੇ। ਹਰ ਇੱਕ ਨੇ ਆਪਣੇ-ਆਪ ਨੂੰ ਚਾਰ ਦੀਵਾਰੀ ਵਿੱਚ ਬੰਦ ਕਰ ਲਿਆ ਹੈ। ਅਜੋਕੇ ਸਮੇਂ ਵਿੱਚ ਤੀਆਂ ਜਰੂਰ ਲੱਗਦੀਆਂ ਹਨ, ਪਰ ਇਹ ਸਟੇਜੀ ਅਤੇ ਦਿਖਾਵੇ ਵਾਲੀਆਂ ਰਹਿ ਗਈਆਂ ਹਨ। ਇਸ ਬਾਰੇ 'ਬਦਲ ਗਿਆ ਮੇਰਾ ਪਿੰਡ' ਵਿਚ ਪਰਮਜੀਤ ਕੌਰ ਸਰਹਿੰਦ ਦਾ ਵਿਚਾਰ ਹੈ:

> ਅਜੋਕੇ ਸਮੇਂ ਤੀਆਂ ਸਟੇਜਾਂ ਉੱਤੇ ਜਰੂਰ ਭਰਦੀਆਂ ਹਨ, ਟੀ.ਵੀ. ਉੱਤੇ ਧਮਾਲਾਂ ਜਰੂਰ ਪਾਉਂਦੀਆਂ ਹਨ ਪਰ ਕੀ ਇਹਨਾਂ ਤੀਆਂ ਵਿੱਚ ਉਹ ਰੰਗ ਵਰਸਦਾ ਹੈ ਜੋ ਖੁੱਲ੍ਹ-ਦਿਲੀਆਂ ਪੇਂਡੂ ਮੁਟਿਆਰਾਂ ਦੇ ਪਿੰਡ ਦੀਆਂ ਤੀਆਂ ਦੇ ਗਿੱਧੇ ਵਿਚ ਧਮਾਲਾਂ ਵਰਸਦਾ ਸੀ ? ਉਹ ਹੀ ਅਖਬਾਰੀ ਬੋਲੀਆਂ ਪਾ ਕੇ ਤਾਂ ਬਣਾਉਟੀਪਣ ਹੋਰ ਵੀ ਉੱਘੜਦਾ ਹੈ। ਮਣਾਂ-ਮੂੰਹੀ ਨਹੀਂ ਤਾਂ, ਸੇਰਾਂ-ਮੂੰਹੀ ਗਹਿਣੇ ਤਾਂ ਇਹਨਾਂ ਸਟੇਜੀ ਮੁਟਿਆਰਾਂ ਨੇ ਜਰੂਰ ਪਾਏ ਹੁੰਦੇ ਹਨ। ਲੋਹੜੇ ਦੇ ਭੜਕੀਲੇ ਰੰਗਾਂ

ਦੇ ਘੱਗਰੇ-ਕੁੜਤੀਆਂ ਤੇ ਦੁਪੱਟੇ ਪਹਿਨ ਲਏ ਹੁੰਦੇ ਪਰ ਕੀ ਸਾਡੀਆਂ ਪੇਂਡੂ ਮੁਟਿਆਰਾਂ ਐਦਾਂ ਦੇ ਹਾਰ-ਸ਼ਿੰਗਾਰ ਤੇ ਭੜਕੀਲੇ ਕੱਪੜੇ ਪਹਿਨ ਕੇ ਪੇਕੇ ਪਿੰਡ ਤੀਆਂ ਮਨਾਉਦੀਂਆਂ, ਗਿੱਧਾ ਪਾਉਂਦੀਆਂ ਸਨ? (364)

ਅਜੋਕੇ ਦੌਰ ਵਿਚ ਤੀਆਂ ਦਾ ਤਿਉਹਾਰ ਤਾਂ ਜ਼ਰੂਰ ਮਨਾਇਆ ਜਾਂਦਾ ਹੈ, ਪਰ ਇਹ ਸਟੇਜੀ ਅਤੇ,ਇਸ ਵਿਚ ਦਿਖਾਵੇ ਦੀ ਭਾਵਨਾ ਵਧੀ ਹੈ। ਇੱਥੋਂ ਤੱਕ ਇਹਨਾਂ ਵਿਚ ਮਨਿਸਟਰਾਂ ਅਤੇ ਉਹਨਾਂ ਦੀਆ ਪਤਨੀਆਂ ਦੀ ਸ਼ਮੂਲੀਅਤ ਵਧੇਰੇ ਹੋ ਗਈ ਹੈ। ਤੀਆਂ ਦੇ ਬਦਲਦੇ ਰੂਪ ਬਦਲ ਗਿਆ ਮੇਰਾ ਪਿੰਡ ਪੁਸਤਕ ਵਿਚ ਪਰਮਜੀਤ ਕੌਰ ਸਰਹਿੰਦ ਦਾ ਵਿਚਾਰ ਹੈ :

ਸਟੇਜੀ ਤੀਆਂ ਵਿਚ ਤਾਂ, ਫੁੱਲਾਂ ਫੁਲਕਾਰੀਆ ਨਾਲ ਸ਼ਿੰਗਾਰੇ ਰੱਥ ਜਾਂ ਰੱਥ ਗੱਡੀ ਵਿਚ ਵੀ ਕਿਸੇ ਮਨਿਸਟਰ, ਐੱਮ.ਐੱਲ.ਏ. ਜਾਂ ਕਿਸੇ ਵੱਡੇ ਸਰਕਾਰੀ ਅਫਸ਼ਰ ਦੀ ਪਤਨੀ ਹੀ ਆਉਂਦੀ ਹੈ, ਆਪਣੀ ਕਿੱਟੀ ਪਾਰਟੀ ਵਾਲੀਆਂ ਸਹੇਲੀਆਂ ਨਾਲ ਅਤੇ ਗੰਨਮੈਨ ਵੀ ਇਹਨਾਂ ਨਾਲ ਹੁੰਦੇ ਹਨ। (365)

ਬੇਸ਼ਕ ਪਹਿਲੇ ਸਮੇਂ ਦੀਆਂ ਤੀਆਂ ਵਿੱਚ ਹਰ ਦਿਨ ਭਾਂਤ-ਭਾਂਤ ਦੇ ਪਕਵਾਨ ਤਿਆਰ ਕੀਤੇ ਜਾਂਦੇ ਸਨ, ਪਰ ਅਜੋਕੇ ਸਮੇਂ ਵਿੱਚ ਇਸ ਨੂੰ ਵੱਡੇ ਪੱਧਰ ਤੇ ਤਿਆਰ ਕੀਤਾ ਜਾਂਦਾ ਹੈ, ਹੁਣ ਦੀਆਂ ਤੀਆਂ ਦਿਖਾਵੇ ਅਤੇ ਖਾਣ-ਪੀਣ ਤੱਕ ਹੀ ਸੀਮਿਤ ਹੋ ਗਈਆਂ ਹਨ, ਮੋਹਤਵਰ ਮੁਟਿਆਰਾਂ ਦੁਆਰਾ ਖੁਦ ਪਕਵਾਨ ਤਿਆਰ ਕਰਨ ਦਾ ਕੰਮ ਹੁਣ ਪੇਸ਼ੇਵਾਰ ਹਲਵਾਈ ਕਰ ਰਹੇ ਹਨ। ਵੱਡੇ ਸ਼ਹਿਰਾਂ ਵਿੱਚ ਤੀਆਂ ਦਾ ਚਾਉ ਕੇਵਲ ਖਾਣ-ਪਹਿਨਣ ਤੱਕ ਹੀ ਸੀਮਿਤ ਰਹਿ ਗਿਆ ਹੈ। ਕੁੱਝ ਸਮਾਜ ਸੇਵੀ ਸੰਸਥਾਵਾਂ ਤੇ ਮਹਿਲਾਂ ਮੈਂਬਰ ਆਪਣੇ ਕਲੱਬਾਂ ਦੇ ਇਸਤਰੀ ਪ੍ਰਬੰਧਕਾਂ ਵਲੋਂ ਨਵੀਆਂ ਵੰਗਾਂ ਦਾ ਸ਼ਗਨ ਪ੍ਰਾਪਤ ਕਰਕੇ ਘੰਟਾ ਦੋ ਘੰਟੇ ਕਲੱਬ ਦੀ ਚਾਰਦੀਵਾਰੀ ਵਿੱਚ ਤੀਆਂ ਦੇ ਕੁੱਝ ਪ੍ਰਚੱਲਤ ਲੋਕਗੀਤ ਗਾ ਕੇ ਪੀਂਘਾਂ ਝੂਟ ਲੈਂਦੀਆਂ ਹਨ।

ਲੜਕੀ ਦੇ ਵਿਆਹ ਤੋਂ ਬਾਅਦ ਵਰ੍ਹੇ ਛਿਮਾਹੀ ਆਪਣੇ ਪਰਿਵਾਰ, ਸਖੀਆਂ ਸਹੇਲੀਆਂ ਨੂੰ ਦੁਬਾਰਾ ਮਿਲਣ ਦਾ ਬਹਾਨਾ ਤੀਆਂ ਬਣਦੀਆਂ ਰਹੀਆ ਹਨ। ਏਸੇ ਕਰਕੇ ਚਾਈਂ-ਚਾਈਂ ਭਰਾ ਆਪਣੀਆਂ

ਭੈਣਾਂ ਨੂੰ ਸਹੁਰੇ ਘਰੋਂ ਤੇ ਪੇਕੇ ਘਰ ਲੈਣ ਆਉਂਦੇ ਸਨ। ਵਿਛੜੇ ਪਰਿਵਾਰ ਨੂੰ ਫਿਰ ਤੋਂ ਮਿਲਣ ਦਾ ਮਣਾਂ-ਮੂੰਹੀਂ ਚਾਅ ਹੁੰਦਾ ਸੀ। ਪਰ ਅਜੋਕੇ ਸਮੇਂ ਦੀਆਂ ਸਹੂਲਤਾਂ ਅਤੇ ਟੈਕਨੋਲਜੀ ਨੇ ਇਹ ਮਿਲਤਾਂ ਅਤੇ ਰਿਸ਼ਤਿਆਂ ਵਿੱਚ ਨੇੜਤਾ ਲਿਆਂਦੀ ਹੈ, ਪਰ ਪਹਿਲਾਂ ਵਰਗੇ ਪਿਆਰ ਵਿੱਚ ਭਾਰੀ ਕਮੀ ਹੋਈ ਹੈ। ਫੋਨ ਅਤੇ ਇੰਟਰਨੈੱਟ ਅਤੇ ਆਵਾਜਾਈ ਵਰਗੀਆਂ ਸਹੂਲਤਾਂ ਨੇ ਪੇਕੇ ਘਰ ਵਰ੍ਹੇ-ਛਿਮਾਹੀ ਜਾਣ ਦੀ ਗੱਲ ਨੂੰ ਮਨਫੀ ਕਰ ਦਿੱਤਾ ਹੈ, ਸਹੁਰੇ ਘਰ ਵਿੱਚ ਬੈਠੀ ਮੁਟਿਆਰ ਫੋਨ ਰਾਹੀਂ ਇੱਥੋਂ ਤੱਕ ਕਿ ਵੀਡਿਓ ਕਾਲ ਰਾਹੀਂ ਪੇਕੇ ਘਰ ਨੂੰ ਨਾਲੋਂ-ਨਾਲ ਪ੍ਰਸਾਰਨ ਕਰ ਦਿੰਦੀਆਂ ਹਨ। ਰਹੀ ਗੱਲ ਆਉਣ-ਜਾਣ ਦੀ ਹੁਣ ਦੀਆਂ ਸਹੂਲਤਾਂ ਰਾਹੀਂ ਕਈ ਮੁਟਿਆਰਾਂ ਰਾਤ ਜਾਂ ਦੁਪਹਿਰ ਦਾ ਖਾਣਾ ਪੇਕੇ ਘਰ ਖਾ ਕੇ ਵਾਪਸ ਪਰਤ ਆਉਂਦੀਆਂ ਹਨ। ਇਸ ਬਾਰੇ ‘ਬਦਲ ਗਿਆ ਮੇਰਾ ਪਿੰਡ’ ਪੁਸਤਕ ਵਿਚੋਂ ਪਰਮਜੀਤ ਕੌਰ ਸਰਹਿੰਦ ਦਾ ਵਿਚਾਰ ਹੈ:

> ਸਮੇਂ ਦੇ ਨਾਲ ਸਾਡੀ ਰੂਪ ਰੇਖਾ ਵੀ ਬਦਲ ਗਈ ਹੈ। ਇਹ ਠੀਕ ਹੈ ਕਿ ਸੱਭਿਆਚਾਰ ਦਾ ਪ੍ਰਚਾਰ ਹੁੰਦਾ ਹੈ ਤੇ ਨਵੀਂ ਪੀੜ੍ਹੀ ਨੂੰ ਥੋੜ੍ਹਾ-ਬਹੁਤਾ ਪਤਾ ਲਗਦਾ ਹੈ ਕਿ ਤੀਆਂ ਕੋਈ ਰੌਣਕ ਵਾਲ਼ਾ, ਨਿਰੋਲ ਔਰਤਾਂ ਦਾ ਤਿੱਥ-ਤਿਉਹਾਰ ਹੁੰਦਾ ਹੈ। ਅਜੋਕੀਆਂ ਤੀਆਂ ਵਿਚ ਨਾ ਉਹ ਸਹਿਜ, ਨਾ ਸਾਦਗੀ ਤੇ ਨਾ ਹੀ 'ਨੱਚਣ ਕੁਦਣੁ ਮਨ, ਕਾ ਚਾਉ' ਵਾਲੀ ਕੋਈ ਗੱਲ ਹੁੰਦੀ ਹੈ। ਕਿਉਂਕਿ ਮਨ ਤਾਂ ਕੈਮਰਿਆਂ ਤੇ ਦਰਸ਼ਕਾਂ-ਸਰੋਤਿਆਂ ਵੱਲ ਲੱਗਾ ਹੁੰਦਾ ਹੈ। ਕੁੜੀਆਂ ਇਉ ਨੱਚਦੀਆਂ ਹਨ ਜਿਵੇਂ ਕੋਈ ਉਹਨਾਂ ਦੇ ਪਿੱਛੇ ਪਿਆ ਹੋਵੇ ਤੇ ਗਿੱਧਾ ਇਉਂ ਪਾ ਰਹੀਆਂ ਹੁੰਦੀਆ ਹਨ ਜਿਵੇਂ ਕਲੈਪਿੰਗ ਕਰ ਰਹੀਆਂ ਹੋਣ। (353-354)

ਪਹਿਲੇ ਸਮੇਂ ਦੀਆਂ ਤੀਆਂ ਵਿੱਚ ਜਦੋਂ ਗਿੱਧਾ ਪੈਂਦਾ ਸੀ ਤਾਂ ਬੋਲੀਆਂ ਵਿੱਚ ਘਰ ਦੀਆਂ ਤੰਗਾਂ ਰਿਸ਼ਤੇਦਾਰੀ ਦੇ ਕੌੜੇ-ਮਿੱਠੇ ਅਨੁਭਵ ਆਦਿ ਨੂੰ ਬੋਲੀਆਂ ਰਾਹੀਂ ਪੇਸ਼ ਕੀਤਾ ਜਾਂਦਾ ਸੀ। ਪਰ ਹੁਣ ਦੀਆਂ ਬੋਲੀਆਂ ਵਿੱਚ ਸੂਟਾਂ, ਸਾੜੀਆਂ, ਪਲਾਜੋ, ਸੈਂਡਲਾਂ-ਸਲੀਪਰਾਂ ਦੀਆਂ ਗੱਲਾਂ ਕੀਤੀਆਂ ਜਾਂਦੀਆਂ ਹਨ। ਹੁਣ ਦੀਆਂ ਤੀਆਂ ਵਿੱਚ ਜਾਣ ਤੋਂ ਪਹਿਲਾਂ ਵੱਡੇ-ਵੱਡੇ ਬਿਊਟੀ ਪਾਰਲਰਾਂ ਵਿੱਚ ਜਾਇਆ ਜਾਂਦਾ ਹੈ। ਮੋਟੀਆਂ ਰਕਮਾਂ ਦੇ ਕੇ ਚੰਦ ਸਮੇਂ ਲਈ ਹਾਰ-ਸ਼ਿੰਗਾਰ ਕਰਾਇਆ ਜਾਂਦਾ ਹੈ।

ਤੀਆਂ ਦੇ ਵਿੱਚ ਮਹਿੰਦੀ ਅਤੇ ਵੰਗਾਂ ਦਾ ਅਹਿਮ ਰੋਲ ਰਹਿੰਦਾ ਸੀ। ਪਰ ਹੁਣ ਤੀਆਂ ਵਿੱਚ ਮਹਿੰਦੀ ਨਹੀਂ ਲਗਦੀ ਸ਼ਹਿਰਾਂ ਵਿੱਚ ਪੇਸ਼ੇਵਾਰ ਲੋਕ ਮਹਿੰਦੀ ਦਾ ਕੰਮ ਕਰਦੇ ਹਨ, ਜਾਂ ਫਿਰ ਬਿਊਟੀ ਪਾਰਲਰ/ਸੈਲੂਨ ਤਿਆਰ-ਬਰ-ਤਿਆਰ ਬੈਠੇ ਹਨ, ਉਦਯੋਗਿਕ ਤਰੱਕੀ ਦੇ ਕਾਰਨ, ਹਾਰ ਸ਼ਿੰਗਾਰ ਨਾਲ ਸੰਬੰਧਿਤ ਹਰ ਵਸਤੂ ਬਜ਼ਾਰ ਵਿੱਚ ਤਿਆਰ ਕੀਤੀ ਮਿਲ ਰਹੀ ਹੈ। ਪਹਿਲਾਂ ਵਾਂਗ ਹੁਣ ਹਰੇ-ਪੱਤਿਆਂ ਨੂੰ ਤੋੜਕੇ ਮਹਿੰਦੀ ਨਹੀਂ ਰਗੜੀ ਜਾਂਦੀ ਸਗੋਂ ਤਿਆਰ ਕੀਤੀ ਬਜ਼ਾਰੋਂ ਮਿਲ ਜਾਂਦੀ ਹੈ। ਪਿੰਡਾਂ ਦਾ ਸ਼ਹਿਰੀਕਰਨ ਹੋਣ ਕਰਕੇ ਹਰ ਸਹੂਲਤ ਪਿੰਡਾਂ ਤੱਕ ਸਫਰ ਕਰ ਚੁੱਕੀ ਹੈ। ਪਿੰਡਾਂ ਵਿੱਚ ਹੁਣ ਵੰਗਾਂ ਚੜ੍ਹਾਉਣ ਵਾਲੇ ਵਣਜਾਰੇ ਨਹੀਂ ਨਜ਼ਰ ਆਉਂਦੇ, ਸ਼ਹਿਰਾਂ ਦੀ ਤਰਜ਼ ਤੇ ਪਿੰਡਾਂ ਵਿੱਚ ਵੀ ਵੱਡੀਆਂ-ਵੱਡੀਆਂ ਮੁਨਿਆਰੀ ਦੀਆਂ ਦੁਕਾਨਾਂ ਖੁੱਲ੍ਹ ਗਈਆਂ ਹਨ, ਜਿੱਥੇ ਭਾਂਤ-ਭਾਂਤ ਦੀਆਂ ਮਹਿੰਗੇ ਭਾਅ ਦੀਆਂ ਵੰਗਾਂ ਮਿਲ ਜਾਂਦੀਆਂ ਹਨ, ਉੱਝ ਵੀ ਅਜੋਕੀਆਂ ਮੁਟਿਆਰਾਂ ਪਹਿਲੇ ਸਮੇਂ ਵਰਗੀਆਂ ਵੰਗਾਂ ਨਹੀਂ ਪਾਉਂਦੀਆਂ, ਮਹਿਜ ਇੱਕ ਦੋ ਗਜ਼ਰੇ ਆਦਿ ਪਹਿਨ ਲੈਂਦੀਆਂ ਹਨ। ਕਈ ਦਿਨ ਚੱਲਣ ਵਾਲੀਆਂ ਤੀਆਂ ਹੁਣ ਕੁੱਝ ਘੰਟਿਆਂ ਤੱਕ ਹੀ ਸੀਮਿਤ ਹੋ ਗਈਆਂ ਹਨ, ਅਖਬਾਰਾਂ ਵਿੱਚ ਖਬਰਾਂ ਲੁਆਉਣ ਦੀ ਖਾਤਰ ਦਿਖਾਵੇ ਦੀ ਭਾਵਨਾ ਵਧੀ ਹੈ। ਇਸ ਹਿੱਤ ਨੂੰ ਪੂਰਾ ਕਰਨ ਲਈ ਵੱਡੇ-ਵੱਡੇ ਆਹੁਦੇਦਾਰ ਜਾਂ ਫਿਰ ਮੰਤਰੀਆਂ ਨੂੰ ਇਸ ਥਾਂ ਬੁਲਾ ਲਿਆ ਜਾਂਦਾ ਹੈ। ਵਿਸ਼ਵੀਕਰਨ ਦੀ ਭਾਵਨਾ ਨੇ ਇਸ ਤਿਉਹਾਰ ਦੀ ਮੂਲ ਭਾਵਨਾ ਅਤੇ ਦਿੱਖ ਨੂੰ ਬਦਲ ਕੇ ਰੱਖ ਦਿੱਤਾ ਹੈ।

ਵਿਸ਼ਵੀਕਰਨ ਦੇ ਦੌਰ ਵਿੱਚ ਵਿਸ਼ਵ ਇੱਕ ਪਿੰਡ ਬਨਣ ਨਾਲ ਹੋਰਨਾਂ ਤਿਉਹਾਰ ਦੀ ਤਰ੍ਹਾਂ ਰੱਖੜੀ ਦਾ ਤਿਉਹਾਰ ਵੀ ਕਰਵੱਟ ਲੈ ਗਿਆ। ਹੋਰਨਾ ਵਸਤਾਂ ਦੀ ਤਰ੍ਹਾਂ ਰੱਖੜੀਆਂ ਵੀ ਬਜ਼ਾਰੋਂ ਮਿਲਦੀਆਂ ਹਨ, ਫਿਰ ਇੱਕ ਤਰ੍ਹਾਂ ਦੀਆਂ ਨਹੀਂ ਕਈ ਭਾਂਤ ਦੀਆਂ। ਘਰਾਂ ਵਿੱਚ ਰੱਖੜੀਆਂ ਗੁੰਦਣ ਦਾ ਹੁਣ ਰਿਵਾਜ਼ ਨਹੀਂ ਰਿਹਾ। ਰੱਖੜੀ ਤੋਂ ਕਈ ਦਿਨ ਪਹਿਲਾਂ ਬਜ਼ਾਰ ਲੱਗ ਜਾਂਦੇ ਹਨ। ਇਹਨਾਂ ਨੂੰ ਹੋਰ ਦਿਲ ਲੁਭਾਉਂਦੀਆਂ ਦਰਸਾਉਣ ਲਈ ਰੰਗ-ਬਿਰੰਗੀਆਂ ਰੋਸ਼ਨੀਆਂ ਦੀ ਸਹਾਇਤਾ ਲਈ ਜਾਂਦੀ ਹੈ। ਵਿਸ਼ਵੀਕਰਨ ਦੇ ਦੌਰ ਵਿੱਚ ਇਹ ਗੱਲ ਵੀ ਸਾਹਮਣੇ ਆਈ ਹੈ ਕਿ ਵਿਸ਼ਵ ਇੱਕ ਪਿੰਡ ਹੋਣ ਦੇ ਨਾਲ ਦੂਜੇ ਦੇਸ਼ ਜਿੱਥੇ ਇਹ ਤਿਉਹਾਰ ਨੂੰ ਕੋਈ ਜਾਣਦਾ ਨਹੀਂ, ਇਸ ਦੇ ਮਹੱਤਵ ਤੋਂ ਜਾਣੂ ਨਹੀਂ, ਉਹ ਵੀ ਰੱਖੜੀਆਂ ਦਾ ਨਿਰਮਾਣ ਕਰਕੇ ਚੌਖੀ ਕਮਾਈ ਕਰ ਰਹੇ ਹਨ। ਪੰਜਾਬੀ ਵਿਸ਼ਵ ਦੇ ਕੋਨੇ-ਕੋਨੇ ਵਿੱਚ ਵਸੇ ਹੋਏ ਹਨ। ਦੂਰ ਦੁਰਾਡੇ ਵਸੇ ਭਰਾਵਾਂ ਦੀ

ਸੁੱਖ ਭੈਣਾਂ ਹਮੇਸ਼ਾ ਲੋਚਦੀਆਂ ਹਨ। ਉਹ ਆਪਣੇ ਭਰਾਵਾਂ ਨੂੰ ਰੱਖੜੀ ਵਿਦੇਸ਼ਾਂ ਵਿੱਚ ਹੀ ਭੇਜ ਦਿੰਦੀਆਂ ਹਨ। ਇਸੇ ਕਰਕੇ ਅਜੋਕੇ ਦੌਰ ਵਿੱਚ ਰੱਖੜੀ ਨੂੰ ਪੈਕ ਕਰਨ ਤੱਕ ਦਾ ਸਮਾਨ ਬਜ਼ਾਰੋਂ ਮਿਲ ਜਾਂਦਾ ਹੈ। ਬਸ ਪੈਸੇ ਖਰਚ ਕਰਕੇ ਰੱਖੜੀ ਨਾਲ ਸੰਬੰਧਿਤ ਹੋਰ ਸਮਾਨ ਤੇ ਮਿਠਾਈ ਤੱਕ ਵੀ ਉਪਲਬੱਧ ਹੋ ਜਾਂਦਾ ਹੈ।

ਇਸ ਤਿਉਹਾਰ ਵਿੱਚ ਇੱਕ ਹੋਰ ਬਦਲਾਵ ਸਾਹਮਣੇ ਆਇਆ ਹੈ ਕਿ ਦੇਖੋ-ਦੇਖੀ ਜਾਂ ਫਿਰ ਰੁਝੇਵੇਂ ਹੋਣ ਕਰਕੇ ਦੇਸ਼ ਵਿਦੇਸ਼ਾਂ ਵਿੱਚ ਰੱਖੜੀ ਭੇਜਣ ਦੀ ਤਰਜ਼ ਤੇ ਭੈਣਾਂ ਦੂਜੇ ਸੂਬਿਆਂ ਨੂੰ ਜਾਂ ਫਿਰ ਨੇੜੇ-ਤੇੜੇ ਰਹਿਣ ਵਾਲੇ ਭਰਾਵਾਂ ਨੂੰ ਰੱਖੜੀ ਡਾਕ ਜਾਂ ਕੋਰੀਅਰ ਰਾਹੀਂ ਭੇਜਦੀਆਂ ਹਨ। ਪਿਆਰ ਭਾਵਨਾ ਵਾਲਾ ਇਹ ਤਿਉਹਾਰ ਹੁਣ ਬਹੁਤ ਹੀ ਖਰਚੀਲਾ ਹੋ ਗਿਆ ਹੈ। ਖਰਚੀਲਾ ਹੋਣ ਕਰਕੇ ਇਸ ਵਿੱਚ ਬੇ ਰੁੱਖੀ ਵੀ ਪੈਦਾ ਹੋਈ ਹੈ। ਜਿੱਥੇ ਪਹਿਲਾਂ ਭੈਣਾਂ ਆਪ ਤਿਆਰ ਕਰਕੇ ਰੱਖੜੀਆਂ ਬੰਨ੍ਹਦੀਆਂ ਸਨ ਤੇ ਕਿਸੇ ਕਿਸਮ ਦਾ ਕੋਈ ਖਰਚਾ ਨਹੀਂ ਸੀ ਹੁੰਦਾ, ਉੱਥੇ ਅਜੋਕੇ ਦੌਰ ਵਿੱਚ ਸੋਨੇ ਚਾਂਦੀ ਦੀਆਂ ਰੱਖੜੀਆਂ ਬੰਨੀਆਂ ਜਾ ਰਹੀਆਂ ਹਨ। ਮੱਧ ਵਰਗੀ ਪਰਿਵਾਰਾਂ ਵਿੱਚ ਵਸਦੀਆਂ ਭੈਣਾਂ ਲਈ ਇੱਥੋਂ ਤੱਕ ਪੁੱਗਣਾਂ ਮੁਸ਼ਕਿਲ ਹੋ ਰਿਹਾ ਹੈ। ਨੱਕ ਰੱਖਣ ਲਈ ਉਧਾਰ ਵਰਗੀ ਨੌਬਤ ਆ ਜਾਂਦੀ ਹੈ। ਦੂਜੇ ਪਾਸੇ ਭਰਾਵਾਂ ਵੱਲ ਵੀ ਇਸ ਖਰਚ ਨੂੰ ਸਹਿਣ ਦੀ ਦਿੱਕਤ ਆਉਂਦੀ ਹੈ।

ਅਜੋਕੇ ਦੌਰ ਵਿੱਚ ਪਰਿਵਾਰ ਇਕਹਿਰੇ ਹੋਣ ਕਰਕੇ ਪਰਿਵਾਰ ਛੋਟੇ ਵੀ ਹਨ, ਇੱਕ-ਇੱਕ ਭੈਣ ਭਰਾ ਹੀ ਹਨ, ਜਾਂ ਫਿਰ ਵੱਧ । ਭੱਜ-ਦੌੜ ਵਾਲੀ ਜ਼ਿੰਦਗੀ ਵਿੱਚ ਬਹੁਤ ਕਰਕੇ ਉਹਨਾਂ ਦੀ ਆਪਸ ਵਿੱਚ ਬਣਦੀ ਵੀ ਨਹੀਂ। ਬੇਸ਼ੱਕ ਵਿਆਹੀਆਂ ਭੈਣਾਂ ਰੱਖੜੀ ਲੈ ਕੇ ਪੇਕੇ ਘਰ ਜਾਂਦੀਆਂ ਹਨ ਪਰ ਘਰ ਵਿੱਚ ਭਰਜਾਈਆਂ ਦਾ ਰਾਜ ਹੋਣ ਕਰਕੇ ਭੈਣਾਂ ਨੂੰ ਬਣਦਾ ਪਿਆਰ ਸਤਿਕਾਰ ਨਹੀਂ ਦਿੱਤਾ ਜਾਂਦਾ। ਰੱਖੜੀ ਦੇ ਇਸ ਬਦਲਦੇ ਤਿਉਹਾਰ ਬਾਰੇ 'ਬਦਲ ਗਿਆ ਮੇਰਾ ਪਿੰਡ' ਪੁਸਤਕ ਵਿਚੋਂ ਪਰਮਜੀਤ ਕੌਰ ਸਰਹਿੰਦ ਦਾ ਵਿਚਾਰ ਹੈ:

> ਅੱਜ ਰੱਖੜੀ ਦਾ ਮੁੱਲ ਮੋਹ ਪਿਆਰ ਨਾਲ ਨਹੀਂ, ਕੱਪੜੇ ਗਹਿਣੇ ਜਾਂ ਪੈਸੇ ਨਾਲ ਪੈਂਦਾ ਹੈ। ਕਈ ਭੈਣਾਂ ਉਸ ਭਰਾਂ ਨੂੰ ਜਿਆਦਾ ਸਤਿਕਾਰ ਦਿੰਦੀਆਂ ਹਨ, ਜਿਹੜਾ ਉਹਨਾਂ ਦੀ ਰੱਖੜੀ ਦਾ ਜਿਆਦਾ ਮੁੱਲ ਪਾਵੇ। ਕਈ ਘਰਾਂ ਵਿੱਚ ਭਾਬੀਆਂ ਰੱਖੜੀ ਨੂੰ ਮੱਥੇ ਵੱਟ ਵੀ ਪਾਉਂਦੀਆਂ ਹਨ ਤੇ

> ਖਰਚ ਅਤੇ ਖੇਚਲ ਦੋਵਾਂ ਤੋਂ ਕਤਰਾਉਂਦੀਆਂ ਹਨ। ਕਈ ਆਈਆਂ ਨਣਾਨਾਂ ਨੂੰ ਦਿਲੋਂ ਜੀ ਆਇਆਂ ਕਹਿੰਦੀਆਂ, ਬਣਦਾ ਸਰਦਾ ਮਾਣ ਕਰਦੀਆਂ, ਸੋਚਦੀਆਂ ਹਨ ਕਿ ਇਹਨਾਂ ਨੂੰ ਵੀ ਭਰਾ ਉਵੇਂ ਹੀ ਪਿਆਰੇ ਹਨ, ਜਿਵੇਂ ਸਾਨੂੰ ਆਪਣੇ ਭਰਾ ਹਨ। ਸਾਰੀਆਂ ਭੈਣਾਂ ਵੀ ਰੱਖੜੀ ਨੂੰ ਪੈਸੇ ਨਾਲ ਨਹੀਂ ਤੋਲਦੀਆਂ। ਕਈ ਭੈਣਾਂ ਵੀਰ ਨੂੰ ਅਸੀਸਾਂ ਦੇਣ ਵਾਲੀਆਂ ਹੁੰਦੀਆਂ ਹਨ ਤੇ ਕਈ ਸੂਟ ਦਾ ਰੰਗ ਪਸੰਦ ਨਾ ਹੋਣ ਉੱਤੇ ਮੂੰਹ ਮੋਟਾ ਕਰਨ ਵਾਲੀਆਂ ਵੀ। (371)

ਰੱਖੜੀ ਦਾ ਤਿਉਹਾਰ ਪਵਿੱਤਰ ਰਿਸ਼ਤੇ ਦਾ ਪ੍ਰਤੀਕ ਹੈ। ਭੈਣਾਂ ਨੂੰ ਇਸ ਤਿਉਹਾਰ ਰਾਹੀਂ ਆਪਣੇ ਪੇਕੇ ਘਰ ਜਾ ਕੇ ਮਾਂ-ਪਿਉ ਤੇ ਸਕੇ ਭੈਣ-ਭਰਾਵਾਂ ਨੂੰ ਮਿਲਣ ਦਾ ਸਬੱਬ ਬਣਦਾ ਹੈ। ਪਰ ਵਿਸ਼ਵੀਕਰਨ ਦੇ ਦੌਰ ਵਿੱਚ ਪੈਸੇ ਦੀ ਦੌੜ ਨੇ ਰਿਸ਼ਤੇ-ਨਾਤਿਆਂ ਵਿੱਚ ਤਰੇੜਾਂ ਪਾ ਦਿੱਤੀਆਂ ਹਨ। ਭੈਣ ਭਰਾਵਾਂ ਵਿੱਚ ਜ਼ਮੀਨ ਦੀ ਵੰਡ-ਵੰਡਾਈ ਨੇ ਇਸ ਤਿਉਹਾਰ ਨੂੰ ਬਦਲਿਆ ਹੈ ਭਾਵ ਕਿ ਭੈਣਾਂ ਦਾ ਭਰਾਵਾਂ ਤੋਂ ਮੋਹ ਟੁੱਟਦਾ ਹੈ। ਸਵਾਰਥੀ ਭਰਾ ਪਿਤਾ ਦੇ ਅੱਖਾਂ ਮੀਟ ਜਾਣ ਤੋਂ ਬਾਅਦ ਜ਼ਮੀਨ ਆਪਣੇ ਨਾਂ ਕਰਾਉਣ ਤੇ ਸਾਰਾ ਜ਼ੋਰ ਲਾ ਦਿੰਦੇ ਹਨ। ਉਹਨਾਂ ਨੂੰ ਇਸ ਗੱਲ ਦਾ ਡਰ ਬਣਿਆ ਰਹਿੰਦਾ ਹੈ ਕਿ ਭੈਣ ਆਪਣੇ ਹਿੱਸੇ ਦੀ ਜ਼ਮੀਨ ਹੀ ਨਾ ਵੇਚ ਦੇਵੇ। ਇਸ ਤਿਉਹਾਰ ਦੇ ਬਦਲਦੇ ਰਵੱਈਏ ਬਾਰੇ 'ਬਦਲ ਗਿਆ ਮੇਰਾ ਪਿੰਡ' ਪੁਸਤਕ ਵਿਚ ਪਰਮਜੀਤ ਕੌਰ ਸਰਹਿੰਦ ਦਾ ਵਿਚਾਰ ਹੈ:

> ਅੱਜ ਦੇਖਣ ਵਿੱਚ ਆ ਰਿਹਾ ਹੈ ਕਿ ਜਿਹਨਾਂ ਭੈਣਾਂ ਦੇ ਸਾਰੇ ਕਾਰ ਵਿਹਾਰ ਭਰਾਵਾਂ ਨੇ ਬੜੇ ਢੰਗ ਦੇ ਕੀਤੇ ਤੇ ਦੁੱਖ-ਸੁੱਖ ਵਿੱਚ ਸਦਾ ਸਹਾਈ ਹੋਏ, ਆਰਥਿਕ ਮਦਦ ਵੀ ਕੀਤੀ, ਉਹ ਵੀ ਲਾਲਚ ਵੱਸ ਹੋ ਕੇ ਭਰਾਵਾਂ ਤੋਂ ਆਪਣਾ ਹਿੱਸਾ ਹਰ ਵਿੰਗੇ-ਟੇਢੇ ਢੰਗ ਨਾਲ ਲੈ ਰਹੀਆਂ ਹਨ ਤੇ ਧੀਆਂ ਵਾਂਗ ਪਾਲੀਆਂ ਵਿਆਹੀਆਂ ਭੈਣਾਂ ਦੇ ਬਜ਼ੁਰਗ ਹੋਏ ਭਰਾ ਕਚਿਹਰੀਆਂ ਵਿੱਚ ਧੱਕੇ ਖਾਂਦੇ ਹਨ। ਇਸ ਦੇ ਉਲਟ ਕੁੱਝ ਭੈਣਾਂ ਹਨ ਜਿਹਨਾਂ ਨੇ ਕਦੇ ਭਰਾਵਾਂ ਤੋਂ ਕੁੱਝ ਨਹੀਂ ਲਿਆ ਹੁੰਦਾ ਬਲਕਿ ਹਰ ਦੁੱਖ-ਸੁੱਖ ਵੇਲੇ ਉਹਨਾਂ ਦੀ ਧਿਰ ਬਣ ਕੇ ਖੜ੍ਹਦੀਆਂ ਰਹੀਆਂ ਹਨ ਤੇ ਮਾਇਕ ਮਦਦ ਵੀ ਕਰਦੀਆਂ ਰਹੀਆਂ, ਉਹ ਭਰਾ ਵੀ ਭੈਣਾਂ ਤੋਂ ਜਮੀਨ-ਜਾਇਦਾਦ ਆਪਣੇ ਨਾਂ ਕਰਵਾ

ਕੇ ਉਹਨਾਂ ਤੋਂ ਮੂੰਹ ਫੇਰ ਲੈਂਦੇ ਹਨ। ਅਜਿਹੇ ਹਾਲਾਤ ਵਿੱਚ ਇਹ ਸਭ ਤੋਂ ਨੇੜਲਾ ਸਮਝਿਆ ਜਾਂਦਾ ਰਿਸ਼ਤਾ ਨਫਰਤਾਂ ਦੇ ਭਾਰ ਥੱਲੇ ਦੱਬ ਕੇ ਰਹਿ ਜਾਂਦਾ ਹੈ। (377)

ਵਿਸ਼ਵੀਕਰਨ ਦੇ ਦੌਰ ਵਿੱਚ ਰੱਖੜੀ ਦਾ ਤਿਉਹਾਰ ਪਹਿਲਾਂ ਨਾਲੋਂ ਬਹੁਤ ਖਰਚੀਲਾ ਅਤੇ ਦਿਖਾਵੇ ਵਾਲਾ ਹੋ ਗਿਆ ਹੈ। ਜੇਕਰ ਭਰਾ ਭੈਣ ਦੀ ਇੱਛਾ ਅਨੁਸਾਰ ਖਰਚ ਨਹੀਂ ਕਰਦੇ ਤਾਂ ਭੈਣਾਂ ਭਰਾਵਾਂ ਤੋਂ ਮੂੰਹ ਮੋੜ ਰਹੀਆਂ ਹਨ। ਦੂਜੇ ਪਾਸੇ ਭਰਾ ਵੀ ਆਪਣੀ ਜਿੰਮੇਵਾਰੀਆਂ ਤੋਂ ਮੂੰਹ ਮੋੜ ਰਹੇ ਹਨ। ਰੱਖੜੀ ਸਾਦੇ ਧਾਗੇ ਤੋਂ ਸੋਨੇ ਚਾਂਦੀ ਦੇ ਗਹਿਣਿਆਂ ਤੱਕ ਦਾ ਸਫਰ ਕਰ ਗਈ ਹੈ। ਪਰ ਇਸ ਵਿਚਲੀਆਂ ਮੋਹ ਭਰੀਆਂ ਸਾਂਝਾਂ ਤੇ ਪਿਆਰ ਮਨਫੀ ਹੋ ਰਿਹਾ ਹੈ। ਦਿਖਾਵੇ ਜਾਂ ਸਵਾਰਥ ਵਸ ਬੰਨ੍ਹੀ ਜਾਂ ਬੰਨਾਈ ਰੱਖੜੀ ਕੋਈ ਅਰਥ ਨਹੀਂ ਰੱਖਦੀ ਕਿਉਂਕਿ ਰੱਖੜੀ ਦਾ ਸੰਬੰਧ ਗੂੜੀਆਂ ਸਾਂਝਾਂ ਨਾਲ ਅਤੇ ਉਮਰ ਭਰ ਦੇ ਨਿਭਣ ਵਾਲੇ ਰਿਸ਼ਤਿਆਂ ਨਾਲ ਹੈ।

'ਬਦਲ ਗਿਆ ਮੇਰਾ ਪਿੰਡ' ਪੁਸਤਕ ਦਾ ਅਧਿਐਨ ਕੀਤਿਆਂ ਪਤਾ ਚਲਦਾ ਹੈ ਕਿ ਲੋਕਧਰਾਈ ਵਰਤਾਰੇ ਨਾਲ ਸਬੰਧਿਤ ਗੁੱਗਾ ਨੌਮੀ ਦੇ ਤਿਉਹਾਰ ਦਾ ਰੂਪ ਵੀ ਪਹਿਲਾਂ ਵਰਗਾ ਨਹੀਂ ਰਿਹਾ। ਵਿਸ਼ਵੀਕਰਨ ਦੇ ਦੌਰ ਵਿੱਚ ਹਰ ਵਸਤੂ ਦੇ ਨਾਲ-ਨਾਲ ਲੋਕਾਂ ਦੀ ਮਾਨਸਿਕਤਾ ਵੀ ਬਦਲੀ ਹੈ। ਹੋਰਨਾਂ ਤਿਉਹਾਰਾਂ ਦੀ ਤਰ੍ਹਾਂ ਇਸ ਤਿਉਹਾਰ ਨੂੰ ਮਨਾਉਣ ਦੇ ਢੰਗ ਤਰੀਕੇ ਵੀ ਬਦਲ ਗਏ ਹਨ। ਮਸ਼ੀਨੀ ਯੁੱਗ ਹੋਣ ਕਰਕੇ ਅਸੀ ਹਰ ਕੰਮ ਨੂੰ ਛੇਤੀ-ਛੇਤੀ ਮੁਕਾਉਣ ਬਾਰੇ ਆਸ ਰੱਖਦੇ ਹਾਂ ਤੇ ਮਨ ਦੀ ਲਾਲਸਾ ਵਧੀ ਹੈ। ਇਸ ਤਿਉਹਾਰ ਤੇ ਹੁਣ ਕਿਸੇ ਵਿਰਲੇ ਘਰ ਵਿੱਚ ਸੇਵੀਆਂ ਹੱਥਾਂ ਜਾਂ ਹੱਥ ਨਾਲ ਚਲਾਉਣ ਵਾਲੀ ਮਸ਼ੀਨ ਨਾਲ ਤਿਆਰ ਕੀਤੀਆਂ ਜਾਂਦੀਆਂ ਹੋਣ। ਹੋਰ ਸਮਾਨ ਦੀ ਤਰ੍ਹਾਂ ਸੇਵੀਆਂ ਵੀ ਬਜਾਰੋਂ ਤਿਆਰ ਕੀਤੀਆਂ ਕਰਾਈਆਂ ਮਿਲ ਜਾਂਦੀਆਂ ਹਨ। ਵੱਡੀਆਂ-ਵੱਡੀਆਂ ਕੰਪਨੀਆਂ ਸੇਵੀਆਂ ਵੱਟਣ ਦਾ ਕੰਮ ਕਰ ਰਹੀਆਂ ਹਨ, ਇਸ ਦੇ ਨਾਲ ਨਾਲ ਇਹ ਵੀ ਵੇਖਣ ਵਿੱਚ ਆ ਰਿਹਾ ਹੈ ਕੇ ਹੁਣ ਤਾਂ ਸੇਵੀਆਂ ਵੱਟਣ ਵਾਲੇ ਪ੍ਰਵਾਸੀ ਮਜ਼ਦੂਰ ਸੜਕਾਂ ਦੇ ਕਿਨਾਰੇ ਇੰਜਣਾਂ ਤੇ ਮਸ਼ੀਨਾਂ ਲਾਈ ਬੈਠੇ ਹਨ, ਜਾਂ ਫਿਰ ਪਿੰਡਾਂ ਵਿੱਚ ਘੁੰਮ ਫਿਰ ਕੇ ਸੇਵੀਆਂ ਵੇਚ ਰਹੇ ਹਨ। ਅਜੋਕੀ ਪੀੜ੍ਹੀ ਹੱਥੀਂ

ਵੱਟੀਆਂ ਸੇਵੀਆਂ ਨੂੰ ਪਸੰਦ ਨਹੀਂ ਕਰ ਰਹੀ, ਉਂਞ ਵੀ ਕਿਸੇ ਕੋਲ ਵਿਹਲ ਨਹੀਂ ਰਿਹਾ। ਅਜੋਕੀ ਪੀੜ੍ਹੀ ਜੰਕ ਫੂਡ ਨੂੰ ਜਿਆਦਾ ਤਰਜੀਹ ਦੇ ਰਹੀ ਹੈ। ਇਸ ਬਾਰੇ ਪਰਮਜੀਤ ਕੌਰ ਸਰਹਿੰਦ ਦਾ ਵਿਚਾਰ ਹੈ:

> ਅਜੋਕੇ ਸਮੇਂ ਇਹ ਤਿਉਹਾਰ ਮਨਾਉਣਾ ਜਾਗਰੂਕ ਲੋਕ ਛੱਡ ਰਹੇ ਹਨ। ਪਿੰਡਾਂ ਵਿੱਚੋਂ ਉੱਠ ਕੇ ਸ਼ਹਿਰੀਂ ਜਾ ਵਸੇ ਪੇਂਡੂ ਪਰਿਵਾਰ ਵੀ ਬਹੁਤ ਸਾਰੇ ਤਿਉਹਾਰਾਂ ਨੂੰ ਭੁੱਲਦੇ ਜਾ ਰਹੇ ਹਨ। ਨਵੀਂ ਪੀੜ੍ਹੀ ਦੇਸੀ ਘਿਉ ਦਾ ਲੌਂਗ-ਲਾਚੀਆਂ ਵਾਲਾ ਤੜਕਾ ਲਾ ਕੇ ਗੁੜ ਸ਼ੱਕਰ ਦੀ ਚਾਸ ਵਿੱਚ ਬਣੀਆਂ ਮਿੱਠੀਆਂ ਸੇਵੀਆਂ ਖਾਣੀਆਂ ਪਸੰਦ ਨਹੀਂ ਕਰਦੀ। ਅੱਜ ਤਾਂ ਪੇਂਡੂ ਬੱਚੇ ਵੀ ਸੇਵੀਆਂ ਵਰਗੀਆਂ ਨਮਕੀਨ ਨੂਡਲਜ਼ ਤੇ ਮੈਗੀ ਖਾਣ ਦੇ ਸ਼ੁਕੀਨ ਹੋ ਗਏ ਹਨ। ਪਿੰਡਾਂ ਦੇ ਲੋਕ ਹਰ ਤਿਉਹਾਰ ਮੌਕੇ ਕਈ ਵਿਸ਼ੇਸ਼ ਪਕਵਾਨ ਬਣਾਉਂਦੇ ਜੋ ਰੁੱਤ ਅਨੁਸਾਰ ਸਿਹਤ ਲਈ ਵੀ ਠੀਕ ਹੁੰਦਾ। ਸਮੇਂ ਦੇ ਪਰਿਵਰਤਨ ਨਾਲ ਤਿਉਹਾਰਂ ਦੀ ਰੂਪ ਰੇਖਾ ਵੀ ਬਦਲ ਰਹੀ ਹੈ। (379)

ਵਿਸ਼ਵੀਕਰਨ ਦੇ ਦੌਰ ਵਿੱਚ ਅਸੀ ਮਾਨਸਿਕ ਤੌਰ ਤੇ ਇੱਕ ਦੂਜੇ ਨਾਲੋਂ ਟੁੱਟੇ ਹਾਂ। ਇਸ ਤਿਉਹਾਰ ਨਾਲ ਜੁੜੀਆਂ ਸਾਂਝਾਂ ਹੁਣ ਵਿਸਰ ਗਈਆਂ ਹਨ। ਹਰ ਕੋਈ ਆਪਣੀ ਹੀ ਚਰਚਾ ਕਰਦਾ ਹੈ। ਅਗਾਂਹ ਦੀ ਹੋੜ ਵਿੱਚ ਪਿੱਛੇ ਝਾਕਣ ਦੀ ਵਿਹਲ ਨਹੀਂ ਰਹੀ। 'ਬਦਲ ਗਿਆ ਮੇਰਾ ਪਿੰਡ' ਵਿਚੋਂ ਪਰਮਜੀਤ ਕੌਰ ਸਰਹਿੰਦ ਦਾ ਵਿਚਾਰ ਅੰਕਿਤ ਹੈ:

> ਮਸ਼ੀਨੀ ਯੁੱਗ ਨਾਲੋਂ ਉਹ ਦਿਨ ਬਹੁਤ ਪੱਖਾਂ ਤੋਂ ਵਧੀਆ ਹੁੰਦੇ । ਖਾਣ ਲਈ ਹੱਥਾਂ ਦੀ ਸਾਫ਼-ਸੁਥਰੀ ਚੀਜ਼, ਚੰਗੀ ਸਿਹਤ ਲਈ ਮਿਹਨਤ ਤੇ ਡਿਪਰੈਸ਼ਨ –ਟੈਨਸ਼ੇਨ ਤੋਂ ਬਚਣ ਲਈ ਦਿਲ ਫੋਲ ਦੇ ਮੌਕੇ, ਸੌ ਦੁੱਖਾਂ ਦਾ ਦਾਰੂ ਹੋ ਨਿਬੜਦੀਆਂ ਇਹ ਸੇਵੀਆਂ । ਅਜੋਕੇ ਸਮੇਂ ਇਸ ਮਸ਼ੀਨੀ ਯੁੱਗ ਵਿੱਚ ਸੇਵੀਆਂ ਵੱਟਣਾ ਇੱਕ ਧੰਦੇ ਦਾ ਰੂਪ ਧਾਰਨ ਕਰ ਗਿਆ ਹੈ। ਮਸ਼ੀਨਾਂ ਨੇ ਮਨੁੱਖ ਨੂੰ ਸਹੂਲਤਾਂ ਜ਼ਰੂਰ ਦਿੱਤੀਆਂ ਹਨ, ਪਰ ਆਪਸੀ ਸਾਂਝਾਂ ਤੋਂ ਬਾਂਝਾ ਵੀ ਕਰ ਦਿੱਤਾ ਹੈ। (381)

ਅਜੋਕੇ ਸਮੇਂ ਵਿੱਚ ਇਹ ਤਿਉਹਾਰ ਪੁਰਾਤਨ ਸੰਸਕਾਰਾਂ ਅਤੇ ਮਨੌਤਾਂ ਨੂੰ ਛੱਡ ਕੇ ਨਵੇਂ ਤੌਰ-ਤਰੀਕਿਆਂ ਵਿੱਚ ਬਦਲ ਗਿਆ ਹੈ। ਇਸ ਤਿਉਹਾਰ ਨਾਲ ਜੁੜਿਆ ਹਰ ਵਰਤ ਵਰਤਾਰਾ ਬਦਲ ਗਿਆ ਹੈ। ਬੇਸ਼ੱਕ ਨਵੀ ਪੀੜ੍ਹੀ ਤਕਨੀਕੀ ਪੜ੍ਹਾਈ ਕਰਕੇ ਜਾਗਰੂਕ ਹੋ ਕੇ ਇਸ ਤਿਉਹਾਰ ਨੂੰ ਮਨਾਉਣਾ ਵਿਸਾਰ ਰਹੀ ਹੈ ਪਰ ਵਿਖਾਵੇ ਦੀ ਭਾਵਨਾ ਹਿੱਤ ਇਹ ਤਿਉਹਾਰ ਬਹੁਤ ਖਰਚੀਲਾ ਹੋ ਗਿਆ ਹੈ। ਇਸ ਤਿਉਹਾਰ ਨਾਲ ਸੰਬੰਧਿਤ ਵਸਤਾਂ ਘਰ ਵਿੱਚ ਖਾਲਸ ਤਿਆਰ ਕਰਨ ਦੀ ਬਜਾਏ ਹੁਣ ਬਜਾਰੋਂ ਮਹਿੰਗੇ ਭਾਅ ਖਰੀਦੀਆਂ ਜਾ ਰਹੀਆਂ ਹਨ। ਇਸ ਤਿਉਹਾਰ ਨਾਲ ਸੰਬੰਧਿਤ ਲਗਦੇ ਮੇਲਿਆਂ ਵਿੱਚ ਹੁਣ ਰਾਜਨੀਤਿਕ ਸਟੇਜਾਂ ਵੀ ਲਗਦੀਆਂ ਹਨ। ਜਿੱਥੇ ਨੇਤਾ ਲੋਕ ਆਪਣੀਆਂ ਵੋਟਾਂ ਪੱਕੀਆਂ ਕਰਨ ਲਈ ਆਉਂਦੇ ਹਨ। ਲੋਕਾਂ ਨਾਲ ਲੁਭਾਉਣ ਵਾਅਦੇ ਕਰ ਕੇ ਜਾਂਦੇ ਹਨ। ਵੱਖ-ਵੱਖ ਪਾਰਟੀਆਂ ਇੱਕ-ਦੂਜੇ ਤੋਂ ਵੱਧ ਕੇ ਆਪਣਾ ਜੋਰ ਵਿਖਾ ਰਹੀਆਂ ਹਨ।

ਪੰਜਾਬ ਦੇ ਤਿਉਹਾਰਾਂ ਵਿਚ ਕੁਆਰੀਆਂ ਕੁੜੀਆਂ ਦਾ ਤਿਉਹਾਰ ਸਾਂਝੀ ਵੀ ਅਜੋਕੇ ਦੌਰ ਵਿਚੋਂ ਖਤਮ ਹੁੰਦਾ ਜਾ ਰਿਹਾ ਹੈ। ਵਿਸ਼ਵੀਕਰਨ ਦੇ ਦੌਰ ਵਿੱਚ ਇਹ ਤਿਉਹਾਰ ਤਾਂ ਪ੍ਰਚਲੱਤ ਹੈ, ਪਰ ਤੇਜ਼-ਤਰਾਰ ਜ਼ਿੰਦਗੀ ਵਿੱਚ ਕਿਸੇ ਕੋਲ ਵਿਹਲ ਨਹੀ। ਹਰ ਕੋਈ ਆਪਣੀ-ਆਪਣੀ ਸੋਚ ਮੁਤਾਬਿਕ ਅਗਾਂਹ ਜਾਣ ਬਾਰੇ ਸੋਚ ਰਿਹਾ ਹੈ। ਹਰ ਵਸਤ ਉੱਤੇ ਬਜਾਰ ਭਾਰੂ ਹੋਇਆ ਹੈ। ਜਿਸ ਨਾਲ ਸਾਡੀ ਮਾਨਸਿਕਤਾ ਨੇ ਵੀ ਕਰਵੱਟ ਲਈ ਹੈ। ਜਿੱਥੇ ਅਸੀ ਪਹਿਲਾਂ ਲੋਕ ਕਲਾ ਦੇ ਨਮੂਨੇ ਹੱਥੀ ਘਰਾਂ ਵਿੱਚ ਤਿਆਰ ਕਰਦੇ ਸੀ, ਉਹ ਹੁਣ ਪੈਸੇ ਖਰਚ ਕੇ ਬਜ਼ਾਰ ਤੋਂ ਬੜੀ ਆਸਾਨੀ ਨਾਲ ਲੈ ਆਉਂਦੇ ਹਾਂ। ਸਾਂਝੀ ਦੇ ਇਸ ਬਦਲਦੇ ਰੂਪ ਬਾਰੇ 'ਬਦਲ ਗਿਆ ਮੇਰਾ ਪਿੰਡ' ਪੁਸਤਕ ਵਿਚੋਂ ਪਰਮਜੀਤ ਕੌਰ ਸਰਹਿੰਦ ਦਾ ਵਿਚਾਰ ਹੈ:

> ਅੱਜ ਇਸ ਨਵਯੁੱਗ ਵਿੱਚ ਬਣੀ-ਬਣਾਈ ਖੂਬਸੂਰਤ ਸਾਂਝੀ ਤੇ ਬਰੋਟਾ ਮਿਲ ਜਾਂਦਾ ਹੈ, ਜੋ ਘਰਾਂ ਵਿੱਚ ਲਿਆ ਕੇ ਸਜਾ ਲੈਂਦੇ ਹਨ। ਰਲ-ਮਿਲ ਬੈਠਣ ਦੇ ਬਹਾਨੇ ਮੁੱਕ ਗਏ ਹਨ, ਸਾਂਝਾਂ ਇਉਂ ਖੁਰ ਗਈਆਂ ਹਨ, ਜਿਵੇਂ ਸਾਂਝੀ ਦੀਆਂ ਟਿੱਕੀਆਂ ਪਾਣੀ ਵਿੱਚ ਖੁਰ ਜਾਂਦੀਆਂ ਹਨ। ਕਿਸ ਕੋਲ ਸਮਾਂ ਹੈ ਰਲਕੇ ਮਿੱਟੀ ਦੀਆਂ ਟਿੱਕੀਆਂ,ਚੰਨ-ਤਾਰੇ, ਸੂਰਜ ਤੇ ਬਰੋਟੇ ਬਣਾਉਣ ਦਾ,

> ਤੋਤੇ-ਚਿੜੀਆਂ ਦੀਆਂ ਚੁੰਝਾਂ ਰੰਗਣ ਦਾ। ਸਾਝੀ ਅਸਲ ਵਿੱਚ ਸਾਂਝ ਦਾ ਹੀ ਪ੍ਰਤੀਕ ਹੁੰਦੀ ਸੀ । ਇਹ ਸਾਡੇ ਵਿਰਸੇ ਤੇ ਅਭੁੱਲ ਰਿਵਾਜ਼ ਹਨ। ਅਫਸੋਸ ਇਸ ਗੱਲ ਦਾ ਹੈ ਕਿ ਸਾਂਝਾਂ ਘਟਦੀਆਂ ਜਾਂਦੀਆਂ ਹਨ। (387-388)

ਨਿਰਸੰਦੇਹ ਸਾਂਝੀ ਦਾ ਤਿਉਹਾਰ ਪੰਜਾਬੀ ਲੋਕਧਾਰਾ ਦੀ ਇੱਕ ਰੰਗਲੀ ਤਸਵੀਰ ਪੇਸ਼ ਕਰਦਾ ਹੈ। ਸਾਂਝਾਂ ਨੂੰ ਉਜਾਗਰ ਕਰਦਾ ਹੈ। ਵਿਸ਼ਵੀਕਰਨ ਦੇ ਸਮੇਂ ਵਿੱਚ ਅਗਾਂਹ ਹੋਰ ਅਗਾਂਹ ਲਾਲਸਾ ਵਿੱਚ ਪਿੰਡਾਂ ਤੋਂ ਸ਼ਹਿਰਾਂ ਵੱਲ ਦੇ ਸਫਰ ਵਿੱਚ ਸਾਂਝਾਂ ਤਿੜਕ ਗਈਆਂ ਹਨ।

ਪੰਜਾਬ ਦੇ ਪ੍ਰਮੁੱਖ ਤਿਉਹਾਰਾਂ ਵਿਚ ਦੁਸਹਿਰਾ ਵੀ ਪ੍ਰਸਿੱਧ ਤਿਉਹਾਰ ਰਿਹਾ ਹੈ। ਅਧਿਐਨ ਕੀਤਿਆਂ ਪਤਾ ਚਲਦਾ ਹੈ ਕਿ ਵਿਸ਼ਵੀਕਰਨ ਦੇ ਦੌਰ ਵਿਚ ਇਸ ਤਿਉਹਾਰ ਦਾ ਰੂਪ ਵੀ ਕਾਫੀ ਬਦਲ ਗਿਆ ਹੈ। ਹਰ ਵਸਤ ਉੱਤੇ ਬਜਾਰ ਭਾਰੂ ਹੋਇਆ ਹੈ ਦੇਸੀ ਵਸਤਾਂ ਮਨਫੀ ਹੋ ਗਈਆਂ ਹਨ। ਹਰ ਪਾਸੇ ਵਿਦੇਸ਼ੀ ਵਸਤਾਂ ਦਾ ਰੌਲਾ ਹੈ। ਜਿੱਥੇ ਦੁਸਹਿਰੇ ਵਾਲੇ ਦਿਨ ਘਰਾਂ ਵਿੱਚ ਖਾਣ ਪੀਣ ਦੀਆਂ ਵਸਤਾਂ ਆਪ ਤੇ ਖਾਲਸ ਤਿਆਰ ਕੀਤੀਆਂ ਜਾਂਦੀਆਂ ਸਨ, ਹੁਣ ਸਭ ਕੁੱਝ ਪੈਸੇ ਖਰਚ ਕਰਕੇ ਬਜਾਰੋਂ ਮਿਲ ਰਹੀਆਂ ਹਨ। ਹੁਣ ਇਹਨਾਂ ਤਿਉਹਾਰਾਂ ਤੇ ਦਿਖਾਵਾ ਭਾਰੂ ਹੋ ਗਿਆ ਹੈ। ਦੁਸਹਿਰੇ ਵਾਲੇ ਮੰਚ ਤੇ ਰਾਜਸੀ ਨੇਤਾ ਤਕਰੀਰਾ ਦੇਣ ਲਈ ਆ ਜੁੜਦੇ ਹਨ। ਆਪਣੇ ਵੋਟ ਬੈਂਕ ਨੂੰ ਵਧਾਉਣ ਲਈ ਲੋਕਾਂ ਨਾਲ ਵਾਅਦੇ ਕਰਦੇ ਹਨ। ਅਜੋਕੀ ਪੀੜ੍ਹੀ ਪੜ੍ਹੀ ਲਿਖੀ ਹੋਣ ਕਰਕੇ, ਇਸ ਪਾਸੇ ਵੱਲ ਘੱਟ ਧਿਆਨ ਦੇ ਰਹੀ ਹੈ। ਹਰ ਇਨਸਾਨ ਮਸ਼ੀਨੀ ਯੁੱਗ ਵਿੱਚ ਮਸ਼ੀਨ ਬਣਿਆ ਬੈਠਾ ਹੈ। ਰਾਮ ਲੀਲਾ ਵੇਖਣ ਜਾਣ ਦਾ ਰਿਵਾਜ਼ ਵੀ ਘਟਦਾ ਜਾ ਰਿਹਾ ਹੈ। ਅੱਜ ਕੱਲ੍ਹ ਲੋਕ ਮਲਟੀ ਮੀਡੀਆ ਰਾਹੀਂ ਘਰ ਬੈਠੇ ਹੀ ਸਭ ਕੁੱਝ ਵੇਖਣ ਦੀ ਤਾਕਤ ਰੱਖਦੇ ਹਨ।

ਔਰਤਾਂ ਦਾ ਵਿਸ਼ੇਸ ਤਿਉਹਾਰ ਕਰਵਾ ਚੌਥ ਦਾ ਵਰਤ ਰਿਹਾ ਹੈ। ਔਰਤਾਂ ਵਿਚ ਇਹ ਵਰਤ ਆਪਣੇ ਪਤੀ ਦੀ ਲੰਮੀ ਉਮਰ ਲਈ ਰੱਖਦੀਆਂ ਆ ਰਹੀਆਂ ਹਨ। ਅਧਿਐਨ ਕੀਤਿਆਂ ਪਤਾ ਚਲਦਾ ਹੈ ਕਿ ਇਸ ਤਿਉਹਾਰ ਦਾ ਰੂਪ ਵੀ ਪਹਿਲਾਂ ਵਰਗਾ ਨਹੀਂ ਰਿਹਾ। ਵਿਸ਼ਵੀਕਰਨ ਦੇ ਦੌਰ ਵਿੱਚ ਇਸ ਤਿਉਹਾਰ ਦਾ ਰੰਗ-ਢੰਗ ਹੀ ਬਦਲ ਗਿਆ ਹੈ। ਅੱਜ ਕੱਲ੍ਹ ਦੇ ਦੌਰ ਵਿੱਚ ਇਸ ਤਿਉਹਾਰ ਵਿੱਚ ਵਿਖਾਵੇ ਦੀ ਭਾਵਨਾ ਨੇ

ਜਨਮ ਲਿਆ ਹੈ। ਸਭ ਤੋਂ ਅਹਿਮ ਗੱਲ ਕਿ ਬਜ਼ਾਰ ਇਸ ਤਿਉਹਾਰ ਉੱਪਰ ਬਹੁਤ ਹੀ ਹਾਵੀ ਹੋਇਆ ਹੈ। ਇਹ ਵਰਤ ਪਤੀ ਦੀ ਲੰਬੀ ਉਮਹ ਲਈ ਰੱਖਿਆ ਜਾਂਦਾ ਹੈ, ਪਰ ਇਹ ਪਤੀ ਲਈ ਬਹੁਤ ਹੀ ਖਰਚੀਲਾ ਬਣ ਗਿਆ ਹੈ, ਪਹਿਲੇ ਸਮੇਂ ਦੇ ਮੁਤਾਬਿਕ ਹੁਣ ਤਾਂ ਹਰ ਕਿਸੇ ਕੋਲ ਚੰਗੇ ਸੂਟ ਗਹਿਣੇ ਆਦਿ ਹਨ, ਘਰ ਵਿੱਚ ਭਾਂਤ-ਭਾਂਤ ਦੇ ਪਕਵਾਨ ਰੋਜ਼ ਬਣਦੇ ਹਨ। ਪਰ ਦਿਖਾਵੇ ਦੀ ਭਾਵਨਾ ਹਿੱਤ ਬਜਾਰੋਂ ਬਹੁਤ ਕੁੱਝ ਮੰਗਵਾਇਆ ਜਾਂਦਾ ਹੈ। ਬਜਾਰਾਂ ਵਿੱਚ ਇਹਨਾਂ ਦਿਨਾਂ ਵਿੱਚ ਭੀੜ ਬਹੁਤ ਹੁੰਦੀ ਹੈ।

ਪਹਿਲਾਂ ਸੁਹਾਗਣਾਂ ਮਹਿੰਦੀ ਆਪ ਹੀ ਆਪਣੇ ਹੱਥਾਂ ਤੇ ਲਾ ਲੈਂਦੀਆਂ ਸਨ, ਪਰ ਹੁਣ ਬਜਾਰ ਵਿੱਚ ਥਾਂ-ਥਾਂ ਤੇ ਮਹਿੰਦੀ ਲਾਉਣ ਲਈ ਪ੍ਰਵਾਸੀ ਡਿਜ਼ਾਇਨਿੰਗ ਬੁੱਕ ਨਾਲ ਲੈਕੇ ਬੈਠੇ ਹਨ। ਇਸ ਤੋਂ ਵੀ ਅਗਾਂਹ, ਸ਼ਹਿਰਾਂ ਵਿੱਚ ਵੱਡੇ-ਵੱਡੇ ਸੈਲੂਨ ਔਰਤਾਂ ਨੂੰ ਤਰ੍ਹਾਂ-ਤਰ੍ਹਾਂ ਦੀਆਂ ਸਕੀਮਾਂ ਦੇ ਕੇ, ਉਹਨਾਂ ਨੂੰ ਤਿਆਰ ਕਰਦੀਆਂ ਹਨ ਤੇ ਮੋਟੇ ਰੁਪਏ ਲੈ ਲੈਂਦੀਆਂ ਹਨ।ਇਸ ਬਾਰੇ 'ਬਦਲ ਗਿਆ ਮੇਰਾ ਪਿੰਡ' ਪੁਸਤਕ ਵਿਚੋਂ ਇਸ ਬਾਰੇ ਪਰਮਜੀਤ ਕੌਰ ਸਰਹਿੰਦ ਦਾ ਵਿਚਾਰ ਹੈ:

> ਅੱਜ ਕੱਲ੍ਹ ਪਿਛਲੇ ਸਮੇਂ ਨਾਲੋਂ ਸਾਰੇ ਤਿਉਹਾਰਾਂ ਨੂੰ ਮਨਾਉਣ ਦਾ ਢੰਗ ਤਰੀਕਾ ਬਦਲ ਗਿਆ ਹੈ। ਪਿਛਲੇ ਸਮੇਂ ਕਰਵਾ ਚੌਥ ਦੇ ਤਿਉਹਾਰ ਦੀ ਸੱਜ- ਵਿਆਹੀਆਂ ਕੁੜੀਆਂ ਲਈ ਵਿਸ਼ੇਸ ਮਹੱਤਤਾ ਹੁੰਦੀ ਸੀ। ਪਰ ਅਜੋਕੇ ਸਮੇਂ ਪਿੰਡਾਂ ਵਿਚ ਉਹੋ ਵਰਤਾਰਾ ਹੈ ਪਰ ਸ਼ਹਿਰਾਂ ਵਿਚ ਕਰਵਾ ਚੌਥ ਨੂੰ ਔਰਤਾਂ, ਵਿਆਹ ਵਾਂਗੂੰ ਤਿਆਰੀ ਕਰਦੀਆਂ ਹਨ। ਸ਼ਹਿਰ ਆ ਕੇ ਵਸੇ ਪੇਂਡੂ ਪਰਿਵਾਰਾਂ ਦੀਆਂ ਔਰਤਾਂ ਵੀ ਸਹਿਰਨਾਂ ਦੀ ਨਕਲ ਕਰਨ ਲੱਗੀਆਂ ਹਨ। ਪਿੰਡਾਂ ਦੀਆਂ ਧੀਆਂ ਭੈਣਾਂ ਅਜਿਹੇ ਤਿਉਹਾਰਾਂ ਉੱਤੇ ਦਸ ਵੀਹ ਦਿਨ ਪੇਕੇ ਰਹਿ ਜਾਂਦੀਆਂ ਸਨ, ਪਰ ਹੁਣ ਤਾਂ ਰਲ ਬੈਠਣ ਲਈ ਦਸ-ਵੀਹ ਘੰਟੇ ਵੀ ਮੁਸ਼ਕਿਲ ਨਾਲ ਨਿਕਲਦੇ ਹਨ। (400)

ਪਹਿਲਾਂ ਵਰਗੇ ਸੰਧਾਰੇ ਹੁਣ ਨਹੀਂ ਭੇਜੇ ਜਾਂਦੇ, ਹੁਣ ਤਾਂ ਤਰ੍ਹਾਂ ਤਰ੍ਹਾਂ ਦੀਆਂ ਮਿਠਾਈਆਂ ਅਤੇ ਡਰਾਈ ਫਰੂਟ ਇੱਕ ਦੂਜੇ ਨੂੰ ਆਦਾਨ-ਪ੍ਰਦਾਨ ਕੀਤੇ ਜਾਂਦੇ ਹਨ। ਸੰਧਾਰੇ ਵਿੱਚ ਪੂੜੀਆਂ, ਕੜਾਹ ਦੀ ਹੁਣ ਕੋਈ ਥਾਂ ਨਹੀਂ ਰਹੀ। 'ਬਦਲ ਗਿਆ ਮੇਰਾ ਪਿੰਡ' ਪੁਸਤਕ ਵਿਚੋਂ ਇਸ ਬਾਰੇ ਪਰਮਜੀਤ ਕੌਰ ਸਰਹਿੰਦ ਦਾ ਵਿਚਾਰ ਹੈ:

> ਅੱਜ ਕੱਲ੍ਹ ਤਾਂ ਘਰਾਂ ਵਿੱਚ ਆਮ ਹੀ ਛੋਲੇ-ਪੂੜੀਆਂ ਜਾਂ ਛੋਲੇ ਭਟੂਰੇ ਬਣਾ ਕੇ ਜਾਂ ਬਜਾਰੋਂ ਮੰਗਵਾ ਕੇ ਖਾਧੇ ਜਾਂਦੇ ਹਨ........ ਅੱਜ ਕੱਲ੍ਹ ਕਿਸੇ ਦੇ ਘਰ ਸਰਘੀ ਦੀਆਂ ਠੰਢੀਆਂ ਅਤੇ ਬਹੀਆਂ ਕੜਾਹ –ਪੂੜੀਆਂ ਭੇਜੋ ਤਾਂ ਅਗਲਾ ਪਿੱਠ ਮੋੜਨ ਸਾਰ ਹੀ ਕਹਿੰਦਾ ਹੈ ਕਿ ਖਾ ਕੇ ਗਲੇ ਖਰਾਬ ਕਰਨੇ ਨੇ ਬੱਚੇ ਬੀਮਾਰ ਕਰਨੇ ਨੇ। (397)

ਘਰਾਂ ਵਿੱਚ ਬਣਾਈਆਂ ਖਾਲਸ ਵਸਤਾਂ ਦੀ ਹੁਣ ਕਦਰ ਨਹੀਂ ਰਹੀ। ਸਭ ਕੁੱਝ ਬਜਾਰੋਂ ਹੀ ਮੰਗਵਾ ਲਿਆ ਜਾਂਦਾ ਹੈ। ਉਂਞ ਵੀ ਘਰ ਵਿੱਚ ਇਹਨਾਂ ਵਸਤਾਂ ਨੂੰ ਤਿਆਰ ਕਰਨ ਦੀ ਹੁਣ ਕਿਸੇ ਕੋਲ ਵਿਹਲ ਨਹੀਂ। ਮੰਡੀਕਰਨ ਦੇ ਇਸ ਦੌਰ ਵਿੱਚ ਹਰ ਕੰਪਨੀ ਨੇ ਹਰ ਤਿਉਹਾਰ ਨਾਲ ਸੰਬੰਧਿਤ ਸਾਜੋ-ਸਮਾਨ ਦੇ ਪੈਕਜ ਤਿਆਰ ਕੀਤੇ ਹੋਏ ਨੇ, ਬਸ ਪੈਸੇ ਖਰਚ ਕਰੋ ਤੇ ਘਰ ਬੈਠੇ ਹੀ ਉਸ ਨੂੰ ਮੰਗਵਾ ਲਉ। ਇਸ ਤਿਉਹਾਰ ਦੇ ਬਦਲਾਵ ਵੱਖ ਵਿੱਚ ਇੱਕ ਗੱਲ ਹੋਰ ਨਿਖਰ ਕੇ ਆਉਂਦੀ ਹੈ ਕਿ ਜਿੱਥੇ ਇਹ ਤਿਉਹਾਰ ਪਤੀ ਦੀ ਲੰਬੀ ਉਮਰ ਲਈ ਰੱਖਿਆ ਜਾਂਦਾ ਉੱਥੇ ਕਈ ਵਾਰ ਔਰਤਾਂ ਪਤੀ ਦੀ ਕੁੱਟ ਮਾਰ ਦਾ ਸ਼ਿਕਾਰ ਹੋ ਰਹੀਆਂ ਹਨ। ਇਸ ਤਿਉਹਾਰ ਦਾ ਇੱਕ ਪੱਖ ਹੋਰ ਹੈ ਕਿ ਜਿੱਥੇ ਇਸ ਰਾਹੀਂ ਭੈਣਾਂ ਭਰਾਵਾਂ ਨੂੰ ਮਿਲਣ ਦਾ ਅਥਾਹ ਚਾਅ ਹੁੰਦਾ ਕਿਉਂਕਿ ਵਿਆਹੀਆਂ ਲੜਕੀਆਂ ਵਰ੍ਹੇ-ਛਿਮਾਹੀ ਹੀ ਪੇਕੇ ਘਰ ਜਾਂਦੀਆਂ ਸਨ, ਪਰ ਹੁਣ ਆਵਾਜਾਈ ਦੇ ਸਾਧਨਾਂ ਅਤੇ ਤਕਨੀਕੀ ਸਾਧਨਾਂ ਕਰਕੇ ਰਿਸ਼ਤਿਆਂ ਵਿੱਚ ਵੀ ਪਿਆਰ ਘੱਟਦਾ ਜਾ ਰਿਹਾ ਹੈ। ਫੋਨਾਂ ਰਾਹੀਂ ਹਰ ਰੋਜ ਕਈ-ਕਈ ਵਾਰ ਇੱਕ ਦੂਜੇ ਨਾਲ ਗੱਲ ਹੁੰਦੀ ਹੈ ਜਿਸ ਨਾਲ ਇੱਕ-ਦੂਜੇ ਨੂੰ ਮਿਲਣ ਦਾ ਚਾਅ ਘੱਟਦਾ ਜਾ ਰਿਹਾ।

ਦਿਵਾਲੀ ਦੇ ਤਿਉਹਾਰ ਬਾਰੇ ਅਧਿਐਨ ਕੀਤਿਆ ਪਤਾ ਚਲਦਾ ਹੈ ਕਿ ਵਿਸ਼ਵੀਕਰਨ ਦੇ ਦੌਰ ਵਿੱਚ ਹੋਰਨਾਂ ਤਿਉਹਾਰਾਂ ਦੀ ਤਰ੍ਹਾਂ ਇਹ ਤਿਉਹਾਰ ਵੀ ਇਸ ਤੋਂ ਅਭਿੱਜ ਨਹੀਂ ਰਿਹਾ। ਇਸ ਤਿਉਹਾਰ ਵਿੱਚ ਵੀ ਭਾਰੀਆਂ ਤਬਦੀਲੀਆਂ ਹੋ ਗਈਆਂ ਹਨ। ਬਹੁਤੇ ਲੋਕ ਇਸ ਤਿਉਹਾਰ ਦੇ ਪਿਛੋਕੜ ਨੂੰ ਨਹੀਂ ਜਾਣਦੇ, ਇੱਕ-ਦੂਜੇ ਤੋਂ ਅਗਾਂਹ ਜਾਣ ਲਈ ਸਾਰਾ ਧਿਆਨ ਲੋਕ ਵਿਖਾਵੇ ਵੱਲ ਨੂੰ ਹੁੰਦਾ ਹੈ। ਬਜਾਰੀਕਰਨ ਨੇ ਲੋਕ-ਮਨਾਂ ਨੂੰ ਬਦਲ ਕੇ ਰੱਖ ਦਿੱਤਾ ਹੈ। ਹਰ ਤਿਉਹਾਰ ਉੱਤੇ ਬਜ਼ਾਰ ਹਾਵੀ ਹੋ ਗਿਆ ਹੈ। ਜਿੱਥੇ ਲੋਕ ਪਹਿਲਾਂ ਘਰਾਂ ਵਿੱਚ ਦੀਪਮਾਲਾ ਲਈ ਮਿੱਟੀ ਦੇ ਦੀਵੇ ਬਣਾ ਕੇ ਉਸ ਵਿੱਚ ਦੇਸੀ ਘਿਉ ਜਾਂ ਸਰ੍ਹੋਂ ਦਾ ਤੇਲ ਪਾ

ਕੇ ਜਗਾਉਂਦੇ ਸਨ, ਹੁਣ ਲੋਕ ਬਜਾਰੋਂ ਬਿਜਲੀ ਤੇ ਚੱਲਣ ਵਾਲੇ ਰੰਗ-ਬਿਰੰਗੇ ਬਲਬਾਂ ਨੂੰ ਤਰਜੀਹ ਦੇਣ ਲੱਗ ਪਏ ਹਨ। ਰੰਗ ਬਿਰੰਗੇ ਬਲਬਾਂ ਨੂੰ ਵਿਦੇਸ਼ੀ ਕੰਪਨੀਆਂ ਵੱਡੇ ਪੱਧਰ ਤੇ ਤਿਆਰ ਕਰਕੇ ਵੇਚ ਰਹੀਆਂ ਹਨ ਤੇ ਮੁਨਾਫਾ ਕਮਾ ਰਹੀਆਂ ਹਨ।

ਵਿਸ਼ਵੀਕਰਨ ਦੇ ਦੌਰ ਵਿੱਚ ਪਹਿਲਾਂ ਮਿਠਾਈਆਂ ਘਰਾਂ ਵਿੱਚ ਆਮ ਜਾਂ ਪਿੰਡ, ਸ਼ਹਿਰ ਦੀ ਹਲਵਾਈ ਦੀ ਦੁਕਾਨ ਤੋਂ ਖ੍ਰੀਦੀਆਂ ਜਾਂਦੀਆਂ ਸਨ। ਪਰ ਅੱਜ ਕੱਲ੍ਹ ਮਿਠਾਈਆਂ, ਮਿਠਾਈ ਦੀਆਂ ਦੁਕਾਨਾਂ ਤੋਂ ਘੱਟ ਤੇ ਸ਼ਾਪਿੰਗ ਮੌਲ ਵਿੱਚੋਂ ਵਧੇਰੇ ਖਰੀਦੀਆਂ ਜਾ ਰਹੀਆਂ ਹਨ। ਲੋਕਾਂ ਦੀ ਧਿਆਨ ਦੇਸੀ ਵਸਤਾਂ ਤੋਂ ਹੱਟ ਕੇ ਵਿਦੇਸ਼ੀ ਵਸਤਾਂ ਵੱਲ ਨੂੰ ਗਿਆ ਹੈ। ਜਿੱਥੇ ਲੋਕ ਪਹਿਲਾਂ ਦੀਵਾਲੀ ਤੇ ਇੱਕ ਦੂਜੇ ਨੂੰ ਤੋਹਫੇ ਵਜੋਂ ਦੇਸੀ ਮਿਠਾਈਆਂ ਦਿੰਦੇ ਸਨ, ਹੁਣ ਮਹਿੰਗੇ ਭਾਅ ਦੀ ਤਿਆਰ ਕੀਤੇ-ਕਰਾਏ ਤੋਹਫੇ ਸ਼ੌਪਿੰਗ ਮੌਲਾਂ ਵਿੱਚ ਮਿਲ ਰਹੇ ਹਨ। ਵੱਡੀਆਂ-ਵੱਡੀਆਂ ਕੰਪਨੀਆਂ ਆਪਣੀ ਵਿਕਰੀ ਦੀ ਰਫਤਾਰ ਨੂੰ ਤੇਜ ਕਰਨ ਲਈ ਕਈ ਤਰ੍ਹਾਂ ਦੀਆਂ ਸਕੀਮਾਂ ਦੇ ਰਹੀਆਂ ਹਨ। ਬੰਦ ਕੀਤੇ-ਕਰਾਏ ਡੱਬੇ ਇੱਕ ਨਾਲ ਇੱਕ ਫਰੀ ਵਰਗੀਆਂ ਸਕੀਮਾਂ ਤਹਿਤ ਖਰੀਦੇ ਜਾ ਰਹੇ ਹਨ। ਜਿੱਥੇ ਬੱਚੇ ਪਹਿਲਾਂ ਮਿਠਾਈਆਂ ਵਧੇਰੇ ਪਸੰਦ ਕਰਦੇ ਸਨ ਉਹਨਾਂ ਲਈ ਵੀ ਸ਼ੌਪਿੰਗ ਮੌਲ ਵਿੱਚ ਖਾਸ ਤਰ੍ਹਾਂ ਦੇ ਤੋਹਫੇ ਤਿਆਰ ਕੀਤੇ-ਕਰਾਏ ਮਿਲ ਰਹੇ ਹਨ। ਜਿਹਨਾਂ ਵਿੱਚ ਕੁਰਕੁਰੇ, ਚਿਪਸ, ਟੋਫੀਆਂ, ਚਾਕਲੇਟ ਅਤੇ ਕਈ ਭਾਂਤ ਦਾ ਜੂਸ ਆਦਿ ਹੁੰਦੇ ਹਨ। ਇੱਥੋਂ ਤੱਕ ਕੇ ਦਿਵਾਲੀ ਤੇ ਲੱਛਮੀਂ ਦੀ ਪੂਜਾ ਕਰਨ ਲਈ ਸਮੱਗਰੀ ਬਜ਼ਾਰੋਂ ਤਿਆਰ ਕੀਤੀ-ਕਰਾਈ ਮਿਲ ਰਹੀ ਹੈ। ਰੰਗੋਲੀ ਦੇ ਨਮੂਨੇ ਫੁੱਲ ਲੜੀਆਂ ਆਦਿ ਸਭ ਕੁੱਝ ਮੰਡੀਕਰਨ ਦੀ ਭੇਂਟ ਚੜ੍ਹ ਗਿਆ ਹੈ।

ਅਜੋਕੇ ਦੌਰ ਵਿੱਚ ਮਲਟੀਮੀਡੀਆ ਰਾਹੀਂ ਵੱਖ-ਵੱਖ ਕੰਪਨੀਆਂ ਅਨੇਕਾਂ ਪ੍ਰਕਾਰ ਦੀਆਂ ਸਕੀਮਾਂ ਦੇ ਕੇ ਲੋਕਾਂ ਨੂੰ ਆਕਰਸ਼ਿਤ ਕਰ ਰਹੀਆਂ ਹਨ। ਹੋਰ ਤਾਂ ਹੋਰ ਰੰਗ-ਰੋਗਨ ਵਾਲੀਆਂ ਕੰਪਨੀਆਂ ਦੁਆਰਾ ਆਪਣੇ ਮਾਲ ਨੂੰ ਵੇਚਣ ਲਈ ਇਹਨਾਂ ਤਿਉਹਾਰਾਂ ਦਾ ਸਹਾਰਾ ਲਿਆ ਜਾ ਰਿਹਾ ਹੈ। ਜਿੱਥੇ ਪਹਿਲਾਂ ਸਾਫ਼-ਸਫਾਈ ਤੇ ਰੰਗ-ਰੋਗਣ ਆਪ ਕਰ ਲਿਆ ਜਾਂਦਾ ਸੀ, ਉੱਥੇ ਕੰਪਨੀਆਂ ਦੁਆਰਾ ਇਹਨਾਂ ਰੰਗਾਂ ਨੂੰ ਕਰਨ ਲਈ ਕੰਪਨੀਆਂ

ਕਾਰੀਗਰ ਵੀ ਮੁਹੱਈਆ ਕਰ ਰਹੀਆਂ ਹਨ। ਇਸ ਬਾਰੇ 'ਬਦਲ ਗਿਆ ਮੇਰਾ ਪਿੰਡ' ਪੁਸਤਕ ਵਿਚੋਂ ਪਰਮਜੀਤ ਕੌਰ ਸਰਹਿੰਦ ਦਾ ਵਿਚਾਰ ਹੈ:

> ਅੱਜ ਵੀ ਦੀਵਾਲੀ ਉੱਤੇ ਲੋਕ ਸਫਾਈਆਂ ਕਰਾਉਂਦੇ ਹਨ, ਮਹਿੰਗੇ ਰੰਗ, ਰੋਗਨ ਤੇ ਪੇਂਟ, ਕਾਰੀਗਰਾਂ ਪੇਂਟਰਾਂ ਨੂੰ ਲਗਾ ਕੇ ਕਰਵਾਉਂਦੇ ਹਨ, ਪਰ ਹਰ ਸਾਲ ਤਾਂ ਕੋਈ ਹੀ ਕਰਵਾਉਂਦਾ ਹੈ। ਕਿਉਂਕਿ ਇਹ ਰੰਗ-ਰੋਗਨ ਪੇਂਟ ਬਹੁਤ ਹੀ ਮਹਿੰਗੇ ਹਨ ਦੂਜਾ ਇਹ ਜਲਦੀ ਖਰਾਬ ਵੀ ਨਹੀਂ ਹੁੰਦੇ, ਪਰ ਇਹ ਕਿਸੇ ਤਰ੍ਹਾਂ ਵੀ ਉਦੋਂ ਦੀ ਹੁੰਦੀ ਸਲਾਨਾ ਸਫਾਈ ਨੂੰ ਮਾਤ ਨਹੀਂ ਪਾ ਸਕਦੇ। ਉਦੋਂ ਘਰਾਂ ਦੀ ਸਫਾਈ ਐਨੀ ਮਹਿੰਗੀ ਨਹੀਂ ਸੀ ਹੁੰਦੀ ਅਤੇ ਨਾ ਹੀ ਬਹੁਤੇ ਲੋਕ ਪੇਂਟਰਾਂ, ਕਾਰੀਗਰਾਂ ਜਾਂ ਦਿਹਾੜੀਦਾਰਾਂ ਨੂੰ ਲਾਉਂਦੇ ਸਨ। ਘਰ ਦੇ ਸਾਰੇ ਜੀਅ ਰਲ-ਮਿਲ ਕੇ ਸਫਾਈ ਕਰਦੇ ਸਨ । ਸਫੈਦੀ ਭਾਵ ਚੂਨੇ ਵਿੱਚ ਨੀਲ ਪਾ ਕੇ ਦੋ-ਤਿੰਨ ਦਿਨ ਭਿਉਂ ਕੇ ਰੱਖ ਛੱਡਣਾ। ਪਾਣੀ ਨੂੰ ਡੰਡੇ ਨਾਲ ਹਿਲਾਉਂਦੇ ਰਹਿਣਾ। ਪੀਲੀ ਮਿੱਟੀ ਵੀ ਏਦਾਂ ਹੀ ਪਾਣੀ ਵਿੱਚ ਰੱਖਣੀ। ਬੜੇ ਚਾਅ ਅਤੇ ਹਿੰਮਤ ਨਾਲ ਆਪਣਾ-ਆਪਣਾ ਘਰ ਚਮਕਾ ਲੈਣਾ। ਜੇ ਕਿਸੇ ਦਾ ਕੰਮ ਦੀਵਾਲੀ ਤੱਕ ਨੇਪਰੇ ਨਾ ਚੜ੍ਹਦਾ ਦਿੱਸਣਾ ਤਾਂ ਕੰਮ ਮੁਕਾ ਚੁੱਕਣ ਵਾਲਿਆਂ ਉਹਨਾਂ ਨਾਲ ਜਾ ਲੱਗਣਾ। ਇਹ ਸਾਂਝ ਜਿੱਥੇ ਆਪਸੀ ਮੋਹ ਪਿਆਰ ਵਧਾਉਂਦੀ ਉੱਥੇ ਬੇਲੋੜੇ ਖਰਚੇ ਤੋਂ ਵੀ ਬੱਚਤਾਂ ਕਰਵਾਉਂਦੀ। (415)

ਅਜੋਕੇ ਦੌਰ ਵਿੱਚ ਇਸ ਤਿਉਹਾਰ ਵਿੱਚ ਇੱਕ ਹੋਰ ਵੱਡਾ ਬਦਲਾਵ ਇਹ ਹੋਇਆ ਹੈ ਕਿ ਪਹਿਲਾਂ ਦੇ ਮੁਕਾਬਲੇ ਇਹ ਤਿਉਹਾਰ ਪਹਿਲਾਂ ਨਾਲੋਂ ਜਿਆਦਾ ਪ੍ਰਦੂਸ਼ਣ ਵਾਲਾ ਹੋ ਗਿਆ ਹੈ। ਬੇਲੋੜੀਆਂ ਆਤਿਸ਼ਬਾਜੀਆਂ ਪਟਾਕਿਆਂ ਆਦਿ ਨਾਲ ਵਾਤਾਵਰਨ ਗੰਦਲਾ ਹੋ ਜਾਂਦਾ ਹੈ। ਵੱਡੇ-ਵੱਡੇ ਸ਼ਹਿਰਾਂ ਵਿੱਚ ਸਾਹ ਲੈਣਾ ਵੀ ਔਖਾ ਹੋ ਜਾਂਦਾ ਹੈ। ਵਿਦੇਸ਼ੀ ਕੰਪਨੀਆਂ ਦੁਆਰਾ ਤਿਆਰ ਕੀਤੇ ਪਟਾਕੇ ਬਜ਼ਾਰਾਂ ਵਿੱਚ ਪਹਿਲਾਂ ਹੀ ਪਹੁੰਚ ਜਾਂਦੇ ਹਨ। ਤਰ੍ਹਾਂ-ਤਰ੍ਹਾਂ ਦੀਆਂ ਸਕੀਮਾਂ ਤਹਿਤ ਲੋਕਾਂ ਦਾ ਮਨ ਲੁਭਾਇਆ ਜਾਂਦਾ ਹੈ।

ਪਹਿਲੇ ਸਮਿਆਂ ਵਿੱਚ ਦੀਵਾਲੀ ਮਨਾਂ ਨੂੰ ਰਸਾਉਂਦੀ ਸੀ, ਲੋਕ ਤਨੋ-ਮਨੋ ਖੁਸ਼ੀ ਮਹਿਸੂਸ ਕਰਦੇ ਸਨ। ਹੁਣ ਲੋਕ ਦਿਖਾਵੇ ਦੀ ਭਾਵਨਾ ਹਿੱਤ ਆਪਣੇ ਘਰਾਂ ਦੀ ਚਾਰ ਦੀਵਾਰੀ ਅੰਦਰ ਹੀ ਲੱਕ ਤੋੜਵਾਂ ਖਰਚ ਕਰਕੇ ਦੀਵਾਲੀ ਮਨਾਉਂਦੇ ਹਨ। ਬੇਸ਼ਕ ਹੁਣ ਲੋਕ ਘਰਾਂ ਨੂੰ ਰੰਗ-ਬਿਰੰਗੇ ਬਲਬਾਂ, ਲੜੀਆਂ ਨਾਲ ਸ਼ਿੰਗਾਰਦੇ ਹਨ, ਪਰ ਇਹਨਾਂ ਵਿੱਚ ਪਿਆਰ, ਮੁਹੱਬਤ ਤੇ ਸਾਂਝਾਂ ਮਨਫੀ ਹਨ। ਹਰ ਕੋਈ ਆਪਣੇ ਘਰ ਦੀ ਚਾਰ ਦੀਵਾਰੀ ਤੱਕ ਸਿਮਟ ਕੇ ਰਹਿ ਗਿਆ ਹੈ।

ਪੰਜਾਬ ਦੇ ਤਿਉਹਾਰਾਂ ਵਿਚ ਲੋਹੜੀ ਦਾ ਤਿਉਹਾਰ ਪ੍ਰਸਿੱਧ ਰਿਹਾ ਹੈ। ਪੋਹ ਮਹੀਨੇ ਦੀ ਕੜਾਕੇ ਦੀ ਠੰਢ ਵਿਚ ਇਹ ਤਿਉਹਾਰ ਮਨਾਇਆ ਜਾਂਦਾ ਹੈ। ਇਸ ਤਿਉਹਾਰ ਨਾਲ ਸਬੰਧਿਤ ਮੌਜ ਮਸਤੀਆਂ ਅਤੇ ਪਰਿਵਾਰਕ ਸਾਂਝਾਂ ਪਹਿਲਾਂ ਵਰਗੀਆਂ ਨਹੀਂ ਰਹੀਆਂ। ਬਦਲਦੇ ਸਮੇਂ ਦਾ ਅਧਿਐਨ ਕੀਤਿਆਂ ਪਤਾ ਚਲਦਾ ਹੈ ਕਿ ਵਿਸ਼ਵੀਕਰਨ ਦੇ ਦੌਰ ਵਿੱਚ ਸੁੱਖ-ਸਹੂਲਤਾਂ ਦੇ ਵੱਧਣ, ਵਿਗਿਆਨਕ ਤਰੱਕੀ ਦੇ ਹੋਣ ਕਰਕੇ ਰਸਮਾਂ-ਰਿਵਾਜਾਂ ਦੇ ਨਾਲ-ਨਾਲ, ਤਿਉਹਾਰਾਂ ਵਿੱਚ ਹੁੰਦੇ ਮੇਲੇ ਮਿਲਾਪ ਫਿੱਕੇ ਪੈ ਰਹੇ ਹਨ। ਇਸ ਨਾਲ ਭਾਈਚਾਰਕ ਸਾਂਝਾਂ ਘਟੀਆਂ ਹਨ। ਬਹੁਤੇ ਦੀ ਲਾਲਸਾ ਵਿੱਚ ਲੋਕਾਂ ਨੇ ਪਿੰਡਾਂ ਨੂੰ ਛੱਡ ਕੇ ਸ਼ਹਿਰਾਂ ਵੱਲ ਨੂੰ ਰੁੱਖ ਕੀਤਾ ਹੈ। ਜਿੱਥੇ ਉਹ ਜੱਦੀ-ਪੁਸ਼ਤੀ ਪਰਿਵਾਰਾਂ ਨਾਲੋਂ ਟੁੱਟੇ ਹਨ। ਹਰ ਕਿਸੇ ਨੇ ਆਪਣੇ-ਆਪ ਨੂੰ ਚਾਰ ਦੀਵਾਰੀ ਵਿੱਚ ਬੰਦ ਕੀਤਾ ਹੋਇਆ ਹੈ, ਜਿਸ ਕਰਕੇ ਲੋਹੜੀ ਦੇ ਤਿਉਹਾਰ ਵੇਲੇ ਬਾਲੀਆਂ ਜਾਂਦੀਆਂ ਧੂਣੀਆਂ ਹਰ ਵਿਹੜੇ ਅਤੇ ਗਲੀ ਮੁਹੱਲੇ ਵਿੱਚੋਂ ਮਨਫੀ ਹੋ ਰਹੀਆਂ ਹਨ । ਲੋਹੜੀ ਦੇ ਬਦਲਦੇ ਰੂਪ ਬਾਰੇ 'ਬਦਲ ਗਿਆ ਮੇਰਾ ਪਿੰਡ' ਪੁਸਤਕ ਵਿਚੋਂ ਪਰਮਜੀਤ ਕੌਰ ਸਰਹਿੰਦ ਦਾ ਵਿਚਾਰ ਅੰਕਿਤ ਹੈ:

> ਪਿਛਲੇ ਸਮੇਂ ਵਿੱਚ ਠੰਢ ਦੇ ਦਿਨਾਂ ਵਿੱਚ ਪੰਜ-ਸੱਤ ਘਰਾਂ ਦੇ ਲੋਕ ਇੱਕਠੇ ਹੋ ਕੇ ਕਿਸੇ ਇੱਕ ਦੇ ਵਿਹੜੇ, ਚੌਂਤਰੇ ਜਾਂ ਡੰਗਰਾਂ ਵਾਲੇ ਛੱਤੜੇ ਹੇਠ ਧੂਣੀ ਬਾਲ ਲੈਂਦੇ ਤੇ ਰਲ ਕੇ ਅੱਧੀ ਰਾਤ ਤੱਕ ਸੇਕਦੇ ਰਹਿੰਦੇ। ਪਰ ਅਜੋਕੇ ਸਮੇਂ ਚ ਉਹ ਧੂਣੀਆਂ ਤਾਂ ਕੀ ਲੋਹੜੀ ਵਾਲੀ ਧੂਣੀ ਵੀ ਸ਼ਹਿਰਾਂ ਦੇ ਨਾਲ-ਨਾਲ ਪਿੰਡਾਂ ਵਿੱਚੋਂ ਵੀ ਅਲੋਪ ਹੁੰਦੀ ਜਾ ਰਹੀ ਹੈ, ਕਿਉਂਕਿ ਆਪਸੀ ਸਾਂਝ ਘਟਣ ਦੇ ਨਾਲ ਇਹ ਲੋਹੜੀ ਚਾਰ-ਦੀਵਾਰੀ ਵਿੱਚ ਸਿਮਟ ਕੇ ਰਹਿ ਗਈ ਹੈ। (322)

ਅਜੋਕੀ ਪੀੜ੍ਹੀ ਪੜ੍ਹ ਲਿਖ ਕੇ ਅਗਾਂਹ ਵੱਧ ਰਹੀ ਹੈ, ਹਰ ਕੰਮ ਨੂੰ ਵਿਗਿਆਨਕ ਤਰੀਕੇ ਨਾਲ ਕੀਤਾ ਜਾ ਰਿਹਾ ਹੈ। ਇਸ ਦੇ ਨਾਲ-ਨਾਲ ਵਿਖਾਵੇ ਦੀ ਭਾਵਨਾ ਉਤਪੰਨ ਹੋਈ ਹੈ। ਮੰਡੀਕਰਨ ਤੇ ਬਜ਼ਾਰੀਕਰਨ ਦੀ ਦੌੜ ਵਿੱਚ ਖਾਲਸ ਵਸਤਾਂ ਵੀ ਮਨਫੀ ਹੋ ਗਈਆਂ ਹਨ। ਹੁਣ ਲੋਹੜੀ ਤੇ ਵੀ ਕੰਪਨੀਆਂ ਵਲੋਂ ਤਿਆਰ ਕੀਤੇ ਤੋਹਫੇ ਮਹਿੰਗੇ ਭਾਅ ਦੇ ਮਿਲ ਰਹੇ ਹਨ। ਦੇਸੀ ਗੁੜ ਤੇ ਸ਼ੱਕਰ ਨੂੰ ਲੋਕ ਵਿਸਾਰ ਰਹੇ ਹਨ। ਲੋਹੜੀ ਦੇ ਤਿਉਹਾਰ ਤੇ ਜਿੱਥੇ ਸਾਰੇ ਰਲ ਕੇ ਧੂਣੀ ਬਾਲ ਕੇ ਸੇਕਦੇ ਸਨ, ਹੁਣ ਤਾਂ ਹਰ ਕਿਸੇ ਨੇ ਆਪਣੇ ਘਰ ਵਿੱਚ ਬਿਜਲੀ ਤੇ ਚੱਲਣ ਵਾਲੇ ਹੀਟਰ ਜਾਂ ਫਿਰ ਬਲੋਅਰ ਲਗਾਏ ਹੋਏ ਹਨ। ਇਸ ਕਰਕੇ ਕੋਈ ਕਿਸੇ ਨਾਲ ਵਾਸਤਾ ਨਹੀਂ ਰੱਖ ਰਿਹਾ।

ਪਹਿਲਾਂ ਲੋਹੜੀ ਤੇ ਧੂਣੀ ਬਾਲ ਕੇ ਠੰਢ ਤੋਂ ਬਚਿਆ ਜਾਂਦਾ ਸੀ ਕਿਉਂਕਿ ਲੋਕਾਂ ਕੋਲ ਪਹਿਨਣ ਲਈ ਕੱਪੜੇ ਬਹੁਤੇ ਨਹੀਂ ਸਨ ਹੁੰਦੇ। ਪਰ ਹੁਣ ਦੇ ਪੂੰਜੀਵਾਦੀ ਦੌਰ ਵਿੱਚ ਹਰ ਕੋਈ ਨਿੱਤ ਦਿਹਾੜੇ ਨਵੀਆਂ ਪੁਸ਼ਾਕਾਂ ਖਰੀਦਦਾ ਹੈ। ਕੜਾਕੇ ਦੀ ਸਰਦੀ ਤੋਂ ਬਚਣ ਲਈ ਮੋਟੀਆਂ ਕੋਟੀਆਂ, ਜਾਕਟਾਂ, ਮਹਿੰਗੇ ਭਾਅ ਵਿੱਚ ਬਜ਼ਾਰਾਂ ਵਿੱਚ ਵਿੱਕ ਰਹੀਆਂ ਹਨ। ਇਸ ਤਿਉਹਾਰ ਤੇ ਹੁਣ ਲੋਕ ਸ਼ਹਿਰਾਂ ਦੀ ਤਰਜ਼ ਤੇ ਪਿੰਡਾਂ ਵਿੱਚ ਵੀ ਮਹਿਜ਼ ਇੱਕ ਸ਼ਗਨ ਕਰਕੇ ਧੂਣੀ ਲਾ ਕੇ ਆਪੋ-ਆਪਣੇ ਕਮਰਿਆਂ ਵਿੱਚ ਜਾ ਵੜਦੇ ਹਨ। ਗਲੀ ਮੁਹੱਲੇ ਵਾਲੀਆਂ ਸਾਂਝਾਂ ਤਾਂ ਕੀ ਹੁਣ ਪਰਿਵਾਰਕ ਸਾਂਝਾਂ ਵੀ ਘੱਟ ਰਹੀਆਂ ਹਨ।

ਲੋਹੜੀ ਦੇ ਤਿਉਹਾਰ ਤੋਂ ਬਾਅਦ ਚੜ੍ਹਦੇ ਮਾਘ, ਮਾਘੀ ਦਾ ਤਿਉਹਾਰ ਮਨਾਇਆ ਜਾਂਦਾ ਹੈ। 'ਬਦਲ ਗਿਆ ਮੇਰਾ ਪਿੰਡ' ਪੁਸਤਕ ਦਾ ਅਧਿਐਨ ਕੀਤਿਆ ਪਤਾ ਚਲਦਾ ਹੈ ਕਿ ਅਜੋਕੇ ਸਮੇਂ ਵਿੱਚ ਇਸ ਤਿਉਹਾਰ ਵਿੱਚ ਵੀ ਬਦਲਾਵ ਆਇਆ ਹੈ। ਉਦਯੋਗੀਕਰਨ ਦੀ ਤਰੱਕੀ ਦੇ ਨਾਲ ਸਾਡੀਆਂ ਮਾਨਸਿਕ ਭਾਵਨਾਵਾਂ ਵੀ ਬਦਲੀਆਂ ਹਨ। ਸ਼ਹਿਰਾਂ ਦੇ ਨਾਲ-ਨਾਲ ਪਿੰਡਾਂ ਵਿੱਚ ਵੀ ਜਾਗਰੂਕਤਾ ਵਧੀ ਹੈ। ਪਹਿਲਾਂ ਨਾਲੋਂ ਸੁੱਖ-ਸਹੂਲਤਾਂ ਵਧੀਆਂ ਹਨ। ਜਿੱਥੇ ਪਹਿਲਾਂ ਸਰਦੀਆਂ ਵਿੱਚ ਨਹਾਉਣ ਨੂੰ ਔਖਾ ਕਾਰਜ ਮੰਨਿਆ ਜਾਂਦਾ ਸੀ ਅਤੇ ਮਾਘੀ ਵਾਲੇ ਦਿਨ ਇਸ ਸੁਸਤੀ ਨੂੰ ਦੂਰ ਕਰ ਲਿਆ ਜਾਂਦਾ ਸੀ । ਪਰ ਹੁਣ ਹਰੇਕ ਘਰ ਵਿੱਚ ਆਧੁਨਿਕ ਸਹੂਲਤਾਂ ਮਹੱਈਆਂ ਹਨ। ਹਰੇਕ ਘਰ ਵਿੱਚ ਸਰਦੀ ਤੋਂ ਬਚਣ ਲਈ ਗਰਮ ਪਾਣੀ ਦੇ ਸਾਧਨ ਹਨ। ਹੁਣ

ਲੋਕ ਕੰਮਾਕਾਰਾਂ ਤੇ ਜਾਣ ਲੱਗਿਆ ਤੇ ਆ ਕੇ ਵੀ ਇਸ਼ਨਾਨ ਕਰਦੇ ਹਨ। ਗਰਮੀ ਸਰਦੀ ਦੇ ਮੌਸਮ ਦੀ ਪਰਵਾਹ ਨਹੀਂ ਕੀਤੀ ਜਾਂਦੀ। ਲੋਕ ਸਿਹਤ ਪੱਖੋਂ ਸੁਚੇਤ ਹਨ। ਮਾਘੀ ਦੇ ਤਿਉਹਾਰ ਬਾਰੇ ਬਦਲਦੇ ਰੂਪ ਬਾਰੇ 'ਬਦਲ ਗਿਆ ਮੇਰਾ ਪਿੰਡ' ਪੁਸਤਕ ਵਿਚੋਂ ਪਰਮਜੀਤ ਕੌਰ ਸਰਹਿੰਦ ਦਾ ਵਿਚਾਰ ਅੰਕਿਤ ਹੈ:

> ਅੱਜ ਬਹੁਤੇ ਲੋਕ ਮਾਘੀ ਨੂੰ ਘੁੰਮਣ ਫਿਰਨ ਦਾ ਮੌਕਾ ਸਮਝਦੇ ਹਨ। ਮੁਕਤਸਰ ਤੋਂ ਸਾਡੇ ਪਿੰਡ ਦੇ ਸ਼ੁਕੀਨ ਲੋਕ ਕੱਢਵੀਆਂ ਜੁੱਤੀਆਂ ਵੀ ਲੈ ਕੇ ਆਉਂਦੇ ਸਨ। ਅੱਜ ਅਜਿਹੀਆਂ ਜੁੱਤੀਆਂ ਹਰ ਥਾਂ ਮਿਲ ਜਾਂਦੀਆਂ ਹਨ, ਪਰ ਮੁਕਤਸਰ ਦੀਆਂ ਜੁੱਤੀਆਂ ਦੀ ਰੀਸ ਨਹੀਂ ਕਰ ਸਕਦੀਆਂ। ਮਾਘੀ ਮੌਕੇ ਸਿਆਸੀ ਕਾਨਫਰੰਸਾਂ ਵੀ ਹੁੰਦੀਆਂ ਹਨ। ਇਹ ਧਾਰਮਿਕ ਨਾਲੋਂ ਸਿਆਸੀ ਮੇਲਾ ਵੱਧ ਜਾਪਦਾ ਹੈ। (323)

ਵਿਸ਼ਵੀਕਰਨ ਦੇ ਦੌਰ ਦਾ ਅਧਿਐਨ ਕੀਤਿਆਂ ਪਤਾ ਚਲਦਾ ਹੈ ਕਿ ਖਾਣ ਪੀਣ ਦੀਆਂ ਵਸਤਾਂ ਪਹਿਲਾਂ ਦੀ ਤਰ੍ਹਾਂ ਖਾਲਸ ਨਹੀਂ ਰਹੀਆਂ ਕਿਉਂਕਿ ਭੱਜ-ਦੌੜ ਵਾਲੀ ਜ਼ਿੰਦਗੀ ਵਿੱਚ ਕੋਲ ਵਿਹਲ ਨਹੀਂ ਰਹੀ ਕਿ ਵਿਹਲ ਕੱਢਕੇ ਇਹ ਵਸਤਾਂ ਖੁਦ ਤਿਆਰ ਕੀਤੀਆ ਜਾਣ, ਇਸ ਕਰਕੇ ਲੋਕ ਬਜ਼ਾਰ ਦੀਆਂ ਤਿਆਰ ਕੀਤੀਆਂ ਵਸਤਾਂ ਨੂੰ ਵਧੇਰੇ ਤਰਜੀਹ ਦੇ ਰਹੇ ਹਨ। ਵੱਡੀਆਂ-ਵੱਡੀਆਂ ਕੰਪਨੀਆਂ ਹਰੇਕ ਤਿਉਹਾਰ ਦਾ ਲੇਬਲ ਲਾ ਕੇ ਖਾਣ-ਪੀਣ ਸਮੇਤ ਹੋਰ ਵਸਤਾਂ ਨੂੰ ਬਜ਼ਾਰ ਵਿੱਚ ਉਤਾਰ ਰਹੀਆਂ ਹਨ। ਲੋਕ ਅੰਨ੍ਹੇਵਾਹ ਇਹਨਾਂ ਨੂੰ ਖਰੀਦ ਰਹੇ ਹਨ। ਹਰ ਤਿਉਹਾਰ ਦੇ ਪਿਛੋਕੜ ਅਤੇ ਵਰਤੋਂ ਵਿਹਾਰ ਵਿੱਚ ਵਰਤੀਆਂ ਜਾਂਦੀਆਂ ਖਾਣ-ਪੀਣ ਦੀਆਂ ਵਸਤਾਂ ਤੋਂ ਵਾਕਿਫ ਹਨ, ਹੁਣ ਬੇਮੌਸਮੀਆਂ ਵਸਤਾਂ ਬਜ਼ਾਰ ਵਿੱਚ ਉਪਲੱਬਧ ਹਨ।

ਬਸੰਤ ਦੇ ਤਿਉਹਾਰ ਵਿਚ ਵੀ ਬਦਲਾਵ ਆਇਆ ਹੈ। ਅਜੋਕੇ ਦੌਰ ਇਸ ਦੌਰ ਦੇ ਇਤਿਹਾਸ ਅਤੇ ਪਿਛੋਕੜ ਤੋਂ ਲੋਕ ਘਟ ਜਾਣੂੰ ਹਨ। ਜਿਆਦਾਤਰ ਪਤੰਗਾਂ ਉਡਾਉਣ ਤੇ ਜਿਆਦਾ ਜੋਰ ਦਿੱਤਾ ਜਾ ਰਿਹਾ ਹੈ। ਜਿੱਥੇ ਪਹਿਲਾਂ ਸ਼ਹਿਰਾਂ ਵਿੱਚ ਜਿਆਦਾ ਪਤੰਗਾ ਉਡਾਉਣ ਦਾ ਰਿਵਾਜ ਸੀ, ਹੁਣ ਪਿੰਡਾਂ ਵਿੱਚ ਪਤੰਗਾਂ ਉਡਾਈਆਂ ਜਾ ਰਹੀਆਂ ਹਨ। ਜਿੱਥੇ ਪਹਿਲਾਂ ਕਾਰੀਗਰ ਪਤੰਗਾਂ ਲਈ ਡੋਰਾਂ ਕਈ-ਕਈ ਦਿਨ ਪਹਿਲਾਂ ਤਿਆਰ ਕਰਕੇ ਵੇਚਦੇ ਸਨ, ਅਤੇ ਪਤੰਗ ਵੀ ਖਾਸ ਤਰ੍ਹਾਂ ਦੇ ਤਿਆਰ ਕਰਦੇ ਸਨ, ਉੱਥੇ ਮੌਜੂਦਾ ਦੌਰ ਵਿੱਚ

ਇਹ ਤਿਉਹਾਰ ਵੀ ਵਿਸ਼ਵ ਮੰਡੀ ਦਾ ਸ਼ਿਕਾਰ ਹੋਇਆ ਹੈ। ਵਿਦੇਸ਼ੀ ਡੋਰਾਂ ਮੰਡੀ ਵਿੱਚ ਧੜਾਧੜ ਵਿਕ ਰਹੀਆਂ ਹਨ। ਇਹ ਡੋਰਾਂ ਨਾਲ ਕਈ ਹਾਦਸੇ ਵੀ ਹੋ ਰਹੇ ਹਨ। ਇਸ ਬਾਰੇ ਪਰਮਜੀਤ ਕੌਰ ਸਰਹਿੰਦ ਦਾ ਵਿਚਾਰ ਹੈ:

> ਮੁੰਡੇ ਖੁੰਡੇ ਜਾਂ ਬੱਚੇ ਦੁਕਾਨ ਤੋਂ ਪਤਲਾ ਜਿਹਾ ਰੰਗਦਾਰ ਕਾਗਜ਼ ਲਿਆਉਦੇਂ, ਜਿਸ ਨੂੰ ਤਾਅ ਵਾਲਾ ਕਾਗਜ਼ ਕਿਹਾ ਜਾਂਦਾ। ਉਸ ਦੇ ਪਤੰਗ ਬਣ ਕੇ ਮਾਵਾਂ-ਭੈਣਾਂ ਤੋਂ ਵਧੀਆਂ ਘਟੀਆਂ ਰੀਲਾਂ ਜਾਂ ਧਾਗੇ ਦੀਆਂ ਅੱਟੀਆਂ ਦੀ ਡੋਰ ਬੰਨ੍ਹਕੇ ਪਤੰਗ ਉਡਾਉਂਦੇ। ਨਾ ਵੰਨ-ਸੁਵੰਨੇ ਪਤੰਗ ਹੁੰਦੇ ਨਾ ਚਾਇਨਾ ਡੋਰ। ਅੱਜ ਪਿੰਡਾਂ ਵਿਚ ਵੀ ਪਤੰਗ ਉਡਾਉਣ ਦਾ ਰਿਵਾਜ਼ ਹੋ ਗਿਆ ਹੈ। (324)

ਹੁਣ ਲੋਕ ਬੇਮੌਸਮੇਂ ਵਕਤ ਹੀ ਪਤੰਗਾਂ ਉਡਾਉਣ ਲੱਗ ਪੈਂਦੇ ਹਨ। ਪਤੰਗਾਂ ਨੂੰ ਤੇਜੀ ਨਾਲ ਵੇਚਣ ਲਈ ਪਤੰਗਾਂ ਦੇ ਅਨੇਕਾ ਨਾਮ ਰੱਖੇ ਜਾਂਦੇ ਹਨ, ਜਿਵੇਂ ਫੱਟੇਦਾਰ, ਤਰੰਗਾਂ, ਚੰਨ ਤਾਰਾ, ਕਮਾਨੀਦਾਰ ਆਦਿ। ਸਾਦੀਆਂ ਅਤੇ ਅੱਟੀਆਂ ਦੇ ਧਾਗਿਆਂ ਨਾਲ ਪਤੰਗਾ ਉਡਾਉਣ ਦਾ ਰਿਵਾਜ਼ ਹੁਣ ਖਤਮ ਹੋ ਗਿਆ ਹੈ, ਹਰ ਬੱਚਾ ਹੁਣ ਮਹਿੰਗੇ ਭਾਅ ਦੀਆਂ ਡੋਰਾਂ ਦੀ ਮੰਗ ਕਰਦਾ ਹੈ ਅਤੇ ਘਰਾਂ ਦੀਆਂ ਛੱਤਾਂ ਤੇ ਚੜ ਕੇ ਪਤੰਗਾਂ ਦੇ ਉਡਾਉਣ ਦਾ ਰਿਵਾਜ਼ ਆਮ ਬਣ ਚੁੱਕਾ ਹੈ।

ਰੰਗਾਂ ਦੇ ਤਿਉਹਾਰ ਹੋਲੀ ਵਿਚ ਵੀ ਬਦਲਾਵ ਹੋਇਆਂ ਹੈ। ਇਸ ਬਾਰੇ ਅਧਿਐਨ ਕੀਤਿਆਂ ਪਤਾ ਚਲਦਾ ਹੈ ਕਿ ਵਿਸ਼ਵੀਕਰਨ ਦੇ ਦੌਰ ਵਿੱਚ ਅਜੋਕੀ ਪੀੜ੍ਹੀ ਦੇ ਪੜ੍ਹ ਲਿਖ ਜਾਣ ਕਰਕੇ ਪੁਰਾਣੇ ਜਮਾਨੇ ਵਿੱਚ ਹੋਲੀ ਨੂੰ ਜਲਾਉਣ ਜਾਂ ਹੋਲੀ ਬਾਲਣ ਵਰਗੀਆਂ ਰਿਵਾਇਤਾਂ ਤੋਂ ਅਗਾਂਹ ਵਧੇ ਹਨ। ਸਮੇਂ ਦੇ ਪਰਿਵਰਤਨ ਨਾਲ ਹੋਲੀ ਦੇ ਮੌਕੇ ਸ੍ਰੀ ਆਨੰਦਪੁਰ ਸਾਹਿਬ ਵਿਖੇ ਜਿੱਥੇ ਪਹਿਲਾਂ ਧਾਰਮਿਕ ਦੀਵਾਨ ਸੱਜਦੇ ਸਨ, ਪਰ ਹੁਣ ਇਹਨਾਂ ਵਿੱਚ ਸਿਆਸੀ ਕਾਨਫਰੰਸਾਂ ਵੀ ਆਪਣੇ ਪੈਰ ਪਸਾਰ ਗਈਆਂ ਹਨ। ਸਿਆਸੀ ਲੋਕ ਵੱਡੇ ਇੱਕਠਾਂ ਦਾ ਫਾਇਦਾ ਲੈ ਕੇ ਆਪਣੇ ਵੋਟ ਬੈਂਕ ਨੂੰ ਵਧਾਉਣ ਦਾ ਲਾਹਾ ਲੈਂਦੇ ਹਨ। ਇਸ ਬਾਰੇ 'ਬਦਲ ਗਿਆ ਮੇਰਾ ਪਿੰਡ' ਪੁਸਤਕ ਵਿਚੋਂ ਪਰਮਜੀਤ ਕੌਰ ਸਰਹਿੰਦ ਦਾ ਵਿਚਾਰ ਅੰਕਿਤ ਹੈ:

> ਸਮੇਂ ਦੇ ਪਰਿਵਰਤਨ ਨਾਲ ਹੋਲੇ ਮਹੱਲੇ ਵਿਚ ਹੋਰ ਬਦਲਾਉ ਵੀ ਆਏ ਹਨ। ਮਹੱਲੇ ਤੋਂ ਪਹਿਲੇ ਦਿਨ ਸਿਆਸੀ ਕਾਨਫਰੰਸਾਂ ਦਾ ਬੋਲਬਾਲਾ ਹੁੰਦਾ ਹੈ। ਇੱਥੇ ਹਰ ਸਿਆਸੀ ਪਾਰਟੀ ਆਪਣੇ ਦਲ ਜਾਂ ਪਾਰਟੀ ਦਾ ਗੁਣ ਗਾਇਨ ਕਰਦੀ ਹੈ। ਇੱਕ ਦੂਜੇ ਤੇ ਚਿੱਕੜ ਸੁੱਟਣ ਤੋਂ ਵੀ ਗੁਰੇਜ਼ ਨਹੀਂ ਕੀਤਾ ਜਾਂਦਾ। ਇੱਕਠ ਦਾ ਲਾਹਾ ਲੈਂਦਿਆਂ ਹਰ ਪਾਰਟੀ ਆਪਣੀ ਪਾਰਟੀ ਨੂੰ ਦੁੱਧ ਧੋਤੀ ਤੇ ਦੂਜੀ ਨੂੰ ਮਾੜੀ ਦੱਸਦੀ ਹੈ। (329)

ਹੁਣ ਇਹਨਾਂ ਮੇਲਿਆਂ ਵਰਗੇ ਤਿਉਹਾਰ ਵਿੱਚ ਹਰ ਵੱਡੀਆਂ ਛੋਟੀਆਂ ਕੰਪਨੀਆਂ ਆਪਣੇ ਵਲੋਂ ਤਿਆਰ ਕੀਤੇ ਸਾਜੋ ਸਮਾਨ ਦੀ ਪ੍ਰਦਰਸ਼ਨੀ ਲਾਉਂਦੀਆਂ ਹਨ। ਹੋਲੀ ਦੇ ਤਿਉਹਾਰ ਤੇ ਵਰਤੇ ਜਾਂਦੇ ਰੰਗ ਅਜੋਕੇ ਦੌਰ ਵਿੱਚ ਬਾਜ਼ਾਰੋਂ ਮਹਿੰਗੇ ਭਾਅ ਤੇ ਮਿਲ ਰਹੇ ਹਨ, ਇਸ ਤਿਉਹਾਰ ਤੋਂ ਕਈ ਦਿਨ ਪਹਿਲਾਂ ਬਜ਼ਾਰਾਂ ਵਿੱਚ ਵਿਦੇਸ਼ੀ ਕੰਪਨੀਆਂ ਦੁਆਰਾ ਤਿਆਰ ਕੀਤੀਆਂ ਪਿਚਕਾਰੀਆਂ ਅਤੇ ਰੰਗਾਂ ਦੇ ਕਈ ਨਮੂਨੇ ਵਿਕਣ ਲਈ ਸਜਾ ਦਿੱਤੇ ਜਾਂਦੇ ਹਨ। ਅਜੋਕੇ ਹੋਲੀ ਦੇ ਤਿਉਹਾਰ ਵਿੱਚ ਵਿਖਾਵੇ ਦੀ ਭਾਵਨਾ ਵਧੀ ਹੈ। ਪਹਿਲੇ ਸਮੇਂ ਵਿੱਚ ਇਸ ਤਿਉਹਾਰ ਤੇ ਦਿਉਰ-ਭਰਜਾਈ ਖਰਮਸਤੀਆਂ ਕਰਦੇ ਤੇ ਇੱਕ ਦੂਜੇ ਤੇ ਰੰਗ ਲਾਉਂਦੇ ਸਨ, ਸਾਂਝੇ ਪਰਿਵਾਰਾਂ ਦੇ ਟੁੱਟਣ ਕਰਕੇ ਇਹ ਸਭ ਅਲੋਪ ਹੋ ਗਿਆ ਹੈ। ਬਹੁਤ ਸਾਰੇ ਲੋਕ ਆਪਣੇ ਸਾਂਝੇ ਪਰਿਵਾਰਾਂ ਨਾਲੋਂ ਟੁੱਟ ਕੇ ਸ਼ਹਿਰਾਂ ਵਿੱਚ ਜਾਂ ਫਿਰ ਵਿਦੇਸ਼ਾਂ ਵਿੱਚ ਜਾ ਵਸੇ ਹਨ। ਪੰਜਾਬ ਵਿੱਚ ਖੇਤੀ-ਬਾੜੀ ਦਾ ਕੰਮ ਕਰਨ ਆਏ ਪ੍ਰਵਾਸੀ ਮਜ਼ਦੂਰ ਇਸ ਤਿਉਹਾਰ ਨੂੰ ਬੜੀ ਉਤਸੁਕਤਾ ਨਾਲ ਮਨਾਉਂਦੇ ਹਨ। ਉਹਨਾਂ ਦੀਆਂ ਟੋਲੀਆਂ ਬੜਾ ਖਰੂਦ ਕਰਦੀਆਂ ਹਨ। ਫਿਲਮੀ ਗਾਣਿਆਂ ਦੀਆਂ ਧੁਨਾਂ ਤੇ ਨਾਚ ਕਰਦੇ ਤੇ ਇੱਕ ਦੂਜੇ ਤੇ ਰੰਗ ਸੁੱਟਦੇ ਹਨ।

## III

ਹੱਥਲੇ ਖੋਜ ਕਾਰਜ ਦੇ ਇਸ ਅਧਿਆਇ ਬਾਰੇ ਖੋਜ ਕੀਤਿਆਂ ਪਤਾ ਚਲਦਾ ਹੈ ਕਿ ਪੰਜਾਬ ਵਿੱਚ ਮਨਾਏ ਜਾਣ ਵਾਲੇ ਸਾਰੇ ਤਿਉਹਾਰ ਆਪਣੀ ਵੱਖਰੀ ਪਛਾਣ ਰੱਖਦੇ ਹਨ, ਇਹਨਾਂ ਨੂੰ ਮਨਾਉਣ ਦੇ ਤਰੀਕੇ ਵੀ ਵੱਖਰੇ ਹਨ। ਹਰੇਕ ਤਿਉਹਾਰ ਦੀ ਵਿਲੱਖਣ ਤੇ ਵਿਸ਼ੇਸ਼ ਮਹੱਤਤਾ ਹੈ । ਵਿਸ਼ਵੀਕਰਨ ਦੇ ਦੌਰ ਵਿੱਚ ਇਹਨਾਂ

ਤਿਉਹਾਰਾਂ ਨੂੰ ਮਨਾਉਣ ਦੀ ਰੂਚੀ ਅਤੇ ਢੰਗ ਤਰੀਕੇ ਪਹਿਲੇ ਸਮੇਂ ਨਾਲੋਂ ਬਦਲ ਗਏ ਹਨ ਅਤੇ ਬਦਲ ਰਹੇ ਹਨ। ਪੰਜਾਬ ਦੇ ਪ੍ਰਮੁੱਖ ਤਿਉਹਾਰਾਂ ਦਾ ਜ਼ਿਕਰ ਕੀਤਿਆਂ ਪਤਾ ਚਲਦਾ ਹੈ ਕਿ ਹਰ ਤਿਉਹਾਰ ਤੇ ਪੰਜਾਬੀ ਖਾਣ ਪੀਣ ਦੀਆਂ ਅਤੇ ਵਰਤੋਂ ਵਿਹਾਰ ਜਾਂ ਸਜਾਵਟੀ ਵਸਤੂਆਂ ਦੀ ਖਰੀਦੋ ਫਰੋਖਤ ਜ਼ਰੂਰ ਕਰਦੇ ਹਨ। ਇਸ ਕਰਕੇ ਹੁਣ ਹਰ ਵਸਤੂ ਮੰਡੀ ਦਾ ਸ਼ਿਕਾਰ ਹੋ ਗਈ ਹੈ। ਹਰ ਤਿਉਹਾਰ ਤੇ ਵੱਖ-ਵੱਖ ਕੰਪਨੀਆਂ ਵਲੋਂ ਉਪਭੋਗਤਾਵਾਂ ਦੀ ਲੋੜ ਅਤੇ ਮਾਨਸਿਕਤਾ ਮੁਤਾਬਿਕ ਵਸਤਾਂ ਪਹਿਲਾਂ ਹੀ ਤਿਆਰ ਕਰ ਲਈਆਂ ਜਾਂਦੀਆਂ ਹਨ। ਹਰ ਤਿਉਹਾਰ ਤੋਂ ਪਹਿਲਾਂ ਵੱਖ-ਵੱਖ ਸਾਧਨਾਂ ਰਾਹੀਂ ਉਹਨਾਂ ਦੀ ਐਡ (ਮਸ਼ਹੂਰੀ) ਕੀਤੀ ਜਾਂਦੀ ਹੈ। ਹਰ ਇੱਕ ਦੇ ਮਨਾਂ ਵਿੱਚ ਇਹ ਵਸਤਾਂ ਘਰ ਕਰ ਜਾਂਦੀਆਂ ਹਨ।

ਆਮ ਵੇਖਣ ਵਿੱਚ ਆ ਰਿਹਾ ਹੈ ਕਿ ਬਹੁਤ ਸਾਰੀਆਂ ਵਸਤਾਂ ਦੀ ਸਾਨੂੰ ਜ਼ਰੂਰਤ ਵੀ ਨਹੀਂ ਹੁੰਦੀ ਪਰ ਉਹਨਾਂ ਦੀ ਦਿੱਖ ਜਾਂ ਸਕੀਮਾਂ ਨੂੰ ਦੇਖ ਕੇ ਜਾਂ ਫਿਰ ਤਿੱਥ ਤਿਉਹਾਰ ਨਾਲ ਜੋੜ ਕੇ ਉਸ ਨੂੰ ਖਰੀਦਣ ਲਈ ਮਜਬੂਰ ਹੋ ਰਹੇ ਹਾਂ । ਅਧਿਐਨ ਕੀਤਿਆਂ ਪਤਾ ਚਲਦਾ ਹੈ ਕਿ ਪੰਜਾਬੀ ਸੂਬਾ ਖੇਤੀਬਾੜੀ ਪ੍ਰਧਾਨ ਹੋਣ ਕਰਕੇ, ਪੰਜਾਬੀ ਖੁੱਲ੍ਹੇ ਸੁਭਾਅ ਦੇ ਹਨ ਅਤੇ ਖਾਣ-ਪੀਣ ਦੇ ਸ਼ੌਕੀਨ ਹਨ। ਪੈਸਾ ਜੋੜਨ ਦੇ ਬਹੁਤੇ ਸ਼ੌਕੀਨ ਨਹੀਂ ਹਨ। ਇਸ ਕਰਕੇ ਵਿਸ਼ਵੀਕਰਨ ਦੇ ਦੌਰ ਵਿਚ ਹਰ ਪੰਜਾਬੀ ਹਰ ਤਿੱਥ ਤਿਉਹਾਰ ਤੇ ਨਾ ਚਾਹੁੰਦਿਆਂ ਹੋਇਆਂ ਵੀ ਬੇਲੋੜੀਆਂ ਵਸਤਾਂ ਖਰੀਦਣ ਨੂੰ ਪਹਿਲ ਦੇ ਰਹੇ ਹਨ।

ਵਿਸ਼ਵ ਇੱਕ ਪਿੰਡ ਬਣਨ ਕਰਕੇ ਵਿਦੇਸ਼ੀ ਕੰਪਨੀਆਂ ਵਲੋਂ ਤਿਆਰ ਕੀਤਾ ਜਾਂਦਾ ਸਮਾਨ ਭਾਰੀ ਮਾਤਰਾ ਵਿੱਚ ਤਿਆਰ ਕੀਤਾ ਜਾਂਦਾ ਹੈ। ਦੇਸੀ ਸਮਾਨ ਦੀ ਬੁਕਤ ਘੱਟ ਗਈ ਹੈ, ਵਿਦੇਸ਼ੀ ਤੇ ਜਿਆਦਾ ਭਰੋਸਾ ਜਤਾਇਆ ਜਾ ਰਿਹਾ ਹੈ। ਨਵੀਆਂ ਤਕਨੀਕਾਂ, ਕਾਢਾਂ ਹਰ ਤਿਉਹਾਰ ਤੇ ਹਾਵੀ ਹੋਈਆ ਹਨ।ਇਸ ਬਾਰੇ ‘ਵਿਸ਼ਵੀਕਰਨ:ਪੰਜਾਬੀ ਸਭਿਆਚਾਰਕ ਪਰਿਵਰਤਨ’ ਪੁਸਤਕ ਵਿਚੋਂ ਡਾ. ਸੁਖਦੀਪ ਕੌਰ ਦਾ ਵਿਚਾਰ ਹੈ:

ਵਿਸ਼ਵੀਕਰਨ ਪ੍ਰਭਾਵ ਅਧੀਨ ਮੇਲਿਆਂ ਦੀ ਪਹਿਲਾਂ ਵਾਲੀ ਸੱਭਿਆਚਾਰਕ ਆਭਾ ਨਹੀਂ ਰਹੀ। ਇਸ ਦਾ ਪ੍ਰਮੁੱਖ ਕਾਰਨ ਹੈ ਕਿ ਪਹਿਲਾਂ ਵਾਂਗ ਹੁਣ ਲੋਕਾਂ ਵਿੱਚ ਸਮੂਰ ਵਿੱਚ ਵਿਚਰਨ ਦੀ ਥਾਂ ਨਿੱਜ ਭਾਰੂ ਹੋ ਗਿਆ ਹੈ। ਹੁਣ ਸ਼ਹਿਰਾਂ ਵਿੱਚ ਖੁੱਲ੍ਹੇ ਵੱਡੇ-ਵੱਡੇ ਮੌਲ, ਮੇਲਿਆਂ ਦਾ ਅਜਿਹਾ ਰੂਪ ਹਨ ਜੋ ਵਿਸ਼ਵੀਕਰਨ ਦੀ ਪ੍ਰਤੀਨਿਧਤਾ ਕਰਦੇ ਹਨ। (46)


ਤਿਉਹਾਰਾਂ ਵਿੱਚ ਬਦਲਾਵ ਦਾ ਕਾਰਨ ਰਿਸ਼ਤਿਆਂ ਦੀ ਪਰਿਭਾਸ਼ਾ ਬਦਲਣਾ ਵੀ ਹੈ। ਜਿੱਥੇ , ਮੋਹ-ਪਿਆਰ ਨਾਲ ਮਿਲਕੇ ਸਭ ਜੀ ਅਤੇ ਗਲੀ-ਮੁਹੱਲੇ ਦੇ ਲੋਕ ਹਰ ਤਿਉਹਾਰ ਨੂੰ ਬੜੇ ਚਾਅ ਨਾਲ ਮਨਾਉਂਦੇ ਸਨ। ਮਨਾਂ ਵਿੱਚ ਖੁਸ਼ੀ ਹੁੰਦੀ ਸੀ। ਉੱਥੇ ਸਾਂਝੇ ਪਰਿਵਾਰਾਂ ਦਾ ਟੁੱਟਣਾ ਕੰਮਕਾਜ ਦੀ ਭਾਲ ਵਿੱਚ ਪਿੰਡਾਂ ਤੋਂ ਸ਼ਹਿਰ ਵੱਲ ਦੇ ਸਫਰ ਨੇ ਇਨਸਾਨ ਨੂੰ ਇੱਕਲੇਪਨ ਵੱਲ ਧੱਕ ਦਿੱਤਾ ਹੈ। ਸ਼ੋਸ਼ਲ ਮੀਡੀਆ ਨੇ ਹਰ ਇੱਕ ਇਨਸਾਨ ਨੂੰ ਇੱਕਲਾ ਕਰ ਦਿੱਤਾ ਹੈ। ਤਿਉਹਾਰਾਂ ਦੇ ਜ਼ਰੀਏ ਜਿੱਥੇ ਹਰ ਇਨਸਾਨ ਇੱਕ ਦੂਜੇ ਨੂੰ ਮਿਲਦਾ ਸੀ, ਇੱਕਠਿਆਂ ਬੈਠ ਕੇ ਖਾਣ-ਪੀਣ ਦਾ ਬਹਾਨਾ ਬਣ ਜਾਂਦਾ ਸੀ, ਉਹ ਸਭ ਵਿਸਰ ਗਏ ਹਨ। ਤਕਨੀਕੀ ਅਤੇ ਮਲਟੀਮੀਡੀਆ ਦੇ ਇਸ ਦੌਰ ਵਿੱਚ ਤਿਉਹਾਰਾਂ ਤੇ ਕੀਤੀ ਜਾਂਦੀ ਖਰੀਦੋ ਫਰੋਖਤ ਨੂੰ ਬਹੁਤ ਖਰਚੀਲਾ ਬਣਾ ਦਿੱਤਾ ਹੈ। ਵੱਡੀਆਂ-ਵੱਡੀਆਂ ਕੰਪਨੀਆਂ ਆਨ-ਲਾਈਨ ਸਮਾਨ ਨੂੰ ਭੇਜ ਕੇ ਮਹਿੰਗਾਈ ਨੂੰ ਹੋਰ ਗਰਮਾ ਰਹੀਆਂ ਹਨ। ਆਨਲਾਈਨ ਦੇ ਦਾਇਰੇ ਵਿੱਚ ਹਰ ਵਸਤੂ ਸਿਮਟ ਚੁੱਕੀ ਹੈ। ਵਰਤੋਂ ਵਿਹਾਰ ਤੋਂ ਲੈ ਕੇ ਮਿਠਾਈਆਂ ਵਰਗੀਆ ਘਰ ਬੈਠੇ ਹੀ ਮੁਹੱਈਆ ਹੋ ਰਹੀਆਂ ਹਨ। ਇਹੋ ਹੀ ਕਾਰਨ ਹੈ ਕਿ ਪਹਿਲੇ ਜਮਾਨੇ ਦੀ ਤਰ੍ਹਾਂ ਘਰ ਵਿੱਚ ਤਿਆਰ ਕੀਤੀਆਂ ਵਸਤਾਂ ਦੀ ਕਦਰ ਹੁਣ ਘਟਦੀ ਜਾ ਰਹੀ ਹੈ। ਦੇਸੀ ਵਸਤਾਂ ਦੇ ਮੁਕਾਬਲੇ ਵਿਦੇਸ਼ੀ ਵਸਤਾਂ ਵਿੱਚ ਵਰਾਇਟੀ ਬਹੁਤ ਹੀ ਵਧੀ ਹੈ। ਹਰ ਤਿਉਹਾਰ ਤੇ ਕੰਪਨੀਆਂ ਵਲੋਂ ਸਕੀਮਾਂ ਪ੍ਰਦਾਨ ਕਰਕੇ ਸਮਾਨ ਵੇਚਿਆ ਜਾ ਰਿਹਾ ਹੈ।


ਹੱਥਲੇ ਅਧਿਆਇ ਦਾ ਅਧਿਐਨ ਕੀਤਿਆਂ ਇਹ ਵੀ ਪਤਾ ਚਲਦਾ ਹੈ ਕਿ ਵਿਸ਼ਵੀਕਰਨ ਦੇ ਦੌਰ ਵਿੱਚ ਤਿਉਹਾਰਾਂ ਤੇ ਵੀ ਪੱਛਮੀ ਪ੍ਰਭਾਵ ਪਿਆ ਹੈ। ਪੰਜਾਬ ਖੇਤੀਬਾੜੀ ਪ੍ਰਧਾਨ ਸੂਬਾ ਹੋਣ ਕਰਕੇ ਦੂਜੇ ਸੂਬਿਆਂ ਦੇ ਲੋਕ ਇੱਥੇ ਪਹੁੰਚ ਰਹੇ ਹਨ। ਪੰਜਾਬੀ ਵੀ ਰੋਜੀ ਰੋਟੀ ਦੀ ਭਾਲ ਵਿੱਚ ਵਿਦੇਸ਼ਾਂ ਵੱਲ ਨੂੰ ਰੁੱਖ

ਅਪਣਾ ਰਹੇ ਹਨ, ਜਿਸ ਕਾਰਨ ਪੰਜਾਬੀ ਸੱਭਿਆਚਾਰਕ ਕਦਰਾਂ ਕੀਮਤਾਂ ਵੀ ਰਲਗੱਡ ਹੋ ਰਹੀਆਂ ਹਨ। ਇਹੋ ਹੀ ਕਾਰਨ ਹੈ ਕਿ ਪੰਜਾਬ ਵਿੱਚ ਮਨਾਏ ਜਾਂਦੇ ਤਿਉਹਾਰਾਂ ਤੋਂ ਇਲਾਵਾ ਪੱਛਮੀ ਤਿਉਹਾਰ ਕ੍ਰਿਸਮਿਸ, ਫਾਦਰਜ਼ ਡੇ, ਮਦਰਜ਼ ਡੇ, ਚਿਲਡਰਨ ਡੇ, ਵੈਲਨਟਾਇਨ ਡੇ, ਹੱਗ ਡੇ, ਟੈਡੀਵੀਅਰ ਡੇ, ਭਾਰਤ ਦਾ ਮਹਾਨ ਤਿਉਹਾਰ ਗੋਵਰਧਨ ਪੂਜਾ ਆਦਿ ਵੀ ਪੰਜਾਬ ਵਿੱਚ ਮਨਾਏ ਜਾ ਰਹੇ ਹਨ। ਬਹੁਤ ਸਾਰੇ ਤਿਉਹਾਰ ਦਿਖਾਵੇ ਦੀ ਭਾਵਨਾ ਤੱਕ ਸੀਮਿਤ ਰਹਿ ਗਏ ਹਨ, ਤਿਉਹਾਰਾਂ ਨੂੰ ਅਜੋਕੀ ਪੀੜੀ ਸਿਰਫ਼ ਮਨੋਰੰਜਨ ਦਾ ਸਾਧਨ ਸਮਝ ਕੇ ਵਧੇਰੇ ਫਜ਼ੂਲ ਖਰਚੀ ਵੱਲ ਨੂੰ ਰੁੱਖ ਅਪਣਾ ਰਹੀ ਹੈ। ਪੰਜਾਬੀ ਤਿਉਹਾਰਾਂ ਵਿੱਚ ਪੈਦਾ ਹੋਈਆ ਭਾਈਚਾਰਕ ਸਾਂਝਾਂ ਹੁਣ ਤਿੜਕ ਰਹੀਆਂ ਹਨ।

ਖੋਜ-ਕਾਰਜ ਨਾਲ ਸੰਬੰਧਿਤ ਪੰਜਵਾਂ ਅਧਿਆਏ 'ਵਿਸ਼ਵੀਕਰਨ ਦੇ ਦੌਰ ਵਿੱਚ ਪੰਜਾਬੀਆਂ ਦੀ ਤਿੱਥ ਤਿਉਹਾਰਾਂ ਵਿੱਚ ਹੋਇਆ ਰੁਪਾਂਤਰਨ ਹੈ। ਵਿਸ਼ਵੀਕਰਨ ਦੇ ਦੌਰ ਵਿੱਚ ਤਿੱਥ-ਤਿਉਹਾਰਾਂ ਦੇ ਰੁਪਾਂਤਰਨ' ਨੂੰ ਸਮਝਣ ਲਈ ਪੁਸਤਕਾਂ ਦੇ ਨਾਲ-ਨਾਲ ਖੇਤਰੀ ਕਾਰਜ ਵੀ ਕੀਤਾ ਗਿਆ ਹੈ। ਇਸ ਅਧਿਆਏ ਨਾਲ ਸੰਬੰਧਿਤ ਜੋ ਖੇਤਰੀ ਜਾਣਕਾਰੀ ਇਕੱਤਰ ਕੀਤੀ ਗਈ ਹੈ, ਉਨ੍ਹਾਂ ਤੋਂ ਪ੍ਰਾਪਤ ਅੰਕੜਿਆਂ ਦਾ ਵਿਸ਼ਲੇਸ਼ਣ ਹੇਠ ਲਿਖੇ ਅਨੁਸਾਰ ਹੈ। ਖੇਤਰੀ ਕਾਰਜ ਵਿੱਚ ਇਸ ਨੂੰ ਸਮਝਣ ਲਈ ਇਸ ਅਧਿਆਇ ਨੂੰ ਵੀ ਪੰਜ ਪ੍ਰਸ਼ਨਾਂ ਅਧੀਨ ਵੰਡ ਕੇ ਪੇਸ਼ ਕੀਤਾ ਗਿਆ ਹੈ। ਪਹਿਲਾ ਪ੍ਰਸ਼ਨ ਇਹ ਨੁਕਤਾ ਸਾਂਝਾ ਕੀਤਾ ਗਿਆ ਹੈ ਕਿ ਕੀ ਅਜੋਕੇ ਦੌਰ ਵਿੱਚ ਪੰਜਾਬ ਦੇ ਤਿੱਥ ਤਿਉਹਾਰਾਂ ਵਿੱਚ ਬਦਲਾਅ ਹੋਇਆ ਹੈ ?

| **ਕੀ ਅਜੋਕੇ ਦੌਰ ਵਿਚ ਪੰਜਾਬ ਦੇ ਤਿੱਥ-ਤਿਉਹਾਰਾਂ ਵਿਚ ਬਦਲਾਵ ਹੋਇਆ ਹੈ?** | | | |
|---|---|---|---|
| ਪੂਰਨ ਸਹਿਮਤ | ਅੰਸ਼ਿਕ ਸਹਿਮਤ | ਪੂਰਨ ਅਸਹਿਮਤ | ਅੰਸ਼ਿਕ ਅਸਹਿਮਤ |
| 122 | 28 | 0 | 0 |







150 ਵਿਅਕਤੀਆਂ ਨਾਲ ਇਹ ਨੁਕਤਾ ਸਾਂਝਾ ਕਰਨ ਤੇ ਪ੍ਰਾਪਤ ਅੰਕੜਿਆਂ ਵਿੱਚੋਂ 122 ਵਿਅਕਤੀ ਇਸ ਗੱਲ ਨਾਲ ਪੂਰਨ ਸਹਿਮਤ ਹਨ ਕਿ ਅਜੋਕੇ ਦੌਰ ਵਿੱਚ ਪੰਜਾਬ ਦੀ ਤਿੱਥ ਤਿਉਹਾਰਾਂ ਵਿੱਚ ਬਦਲਾਅ ਹੋਇਆ ਹੈ। ਜਿਸ ਦਾ 81 ਪ੍ਰਤੀਸ਼ਤ ਬਣਦਾ ਹੈ। 28 ਵਿਅਕਤੀ ਅੰਸ਼ਿਕ ਸਹਿਮਤ ਵਾਲੇ ਹਨ ਜਿਸ ਦਾ 19 ਪ੍ਰਤੀਸ਼ਤ ਬਣਦਾ ਹੈ। ਇਕੱਤਰ ਕੀਤੀ ਡਾਟੇ ਤੋਂ ਪ੍ਰਾਪਤ ਅੰਕੜਿਆਂ ਦੇ ਆਧਾਰ ਤੇ ਕਿਹਾ ਜਾ ਸਕਦਾ ਹੈ ਕਿ ਅਜੋਕੇ ਦੌਰ ਵਿੱਚ ਪੰਜਾਬ ਦੇ ਤਿੱਥ ਤਿਉਹਾਰਾਂ ਵਿੱਚ ਬਦਲਾਅ ਹੋਇਆ ਹੈ।

ਪੰਜਵੇਂ ਅਧਿਆਏ ਨਾਲ ਦੂਸਰਾ ਪ੍ਰਸ਼ਨ ਅਜੋਕੇ ਦੌਰ ਵਿੱਚ ਪੰਜਾਬ ਦੇ ਤਿੱਥ ਤਿਉਹਾਰਾਂ ਵਿੱਚ ਵਿਖਾਵੇ ਦੀ ਭਾਵਨਾ ਵਧਣ ਦਾ ਕੀ ਕਾਰਨ ਹੈ ? ਨਾਲ ਸਬੰਧਿਤ ਪ੍ਰਸ਼ਨ ਸਾਂਝਾ ਕੀਤਾ ਗਿਆ ਹੈ। ਇਸ ਪ੍ਰਸ਼ਨ ਦਾ ਉੱਤਰ ਪ੍ਰਾਪਤ ਕਰਨ ਲਈ ਇਸ ਦੀਆਂ ਚਾਰ ਆਪਸ਼ਨਾਂ ਹਨ। ਪਦਾਰਥਵਾਦ, ਤਕਨਾਲੋਜੀ, ਵਿਅਸਤ ਜੀਵਨ ਸ਼ੈਲੀ ਅਤੇ ਹੋਰ।


| **ਅਜੋਕੇ ਦੌਰ ਵਿਚ ਪੰਜਾਬ ਦੇ ਤਿੱਥ-ਤਿਉਹਾਰਾਂ ਵਿਚ ਵਿਖਾਵੇ ਦੀ ਭਾਵਨਾ ਵਧਣ ਦਾ ਕਾਰਨ ਕੀ ਹੈ?** | | | |
|---|---|---|---|
| ਪਦਾਰਥਵਾਦ | ਤਕਨਾਲੋਜੀ | ਵਿਅਸਤ ਜੀਵਨ ਸ਼ੈਲੀ | ਹੋਰ |
| 63 | 36 | 51 | 0 |



150 ਵਿਅਕਤੀਆਂ ਨਾਲ ਵਿਚਾਰ ਸਾਂਝਾ ਕਰਨ ਤੇ ਪ੍ਰਾਪਤ ਅੰਕੜਿਆਂ ਦੇ ਆਧਾਰ ਤੇ ਪਦਾਰਥਵਾਦ ਨੂੰ 63 ਵਿਅਕਤੀ ਜਿਸ ਦਾ 44 ਪ੍ਰਤੀਸ਼ਤ ਬਣਦਾ ਹੈ ਅਤੇ ਤਕਨਾਲੋਜੀ ਨੂੰ 36 ਵਿਅਕਤੀ ਜਿਸ ਦਾ 23 ਪ੍ਰਤੀਸ਼ਤ ਬਣਦਾ ਹੈ ਅਤੇ ਵਿਅਸਤ ਜੀਵਨ ਸ਼ੈਲੀ ਨੂੰ 51 ਵਿਅਕਤੀ ਜਿਸ ਦਾ 33 ਪ੍ਰਤੀਸ਼ਤ ਬਣਦਾ ਹੈ। ਸਰਵੇ ਅਨੁਸਾਰ ਪ੍ਰਾਪਤ ਅੰਕੜਿਆਂ ਦੇ ਆਧਾਰ ਤੇ ਇਹ ਕਿਹਾ ਜਾ ਸਕਦਾ ਹੈ ਕਿ ਅਜੋਕੇ ਦੌਰ ਵਿੱਚ ਪੰਜਾਬ ਦੇ ਤਿੱਥ ਤਿਉਹਾਰਾਂ ਵਿੱਚ ਵਿਖਾਵੇ ਦੀ ਭਾਵਨਾ ਦਾ ਵਧਣ ਦਾ ਕਾਰਨ ਪਦਾਰਥਵਾਦ, ਤਕਨਾਲੋਜੀ ਅਤੇ ਵਿਅਸਤ ਜੀਵਨ ਸ਼ੈਲੀ ਹੈ।

ਪੰਜਵੇਂ ਅਧਿਆਏ ਨਾਲ ਸਬੰਧਿਤ ਤੀਸਰਾ ਪ੍ਰਸ਼ਨ ਇਹ ਸਾਂਝਾ ਕੀਤਾ ਗਿਆ ਹੈ ਕਿ ਕੀ ਅਜੋਕੇ ਦੌਰ ਵਿੱਚ ਪੰਜਾਬ ਦੇ ਤਿੱਥ ਤਿਉਹਾਰਾਂ ਤੇ ਬਾਜ਼ਾਰ ਹਾਵੀ ਹੋਇਆ ਹੈ ? ਇਸ ਦਾ ਉੱਤਰ ਪ੍ਰਾਪਤ ਕਰਨ ਲਈ ਇਸ ਨੂੰ ਚਾਰ ਆਪਸ਼ਨਾਂ ਵਿੱਚ ਵੰਡਿਆ ਗਿਆ ਹੈ। ਪਹਿਲੀ ਵਿਚ ਪੂਰਨ ਸਹਿਮਤ, ਦੂਸਰੀ ਵਿਚ ਅੰਸ਼ਿਕ ਸਹਿਮਤ, ਤੀਸਰੀ ਵਿੱਚ ਪੂਰਨ ਅਸਹਿਮਤ, ਅਤੇ ਚੌਥੀ ਵਿੱਚ ਅੰਸ਼ਿਕ ਅਸਹਿਮਤ ਸ਼ਾਮਲ ਹਨ।


| **ਕੀ ਅਜੋਕੇ ਦੌਰ ਵਿਚ ਪੰਜਾਬ ਦੇ ਤਿੱਥ-ਤਿਉਹਾਰਾਂ ‘ਤੇ ਬਜ਼ਾਰ ਹਾਵੀ ਹੋਇਆ ਹੈ?** | | | |
|---|---|---|---|
| ਪੂਰਨ ਸਹਿਮਤ | ਅੰਸ਼ਿਕ ਸਹਿਮਤ | ਪੂਰਨ ਅਸਹਿਮਤ | ਅੰਸ਼ਿਕ ਅਸਹਿਮਤ |
| 95 | 51 | 4 | 0 |



150 ਵਿਅਕਤੀਆਂ ਨਾਲ ਇਸ ਸਬੰਧੀ ਚਰਚਾ ਕਰਨ ਤੇ ਪ੍ਰਾਪਤ ਅੰਕੜਿਆਂ ਅਨੁਸਾਰ ਪੂਰਨ ਸਹਿਮਤ ਵਿਚ 95 ਵਿਅਕਤੀ ਸ਼ਾਮਿਲ ਹਨ, ਜਿਸ ਦਾ 63 ਪ੍ਰਤੀਸ਼ਤ ਬਣਦਾ ਹੈ। ਅੰਸ਼ਿਕ ਸਹਿਮਤ ਵਿਚ 51 ਵਿਅਕਤੀ ਹਨ ਜਿਸ ਦਾ 34 ਪ੍ਰਤੀਸ਼ਤ ਬਣਦਾ ਹੈ। ਪੂਰਨ ਸਹਿਮਤ ਵਿਚ 4 ਵਿਅਕਤੀ ਸ਼ਾਮਿਲ ਹਨ ਜਿਸ ਦਾ 3 ਪ੍ਰਤੀਸ਼ਤ ਬਣਦਾ ਹੈ। ਸਰਵੇ ਅਨੁਸਾਰ ਪ੍ਰਾਪਤ ਅੰਕੜਿਆਂ ਦੇ ਆਧਾਰ ਤੇ ਇਹ ਕਿਹਾ ਜਾ ਸਕਦਾ ਹੈ ਕਿ ਅਜੋਕੇ ਦੌਰ ਵਿੱਚ ਪੰਜਾਬ ਦੇ ਤਿੱਥ ਤਿਉਹਾਰਾਂ ਤੇ ਬਾਜ਼ਾਰ ਹਾਵੀ ਹੋਇਆ ਹੈ।

ਪੰਜਵੇਂ ਅਧਿਆਏ ਵਿੱਚ ਖੇਤਰੀ ਕਾਰਜ ਨਾਲ ਸੰਬੰਧਿਤ ਇਹ ਪ੍ਰਸ਼ਨ ਸਾਂਝਾ ਕੀਤਾ ਗਿਆ ਹੈ ਕਿ ਕੀ ਅਜੋਕੇ ਦੌਰ ਵਿੱਚ ਪੰਜਾਬ ਦੀ ਤਿੱਥ ਤਿਉਹਾਰਾਂ ਵਿੱਚ ਮੇਲ ਮਿਲਾਪ ਘਟਿਆ ਹੈ? ਇਸ ਪ੍ਰਸ਼ਨ ਦਾ ਉੱਤਰ ਪ੍ਰਾਪਤ ਕਰਨ ਲਈ ਇਸ ਨੂੰ ਵੀ ਚਾਰ ਆਪਸ਼ਨਾਂ ਵਿੱਚ ਵੰਡਿਆ ਗਿਆ ਹੈ। ਪੂਰਨ ਸਹਿਮਤ, ਅੰਸ਼ਿਕ ਸਹਿਮਤ, ਪੂਰਨ ਅਸਹਿਮਤ ਅਤੇ ਅੰਸ਼ਿਕ ਅਸਹਿਮਤ।


| ਕੀ ਅਜੋਕੇ ਦੌਰ ਵਿਚ ਪੰਜਾਬ ਦੇ ਤਿੱਥ-ਤਿਉਹਾਰਾਂ ਵਿਚ ਮੇਲ ਮਿਲਾਪ ਘਟਿਆ ਹੈ? | | | |
|---|---|---|---|
| ਪੂਰਨ ਸਹਿਮਤ | ਅੰਸ਼ਿਕ ਸਹਿਮਤ | ਪੂਰਨ ਅਸਹਿਮਤ | ਅੰਸ਼ਿਕ ਅਸਹਿਮਤ |
| 95 | 51 | 4 | 0 |



ਪ੍ਰਾਪਤ ਅੰਕੜਿਆਂ ਦੇ ਅਨੁਸਾਰ  ਪੂਰਨ ਸਹਿਮਤ ਵਿਚ 95 ਵਿਅਕਤੀ ਸ਼ਾਮਿਲ ਹਨ ਜਿਸ ਦਾ ਕਿ 63 ਪ੍ਰਤੀਸ਼ਤ ਬਣਦਾ ਹੈ। ਅੰਸ਼ਿਕ ਸਹਿਮਤ ਵਿਚ 51 ਵਿਅਕਤੀ ਸ਼ਾਮਿਲ ਹਨ ਜਿਸ ਦਾ 34 ਪ੍ਰਤੀਸ਼ਤ ਬਣਦਾ ਹੈ।  ਪੂਰਨ ਅਸਹਿਮਤ ਵਿਚ 4 ਵਿਅਕਤੀ ਜਿਸ ਦਾ 3 ਪ੍ਰਤੀਸ਼ਤ ਬਣਦਾ ਹੈ। ਇਕੱਤਰ ਕੀਤੇ ਡਾਟੇ ਦੇ ਆਧਾਰ ਤੇ ਕਿਹਾ ਜਾ ਸਕਦਾ ਹੈ ਕਿ ਅਜੋਕੇ ਦੌਰ ਵਿੱਚ ਪੰਜਾਬ ਦੇ ਤਿੱਥ ਤਿਉਹਾਰਾਂ ਵਿੱਚ ਮੇਲ ਮਿਲਾਪ ਘਟਿਆ ਹੈ।

ਪੰਜਵੇਂ ਅਧਿਆਏ ਨਾਲ ਪੰਜਵਾਂ ਪ੍ਰਸ਼ਨ ਇਹ ਸਾਂਝਾ ਕੀਤਾ ਗਿਆ ਹੈ ਕਿ ਕੀ ਅਜੋਕੇ ਦੌਰ ਵਿੱਚ ਪੰਜਾਬ ਦੇ ਤਿੱਥ ਤਿਉਹਾਰਾਂ ਤੇ ਸਿਆਸੀ ਰੰਗ ਚੜ੍ਹਿਆ ਹੈ?  ਇਸ ਦਾ ਉੱਤਰ ਪ੍ਰਾਪਤ ਕਰਨ ਲਈ ਇਸ ਨੂੰ ਵੀ ਚਾਰ ਆਪਸ਼ਨਾਂ ਵਿਚ ਵੰਡਿਆ ਗਿਆ ਹੈ। ਪੂਰਨ ਸਹਿਮਤ,  ਅੰਸ਼ਿਕ ਸਹਿਮਤ,  ਪੂਰਨ ਅਸਹਿਮਤ ਅਤੇ ਅੰਸ਼ਿਕ ਅਸਹਿਮਤ।

| ਕੀ ਅਜੋਕੇ ਦੌਰ ਵਿਚ ਪੰਜਾਬ ਦੇ ਤਿੱਥ-ਤਿਉਹਾਰਾਂ 'ਤੇ ਸਿਆਸੀ ਰੰਗ ਚੜ੍ਹਿਆ ਹੈ? | | | |
|---|---|---|---|
| ਪੂਰਨ ਸਹਿਮਤ | ਅੰਸ਼ਿਕ ਸਹਿਮਤ | ਪੂਰਨ ਅਸਹਿਮਤ | ਅੰਸ਼ਿਕ ਅਸਹਿਮਤ |
| 74 | 72 | 4 | 0 |



ਸਰਵੇ ਅਨੁਸਾਰ ਪ੍ਰਾਪਤ ਅੰਕੜਿਆਂ ਦੇ ਆਧਾਰ ਤੇ ਪੂਰਨ ਸਹਿਮਤ ਵਿਚ 74 ਵਿਅਕਤੀ ਸ਼ਾਮਿਲ ਹਨ ਜਿਸ ਦਾ 49 ਪ੍ਰਤੀਸ਼ਤ ਬਣਦਾ ਹੈ। ਅੰਸ਼ਿਕ ਸਹਿਮਤ ਵਿਚ 72 ਵਿਅਕਤੀ ਸ਼ਾਮਿਲ ਹਨ ਜਿਸ ਦਾ 48 ਪ੍ਰਤੀਸ਼ਤ ਬਣਦਾ ਹੈ ਅਤੇ ਪੂਰਨ  ਅਸਹਿਮਤ ਵਿਚ 4 ਵਿਅਕਤੀ ਸ਼ਾਮਲ ਹਨ ਜਿਸ ਦਾ ਕਿ 3 ਪ੍ਰਤੀਸ਼ਤ ਬਣਦਾ ਹੈ। ਸਰਵੇ ਅਨੁਸਾਰ ਪ੍ਰਾਪਤ ਅੰਕੜਿਆਂ ਦੇ ਆਧਾਰ ਤੇ ਇਹ ਕਿਹਾ ਜਾ ਸਕਦਾ ਹੈ ਕਿ ਅਜੋਕੇ ਦੌਰ ਵਿੱਚ ਪੰਜਾਬ ਦੀ ਤਿੱਥ ਤਿਉਹਾਰਾਂ ਤੇ ਸਿਆਸੀ ਰੰਗ ਚੜ੍ਹਿਆ ਹੈ।

## ਨਿਸ਼ਕਰਸ਼

ਅਜੋਕੇ ਸਮੇਂ ਵਿਚ ਲੋਕਧਾਰਾ ਦੀ ਇਕ ਵਿਲੱਖਣ ਅਤੇ ਸੁਤੰਤਰ ਅਨੁਸ਼ਾਸਨ ਦੇ ਰੂਪ ਵਿੱਚ ਪਛਾਣ ਅਹਿਮੀਅਤ ਸਥਾਪਿਤ ਹੋ ਚੁੱਕੀ ਹੈ। ਲੋਕਧਾਰਾ ਦਾ ਅਧਿਐਨ ਕਰਨ ਪਿੱਛੋਂ ਇਹ ਸਪੱਸ਼ਟ ਹੁੰਦਾ ਹੈ ਕਿ ਬੇਸ਼ੱਕ ਇਹ ਜ਼ੁਬਾਨੀ ਪੀੜ੍ਹੀ ਦਰ ਪੀੜ੍ਹੀ ਅੱਗੇ ਤੁਰਦੀ ਹੈ, ਪਰ ਫਿਰ ਵੀ ਇਸ ਦੇ ਕੁਝ ਬੁਨਿਆਦੀ ਤੱਤ ਹਨ, ਜਿਸ ਕਰ

ਕੇ ਇਸ ਦੀ ਹੋਂਦ ਕਾਇਮ ਹੈ । ਅਧਿਐਨ ਕਰਨ ਤੇ ਪਤਾ ਚੱਲਦਾ ਹੈ ਕਿ ਲੋਕਧਾਰਾ ਲੋਕ ਮਨ ਦੀ ਪੇਸ਼ਕਾਰੀ ਦਾ ਸਾਧਨ ਹਨ। ਇਸ ਕਰ ਕੇ ਮੌਖਿਕਤਾ, ਪਰੰਪਰਾ, ਲੋਕ ਸਮੂਹ, ਲੋਕ ਸੰਸਕ੍ਰਿਤੀ, ਲੋਕ ਪ੍ਰਵਾਨਗੀ ਆਦਿ ਇਸ ਦੇ ਮਹੱਤਵਪੂਰਨ ਤੱਤ ਹਨ। ਇਨ੍ਹਾਂ ਤੱਤਾਂ 'ਤੇ ਲੋਕਧਾਰਾ ਦਾ ਵਜੂਦ ਕਾਇਮ ਹੈ। ਲੋਕਧਾਰਾ ਰਾਹੀਂ ਮਨੁੱਖ ਨੂੰ ਆਪਣੇ ਆਲੇ ਦੁਆਲੇ ਅਤੇ ਪਿਛੋਕੜ ਨੂੰ ਸਮਝਣ ਵਿਚ ਸਹਾਇਤਾ ਮਿਲਦੀ ਹੈ। ਲੋਕਧਾਰਾ ਬਾਰੇ ਅਧਿਐਨ ਕੀਤਿਆਂ ਪਤਾ ਚਲਦਾ ਹੈ ਕਿ ਇਸ ਵਿੱਚ ਕਿਸੇ ਜਾਤੀ ਸਮੂਹ ਦੇ ਰੀਤੀ ਰਿਵਾਜ, ਲੋਕ ਕਲਾਵਾਂ, ਲੋਕ ਵਿਸ਼ਵਾਸ, ਲੋਕ ਨਾਟਕ ,ਲੋਕ ਨਾਚ, ਲੋਕ ਧਰਮ, ਲੋਕ ਮਨੋਰੰਜਨ, ਲੋਕ ਖੇਡਾਂ, ਲੋਕ ਮੇਲੇ, ਲੋਕ ਤਿੱਥ-ਤਿਉਹਾਰ, ਲੋਕ ਧੰਦੇ, ਲੋਕ ਸਾਹਿਤ ਆਦਿ ਸ਼ਾਮਿਲ ਹੁੰਦੇ ਹਨ। ਪੰਜਾਬ ਦੀ ਲੋਕਧਾਰਾ ਵੀ ਇਹਨਾਂ ਵੰਨਗੀਆਂ ਵਿੱਚੋਂ ਝਲਕਦੀ ਹੈ।

ਵਿਸ਼ਵੀਕਰਨ ਦਾ ਅਧਿਐਨ ਕੀਤਿਆਂ ਪਤਾ ਚਲਦਾ ਹੈ ਕਿ ਵਰਤਮਾਨ ਯੁੱਗ ਦਾ ਇਹ ਇੱਕ ਅਜਿਹਾ ਚਰਚਿਤ ਵਰਤਾਰਾ ਹੈ ਜਿਸ ਨੇ ਪੂਰੀ ਧਰਤੀ ਨੂੰ ਇੱਕ ਪਿੰਡ ਬਣਾ ਦਿੱਤਾ ਹੈ। ਲੋਕਾਈ ਦੀ ਹਰ ਨਿੱਕੀ ਵੱਡੀ ਵਸਤੂ ਨੂੰ ਇਸ ਨੇ ਆਪਣੇ ਅਧੀਨ ਕਰ ਲਿਆ ਹੈ। ਭਾਰਤ ਵਿੱਚ ਵਿਸ਼ਵੀਕਰਨ ਦਾ ਪ੍ਰਭਾਵ 1991 ਈਸਵੀ ਤੋਂ ਬਾਅਦ ਬਹੁਕੌਮੀ ਕੰਪਨੀਆਂ ਦੀ ਆਮਦ ਨਾਲ ਸ਼ੁਰੂ ਹੁੰਦਾ ਹੈ। ਉਸ ਸਮੇਂ ਭਾਰਤ ਆਰਥਿਕ ਮੰਦਹਾਲੀ ਵਿੱਚੋਂ ਗੁਜ਼ਰ ਰਿਹਾ ਸੀ। ਇਨ੍ਹਾਂ ਕੰਪਨੀਆਂ ਦੇ ਮਾਲਕਾਂ ਨੇ ਮੁਨਾਫ਼ੇ ਦੀ ਖ਼ਾਤਰ ਮੰਡੀਕਰਨ ਅਤੇ ਉਦਯੋਗੀਕਰਨ ਨੂੰ ਹੁੰਗਾਰਾ ਦਿੱਤਾ, ਜਿਸ ਨਾਲ ਖ਼ਪਤਵਾਦੀ ਦੌਰ ਦਾ ਆਗਾਜ਼ ਹੋਇਆ। ਮੌਜੂਦਾ ਦੌਰ ਵਿੱਚ ਹੈਰਾਨੀ ਭਰਪੂਰ ਹੋਈਆਂ ਖੋਜਾਂ ਦੇ ਸਾਧਨ ਜਿਵੇਂ ਮੋਬਾਇਲ ਫੋਨ, ਇੰਟਰਨੈੱਟ,ਟੀ ਵੀ, ਸੈਟੇਲਾਈਟ ,ਅਖ਼ਬਾਰ ,ਮੈਗਜ਼ੀਨ ,ਅਤੇ ਆਵਾਜਾਈ ਦੇ ਆਧੁਨਿਕ ਸਾਧਨਾਂ ਨੇ ਮਨੁੱਖੀ ਦੂਰੀਆਂ ਨੂੰ ਘਟਾ ਦਿੱਤਾ ਹੈ। ਵਿਸ਼ਵੀਕਰਨ ਦਾ ਪ੍ਰਭਾਵ ਨਿਰਾ ਸ਼ਹਿਰਾਂ ਤੱਕ ਹੀ ਸੀਮਤ ਨਹੀਂ ਰਿਹਾ, ਸਗੋਂ ਇਸ ਦਾ ਪ੍ਰਭਾਵ ਪਿੰਡਾਂ ਤਕ ਵੀ ਪਹੁੰਚ ਗਿਆ ਹੈ। ਪੂਰੇ ਭਾਰਤ ਸਮੇਤ ਪੰਜਾਬ ਵੀ ਇਸ ਤੋਂ ਅਭਿੱਜ ਨਹੀਂ ਰਿਹਾ। ਵਿਸ਼ਵੀਕਰਨ ਨੇ ਪੰਜਾਬੀਆਂ ਦੀ ਮਾਨਸਿਕਤਾ ਨੂੰ ਬਦਲਿਆ ਹੈ। ਘਰਾਂ ਵਿੱਚ ਪਈ ਹਰ ਵਸਤੂ ਤੇ ਆਪਣਾ ਪ੍ਰਭਾਵ ਪਾਇਆ ਹੈ।ਪੰਜਾਬੀ ਕਾਰ ਵਿਹਾਰ ਵਿਸ਼ਵੀਕਰਨ ਦਾ ਸ਼ਿਕਾਰ ਹੋਇਆ ਹੈ। ਪੰਜਾਬੀ ਪੰਜਾਬ ਨੂੰ ਛੱਡ ਕੇ ਹੋਰਨਾਂ ਦੇਸ਼ਾਂ ਵੱਲ ਨੂੰ ਪਰਵਾਸ ਕਰ ਰਹੇ ਹਨ ਅਤੇ ਹੋਰਨਾਂ ਸੂਬਿਆਂ ਦੇ ਲੋਕ ਪੰਜਾਬ ਵੱਲ ਨੂੰ ਰੁੱਖ ਅਪਣਾ ਰਹੇ ਹਨ। ਜਿਸ ਕਾਰਨ ਦੂਜੇ ਸੱਭਿਆਚਾਰ ਪੰਜਾਬੀ ਸੱਭਿਆਚਾਰ ਵਿੱਚ ਰਲਗੱਡ ਹੋ ਰਹੇ ਹਨ ।

ਵਿਸ਼ਵੀਕਰਨ ਦਾ ਅਧਿਐਨ ਕੀਤਿਆਂ ਪਤਾ ਚਲਦਾ ਹੈ ਕਿ ਮੌਜੂਦਾ ਪੂੰਜੀਵਾਦੀ ਦੌਰ ਵਿੱਚ ਸਰਮਾਏਦਾਰੀ,ਤਾਕਤਾਂ ਵੱਡੇ ਵੱਡੇ ਕਾਰਪੋਰੇਟ ਘਰਾਣੇ ਨਿੱਜੀ ਲਾਭ ਲਈ ਹਰ ਵਰਗ ਦੀ ਆਰਥਿਕ ਲੁੱਟ ਕਰ ਰਹੇ ਹਨ । ਅਜੋਕੇ ਦੌਰ ਵਿੱਚ ਉਪਜੀ ਵਿਸ਼ਵ ਮੰਡੀ ਦਾ ਲਾਭ ਆਮ ਲੋਕਾਂ ਤਕ ਨਹੀਂ ਬਲਕਿ ਵੱਡੀਆਂ ਸਰਮਾਏਦਾਰੀ ਤਾਕਤਾਂ ਨੂੰ ਹੀ ਪਹੁੰਚਿਆ ਹੈ ।ਇਸ ਕਰ ਕੇ ਹਰ ਵਰਗ ਆਪਣੇ ਆਪ ਨੂੰ ਚੱਕੀ ਦੇ ਪੁੜਾਂ ਵਿੱਚ ਪਿਸਦਾ ਹੋਇਆ ਮਹਿਸੂਸ ਕਰ ਰਿਹਾ ਹੈ। ਪੰਜਾਬ ਵਿੱਚ ਵਿਸ਼ਵੀਕਰਨ ਦੇ ਪੈਰ ਪਸਾਰਨ ਕਰਕੇ ਕੁਝ ਸਿੱਟੇ ਸਾਹਮਣੇ ਆਏ ਹਨ :-

ਵਿਸ਼ਵੀਕਰਨ ਖਪਤਵਾਦੀ ਪ੍ਰਕਿਰਿਆ ਨਾਲ ਜੁੜਿਆ ਵਰਤਾਰਾ ਹੈ।ਇਸ ਵਰਤਾਰੇ ਨੇ ਪੰਜਾਬੀਆਂ ਦੀ ਮਾਨਸਿਕਤਾ ਨੂੰ ਭੰਗ ਕੀਤਾ ਹੈ ।

ਵਿਸ਼ਵੀਕਰਨ ਕਰਕੇ ਪੰਜਾਬੀ ਕਿਸਾਨ ਕਰਜ਼ਾਈ ਹੋ ਰਿਹਾ ਹੈ। ਪੰਜਾਬ ਦੇ ਕਿਸਾਨ ਦਿਖਾਵੇ ਦੀ ਭਾਵਨਾ ਹਿੱਤ ਕਰਜ਼ੇ ਦਾ ਰਾਹ ਅਖ਼ਤਿਆਰ ਕਰਕੇ ਖ਼ੁਦਕਸ਼ੀਆਂ ਦਾ ਰਾਹ ਚੁਣ ਰਹੇ ।

ਵਿਸ਼ਵੀਕਰਨ ਦੇ ਦੌਰ ਵਿੱਚ ਪਸਰੇ ਖ਼ਪਤਵਾਦੀ ਦੌਰ ਨੇ ਗ਼ਰੀਬ ਨੂੰ ਹੋਰ ਗ਼ਰੀਬ ਕਰ ਦਿੱਤਾ ਹੈ।ਮੱਧਵਰਗੀ ਤਬਕਾ ਇਸ ਦਾ ਵਧੇਰੇ ਸ਼ਿਕਾਰ ਹੋਇਆ ਹੈ ਉਸ ਲਈ ਅਗਾਂਹ ਤੁਰਨਾ ਬਹੁਤ ਹੀ ਕਠਿਨ ਹੈ ਅਤੇ ਪਿਛਾਂਹ ਮੁੜਨਾ ਨਾਮੋਸ਼ੀ ਵਾਂਗੂੰ ਹੈ।

ਵਿਸ਼ਵੀਕਰਨ ਦੇ ਦੌਰ ਵਿੱਚ ਅਪਣੱਤ ਘਟੀ ਹੈ ਅਤੇ ਵਿਖਾਵੇ ਦੀ ਭਾਵਨਾ ਨੇ ਜ਼ੋਰ ਫੜਿਆ ਹੈ ।

ਅਜੋਕੇ ਦੌਰ ਵਿੱਚ ਹਾਰ ਸ਼ਿੰਗਾਰ ਸਾਡੀ ਮਜਬੂਰੀ ਬਣ ਗਿਆ ਹੈ ।

ਵਿਸ਼ਵੀਕਰਨ ਦੇ ਅਜੋਕੇ ਦੌਰ ਵਿੱਚ ਇਨਸਾਨ ਨੂੰ ਬਹੁਤ ਸਾਰੀਆਂ ਸਹੂਲਤਾਂ ਵੀ ਪ੍ਰਦਾਨ ਕੀਤੀਆਂ ਹਨ। ਉਦਯੋਗਿਕ ਤਰੱਕੀ ਅਤੇ ਮਸ਼ੀਨੀਕਰਨ ਕਰਕੇ ਮਹੀਨਿਆਂ ਦਾ ਕੰਮ ਹੁਣ ਕੁਝ ਘੰਟਿਆਂ ਵਿੱਚ ਪੂਰਾ ਕਰ ਲਿਆ ਜਾਂਦਾ ਹੈ। ਨਵੇਂ ਤਕਨੀਕੀ ਸਾਧਨਾਂ ਕਰਕੇ ਆਰ ਪਰਿਵਾਰ ਦੀ ਸਾਰ ਪਲ ਪਲ ਵਿਚ ਲੈ ਰਹੇ ਹਾਂ ।ਪਰ ਅੱਗੇ ਨਿਕਲਣ ਦੀ ਭਾਵਨਾ ਨੇ ਮਨੁੱਖ ਨੂੰ ਸਵਾਰਥੀ ਬਣਾ ਦਿੱਤਾ ਹੈ । ਵਿਸ਼ਵੀਕਰਨ ਦੇ ਦੌਰ ਵਿੱਚ ਮਨੁੱਖੀ

ਕਦਰਾਂ ਕੀਮਤਾਂ ਵਿਚ ਬਦਲਾਅ ਆਏ ਹਨ। ਪਿੰਡਾਂ ਵਿੱਚ ਪਏ ਪ੍ਰਭਾਵ ਤਹਿਤ ਕੰਮ ਕਰਨ ਦੇ ਪੁਰਾਣੇ ਤੌਰ ਤਰੀਕਿਆਂ ਨੇ ਨਵੇਂ ਜਾਮੇ ਪਹਿਨ ਲਏ ਹਨ। ਜਿਸ ਕਰ ਕੇ ਸਾਡੇ ਮੇਲ ਮਿਲਾਪ ,ਰਹਿਣ-ਸਹਿਣ ,ਖਾਣ-ਪੀਣ, ਹਾਰ-ਸ਼ਿੰਗਾਰ, ਰਸਮ- ਰਿਵਾਜਾਂ,ਕੰਮ-ਧੰਦਿਆਂ ਆਦਿ ਵਿਚ ਪਰਿਵਰਤਨ ਆਏ ਹਨ। ਅਜੋਕੇ ਦੌਰ ਵਿੱਚ ਪੈਦਾ ਹੋਏ ਮੌਲ ਕਲਚਰ ਨੇ ਸਾਡੀਆਂ ਲੋੜਾਂ ਨੂੰ ਕਈ ਗੁਣਾਂ ਵਧਾ ਦਿੱਤਾ ਹੈ। ਉਪਰੋਕਤ ਸਿੱਟਿਆਂ ਦੇ ਆਧਾਰ ਤੇ ਕਿਹਾ ਜਾ ਸਕਦਾ ਹੈ ਕਿ ਵਿਸ਼ਵੀਕਰਨ ਨੇ ਲੋਕਧਾਰਾ ਦੇ ਹਰੇਕ ਪੱਖ ਨੂੰ ਪ੍ਰਭਾਵਿਤ ਕੀਤਾ ਹੈ।

ਵਿਸ਼ਵੀਕਰਨ ਦੇ ਦੌਰ ਵਿੱਚ ਪੰਜਾਬੀ ਰਿਸ਼ਤੇ ਨਾਤਿਆਂ ਵਿੱਚ ਭਾਰੀ ਬਦਲਾਅ ਹੋਇਆ ਹੈ। ਪਦਾਰਥਵਾਦੀ ਅਤੇ ਖ਼ਪਤਵਾਦੀ ਪ੍ਰਵਿਰਤੀ ਨੇ ਸਭ ਤੋਂ ਕਰੀਬੀ ਪਰਿਵਾਰਕ ਰਿਸ਼ਤੇਦਾਰੀਆਂ ਦੀ ਪਰਿਭਾਸ਼ਾ ਹੀ ਬਦਲ ਦਿੱਤੀ ਹੈ। ਅਜੋਕੇ ਦੌਰ ਵਿੱਚ ਹਰ ਰਿਸ਼ਤੇ ਦਾ ਮੋਹ ਫਿੱਕਾ ਹੋ ਰਿਹਾ ਹੈ। ਰਿਸ਼ਤਿਆਂ ਬਾਰੇ ਅਧਿਐਨ ਕੀਤਿਆਂ ਪਤਾ ਚਲਦਾ ਹੈ ਕਿ ਉਦਯੋਗਿਕ ਤਰੱਕੀ ਕਾਰਨ ਹਰ ਕੰਮ ਨੂੰ ਕਰਨ ਦਾ ਢੰਗ ਤਰੀਕਾ ਬਦਲਿਆ ਹੈ। ਜਿਹੜਾ ਕੰਮ ਪਹਿਲਾਂ ਕਈ ਦਿਨਾਂ ਵਿੱਚ ਮੁਕੰਮਲ ਹੁੰਦਾ ਸੀ ਹੁਣ ਉਹ ਕੁਝ ਘੰਟਿਆਂ ਵਿੱਚ ਮੁਕੰਮਲ ਹੋ ਜਾਂਦਾ ਹੈ। ਪਰ ਫਿਰ ਵੀ ਇਨਸਾਨ ਕੋਲ ਵਿਹਲ ਦੀ ਕਮੀ ਹੋ ਰਹੀ ਹੈ । ਜਿਸ ਕਾਰਨ ਕਰੀਬੀ ਰਿਸ਼ਤੇਦਾਰਾਂ ਨੂੰ ਵੀ ਵਿਹਲ ਜਾਂ ਵਕਤ ਨਹੀਂ ਮਿਲ ਰਿਹਾ । ਅਜੋਕੇ ਦੌਰ ਵਿੱਚ ਹਰ ਵਿਅਕਤੀ ਮਸ਼ੀਨਾਂ ਨਾਲ ਮਸ਼ੀਨ ਬਣ ਗਿਆ ਹੈ। ਮਾਪੇ ਬੱਚਿਆਂ ਤੋਂ ਅਤੇ ਬੱਚੇ ਮਾਪਿਆਂ ਤੋਂ ਅਲੱਗ ਅਲੱਗ ਰਹਿ ਰਹੇ ਹਨ। ਜਿਸ ਕਾਰਨ ਬੱਚਿਆਂ ਵਿਚ ਇਕ ਵੱਖਰੀ ਕਿਸਮ ਦਾ ਕਲਚਰ ਪੈਦਾ ਹੋ ਰਿਹਾ ਹੈ। ਰਿਸ਼ਤੇਦਾਰੀਆਂ ਦੀ ਮੂਲ ਜੜ੍ਹ ਸਾਂਝੇ ਪਰਿਵਾਰ ਹੁਣ ਨਹੀਂ ਰਹੇ। ਹੁਣ ਇਕਹਿਰੇ ਪਰਿਵਾਰ ਬਣ ਗਏ ਹਨ। ਵਿਸ਼ਵੀਕਰਨ ਦੇ ਦੌਰ ਵਿਚ ਰਿਸ਼ਤਿਆਂ ਵਿਚ ਹੋਏ ਰੁਪਾਂਤਰਨ ਦਾ ਮੁੱਖ ਕਾਰਨ ਮਲਟੀਮੀਡੀਆ ਬਣਿਆ ਹੈ। ਅਜੋਕੀ ਪੀੜ੍ਹੀ ਟੀ ਵੀ, ਇੰਟਰਨੈੱਟ, ਫੋਨ ਆਦਿ ਰਾਹੀਂ ਜੋ ਕੁਝ ਵੇਖਦੀ ਸੁਣਦੀ ਹੈ, ਉਸ ਨੂੰ ਹੀ ਆਪਣੇ ਜੀਵਨ ਦਾ ਹਿੱਸਾ ਬਣਾ ਰਹੀ ਹੈ । ਪੱਛਮੀ ਸੱਭਿਅਤਾ ਦੀ ਤਰਜ਼ ਤੇ ਅਜੋਕਾ ਬੱਚਾ ਹਰ ਕੁਝ ਆਪਣਾ ਵੱਖਰਾ ਚਾਹ ਰਿਹਾ ਹੈ। ਨਵੀਂ ਪੀੜ੍ਹੀ ਆਪਣੀ ਜ਼ਿੰਦਗੀ ਵਿੱਚ ਕਿਸੇ ਦੀ ਦਖ਼ਲ ਅੰਦਾਜ਼ੀ ਨਹੀਂ ਚਾਹੁੰਦੀ।

ਹੱਥਲੇ ਅਧਿਆਇ ਦਾ ਅਧਿਐਨ ਕੀਤਿਆਂ ਪਤਾ ਚਲਦਾ ਹੈ ਕਿ ਵਿਸ਼ਵੀਕਰਨ ਦੇ ਪ੍ਰਭਾਵ ਸਦਕਾ ਉਦਯੋਗਿਕ ਅਤੇ ਪੂੰਜੀਵਾਦੀ ਦੀ ਤਰਜ਼ ਤੇ ਨਵੀਨ ਸਮਾਜ ਦਾ ਨਿਰਮਾਣ ਹੋ ਰਿਹਾ ਹੈ। ਇਸ ਨਵੀਨ ਸਮਾਜ ਵਿਚ ਪੁਰਾਣੀਆਂ ਰਿਸ਼ਤੇਦਾਰੀਆਂ ਮਨਫੀ ਹੋ ਰਹੀਆਂ ਹਨ । ਅਜੋਕੀ ਪੀੜ੍ਹੀ ਵਿੱਚ ਪਸਰੀ ਪਦਾਰਥਵਾਦੀ ਰੁਚੀ ਨੇ ਪੰਜਾਬੀ ਰਿਸ਼ਤੇਦਾਰੀਆਂ ਅਤੇ ਸਾਕੇਦਾਰੀਆਂ ਵਿਚ ਵੱਡੇ ਫੇਰ ਬਦਲ ਪੈਦਾ ਕਰ ਦਿੱਤੇ ਹਨ। ਅਧਿਐਨ ਕੀਤਿਆਂ ਪਤਾ ਚਲਦਾ ਹੈ ਕਿ ਪੰਜਾਬੀ ਜਨ ਜੀਵਨ ਵਿੱਚ ਹਰ ਰਿਸ਼ਤੇ ਅਤੇ ਹਰ ਰਿਸ਼ਤੇਦਾਰੀ ਲਈ ਵੱਖਰਾ ਨਾਂ ਅੰਕਿਤ ਕੀਤਾ ਹੋਇਆ ਹੈ। ਪਰ ਵਿਸ਼ਵੀਕਰਨ ਦੇ ਦੌਰ ਵਿਚ ਚਾਚੀ, ਤਾਈ, ਮਾਸੀ, ਭੂਆ ਆਦਿ ਲਈ ਅੰਟੀ ਅਤੇ ਚਾਚੇ ,ਤਾਏ ,ਮਾਸੜ, ਫੁੱਫੜ ਆਦਿ ਲਈ ਅੰਕਲ ਸ਼ਬਦ ਦੀ ਵਰਤੋਂ ਕੀਤੀ ਜਾ ਰਹੀ ਹੈ। ਅਜੋਕੇ ਦੌਰ ਗਿਆਨ ਵਿਗਿਆਨ ਦੀਆਂ ਨਵੀਆਂ ਖੋਜਾਂ ਕਾਰਨ ਉਤਪੰਨ ਹੋਏ ਨਵੇਂ ਸਾਧਨਾਂ ਕਰਕੇ ਪੰਜਾਬੀ ਰਿਸ਼ਤਾ ਨਾਤਾ ਪ੍ਰਬੰਧ ਵਿੱਚ ਭਾਰੀ ਬਦਲਾਅ ਹੋਇਆ ਹੈ। ਅਪਣੱਤ ਅਤੇ ਪਿਆਰ ਮਨਫ਼ੀ ਹੋ ਗਿਆ ਹੈ । ਪਦਾਰਥਵਾਦੀ ਸੁੱਖ ਸਹੂਲਤਾਂ ਵਿੱਚ ਮਗਨ ਹੋਇਆ ਇਨਸਾਨ ਖ਼ੂਨ ਦੇ ਰਿਸ਼ਤਿਆਂ ਨੂੰ ਭੁੱਲ ਰਿਹਾ ਹੈ। ਜ਼ਮੀਨਾਂ ਦੀਆਂ ਵੰਡ ਵੰਡਾਈਆਂ ਵਕਤ ਭਰਾਵਾਂ ਭਰਾਵਾਂ ਵਿੱਚ ਕਤਲ ਹੋ ਰਹੇ ਹਨ। ਰਿਸ਼ਤੇ ਨਾਤਿਆਂ ਵਿੱਚ ਰੁਪਾਂਤਰਨ ਦਾ ਕਾਰਨ ਇਹ ਵੀ ਹੈ ਕਿ ਅਜੋਕੀ ਪੀੜ੍ਹੀ ਕੰਮ ਕਾਜ ਦੀ ਭਾਲ ਲਈ ਦੂਰ ਦੁਰਾਡੇ ਪਹੁੰਚ ਗਈ ਹੈ, ਜਿੱਥੇ ਹੋਰ ਦੂਜੇ ਸੂਬਿਆਂ ਜਾਂ ਦੇਸ਼ਾਂ ਦੇ ਲੋਕ ਇਕੱਠੇ ਵੱਸਦੇ ਹਨ। ਜਿਸ ਕਰ ਕੇ ਨੌਕਰੀ ਪੇਸ਼ਾ ਤੇ ਹੋਰ ਸਾਂਝੇ ਕੰਮ ਕਰਨ ਵਾਲੇ ਨਵੇਂ ਰਿਸ਼ਤੇ ਸਿਰਜ ਰਹੇ ਹਨ। ਆਮ ਵੇਖਣ ਵਿੱਚ ਆ ਰਿਹਾ ਹੈ ਕਿ ਅਜੋਕੇ ਦੌਰ ਵਿੱਚ ਖ਼ੂਨ ਦੇ ਰਿਸ਼ਤਿਆਂ ਨਾਲੋਂ ਕੰਮਕਾਜੀ ਰਿਸ਼ਤੇ ਵਧੇਰੇ ਸਤਿਕਾਰੇ ਜਾ ਰਹੇ ਹਨ ।

ਰਸਮਾਂ ਰਿਵਾਜ਼ਾਂ ਦੇ ਨਿਭਾਉ ਨਾਲ ਲੋਕਧਾਰਾ ਦੀ ਸੰਭਾਲ ਹੁੰਦੀ ਹੈ। ਰਿਸ਼ਤੇ ਨਾਤਿਆਂ ਵਿੱਚ ਮਜ਼ਬੂਤੀ ਆਉਂਦੀ ਹੈ ਕਿਉਂਕਿ ਜਨਮ,ਵਿਆਹ ਅਤੇ ਮੌਤ ਦੇ ਸਮੇਂ ਨਿਭਾਏ ਜਾਂਦੇ ਰਸਮਾਂ ਰਿਵਾਜ਼ਾਂ ਵਿੱਚ ਰਿਸ਼ਤੇਦਾਰ ਅਤੇ ਭਾਈਚਾਰਾ ਸ਼ਾਮਿਲ ਹੋ ਜਾਂਦਾ ਹੈ। ਰਿਸ਼ਤੇਦਾਰ ਰਸਮ ਰਿਵਾਜ਼ ਦੀ ਪਛਾਣ ਅਤੇ ਕਦਰ ਕਰਾਉਂਦੇ ਹਨ। ਉਸ ਨੂੰ ਇੱਕ ਦਾਇਰੇ ਵਿੱਚ ਬੰਨ੍ਹ ਕੇ ਰੱਖਦੇ ਹਨ। ਵਿਸ਼ਵੀਕਰਨ ਦੇ ਦੌਰ ਵਿੱਚ ਹਰ ਖੇਤਰ

ਵਿੱਚ ਤਕਨੀਕੀ ਸਾਧਨਾਂ ਅਤੇ ਉਦਯੋਗਿਕ ਵਿਕਾਸ ਹੋਣ ਕਰਕੇ ਹਰ ਖੇਤਰ ਵਿੱਚ ਪਰਿਵਰਤਨ ਹੋਏ ਹਨ। ਪਹਿਲੇ ਸਮਿਆਂ ਵਿੱਚ ਹੁੰਦੇ ਰਸਮ-ਰਿਵਾਜ ਸਮੇਂ ਮੁਤਾਬਿਕ ਬਦਲ ਰਹੇ ਹਨ। ਦੇਖੋ-ਦੇਖੀ ਇਹਨਾਂ ਵਿੱਚ ਵਿਖਾਵੇ ਦੀ ਭਾਵਨਾ ਵਧੀ ਹੈ, ਕਈ ਬੇਲੋੜੀਆਂ ਰਹੁ-ਰੀਤਾਂ ਵੀ ਪ੍ਰਵੇਸ਼ ਕਰ ਗਈਆਂ ਹਨ। ਨਵੀਂ ਪੀੜ੍ਹੀ ਪੜ੍ਹ ਲਿਖ ਕੇ ਵਿਗਿਆਨਿਕ ਢੰਗ ਨਾਲ ਇਹਨਾਂ ਰਹੁ-ਰੀਤਾਂ ਨੂੰ ਆਪਣਾ ਰਹੀ ਹੈ, ਪਰ ਬਹੁਤਾ ਕਰਕੇ ਹਰ ਰਸਮ ਬਹੁਤ ਹੀ ਖਰਚੀਲੀ ਹੋ ਗਈ ਹੈ। ਜਨਮ ਸਮੇਂ ਦੀਆਂ ਰਹੁ ਰੀਤਾਂ ਵਿੱਚ ਬਦਲਾਵ ਨਜਰ ਆ ਰਹੇ ਹਨ। ਜਿੱਥੇ ਪਹਿਲਾਂ ਬੱਚੇ ਦਾ ਜਨਮ ਘਰਾਂ ਵਿੱਚ ਹੀ ਹੁੰਦਾ ਸੀ, ਹੁਣ ਸਿਹਤ ਸਹੂਲਤਾਂ ਵਧਣ ਕਰਕੇ ਬੱਚਿਆਂ ਦੇ ਜਨਮ ਹਸਪਤਾਲਾਂ ਵਿੱਚ ਹੋ ਰਹੇ ਹਨ। ਵਿਸ਼ਵੀਕਰਨ ਦੇ ਦੌਰ ਵਿੱਚ ਪਸਰੀ ਟੈਕਨੌਲਜੀ ਨੇ ਹਰ ਕੰਮ ਨੂੰ ਸੁਖਾਲਾ ਬਣਾ ਦਿੱਤਾ ਹੈ। ਲੁੱਕ-ਛਿਪ ਕੇ ਹੀ ਦੱਸਣ ਵਾਲੀ ਗੱਲ ਨੂੰ ਸਿੱਧੇ ਪ੍ਰਸਾਰਨ ਰਾਹੀਂ ਘਰ-ਘਰ ਪਹੁੰਚਾ ਦਿੱਤਾ ਹੈ। ਔਰਤ ਦੇ ਗਰਭਵਤੀ ਹੋਣ ਬਾਰੇ ਪਤਾ ਲਾਉਣ ਲਈ ਡਾਕਟਰਾਂ ਤੋਂ ਇਲਾਵਾ ਖੁਦ ਵੀ ਘਰ ਬੈਠੇ ਤਰ੍ਹਾਂ-ਤਰ੍ਹਾਂ ਦੀਆਂ ਵਿਧੀਆਂ ਰਾਹੀਂ ਪਤਾ ਲਗਾ ਲਿਆ ਜਾਂਦਾ ਹੈ। ਇਹਨਾਂ ਵਿਧੀਆਂ ਨੂੰ ਕਿਵੇਂ ਵਰਤਣਾ, ਕਿੱਥੋਂ ਮਿਲਦੀਆਂ ਹਨ, ਕਿੰਨੇ ਰੁਪਏ ਵਿੱਚ ਮਿਲਦੀਆਂ ਹਨ ਆਦਿ ਬਾਰੇ ਸਭ ਕੁੱਝ ਟੀ.ਵੀ. ਚੈਨਲਾਂ ਤੇ ਪਲ-ਪਲ ਮਗਰੋਂ ਵਿਖਾਇਆ ਜਾ ਰਿਹਾ ਹੈ। ਸੁਭਾਵਿਕ ਹੈ ਕਿ ਔਰਤ ਦੇ ਗਰਭਵਤੀ ਹੋਣ ਦਾ ਸੰਕੇਤ ਦਿੰਦੀਆਂ ਰਸਮਾਂ ਖਤਮ ਹੋ ਰਹੀਆਂ ਹਨ ਇਹਨਾਂ ਨੂੰ ਹੁਣ ਸਿੱਧੇ ਰੂਪ ਵਿੱਚ ਹੀ ਪੇਸ਼ ਕੀਤਾ ਜਾ ਰਿਹਾ ਹੈ। ਅੱਜ-ਕੱਲ੍ਹ ਹਰੇਕ ਜਣਨੀ ਆਪਣਾ ਜਣੇਪਾ ਹਸਪਤਾਲ ਵਿੱਚ ਕਰਾਉਣਾ ਬਿਹਤਰ ਸਮਝਦੀ ਹੈ। ਸਰਕਾਰੀ ਹਸਪਤਾਲਾਂ ਵਿੱਚ ਇਹ ਸਹੂਲਤ ਸਰਕਾਰ ਦੁਆਰਾ ਮੁਫ਼ਤ ਮੁਹੱਈਆ ਕਰਵਾਈ ਜਾ ਰਹੀ ਹੈ। ਹਰ ਪਿੰਡ ਸ਼ਹਿਰ ਵਿੱਚ ਆਸ਼ਾ ਵਰਕਰਾਂ ਘਰ-ਘਰ ਜਾ ਕੇ ਸਰਕਾਰ ਦੀਆਂ ਸਕੀਮਾਂ ਬਾਰੇ ਜਾਣੂੰ ਕਰਾ ਰਹੀਆਂ ਹਨ। ਅਜੋਕੇ ਦੌਰ ਵਿਚ ਤਾਂ ਸਰਕਾਰੀ ਹਸਪਤਾਲਾਂ ਵਿੱਚ ਜਣੇਪਾ ਕਰਾਉਣ ਤੇ ਸਰਕਾਰ ਵਲੋਂ ਕੁੱਝ ਵਿੱਤੀ ਸਹਾਇਤਾ ਵੀ ਦਿੱਤੀ ਜਾਂਦੀ ਹੈ। ਇੱਥੋਂ ਤੱਕ ਕਿ ਸਰਮਾਏਦਾਰ ਲੋਕ ਪ੍ਰਾਈਵੇਟ ਹਸਪਤਾਲਾਂ ਵਿੱਚ ਜਣੇਪਾ ਕਰਾਉਣਾ ਬਿਹਤਰ ਸਮਝਦੇ ਹਨ। ਬੱਚੇ ਦਾ ਜਨਮ ਕਿਹੜੇ ਦਿਨ ਹੋਵੇ, ਕਿੰਨੇ ਵਜੇ ਹੋਵੇ ਆਦਿ ਬਾਰੇ ਰਾਇ ਲੈ ਲਈ ਜਾਂਦੀ ਹੈ। ਸਜੇਰੀਅਨ ਨੇ ਇਹ ਸਭ ਕੁੱਝ ਸੁਖਾਲਾ ਕਰ ਦਿੱਤਾ ਹੈ। ਪਿੰਡਾਂ ਵਿੱਚ ਜਣੇਪੇ ਸਮੇਂ ਦਾਈਆਂ ਦਾ ਰੋਲ ਹੁਣ ਲਗਭਗ ਖਤਮ

ਹੋ ਰਿਹਾ ਹੈ, ਕਿਉਂਕਿ ਹੁਣ ਬੱਚਿਆਂ ਦਾ ਜਨਮ ਹਸਪਤਾਲਾਂ ਵਿੱਚ ਹੋ ਰਿਹਾ ਹੈ। ਉੱਥੇ ਇਹਨਾਂ ਦੀ ਥਾਂ ਮਾਹਿਰ ਡਾਕਟਰਾਂ ਅਤੇ ਨਰਸਾਂ ਨੇ ਲੈ ਲਈ ਹੈ।

ਰਸਮਾਂ ਰਿਵਾਜ਼ਾਂ ਦੇ ਨਿਭਾਉ ਨਾਲ ਲੋਕਧਾਰਾ ਦੀ ਸੰਭਾਲ ਹੁੰਦੀ ਹੈ। ਰਿਸ਼ਤੇ ਨਾਤਿਆਂ ਵਿੱਚ ਮਜ਼ਬੂਤੀ ਆਉਂਦੀ ਹੈ ਕਿਉਂਕਿ ਜਨਮ,ਵਿਆਹ ਅਤੇ ਮੌਤ ਦੇ ਸਮੇਂ ਨਿਭਾਏ ਜਾਂਦੇ ਰਸਮਾਂ ਰਿਵਾਜ਼ਾਂ ਵਿੱਚ ਰਿਸ਼ਤੇਦਾਰ ਅਤੇ ਭਾਈਚਾਰਾ ਸ਼ਾਮਿਲ ਹੋ ਜਾਂਦਾ ਹੈ। ਰਿਸ਼ਤੇਦਾਰ ਰਸਮ ਰਿਵਾਜ਼ ਦੀ ਪਛਾਣ ਅਤੇ ਕਦਰ ਕਰਾਉਂਦੇ ਹਨ। ਉਸ ਨੂੰ ਇੱਕ ਦਾਇਰੇ ਵਿੱਚ ਬੰਨ੍ਹ ਕੇ ਰੱਖਦੇ ਹਨ। ਵਿਸ਼ਵੀਕਰਨ ਦੇ ਦੌਰ ਵਿੱਚ ਹਰ ਖੇਤਰ ਵਿੱਚ ਤਕਨੀਕੀ ਸਾਧਨਾਂ ਅਤੇ ਉਦਯੋਗਿਕ ਵਿਕਾਸ ਹੋਣ ਕਰਕੇ ਹਰ ਖੇਤਰ ਵਿੱਚ ਪਰਿਵਰਤਨ ਹੋਏ ਹਨ। ਪਹਿਲੇ ਸਮਿਆਂ ਵਿੱਚ ਹੁੰਦੇ ਰਸਮ-ਰਿਵਾਜ ਸਮੇਂ ਮੁਤਾਬਿਕ ਬਦਲ ਰਹੇ ਹਨ। ਦੇਖੋ-ਦੇਖੀ ਇਹਨਾਂ ਵਿੱਚ ਵਿਖਾਵੇ ਦੀ ਭਾਵਨਾ ਵਧੀ ਹੈ, ਕਈ ਬੇਲੋੜੀਆਂ ਰਹੁ-ਰੀਤਾਂ ਵੀ ਪ੍ਰਵੇਸ਼ ਕਰ ਗਈਆਂ ਹਨ। ਨਵੀਂ ਪੀੜ੍ਹੀ ਪੜ੍ਹ ਲਿਖ ਕੇ ਵਿਗਿਆਨਿਕ ਢੰਗ ਨਾਲ ਇਹਨਾਂ ਰਹੁ-ਰੀਤਾਂ ਨੂੰ ਆਪਣਾ ਰਹੀ ਹੈ, ਪਰ ਬਹੁਤਾ ਕਰਕੇ ਹਰ ਰਸਮ ਬਹੁਤ ਹੀ ਖਰਚੀਲੀ ਹੋ ਗਈ ਹੈ। ਜਨਮ ਸਮੇਂ ਦੀਆਂ ਰਹੁ ਰੀਤਾਂ ਵਿੱਚ ਬਦਲਾਵ ਨਜਰ ਆ ਰਹੇ ਹਨ। ਜਿੱਥੇ ਪਹਿਲਾਂ ਬੱਚੇ ਦਾ ਜਨਮ ਘਰਾਂ ਵਿੱਚ ਹੀ ਹੁੰਦਾ ਸੀ, ਹੁਣ ਸਿਹਤ ਸਹੂਲਤਾਂ ਵਧਣ ਕਰਕੇ ਬੱਚਿਆਂ ਦੇ ਜਨਮ ਹਸਪਤਾਲਾਂ ਵਿੱਚ ਹੋ ਰਹੇ ਹਨ। ਵਿਸ਼ਵੀਕਰਨ ਦੇ ਦੌਰ ਵਿੱਚ ਪਸਰੀ ਟੈਕਨੋਲਜੀ ਨੇ ਹਰ ਕੰਮ ਨੂੰ ਸੁਖਾਲਾ ਬਣਾ ਦਿੱਤਾ ਹੈ। ਲੁੱਕ-ਛਿਪ ਕੇ ਹੀ ਦੱਸਣ ਵਾਲੀ ਗੱਲ ਨੂੰ ਸਿੱਧੇ ਪ੍ਰਸਾਰਨ ਰਾਹੀਂ ਘਰ-ਘਰ ਪਹੁੰਚਾ ਦਿੱਤਾ ਹੈ। ਔਰਤ ਦੇ ਗਰਭਵਤੀ ਹੋਣ ਬਾਰੇ ਪਤਾ ਲਾਉਣ ਲਈ ਡਾਕਟਰਾਂ ਤੋਂ ਇਲਾਵਾ ਖੁਦ ਵੀ ਘਰ ਬੈਠੇ ਤਰ੍ਹਾਂ-ਤਰ੍ਹਾਂ ਦੀਆਂ ਵਿਧੀਆਂ ਰਾਹੀਂ ਪਤਾ ਲਗਾ ਲਿਆ ਜਾਂਦਾ ਹੈ। ਇਹਨਾਂ ਵਿਧੀਆਂ ਨੂੰ ਕਿਵੇਂ ਵਰਤਣਾ, ਕਿੱਥੋਂ ਮਿਲਦੀਆਂ ਹਨ, ਕਿੰਨੇ ਰੁਪਏ ਵਿੱਚ ਮਿਲਦੀਆਂ ਹਨ ਆਦਿ ਬਾਰੇ ਸਭ ਕੁੱਝ ਟੀ.ਵੀ. ਚੈਨਲਾਂ ਤੇ ਪਲ-ਪਲ ਮਗਰੋਂ ਵਿਖਾਇਆ ਜਾ ਰਿਹਾ ਹੈ। ਸੁਭਾਵਿਕ ਹੈ ਕਿ ਔਰਤ ਦੇ ਗਰਭਵਤੀ ਹੋਣ ਦਾ ਸੰਕੇਤ ਦਿੰਦੀਆਂ ਰਸਮਾਂ ਖਤਮ ਹੋ ਰਹੀਆਂ ਹਨ ਇਹਨਾਂ ਨੂੰ ਹੁਣ ਸਿੱਧੇ ਰੂਪ ਵਿੱਚ ਹੀ ਪੇਸ਼ ਕੀਤਾ ਜਾ ਰਿਹਾ ਹੈ। ਅੱਜ-ਕੱਲ੍ਹ ਹਰੇਕ ਜਣਨੀ ਆਪਣਾ ਜਣੇਪਾ ਹਸਪਤਾਲ ਵਿੱਚ ਕਰਾਉਣਾ ਬਿਹਤਰ ਸਮਝਦੀ ਹੈ। ਸਰਕਾਰੀ ਹਸਪਤਾਲਾਂ ਵਿੱਚ ਇਹ ਸਹੂਲਤ ਸਰਕਾਰ ਦੁਆਰਾ ਮੁਫ਼ਤ ਮੁਹੱਈਆ ਕਰਵਾਈ ਜਾ ਰਹੀ ਹੈ। ਹਰ ਪਿੰਡ ਸ਼ਹਿਰ ਵਿੱਚ ਆਸ਼ਾ

ਵਰਕਰਾਂ ਘਰ-ਘਰ ਜਾ ਕੇ ਸਰਕਾਰ ਦੀਆਂ ਸਕੀਮਾਂ ਬਾਰੇ ਜਾਣੂੰ ਕਰਾ ਰਹੀਆਂ ਹਨ। ਅਜੋਕੇ ਦੌਰ ਵਿਚ ਤਾਂ ਸਰਕਾਰੀ ਹਸਪਤਾਲਾਂ ਵਿੱਚ ਜਣੇਪਾ ਕਰਾਉਣ ਤੇ ਸਰਕਾਰ ਵਲੋਂ ਕੁੱਝ ਵਿੱਤੀ ਸਹਾਇਤਾ ਵੀ ਦਿੱਤੀ ਜਾਂਦੀ ਹੈ। ਇੱਥੋਂ ਤੱਕ ਕਿ ਸਰਮਾਏਦਾਰ ਲੋਕ ਪ੍ਰਾਈਵੇਟ ਹਸਪਤਾਲਾਂ ਵਿੱਚ ਜਣੇਪਾ ਕਰਾਉਣਾ ਬਿਹਤਰ ਸਮਝਦੇ ਹਨ। ਬੱਚੇ ਦਾ ਜਨਮ ਕਿਹੜੇ ਦਿਨ ਹੋਵੇ, ਕਿੰਨੇ ਵਜੇ ਹੋਵੇ ਆਦਿ ਬਾਰੇ ਰਾਇ ਲੈ ਲਈ ਜਾਂਦੀ ਹੈ। ਸਜੇਰੀਅਨ ਨੇ ਇਹ ਸਭ ਕੁੱਝ ਸੁਖਾਲਾ ਕਰ ਦਿੱਤਾ ਹੈ। ਪਿੰਡਾਂ ਵਿੱਚ ਜਣੇਪੇ ਸਮੇਂ ਦਾਈਆਂ ਦਾ ਰੋਲ ਹੁਣ ਲਗਭਗ ਖਤਮ ਹੋ ਰਿਹਾ ਹੈ, ਕਿਉਂਕਿ ਹੁਣ ਬੱਚਿਆਂ ਦਾ ਜਨਮ ਹਸਪਤਾਲਾਂ ਵਿੱਚ ਹੋ ਰਿਹਾ ਹੈ। ਉੱਥੇ ਇਹਨਾਂ ਦੀ ਥਾਂ ਮਾਹਿਰ ਡਾਕਟਰਾਂ ਅਤੇ ਨਰਸਾਂ ਨੇ ਲੈ ਲਈ ਹੈ।

ਵਿਆਹ ਵਰਗੇ ਰਸੀਲੇ ਰਸਮਾਂ-ਰਿਵਾਜ਼ਾਂ ਵਿੱਚ ਵੀ ਦਿਖਾਵੇ ਦੀ ਭਾਵਨਾਂ ਨਾਲ ਇਹ ਪਹਿਲਾਂ ਨਾਲੋਂ ਵਧੇਰੇ ਖਰਚੀਲੇ ਹੋ ਗਏ ਹਨ। ਲੋਕ ਆਪਣੇ ਘਰਾਂ ਨੂੰ ਛੱਡ ਕੇ ਪੈਲੇਸਾਂ ਵੱਲ ਨੂੰ ਰੁੱਖ ਅਪਣਾ ਚੁੱਕੇ ਹਨ।ਪੱਛਮ ਦੇ ਪ੍ਰਭਾਵ ਕਾਰਨ ਅਜੋਕਾ ਵਿਆਹ ਘਰਾਂ ਵਿੱਚੋਂ ਨਿਕਲ ਕੇ ਮੈਰਿਜ ਪੈਲੇਸਾਂ ਵਿੱਚ ਜਾ ਵੜਿਆ ਹੈ। ਇਸ ਕਰਕੇ ਵਿਆਹ ਨਾਲ ਸੰਬੰਧਿਤ ਜਿਹੜੇ ਰਸਮ ਰਿਵਾਜ਼ ਘਰਾਂ ਵਿੱਚ ਬੜੇ ਉਤਸ਼ਾਹ ਨਾਲ ਕੀਤੇ ਜਾਂਦੇ ਸਨ ਕਿ ਵਿਆਹ ਨਿਰਵਿਘਨ ਸੰਪੂਰਨ ਹੋਵੇ, ਹੁਣ ਇਹ ਰਸਮ ਰਿਵਾਜ਼ ਮੈਰਿਜ ਪੈਲੇਸਾਂ ਵਿੱਚ ਦਿਖਾਵੇ ਦੀ ਭਾਵਨਾ ਨਾਲ ਕੀਤੇ ਜਾਂਦੇ ਹਨ। ਵਿਸ਼ਵੀਕਰਨ ਦੇ ਦੌਰ ਵਿੱਚ ਨਾਈ ਜਾਂ ਵਿਚੋਲੇ ਨੂੰ ਮਨਫੀ ਕਰ ਦਿੱਤਾ ਗਿਆ ਹੈ। ਸਮੇਂ ਦੇ ਬਦਲਣ ਨਾਲ ਇਹ ਕੰਮ ਸ਼ਹਿਰਾਂ ਵਿੱਚ ਖੁੱਲ੍ਹੇ ਮੈਰਿਜ ਬਿਊਰਾਂ ਨੇ ਸਾਂਭ ਲਿਆ ਹੈ, ਇਹਨਾਂ ਰਾਹੀਂ ਲੜਕੇ-ਲੜਕੀਆਂ ਦੇ ਰਿਸ਼ਤੇ ਕਰਵਾ ਕੇ ਨਗਦੀ ਵਸੂਲੀ ਜਾਂਦੀ ਹੈ, ਪਹਿਲੇ ਸਮੇਂ ਨਾਈ ਨੂੰ ਸ਼ਰਧਾ ਅਨੁਸਾਰ ਗੁੜ, ਕੱਪੜੇ ਜਾਂ ਨਗਦੀ ਦਿੱਤੀ ਜਾਂਦੀ ਸੀ, ਪਰ ਇਹ ਲੋਕ ਮੋਟਾ ਪੈਸਾ ਵਸੂਲਦੇ ਹਨ। ਮਲਟੀ ਮੀਡੀਆ ਦਾ ਜ਼ਮਾਨਾ ਹੋਣ ਕਰਕੇ ਹੁਣ ਅਖਬਾਰਾਂ ਵਿੱਚ ਇਸ਼ਤਿਹਾਰ ਦਿੱਤੇ ਜਾ ਰਹੇ ਹਨ। ਇੰਟਰਨੈੱਟ ਅਤੇ ਫੋਨ ਦਾ ਜਮਾਨਾ ਹੋਣ ਕਰਕੇ ਲੜਕੇ ਲੜਕੀਆਂ ਫੇਸਬੁੱਕ, ਐਂਸਟਾਗ੍ਰਾਮ ਆਦਿ ਰਾਹੀਂ ਇੱਕ ਦੂਜੇ ਨੂੰ ਪਸੰਦ ਕਰ ਲੈਂਦੇ ਹਨ, ਇੱਥੇ ਆ ਕੇ ਵਿਚੋਲੇ, ਨਾਈ ਅਤੇ ਘਰ ਪਰਿਵਾਰ ਜਾਂ ਰਿਸ਼ਤੇਦਾਰਾਂ ਨੂੰ ਵਿਸਾਰ ਕੇ ਆਨਲਾਈਨ ਹੀ ਰਿਸ਼ਤੇ ਤੈਅ ਕਰ ਲੈਂਦੇ ਹਨ। ਬਹੁਤ ਕੁੱਝ ਠੀਕ ਹੋਣ ਦੇ ਨਾਲ-ਨਾਲ ਇਹੋ ਜਿਹੇ ਕੀਤੇ ਰਿਸ਼ਤਿਆਂ ਵਿੱਚ

ਵਿਗਾੜ ਪੈ ਰਹੇ ਹਨ, ਤਲਾਕ ਹੋ ਰਹੇ ਹਨ, ਅਦਾਲਤਾਂ ਚ ਕੇਸ ਚੱਲ ਰਹੇ ਹਨ ਕਿਉਂਕਿ ਆਪਣੀ ਮਰਜੀ ਨਾਲ ਕੀਤੇ ਰਿਸ਼ਤਿਆਂ ਵਿੱਚ ਫਿਰ ਸਮਾਜ ਵੀ ਹਾਮੀ ਨਹੀਂ ਭਰਦਾ ।

ਵਿਸ਼ਵੀਕਰਨ ਦੇ ਦੌਰ ਵਿੱਚ ਜਿੱਥੇ ਜਨਮ,ਵਿਆਹ ਦੀਆਂ ਰਸਮਾਂ ਵਿੱਚ ਤਬਦੀਲੀ ਹੋਈ ਮਿਲਦੀ ਹੈ ਉੱਥੇ ਮੌਤ ਵਰਗੀਆਂ ਗਮਹੀਣ ਰਸਮਾਂ ਰਿਵਾਜ਼ਾਂ ਵਿੱਚ ਵੀ ਤਬਦੀਲੀ ਆਈ ਹੈ। ਮੌਤ ਜਿੰਦਗੀ ਦਾ ਅੰਤਿਮ ਪੜਾਅ ਹੈ। ਜਿੱਥੇ ਆ ਕੇ ਸਭ ਕੁੱਝ ਖਤਮ ਹੋ ਜਾਂਦਾ ਹੈ। ਇਸ ਨਾਲ ਜੁੜੇ ਰਸਮ ਰਿਵਾਜ ਮ੍ਰਿਤਕ ਦੇ ਰਿਸ਼ਤੇਦਾਰਾਂ ਨੂੰ ਗਮ ਸਹਿਣ ਦਾ ਬਲ ਦਿੰਦੇ ਹਨ। ਅਜੋਕੇ ਦੌਰ ਵਿੱਚ ਸਾਂਝਾਂ ਪਹਿਲਾਂ ਨਾਲੋਂ ਤਿੜਕ ਚੁੱਕੀਆਂ ਹਨ। ਪਿੰਡ ਭਾਈਚਾਰੇ ਤੋਂ ਅਗਾਂਹ ਪਰਿਵਾਰਕ ਸਾਂਝਾਂ ਵੀ ਟੁੱਟ ਗਈਆਂ ਹਨ। ਪਹਿਲੇ ਸਮਿਆਂ ਵਾਂਗ ਹੁਣ ਸੋਗ ਕਈ-ਕਈ ਦਿਨਾਂ ਤੱਕ ਨਹੀਂ ਚਲਦੇ। ਮ੍ਰਿਤਕ ਦੀ ਮੌਤ ਤੋਂ ਬਾਅਦ ਕੁੱਝ ਹੀ ਦਿਨਾਂ ਵਿੱਚ ਪਾਠ ਦੇ ਭੋਗ ਪਾ ਦਿੱਤੇ ਜਾਂਦੇ ਹਨ। ਕਈਆਂ ਦੇ ਰਿਸ਼ਤੇਦਾਰ ਵਿਦੇਸ਼ਾਂ ਵਿੱਚ ਵਸਦੇ ਹੋਣ ਕਰਕੇ ਇਸ ਕੰਮ ਨੂੰ ਉਹਨਾਂ ਦੀ ਆਮਦ ਮੁਤਾਬਿਕ ਕੀਤਾ ਜਾਂਦਾ ਹੈ।

ਅਜੋਕੇ ਸਮੇਂ ਦੇ ਵਿੱਚ ਪੁਰਾਣੇ ਸਮੇਂ ਮੁਤਾਬਿਕ ਆਵਾਜਾਈ ਦੇ ਸਾਧਨਾਂ ਦੀ ਕਮੀ ਕਾਰਨ ਜੁੜੀਆਂ ਰਹੁ-ਰੀਤਾਂ ਹੁਣ ਮਨਫੀ ਹੋ ਰਹੀਆਂ ਹਨ। ਅਜੋਕੀ ਪੀੜ੍ਹੀ ਹੁਣ ਕੰਮ ਨੂੰ ਵਿਗਿਆਨਿਕ ਢੰਗ ਨਾਲ ਕਰ ਰਹੀ ਹੈ। ਜਿੱਥੇ ਪਹਿਲਾਂ ਮੁਰਦਿਆਂ ਨੂੰ ਜਲਾਉਣ ਮਣਾਂ-ਮੂੰਹੀ ਬਾਲਣ ਦੀ ਜਰੂਰਤ ਪੈਂਦੀ ਸੀ ਹੁਣ ਆਧੁਨਿਕ ਸਾਧਨਾਂ ਕਰਕੇ ਬਿਜਲੀ ਨਾਲ ਹੀ ਮੁਰਦੇ ਦਾ ਸੰਸਕਾਰ ਕੀਤਾ ਜਾ ਰਿਹਾ ਹੈ। ਅਨੇਕਾਂ ਹੀ ਖਰਚੀਲੀਆਂ ਰਹੁ-ਰੀਤਾਂ ਵਿਸਰ ਚੁੱਕੀਆਂ ਹਨ।

ਉਦਯੋਗਿਕ ਤਰੱਕੀ ਹੋਣ ਕਰ ਕੇ ਹੋਰਨਾਂ ਖੇਤਰਾਂ ਦੀ ਤਰ੍ਹਾਂ ਉਪਜੀਵਕਾ ਨਾਲ ਜੁੜੇ ਧੰਦਿਆਂ ਵਿੱਚ ਵੀ ਬਹੁਤ ਸਾਰੀਆਂ ਨਵੀਨ ਖੋਜਾਂ ਆ ਜੁੜੀਆਂ ਹਨ। ਹਰ ਛੋਟੇ-ਮੋਟੇ ਧੰਦੇ ਨਾਲ ਜੁੜਿਆ ਕਾਰਜ ਹੁਣ ਵੱਡੇ ਉਦਯੋਗ ਦਾ ਰੂਪ ਧਾਰਨ ਕਰ ਚੁੱਕਾ ਹੈ। ਇਸ ਕਰ ਕੇ ਲੋਕ-ਧੰਦਿਆਂ ਦੇ ਖੇਤਰ ਵਿੱਚ ਭਾਰੀ ਤਬਦੀਲੀਆਂ ਹੋਈਆਂ ਹਨ ਅਤੇ ਅਗਾਂਹ ਤੋਂ ਹੋ ਰਹੀਆਂ ਹਨ। ਅਜੋਕੇ ਦੌਰ ਵਿਚ ਪੈਦਾ ਹੋਈਆਂ ਇਨ੍ਹਾਂ ਤਬਦੀਲੀਆਂ ਕਾਰਨ ਪੰਜਾਬ ਵਿਚ ਪਿਤਾ ਪੁਰਖੀ ਕਿੱਤਿਆਂ ਨੂੰ ਕਰਾਰੀ ਸੱਟ ਵੱਜੀ ਹੈ। ਵਿਸ਼ਵੀਕਰਨ ਨੇ ਪੂਰੇ ਸੰਸਾਰ ਨੂੰ ਇਕ ਮੰਡੀ ਦਾ ਰੂਪ ਪ੍ਰਦਾਨ ਕੀਤਾ ਹੈ। ਜਿਸ ਨਾਲ ਸ਼ਹਿਰਾਂ ਤਕ ਹੀ ਨਹੀਂ ਬਲਕਿ ਪਿੰਡਾਂ ਤੱਕ ਵੱਸਦੇ ਲੋਕਾਂ ਦੀ

ਮਾਨਸਿਕਤਾ ਨੂੰ ਕਰਾਰੀ ਸੱਟ ਵੱਜੀ ਹੈ। ਨਤੀਜੇ ਵਜੋਂ ਪਿੰਡਾਂ ਵਿੱਚ ਵੱਸਦੀਆਂ ਪੱਛੜੀਆਂ ਸ਼੍ਰੇਣੀਆਂ ਅਤੇ ਹੋਰ ਨਿਮਨ ਵਰਗ ਇੱਥੋਂ ਤਕ ਕਿ ਸ਼ਾਹੂਕਾਰ ਤੇ ਰਜਵਾੜਿਆਂ ਦੇ ਕੰਮ ਧੰਦੇ ਕਿਸੇ ਨਾ ਕਿਸੇ ਰੂਪ ਵਿੱਚ ਬਦਲੇ ਹਨ। ਪਿੰਡਾਂ ਵਿੱਚ ਵੱਖ-ਵੱਖ ਕਿੱਤਾਕਾਰ ਜੋ ਕਿ ਹਾੜ੍ਹੀ ਸਾਉਣੀ ਜਾਂ ਸੇਪੀ ਵਰਗੇ ਮਿਹਨਤਾਨੇ ਦੀ ਉਡੀਕ ਵਿੱਚ ਸਾਰਾ ਸਾਲ ਮਿਹਨਤ ਕਰਦੇ ਸਨ, ਹੁਣ ਉਨ੍ਹਾਂ ਦੀ ਮਾਨਸਿਕਤਾ ਬਦਲ ਚੁੱਕੀ ਹੈ। ਹਰ ਕੰਮ ਹੁਣ ਪੈਸੇ ਨੂੰ ਆਧਾਰ ਬਣਾ ਕੇ ਕੀਤਾ ਜਾਂਦਾ ਹੈ। ਪੰਜਾਬ ਵਿੱਚ ਹਰੀ ਕ੍ਰਾਂਤੀ ਤੋਂ ਬਾਅਦ ਪਿੰਡਾਂ ਵਿੱਚ ਪਸਰੇ ਛੋਟੇ ਮੋਟੇ ਧੰਦਿਆਂ ਨਾਲ ਜੁੜੇ ਲੋਕਾਂ ਵਿਚ ਤਬਦੀਲੀ ਆਈ , ਜੋ ਕਿ ਮੌਜੂਦਾ ਦੌਰ ਵਿੱਚ ਵੱਡੇ ਪੱਧਰ ਤੇ ਪੈਰ ਪਸਾਰ ਗਈ ਹੈ। ਇਸੇ ਕਰਕੇ ਵੱਖ-ਵੱਖ ਧੰਦਿਆਂ ਵਿੱਚ ਜੋ ਜਾਤੀ ਵੰਡ ਪਾਈ ਜਾਂਦੀ ਸੀ, ਉਹ ਖ਼ਤਮ ਹੋ ਗਈ ਅਤੇ ਅਗਾਂਹ ਤੋਂ ਹੋਰ ਵੀ ਖ਼ਤਮ ਹੋ ਰਹੀ ਹੈ। ਹਰ ਜਾਤੀ ਦੇ ਧੰਦੇ ਦੂਜੀ ਜਾਤੀ ਵਿੱਚ ਰਲਗੱਡ ਹੋ ਰਹੇ ਹਨ। ਨਵੇਂ ਧੰਦਿਆਂ ਦੇ ਫਲਸਰੂਪ ਪਿੰਡਾਂ ਵਿਚ ਇਕ ਨਵਾਂ ਸਮਾਜ ਸਿਰਜ ਹੋ ਰਿਹਾ ਹੈ। ਕਿਸੇ ਵੀ ਕੰਮ ਧੰਦੇ ਨੂੰ ਆਧਾਰ ਬਣਾ ਕੇ ਕਿਸੇ ਨਾਲ ਕੋਈ ਵਿਤਕਰਾ ਨਹੀਂ ਕੀਤਾ ਜਾ ਰਿਹਾ ਹਰ ਜਾਤੀ ਦੇ ਲੋਕ ਆਪਣੇ ਬੱਚਿਆਂ ਨੂੰ ਸਿੱਖਿਅਤ ਕਰ ਕੇ ਚੰਗੇ ਅਹੁਦਿਆਂ ਤੇ ਪਹੁੰਚਾਉਣ ਦਾ ਯਤਨ ਕਰ ਰਹੇ ਹਨ। ਬਹੁਤ ਸਾਰੇ ਕਾਰੀਗਰਾਂ ਨੇ ਆਪਣੇ ਕੰਮ ਕਰਨ ਦੇ ਢੰਗ ਤਰੀਕੇ ਮੌਜੂਦਾ ਦੌਰ ਅਨੁਸਾਰ ਅਪਣਾ ਲਏ ਹਨ।

ਪੰਜਾਬ ਵਿੱਚ ਮੁੱਖ ਕਿੱਤਾ ਖੇਤੀਬਾੜੀ ਰਿਹਾ ਹੈ। ਪੰਜਾਬ ਦੇ ਬਹੁਤ ਸਾਰੇ ਲੋਕ ਧੰਦੇ ਸਿੱਧੇ ਜਾਂ ਅਸਿੱਧੇ ਰੂਪ ਵਿੱਚ ਖੇਤੀਬਾੜੀ ਨਾਲ ਜੁੜੇ ਹੋਏ ਹਨ। ਖਾਸ ਕਰ ਪਿੰਡਾਂ ਵਿੱਚ ਵੱਸਦੇ ਲੁਹਾਰ ਅਤੇ ਤਰਖਾਣ ਕਿਸਾਨੀ ਜੀਵਨ ਦਾ ਧੁਰਾ ਰਹੇ ਹਨ। ਵਿਸ਼ਵੀਕਰਨ ਦੇ ਦੌਰ ਵਿੱਚ ਹਰ ਕਾਰਜ ਦਾ ਮਸ਼ੀਨੀਕਰਨ ਹੋਣ ਕਰਕੇ ਇਹੋ ਜਿਹੇ ਕਾਰੀਗਰ ਵੀ ਆਪਣੇ ਪਿਤਾ ਪੁਰਖੀ ਧੰਦਿਆਂ ਨੂੰ ਛੱਡ ਕੇ ਹੋਰ ਹੋਰ ਧੰਦਿਆਂ ਨੂੰ ਅਪਣਾ ਰਹੇ ਹਨ। ਨਵੀਂ ਪੀੜ੍ਹੀ ਤਾਂ ਪੜ੍ਹ ਲਿਖ ਕੇ ਵਿਦੇਸ਼ਾਂ ਵੱਲ ਰੁਜ਼ਗਾਰ ਦੀ ਭਾਲ ਵਿਚ ਪਹੁੰਚ ਚੁੱਕੀ ਹੈ ਜਾਂ ਪਹੁੰਚਣ ਦਾ ਯਤਨ ਕਰ ਰਹੀ ਹੈ।

ਕਿਸਾਨੀ ਤੋਂ ਇਲਾਵਾ ਹੋਰ ਕੰਮ ਧੰਦਿਆਂ ਨਾਲ ਜੁੜੇ ਵਿਅਕਤੀ ਜਿਵੇਂ ਘੁਮਿਆਰ, ਨਾਈ ਆਦਿ ਆਪਣੇ ਮੂਲ ਧੰਦਿਆਂ ਨੂੰ ਭੁਲਾ ਕੇ ਹੋਰ ਹੋਰ ਧੰਦਿਆਂ ਵੱਲ ਮੁੱਖ ਮੋੜ ਗਏ ਹਨ। ਖੇਤੀਬਾੜੀ ਦੇ ਨਾਲ ਜੁੜੇ ਲੋਕ ਧੰਦਿਆਂ ਵਿੱਚ ਨਿਘਾਰ ਦਾ ਸਭ ਤੋਂ ਵੱਡਾ ਕਾਰਨ ਇਹ ਬਣਿਆ ਕਿ ਮਸ਼ੀਨੀਕਰਨ ਹੋਣ ਨਾਲ ਹਰ ਕਾਰਜ ਨੂੰ

ਹੁਣ ਮਸ਼ੀਨਾਂ ਰਾਹੀਂ ਹੀ ਕੀਤਾ ਜਾਂਦਾ ਹੈ। ਵਿਸ਼ਵੀਕਰਨ ਦੇ ਦੌਰ ਵਿੱਚ ਕਿਸਾਨ ਲਈ ਖੇਤੀ ਕਰਨ ਦੇ ਆਧੁਨਿਕ ਸਾਧਨ ਮੁਹੱਈਆ ਕਰਵਾਏ ਜਾਂਦੇ ਹਨ। ਹਰ ਸਾਧਨਾਂ ਨੂੰ ਖ਼ਰੀਦਣ ਲਈ ਕੋਆਪਰੇਟਿਵ ਸੁਸਾਇਟੀਆਂ, ਬੈਂਕਾਂ ਇਨ੍ਹਾਂ ਨੂੰ ਕਰਜ਼ਾ ਮੁਹੱਈਆ ਕਰਵਾ ਰਹੀਆਂ ਹਨ ਬਹੁਤੇ ਹੱਥਾਂ ਦਾ ਕਾਰਜ ਮਸ਼ੀਨਾਂ ਆਪਣੇ ਆਪ ਕਰ ਰਹੀਆਂ ਹਨ। ਇੱਥੋਂ ਤਕ ਕਿ ਕਿਰਸਾਨੀ ਕਿੱਤੇ ਨਾਲ ਜੁੜੇ ਲੋਕਾਂ ਦੀ ਅਜੋਕੀ ਪੀੜ੍ਹੀ ਵੀ ਇਸ ਕਿੱਤੇ ਨੂੰ ਤਿਆਗ ਕੇ ਵਿਦੇਸ਼ਾਂ ਵੱਲ ਨੂੰ ਪਰਵਾਸ ਕਰ ਰਹੀ ਹੈ।

ਵਿਸ਼ਵੀਕਰਨ ਦੇ ਦੌਰ ਵਿੱਚ ਵੱਖ ਵੱਖ ਕੰਮ ਧੰਦਿਆਂ ਨਾਲ ਜੁੜੇ ਲੋਕ ਪਹਿਲਾਂ ਦੀ ਤਰ੍ਹਾਂ ਹੁਣ ਘੁੰਮ ਫਿਰ ਕੇ ਕਾਰਜ ਨਹੀਂ ਕਰਦੇ ਨਜ਼ਰੀਂ ਆ ਰਹੇ। ਬਹੁਤ ਸਾਰੇ ਲੋਕਾਂ ਨੇ ਪੱਕੇ ਤੌਰ ਤੇ ਇਕ ਜਗ੍ਹਾ ਟਿਕ ਕੇ ਆਪਣਾ ਬਸਰ ਕਰ ਰਹੇ ਹਨ। ਵੱਖ-ਵੱਖ ਕਬੀਲਿਆਂ ਦੇ ਲੋਕ ਹੁਣ ਪਿੱਤਰੀ ਕੰਮਾਂ ਨੂੰ ਤਿਆਗ ਕੇ ਪੜ੍ਹ ਲਿਖ ਕੇ ਅਗਾਂਹਵਧੂ ਸੋਚ ਦੇ ਧਾਰਨੀ ਬਣ ਗਏ ਹਨ। ਛੋਟੇ ਮੋਟੇ ਕੰਮ ਧੰਦਿਆਂ ਨਾਲ ਜੁੜੇ ਲੋਕ ਪਿੰਡਾਂ ਵਿੱਚ ਰਹਿ ਜ਼ਮੀਨਾਂ ਠੇਕੇ ਤੇ ਲੈ ਕੇ ਵਧੀਆ ਜੀਵਨ ਨਿਰਬਾਹ ਕਰ ਰਹੇ ਹਨ। ਵਿਸ਼ਵੀਕਰਨ ਦੇ ਪਸਾਰੇ ਵਿੱਚ ਇਹ ਗੱਲ ਵੀ ਸਾਹਮਣੇ ਆਈ ਹੈ ਕਿ ਲੋਕ-ਧੰਦੇ ਮੂਲ ਰੂਪ ਵਿੱਚ ਅਲੋਪ ਹੋ ਰਹੇ ਹਨ। ਕਿੱਤਾਕਾਰਾਂ ਦੀ ਜਾਤੀ ਵੰਡ ਵੀ ਲਗਪਗ ਖ਼ਤਮ ਹੋ ਚੁੱਕੀ ਹੈ। ਨਿਮਨ ਵਰਗ ਸਮਝਿਆ ਜਾਣ ਵਾਲਾ ਤਬਕਾ ਅਜੋਕੇ ਦੌਰ ਵਿਚ ਪੜ੍ਹ ਲਿਖ ਕੇ ਉਚੇਰੇ ਅਹੁਦਿਆਂ ਤੇ ਪਹੁੰਚ ਚੁੱਕਾ ਹੈ। ਕਿਰਸਾਨੀ ਜੀਵਨ ਨਾਲ ਜੁੜੇ ਲੋਕ ਧੰਦੇ ਹੁਣ ਵਿਸਰ ਰਹੇ ਹਨ।


ਅਜੋਕੇ ਵਿਸ਼ਵੀਕਰਨ ਦੇ ਦੌਰ ਵਿੱਚ ਤਿਉਹਾਰਾਂ ਵਿੱਚ ਪਹਿਲਾਂ ਵਾਲੀ ਸਭਿਆਚਾਰਕ ਰੰਗਤ ਨਹੀਂ ਰਹੀ। ਹੁਣ ਤਿਉਹਾਰਾਂ ਨੂੰ ਮਨਾਉਣ ਦੀ ਰੁਚੀ ਅਤੇ ਢੰਗ ਤਰੀਕੇ ਸਮੇਂ ਨਾਲ ਬਦਲ ਗਏ ਹਨ। ਹਰ ਇਨਸਾਨ ਦੀ ਸੋਚ ਤੇ ਇਕੱਲਾਪਨ ਭਾਰੂ ਹੋਇਆ ਹੈ, ਜਿਸ ਕਰਕੇ ਪਹਿਲਾਂ ਵਾਂਗ ਹੁਣ ਲੋਕਾਂ ਵਿੱਚ ਇਕੱਠੇ ਸਮੂਹ ਵਿੱਚ ਵਿਚਰਨ ਦੀ ਥਾਂ ਨਿੱਜਵਾਦ ਭਾਰੂ ਹੋ ਗਿਆ ਹੈ।ਮਨੁੱਖੀ ਵਿਹਾਰ ਨਾਲ ਹਰ ਖੇਤਰ ਦਾ ਮੰਡੀਕਰਨ ਹੋ ਗਿਆ, ਇਸ ਕਰਕੇ ਤਿਉਹਾਰਾਂ ਦੇ ਦਿਨਾਂ ਦਾ ਲਾਹਾ ਲੈ ਕੇ ਹਰ ਕੰਪਨੀ ਆਪਣੇ ਤਿਆਰ ਕੀਤੇ ਮਾਲ ਨੂੰ ਬਾਜ਼ਾਰ ਵਿਚ ਵੇਚ ਰਹੀ ਹੈ।ਹਰ ਤਿਉਹਾਰ ਦਾ ਵਾਸਤਾ ਪਾ ਕੇ ਲੋਕ ਮਨਾਂ ਨੂੰ ਵਸਤਾਂ ਖ਼ਰੀਦਣ ਲਈ ਮਜਬੂਰ ਕੀਤਾ ਜਾ ਰਿਹਾ ਹੈ ।

ਪੰਜਾਬੀ ਸੂਬਾ ਖੇਤੀ ਪ੍ਰਧਾਨ ਸੂਬਾ ਹੋਣ ਕਰਕੇ ਪੰਜਾਬੀ ਖੁੱਲ੍ਹੇ ਸੁਭਾਅ ਦੇ ਅਤੇ ਖਾਣ ਪੀਣ ਦੇ ਸ਼ੌਕੀਨ ਹਨ। ਪੈਸਾ ਜੋੜਨਾ ਇਨ੍ਹਾਂ ਦੀ ਫ਼ਿਤਰਤ ਨਹੀਂ ਸਗੋਂ ਹਰ ਤਿੱਥ-ਤਿਉਹਾਰ ਤੇ ਕੁਝ ਨਾ ਕੁਝ ਖਰੀਦ ਕੇ ਘਰ ਨੂੰ ਲਿਆਉਂਦੇ ਹਨ । ਪੰਜਾਬੀਆਂ ਦੀ ਇਸ ਸੋਚ ਦਾ ਕੰਪਨੀਆਂ ਵੱਲੋਂ ਭਰਪੂਰ ਫ਼ਾਇਦਾ ਉਠਾਇਆ ਹੈ। ਹੁਣ ਦੇਸੀ ਵਸਤਾਂ ਦੀ ਥਾਂ ਵਿਦੇਸ਼ੀ ਵਸਤਾਂ ਤੇ ਵਧੇਰੇ ਭਰੋਸਾ ਕੀਤਾ ਜਾ ਰਿਹਾ ਹੈ, ਜਿਸ ਕਾਰਨ ਤਿੱਥ ਤਿਉਹਾਰਾਂ ਦਾ ਮੂਲ ਰੂਪ ਵਿਸਰ ਰਿਹਾ ਹੈ। ਹਰ ਤਿੱਥ-ਤਿਉਹਾਰ ਹੁਣ ਵਸਤਾਂ ਖ਼ਰੀਦਣ ਤਕ ਹੀ ਸੀਮਤ ਹੋ ਗਿਆ ਹੈ। ਅਧਿਐਨ ਕੀਤਿਆਂ ਪਤਾ ਚਲਦਾ ਹੈ ਕਿ ਹਰ ਘਰ ਬੇਸ਼ੁਮਾਰ ਵਸਤਾਂ ਨਾਲ ਭਰੇ ਹੋਏ ਹਨ, ਜਿਨ੍ਹਾਂ ਦੀ ਐਨੀ ਲੋੜ ਵੀ ਨਹੀਂ ਹੁੰਦੀ ।

ਅਜੋਕੇ ਦੌਰ ਵਿੱਚ ਤਿੱਥ ਤਿਉਹਾਰਾਂ ਤੇ ਧਾਰਮਿਕ ਸਟੇਜਾਂ ਦੇ ਬਰਾਬਰ ਰਾਜਨੀਤਕ ਸਟੇਜਾਂ ਵੀ ਲੱਗ ਰਹੀਆਂ ਹਨ। ਤਿੱਥ- ਤਿਉਹਾਰਾਂ ਦੀ ਮਹੱਤਤਾ ਦੱਸਣ ਦੀ ਥਾਂ ਹੁਣ ਲੀਡਰ ਲੋਕ ਆਪਣੀਆਂ ਵੋਟਾਂ ਪੱਕੀਆਂ ਕਰਨ ਵਿੱਚ ਜੁਟੇ ਹੋਏ ਹਨ। ਅਜੋਕੇ ਦੌਰ ਵਿੱਚ ਹਰ ਤਿਉਹਾਰ ਤੇ ਪੱਛਮੀ ਸੱਭਿਅਤਾ ਦਾ ਰੰਗ ਚੜ੍ਹ ਰਿਹਾ ਹੈ। ਪੰਜਾਬੀ ਤਿੱਥ ਤਿਉਹਾਰਾਂ ਦੇ ਨਾਲ ਹੁਣ ਪੱਛਮੀ ਸੱਭਿਅਤਾ ਦੇ ਤਿਉਹਾਰਾਂ ਨੂੰ ਵੀ ਬਰਾਬਰ ਤਰਜੀਹ ਦਿੱਤੀ ਜਾ ਰਹੀ ਹੈ। ਬਹੁਤ ਸਾਰੇ ਪੱਛਮੀ ਤਿਉਹਾਰ ਜਿਵੇਂ ਵੈਲਨਟਾਈਨ ਡੇ, ਹੱਗ ਡੇ, ਕਿੱਸ ਡੇ, ਫਾਦਰਜ਼ ਡੇ, ਮਦਰਜ਼ ਡੇ, ਚਿਲਡਰਨ ਡੇ ਆਦਿ ਪੰਜਾਬੀ ਤਿਉਹਾਰ ਦਾ ਹਿੱਸਾ ਬਣ ਚੁੱਕੇ ਹਨ।


| ਕੀ ਅਜੋਕੇ ਦੌਰ ਵਿਚ ਪੰਜਾਬ ਦੇ ਰਸਮਾਂ ਰਿਵਾਜ਼ਾਂ ਵਿਚ ਬਦਲਾਵ ਹੋਇਆ ਹੈ ? | | | | | | |
|---|---|---|---|---|---|---|
| ਇਲਾਕਾ | ਦੁਆਬਾ | | ਮਾਝਾ | | ਮਾਲਵਾ | |
| | ਪ. (31) | ਇ. (31) | ਪ. (18) | ਇ. (14) | ਪ. (28) | ਇ. |

| | | | | | | | | | | | | (28) |
|---|---|---|---|---|---|---|---|---|---|---|---|---|
| | ਹਾਂ | ਨਾਂਹ | ਹਾਂ | ਨਾਂਹ | ਹਾਂ | ਨਾਂਹ | ਹਾਂ | ਨਾਂਹ | ਹਾਂ | ਨਾਂਹ | ਹਾਂ | ਨਾਂਹ |
| ਉਮਰ ਵਰਗ 40-50 ਸਾਲ | 10 | 1 | 15 | 1 | 3 | 2 | 6 | 3 | 13 | 1 | 9 | 0 |
| ਉਮਰ ਵਰਗ 50 ਸਾਲ ਤੋਂ ਵੱਧ | 18 | 2 | 14 | 1 | 10 | 3 | 4 | 1 | 13 | 1 | 17 | 2 |





| ਕੀ ਅਜੋਕੇ ਦੌਰ ਵਿਚ ਪੰਜਾਬ ਦੇ ਰਿਸ਼ਤੇ-ਨਾਤਿਆਂ ਵਿਚ ਬਦਲਾਵ ਹੋਇਆ ਹੈ? | | | | | | |
|---|---|---|---|---|---|---|
| ਇਲਾਕਾ | ਦੁਆਬਾ | | ਮਾਝਾ | | ਮਾਲਵਾ | |
| | ਪ. (31) | ਇ. (31) | ਪ. (18) | ਇ. (14) | ਪ. (28) | ਇ. |

| | | | | | | | | | | | (28) | |
|---|---|---|---|---|---|---|---|---|---|---|---|---|
| | ਹਾਂ | ਨਾਂਹ | ਹਾਂ | ਨਾਂਹ | ਹਾਂ | ਨਾਂਹ | ਹਾਂ | ਨਾਂਹ | ਹਾਂ | ਨਾਂਹ | ਹਾਂ | ਨਾਂਹ |
| ਉਮਰ ਵਰਗ 40-50 ਸਾਲ | 11 | 0 | 16 | 0 | 4 | 1 | 9 | 0 | 14 | 0 | 9 | 0 |
| ਉਮਰ ਵਰਗ 50 ਸਾਲ ਤੋਂ ਵੱਧ | 18 | 2 | 15 | 0 | 7 | 6 | 5 | 0 | 13 | 1 | 19 | 0 |





| ਕੀ ਅਜੋਕੇ ਦੌਰ ਵਿਚ ਪੰਜਾਬ ਦੇ ਲੋਕ ਧੰਦਿਆਂ ਵਿਚ ਬਦਲਾਵ ਹੋਇਆ ਹੈ ? | | | | | | |
|---|---|---|---|---|---|---|
| ਇਲਾਕਾ | ਦੁਆਬਾ | | ਮਾਝਾ | | ਮਾਲਵਾ | |
| | ਪ. (31) | ਇ. (31) | ਪ. (18) | ਇ. (14) | ਪ. (28) | ਇ. (28) |

| | ਹਾਂ | ਨਾਂਹ | ਹਾਂ | ਨਾਂਹ | ਹਾਂ | ਨਾਂਹ | ਹਾਂ | ਨਾਂਹ | ਹਾਂ | ਨਾਂਹ | ਹਾਂ | ਨਾਂਹ |
|---|---|---|---|---|---|---|---|---|---|---|---|---|
| ਉਮਰ ਵਰਗ 40-50 ਸਾਲ | 9 | 2 | 16 | 0 | 1 | 4 | 8 | 1 | 12 | 2 | 8 | 1 |
| ਉਮਰ ਵਰਗ 50 ਸਾਲ ਤੋਂ ਵੱਧ | 17 | 3 | 15 | 0 | 10 | 3 | 5 | 0 | 10 | 4 | 18 | 1 |




| ਕੀ ਅਜੋਕੇ ਦੌਰ ਵਿਚ ਪੰਜਾਬ ਦੇ ਤਿੱਥ-ਤਿਉਹਾਰਾਂ ਵਿਚ ਬਦਲਾਵ ਹੋਇਆ ਹੈ ? | | | | | | | | | | | | |
|---|---|---|---|---|---|---|---|---|---|---|---|---|
| ਇਲਾਕਾ | ਦੁਆਬਾ | | | | ਮਾਝਾ | | | | ਮਾਲਵਾ | | | |
| | ਪ. (31) | | ਇ. (31) | | ਪ. (18) | | ਇ. (14) | | ਪ. (28) | | ਇ. (28) | |
| | ਹਾਂ | ਨਾਂਹ | ਹਾਂ | ਨਾਂਹ | ਹਾਂ | ਨਾਂਹ | ਹਾਂ | ਨਾਂਹ | ਹਾਂ | ਨਾਂਹ | ਹਾਂ | ਨਾਂਹ |
| ਉਮਰ ਵਰਗ 40-50 ਸਾਲ | 11 | 0 | 15 | 1 | 0 | 5 | 7 | 2 | 11 | 3 | 8 | 1 |

| | | | | | | | | | | | | |
|---|---|---|---|---|---|---|---|---|---|---|---|---|
| ਉਮਰ ਵਰਗ 50 ਸਾਲ ਤੋਂ ਵੱਧ | 15 | 5 | 15 | 0 | 9 | 4 | 3 | 2 | 11 | 3 | 18 | 1 |




## ਪੁਸਤਕ-ਸੂਚੀ


ਅਮਰਜੀਤ ਕੌਰ (ਸੰਪਾ.), ਪੰਜਾਬੀ ਲੋਕ ਕਥਾਵਾਂ, ਵਾਰਿਸ ਸ਼ਾਹ ਫਾਊਂਡੇਸ਼ਨ, 2013. ਪ੍ਰਿੰਟ

ਉਹੀ, ਨਾਨੀ ਮਾਂ ਦੀਆਂ ਬਾਤਾਂ, ਵਾਰਿਸ ਸ਼ਾਹ ਫਾਊਂਡੇਸ਼ਨ, 2013. ਪ੍ਰਿੰਟ

ਅਜੀਤਪਾਲ ਸਿੰਘ (ਡਾ.), ਸਾਮਰਾਜੀ ਵਿਸ਼ਵੀਕਰਨ ਬੇਨਕਾਬ, ਯੂਨੀਸਟਾਰ ਬੁੱਕਸ ਪ੍ਰਾਈਵੇਟ ਲਿਮ., 2008. ਪ੍ਰਿੰਟ

ਅਨੂਪ ਸਿੰਘ (ਡਾ.), ਸੰਸਾਰੀਕਰਨ ਸੁਧਾਰੀਕਰਨ ਨਿੱਜੀਕਰਨ, ਪ੍ਰੇਰਨਾ ਪ੍ਰਕਾਸ਼ਨ, 2000. ਪ੍ਰਿੰਟ

ਅਰਵਿੰਦ, ਵਿਸ਼ਵੀਕਰਨ ਭਾਰਤ ਦੇ ਲੋਕਾਂ ਉੱਪਰ ਹਮਲਾ, ਸ਼ਹੀਦ ਦਇਆ ਸਿੰਘ ਯਾਦਗਾਰੀ ਪ੍ਰਕਾਸ਼ਨ, 2004.ਪ੍ਰਿੰਟ

ਸੰਧੂ, ਇਕਬਾਲ ਸਿੰਘ (ਡਾ.), ਪੰਜਾਬੀ ਸੱਭਿਆਚਾਰ ਦ੍ਰਿਸ਼ ਤੇ ਦਿਸ਼ਾ, ਸਪਤਰਿਸ਼ੀ ਪਬਲੀਕੇਸ਼ਨਜ਼, 2014. ਪ੍ਰਿੰਟ

ਸਰਵਣ ਸਿੰਘ (ਪ੍ਰਿੰ.),ਪਿੰਡ ਦੀ ਸੱਥ ਚੋਂ, ਸੰਗਮ ਪਬਲੀਕੇਸ਼ਨਜ਼, 2013. ਪ੍ਰਿੰਟ

ਸੰਧੂ, ਰੁਪਿੰਦਰ ਕੌਰ (ਸੰਪਾ.), ਲੌਂਗ ਤਵੀਤੜੀਆਂ, ਵਾਰਿਸ ਸ਼ਾਹ ਫਾਊਂਡੇਸ਼ਨ, 2013. ਪ੍ਰਿੰਟ

ਸੁਖਦੀਪ ਕੌਰ (ਡਾ.), ਲੋਕਧਾਰਾ ਦਾ ਵਗਦਾ ਦਰਿਆ ਵਣਜਾਰਾ ਬੇਦੀ, ਮਨਪ੍ਰੀਤ ਪ੍ਰਕਾਸ਼ਨ, 2007. ਪ੍ਰਿੰਟ

ਸਰਹਿੰਦ, ਪਰਮਜੀਤ ਕੌਰ, ਪੰਜਾਬਣਾਂ ਦੇ ਗੀਤ, ਲੋਕ ਗੀਤ ਪ੍ਰਕਾਸ਼ਨ, 2016. ਪ੍ਰਿੰਟ

ਉਹੀ, ਪੰਜਾਬ ਦੀ ਤਿਓਹਾਰ, ਲੋਕਗੀਤ ਪ੍ਰਕਾਸ਼ਨ, 2015. ਪ੍ਰਿੰਟ

ਉਹੀ, ਬਦਲ ਗਿਆ ਮੇਰਾ ਪਿੰਡ, ਪਬਲੀਕੇਸ਼ਨ ਬਿਊਰੋ ਪੰਜਾਬੀ ਯੂਨੀਵਰਸਿਟੀ ਪਟਿਆਲਾ, 2016. ਪ੍ਰਿੰਟ

ਸਰਬਜੋਤ ਸਿੰਘ, ਵਿਸ਼ਵੀਕਰਨ ਸੱਭਿਆਚਾਰਕ ਬਦਲਾਅ ਅਤੇ ਪੰਜਾਬੀ ਨਾਵਲ, ਲੋਕ ਗੀਤ ਪ੍ਰਕਾਸ਼ਨ , 2005. ਪ੍ਰਿੰਟ

ਸ਼ਰਮਾ, ਗੁਰਦੀਪ ਕੁਮਾਰ (ਡਾ.), ਪੰਜਾਬੀ ਸੱਭਿਆਚਾਰ ਦੇ ਬਦਲਦੇ ਪਰਿਪੇਖ, ਲੋਕਗੀਤ ਪ੍ਰਕਾਸ਼ਨ, 2011. ਪ੍ਰਿੰਟ

ਸੁਖਦੀਪ ਕੌਰ (ਡਾ.), ਵਿਸ਼ਵੀਕਰਨ ਪੰਜਾਬੀ ਸੱਭਿਆਚਾਰ ਪਰਿਵਰਤਨ, ਯੂਨੀਸਟਾਰ ਬੁੱਕਸ ਪ੍ਰਾਈਵੇਟ ਲਿਮ., 2015. ਪ੍ਰਿੰਟ

ਸੁਖਦੇਵ ਸਿੰਘ (ਡਾ.), ਪੇਂਡੂ ਸਮਾਜ ਅਤੇ ਪੇਂਡੂ ਵਿਕਾਸ, ਪਬਲੀਕੇਸ਼ਨ ਬਿਊਰੋ ਪੰਜਾਬੀ ਯੂਨੀਵਰਸਿਟੀ, 2010. ਪ੍ਰਿੰਟ

ਕਪੂਰ, ਨਵਰਤਨ (ਡਾ.), ਪੰਜਾਬ ਦੇ ਲੋਕ ਤਿਉਹਾਰ, ਪਬਲੀਕੇਸ਼ਨ ਬਿਊਰੋ ਪੰਜਾਬੀ ਯੂਨੀਵਰਸਿਟੀ ਪਟਿਆਲਾ, 1970. ਪ੍ਰਿੰਟ

ਕਰਮਜੀਤ ਸਿੰਘ (ਡਾ.), ਲੋਕ ਗੀਤਾਂ ਦੀ ਪੈੜ, ਚੇਤਨਾ ਪ੍ਰਕਾਸ਼ਨ, 2002. ਪ੍ਰਿੰਟ

ਉਹੀ, ਦੇਸ਼ ਦੋਆਬਾ, ਸਾਹਿਤਕ ਮੰਚ , ਆਦਮਪੁਰ , 1982. ਪ੍ਰਿੰਟ

ਉਹੀ, ਧਰਤ ਦੁਆਬੇ ਦੀ, ਰਵੀ ਸਾਹਿਤ ਪ੍ਰਕਾਸ਼ਨ ਅੰਮ੍ਰਿਤਸਰ, 1990. ਪ੍ਰਿੰਟ

ਉਹੀ, ਕੂੰਜਾਂ ਪ੍ਰਦੇਸਣਾਂ, ਰਵੀ ਸਾਹਿਤ ਪ੍ਰਕਾਸ਼ਨ, ਅੰਮ੍ਰਿਤਸਰ, 2004. ਪ੍ਰਿੰਟ

ਕਰਨਜੀਤ ਸਿੰਘ (ਡਾ.), ਪੰਜਾਬ ਦੀ ਲੋਕਧਾਰਾ ਅਤੇ ਪੰਜਾਬੀ ਜੀਵਨ, ਨਵਯੁਗ ਪਬਲਿਸ਼ਰਜ਼ ਦਿੱਲੀ, 1999. ਪ੍ਰਿੰਟ

ਕੇਸਰ, ਕੇਸਰ ਸਿੰਘ (ਡਾ.), ਖੋਜ ਚਿੰਤਨ, ਲੋਕਗੀਤ ਪ੍ਰਕਾਸ਼ਨ, 2013. ਪ੍ਰਿੰਟ

ਕਾਂਗ , ਅਮਰਜੀਤ ਸਿੰਘ (ਸੰਪਾ.) ਵਿਸ਼ਵੀਕਰਨ ਅਤੇ ਪੰਜਾਬੀ ਸਾਹਿਤ ਸੱਭਿਆਚਾਰ ਸਾਹਿਤ ਅਕਾਦਮੀ, 2005. ਪ੍ਰਿੰਟ

ਖੀਵਾ, ਜਲੌਰ ਸਿੰਘ (ਡਾ.), ਪੰਜਾਬੀ ਸੱਭਿਆਚਾਰ ਪੇਂਡੂ ਜੀਵਨ ਦੇ ਪਾਤਰ, ਤਰਕਸ਼ੀਲ ਪ੍ਰਕਾਸ਼ਨ ਬਰਨਾਲਾ, 2016. ਪ੍ਰਿੰਟ

ਗਾਸੋ, ਓਮ ਪ੍ਰਕਾਸ਼ , ਪੰਜਾਬੀ ਸੱਭਿਆਚਾਰ, ਪਬਲੀਕੇਸ਼ਨ ਬਿਊਰੋ ਪੰਜਾਬੀ ਯੂਨੀਵਰਸਿਟੀ, 2000. ਪ੍ਰਿੰਟ

ਗਿਆਨ ਸਿੰਘ (ਸੰਪਾ.) ਪੰਜਾਬ ਦੀ ਪੇਂਡੂ ਆਰਥਿਕਤਾ, ਪਬਲੀਕੇਸ਼ਨ ਬਿਊਰੋ ਪੰਜਾਬੀ ਯੂਨੀਵਰਸਿਟੀ, 2014. ਪ੍ਰਿੰਟ

ਗੁਰਜਸਵਿੰਦਰ ਸਿੰਘ (ਅਨੁ. ਅਤੇ ਸੰਪਾ.), ਵਿਸ਼ਵੀਕਰਨ ਦਾ ਪ੍ਰਵਚਨ (ਆਰਥਿਕ ਰਾਜਸੀ ਤੇ ਸੱਭਿਆਚਾਰਕ ਪਰਿਪੇਖ), ਚੇਤਨਾ ਪ੍ਰਕਾਸ਼ਨ, 2006. ਪ੍ਰਿੰਟ

ਗਿਆਨੀ, ਗੁਰਦਿੱਤ ਸਿੰਘ , ਮੇਰਾ ਪਿੰਡ, ਸਾਹਿਤ ਪ੍ਰਕਾਸ਼ਨ ਪੰਜਵੀਂ ਵਾਰ ਚੰਡੀਗੜ੍ਹ, 1995. ਪ੍ਰਿੰਟ

ਗੁਰਮੀਤ ਸਿੰਘ, ਪੰਜਾਬੀ ਲੋਕਧਾਰਾ ਦੇ ਕੁਝ ਪੱਖ, ਪੰਜਾਬੀ ਰਾਈਟਰਜ਼ ਕੋਆਪ੍ਰੇਟਿਵ ਸੋਸਾਇਟੀ ਲੁਧਿਆਣਾ, 1995. ਪ੍ਰਿੰਟ

ਗਿੱਲ, ਰੁਪਿੰਦਰਜੀਤ (ਡਾ.), ਵਿਆਹ ਦੀਆਂ ਰਸਮਾਂ, ਵਾਰਿਸ ਸ਼ਾਹ ਫਾਊਂਡੇਸ਼ਨ, 2013. ਪ੍ਰਿੰਟ

ਘੁੰਮਣ, ਅਮਰਜੀਤ ਕੌਰ, ਗਿੱਧੇ ਤੇ ਭੰਗੜੇ ਦੀਆਂ ਬੋਲੀਆਂ, ਵਾਰਿਸ ਸ਼ਾਹ ਫਾਊਂਡੇਸ਼ਨ, 2013. ਪ੍ਰਿੰਟ

ਘੁੰਮਣ, ਬਿਕਰਮ ਸਿੰਘ, ਪੰਜਾਬੀ ਲੋਕ ਗੀਤ, ਵਾਰਿਸ ਸ਼ਾਹ ਫਾਊਂਡੇਸ਼ਨ, 2013. ਪ੍ਰਿੰਟ

ਜਸਪਾਲ ਸਿੰਘ (ਡਾ.), ਪੰਜਾਬੀ ਨਾਵਲ ਅਤੇ ਸੱਭਿਆਚਾਰਕ ਰੂਪਾਂਤਰਨ, ਲੋਕਗੀਤ ਪ੍ਰਕਾਸ਼ਨ, 2010. ਪ੍ਰਿੰਟ

ਜੋਸ਼ੀ, ਜੀਤ ਸਿੰਘ, ਪੰਜਾਬੀ ਅਧਿਐਨ ਅਤੇ ਅਧਿਆਪਨ ਬਦਲਦੇ ਪਰਿਪੇਖ, ਵਾਰਿਸ ਸ਼ਾਹ ਫਾਊਂਡੇਸ਼ਨ, 2009. ਪ੍ਰਿੰਟ

ਉਹੀ, ਲੋਕ ਕਲਾ ਅਤੇ ਸੱਭਿਆਚਾਰ ਮੁੱਢਲੀ ਜਾਣ ਪਛਾਣ, ਪਬਲੀਕੇਸ਼ਨ ਬਿਊਰੋ ਪੰਜਾਬੀ ਯੂਨੀਵਰਸਿਟੀ, 2016. ਪ੍ਰਿੰਟ

ਉਹੀ, ਲੋਕਧਾਰਾ ਸਿਧਾਂਤ ਤੇ ਵਿਸ਼ਲੇਸ਼ਣ, ਵਾਰਿਸ ਸ਼ਾਹ ਫਾਊਂਡੇਸ਼ਨ, 2014. ਪ੍ਰਿੰਟ

ਉਹੀ, ਪੰਜਾਬੀ ਸੱਭਿਆਚਾਰ ਬਾਰੇ, ਵਾਰਿਸ ਸ਼ਾਹ ਫਾਊਂਡੇਸ਼ਨ, 1999, ਪ੍ਰਿੰਟ

ਉਹੀ, ਸੱਭਿਆਚਾਰ ਅਤੇ ਲੋਕਧਾਰਾ ਦੇ ਮੂਲ ਸਰੋਕਾਰ, ਲਾਹੌਰ ਬੁੱਕ ਸ਼ਾਪ ਲੁਧਿਆਣਾ .

ਥਿੰਦ, ਕਰਨੈਲ ਸਿੰਘ (ਡਾ.), ਲੋਕਯਾਨ ਅਤੇ ਮੱਧਕਾਲੀ ਪੰਜਾਬੀ ਸਾਹਿਤ, ਰਵੀ ਸਾਹਿਤ ਪ੍ਰਕਾਸ਼ਨ, 1973. ਪ੍ਰਿੰਟ

ਉਹੀ, ਲੋਕਯਾਨ ਅਧਿਐਨ, ਗੁਰੂ ਨਾਨਕ ਦੇਵ ਯੂਨੀਵਰਸਿਟੀ ਅੰਮ੍ਰਿਤਸਰ, 1994. ਪ੍ਰਿੰਟ

ਦਵਿੰਦਰ ਸਤਿਆਰਥੀ, ਗਿੱਧਾ, ਨਵਯੁੱਗ ਪਬਲਿਸ਼ਰਜ਼ , ਛੇਵਾਂ ਸੰਸਕਰਣ , 1980. ਪ੍ਰਿੰਟ

ਉਹੀ, ਦੀਵਾ ਬਲੇ ਸਾਰੀ ਰਾਤ, ਲਾਹੌਰ ਬੁੱਕ ਸ਼ਾਪ, ਲੁਧਿਆਣਾ, ਤੀਜਾ ਸੰਸਕਰਨ , 1973. ਪ੍ਰਿੰਟ

ਦੁਸਾਂਝ, ਕੁਲਦੀਪ ਕੌਰ, ਸੁੱਚੇ ਮੋਤੀ ਪੰਜਾਬ ਦੇ ਲੋਕ ਗੀਤ, ਵਾਰਿਸ ਸ਼ਾਹ ਫਾਊਂਡੇਸ਼ਨ , 2013. ਪ੍ਰਿੰਟ

ਉਹੀ, ਧਰਤੀ ਨੱਚੇ ਅੰਬਰ ਨੱਚੇ ਗਿੱਧੇ ਦੇ ਲੋਕਗੀਤ, ਵਾਰਿਸ ਸ਼ਾਹ ਫਾਊਂਡੇਸ਼ਨ, 2013. ਪ੍ਰਿੰਟ

ਧਰਮ ਸਿੰਘ (ਡਾ.), ਪੰਜਾਬੀ ਖੋਜ ਸੰਦਰਭ, ਰਵੀ ਸਾਹਿਤ ਪ੍ਰਕਾਸ਼ਨ, 2008. ਪ੍ਰਿੰਟ

ਉਹੀ, ਪੰਜਾਬੀ ਖੋਜ ਦਾ ਇਤਿਹਾਸ, ਪੰਜਾਬੀ ਅਕਾਦਮੀ ਦਿੱਲੀ, 2004.ਪ੍ਰਿੰਟ

ਨਾਹਰ ਸਿੰਘ (ਡਾ.), ਪੰਜਾਬ ਦੀ ਲੋਕਧਾਰਾ ਚਿੰਤਨ ਤੇ ਚੇਤਨਾ, ਲੋਕਗੀਤ ਪ੍ਰਕਾਸ਼ਨ , 2018. ਪ੍ਰਿੰਟ

ਉਹੀ, ਪੰਜਾਬੀ ਲੋਕ ਨਾਚ ਸੱਭਿਆਚਾਰਕ ਭੂਮਿਕਾ ਅਤੇ ਸਾਰਥਿਕਤਾ, ਸਰਹਿੰਦ ਪ੍ਰਕਾਸ਼ਨ, 1988.ਪ੍ਰਿੰਟ

ਉਹੀ, ਕਾਲਿਆ ਹਰਨਾ ਰੋਹੀਏ ਫਿਰਨਾ, ਪਬਲੀਕੇਸ਼ਨ ਬਿਊਰੋ ਪੰਜਾਬੀ ਯੂਨੀਵਰਸਿਟੀ, 1990. ਪ੍ਰਿੰਟ

ਪੂੰਨੀ, ਬਲਵੀਰ ਸਿੰਘ (ਡਾ.), ਪੰਜਾਬੀ ਲੋਕਧਾਰਾ ਅਤੇ ਸੱਭਿਆਚਾਰ, ਵਾਰਿਸ ਸ਼ਾਹ ਫਾਊਂਡੇਸ਼ਨ, 2018. ਪ੍ਰਿੰਟ

ਉਹੀ, ਪੰਜਾਬੀ ਸੱਭਿਆਚਾਰ ਸਿਧਾਂਤ ਤੇ ਵਿਹਾਰ, ਰੂਹੀ ਪ੍ਰਕਾਸ਼ਨ, ਅੰਮ੍ਰਿਤਸਰ, 2000. ਪ੍ਰਿੰਟ

ਪਿਆਰ ਸਿੰਘ (ਡਾ.), ਖੋਜ ਸਿਧਾਂਤ ਤੇ ਵਿਹਾਰ, ਪਬਲੀਕੇਸ਼ਨ ਬਿਊਰੋ ਪੰਜਾਬੀ ਯੂਨੀਵਰਸਿਟੀ, 2011. ਪ੍ਰਿੰਟ

ਪ੍ਰਿਥੀਪਾਲ ਸਿੰਘ, ਵਿਸਰ ਰਿਹਾ ਪੰਜਾਬੀ ਵਿਰਸਾ, ਆਜ਼ਾਦ ਬੁੱਕ ਡਿਪੂ, 2014. ਪ੍ਰਿੰਟ

ਫਰੈਂਕ, ਗੁਰਬਖਸ਼ ਸਿੰਘ (ਡਾ.), ਸੱਭਿਆਚਾਰ ਅਤੇ ਪੰਜਾਬੀ ਸੱਭਿਆਚਾਰ, ਵਾਰਿਸ ਸ਼ਾਹ ਫਾਊਂਡੇਸ਼ਨ, 2017. ਪ੍ਰਿੰਟ

ਫਿਲੌਰੀ, ਸ਼ਰਧਾ ਰਾਮ, ਪੰਜਾਬੀ ਬਾਤ ਚੀਤ, ਨਿਊ ਬੁੱਕ ਕੰਪਨੀ, ਤੀਜੀ ਵਾਰ , 2012. ਪ੍ਰਿੰਟ

ਬੱਬਰਾਂ, ਸ਼ਮਸ਼ੇਰ ਸਿੰਘ, ਬੀਤੇ ਪੰਜਾਬ ਦਾ ਪਿੰਡ, ਲੋਕਗੀਤ ਪ੍ਰਕਾਸ਼ਨ, 2010. ਪ੍ਰਿੰਟ

ਬਾਜਵਾ, ਦਿਲਬਾਗ ਸਿੰਘ (ਡਾ.), ਵਿਸ਼ਵੀਕਰਨ ਅਤੇ ਪੰਜਾਬੀ ਸੱਭਿਆਚਾਰ, ਲੋਕਗੀਤ ਪ੍ਰਕਾਸ਼ਨ , 2014. ਪ੍ਰਿੰਟ

ਭੀਮ, ਇੰਦਰ ਸਿੰਘ (ਡਾ.), ਵਿਸ਼ਵੀਕਰਨ ਵਿਸ਼ਲੇਸ਼ਣ ਅਤੇ ਵਿਵੇਚਨ, ਯੂਨੀਸਟਾਰ ਬੁੱਕਸ ਪਬਲੀਕੇਸ਼ਨ, 2013. ਪ੍ਰਿੰਟ

ਭਿੰਡਰ, ਰਵੇਲ ਸਿੰਘ (ਸੰਪਾ.), ਬੋਲੀਆਂ ਦਾ ਮੀਂਹ ਵਰ੍ਹਦਾ , ਸੰਗਮ ਪਬਲੀਕੇਸ਼ਨਜ਼, 2007. ਪ੍ਰਿੰਟ

ਮਨਦੀਪ ਕੌਰ (ਡਾ.), ਪੰਜਾਬੀ ਸੱਭਿਆਚਾਰ ਅਤੇ ਪੰਜਾਬ ਦੇ ਲੋਕਾਂ ਦਾ ਰਹਿਣ ਸਹਿਣ, ਭਾਈ ਚਤਰ ਸਿੰਘ ਜੀਵਨ ਸਿੰਘ, 2014. ਪ੍ਰਿੰਟ

ਮਾਦਪੁਰੀ, ਸੁਖਦੇਵ , ਲੋਕ ਸੱਭਿਆਚਾਰ ਵਿਰਾਸਤੀ ਮੇਲੇ ਤੇ ਤਿਉਹਾਰ, ਲੋਕਗੀਤ ਪ੍ਰਕਾਸ਼ਨ, 2013. ਪ੍ਰਿੰਟ

ਉਹੀ, ਮਹਿਕ ਪੰਜਾਬ ਦੀ, ਲੋਕਗੀਤ ਪ੍ਰਕਾਸ਼ਨ, 2004. ਪ੍ਰਿੰਟ

ਉਹੀ, ਪੰਜਾਬੀ ਸੱਭਿਆਚਾਰ ਦੀ ਆਰਸੀ, ਲੋਕਗੀਤ ਪ੍ਰਕਾਸ਼ਨ , 2006. ਪ੍ਰਿੰਟ

ਉਹੀ, ਪੰਜਾਬ ਦੀਆਂ ਵਿਰਾਸਤੀ ਖੇਡਾਂ, ਚੇਤਨਾ ਪ੍ਰਕਾਸ਼ਨ, 2014.ਪ੍ਰਿੰਟ

ਉਹੀ, ਵਿਆਹ ਦੇ ਗੀਤ, ਚੇਤਨਾ ਪ੍ਰਕਾਸ਼ਨ, 2016. ਪ੍ਰਿੰਟ

ਰਸੂਲ, ਹਮਜ਼ਾਤੋਵ, ਮੇਰਾ ਦਾਗਿਸਤਾਨ, ਪੰਜਾਬ ਬੁੱਕ ਸੈਂਟਰ ਚੰਡੀਗੜ੍ਹ , ਐਡੀਸ਼ਨ ਗਿਆਰ੍ਹਵਾਂ, 2015. ਪ੍ਰਿੰਟ

ਰਾਜਿੰਦਰਪਾਲ ਸਿੰਘ (ਡਾ.), ਉੱਤਰ ਆਧੁਨਿਕਤਾ, ਪਬਲੀਕੇਸ਼ਨ ਬਿਊਰੋ ਪੰਜਾਬੀ ਯੂਨੀਵਰਸਿਟੀ, 2011. ਪ੍ਰਿੰਟ

ਵਣਜਾਰਾ, ਬੇਦੀ ਸ ਸ (ਡਾ.), ਗਲੀਏ ਚਿਕੜ ਦੂਰਿ ਘਰ, ਨਵਯੁੱਗ ਪਬਲਿਸ਼ਰਜ਼, 2016. ਪ੍ਰਿੰਟ

ਉਹੀ, ਬਾਤਾਂ ਮੁੱਢ ਕਦੀਮ ਦੀਆਂ, ਆਰਸੀ ਪਬਲਿਸ਼ਰਜ਼, 1999. ਪ੍ਰਿੰਟ

ਉਹੀ, ਪੰਜਾਬ ਦੀਆਂ ਜਨੌਰ ਕਥਾਵਾਂ, ਨਵਯੁਗ ਪਬਲਿਸ਼ਰਜ਼ , 2014. ਪ੍ਰਿੰਟ

ਉਹੀ, ਮੇਰਾ ਨਾਨਕਾ ਪਿੰਡ, ਆਰਸੀ ਪਬਲਿਸ਼ਰਜ਼, 2010. ਪ੍ਰਿੰਟ

ਉਹੀ, ਲੋਕਧਾਰਾ ਅਤੇ ਸਾਹਿਤ, ਨਵਯੁੱਗ ਪਬਲਿਸ਼ਰਜ਼, 2014. ਪ੍ਰਿੰਟ

ਉਹੀ, ਪੰਜਾਬ ਦੀ ਲੋਕਧਾਰਾ, ਨੈਸ਼ਨਲ ਬੁੱਕ ਟਰੱਸਟ , ਸੱਤਵਾਂ ਅਡੀਸ਼ਨ, 2007.,ਪ੍ਰਿੰਟ

ਉਹੀ, ਬਾਤਾਂ ਲੋਕ ਪੰਜਾਬ ਦੀਆਂ, ਨਵਯੁੱਗ ਪਬਲਿਸ਼ਰਜ਼ , 2000. ਪ੍ਰਿੰਟ

ਉਹੀ, ਪੰਜਾਬੀ ਲੋਕਧਾਰਾ ਵਿਸ਼ਵਕੋਸ਼, ਜਿਲਦ ਪਹਿਲੀ ਤੇ ਦੂਜੀ, ਨੈਸ਼ਨਲ ਬੁੱਕ ਟਰੱਸਟ , ਦੂਜਾ ਅਡੀਸ਼ਨ, 2009.,ਪ੍ਰਿੰਟ

ਉਹੀ, ਪੰਜਾਬੀ ਲੋਕਧਾਰਾ ਵਿਸ਼ਵਕੋਸ਼, ਜਿਲਦ ਤੀਜੀ, ਨੈਸ਼ਨਲ ਬੁੱਕ ਟਰੱਸਟ , ਦੂਜਾ ਅਡੀਸ਼ਨ, 2008.,ਪ੍ਰਿੰਟ

ਉਹੀ, ਪੰਜਾਬੀ ਲੋਕਧਾਰਾ ਵਿਸ਼ਵਕੋਸ਼, ਜਿਲਦ ਚੌਥੀ, ਨੈਸ਼ਨਲ ਬੁੱਕ ਟਰੱਸਟ , ਦੂਜਾ ਅਡੀਸ਼ਨ, 2004.,ਪ੍ਰਿੰਟ

ਉਹੀ, ਪੰਜਾਬੀ ਲੋਕਧਾਰਾ ਵਿਸ਼ਵਕੋਸ਼, ਜਿਲਦ ਪੰਜਵੀਂ, ਨੈਸ਼ਨਲ ਬੁੱਕ ਟਰੱਸਟ , ਦੂਜਾ ਅਡੀਸ਼ਨ, 2004.,ਪ੍ਰਿੰਟ

ਉਹੀ, ਪੰਜਾਬੀ ਲੋਕਧਾਰਾ ਵਿਸ਼ਵਕੋਸ਼, ਜਿਲਦ ਛੇਵੀਂ, ਨੈਸ਼ਨਲ ਬੁੱਕ ਟਰੱਸਟ , ਦੂਜਾ ਅਡੀਸ਼ਨ, 2010.,ਪ੍ਰਿੰਟ

ਉਹੀ, ਪੰਜਾਬੀ ਲੋਕਧਾਰਾ ਵਿਸ਼ਵਕੋਸ਼, ਜਿਲਦ ਸੱਤਵੀਂ, ਨੈਸ਼ਨਲ ਬੁੱਕ ਟਰੱਸਟ , ਪਹਿਲਾ ਅਡੀਸ਼ਨ, 1994.,ਪ੍ਰਿੰਟ

ਉਹੀ, ਪੰਜਾਬੀ ਲੋਕਧਾਰਾ ਵਿਸ਼ਵਕੋਸ਼, ਜਿਲਦ ਅੱਠਵੀਂ, ਨੈਸ਼ਨਲ ਬੁੱਕ ਟਰੱਸਟ , ਅਡੀਸ਼ਨ, 2006.,ਪ੍ਰਿੰਟ

ਵਿਨੋਦ , ਟੀ ਆਰ , ਸੰਸਕ੍ਰਿਤੀ ਅਤੇ ਪੰਜਾਬੀ ਸੰਸਕ੍ਰਿਤੀ , ਲੋਕਗੀਤ ਪ੍ਰਕਾਸ਼ਨ, ਸਰਹੰਦ , 1990. ਪ੍ਰਿੰਟ

ਖੋਜ ਪੱਤ੍ਰਿਕਾ, ਅੰਕ 79, ਪਬਲੀਕੇਸ਼ਨ ਬਿਊਰੋ ਪੰਜਾਬੀ ਯੂਨੀਵਰਸਿਟੀ ਪਟਿਆਲਾ, 2014. ਪ੍ਰਿੰਟ

ਖੋਜ ਦਰਪਣ, ਪੰਜਾਬੀ ਅਧਿਐਨ ਸਕੂਲ ਗੁਰੂ ਨਾਨਕ ਦੇਵ ਯੂਨੀਵਰਸਿਟੀ, 2001. ਪ੍ਰਿੰਟ

ਖੋਜ ਦਰਪਣ, ਪੰਜਾਬੀ ਅਧਿਐਨ ਸਕੂਲ ਗੁਰੂ ਨਾਨਕ ਦੇਵ ਯੂਨੀਵਰਸਿਟੀ,2014. ਪ੍ਰਿੰਟ

**ਖੋਜ ਵਿਸ਼ਾ : ਵਿਸ਼ਵੀਕਰਨ ਦੇ ਦੌਰ ਵਿਚ ਪੰਜਾਬੀ ਲੋਕਧਾਰਾ ਦਾ ਰੁਪਾਂਤਰਨ: ਇੱਕ ਅਧਿਐਨ**

**ਖੇਤਰੀ ਖੋਜ-ਪ੍ਰਸ਼ਨਾਵਲੀ**

ਨਾਮ ............................................. ਉਮਰ ...........................

ਪੁਰਸ਼ α ਇਸਤਰੀ β ਸ਼ਹਿਰੀ χ ਪੇਂਡੂ δ

ਇਲਾਕਾ:- ਮਾਝਾ α ਮਾਲਵਾ β ਦੁਆਬਾ χ

ਪਤਾ ..........................................................................................

ਫੋਨ ਨੰਬਰ ..................................................................................

ਕਿੱਤਾ:- ਅਧਿਆਪਨ α ਡਾਕਟਰ β ਕਿਸਾਨ χ ਵਪਾਰੀ χ ਘਰੇਲੂ δ ਹੋਰ ε

ਪੜ੍ਹਿਆ α ਅਨਪੜ੍ਹ β ਮਿਤੀ ..................

---

**ੳ. ਵਿਸ਼ਵੀਕਰਨ ਦੇ ਦੌਰ ਵਿਚ ਪੰਜਾਬੀਆਂ ਦੇ ਰਿਸ਼ਤੇ-ਨਾਤਿਆਂ ਵਿਚ ਹੋਇਆ ਰੁਪਾਂਤਰਨ।**

**1. ਕੀ ਅਜੋਕੇ ਦੌਰ ਵਿਚ ਰਿਸ਼ਤੇ-ਨਾਤਿਆਂ ਵਿਚ ਬਦਲਾਵ ਹੋਇਆ ਹੈ?**

ਪੂਰਨ ਸਹਿਮਤ αਅੰਸ਼ਿਕ ਸਹਿਮਤ β ਪੂਰਨ ਅਸਹਿਮਤ χ ਅੰਸ਼ਿਕ ਅਸਹਿਮਤ δ

**2.ਰਿਸ਼ਤੇ-ਨਾਤਿਆਂ ਵਿਚ ਆਏ ਬਦਲਾਵ ਦਾ ਮੂਲ ਕਾਰਨ ਕੀ ਹੈ?**

ਪਦਾਰਥਵਾਦ α ਤਕਨਾਲੋਜੀ β ਵਿਅਸਤ ਜੀਵਨ ਸ਼ੈਲੀ χ ਹੋਰ δ

**3.ਕੀ ਅਜੋਕੇ ਦੌਰ ਵਿਚ ਕੰਮਕਾਜੀ ਰਿਸ਼ਤੇ ਵਧੇਰੇ ਸਥਾਪਿਤ ਹੋ ਰਹੇ ਹਨ?**

ਪੂਰਨ ਸਹਿਮਤ αਅੰਸ਼ਿਕ ਸਹਿਮਤ β ਪੂਰਨ ਅਸਹਿਮਤ χ ਅੰਸ਼ਿਕ ਅਸਹਿਮਤ δ

**4.ਅਜੋਕੇ ਦੌਰ ਵਿਚ ਰਿਸ਼ਤੇ-ਨਾਤੇ ਤੈਅ ਕਰਨ ਲੱਗਿਆ ਪੁਰਖਿਆਂ ਦੀ ਸ਼ਮੂਲੀਅਤ** ਕਿੰਨੀ ਕੁ ਹੈ?

ਬਹੁਤ ਜ਼ਿਆਦਾ α ਘੱਟ β ਬਹੁਤ ਘੱਟ χ ਬਿਲਕੁਲ ਨਹੀਂ δ

**5. ਕੀ ਅਜੋਕੇ ਦੌਰ ਵਿਚ ਇਕਹਿਰੇ ਪਰਿਵਾਰਾਂ ਵਿਚ ਵਾਧਾ ਹੋਇਆ ਹੈ?**

ਪੂਰਨ ਸਹਿਮਤ αਅੰਸ਼ਿਕ ਸਹਿਮਤ β ਪੂਰਨ ਅਸਹਿਮਤ χ ਅੰਸ਼ਿਕ ਅਸਹਿਮਤ δ

**ਅ. ਵਿਸ਼ਵੀਕਰਨ ਦੇ ਦੌਰ ਵਿਚ ਪੰਜਾਬੀਆਂ ਦੇ ਰਸਮਾਂ-ਰਿਵਾਜ਼ਾਂ ਵਿਚ ਹੋਇਆ ਰੁਪਾਂਤਰਨ।**

**1.ਕੀ ਅਜੋਕੇ ਦੌਰ ਵਿਚ ਰਸਮਾਂ-ਰਿਵਾਜ਼ਾਂ ਵਿਚ ਬਦਲਾਵ ਹੋਇਆ ਹੈ?**

ਪੂਰਨ ਸਹਿਮਤ αਅੰਸ਼ਿਕ ਸਹਿਮਤ β ਪੂਰਨ ਅਸਹਿਮਤ χ ਅੰਸ਼ਿਕ ਅਸਹਿਮਤ δ

**2.ਰਸਮਾਂ-ਰਿਵਾਜ਼ਾਂ ਵਿਚ ਆਏ ਬਦਲਾਵ ਦਾ ਮੂਲ ਕਾਰਨ ਕੀ ਹੈ?**

ਪਦਾਰਥਵਾਦ α ਤਕਨਾਲੋਜੀ β ਵਿਅਸਤ ਜੀਵਨ ਸ਼ੈਲੀ χ ਹੋਰ δ

**3. ਕੀ ਅਜੋਕੇ ਦੌਰ ਵਿਚ ਰਸਮਾਂ-ਰਿਵਾਜ਼ਾਂ ਵਿਚ ਦਿਖਾਵੇ ਦੀ ਭਾਵਨਾ ਵਧੀ ਹੈ?**

ਪੂਰਨ ਸਹਿਮਤ αਅੰਸ਼ਿਕ ਸਹਿਮਤ β ਪੂਰਨ ਅਸਹਿਮਤ χ ਅੰਸ਼ਿਕ ਅਸਹਿਮਤ δ

**4. ਕੀ ਅਜੋਕੇ ਦੌਰ ਵਿਚ ਰਸਮਾਂ-ਰਿਵਾਜ਼ਾਂ ਦੇ ਨਿਭਾਉ ਵੇਲੇ ਨਜ਼ਦੀਕੀ ਰਿਸ਼ਤੇਦਾਰੀਆਂ ਦੀ ਸ਼ਮੂਲੀਅਤ ਘੱਟ ਅਤੇ ਦੋਸਤਾਂ ਮਿੱਤਰਾਂ ਦੀ ਸ਼ਮੂਲੀਅਤ ਵਧੇਰੇ ਹੋ ਰਹੀ ਹੈ?**

ਪੂਰਨ ਸਹਿਮਤ α ਅੰਸ਼ਿਕ ਸਹਿਮਤ β ਪੂਰਨ ਅਸਹਿਮਤ χ ਅੰਸ਼ਿਕ ਅਸਹਿਮਤ δ

**5. ਕੀ ਅਜੋਕੇ ਸਮੇਂ ਦੌਰਾਨ ਹੁੰਦੀਆਂ ਰਸਮਾਂ ਬਹੁਤ ਖਰਚੀਲੀਆਂ ਹੋ ਗਈਆਂ ਹਨ?**

ਪੂਰਨ ਸਹਿਮਤ α ਅੰਸ਼ਿਕ ਸਹਿਮਤ β ਪੂਰਨ ਅਸਹਿਮਤ χ ਅੰਸ਼ਿਕ ਅਸਹਿਮਤ

### ੲ. ਵਿਸ਼ਵੀਕਰਨ ਦੇ ਦੌਰ ਵਿਚ ਪੰਜਾਬੀ ਲੋਕ-ਧੰਦਿਆਂ ਵਿਚ ਹੋਇਆ ਰੁਪਾਂਤਰਨ।

**1.ਕੀ ਅਜੋਕੇ ਦੌਰ ਵਿਚ ਲੋਕ-ਧੰਦਿਆਂ ਵਿਚ ਬਦਲਾਵ ਹੋਇਆ ਹੈ?**

ਪੂਰਨ ਸਹਿਮਤ α ਅੰਸ਼ਿਕ ਸਹਿਮਤ β ਪੂਰਨ ਅਸਹਿਮਤ χ ਅੰਸ਼ਿਕ ਅਸਹਿਮਤ δ

**2.ਅਜੋਕੇ ਦੌਰ ਵਿਚ ਲੋਕ ਕਿੱਤਾਕਾਰਾਂ ਦਾ ਪਿੱਤਰੀ ਕਿੱਤਿਆਂ ਨੂੰ ਵਿਸਾਰਨ ਦਾ ਮੂਲ ਕਾਰਨ ਕੀ ਹੈ?**

ਪਦਾਰਥਵਾਦ α ਤਕਨਾਲੋਜੀ β ਵਿਅਸਤ ਜੀਵਨ ਸ਼ੈਲੀ χ ਹੋਰ δ

**3.ਕੀ ਅਜੋਕਾ ਸਮਾਂ ਮਸ਼ੀਨੀਕਰਨ ਦਾ ਹੋਣ ਕਰਕੇ ਲੋਕ-ਕਿੱਤੇ ਅਲੋਪ ਹੋ ਰਹੇ ਹਨ?**

ਪੂਰਨ ਸਹਿਮਤ α ਅੰਸ਼ਿਕ ਸਹਿਮਤ β ਪੂਰਨ ਅਸਹਿਮਤ χ ਅੰਸ਼ਿਕ ਅਸਹਿਮਤ δ

**4.ਕੀ ਅਜੋਕੇ ਦੌਰ ਵਿਚ ਲੋਕ ਕਿੱਤਾਕਾਰਾਂ ਦੀ ਵੰਡ ਟੁੱਟੀ ਹੈ?**

ਪੂਰਨ ਸਹਿਮਤ α ਅੰਸ਼ਿਕ ਸਹਿਮਤ β ਪੂਰਨ ਅਸਹਿਮਤ χ ਅੰਸ਼ਿਕ ਅਸਹਿਮਤ δ

**5. ਕੀ ਅਜੋਕੇ ਦੌਰ ਦੇ ਕਿੱਤੇ ਪੂੰਜੀ ਅਤੇ ਮੁਨਾਫੇ ਤੱਕ ਸੀਮਤ ਹਨ?**

ਪੂਰਨ ਸਹਿਮਤ α ਅੰਸ਼ਿਕ ਸਹਿਮਤ β ਪੂਰਨ ਅਸਹਿਮਤ χ ਅੰਸ਼ਿਕ ਅਸਹਿਮਤ δ

### ਸ.ਵਿਸ਼ਵੀਕਰਨ ਦੇ ਦੌਰ ਵਿਚ ਪੰਜਾਬ ਦੇ ਤਿੱਥ-ਤਿਉਹਾਰਾਂ ਵਿਚ ਹੋਇਆ ਰੁਪਾਂਤਰਨ।

**1.ਕੀ ਅਜੋਕੇ ਦੌਰ ਵਿਚ ਪੰਜਾਬ ਦੇ ਤਿੱਥ-ਤਿਉਹਾਰਾਂ ਵਿਚ ਬਦਲਾਵ ਹੋਇਆ ਹੈ?**

ਪੂਰਨ ਸਹਿਮਤ α ਅੰਸ਼ਿਕ ਸਹਿਮਤ β ਪੂਰਨ ਅਸਹਿਮਤ χ ਅੰਸ਼ਿਕ ਅਸਹਿਮਤ δ

**2.ਅਜੋਕੇ ਦੌਰ ਵਿਚ ਪੰਜਾਬ ਦੇ ਤਿੱਥ-ਤਿਉਹਾਰਾਂ ਵਿਚ ਵਿਖਾਵੇ ਦੀ ਭਾਵਨਾ ਵਧਣ ਦਾ ਕਾਰਨ ਕੀ ਹੈ?**

ਪਦਾਰਥਵਾਦ α ਤਕਨਾਲੋਜੀ β ਵਿਅਸਤ ਜੀਵਨ ਸ਼ੈਲੀ χ ਹੋਰ δ

**3.ਕੀ ਅਜੋਕੇ ਦੌਰ ਵਿਚ ਪੰਜਾਬ ਦੇ ਤਿੱਥ-ਤਿਉਹਾਰਾਂ 'ਤੇ ਬਜ਼ਾਰ ਹਾਵੀ ਹੋਇਆ ਹੈ?**

ਪੂਰਨ ਸਹਿਮਤ α ਅੰਸ਼ਿਕ ਸਹਿਮਤ β ਪੂਰਨ ਅਸਹਿਮਤ χ ਅੰਸ਼ਿਕ ਅਸਹਿਮਤ δ

**4.ਕੀ ਅਜੋਕੇ ਦੌਰ ਵਿਚ ਪੰਜਾਬ ਦੇ ਤਿੱਥ-ਤਿਉਹਾਰਾਂ ਵਿਚ ਮੇਲ ਮਿਲਾਪ ਘਟਿਆ ਹੈ?**

ਪੂਰਨ ਸਹਿਮਤ α ਅੰਸ਼ਿਕ ਸਹਿਮਤ β ਪੂਰਨ ਅਸਹਿਮਤ χ ਅੰਸ਼ਿਕ ਅਸਹਿਮਤ δ

**5.ਕੀ ਅਜੋਕੇ ਦੌਰ ਵਿਚ ਪੰਜਾਬ ਦੇ ਤਿੱਥ-ਤਿਉਹਾਰਾਂ ‘ਤੇ ਸਿਆਸੀ ਰੰਗ ਚੜ੍ਹਿਆ ਹੈ?**

ਪੂਰਨ ਸਹਿਮਤ α ਅੰਸ਼ਿਕ ਸਹਿਮਤ β ਪੂਰਨ ਅਸਹਿਮਤ χ ਅੰਸ਼ਿਕ ਅਸਹਿਮਤ δ